# ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ

# Communication Devices of Guru Nanak Bani

THESIS SUBMITTED
FOR THE DEGREE OF
**DOCTOR OF PHILOSOPHY**
IN THE FACULTY OF LANGUAGE
TO
**PANJAB UNIVERSITY, CHANDIGARH**
1992

Submitted by
**AMRITPAL KAUR**

PANJAB UNIVERSITY LIBRARY

DEPARTMENT OF GURU NANAK SIKH STUDIES
PANJAB UNIVERSITY, CHANDIGARH

## ਆਦਿਕਾ

ਹੁਣ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਅਨੇਕ ਵਿਦਵਾਨਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਣਾਂ ਅਤੇ ਪਹੁੰਚਾਂ ਦੁਆਰਾ ਖੋਜ ਤੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਹ ਬਾਣੀ ਬਾਕੀ ਧਰਮ ਗ੍ਰੰਥਾਂ ਵਾਂਗੂੰ ਕੇਵਲ ਧਰਮ ਅਤੇ ਦਰਸ਼ਨ ਦੇ ਪੱਧਰ ਉਤੇ ਵਿਸ਼ਿਸ਼ਟ ਸਥਾਨ ਨਹੀਂ ਰਖਦੀ ਸਗੋਂ ਇਸ ਨੂੰ ਗੁਰੂ ਰੂਪ ਵਜੋਂ ਗੁਰੂ ਦਾ ਦਰਜਾ ਵੀ ਦਿਤਾ ਗਿਆ ਹੈ। ਮੱਧਕਾਲੀਨ ਅਧਿਆਤਮਿਕ ਚੇਤਨਾ ਨਾਲ ਜੁੜੇ ਗੁਰੂ ਸਾਹਿਬਾਨਾਂ, ਸੰਤਾਂ ਭਗਤਾਂ ਅਤੇ ਮਹਾਂਪੁਰਖਾਂ ਦੀ ਬਾਣੀ ਦਾ ਗ੍ਰੰਥ ਰੂਪ ਵਿਚ ਸੰਕਲਨ ਇਸ ਦੇ ਮਹਾਨਤਮ ਕ੍ਰਿਤ ਹੋਣ ਦਾ ਪ੍ਰਤੱਖ ਸਬੂਤ ਹੈ। ਉਕਤ ਵਿਸ਼ਿਸ਼ਟਤਾਵਾਂ ਦੇ ਬਹੁਪੱਖੀ ਤੇ ਬਹੁਦਿਸ਼ਾਵੀ ਪਸ੍ਰੰਗ ਵਿਚ ਇਸ ਮਹਾਨ ਕ੍ਰਿਤ ਦੇ ਬੀਜ ਰੂਪ ਵਿਚ ਛਿਪੀ ਸਰਬਕਾਲਿਕ ਦ੍ਰਿਸ਼ਟੀ, ਵਿਸ਼ਾਲ ਅਨੁਭਵ, ਚਿੰਤਨ ਅਤੇ ਅਭਿਵਿਅਕਤੀ ਦੇ ਸੌਂਦਰਯਾਤਮਿਕ ਸਮੁੱਚ ਤਕ ਕਿਸੇ ਸ੍ਵੈ-ਸਿਰਜੀ ਪਹੁੰਚ, ਮਾਡਲ ਜਾਂ ਕੇਵਲ ਕਿਸੇ ਇਕ ਵਿਚਾਰਧਾਰਾਈ ਪਰਿਪੇਖ ਅਧੀਨ ਇਸ ਦੀ ਨਿਰਖ-ਪਰਖ ਅਸੰਭਵ ਹੈ। ਇਹੋ ਕਾਰਣ ਹੈ ਕਿ ਵੱਖ-ਵੱਖ ਦ੍ਰਿਸ਼ਟੀਕੋਣਾਂ ਅਤੇ ਪਹੁੰਚਾਂ ਦੇ ਧਾਰਣੀ ਵਿਦਵਾਨਾਂ ਨੇ ਵੱਖ ਵੱਖ ਸਮੇਂ ਆਪੋ ਆਪਣੇ ਦ੍ਰਿਸ਼ਟੀਕੋਣਾਂ ਅਤੇ ਪਹੁੰਚਾਂ ਤੋਂ ਇਸ ਦਾ ਅਧਿਐਨ ਕੀਤਾ ਹੈ। ਇਸ ਪ੍ਰਸੰਗ ਵਿਚ ਉਭਰਨ ਵਾਲੇ ਅਧਿਐਨਕ੍ਰਮ ਨੂੰ ਵਾਚੀਏ ਤਾਂ ਬਾਣੀ ਸੰਬੰਧੀ ਵਿਭਿੰਨ ਅਧਿਐਨ ਦ੍ਰਿਸ਼ਟੀਆਂ ਨੂੰ ਸ਼ਰਧਾਮੂਲਕ, ਸਾਹਿਤ-ਸੁਹਜ ਮੂਲਕ, ਮਾਰਕਸਵਾਦੀ ਅਤੇ ਸੰਰਚਨਾਵਾਦੀ ਰੂਪ ਕ੍ਰਮ ਵਿਚ ਪਛਾਣਿਆ ਜਾ ਸਕਦਾ ਹੈ। ਇਹਨਾਂ ਸੰਬੰਧੀ ਇਥੇ ਵਿਸਥਾਰ ਸਹਿਤ ਚਰਚਾ ਦੀ ਲੋੜ ਨਹੀਂ ਭਾਸਦੀ, ਪਰੰਤੂ ਇਹਨਾਂ ਚਿੰਤਨ ਦ੍ਰਿਸ਼ਟੀਆਂ ਪ੍ਰਤਿ ਸੁਚੇਤ ਹੋਣਾ ਅਨਿਵਾਰਯ ਹੈ ਕਿਉਂਜੋ ਉਕਤ ਅਧਿਐਨ-ਦ੍ਰਿਸ਼ਟੀਆਂ ਏਨਾ ਜ਼ਿਆਦਾ ਚਿੰਤਨ-ਕਾਰਜ ਕਰਕੇ ਵੀ ਬਾਣੀ ਸੰਬੰਧੀ ਕੋਈ ਸੰਤੁਲਿਤ ਸੇਧ ਉਜਾਗਰ ਨਹੀਂ ਕਰ ਸਕੀਆਂ।

ਬਾਣੀ ਦੇ ਪ੍ਰਸੰਗ ਵਿਚ ਸ਼ਰਧਾ ਅਤੇ ਸੋਚ ਨੂੰ ਅਸੀਂ ਇਕ ਦੂਸਰੇ ਤੋਂ ਅਲਗ ਨਹੀਂ ਕਰ ਸਕਦੇ। ਬਾਣੀ ਕੇਵਲ ਬਾਣੀ ਹੀ ਨਹੀਂ ਇਹ ਬਾਣੀ ਸਿੱਖ-ਧਰਮ ਦਾ ਆਧਾਰ ਰੂਪ ਅਤੇ ਗੁਰੂ ਵੀ ਹੈ। ਕੇਵਲ ਇਕ ਰਚਨਾ ਜਾਂ ਕ੍ਰਿਤ ਵਜੋਂ ਇਸ ਦਾ ਅਧਿਐਨ ਜਾਂ ਕੇਵਲ ਗੁਰੂ ਸ਼ਰਧਾ ਰਖਣ ਵਾਲੀ ਪਹੁੰਚ, ਸੰਤੁਲਿਤ ਨਹੀਂ ਕਹੀ ਜਾ ਸਕਦੀ। ਵਰਤਮਾਨ ਸਮੇਂ ਪੂਰਵਲੀਆਂ ਅਧਿਐਨ ਦ੍ਰਿਸ਼ਟੀਆਂ ਦੇ ਚਿੰਤਨ ਕਾਰਜ ਨੂੰ ਧਿਆਨ ਵਿਚ ਰਖਦਿਆਂ ਬਾਣੀ ਨੂੰ ਇਸ ਦੇ ਸਹੀ ਪ੍ਰਸੰਗ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਸੰਚਾਰ-ਵਿਧੀ ਦੁਆਰਾ ਪਹਿਚਾਨਣ ਦੀ ਲੋੜ ਹੈ। ਸਰਬ ਵਿਦਵਾਨ ਇਸ ਤੱਥ ਪ੍ਰਤਿ ਸਹਿਮਤ

ਹਨ ਕਿ ਗੁਰੂ ਸਾਹਿਬ ਉਸ ਖਾਲਕ ਦੇ ਰੱਬੀ ਸੰਦੇਸ਼ ਨੂੰ ਸਰਬ ਸਾਧਾਰਣ ਮਾਨਵ ਜਗਤ ਤਕ ਪਹੁੰਚਾਣਾ ਚਾਹੁੰਦੇ ਸਨ। ਇਸ ਉਦੇਸ਼ ਦੀ ਪੂਰਤੀ ਲਈ ਬਾਣੀ ਦੀ 'ਖਸਮ ਕੀ ਬਾਣੀ' ਦੇ ਰੂਪ ਵਿਚ ਪ੍ਰਸਤੁਤੀ, ਇਕ ਵਿਸਸਿਟ ਅਤੇ ਸੁਸੰਗਠਿਤ ਸੰਚਾਰ ਪ੍ਰਬੰਧ ਦੀ ਧਾਰਣੀ ਹੈ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਇਸ ਦੇ ਸੰਪਾਦਿਤ ਸਰੂਪ ਦੁਆਰਾ ਨਿਰਧਾਰਤ ਹੁੰਦੀ ਹੈ। ਬਾਣੀ ਦੇ ਮੌਲਿਕ ਵਿਧਾਨ ਨੂੰ ਸਮਝੇ ਬਿਨਾਂ ਬਾਣੀ ਦੇ ਸੰਚਾਰ ਪ੍ਰਬੰਧ ਤਕ ਪਹੁੰਚ ਅਸੰਭਵ ਹੈ ਅਤੇ ਬਾਣੀ ਦੇ ਸੰਚਾਰ ਪ੍ਰਬੰਧ ਨੂੰ ਸਮਝੇ ਬਿਨਾਂ ਬਾਣੀ ਸੰਬੰਧੀ ਕਿਸੇ ਵੀ ਅਧਿਐਨ ਜਾਂ ਚਿੰਤਨ-ਦ੍ਰਿਸ਼ਟੀ ਦੁਆਰਾ ਕੀਤਾ ਗਿਆ ਕਾਰਜ ਅਧੂਰਾ ਤੇ ਇਕਪਾਸੜ ਪਹੁੰਚ ਨਾਲ ਗ੍ਰਸਿਆ ਹੋਇਆ ਹੈ। ਇਸ ਲਈ ਬਾਣੀ ਦੇ ਸੰਦੇਸ਼ ਨੂੰ ਪਛਾਣਨ ਲਈ ਇਸਦੇ ਸੰਚਾਰ ਪ੍ਰਬੰਧ ਅਤੇ ਬਾਣੀ ਵਿਧਾਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੁਆਰਾ ਨਿਰਧਾਰਤ ਸੰਚਾਰ ਪ੍ਰਬੰਧ ਨਾਲ ਜੁੜਨਾ ਮੂਲ ਤੌਰ 'ਤੇ ਅਨਿਵਾਰਜ ਹੈ। ਇਸ ਉਦੇਸ਼ ਦੀ ਪੂਰਤੀ ਲਈ ਅਸੀਂ ਆਪਣੇ ਅਧਿਐਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਪ੍ਰਤਿਨਿਧ ਰੂਪ ਵਜੋਂ, ਸਿੱਖ ਧਰਮ ਦੇ ਬਾਨੀ ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਦੇ ਆਦਿ ਗ੍ਰੰਥ ਵਿਚੋਂ ਉਪਲੱਬਧ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਰੂਪ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦਿਆਂ 'ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ' ਦਾ ਵਿਸ਼ਾ ਆਪਣੇ ਖੋਜ ਕਾਰਜ ਲਈ ਚੁਣਿਆ ਹੈ। ਇਹ ਕਾਰਜ ਭਿੰਨ ਭਿੰਨ 'ਪੰਜ ਅਧਿਆਇ' ਵਿਚ ਵੰਡਿਆ ਹੈ।

ਪ੍ਰਥਮ ਅਧਿਆਇ 'ਸੰਚਾਰ ਅਤੇ ਸੰਚਾਰ ਪ੍ਰਕ੍ਰਿਆ ਦੇ ਵਿਭਿੰਨ ਪਰਿਪੇਖ' ਸਿਰਲੇਖ ਅਧੀਨ ਰਖਿਆ ਗਿਆ ਹੈ। ਜਿਸ ਦੇ ਅੰਤਰਗਤ ਸੰਚਾਰ ਦੀ ਸ਼ਾਬਦਿਕ ਵਿਆਖਿਆ, ਇਸ ਦੇ ਵਿਭਿੰਨ ਤੱਤਾਂ ਨੂੰ ਸਪਸ਼ਟ ਕਰਦਿਆਂ ਮਾਨਵੀ ਜੀਵਨ ਤੇ ਵਿਕਾਸ ਦੇ ਸੰਦਰਭ ਵਿਚ ਸੰਚਾਰ ਦੇ ਇਤਿਹਾਸਿਕ ਕ੍ਰਮ ਨੂੰ ਪਛਾਣਨ ਦਾ ਯਤਨ ਹੈ। ਸੰਚਾਰ ਦੀਆਂ ਭਾਸ਼ਾਈ ਅਤੇ ਗ਼ੈਰਭਾਸ਼ਾਈ ਸੰਚਾਰ ਜੁਗਤਾਂ ਦੇ ਅੰਤਰਗਤ ਸਾਹਿਤ ਸਭਿਆਚਾਰ ਤੇ ਕਲਾਵਾਂ ਨੂੰ ਸੰਚਾਰ ਦੇ ਸੰਦਰਭ ਵਿਚ ਪ੍ਰਕ੍ਰਿਆ ਤੇ ਪ੍ਰਕਾਰਜ, ਦੀ ਦ੍ਰਿਸ਼ਟੀ ਤੋਂ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।

"ਅਧਿਆਤਮਿਕ ਅਨੁਭਵ ਤੇ ਅਭਿਵਿਅਕਤੀ' ਨਾਮਕ ਦੂਸਰੇ ਅਧਿਆਇ ਵਿਚ ਅਧਿਆਤਮਿਕ ਅਨੁਭਵ ਦੀ ਅਨੁਭੂਤੀ ਨੂੰ ਸੰਚਾਰ ਦੇ ਪ੍ਰਸੰਗ ਵਿਚ ਵਿਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ ਜਿਸ ਵਿਚ ਇਸ ਨੂੰ ਰਹੱਸਾਤਮਿਕ ਅਨੁਭਵ ਸਵੀਕਾਰਦਿਆਂ ਇਸ ਦੀਆਂ ਵਿਭਿੰਨ ਅਵਸਥਾਵਾਂ ਨੂੰ ਅਧਿਆਤਮਿਕ ਅਨੁਭਵ ਦੇ ਪਰਿਪੇਖ ਵਿਚ ਵਿਸ਼ਲੇਸ਼ਿਤ ਕੀਤਾ ਗਿਆ ਹੈ। ਅਧਿਆਤਮਿਕ ਅਨੁਭਵ ਦਾ ਸਾਧਾਰਣ ਅਨੁਭਵ ਨਾਲ ਅੰਤਰ ਨਿਖੇੜਾ ਉਕਤ ਮੰਤਵ ਲਈ ਵਿਸ਼ੇਸ਼ ਰੂਪ ਵਿਚ ਸਹਾਇਕ ਹੈ। ਇਸ ਲਈ ਇਸ ਨੂੰ ਆਪਣੇ ਅਧਿਐਨ ਕਾਰਜ ਦੇ ਅੰਤਰਗਤ ਰਖਦਿਆਂ ਭਾਰਤੀ ਧਰਮ ਦਰਸ਼ਨ ਦੀਆਂ ਵਿਭਿੰਨ ਪਰੰਪਰਾਵਾਂ

ਦੇ ਪ੍ਰਸੰਗ ਵਿਚ ਇਸ ਅਨੁਭਵ ਦੀ ਅਭਿਵਿਅਕਤੀ ਨੂੰ ਪਛਾਨਣ ਦਾ ਯਤਨ ਕੀਤਾ ਜਾ ਰਿਹਾ ਹੈ।

ਤੀਸਰੇ ਅਧਿਆਇ ਦਾ ਵਿਸ਼ਾ 'ਗੁਰੂ ਨਾਨਕ ਬਾਣੀ ਸੰਦੇਸ਼ ਤੇ ਸੰਚਾਰ' ਹੈ। ਇਸ ਅਧਿਆਇ ਵਿਚ ਗੁਰੂ ਨਾਨਕ ਬਾਣੀ ਦਾ ਪਰਿਚਯ ਤੇ ਸਰੂਪ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਬਣਾਇਆ ਗਿਆ ਹੈ। ਬਾਣੀ ਨੂੰ ਸੰਚਾਰ ਦੀ ਦ੍ਰਿਸ਼ਟੀ ਤੋਂ ਮੂਲ ਰੂਪ ਵਿਚ ਸੰਦੇਸ਼ ਸਵੀਕਾਰਦਿਆਂ ਬਾਣੀ ਤੇ ਕਾਵਿ ਦਾ ਨਿਖੇੜਾ, ਇਸ ਦੀ ਸੰਚਾਰਮੁਖਤਾ ਅਤੇ ਇਸ ਦੁਆਰਾ ਸੰਚਰਿਤ ਹੋਣ ਵਾਲੀਆਂ ਕੀਮਤਾਂ ਜਿਨ੍ਹਾਂ ਨੇ ਸੰਦੇਸ਼ ਰੂਪ ਵਿਚ ਮਾਨਵੀ ਜੀਵਨ ਨੂੰ ਉਸ ਖਾਲਕ ਨਾਲ ਮੂਲ ਤੇ ਅੰਤਿਮ ਰੂਪ ਵਿਚ ਜੋੜਨਾ ਹੈ, ਬਾਰੇ ਵਿਚਾਰ ਕੀਤੀ ਜਾ ਰਹੀ ਹੈ।

'ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ' ਸਾਡੀ ਖੋਜ ਕਾਰਜ ਦਾ ਚੌਥਾ ਅਧਿਆਇ ਹੈ। ਇਸ ਅਧਿਆਇ ਵਿਚ ਖਸਮ ਦੀ ਬਾਣੀ ਦੇ ਸ਼ਬਦ ਰੂਪੀ ਵਰਤਾਰੇ ਨੇ ਅਧਿਐਨ ਦਾ ਵਿਸ਼ਾ ਬਣਾਉਂਦਿਆਂ ਇਸ ਵਿਚ ਪ੍ਰਯੋਗ ਕੀਤੀਆਂ ਗਈਆਂ ਸੰਚਾਰ ਜੁਗਤਾਂ ਨੂੰ ਪਛਾਨਣ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸਦੇ ਅੰਤਰਗਤ ਕਾਵਿ, ਭਾਸ਼ਾ, ਲੋਕਧਾਰਾ ਅਤੇ ਸੰਗੀਤ ਨੂੰ ਕ੍ਰਮਵਾਰ ਸੰਚਾਰ ਜੁਗਤਾਂ ਵਜੋਂ ਵਿਚਾਰਿਆ ਜਾ ਰਿਹਾ ਹੈ। ਉਕਤ ਜੁਗਤਾਂ ਦੇ ਵਿਭਿੰਨ ਉਪਕਰਣਾਂ, ਤੱਤਾਂ ਅਤੇ ਉਹਨਾਂ ਦੀ ਕਾਰਜ ਪ੍ਰਕ੍ਰਿਆ ਨੂੰ ਸਮੁੱਚ ਰੂਪ ਵਿਚ ਵਿਸ਼ਲੇਸ਼ਿਤ ਕਰਨ ਤੋਂ ਇਲਾਵਾ ਇਹਨਾਂ ਦੀ ਸਮੁੱਚੀ ਸੰਚਾਰ ਪ੍ਰਕ੍ਰਿਆ ਵਿਚ ਸਥਾਨ ਨਿਰਧਾਰਣ ਤੇ ਪਹਿਚਾਣ ਸਥਾਪਿਤ ਕੀਤੀ ਜਾ ਰਹੀ ਹੈ।

ਸਾਡੇ ਇਸ ਖੋਜ ਕਾਰਜ ਦਾ ਅੰਤਿਮ ਤੇ ਪੰਜਵਾਂ ਅਧਿਆਇ "ਗੁਰੂ ਨਾਨਕ ਬਾਣੀ-ਵਿਧਾਨ: ਸੰਚਾਰ ਪ੍ਰਕ੍ਰਿਆ" ਹੈ। ਉਪਰੋਕਤ ਅਧਿਆਵਾਂ ਵਿਚ ਕੀਤੀ ਗਈ ਵਿਚਾਰ ਚਰਚਾ ਦੇ ਆਧਾਰ ਉਤੇ ਬਾਣੀ ਨੂੰ ਇਕ ਵਿਸ਼ਿਸ਼ਟ ਵਿਧਾਨ ਦੇ ਰੂਪ ਵਿਚ ਵਿਚਾਰਦਿਆਂ ਬਾਣੀ ਦੇ ਸਰੂਪ ਅਤੇ ਇਸਦੇ ਸੰਕੇਤਾਂ, ਹਵਾਲਿਆਂ, ਫੁਰਮਾਨਾਂ ਤੋਂ ਪ੍ਰਗਟ ਹੋਣ ਵਾਲੇ ਸੁਨਿਸ਼ਚਿਤ ਪ੍ਰਬੰਧ ਨੂੰ ਆਧਾਰ ਰੂਪ ਵਿਚ ਸਵੀਕਾਰਿਆ ਗਿਆ ਹੈ। ਬਾਣੀ ਵਿਧਾਨ ਦੇ ਇਸ ਸਮੁੱਚੇ ਪ੍ਰਬੰਧ ਦਾ ਪ੍ਰਯੋਜਨ ਸੰਚਾਰ ਹੈ ਇਸ ਕਰਕੇ ਇਸ ਨੂੰ ਅਸੀਂ ਸੰਚਾਰ ਪ੍ਰਬੰਧ ਮੰਨਦੇ ਹੋਏ ਬਾਣੀ ਦੀਆਂ ਵਿਭਿੰਨ ਸੰਚਾਰ ਜੁਗਤਾਂ, ਉਪਕਰਣਾਂ ਦੇ ਤੱਤਾਂ ਨੂੰ ਸੰਚਾਰ ਦੀ ਸਮੁੱਚੀ ਪ੍ਰਕ੍ਰਿਆ ਦੇ ਸੰਦਰਭ ਵਿਚ ਵਿਸ਼ਲੇਸ਼ਿਤ ਕਰਨ ਦਾ ਯਤਨ ਕਰ ਰਹੇ ਹਾਂ।

ਅੰਤ ਵਿਚ ਉਪਸੰਹਾਰ ਦੇ ਅੰਤਰਗਤ ਇਸ ਵਿਸ਼ੇ ਦੇ ਸਮੁੱਚੇ ਖੋਜ ਕਾਰਜ ਤੋਂ ਉਪਲੱਬਧ ਸਿੱਟਿਆਂ ਨੂੰ ਸੰਖੇਪ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ ਜਿਨ੍ਹਾਂ ਨੂੰ ਪੂਰਵਲੇ ਅਧਿਆਵਾਂ ਦੇ ਪ੍ਰਸੰਗ ਵਿਚ ਸਪਸ਼ਟ ਰੂਪ ਵਿਚ ਸਮਝਿਆ ਜਾ ਸਕਦਾ ਹੈ।

ਸਾਡਾ ਇਹ ਯਤਨ ਗੁਰੂ ਨਾਨਕ ਬਾਣੀ ਨੂੰ ਸਮਝਣ ਦਾ ਨਿਵੇਕਲਾ ਨਿਮਾਣਾ ਪਰੰਤੂ ਮੌਲਿਕ ਯਤਨ ਹੈ। ਇਸ ਲਈ ਇਸ ਖੋਜ ਕਾਰਜ ਦੀ ਸਫ਼ਲਤਾ ਲਈ ਅਸੀਂ ਡਾ. ਦਰਸ਼ਨ ਸਿੰਘ, ਚੇਅਰਮੈਨ, ਗੁਰੂ ਨਾਨਕ ਸਿੱਖ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੁਯੋਗ ਅਗਵਾਈ ਤੇ ਸਰਪ੍ਰਸਤੀ ਲਈ ਤਹਿ ਦਿਲੋਂ ਸੁਕਰਗੁਜ਼ਾਰ ਹਾਂ। ਅਗਾਧ ਬੋਧ ਬਾਣੀ ਨੂੰ ਨਿਰਧਾਰਤ ਵਿਸ਼ੇ ਦੀ ਸੀਮਾ ਦੇ ਅੰਤਰਗਤ ਅਧਿਐਨ ਕਰਨ ਦੇ ਇਸ ਨਿਮਾਣੇ ਜਿਹੇ ਯਤਨ ਵਿਚ ਰਹਿ ਗਈਆਂ ਉਕਾਈਆਂ ਪ੍ਰਤਿ ਉਸਾਰੂ ਰਾਇ ਹਮੇਸ਼ਾਂ ਸਾਡੇ ਸੁਆਗਤ ਤੇ ਧੰਨਵਾਦ ਦੀ ਪਾਤਰ ਰਹੇਗੀ।

ਅੰਮ੍ਰਿਤਪਾਲ ਕੌਰ

# ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ

## ਤ ਤ ਕ ਰਾ


ਪੰਨਾ ਨੰ:

ਆਦਿਕਾ

ਅਧਿਆਇ ਪਹਿਲਾ: ਸੰਚਾਰ ਅਤੇ ਸੰਚਾਰ ਪ੍ਰਕ੍ਰਿਆ ਦੇ ਵਿਭਿੰਨ ਪਰਿਪੇਖ 1-61

1. ਸੰਚਾਰ: ਸ਼ਾਬਦਿਕ ਪਹਿਚਾਣ
2. ਸੰਚਾਰ: ਤੱਤ ਅਤੇ ਕਾਰਜ ਪ੍ਰਕ੍ਰਿਆ
   - 2.1. ਸ੍ਰੋਤ
   - 2.2. ਸੰਦੇਸ਼
   - 2.3. ਮਾਧਿਅਮ
   - 2.4. ਪਹੁੰਚ ਬਿੰਦੂ
3. ਸੰਚਾਰ: ਵਿਕਾਸ ਪ੍ਰਕ੍ਰਿਆ
4. ਸਭਿਆਚਾਰ: ਸੰਚਾਰ ਤੇ ਸੰਚਾਰ ਪ੍ਰਕ੍ਰਿਆ
5. ਕਲਾਵਾਂ: ਸੰਚਾਰ ਤੇ ਸੰਚਾਰ ਪ੍ਰਕ੍ਰਿਆ
6. ਸਾਹਿਤ: ਸੰਚਾਰ ਦੇ ਸੰਦਰਭ ਵਿਚ
7. ਕਾਵਿ: ਸੰਚਾਰ ਤੇ ਸੰਚਾਰ ਪ੍ਰਕ੍ਰਿਆ
   - 7.1. ਭਾਰਤੀ ਕਾਵਿ ਸਿਧਾਂਤ ਅਤੇ ਪਰਿਭਾਸ਼ਾ
   - 7.2. ਕਾਵਿ ਰਸ
     - 7.2.1 ਰਸ ਪਰਿਭਾਸ਼ਾ ਤੇ ਸਰੂਪ
     - 7.2.2. ਸਾਧਾਰਣੀਕਰਣ
   - 7.3. ਅਲੰਕਾਰ
   - 7.4. ਬਿੰਬ
   - 7.5. ਪ੍ਰਤੀਕ
   - 7.6. ਛੰਦ
   - 7.7. ਭਾਸ਼ਾ
   - 7.8. ਕਾਵਿ ਸੰਚਾਰ ਪ੍ਰਕ੍ਰਿਆ
8. ਲੋਕਧਾਰਾ: ਸੰਚਾਰ ਤੇ ਸੰਚਾਰ ਪ੍ਰਕ੍ਰਿਆ
   - 8.1. ਲੋਕ ਸਾਹਿਤ
     - 8.1.1 ਲੋਕ ਗੀਤ
     - 8.1.2 ਲੋਕ ਕਹਾਣੀ
     - 8.1.3. ਮੁਹਾਵਰੇ ਅਖਾਣ ਬੁਝਾਰਤਾਂ

8.2. ਲੋਕ ਕਲਾ
8.2.1 ਲੋਕ ਸੰਗੀਤ
8.2.2. ਲੋਕ ਨਾਟ
8.2.3. ਲੋਕ ਨ੍ਰਿਤ
8.2.4. ਕਲਾਕ੍ਰਿਤ
8.3. ਲੋਕ ਵਿਸ਼ਵਾਸ਼ ਤੇ ਰੀਤੀ ਰਿਵਾਜ
8.4. ਲੋਕ ਮਨੋਰੰਜਨ ਕੰਮ ਧੰਧੇ
9. ਸੰਗੀਤ: ਸੰਚਾਰ ਤੇ ਸੰਚਾਰ ਪ੍ਰਕ੍ਰਿਆ
9.1. ਰਾਗ
9.2. ਤਾਲ ਲੈਅ
9.3. ਗਾਇਨ ਸ਼ੈਲੀਆਂ
9.4. ਸੰਗੀਤ ਦੀ ਗਾਇਨ ਸੰਚਾਰ ਪ੍ਰਕ੍ਰਿਆ

ਅਧਿਆਇ ਦੂਜਾ: ਅਧਿਆਤਮਿਕ ਅਨੁਭਵ ਤੇ ਅਭਿਵਿਅਕਤੀ 63-93

1. ਅਧਿਆਤਮਿਕ ਅਨੁਭਵ: ਅਨੁਭੂਤੀ
2. ਅਧਿਆਤਮਿਕ ਤੇ ਸਾਧਾਰਣ ਅਨੁਭਵ: ਅੰਤਰ ਨਿਖੇੜਾ
3. ਅਧਿਆਤਮਿਕ ਅਨੁਭਵ: ਅਨੁਭੂਤੀ ਤੇ ਅਭਿਵਿਅਕਤੀ
3.1. ਸ਼ਬਦ ਅਭਿਵਿਅਕਤੀ
3.2. ਕਰਮ ਅਭਿਵਿਅਕਤੀ
3.3. ਅਭਿਵਿਕਤੀ: ਭਾਰਤੀ ਧਰਮ ਦਰਸ਼ਨ ਦੀਆਂ ਪ੍ਰਮੁੱਖ ਪਰੰਪਰਾਵਾਂ ਵਿੱਚ
3.3.1 ਵੇਦ
3.3.2 ਉਪਨਿਸ਼ਦ
3.3.3. ਯੋਗ ਪਰੰਪਰਾ
3.3.4. ਜੈਨ ਪਰੰਪਰਾ
3.3.5. ਬੁੱਧ ਪਰੰਪਰਾ
3.3.6. ਗੀਤਾ ਪਰੰਪਰਾ
3.3.7. ਦੱਖਣੀ ਪਰੰਪਰਾ
3.3.8 ਭਗਤੀ ਪਰੰਪਰਾ
3.3.9. ਇਸਲਾਮਿਕ ਤੇ ਸੂਫ਼ੀ ਪਰੰਪਰਾ
3.3.10. ਸਿੱਖ ਪਰੰਪਰਾ

ਅਧਿਆਇ ਤੀਜਾ: ਗੁਰੂ ਨਾਨਕ ਬਾਣੀ ਸੰਦੇਸ਼ ਤੇ ਸੰਚਾਰ 95-146

1. ਗੁਰੂ ਨਾਨਕ ਬਾਣੀ ਸਰੂਪ
   1.1. ਸਿਰੀ
   1.2. ਮਾਝ
   1.3. ਗਉੜੀ
   1.4. ਆਸਾ
   1.5. ਗੂਜਰੀ
   1.6. ਬਿਹਾਗੜਾ
   1.7. ਵਡਹੰਸ
   1.8. ਸੋਰਠਿ
   1.9. ਧਨਾਸਰੀ
   1.10. ਤਿਲੰਗ
   1.11 ਸੂਹੀ
   1.12. ਬਿਲਾਵਲ
   1.13. ਰਾਮਕਲੀ
   1.14. ਮਾਰੂ
   1.15. ਤੁਖਾਰੀ
   1.16. ਭੈਰਉ
   1.17. ਬਸੰਤ
   1.18. ਸਾਰੰਗ
   1.19. ਮਲਾਰ
   1.20. ਪਰਭਾਤੀ
2. ਬਾਣੀ ਸੰਦੇਸ਼
   2.1. ਬਾਣੀ ਅਤੇ ਕਾਵਿ: ਅੰਤਰ ਨਿਖੇੜਾ
   2.2. ਅਧਿਆਤਮਿਕ ਕੀਮਤਾਂ
   2.3. ਭੌਤਿਕ ਕੀਮਤਾਂ
   2.4. ਨੈਤਿਕ ਕੀਮਤਾਂ
   2.5. ਬੌਧਿਕ ਕੀਮਤਾਂ
   2.6. ਸੁਹਜਾਤਮਕ ਕੀਮਤਾਂ

ਅਧਿਆਇ ਚੌਥਾ: ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ 148-273

1. ਕਾਵਿ: ਸੰਚਾਰ ਜੁਗਤ ਵਜੋਂ
   1.1. ਬਾਣੀ ਕਾਵਿ ਰੂਪ: ਸਰੂਪ ਤੇ ਕਾਰਜ ਪ੍ਰਕ੍ਰਿਆ

1.1.1. ਪਦੇ
1.1.2. ਅਸਟਪਦੀ
1.1.3. ਸਲੋਕ
1.1.4. ਪਹਰੇ
1.1.5. ਛੰਤ
1.1.6. ਵਾਰ
1.1.7. ਪਉੜੀ
1.1.8 ਪਟੀ
1.1.9. ਅਲਾਹੁਣੀਆਂ
1.1.10. ਆਰਤੀ
1.1.11 ਕੁਚਜੀ
1.1.12 ਸੁਚਜੀ
1.1.13. ਥਿਤੀ
1.1.14. ਓਅੰਕਾਰ
1.1.15 ਸਿਧ ਗੋਸਟਿ
1.1.16 ਸੋਲਹੇ
1.1.17. ਬਾਰਹਮਾਹ

1.2. ਰਸ
1.3. ਅਲੰਕਾਰ
1.3.1. ਸ਼ਬਦ ਅਲੰਕਾਰ
1.3.2. ਅਰਥ ਅਲੰਕਾਰ
1.4. ਪ੍ਰਤੀਕ
1.5. ਬਿੰਬ ਵਿਧਾਨ
1.5.1. ਵਸਤੂ ਸੰਬੰਧੀ
1.5.2. ਭਾਵ ਸੰਬੰਧੀ
1.5.3. ਅਨੁਭਵ ਆਧਾਰਿਤ
1.5.4. ਅਭਿਵਿਅਕਤੀ ਆਧਾਰਿਤ
1.6. ਛੰਦ ਵਿਧਾਨ
1.6.1. ਦੋਹਾ
1.6.2. ਚੌਪਈ
1.6.3. ਸੋਰਠਾ
1.6.4. ਛਪੇ ਛੰਦ

2. ਭਾਸ਼ਾ: ਸੰਚਾਰ ਜੁਗਤ ਵਜੋਂ

- 2.1. ਭਾਸ਼ਾ ਦਾ ਕਾਵਿਕ ਮਹੱਤਵ
  - 2.1.1. ਅਭਿਧਾ
  - 2.1.2. ਲਕਸ਼ਣਾ
  - 2.1.3. ਵਿਅੰਜਨਾ
- 2.2. ਭਾਸ਼ਾਈ ਅਭਿਵਿਅਕਤੀ ਦੀਆਂ ਵਿਭਿੰਨ ਵਿਧੀਆਂ
  - 2.2.1. ਸੰਵਾਦਾਤਮਕ ਵਿਧਾ
  - 2.2.2. ਸੰਬੋਧਨ ਵਿਧਾ
  - 2.2.3. ਪ੍ਰਸ਼ਨੋਤਰ ਵਿਧਾ
- 2.3. ਭਾਸ਼ਾ ਦਾ ਸੰਗੀਤਕ ਮਹੱਤਵ

3. ਲੋਕਧਾਰਾ: ਸੰਚਾਰ ਜੁਗਤ ਵਜੋਂ

- 3.1. ਮਿਥਕ ਕਥਾਵਾਂ
- 3.2. ਦੇਵੀ ਦੇਵਤਿਆਂ ਬਾਰੇ ਦ੍ਰਿਸ਼ਟਾਂਤ
- 3.3. ਲੋਕ ਧਰਮ
- 3.4. ਲੋਕ ਕਾਵਿ ਰੂਪ
- 3.5. ਲੋਕ ਸੰਗੀਤ

4. ਸੰਗੀਤ: ਸੰਚਾਰ ਜੁਗਤ ਵਜੋਂ

- 4.1. ਰਾਗ
  - 4.1.1. ਸ਼ੁਧ ਰਾਗ
  - 4.1.2. ਛਾਇਆਲਗ ਰਾਗ
  - 4.1.3. ਸੰਕੀਰਣ ਰਾਗ
  - 4.1.4. ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਨਵੀਨ ਰਾਗ
  - 4.1.5. ਰਾਗ ਤੇ ਸਮੇਂ ਦਾ ਸੰਬੰਧ
  - 4.1.6. ਰਾਗ ਤੇ ਮੌਸਮ ਦਾ ਸੰਬੰਧ
  - 4.1.7. ਰਾਗ ਰਾਮਕਲੀ ਦਾ ਵਿਸ਼ੇਸ਼ ਪ੍ਰਯੋਗ
  - 4.1.8. ਰਾਗ ਧਿਆਨ ਪਰੰਪਰਾ
- 4.2. ਗਾਇਨ ਰੂਪ
  - 4.2.1. ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ
    - 4.2.1.1. ਪ੍ਰਬੰਧ ਗਾਇਨ
    - 4.2.1.2. ਧਰੁੰਪਦ
    - 4.2.1.3 ਸ਼ਾਸਤਰੀ ਗਾਇਨ ਸ਼ੈਲੀਆਂ ਵਿਚ ਛੰਦ ਤੇ ਲੈਅ
  - 4.2.2. ਲੋਕ ਅੰਗ ਦੀਆਂ ਗਾਇਨ ਸ਼ੈਲੀਆਂ
    - 4.2.2.1. ਛੰਤ
    - 4.2.2.2. ਅਲਾਹੁਣੀਆਂ

**ਅਧਿਆਇ ਪੰਜਵਾਂ: ਗੁਰੂ ਨਾਨਕ ਬਾਣੀ ਵਿਧਾਨ: ਸੰਚਾਰ ਪ੍ਰਕ੍ਰਿਆ** 275-308

1. ਸੰਚਾਰ ਇਕਾਈਆਂ
    1.1. ਰਹਾਉ
    1.2. ਅੰਕ
    1.3. ਰਾਗ
    1.4. ਘਰੁ
    1.5. ਕਾਵਿ/ਗਾਇਨ ਰੂਪ
    1.6. ਜਤਿ
    1.7. ਧੁਨਿ
2. ਸੰਚਾਰ ਪ੍ਰਕ੍ਰਿਆ

ਉਪਸੰਹਾਰ 309-314

ਪੁਸਤਕ ਸੂਚੀ 315-325

# ਅਧਿਆਇ ਪਹਿਲਾ

## ਸੰਚਾਰ ਅਤੇ ਸੰਚਾਰ ਪ੍ਰਕ੍ਰਿਆ ਦੇ ਵਿਭਿੰਨ ਪਰਿਪੇਖ

ਮਾਨਵੀ ਜੀਵਨ ਦੀ ਵਿਕਾਸਗਾਥਾ ਵਿਚ ਸੰਚਾਰ ਇਕ ਵਿਸ਼ਿਸ਼ਟ ਕੇਂਦਰੀ ਸੰਚਾਲਿਕ ਸ਼ਕਤੀ ਵਜੋਂ ਵਿਦਮਾਨ ਹੈ। ਇਸ ਸ਼ਕਤੀ ਦੀ ਪ੍ਰਕ੍ਰਿਆ ਦੁਆਰਾ ਮਨੁੱਖ ਆਪਣੇ ਭਾਵ ਅਤੇ ਅਨੁਭਵ ਦੂਸਰਿਆਂ ਤਕ ਪਹੁੰਚਾਉਂਦਾ ਹੈ। ਵਿਵਹਾਰਕ ਪੱਧਰ ਉਤੇ ਜਿਥੇ ਇਸ ਦਾ ਬੁਨਿਆਦੀ ਮਹੱਤਵ ਹੈ ਉਥੇ ਸਰਬਾਂਗੀ ਮਾਨਵੀ ਵਿਕਾਸ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਵਾਲੀ ਵੀ ਇਹੋ ਵੱਡਮੁਲੀ ਜੁਗਤ ਹੈ। ਇਥੇ ਹੀ ਸੀਮਿਤ ਨਹੀਂ ਮਨੁੱਖ ਦੇ ਆਦਿ ਰੂਪ ਤੇ ਆਦਿ ਕਾਲ ਤੋਂ ਹੀ ਇਸ ਦੇ ਵਿਵਹਾਰ ਅਤੇ ਮਾਨਸਿਕ ਬਣਤਰ ਵਿਚ ਸੰਚਾਰ ਇਕ ਅਜਿਹੀ ਬੁਨਿਆਦੀ ਲੋੜ ਵਜੋਂ ਵਿਦਮਾਨ ਰਿਹਾ ਹੈ ਜਿਸ ਤੋਂ ਬਿਨਾਂ ਮਨੁੱਖ, ਮਨੁੱਖੀ ਜੀਵਨ ਅਤੇ ਮਨੁੱਖੀ ਸਮਾਜ ਦੀ ਕਲਪਨਾ ਅਸੰਭਵ ਹੈ। ਵਿਦਵਾਨਾਂ ਨੇ ਮਨੁੱਖੀ ਵਿਕਾਸ ਦੇ ਕਈ ਹਜ਼ਾਰ ਵਰ੍ਹਿਆਂ ਤੋਂ ਮਨੁੱਖੀ ਮਨ ਦੀ ਬਣਤਰ ਅਤੇ ਇਸ ਦੇ ਸੰਚਾਰਮਈ ਬੁਨਿਆਦੀ ਗੁਣ ਨੂੰ ਮੂਲ ਰੂਪ ਵਿਚ ਸਵੀਕਾਰਿਆ ਹੈ।[1] ਵਿਸ਼ੇਸ਼ ਕਰ ਇਹ ਆਰੰਭ ਤੋਂ ਹੀ ਮਾਨਵੀ ਜੀਵਨ ਦੇ ਦੋ ਭਿੰਨ ਭਿੰਨ ਪਹਿਲੂਆਂ ਦੀ ਨਿਰੂਪਣ ਸ਼ਕਤੀ ਰਿਹਾ ਹੈ। ਪ੍ਰਥਮ ਪਹਿਲੂ ਮਾਨਵੀ ਜੀਵਨ ਦਾ ਉਹ ਦਿਸਦਾ ਕਾਰ ਵਿਹਾਰ ਮਾਨਵ ਨੂੰ ਭੌਤਿਕ ਰੂਪ ਵਿਚ ਪ੍ਰਭਾਵਿਤ ਕਰਦਾ ਸੀ। ਭੌਤਿਕ ਰੂਪ ਵਿਚ ਹੋਣ ਵਾਲੀਆਂ ਕ੍ਰਿਆਵਾਂ, ਪ੍ਰਕ੍ਰਿਤਕ ਪਰਿਵਰਤਨ, ਪ੍ਰਕ੍ਰਿਤਕ ਸ਼ਕਤੀਆਂ ਅਤੇ ਇਸ ਸੰਸਾਰ ਦੇ ਵੰਨ ਸੁਵੰਨੇ ਰੂਪ ਮਾਨਵ ਜਾਤੀ ਨੂੰ ਪਲ ਪਲ ਪ੍ਰਭਾਵਿਤ ਕਰਦੇ ਸਨ। ਭੌਤਿਕ ਜਗਤ ਦੇ ਇਹ ਲੁਭਾਉਣੇ ਅਸਚਰਜਮਈ ਅਨੁਕੂਲ ਅਤੇ ਪ੍ਰਤਿਕੂਲ ਰੂਪਾਂ ਦੇ ਉਤਰ ਜੋ ਮਾਨਵੀ ਜੀਵਨ ਦੇ ਵਿਕਾਸ ਲਈ ਇਕ ਚਣੌਤੀ ਅਤੇ ਜੀਵਨ ਸ਼ਕਤੀ ਦਾ ਆਧਾਰ ਸੀ ਨੇ ਇਸ ਸੰਚਾਰ ਸ਼ਕਤੀ ਦਾ ਉਤਪਨ ਤੇ ਪ੍ਰਫੁਲਣ ਕੀਤਾ। ਇਸ ਤਰ੍ਹਾਂ ਸੰਚਾਰ ਮਾਨਵ ਜਾਤੀ ਦੇ 'ਉਤਰ' ਅਤੇ ਇਸ ਸ੍ਰਿਸ਼ਟੀ ਦੇ ਕਰਤਾ ਦੇ 'ਪ੍ਰਸ਼ਨ' ਦੀ ਅੰਤਰੀਵੀ ਸਾਂਝ ਵਜੋਂ ਵਿਦਮਾਨ ਹੁੰਦਾ ਹੈ ਅਤੇ ਸੰਚਾਰ ਦੀ ਉਤਪਤੀ ਇਸੇ ਪ੍ਰਕ੍ਰਿਆ ਵਿਚੋਂ ਪ੍ਰਗਟ ਹੁੰਦੀ ਹੈ। ਮਾਨਵੀ ਜੀਵਨ ਦਾ ਦੂਸਰਾ ਪਹਿਲੂ ਉਸਦੇ ਅੰਦਰਲਾ ਅਦਿੱਖ ਸੰਸਾਰ ਸੀ ਜੋ ਆਪਣੇ ਪ੍ਰਗਟਾਅ ਲਈ ਕਿਸੇ ਨਾ ਕਿਸੇ ਸੰਚਾਰ ਵਿਧੀ ਜਾਂ ਜੁਗਤ 'ਤੇ ਆਧਾਰਿਤ ਰਿਹਾ। ਇਸ ਤੋਂ ਪਹਿਲਾਂ ਕਿ ਅਸੀਂ ਮਾਨਵੀ ਜੀਵਨ ਦੇ ਵਿਕਾਸ ਦੇ ਅੰਤਰਗਤ ਸੰਚਾਰ ਦੀ ਅਹਿਮ ਭੂਮਿਕਾ ਦਾ ਵਰਣਨ ਤੇ ਵਿਸ਼ਲੇਸ਼ਣ ਕਰੀਏ ਸੰਚਾਰ ਸੰਬੰਧੀ ਕੁਝ ਬੁਨਿਆਦੀ ਨੁਕਤਿਆਂ ਸੰਬੰਧੀ ਜਾਣ ਲੈਣਾ ਅਤਿ ਜ਼ਰੂਰੀ ਹੈ।

---

1. Yevgeny Basin, Semantic Philosophy of Art, p.28.

## 1. ਸੰਚਾਰ: ਸ਼ਾਬਦਿਕ ਪਹਿਚਾਣ

ਸੰਚਾਰ ਸੰਬੰਧੀ ਉਪਲੱਬਧ ਵਿਭਿੰਨ ਸ਼ਾਬਦਿਕ ਅਤੇ ਪਰਿਭਾਸ਼ਕ ਵਿਆਖਿਆਵਾਂ ਇਸ ਦੇ ਬਹੁਮੁੱਖੀ ਅਤੇ ਬਹੁਅਰਥੀ ਸਰੂਪ ਦੇ ਵਿਭਿੰਨ ਪਰਿਪੇਖਾਂ ਸੰਬੰਧੀ ਪੂਰਨ ਵਾਕਫ਼ੀਅਤ ਨਹੀਂ ਕਰਾਉਂਦੀਆਂ। ਵਿਭਿੰਨ ਕੋਸ਼ਾਂ ਵਿਚ ਸੰਚਾਰ ਦੇ ਦਿਤੇ ਗਏ ਅਰਥ ਅਤੇ ਪਰਿਭਾਸ਼ਾਵਾਂ ਜਾਂ ਤਾਂ ਕੇਵਲ ਸ਼ਾਬਦਿਕ ਅਰਥਾਂ ਤਕ ਸੀਮਿਤ ਹਨ ਅਤੇ ਜਾਂ ਫਿਰ ਇਸ ਨੂੰ ਸੰਚਾਰ ਦੇ ਵਿਵਹਾਰਕ(Communication applied) ਪ੍ਰਸੰਗ ਅਧੀਨ ਵਿਸ਼ਲੇਸ਼ਿਤ ਕੀਤਾ ਗਿਆ ਹੈ।[2] ਸੰਚਾਰ ਦਾ ਸ਼ਾਬਦਿਕ ਅਰਥ ਫੈਲਾਵ, ਵਿਸਥਾਰ ਜਾਂ ਸਹੀ ਤੇ ਸਮਰੂਪ ਵਿਚ ਸਮਾ ਜਾਣ ਜਾਂ ਸਮਿਲਤ ਹੋਣ ਤੋਂ ਹੈ। ਕਿਸੇ ਭਾਵ, ਅਨੁਭਵ ਵਿਚਾਰ ਦਾ ਮੂਲ ਸ੍ਰੋਤ ਤੋਂ ਗਤੀਮਾਨ ਹੋ ਕੇ ਕਿਸੇ ਦੂਸਰੇ ਗ੍ਰਾਹਕ ਸਥਾਨ ਉਤੇ ਪਹੁੰਚ ਜਾਣ ਦੀ ਕ੍ਰਿਆ ਜਾਂ ਭਾਵ ਸੰਚਾਰ ਹੈ।[3] ਸ਼ਬਦ ਕੋਸ਼ਾਂ ਅਨੁਸਾਰ ਸੰਚਾਰ 'ਸੰ+ਚਾਰ' ਦਾ ਸੰਯੁਕਤ ਰੂਪ ਹੈ। 'ਸੰ' ਤੋਂ ਭਾਵ ਹੈ ਸਮ, ਅੱਛਾ, ਸਹੀ, ਬਰਾਬਰ ਜਾਂ ਇਕਸਾਰ ਅਤੇ 'ਚਾਰ' ਤੋਂ ਭਾਵ ਹੈ ਗਤੀ, ਚਾਲ, ਗਮਨ, ਆਚਾਰ ਵਿਉਹਾਰ। ਇਸ ਸ਼ਬਦ ਵਿਚ 'ਸੰ' ਉਪਸਰਗ ਹੈ ਤੇ 'ਚਰ' ਧਾਤੂ। ਇਹਨਾਂ ਅਰਥਾਂ ਤੋਂ ਸੰਚਾਰ ਦਾ ਭਾਵ ਕਿਸੇ ਵਿਚਾਰ ਅਨੁਭਵ ਜਾਂ ਭਾਵ ਦਾ ਗਤੀਮਾਨ ਹੋਣਾ ਹੈ।[4] ਅੰਗ੍ਰੇਜ਼ੀ ਵਿਚ ਸੰਚਾਰ ਦਾ ਸਮਾਨਾਂਤਰ ਸ਼ਬਦ ਕਮਿਊਨੀਕੇਸ਼ਨ(Communication) ਜੋ ਕਿ ਲਾਤੀਨੀ ਭਾਸ਼ਾ ਦੇ ਸਮਾਨਰਥੀ ਸ਼ਬਦ ਕਮਿਊਨਿਸ (Communis ) ਤੋਂ ਆਇਆ ਮੰਨਿਆ ਗਿਆ ਹੈ। ਜਿਸ ਦਾ ਅਰਥ ਸਾਂਝ ਹੈ। ਭਾਵ ਉਹ ਤੱਤ ਜਾਂ ਤੱਥ ਜੋ ਦੋ ਵਿਅਕਤੀਆਂ ਦੇ ਵਿਚਕਾਰ ਸਾਂਝਾ (common) ਹੋਵੇ। ਵਿਅਕਤੀਗਤ ਰੂਪ ਵਿਚ ਜਦੋਂ ਕੋਈ ਜਾਣਕਾਰੀ, ਗਿਆਨ ਜਾਂ ਵਿਚਾਰ ਨੂੰ ਦੂਸਰੇ ਵਿਅਕਤੀ ਨਾਲ ਸਾਂਝਾ ਕਰਨਾ ਚਾਹੁੰਦਾ ਹੈ ਤਾਂ ਇਹ

---

2. (i) "'Communication' is essentially a process which the state of affairs at one place is transmitted to another place by symbolic means."
(Encyclopaedia of Psychology, Vol. I).

(ii) "Communication as that process where by encapsulated particles of meaning are transmitted between individual organism by means of specialized sending and receiving devices."
International Encyclopaedia of Social Sciences, Vol.3.

3. Webster's New World Dictionary, p. 152.

4. ਹਿੰਦੀ ਸਾਹਿਤਯ ਕੋਸ਼, ਭਾਗ ੧, ਵਾਰਾਣਸੀ ਗਿਆਨਮੰਡਲ ਲਿਮੇਟਿਡ, ਪੰਨਾ 951

ਸਾਂਝ ਗਮਨ ਕਰਦੀ ਹੈ ਜਿਸ ਨੂੰ ਸੰਚਾਰ (Communication) ਆਖਿਆ ਜਾਂਦਾ ਹੈ।[5] ਇਸ ਪ੍ਰਕਾਰ ਸ੍ਰਿਸ਼ਟੀ ਵਿਚ ਹੋਣ ਵਾਲੀ ਹਰ ਇਕ ਕ੍ਰਿਆ ਦੀ ਪ੍ਰਤਿਕ੍ਰਿਆ ਹੀ ਆਪਣੇ ਵਿਸ਼ਿਸ਼ਟ ਭਾਵ, ਅਨੁਭਵ, ਵਿਚਾਰ ਦਾ ਸੰਚਾਰਨ ਕਰਦੀ ਹੈ। ਇਸ ਸ੍ਰਿਸ਼ਟੀ ਦੇ ਭੌਤਿਕ ਤੇ ਪਰਾਭੌਤਿਕ ਤੱਤ ਸੰਚਾਰ ਦੀ ਕ੍ਰਿਆ ਵਿਚ ਲੀਨ ਹਨ। ਇਸ ਦ੍ਰਿੱਖ ਜਗਤ ਦਾ ਹਰ ਇਕ ਜੀਵ ਆਪੇ ਆਪਣੀ ਵਿਧੀ ਜਾਂ ਜੁਗਤ ਦੁਆਰਾ ਆਪਣੇ ਭਾਵਾਂ ਵਿਚਾਰਾਂ ਜਾਂ ਸੁਨੇਹਿਆਂ ਦਾ ਸੰਚਾਰ ਕਰਦਾ ਹੈ ਪਰੰਤੂ ਸੰਚਾਰ ਦੇ ਇਸ ਵਿਆਪਕ ਤੇ ਵਿਸਤ੍ਰਿਤ ਅਰਥਾਂ ਦੇ ਵਿਸਤਾਰ ਪੂਰਵਕ ਵਿਸ਼ਲੇਸ਼ਣ ਤੋਂ ਗੁਰੇਜ਼ ਕਰਦਿਆਂ ਅਸੀਂ ਇਸ ਨੂੰ ਕੇਵਲ ਸੰਬੰਧਿਤ ਵਿਸ਼ੇ ਦੇ ਪ੍ਰਸੰਗ ਵਿਚ ਹੀ ਵਾਚਾਂਗੇ।

## 2. ਸੰਚਾਰ: ਤੱਤ ਤੇ ਕਾਰਜ ਪ੍ਰਕ੍ਰਿਆ

ਮਾਨਵੀ ਜੀਵਨ ਦੇ ਆਰੰਭ ਤੋਂ ਹੀ ਸੰਚਾਰ ਮਾਨਵ ਜਾਤੀ ਦੇ ਵਿਕਾਸ, ਅੰਤਰੀਵੀ ਸਾਂਝ ਤੇ ਸਹਿਚਾਰ ਦੀ ਕੇਂਦਰੀ ਇਕਾਈ ਵਜੋਂ ਵਿਦਮਾਨ ਹੈ। ਸੰਚਾਰ ਦਾ ਸਿੱਧਾ ਸੰਬੰਧ ਮਾਨਵੀ ਅਨੁਭਵ ਦੇ ਪ੍ਰਗਟਾਅ ਨਾਲ ਹੈ। ਸਾਧਾਰਣ ਰੂਪ ਵਿਚ ਜਦੋਂ ਕੋਈ ਮਨੁੱਖ ਇਸ ਦ੍ਰਿੱਖ ਜਗਤ ਤੋਂ ਕੋਈ ਅਨੁਭਵ ਗ੍ਰਹਿਣ ਕਰਦਾ ਹੈ ਤਾਂ ਉਹ ਮੌਕਾਮੇਲ ਤੇ ਸਮੇ ਅਨੁਸਾਰ ਉਸ ਅਨੁਭਵ ਨੂੰ ਆਪਣੀ ਸੋਚ-ਸ਼ਕਤੀ ਦੇ ਸੰਚਾਲਨ ਅਨੁਸਾਰ ਆਪਣੇ ਬੋਲਾਂ ਜਾਂ ਹਾਵ ਭਾਵ ਦੇ ਮਾਧਿਅਮ ਦੁਆਰਾ ਦੂਸਰੇ ਤਕ ਪਹੁੰਚਾਣ ਦੀ ਕ੍ਰਿਆ ਦਾ ਬਾਰ ਬਾਰ ਅਭਿਆਸ ਕਰਦਾ ਹੈ। ਇਹ ਅਨੁਭਵ ਸਾਮੂਹਿਕ ਵੀ ਹੁੰਦੇ ਹਨ ਅਤੇ ਵਿਅਕਤੀਗਤ ਵੀ। ਮਨੁੱਖ ਤੇ ਮਨੁੱਖ ਵਿਚਲੀ ਸਾਂਝ ਦਾ ਮੂਲ ਆਧਾਰ ਅਨੁਭਵਾਂ, ਭਾਵਾਂ ਤੇ ਵਿਚਾਰਾਂ ਦੀ ਸਾਝ ਹੈ। ਜਿਸ ਦੀ ਜੁਗਤ 'ਸੰਚਾਰ' ਹੈ। ਅਰਸਤੂ ਸੰਚਾਰ ਦੀ ਪਰਿਭਾਸ਼ਾ ਪ੍ਰੇਰਕ ਸ਼ਕਤੀ ਵਜੋਂ ਕਰਦਾ ਹੈ। ਜਦੋਂ ਵਿਅਕਤੀ ਬੋਲਦਾ ਹੈ ਤਾਂ ਉਸ ਦਾ ਇਕੋ ਇਕ ਮਕਸਦ ਕਿ ਜਿਸ ਨੂੰ ਉਹ ਸੰਬੋਧਿਤ ਹੋ ਰਿਹਾ ਹੈ ਉਸ ਨੂੰ ਪ੍ਰੇਰਿਤ ਕਰੇ।[6] ਪਹਿਲਾਂ ਮਨੁੱਖੀ ਮਨ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਤੋਂ ਪ੍ਰਭਾਵਿਤ ਹੋ ਕੇ ਆਪਣੇ ਭਾਵਾਂ ਨੂੰ ਉਦੀਪਤ ਕਰਦਿਆਂ ਅਨੁਭਵ ਨੂੰ ਜਾਗ੍ਰਿਤ ਕਰਦਾ ਹੈ ਫੇਰ ਉਸ ਨੂੰ ਗਤੀ, ਰੇਖਾ, ਰੰਗ, ਧੁਨੀ ਤਰੰਗ, ਬਿੰਬਾਂ ਜਾਂ ਸ਼ਬਦਾਂ ਰਾਹੀਂ ਦੂਜਿਆਂ ਤਕ ਪਹੁੰਚਾਣ ਦੇ ਆਹਰ ਵਿਚ ਜੁਟ ਜਾਂਦਾ ਹੈ ਤਾਂ ਜੋ ਉਹ ਵੀ ਉਸੇ ਭਾਵ ਨੂੰ ਉਵੇਂ ਹੀ ਆਪਣੇ ਨਿਜੀ ਅਨੁਭਵ ਤੇ ਬੁਧੀ ਰਾਹੀਂ ਜਾਣ ਸਕਣ ਦੇ ਸਮਰਥ ਹੋਣ। ਇਸ ਤੋਂ ਸਪਸ਼ਟ ਹੈ ਕਿ ਮਨੁੱਖ ਦੀ ਮਨੁੱਖ ਵਿਚ 'ਸਹਿਚਾਰ' ਜਾਂ ਆਪਸੀ ਸੰਬੰਧਾਂ ਨੂੰ ਜੋੜਨ ਵਾਲੀ ਅਹਿਮ ਜੁਗਤ ਸੰਚਾਰ ਹੀ ਹੈ। ਜਦੋਂ ਮਨੁੱਖੀ ਮਨ ਸੰਚਾਰ ਪ੍ਰਤਿ ਸੁਚੇਤ ਹੁੰਦਾ ਹੈ ਤਾਂ ਉਹ ਕਿਸੇ ਨਾਲ ਵੀ ਸਾਂਝ

---

5. Webster's New World Dictionary, p. 152.

6. ਅਰਸਤੂ ਦਾ ਕਾਵਿ ਸ਼ਾਸਤਰ, ਪੰਨਾ 15

ਸਥਾਪਿਤ ਕਰਨ ਦੀ ਚੇਸ੍ਟਾ ਕਰਦਾ ਹੈ। ਇਸ ਲਈ ਉਹ ਆਪਣੀ ਮਨੋਬਿਰਤੀ ਅਨੁਸਾਰ ਕੋਈ ਵੀ ਜਾਣਕਾਰੀ, ਅਨੁਭਵ ਜਾਂ ਵਿਚਾਰ ਨੂੰ ਪ੍ਰਗਟਾਉਣ ਲਈ ਕਾਰਜਸ਼ੀਲ ਹੁੰਦਾ ਹੈ। ਮਨੁੱਖ ਦੀਆਂ ਗਿਆਨ ਇੰਦਰੀਆਂ ਅੱਖਾਂ, ਕੰਨ, ਨੱਕ, ਮੂੰਹ ਆਦਿ ਇਸ ਵਿਚ ਪੂਰੀ ਤਰ੍ਹਾਂ ਲਿਪਤ ਹੁੰਦੀਆਂ ਹਨ। ਮਨੁੱਖ ਦੀਆਂ ਇਹ ਗਿਆਨ ਇੰਦਰੀਆਂ ਜਿਥੇ ਆਲੇ ਦੁਆਲੇ ਦੇ ਨਿਰਧਾਰਕ ਤੱਤਾਂ ਵਿਚ ਵਿਚਰਦੇ ਹੋਏ ਅਨੁਭਵ ਦਾ ਪ੍ਰਤੱਖਣ ਕਰਦੀਆਂ ਹਨ ਉਥੇ ਭਾਵਾਂ ਅਤੇ ਵਿਚਾਰਾਂ ਦਾ ਪ੍ਰਗਟਾਅ ਇਹਨਾਂ ਬਿਨਾਂ ਹੋ ਸਕਣਾ ਅਸੰਭਵ ਹੈ। ਮਨੁੱਖੀ ਮਨ ਪ੍ਰਤੀਕਾਤਮਕ ਵਾਤਾਵਰਣ ਵਿਚ ਵਿਚਰਦੇ ਹੋਏ ਦਿਸਦੇ ਯਥਾਰਥ ਦੇ ਪ੍ਰਕਾਰਜ ਵਿਚੋਂ ਭਾਵਾਂ, ਵਿਚਾਰਾਂ ਅਤੇ ਕਾਰਜ ਨੂੰ ਕਿਸੇ ਸਿਸਟਮ ਅਧੀਨ ਜ਼ਿੰਦਗੀ ਨੂੰ ਅਰਥ ਭਰਪੂਰ ਸੇਧ ਪ੍ਰਦਾਨ ਕਰਵਾਉਂਦਾ ਹੈ। ਮਨੁੱਖ ਦਾ ਰਚਨਾਤਮਕ ਪ੍ਰਕਾਰਜ ਕਿਸੇ ਰਚਨਾਤਮਕ ਨਿਯਮ ਦਾ ਹੀ ਵਿਧੀਪੂਰਵਕ ਰੂਪ ਹੁੰਦਾ ਹੈ ਜੋ ਕਿ ਆਪਣੇ ਰਚਨਾਤਮਕ ਨਿਯਮਾਂ ਦੁਆਰਾ ਹੀ ਆਪਣੀ ਪਛਾਣ ਚਿਹਨ ਸਥਾਪਿਤ ਕਰਦਾ ਹੈ। ਰਚਨਾਤਮਕ ਕਾਰਜ ਵਸਤੂ ਸਮਗਰੀ ਦੇ ਨਿਯਮਾਂ ਦੁਆਰਾ ਨਿਰਮਿਤ ਹੋਇਆ ਹੁੰਦਾ ਹੈ। ਵਸਤੂ ਜਿਸ ਵਿਚ ਅਰਥ ਸੰਚਾਰ ਦੀਆਂ ਅਨੇਕ ਸਮਰਥਾਵਾਂ ਮੌਜੂਦ ਹੁੰਦੀਆਂ ਹਨ। ਸੰਚਾਰ ਵਸਤੂ ਤੇ ਰੂਪ ਦੀ ਦੈਤ ਤੇ ਅਧਾਰਿਤ ਹੁੰਦਾ ਹੈ। ਜੋ ਇਕ ਦੂਸਰੇ ਨਾਲ ਅੰਤਰਸੰਬੰਧਿਤ ਵੀ ਹੈ ਅਤੇ ਆਪਣੀ ਅਲਗ ਹੋਂਦ ਵੀ ਰਖਦਾ ਹੈ। ਸੰਚਾਰ ਦੀ ਹੋਂਦ ਉਸ ਵਿਚਲੀ ਕੇਂਦਰੀ ਇਕਾਈ ਸੰਦੇਸ਼ ਕਰਕੇ ਹੀ ਹੈ। ਇਸ ਅਧਾਰ ਤੇ ਸੰਚਾਰ ਦੇ ਹੇਠ ਲਿਖੇ ਤੱਤ ਉਜਾਗਰ ਹੁੰਦੇ ਹਨ:

2.1 ਉਤਪਤੀ ਬਿੰਦੂ ਸ੍ਰੋਤ (Source)
2.2 ਸੰਦੇਸ਼ (Message)
2.3 ਮਾਧਿਅਮ (Channel)
2.4 ਪਹੁੰਚ ਬਿੰਦੂ (ਮੰਜ਼ਿਲ) (Destination)

2.1 <u>ਸ੍ਰੋਤ (Source)</u> : ਉਤਪਤੀ ਬਿੰਦੂ; ਆਦਿ ਰੂਪ ਜਾਂ ਸ੍ਰੋਤ ਕਿਸੇ ਵੀ ਵਸਤੂ ਦੀ ਹੋਂਦ ਦਾ ਮੂਲ ਕਾਰਨ, ਆਰੰਭਿਕ ਬਿੰਦੂ ਹੈ। ਸੰਚਾਰ ਦੇ ਸੰਦਰਭ ਵਿਚ ਇਹ ਨਿਰੋਲ ਨਿਜੀ ਹੁੰਦਾ ਹੈ। ਜਿਸ ਦਾ ਸੰਬੰਧ ਵਿਅਕਤੀ ਤੇ ਦਿਸਦੇ ਵਸਤੂ ਜਗਤ ਨਾਲ ਹੁੰਦਾ ਹੈ। ਵਿਅਕਤੀਗਤ ਰੂਪ ਵਿਚ ਏਥੇ ਸੰਚਾਰਿਤ ਹੋਣ ਵਾਲੀ ਵਸਤੂ ਨੇ ਸੰਚਰਿਤ ਹੋਣਾ ਹੈ। ਇਥੇ ਸੰਚਰਿਤ ਹੋਈ ਵਸਤੂ ਸੰਰਚਨਾ ਰੂਪ ਵਿਚ ਪਰਿਵਰਤਿਤ ਹੋ ਕੇ ਗਤੀਸ਼ੀਲ ਰੂਪ ਵਿਚ ਵਿਦਮਾਨ ਰਹਿੰਦੀ ਹੈ। ਮਨੁੱਖ ਵਿਚਲਾ ਮਨੁੱਖੀ ਮਨ ਅਜਿਹਾ ਹੀ ਸ੍ਰੋਤ ਹੈ। ਜਿਥੇ ਮਨੁੱਖੀ ਹਿਰਦੇ ਦੇ ਭਾਵ ਵਿਦਮਾਨ ਹੁੰਦੇ ਹਨ। ਹਿਰਦੇ ਦੇ ਭਾਵ ਦਿਸਦੇ ਯਥਾਰਥ ਵਿਚੋਂ ਅਨੁਭਵ ਨੂੰ ਪ੍ਰਾਪਤ ਕਰਦੇ ਹੋਏ ਵਿਚਾਰਾਂ ਨੂੰ ਸੰਰਚਿਤ ਕਰਦੇ ਹਨ। ਭਾਵਾਂ ਦੀ ਦਸ਼ਾ ਕੋਈ ਵੀ ਹੋਵੇ

ਇਹਨਾਂ ਦਾ ਕਾਰਜ ਰੂਪ ਮਨੋਰਥ ਤੇ ਅਰਥ ਪੂਰਵਕ ਹੁੰਦਾ ਹੈ। ਆਲੇ ਦੁਆਲੇ ਦੇ ਨਿਰਧਾਰਕ ਤੱਤ ਭਾਵਾਂ ਨੂੰ ਸੰਰਚਨਾ ਵਿਚ ਰੂਪਾਂਤਰਿਤ ਕਰਦੇ ਹੋਏ ਸੰਚਾਰ ਦਾ ਕਾਰਣ ਬਣਦੇ ਹਨ। ਮਨੋਵਿਗਿਆਨ ਅਨੁਸਾਰ ਇਸ ਨੂੰ ਚੇਤਨਾ (consciousness) ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਚੇਤਨਾ ਉਹ ਸੱਤਾ ਜਾਂ ਸ਼ਕਤੀ ਹੈ ਜੋ ਗਿਆਨ ਦਾ ਮੂਲ ਆਧਾਰ ਹੈ।[7] ਜਿਥੇ ਮਨੁੱਖ ਨੂੰ ਵਸਤੂ ਵਿਸ਼ੇ ਵਿਹਾਰ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਹ ਅਜਿਹਾ ਆਦਿ ਬਿੰਦੂ ਹੈ ਜਿਥੋਂ ਭਾਵਾਂ ਦਾ ਪ੍ਰਵਾਹ ਏਕਤਾ ਤੇ ਸਹਿਚਾਰ ਸੰਗ ਵਿਭਿੰਨ ਰੂਪਾਕਾਰ ਵਿਚ ਪਰਿਵਰਤਿਤ ਹੁੰਦਾ ਹੈ ਜੋ ਕਿ ਵਿਅਕਤੀਗਤ ਅਨੁਭਵ 'ਤੇ ਅਧਾਰਿਤ ਸੰਚਾਰ ਦੀ ਪ੍ਰਕ੍ਰਿਆ ਦਾ ਕਾਰਨ ਬਣਦਾ ਹੈ। ਸੰਚਾਰ ਦੇ ਕਲਾਤਮਿਕ ਅਤੇ ਅਧਿਆਤਮਿਕ ਖੇਤਰ ਵਿਚ ਸ੍ਰੋਤ ਦਾ ਮੂਲ ਆਧਾਰ ਵਿਅਕਤੀ ਹੀ ਹੈ। ਵਿਅਕਤੀ ਦਾ ਦਿੱਖ ਜਾਂ ਅਦਿੱਖ ਜਗਤ ਦਾ ਪ੍ਰਤੱਖਣ ਹੀ ਉਸ ਦੇ ਵਿਚਾਰਾਂ ਦੀ ਉਤਪਤੀ ਦਾ ਆਦਿ ਬਿੰਦੂ ਬਣਦਾ ਹੈ ਜੋ ਕਿ ਵਿਭਿੰਨ ਪ੍ਰਕਾਰ ਦੇ ਸੰਚਾਰ ਦੇ ਆਦਿ ਰੂਪ ਵਜੋਂ ਅਮੂਰਤ ਰੂਪ ਵਿਚ ਕਾਰਜਸ਼ੀਲ ਰਹਿੰਦਾ ਹੈ। ਇਸ ਪ੍ਰਕਾਰ ਸੰਚਾਰ ਦੇ ਸੰਦਰਭ ਵਿਚ ਉਤਪਤੀ ਬਿੰਦੂ ਜਾਂ ਸ੍ਰੋਤ ਅਜਿਹਾ ਬੁਨਿਆਦੀ ਆਧਾਰਮੂਲਕ ਤੱਤ ਹੈ ਜੋ ਸੰਚਾਰ ਪ੍ਰਕ੍ਰਿਆ ਦੇ ਕਰਜ ਬਿੰਦੂ ਵਜੋਂ ਵਿਦਮਾਨ ਹੁੰਦਾ ਹੈ।

2.2 <u>ਸੰਦੇਸ਼ (Message)</u> : ਮਨੁੱਖੀ ਭਾਵ ਦਿਸਦੇ ਯਥਾਰਥ ਵਿਚੋਂ ਅਨੁਭਵ ਦੀ ਪ੍ਰਾਪਤੀ ਕਰਦੇ ਹੋਏ ਵਸਤੂ ਸੰਰਚਨਾ ਵਿਚ ਰੂਪਾਂਤਰਿਤ ਹੁੰਦੇ ਹਨ। ਸੰਰਚਿਤ ਹੋਈ ਵਸਤੂ ਅਰਥਪੂਰਵਕ ਸੰਦੇਸ਼ ਵਿਚ ਪਰਿਵਰਤਿਤ ਹੁੰਦੀ ਹੈ। ਸੰਦੇਸ਼ ਦਾ ਮੂਲ ਸਰੂਪ ਭਾਵਾਂ ਅਤੇ ਅਨੁਭਵਾਂ ਦੀ ਸੰਯੁਕਤਾ ਤੇ ਨਿਰਭਰ ਹੈ। ਵਿਅਕਤੀਗਤ ਰੂਪ ਵਿਚ ਸ੍ਰੋਤ ਅਧੀਨ ਸਾਧਾਰਣ ਜਾਣਕਾਰੀ, ਜਗਿਆਸਾ, ਭਾਵ, ਵਿਚਾਰ, ਗਿਆਨ, ਅਨੁਭਵ ਤੇ ਆਧਾਰਿਤ ਹੁੰਦੇ ਹਨ। ਅਨੁਭਵ ਤੋਂ ਭਾਵ ਹੈ ਕਿ ਦਿਸਦੇ ਜਗਤ ਦੇ ਪ੍ਰਾਕ੍ਰਿਤਕ ਤੇ ਸਾਂਸਕ੍ਰਿਤਕ ਵੇਰਵੇ ਦਾ ਪ੍ਰਾਪਤ ਹੋਣਾ, ਦਿਸਦੇ ਯਥਾਰਥ ਨੂੰ ਮਹਿਸੂਸ ਕਰ ਸਕਣਾ, ਜਾਣ ਸਕਣਾ, ਪਹਿਚਾਣ ਕਰਨਾ ਜਾਂ ਗਹਿਰਾਈ ਵਿਚ ਜਾਣਾ ਆਦਿ। ਭਾਰਤੀ ਅਧਿਆਤਮਿਕ ਦਰਸ਼ਨ ਵਿਚ ਅਨੁਭਵ ਨੂੰ ਅਨੁਭੂਤੀ ਦੇ ਅਰਥਾਂ ਵਿਚ ਲਿਆ ਗਿਆ ਹੈ ਕਿ ਪਦਾਰਥ ਦੇ ਨਿਕਟ, ਇੰਦ੍ਰੀਆਂ ਦੇ ਮਾਧਿਅਮ ਤੋਂ ਮਨ ਵਿਚ ਜੋ ਬਿੰਬ ਉਤਪੰਨ ਹੁੰਦਾ ਹੈ ਉਹ ਭੂਤਿ ਜਾਂ ਭਵ ਹੈ, ਅਤੇ ਉਸਦੇ ਪਰਿਣਾਸਰੂਪ ਆਤਮਾ ਵਿਚ ਜੋ ਅਨੁਵਰਤੀ ਚੇਤਨਾ ਜਾਗ੍ਰਿਤ ਹੁੰਦੀ ਹੈ ਉਹੀ ਅਨੁਭੂਤੀ ਜਾਂ ਅਨੁਭਵ ਹੈ।[8] ਅਨੁਭਵ ਭਾਵਤਮਿਕ ਤੇ ਬੌਧਿਕ ਦੋਹਾਂ ਰੂਪਾਂ ਵਿਚ ਸੰਭਵ ਹੈ। ਇਸ ਦਾ ਕਾਰਜ ਅਜਿਹੀ ਸਮੱਗਰੀ ਨੂੰ ਸੰਰਚਿਤ ਕਰਨਾ ਹੈ ਜੋ ਕਲਪਨਾ ਤੇ ਅਧਾਰਿਤ ਹੁੰਦੀ ਹੈ। ਕਲਪਨਾ

---

7. <u>ਮਾਨਵਿਕੀ ਪਰਿਭਾਸ਼ਿਕ ਕੋਸ਼</u> (ਦਰਸ਼ਨ ਖੰਡ), ਪੰਨਾ 50

8. Klain Ernest, <u>A Comparative Etmological Dictionary of English Language</u>, Vol.I, p. 383.

(ਭਾਵ+ਬੁਧੀ) ਦਾ ਸੰਮਿਲਤ ਰੂਪ ਹੈ। ਇਹੀ ਅਨੁਭੂਤੀ ਭਾਵਾਂ ਤੇ ਵਿਚਾਰਾਂ ਦੁਆਰਾ ਸੰਦੇਸ਼ ਦੇ ਭਾਵ ਨੂੰ ਗ੍ਰਹਿਣ ਕਰਦੀ ਹੋਈ ਉਸ ਨੂੰ ਰੂਪਾਕਾਰ ਵਿਚ ਪਰਿਵਰਤਿਤ ਕਰਦੀ ਹੈ।

2.3 ਮਾਧਿਅਮ (Channel) : ਸੰਚਾਰ ਦੇ ਸੰਦਰਭ ਵਿਚ ਸੰਦੇਸ਼ ਨੂੰ ਉਸ ਦੇ ਸ੍ਰੋਤ (ਉਤਪਤੀ ਸਥਾਨ) ਤੋਂ ਪਹੁੰਚ ਸਥਾਨ ਤਕ ਸੰਚਾਰਿਤ ਕਰਨ ਦਾ ਕਾਰਜ ਅਪਣਾਏ ਗਏ ਮਾਧਿਅਮ (Channel) ਦੁਆਰਾ ਸੰਪੰਨ ਹੁੰਦਾ ਹੈ। ਮਨੁੱਖੀ ਜੀਵਨ ਦੇ ਨਿਤਾਪ੍ਰਤਿ ਵਿਵਹਾਰਿਕ ਸੰਚਾਰ ਹਿਤ ਇਸ ਦਾ ਵਿਸ਼ੇਸ਼ ਮਹੱਤਵ ਹੈ। ਸਾਧਾਰਣ ਤੌਰ 'ਤੇ ਮਾਧਿਅਮ ਦੀ ਭੂਮਿਕਾ ਵਿਵਹਾਰਿਕ ਪ੍ਰਸੰਗ ਵਿਚ ਹੋਰ ਵੀ ਸਪਸ਼ਟ ਹੈ। ਵਰਤਮਾਨ ਸਮੇਂ ਅਨੇਕ ਸੰਚਾਰ ਮਾਧਿਅਮ ਸੰਚਾਰ ਵਿਗਿਆਨ ਨੇ ਸਿਰਜੇ ਹਨ। ਸੰਚਾਰ ਦੇ ਇਹ ਮਾਧਿਅਮ ਮੂਲ ਤੌਰ 'ਤੇ ਮਾਨਵੀ ਗ੍ਰਹਿਣ ਇੰਦ੍ਰੀਆਂ ਤੇ ਆਧਾਰਿਤ ਹੁੰਦੇ ਹਨ। ਸੰਚਾਰ ਦੇ ਸਾਹਿਤਕ, ਕਲਾਤਮਿਕ, ਅਧਿਆਤਮਿਕ ਖੇਤਰ ਜੋ ਸਾਡੀ ਚਰਚਾ ਦਾ ਵਿਸ਼ਾ ਹੈ, ਵਿਚ ਮਾਧਿਅਮ ਵਿਸਸ਼ਿਟ ਮਹੱਤਵ ਅਤੇ ਵਿਸਤ੍ਰਿਤ ਖੇਤਰ ਦਾ ਧਾਰਣੀ ਹੈ। ਕੋਈ ਵੀ ਸੰਚਾਰ ਕਰਤਾ ਸੰਦੇਸ਼ ਦੀਆਂ ਰੂਪਾਕਾਰ ਵਿਲੱਖਣਤਾਵਾਂ ਨੂੰ ਸਨਮੁੱਖ ਰਖਦਿਆਂ ਉਸਦੀ ਸੰਚਾਰ ਗਤੀ, ਸੰਚਾਰ ਵਿਧੀ ਤੇ ਪ੍ਰਕ੍ਰਿਆ ਦਾ ਨਿਰਧਾਰਣ ਕਰਦਾ ਹੈ। ਮਾਧਿਅਮ ਦੀ ਚੋਣ ਜਿਥੇ ਸੰਚਾਰ ਕਰਤਾ ਅਤੇ ਸੰਦੇਸ਼ ਦੀ ਨਿਜੀ ਮੌਲਿਕ ਪਹੁੰਚ ਦੀ ਧਾਰਣੀ ਹੁੰਦੀ ਹੈ ਉਥੇ ਗ੍ਰਹਿਣ ਕਰਦਾ ਦੀਆਂ ਗ੍ਰਹਿਣ ਸਮਰਥਾਵਾਂ ਦੇ ਵਿਭਿੰਨ ਪਹਿਲੂਆਂ ਨੂੰ ਵੀ ਦ੍ਰਿਸ਼ਟੀਗੋਚਰ ਰਖਿਆ ਜਾਂਦਾ ਹੈ। ਸੰਚਾਰ ਦੀ ਪ੍ਰਕ੍ਰਿਆ ਨੂੰ ਸੂਖਸ਼ਮ ਤੀਬਰਤਮ ਅਤੇ ਸਮਰੱਥ ਬਣਾਉਣ ਲਈ ਸਾਹਿਤ, ਦਰਸ਼ਨ, ਕਲਾਤਮਿਕ ਅਤੇ ਅਧਿਆਤਮਿਕ ਖੇਤਰ ਵਿਚ ਭਿੰਨ ਭਿੰਨ ਜੁਗਤਾਂ ਅਤੇ ਵਿਧੀਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਸੰਦਰਭ ਵਿਚ ਗ੍ਰਹਿਣ ਕਰਤਾ ਦੇ ਸਾਮਾਜਿਕ, ਇਤਿਹਾਸਕ, ਰਾਜਨੀਤਕ ਅਤੇ ਮੁਖ ਤੌਰ 'ਤੇ ਸਾਂਸਕ੍ਰਿਤਕ ਅਧਾਰਾਂ ਵਿਚੋਂ ਉਨ੍ਹਾਂ ਤੱਤਾਂ ਦਾ ਨਿਸ਼ਚੈ ਹੀ ਆਸਰਾ ਲੈ ਲਿਆ ਜਾਂਦਾ ਹੈ ਜਿਨ੍ਹਾਂ ਨਾਲ ਗ੍ਰਹਿਣ ਕਰਤਾ ਦੀ ਗ੍ਰਹਿਣ ਸਮਰੱਥਾ ਵਿਚ ਸਹੂਲੀਅਤ, ਵਾਧਾ ਤੇ ਸਪਸ਼ਟਤਾ ਹੋਵੇ। ਇਸ ਤਰ੍ਹਾਂ ਮਾਧਿਅਮ ਦੀ ਚੋਣ ਸੰਦੇਸ਼ ਦੇ ਮੂਲ ਰੂਪ ਅਨੁਸਾਰ, ਸੰਚਾਰ ਕਰਤਾ ਦੀ ਨਿਜੀ ਮੌਲਿਕ ਪਹੁੰਚ ਦੇ ਹੁਨਰ ਦਾ ਕਮਾਲ ਮੰਨਿਆ ਜਾਂਦਾ ਹੈ। ਸੰਦੇਸ਼ ਰੂਪੀ ਅਮੂਰਤ ਭਾਵਾਂ ਨੂੰ ਸਮੂਰਤ ਕਰਨ ਵਿਚ ਮਾਧਿਅਮ ਇਕ ਵਿਸ਼ਿਸ਼ਟ ਹੋਂਦ ਵਜੋਂ ਵਿਦਮਾਨ ਰਹਿੰਦਾ ਹੈ ਜੋ ਕਿ ਆਪਣੀ ਕਾਰਜਸ਼ੀਲਤਾ ਨੂੰ ਆਪਣੇ ਹੀ ਕਿਸੇ ਉਪਕਰਣ ਦੁਆਰਾ ਸੰਪੰਨ ਕਰਦਾ ਹੈ।

ਸੰਚਾਰ ਉਪਕਰਣ (Transmitter) : ਸੰਚਾਰ ਉਪਕਰਣ ਸੰਚਾਰ ਦੇ ਮਾਧਿਅਮ ਨੂੰ ਕ੍ਰਿਆਸ਼ੀਲ ਕਰਨ ਵਾਲਾ ਤੱਤ ਹੈ। ਕਿਸੇ ਵੀ ਮਾਧਿਅਮ ਦੀ ਉਪਯੋਗਤਾ ਇਹਨਾਂ ਸੰਚਾਰ ਉਪਕਰਣਾਂ ਦੀ ਸੰਚਾਰ ਸਮਰੱਥਾ ਦੀ ਧਾਰਣੀ ਹੁੰਦੀ ਹੈ। ਸਾਡੇ ਨਿਤਾਪ੍ਰਤਿ ਦੇ ਜੀਵਨ ਦੇ ਵਿਵਹਾਰਕ ਸੰਚਾਰ ਵਿਚ ਜਿਵੇਂ ਅਨੇਕ ਸੰਚਾਰ ਉਪਕਰਣ ਵਿਦਮਾਨ ਹਨ ਉਸੇ ਤਰ੍ਹਾਂ ਸਾਹਿਤ, ਦਰਸ਼ਨ, ਭਾਸ਼ਾ ਅਤੇ ਸਭਿਆਚਾਰ ਦੇ ਸੰਚਾਰ ਜਗਤ ਵਿਚ ਹਰ ਇਕ ਸੰਚਾਰ ਮਾਧਿਅਮ ਵਿਭਿੰਨ ਸੰਚਾਰ ਉਪਕਰਣਾਂ ਦੀ ਕਾਰਜਸ਼ੀਲਤਾ

ਦੁਆਰਾ ਹੋਂਦ ਰਖਦਾ ਹੈ। ਸਾਹਿਤ ਅਤੇ ਭਾਸ਼ਾ ਨੂੰ ਲਿਖਤ ਤੇ ਮੌਖਿਕ ਰੂਪ ਵਿਚ ਸੰਚਾਰਿਤ ਕਰਨ ਵਾਲੀ ਲਿਪੀ ਇਹਨਾਂ ਮਾਧਿਅਮਾਂ ਦਾ ਸੰਚਾਰ ਉਪਕਰਣ ਹੈ। ਇਸੇ ਤਰ੍ਹਾਂ ਕਲਾਤਮਕ ਖੇਤਰ ਵਿਚ ਸੰਚਾਰ ਮਾਧਿਅਮਾਂ ਦੇ ਜਿਨ੍ਹਾਂ ਚਿੰਨ੍ਹਾਂ, ਪ੍ਰਤੀਕਾਂ, ਸੰਕੇਤਾਂ ਦੀ ਕਾਰਜ ਤੇ ਬਣਤਰ ਦੀ ਕਾਰਜ ਪ੍ਰਕ੍ਰਿਆ ਦੁਆਰਾ ਅਸੀਂ ਕਲਾਤਮਿਕ ਸੰਦੇਸ਼ ਨੂੰ ਚਿਰਜੀਵੀ, ਚਿਰ੍ਹਸਥਾਈ ਅਤੇ ਨਿਰੰਤਰ ਸੰਚਾਰ ਦੇ ਧਾਰਣੀ ਬਣਾਉਂਦੇ ਹਾਂ ਜਿਨ੍ਹਾਂ ਸੰਚਾਰਿਤ ਚਿੰਨ੍ਹਾਂ, ਸੰਕੇਤਾਂ ਦੀ ਅਸੀਂ ਮਦਦ ਲੈਂਦੇ ਹਾਂ ਉਹ ਸਜੀਵ ਤੱਤ ਸੰਚਾਰ ਦੇ ਵਿਭਿੰਨ ਉਪਕਰਣ ਹਨ। ਇਸ ਪ੍ਰਕਾਰ ਸੰਚਾਰ ਮਾਧਿਅਮ ਨੂੰ ਗਤੀਸ਼ੀਲ ਕਰਨ ਵਾਲੇ ਬੁਨਿਆਦੀ ਤੱਤ ਸੰਚਾਰ ਉਪਕਰਣ ਦੇ ਅੰਤਰਗਤ ਕ੍ਰਿਆਸ਼ੀਲ ਰਹਿੰਦੇ ਹਨ। ਕੋਈ ਵੀ ਸੰਚਾਰ ਮਾਧਿਅਮ ਸੰਚਾਰ ਲਈ ਭਿੰਨ ਭਿੰਨ ਸੰਚਾਰ ਉਪਕਰਣ ਸਿਰਜਦਾ, ਘੜਦਾ ਤੇ ਤਲਾਸ਼ਦਾ ਰਹਿੰਦਾ ਹੈ। ਵਿਗਿਆਨਕ ਪਹੁੰਚ ਸਮਝ ਤੇ ਸੂਝ ਸੰਚਾਰ ਮਾਧਿਅਮ ਦੀ ਸਮਰੱਥਾ ਨੂੰ ਹੋਰ ਵਧੇਰੇ ਸਮਰੱਥ ਤੇ ਸੂਖਸ਼ਮ ਬਣਾਉਣ ਲਈ ਕਾਰਜਸ਼ੀਲ ਰਹਿੰਦੀ ਹੈ।

2.4 <u>ਪਹੁੰਚ ਬਿੰਦੂ (Destination)</u> : ਸੰਚਾਰ ਦੇ ਅੰਤਰਗਤ ਸੰਦੇਸ਼ ਇਕ ਸਥਾਨ ਤੋਂ ਦੂਜੇ ਸਥਾਨ ਤੇ ਸਥਾਨਾਂਤਰ ਹੋਣਾ ਹੁੰਦਾ ਹੈ ਕਿਉਂਜੋ ਇਹ ਇਕ ਮਨੋਰਥਪਰਕ ਕਾਰਜ ਹੈ ਵਿਅਕਤੀ ਮਨ ਦੀ ਇਹ ਮੂਲ ਵ੍ਰਿਤੀ ਹੈ ਕਿ ਜਿਸ ਭਾਵ ਦਸ਼ਾ ਵਿਚ ਉਹ ਵਿਚਰਦਾ ਹੈ, ਅਨੁਭਵ ਕਰਦਾ ਹੈ ਉਹ ਆਪਣੇ ਤੋਂ ਪਾਰ ਦੂਸਰੇ ਤਕ ਵੀ ਉਸੇ ਭਾਵ ਦੀ ਅਨੁਭੂਤੀ ਕਰਾਉਣ ਵਿਚ ਯਤਨਸ਼ੀਲ ਰਹਿੰਦਾ ਹੈ। ਨਿਸ਼ਚਿਤ ਸਥਾਨ ਤੇ ਸੰਦੇਸ਼ ਦਾ ਪ੍ਰਸਾਰਿਤ ਹੋਣਾ ਹੀ ਸੰਚਾਰ ਦੀ ਸੰਪੂਰਨਤਾ ਦਾ ਲਖਾਇਕ ਹੈ। ਇਹ ਵਿਅਕਤੀਗਤ ਅਤੇ ਸਾਮੂਹਿਕ ਦੋਹਾਂ ਰੂਪਾਂ ਵਿਚ ਕਾਰਜਸ਼ੀਲ ਰਹਿੰਦਾ ਹੈ ਪਰੰਤੂ ਸਥਾਨਾਂਤਰ ਦੀ ਪ੍ਰਕ੍ਰਿਆ ਨਿਰੋਲ ਸਥਾਨ ਤਬਦੀਲੀ ਭਾਵ ਕਿ ਉਤਪਤੀ ਸਥਾਨ ਤੋਂ ਪਹੁੰਚ ਸਥਾਨ ਤਕ ਪਹੁੰਚਣ ਦੀ ਕ੍ਰਿਆ ਨਹੀਂ ਹੈ ਕਿਉਂਜੋ ਸੰਚਾਰ ਮਨੋਰਥਪਰਕ ਤੇ ਅਰਥਾਂਪਰਕ ਕਾਰਜ ਹੈ। ਸਾਧਾਰਣ ਰੂਪ ਵਿਚ ਵੇਖੀਏ ਤਾਂ ਜਾਪਦਾ ਕਿ ਮਨੁੱਖ ਦੇ ਨਿਤਾਪ੍ਰਤਿ ਜੀਵਨ ਵਿਚ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤਕ ਅਨੁਭਵ ਜਾਂ ਵਿਚਾਰਾਂ (ਸੰਦੇਸ਼) ਦਾ ਅਦਾਨ ਪ੍ਰਦਾਨ ਇਸ ਪ੍ਰਕਾਰ ਹੋਵੇ ਕਿ ਦੂਸਰਾ ਵਿਅਕਤੀ ਇਨ ਬਿਨ ਉਸੇ ਅਨੁਭਵ ਨੂੰ ਉਵੇਂ ਹੀ ਮਹਿਸੂਸ ਕਰ ਸਕੇ, ਜਾਣ ਸਕੇ। ਪਰ ਅਨੁਭਵ ਕੋਈ ਭੌਤਿਕ ਪਦਾਰਥ ਨਹੀਂ ਹੈ ਜੋ ਕਿ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤਕ ਅਬਦਲੇ ਰੂਪ ਵਿਚ ਪਹੁੰਚ ਜਾਵੇ। ਅਨੁਭਵ ਵਿਅਕਤੀਗਤ ਰੂਪ ਵਿਚ ਨਿਰੋਲ ਨਿਜ ਦਾ ਧਾਰਣੀ ਹੁੰਦਾ ਹੈ; ਜਦੋਂ ਇਹ ਸੰਦੇਸ਼ ਵਿਚ ਪਰਿਵਰਤਿਤ ਹੁੰਦਾ ਹੈ ਤਾਂ ਇਸਦਾ ਸਰੂਪ ਆਪਣੀਆਂ ਰੂਪਾਕਾਰਿਕ ਵਿਸ਼ਿਸ਼ਟਤਾਵਾਂ ਕਰਕੇ ਆਪਣੀ ਮੌਲਿਕ ਹੋਂਦ ਰਖਦਾ ਹੈ, ਅਤੇ ਜਦੋਂ ਇਹ ਅਭਿਵਿਅਕਤ ਕੀਤਾ ਜਾਂਦਾ ਹੈ ਤਾਂ ਆਪਣੀਆਂ ਅਭਿਵਿਅੰਜਨਕ ਗੁਣਾਂ ਦਾ ਧਾਰਣੀ ਹੁੰਦਾ ਹੈ। ਅਭਿਵਿਅਕਤੀ

ਤੋਂ ਬਾਅਦ ਸੰਬੋਧਨ ਕਰਤਾ ਤਕ ਅਪੜਨ ਤਕ ਇਸ ਦੇ ਵਿਚ ਪਰਿਵਰਤਨ ਹੋਣਾ ਲਾਜ਼ਮੀ ਹੈ ਕਿਉਂਜੋ ਪਹੁੰਚ ਬਿੰਦੂ ਤੇ ਅਪੜ ਕੇ ਗ੍ਰਹਿਣ ਕਰਤਾ ਇਸ ਨੂੰ ਆਪਣੇ ਨਿਜੀ ਤੇ ਮੌਲਿਕ ਅਨੁਭਵ ਦੁਆਰਾ ਗ੍ਰਹਿਣ ਕਰਦਾ ਹੈ। ਇਥੇ ਕਰਤਾ ਦਾ ਅਨੁਭਵ, ਰਚਨਾ ਰੂਪ, ਅਭਿਵਿਅਕਤੀ ਅਤੇ ਗ੍ਰਹਿਣ ਕਰਤਾ ਆਪੋ ਆਪਣੀ ਵਖਰੀ ਹੋਂਦ ਰਖਦੇ ਹਨ। ਇਹ ਚਾਰੇ ਇਕੋ ਤਾਂ ਹੋ ਸਕਦੇ ਹਨ ਪਰ ਇਕ ਨਹੀਂ, ਕਰਤਾ (ਸੰਚਾਰਕ) ਤੋਂ ਗ੍ਰਹਿਣ ਕਰਤਾ ਤਕ ਦੀ ਯਾਤਰਾ ਅਨੁਭਵ ਤੋਂ ਅਭਿਵਿਅਕਤੀ ਤਕ ਦੀ ਯਾਤਰਾ ਹੈ। ਆਰੰਭ ਤੋਂ ਚਲ ਕੇ ਸੰਦੇਸ਼ ਦੇ ਅੰਤ ਤਕ ਪਹੁੰਚਦਿਆਂ ਕੁਝ ਨਾ ਕੁਝ ਬਦਲ ਸੰਭਵ ਹੈ ਕਿਉਂਕਿ ਸੰਚਾਰਕ ਜਾਂ ਕਰਤਾ ਦਾ ਪ੍ਰਗਟਾਵਾ ਅਨੁਭਵ ਤੋਂ ਵਖਰਾ ਹੋਵੇਗਾ ਤੇ ਗ੍ਰਹਿਣ ਕਰਤਾ ਉਸ ਨੂੰ ਵਖਰੇ ਰੂਪ ਰੰਗ ਨਾਲ ਗ੍ਰਹਿਣ ਕਰੇਗਾ। ਇਹ ਬਿਲਕੁਲ ਇਸ ਤਰ੍ਹਾਂ ਕਿ ਫਰਜ਼ ਕੀਤਾ ਕਿ ਇਕ ਵਿਅਕਤੀ ਦੂਸਰੇ ਵਿਅਕਤੀ ਨੂੰ ਕਿਸੇ ਸੋਹਣੇ ਤੇ ਲੁਭਾਉਣੇ ਦ੍ਰਿਸ਼ ਦਾ ਵਰਣਨ ਕਰ ਰਿਹਾ ਹੈ। ਪਹਿਲਾ ਦ੍ਰਿਸ਼ ਦਾ ਕੀਤਾ ਅਨੁਭਵ ਕਰਤਾ ਲਈ ਵਸਤੂ ਰੂਪ ਵਿਚ ਭਿੰਨ ਹੋ ਜਾਵੇਗਾ ਅਤੇ ਫੇਰ ਅਭਿਵਿਅਕਤੀ ਕਰਦਿਆਂ ਉਸ ਦਾ ਵਸਤੂਗਤ ਰੂਪ ਬਿੰਬਾਤਮਕ ਸਰੂਪ ਵਿਚ ਰੂਪਾਂਤਰਿਤ ਹੋ ਵਸਤੂ ਜਗਤ ਤੋਂ ਅੱਡਰਾ ਹੋਵੇਗਾ। ਸੰਚਾਰ ਪ੍ਰਕ੍ਰਿਆ ਦੌਰਾਨ ਗ੍ਰਹਿਣ ਕਰਤਾ ਉਸ ਲੁਭਾਉਣੇ ਤੇ ਸੁੰਦਰ ਦ੍ਰਿਸ਼ ਨੂੰ ਆਪਣੇ ਅਨੁਭਵ ਤੇ ਸੋਚ ਬੁਧੀ ਰਾਹੀਂ ਗ੍ਰਹਿਣ ਕਰੇਗਾ ਕਿਉਂਜੋ ਗ੍ਰਹਿਣ ਕਰਤਾ ਦੇ ਆਪਣੇ ਅਨੁਭਵ ਵਿਚ ਜੋ ਸੁੰਦਰ ਤੇ ਮਨਮੋਹਣਾ ਦ੍ਰਿਸ਼ ਹੋਵੇਗਾ ਉਹ ਉਸ ਦ੍ਰਿਸ਼ ਦਾ ਬਿੰਬ ਉਵੇਂ ਹੀ ਆਪਣੀ ਬੁਧੀ ਵਿਚ ਧਾਰਨ ਕਰੇਗਾ। ਇਸ ਪ੍ਰਕਾਰ ਅਨੁਭਵ ਦੇ ਸਥਾਂਨਾਤਰ ਦੀ ਕ੍ਰਿਆ ਕਰਤਾ ਤੇ ਗ੍ਰਹਿਣ ਕਰਤਾ ਦੇ ਸੰਯੁਕਤ ਤੇ ਸੰਮਿਲਤ ਰੂਪ ਤੇ ਨਿਰਭਰ ਕਰਦੀ ਹੈ। ਮਨੁੱਖ ਦੇ ਸਾਹਿਤਕ, ਕਲਾਤਮਿਕ ਤੇ ਅਧਿਆਤਮਿਕ ਖੇਤਰ ਵਿਚ ਸੰਚਾਰ ਦੀ ਪ੍ਰਕ੍ਰਿਆ ਪਹੁੰਚ ਬਿੰਦੂ ਤੇ ਸੰਪੰਨ ਹੁੰਦੀ ਹੈ ਪਰੰਤੂ ਇਸ ਪ੍ਰਕ੍ਰਿਆ ਦੌਰਾਨ ਸੰਚਾਰ 'ਸੰਦੇਸ਼ ਦੀ ਸੁਖਸ਼ਮਤਾ' ਕਰਤਾ ਤੇ ਪਹੁੰਚ ਬਿੰਦੂ ਦੀਆਂ ਵਿਭਿੰਨ ਸਮਰੱਥਾਵਾਂ ਦੇ ਅੰਤਰਗਤ ਆਪਣੀ ਵਿਸ਼ਿਸ਼ਟਤਾ ਦਾ ਧਾਰਣੀ ਹੁੰਦਾ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਸੰਚਾਰ ਆਦਾਨ ਪ੍ਰਦਾਨ ਦੀ ਗਤੀਸ਼ੀਲ ਕ੍ਰਿਆ ਹੈ ਜੋ ਕਿ ਇਕ ਰਚਨਾਤਮਕ ਪ੍ਰਕਾਰਜ ਹੈ। ਜਿਸ ਵਿਚ ਆਧਾਰ ਰੂਪ ਵਿਚ ਮਾਨਵੀ ਅਨੁਭਵ, ਭਾਵਾਂ ਤੇ ਵਿਚਾਰਾਂ ਦਾ ਪ੍ਰਗਟਾਅ ਮਨੁੱਖੀ ਦਿਮਾਗ਼, ਬੁੱਧੀ ਵਿਵੇਕ, ਦਲੀਲ ਯੁਕਤ ਪ੍ਰਤੀਕਾਤਮਕ ਕਾਰਜ ਦੀ ਪ੍ਰਤੱਖ ਹੋਂਦ ਤੇ ਨਿਰਭਰ ਕਰਦਾ ਹੈ। ਇਸ ਪ੍ਰਕਾਰਜ ਅਧੀਨ ਕਰਤਾ ਅਮੂਰਤ ਭਾਵਾਂ ਨੂੰ ਇੰਦਰਿਆਵੀਂ ਬਿੰਬਾਂ ਦੁਆਰਾ ਸਾਕਾਰ ਕਰਦਾ ਹੋਇਆ ਇਹਨਾਂ ਦੇ ਅਨੁਰੂਪ ਜਾਂ ਸਮਾਨਾਂਤਰ ਵਸਤੂ-ਬਿੰਬ ਦਾ ਪ੍ਰਯੋਗ ਕਰਦਿਆਂ ਯਥਾਰਥ ਨੂੰ ਸਮੂਰਤ ਕਰਦਾ ਹੈ। ਉਹ ਅਚੇਤ ਤੋਂ ਸੁਚੇਤ ਪੱਧਰ 'ਤੇ ਆਪਣੀ ਅੰਤਰ ਦੀ ਭਾਵਨਾ ਦਾ ਪ੍ਰਗਟਾਅ ਵਿਭਿੰਨ ਵਿਧੀਆਂ ਰਾਹੀਂ ਕਰਦਾ ਹੈ। ਸੰਚਾਰਕ ਜਾਂ ਕਰਤਾ ਨੇ ਕੇਵਲ ਆਪਣੇ ਮਨ ਦੀ ਅਵਸਥਾ ਨੂੰ ਹੀ ਨਹੀਂ ਪ੍ਰਗਟਾਉਣਾ ਸਗੋਂ ਸੰਬੋਧਿਤ ਕਰਤਾ ਜਾਂ ਗ੍ਰਹਿਣਕਰਤਾ ਦੇ ਭੌਤਿਕ ਤੇ ਮਾਨਸਿਕ ਜਗਤ ਨਾਲ

ਸਹਿਚਾਰ ਦੀ ਭਾਵਨਾ ਨੂੰ ਸਨਮੁੱਖ ਰਖਦਿਆਂ ਸਮੂਹ ਵਿਧਾਵਾਂ ਨੂੰ ਅਨੁਸ਼ਾਸਨਬੱਧ ਵੀ ਕਰਨਾ ਹੈ। ਇਸ ਪ੍ਰਕਾਰ ਸੰਚਾਰ ਪ੍ਰਕ੍ਰਿਆ ਅਜਿਹਾ ਖੁਦਮੁਖਤਿਆਰ ਵਰਤਾਰਾ ਪ੍ਰਤੀਤ ਹੁੰਦੀ ਹੈ ਜੋ ਸਾਡੀ ਪ੍ਰਤੱਖਣ ਤੇ ਪ੍ਰਗਟਾਉਣ ਦੋਹਾਂ ਤਰ੍ਹਾਂ ਦੀਆਂ ਸਮਰੱਥਾਵਾਂ ਨੂੰ ਪ੍ਰਭਾਵਿਤ ਕਰਕੇ ਇਕ ਪਾਸੇ ਤਾਂ ਨਿਯਮਿਤ ਰੂਪ ਰੇਖਾ ਅਧੀਨ ਸੋਚਣ ਲਈ ਮਜ਼ਬੂਰ ਕਰਦੀ ਹੈ ਅਤੇ ਦੂਜੇ ਪਾਸੇ ਨਿਯਮਿਤ ਰੂਪ ਵਿਚ ਹੀ ਪ੍ਰਗਟ ਕਰਨ ਦਾ ਸਾਧਨ ਬਣਦੀ ਹੈ। ਇਸ ਤਰ੍ਹਾਂ ਸੰਚਾਰ ਅਜਿਹੀ ਅੰਤਰ ਅਨੁਸ਼ਾਸਨੀ ਵਿਧੀ ਹੈ, ਜੋ ਮਨੁੱਖ ਦੀ ਸਮੁੱਚੀ ਪ੍ਰਕ੍ਰਿਆ ਅਤੇ ਸਮਰੱਥਾ ਨੂੰ ਪ੍ਰਗਟਾਉਣ ਦੀ ਸਮਰੱਥਾ ਰਖਦਾ ਹੈ। ਸੰਚਾਰ ਦੀ ਪੂਰਨ ਸਮਰੱਥਾ ਅਤੇ ਇਸਦੇ ਵਿਭਿੰਨ ਪਹਿਲੂਆਂ ਸੰਬੰਧੀ ਪੂਰਨ ਜਾਣਕਾਰੀ ਸਾਨੂੰ ਸੰਚਾਰ ਦੇ ਵਿਕਾਸ ਨੂੰ ਜਾਣਿਆਂ ਹੀ ਪ੍ਰਾਪਤ ਹੋ ਸਕਦੀ ਹੈ। ਸੰਚਾਰ ਦਾ ਵਿਕਾਸ ਮਾਨਵੀ ਜੀਵਨ ਦੇ ਵਿਕਾਸ ਦੇ ਸਮਾਨਾਂਤਰ ਹੀ ਗਤੀਸ਼ੀਲ ਤੇ ਕਾਰਜਸ਼ੀਲ ਰਹਿੰਦਾ ਹੈ। ਮਾਨਵੀ ਜੀਵਨ ਦਾ ਵਿਕਾਸ ਸੰਚਾਰ ਦੇ ਸੰਦਰਭ ਵਿਚ ਆਪਣੀ ਅਹਿਮ ਭੂਮਿਕਾ ਦਾ ਧਾਰਣੀ ਹੈ। ਇਸ ਲਈ ਇਸ ਸੰਦਰਭ ਵਿਚ ਮਾਨਵੀ ਜੀਵਨ ਦੇ ਵਿਕਾਸ ਨੂੰ ਜਾਣਨਾ ਅਨਿਵਾਰਯ ਪ੍ਰਤੀਤ ਹੁੰਦਾ ਹੈ। ਸੰਚਾਰ ਸੰਬੰਧੀ ਅਗਲਾ ਵਿਸ਼ਲੇਸ਼ਣ ਸੰਚਾਰ ਤੇ ਮਾਨਵੀ ਜੀਵਨ ਦੇ ਸਮਾਨਾਂਤਰ ਵਿਕਾਸ ਦੇ ਅੰਤਰਗਤ ਹੀ ਕੀਤਾ ਜਾਵੇਗਾ। ਜਿਸ ਦਾ ਪ੍ਰਾਰੰਭ ਮਾਨਵੀ ਜੀਵਨ ਦੇ ਆਦਿ ਰੂਪ ਤੋਂ ਕੀਤਾ ਜਾਵੇਗਾ।

3. ਸੰਚਾਰ: ਵਿਕਾਸ ਪ੍ਰਕ੍ਰਿਆ

ਸੰਚਾਰ ਦੀ ਵਿਕਾਸ ਪ੍ਰਕ੍ਰਿਆ ਮਾਨਵੀ ਵਿਕਾਸ ਪ੍ਰਕ੍ਰਿਆ ਵਾਂਗੂੰ ਵਿਭਿੰਨ ਅਵਸਥਾਵਾਂ ਦੀ ਧਾਰਣੀ ਹੈ। ਸੰਚਾਰ ਅਤੇ ਮਾਨਵੀ ਵਿਕਾਸ ਦਾ ਸੰਬੰਧ ਅਟੁੱਟ ਤੇ ਅਨਿੱਖੜ ਹੈ। ਸੰਚਾਰ ਮਾਨਵੀ ਵਿਕਾਸ ਨੂੰ ਗਤੀਸ਼ੀਲ ਰਖਣ ਵਾਲੀ ਇਕ ਮਹੱਤਵਪੂਰਨ ਧਾਰਾ ਜਾਂ ਸ਼ਕਤੀ ਹੈ। ਸੰਚਾਰ ਤੋਂ ਬਿਨਾਂ ਮਾਨਵੀ ਵਿਕਾਸ ਦੀ ਕਲਪਨਾ ਅਸੰਭਵ ਜਾਪਦੀ ਹੈ। ਇਸੇ ਕਰਕੇ ਸੰਚਾਰ ਅਤੇ ਮਾਨਵੀ ਵਿਕਾਸ ਦਾ ਇਤਿਹਾਸ ਸਮਾਨਾਂਤਰ ਕਾਰਜਸ਼ੀਲ ਰਹਿੰਦਾ ਹੈ। ਮਾਨਵੀ ਵਿਕਾਸ ਦੇ ਸੰਦਰਭ ਵਿਚ ਸੰਚਾਰ ਦੇ ਉਕਤ ਮਹੱਤਵ ਨੂੰ ਪਛਾਣਦਿਆਂ ਅਸੀਂ ਸੰਚਾਰ ਦੀ ਵਿਕਾਸ ਪ੍ਰਕ੍ਰਿਆ ਦਾ ਅਧਿਐਨ ਮਾਨਵੀ ਵਿਕਾਸ ਦੇ ਪਸੰਗ ਵਿਚ ਹੀ ਕਰ ਰਹੇ ਹਾਂ। ਆਰੰਭ ਵਿਚ ਸੰਚਾਰ ਦਾ ਰੂਪ ਕਿਹੋ ਜਿਹਾ ਹੋਵੇਗਾ ਇਹ ਵੀ ਮਾਨਵੀ ਵਿਕਾਸ ਦੇ ਪ੍ਰਸੰਗ ਵਿਚ ਹੀ ਵਾਚਣਾ ਸਹੀ ਹੈ। ਮਾਨਵੀ ਵਿਕਾਸ ਵਾਂਗੂੰ ਸੰਚਾਰ ਦੇ ਆਰੰਭਿਕ ਰੂਪ ਸੰਬੰਧੀ ਅਧਿਕਾਰਪੂਰਣ ਆਖ ਸਕਣਾ ਭਾਵੇਂ ਕਠਿਨ ਕਾਰਜ ਹੈ ਪਰੰਤੂ ਵਿਗਿਆਨਿਕ ਪਹੁੰਚ ਤੇ ਵਿਸ਼ਲੇਸ਼ਣ ਦੁਆਰਾ ਇਸ ਸੰਬੰਧੀ ਅਸੀਂ ਮਹੱਤਵਪੂਰਨ ਸਿਟਿਆਂ ਦੀ ਉਪਲੱਬਧੀ ਜ਼ਰੂਰ ਕਰ ਸਕਦੇ ਹਾਂ।

ਮਾਨਵੀ ਵਿਕਾਸ ਦੇ ਸੰਦਰਭ ਵਿਚ ਸੰਚਾਰ ਦੀ ਗਾਥਾ ਦਾ ਆਰੰਭ ਅਸੀਂ ਮਨੁੱਖ ਅਤੇ ਪ੍ਰਕ੍ਰਿਤੀ ਦੇ ਸੰਬੰਧਾਂ ਤੋਂ ਸ਼ੁਰੂ ਕਰ ਸਕਦੇ ਹਾਂ। ਮਨੁੱਖ ਨੇ ਆਪਣੇ ਆਦਿ ਰੂਪ ਵਿਚ ਸ੍ਰਿਸ਼ਟੀ ਤੋਂ ਅਨੇਕ

ਪ੍ਰਭਾਵ ਗ੍ਰਹਿਣ ਕੀਤੇ ਜੋ ਉਸਦੇ ਨਿਜੀ ਅਤੇ ਮੌਲਿਕ ਅਨੁਭਵ ਵਿਚ ਪਰਿਵਰਤਿਤ ਹੋ ਗਏ ਕਿਉਂਜੋ ਇਸ ਪ੍ਰਕ੍ਰਿਤੀ ਦਾ ਸਭੋ ਕੋਕੁੱਝ ਉਸ ਲਈ ਨਿਰਾਲਾ ਅਤੇ ਅਸਚਰਜਮਯ ਸੀ। ਉਸਨੇ ਆਪਣੀ ਵਿਕਾਸ ਯਾਤਰਾ ਦੇ ਅੰਤਰਗਤ ਜਾਂ ਤਾਂ ਇਸ ਪ੍ਰਾਕ੍ਰਿਤਕ ਵਾਤਾਵਰਣ ਦੇ ਅਨੁਕੂਲ ਹੋਣਾ ਸੀ ਅਤੇ ਜਾਂ ਫਿਰ ਅਜਿਹਾ ਆਲਾ ਦੁਆਲਾ ਸਿਰਜਣ ਲਈ ਸੰਘਰਸ਼ਸ਼ੀਲ ਹੋਣਾ ਸੀ ਜੋ ਉਸ ਦੇ ਅਨੁਕੂਲ ਹੋਵੇ। ਇਸ ਪ੍ਰਕ੍ਰਿਆ ਵਿਚ ਮਨੁੱਖ ਨੇ ਪ੍ਰਕ੍ਰਿਤੀ ਤੋਂ ਅਨੇਕ ਪ੍ਰਭਾਵ ਗ੍ਰਹਿਣ ਕੀਤੇ ਅਤੇ ਇਹਨਾਂ ਦੇ ਵਿਵਿਧ ਚਮਤਕਾਰੀ ਰੂਪਾਂ ਨੇ ਉਸ ਦੇ ਮਨ ਉਤੇ ਅਨੇਕਾਂ ਨਵੀਨ ਪੈੜਾਂ ਪਾਈਆਂ ਅਤੇ ਉਸ ਦੀ ਸਿਮ੍ਰਤੀ ਵਿਚ ਨਵੀਨ ਚਿਹਨ ਚਕਰ ਉਭਾਰੇ। ਪ੍ਰਾਕ੍ਰਿਤਕ ਵਾਤਾਵਰਣ ਵਿਚ ਵਿਚਰਦਿਆਂ ਜੋ ਕੁਝ ਵੀ ਮਨੁੱਖ ਨੇ ਗ੍ਰਹਿਣ ਕੀਤਾ ਜਾਂ ਜਿਹੜੇ ਅਨੁਭਵ/ਤਜਰਬੇ ਉਸ ਦੀ ਸੋਚ ਵਿਚ ਸਮਿਲਤ ਹੋਏ ਉਹਨਾਂ ਸਾਰਿਆਂ ਨੂੰ ਆਪਣੇ ਹਿਰਦੇ ਵਿਚ ਸਾਂਭ ਜਾਂ ਛੁਪਾ ਕੇ ਰਖ ਸਕਣਾ ਮਾਨਵ ਲਈ ਕਠਿਨ ਸੀ ਕਿਉਂਕਿ ਉਹ ਤਾਂ ਪ੍ਰਕ੍ਰਿਤੀ ਦੀ ਹਰ ਆਵਾਜ਼, ਹਰ ਰੂਪ ਤੇ ਹਰ ਘਟਨਾ ਤੋਂ ਪ੍ਰਭਾਵਿਤ ਹੁੰਦਾ ਸੀ ਅਤੇ ਉਸ ਦੇ ਪ੍ਰਤਿਕਰਮ ਵਜੋਂ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਪ੍ਰਤਿਕਿਰਿਆ ਵੀ ਜ਼ਾਹਿਰ ਕਰਦਾ ਸੀ। ਕਿਸੇ ਪੰਛੀ ਦੀ ਅਵਾਜ ਜੋ ਉਸ ਨੂੰ ਮਿਠੀ ਲਗਦੀ ਸੀ ਜਿਥੇ ਉਸ ਲਈ ਅਸਚਰਜਮਯੀ ਸੀ ਉਥੇ ਇਹ ਉਸ ਲਈ ਸੁਨੇਹਾ ਜਾਂ ਸੰਦੇਸ਼ ਰੂਪ ਵੀ ਸੀ। ਉਹੋ ਜਿਹੀ ਸੁੰਦਰ ਆਵਾਜ਼ ਆਪਣੇ ਕੰਠ ਵਿਚੋਂ ਉਤਪੰਨ ਕਰਨ ਦਾ ਮਨੁੱਖ ਆਪਮੁਹਾਰੇ ਹੀ ਉਸ ਆਵਾਜ਼ ਦਾ ਅਨੁਕਰਣ ਕਰਦਾ ਅਤੇ ਜਦੋਂ ਉਹ ਉਸ ਆਵਾਜ਼ ਦੀ ਪੂਰਣ ਨਕਲ ਕਰ ਲੈਂਦਾ ਤਾਂ ਇਸ ਆਵਾਜ਼ ਦੀ ਪ੍ਰਸਤੁਤੀ ਉਸ ਪੰਛੀ ਦੁਆਰਾ ਦਿਤੇ ਗਏ ਸੁਨੇਹੇ ਦਾ ਪ੍ਰਥਮ ਸੰਚਾਰ ਰੂਪ ਹੀ ਸੀ। ਅਜਿਹੇ ਹੋਰ ਵੀ ਕਈ ਅਨੁਭਵ ਮਨੁੱਖ ਨੇ ਪ੍ਰਕ੍ਰਿਤੀ ਤੋਂ ਗ੍ਰਹਿਣ ਕੀਤੇ। ਇਹਨਾਂ ਸਾਰੇ ਪ੍ਰਭਾਵਾਂ ਤੇ ਅਨੁਭਾਵਾਂ ਨੂੰ ਆਪਣੇ ਸਾਥੀ ਆਦਿ ਮਾਨਵ ਨਾਲ ਸਾਂਝਿਆਂ ਕਰਨ ਦੇ ਆਹਰ ਵਿਚ ਜੁਟ ਜਾਂਦਾ। ਇਸ ਦੇ ਨਾਲ ਹੀ ਬੁਨਿਆਦੀ ਲੋੜਾਂ ਨਾਲ ਸੰਬੰਧਿਤ ਸੰਚਾਰ ਚੇਸ਼ਟਾਵਾਂ ਵੀ ਸੰਚਾਰ ਦੇ ਆਦਿਰੂਪ ਵਜੋਂ ਮਾਨਵੀ ਜੀਵਨ ਵਿਚ ਆਪਣੇ ਪ੍ਰਾਰੰਭਿਕ ਅਨਘੜ ਸਿੱਧੇ ਸਾਦੇ ਅਤੇ ਅਸਪਸ਼ਟ ਰੂਪ ਵਿਚ ਵਿਦਮਾਨ ਸਨ। ਇਸ ਸਮੇਂ ਮਨੁੱਖ ਕੋਲ ਸੰਚਾਰ ਦੀ ਕਿਸੇ ਵਿਸ਼ੇਸ਼ ਨਿਰਧਾਰਤ ਵਿਧੀ ਜਾਂ ਜੁਗਤ ਦਾ ਹੋਣਾ ਸੁਭਾਵਿਕ ਤੌਰ ਤੇ ਅਸੰਭਵ ਸੀ। ਇਸ ਲਈ ਉਸ ਨੇ ਕੇਵਲ ਉਹਨਾਂ ਵਿਧੀਆਂ ਜਾਂ ਜੁਗਤਾਂ ਦਾ ਇਸਤੇਮਾਲ ਕੀਤਾ ਜੋ ਕਾਦਰ ਵਲੋਂ ਉਸ ਨੂੰ ਪ੍ਰਦਾਨ ਕੀਤੀਆਂ ਗਈਆਂ ਸਨ ਅਤੇ ਜਿਹਨਾਂ ਦਾ ਪ੍ਰਯੋਗ ਉਹ ਸਹਿਜ ਰੂਪ ਵਿਚ ਹੀ ਕਰ ਸਕਦਾ ਸੀ। ਇਸ ਕਾਰਜ ਲਈ ਮਨੁੱਖ ਨੇ ਸਭ ਤੋਂ ਪਹਿਲਾਂ ਆਪਣੇ ਸਰੀਰਕ ਅੰਗਾਂ ਨੂੰ ਸੰਚਾਰ ਲਈ ਪ੍ਰਯੋਗ ਕੀਤਾ। ਉਸ ਕੋਲ ਉਸ ਦੇ ਗਿਆਨ ਇੰਦਰੇ ਜਿਥੇ ਪ੍ਰਭਾਵ ਗ੍ਰਹਿਣ ਕਰਨ ਲਈ ਮੌਜੂਦ ਸਨ ਉਥੇ ਆਪਣੇ ਸਰੀਰ ਦੀਆਂ ਵਿਭਿੰਨ ਹਰਕਤਾਂ, ਹਾਵ ਭਾਵ, ਸੰਕੇਤ, ਇਸ਼ਾਰੇ ਅਤੇ ਬਾਅਦ ਵਿਚ ਭਿੰਨ ਭਿੰਨ ਆਵਾਜ਼ਾਂ ਉਸ ਦੇ ਸੰਚਾਰ ਦੇ ਆਰੰਭਿਕ ਉਪਕਰਣ ਬਣੇ। ਇਹਨਾਂ ਆਰੰਭਿਕ ਸੰਚਾਰ ਉਪਕਰਣਾਂ ਤੋਂ ਹੀ ਵਿਭਿੰਨ ਕਲਾਵਾਂ ਦਾ ਜਨਮ ਮੰਨਿਆ ਜਾਂਦਾ ਹੈ। ਕਲਾਵਾਂ ਦਾ ਮੁੱਖ ਮੰਤਵ ਕਿਉਂਜੋ ਸੰਚਾਰ ਹੀ ਹੈ ਇਸ ਲਈ ਕਲਾਵਾਂ ਦੀ ਉਤਪਤੀ ਤੇ ਵਿਕਾਸ ਸੰਬੰਧੀ ਵਿਚਾਰ ਕਰਦਿਆਂ

ਇਹਨਾਂ ਨੂੰ ਵੀ ਮਨੁੱਖ ਦੇ ਆਦਿ ਰੂਪ ਨਾਲ ਜੋੜਦਿਆਂ ਸੰਚਾਰ ਦੇ ਵਿਭਿੰਨ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ।

ਮਨੁੱਖ ਦੇ ਆਦਿ ਜੀਵਨ ਵਿਚ ਹੀ ਸੰਚਾਰ ਦੇ ਦੋ ਰੂਪਾਂ ਦੇ ਵਿਭਿੰਨ ਨਕਸ਼ ਦੇਖੇ ਜਾ ਸਕਦੇ ਹਨ। ਭਾਵੇਂ ਇਹਨਾਂ ਨੂੰ ਅਲਗ ਅਲਗ ਕਰ ਸਕਣਾ ਕਠਿਨ ਕਾਰਜ ਹੈ, ਸੰਚਾਰ ਦਾ ਇਕ ਰੂਪ ਉਹ ਹੈ ਜਦੋਂ ਮਨੁੱਖ ਕਿਸੇ ਦੂਸਰੇ ਮਨੁੱਖ ਨਾਲ ਆਪਣੀ ਜ਼ਰੂਰਤ ਲਈ ਸਹਿਚਾਰ ਕਰਦਾ ਹੈ ਅਤੇ ਦੂਸਰਾ ਉਹ ਰੂਪ ਹੈ ਜਦੋਂ ਮਨੁੱਖ ਆਪਣੀ ਖੁਸ਼ੀ ਜਾਂ ਆਨੰਦ ਦਾ ਪ੍ਰਗਟਾਅ/ਸੰਚਾਰ ਦੂਸਰੇ ਮਨੁੱਖ ਨਾਲ ਉਸ ਖੁਸ਼ੀ ਜਾਂ ਆਨੰਦ ਨੂੰ ਸਾਂਝਿਆਂ ਕਰਨ ਲਈ ਕਰਦਾ ਹੈ। ਇਸ ਤਰ੍ਹਾਂ ਸੰਚਾਰ ਦਾ ਵਿਵਹਾਰਕ ਤੇ ਕਲਾਤਮਿਕ ਰੂਪ ਆਰੰਭ ਤੋਂ ਹੀ ਇਕ ਦੂਸਰੇ ਤੋਂ ਨਿਖੜ ਜਾਂਦੇ ਹਨ ਅਤੇ ਇਹਨਾਂ ਦੇ ਕੋਡ ਤੇ ਵਿਆਕਰਣ ਤੇ ਪੈਟਰਨ ਵੀ ਇਕ ਦੂਸਰੇ ਨਾਲੋਂ ਅਲਗ ਹੋ ਜਾਂਦੇ ਹਨ। 'ਸਾਧਾਰਣ ਤੇ ਵਿਵਹਾਰਕ ਕਿਸਮ ਦਾ ਸੰਚਾਰ ਜਿਥੇ ਸੰਖੇਪ ਤੇ ਸਪਸ਼ਟ ਰੂਪ ਦੇ ਆਦਰਸ਼ ਵਲ ਵਿਕਾਸ ਕਰਦਾ ਹੈ ਉਥੇ ਕਲਾਮਈ ਸੰਚਾਰ ਸੂਖਮ ਤੋਂ ਸੂਖਮ ਅਨੁਭਵ ਦਾ ਪ੍ਰਗਟਾਅ ਵਿਸਤ੍ਰਿਤ ਤੇ ਵਿਸ਼ਾਲ ਸੌਂਦਰਯਾਤਮਿਕ ਪਸਾਰੇ ਦੁਆਰਾ ਸੰਭਵ ਬਣਾਉਂਦਾ ਹੈ। ਇਸ ਤਰ੍ਹਾਂ ਮਨੁੱਖ ਨੇ ਮਨੁੱਖ ਨਾਲ ਰਿਸ਼ਤਾ ਜੋੜਨ ਲਈ ਇਹਨਾਂ ਦੋਵੇਂ ਸੰਚਾਰ ਵਿਧੀਆਂ ਦਾ ਪ੍ਰਯੋਗ ਕੀਤਾ। ਇਸ ਆਰੰਭਿਕ ਜੀਵਨ ਵਿਚ ਰੋਜ਼ ਨਿਤਾਪ੍ਰਤਿ ਦੀਆਂ ਜ਼ਰੂਰਤਾਂ ਤੋਂ ਬਿਨਾਂ ਖੁਸ਼ੀ ਤੇ ਆਨੰਦ ਦੇ ਪਲਾਂ ਨੂੰ ਵਿਅਕਤੀਗਤ ਤੇ ਸਾਮੂਹਿਕ ਰੂਪ ਵਿਚ ਸਾਂਝਿਆਂ ਕਰਨਾ ਵੀ ਸੰਚਾਰ ਦਾ ਇਕ ਪੜਾਅ ਸੀ। ਭੌਤਿਕ ਰੂਪ ਵਿਚ ਮਨੁੱਖ ਨੇ ਜਿਨ੍ਹਾਂ ਪ੍ਰਾਕ੍ਰਿਤਕ ਵਸਤਾਂ ਨੂੰ ਆਪਣੇ ਕਾਬੂ ਜਾਂ ਪ੍ਰਭਾਵ ਅਧੀਨ ਕਰ ਲਿਆ ਉਹਨਾਂ ਨੂੰ ਉਸ ਨੇ ਆਪਣੇ ਅਨੁਸਾਰ ਚਲਾਉਣਾ ਆਰੰਭ ਕਰ ਦਿਤਾ। ਇਸ ਸਾਰੇ ਸੰਚਾਲਨ ਵਿਚ ਉਸ ਨੇ ਵਿਅਕਤੀਗਤ ਤੇ ਸਾਮੂਹਿਕ ਰੂਪ ਵਿਚ ਆਪਣੇ ਵਿਵਹਾਰਕ ਸੰਚਾਰ ਦੀ ਸਿਰਜਣਾ ਕੀਤੀ। ਦੂਸਰੇ ਪਾਸੇ ਪ੍ਰਾਕ੍ਰਿਤੀ ਦੇ ਉਹ ਤੱਤ ਜਾਂ ਰੂਪ ਜਿਹੜੇ ਮਾਨਵੀ ਪਹੁੰਚ ਤੋਂ ਬਾਹਰ ਸਨ ਅਤੇ ਜਿਹਨਾਂ ਪ੍ਰਾਕ੍ਰਿਤਕ ਸ਼ਕਤੀਆਂ ਤੇ ਮਨੁੱਖੀ ਅਧਿਕਾਰ ਨਹੀਂ ਸੀ ਬਣ ਸਕਿਆ ਉਹਨਾਂ ਨੂੰ ਮਨੁੱਖ ਨੇ ਦੈਵੀ ਸ਼ਕਤੀਆਂ ਦੇ ਰੂਪ ਵਿਚ ਮੰਨਣਾ ਆਰੰਭ ਕਰ ਦਿਤਾ ਅਤੇ ਇਹਨਾਂ ਦੀ ਆਪਣੇ ਪ੍ਰਭਾਵੀ ਅਤੇ ਸੁਹਜ ਭਰਪੂਰ ਸੰਚਾਰ ਉਪਕਰਣਾਂ ਦੁਆਰਾ ਪੂਜਾ ਵੀ ਆਰੰਭ ਕਰ ਦਿਤੀ। ਉਦਾਹਰਣ ਦੇ ਤੌਰ ਤੇ ਸੂਰਜ, ਅਗਨੀ, ਪਾਣੀ ਆਦਿ ਦੈਵੀ ਸ਼ਕਤੀਆਂ ਜਿਹਨਾਂ ਨੂੰ ਮਨੁੱਖ ਨੇ ਦੇਵੀ ਦੇਵਤਿਆਂ ਦੇ ਰੂਪ ਵਿਚ ਮੰਨਣਾ ਸ਼ੁਰੂ ਕੀਤਾ ਨੂੰ ਰਿਝਾਉਣ ਲਈ ਉਸ ਨੇ ਜਿਸ ਕਿਸਮ ਦੀ ਪੂਜਾ ਆਰੰਭ ਕੀਤੀ ਉਸ ਵਿਚ ਮੁਢਲੇ ਰੂਪ ਵਿਚ ਸੰਗੀਤ ਤੇ ਨ੍ਰਿਤ ਦਾ ਸਮਿਲਤ ਰੂਪ ਪ੍ਰਮੁੱਖ ਸੀ। ਹੌਲੀ ਹੌਲੀ ਇਹ ਵਿਧੀ ਉਸ ਦੇ ਨਿਸ਼ਚਿਤ ਪੂਜਾ ਸਮਾਗਮਾਂ ਵਿਚ ਪਰਿਵਰਤਿਤ ਤੇ ਵਿਕਸਤ ਹੋ ਗਈ। ਇਸ ਤਰ੍ਹਾਂ ਮਨੁੱਖ ਦਾ ਪਾਕ੍ਰਿਤੀ ਨਾਲ ਸੰਘਰਸ਼ ਦੋ ਵਖੋ ਵਖਰੀਆਂ ਧਾਰਾਵਾਂ ਦਾ ਧਾਰਣੀ ਹੋ ਗਿਆ ਇਕ ਉਸਦਾ ਦਿਸਦਾ ਭੌਤਿਕ ਜਗਤ ਅਤੇ ਦੂਸਰਾ ਉਸਦਾ ਅੰਦਰਲਾ ਜਗਤ। ਦੋਹਾਂ ਨੇ ਸਮਾਨਾਂਤਰ ਰੂਪ ਵਿਚ

ਮਨੁੱਖੀ ਜੀਵਨ ਵਿਧੀ ਦੀ ਪਹਿਚਾਣ ਕਰਵਾਈ। ਹੌਲੀ ਹੌਲੀ ਵਿਕਾਸ ਦੇ ਵਿਭਿੰਨ ਪੜਾਵਾਂ ਅਧੀਨ ਸਮਾਜ ਤੇ ਸੰਸਕ੍ਰਿਤੀ ਦੀ ਭਾਵਨਾ ਦਾ ਨਿਰਮਾਣ ਹੋਇਆ ਅਤੇ ਮਨੁੱਖ ਵਿਚ ਰਿਸ਼ਤਿਆਂ ਦੀ ਭਾਵਨਾ ਦੀ ਨਿਸ਼ਚਤਾ ਨੇ ਸਭਿਆਚਾਰ ਦਾ ਰੂਪ ਧਾਰਨ ਕੀਤਾ।

ਉਪਰੋਕਤ ਚਰਚਾ ਤੋ ਸਪਸ਼ਟ ਹੈ ਕਿ ਮਾਨਵੀ ਵਿਕਾਸ ਦੇ ਆਦਿ ਰੂਪ ਵਿਚ ਸੰਚਾਰ ਇਕ ਮਹੱਤਵਪੂਰਨ ਮੂਲ ਸ਼ਕਤੀ ਵਜੋਂ ਕਾਰਜਸ਼ੀਲ ਰਿਹਾ ਹੈ ਜੋ ਕਿ ਅਚੇਤ ਤੋਂ ਸੁਚੇਤ ਰੂਪ ਵਿਚ ਪ੍ਰਾਕ੍ਰਿਤਕ ਮੁੱਲ ਵਿਧਾਨ ਤੋਂ ਸਭਿਆਚਾਰਕ ਮੁੱਲ ਵਿਧਾਨ ਦੇ ਅੰਤਰਗਤ ਰੂਪਾਂਤਰਿਤ ਹੁੰਦਾ ਹੈ। ਭਾਵੇਂ ਸੰਚਾਰ ਦੀਆਂ ਵਿਧੀਆਂ ਤੇ ਜੁਗਤਾਂ ਕਾਫੀ ਅਨਘੜ ਸਿਧਾਂਆਂ ਸਾਦੀਆਂ ਅਸਪਸ਼ਟ ਤੇ ਰਲਵੀਆਂ ਮਿਲਵੀਆਂ ਸਨ ਪਰੰਤੂ ਵਰਤਮਾਨ ਵਿਚ ਪ੍ਰਚਲਿਤ ਸਮੂਹ ਸੰਚਾਰ ਵਿਧੀਆਂ ਦੇ ਆਰੰਭਿਕ ਬੀਜ ਰੂਪ ਇਸ ਧਰਤੀ 'ਚੋਂ ਹੀ ਵਿਗਸੇ। ਅਤੇ ਇਸੇ ਸਮੇਂ ਵਿਵਹਾਰਕ ਤੇ ਸਾਂਸਕ੍ਰਿਤਕ ਸੰਚਾਰ ਆਪਣੀਆਂ ਦੋ ਮੁਖ ਧਾਰਾਵਾਂ ਵਿਚ ਵਿਭਾਜਤ ਹੋ ਗਿਆ। ਮਾਨਵੀ ਵਿਕਾਸ ਦੇ ਸਮਾਨਾਤਰ ਹੀ ਇਹਨਾਂ ਵਿਧਾਵਾਂ ਰਾਹੀਂ ਸੰਚਾਰ ਉਪਕਰਣਾਂ, ਸੰਚਾਰ-ਵਿਧੀਆਂ ਤੇ ਸੰਚਾਰ ਜੁਗਤਾਂ ਦਾ ਨਿਰੰਤਰ ਵਿਕਾਸ ਹੋਇਆ ਅਤੇ ਵਿਸ਼ਿਸ਼ਟ ਵਿਧੀ ਵਿਧਾਨ ਤੇ ਪ੍ਰਬੰਧ ਸਿਰਜਿਆ ਜਾਣ ਲਗਾ। ਅੱਜ ਮਾਨਵ ਕੋਲ ਜਿਥੇ ਸੰਚਾਰ ਦੀ ਵਿਆਪਕ ਤੇ ਸੂਖਮ ਸ਼ਕਤੀ ਮੌਜੂਦ ਹੈ, ਉਥੇ ਉਹ ਗੋਹੜ ਤੇ ਰਾਜ਼ ਜਿਨ੍ਹਾਂ ਨੂੰ ਮਨੁੱਖ ਪ੍ਰਗਟ ਨਹੀ ਕਰ ਸਕਦਾ, ਉਹ ਇਸਦੀ ਸੰਚਾਰ ਸਮਰਥਾ ਅਤੇ ਵਿਵਸਥਾ ਲਈ ਚਣੌਤੀ ਬਣੀਆਂ ਹੋਈਆਂ ਹਨ। ਇਸੇ ਕਰਕੇ ਮਾਨਵੀ ਵਿਕਾਸ ਅਤੇ ਇਸ ਦੀਆਂ ਸਭਿਆਚਾਰਕ ਸਮਰਥਾਵਾਂ ਦੇ ਸਮਾਨਾਂਤਰ ਹੀ ਸੰਚਾਰ ਅਤੇ ਇਸ ਦੀਆਂ ਵਿਭਿੰਨ ਵਿਧਾਵਾਂ ਨੂੰ ਇਕ ਦੂਸਰੇ ਦੇ ਪੂਰਕ ਵਜੋਂ ਜਾਣਿਆ ਜਾ ਸਕਦਾ ਹੈ।

## 4. ਸਭਿਆਚਾਰ: ਸੰਚਾਰ ਤੇ ਸੰਚਾਰ ਪ੍ਰਕ੍ਰਿਆ

ਸਭਿਆਚਾਰ ਸ਼ਬਦ ਮੂਲ ਰੂਪ ਵਿਚ ਦੋ ਸ਼ਬਦ (ਸਭਯ+ਆਚਾਰ) ਦੇ ਸੁਮੇਲ ਤੋਂ ਬਣਿਆ ਹੈ। ਪੰਜਾਬੀ ਵਿਚ ਇਹ ਸ਼ਬਦ ਸੰਸਕ੍ਰਿਤੀ ਦੇ ਪਰਿਆਇ ਵਜੋਂ ਪ੍ਰਚਲਿਤ ਹੈ। ਅੰਗ੍ਰੇਜ਼ੀ ਭਾਸ਼ਾ ਵਿਚ ਇਸ ਦਾ ਸਮਾਨਰਥਕ ਸ਼ਬਦ (Culture) ਮੰਨਿਆ ਜਾਂਦਾ ਹੈ। (Culture) ਵੀ ਮੂਲ ਰੂਪ ਵਿਚ ਲਾਤੀਨੀ ਭਾਸ਼ਾ ਦੇ ਸ਼ਬਦ (Cultura) ਤੋਂ ਫਰਾਂਸੀਸੀ ਭਾਸ਼ਾ ਰਾਹੀਂ ਅੰਗ੍ਰੇਜ਼ੀ ਵਿਚ ਆਇਆ ਜਿਥੇ ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਉਪਜਾਊ ਕਾਰਜ ਦੇ ਹਨ।[8] ਸਭਿਆਚਾਰ ਦੇ ਵਿਕਾਸ ਪਿਛੇ

---

8. Klain Ernest, A Comparative Etmological Dictionary of English Language, Vol.I, p. 383.

ਉਸ ਸਮਾਜ ਦਾ ਹਜ਼ਾਰਾਂ ਵਰ੍ਹਿਆਂ ਦਾ ਇਤਿਹਾਸ ਹੁੰਦਾ ਹੈ। ਸਮਾਜ ਦੇ ਨਿਰੰਤਰ ਵਿਕਾਸ ਵਿਚੋਂ ਸਭਿਆਚਾਰ ਉਤਪੰਨ ਹੁੰਦਾ ਹੈ। ਈ.ਬੀ.ਟਾਈਲਰ ਨੇ ਸਭਿਆਚਾਰ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਦਿਆਂ ਲਿਖਿਆ ਹੈ ਕਿ ਸਭਿਆਚਾਰ ਆਪਣੇ ਮਾਨਵ ਜਾਤੀ ਦਾ ਵਿਗਿਆਨਕ ਅਰਥਾਂ ਵਿਚ ਅਜਿਹਾ ਜਟਿਲ ਸਮੁੱਚ ਹੈ ਜਿਸ ਵਿਚ ਗਿਆਨ, ਕਲਾ, ਨੀਤੀ,ਨਿਯਮ, ਸੰਸਕਾਰ ਅਤੇ ਹੋਰ ਸਾਰੀਆਂ ਸਮਰਥਾਵਾਂ ਅਤੇ ਆਦਤਾਂ ਦਾ ਸਮਾਵੇਸ਼ ਹੁੰਦਾ ਹੈ।[9] ਵਿਦਵਾਨਾਂ, ਵਿਚਾਰਕਾਂ ਅਤੇ ਚਿੰਤਕਾਂ ਨੇ ਆਪੋ ਆਪਣੀ ਸੀਮਾ ਤੇ ਸਮਰਥਾ ਅਨੁਸਾਰ ਸਭਿਆਚਾਰ ਨੂੰ ਪਰਿਭਾਸ਼ਾਬੱਧ ਕਰਨ ਦਾ ਯਤਨ ਕੀਤਾ ਹੈ। ਉਹਨਾਂ ਨੇ ਸਭਿਆਚਾਰ ਦੇ ਸਮੁੱਚੇ ਸੁਭਾਅ, ਸਾਰ ਅਤੇ ਤੱਤਾਂ ਨੂੰ ਆਪੋ ਆਪਣੀ ਪਹੁੰਚ ਵਿਧੀ ਅਨੁਸਾਰ ਵਾਚਿਆ ਅਤੇ ਵਿਸ਼ਲੇਸ਼ਿਤ ਕੀਤਾ ਹੈ। ਇਹਨਾਂ ਵਿਚੋਂ ਜ਼ਿਆਦਾ ਪਰਿਭਾਸ਼ਾਵਾਂ ਵਿਚੋਂ ਕਿਸੇ ਨੇ ਮਨੁੱਖੀ ਸ਼ਖਸੀਅਤ ਦੇ ਸੰਦਰਭ ਵਿਚ, ਕਿਸੇ ਨੇ ਮਨੁੱਖੀ ਕੀਮਤਾਂ ਦੇ ਸੰਦਰਭ ਵਿਚ ਅਤੇ ਕਿਸੇ ਨੇ ਜੀਵਨ ਢੰਗ ਦੀ ਦ੍ਰਿਸ਼ਟੀ ਤੋਂ ਵਿਚਾਰਦਿਆਂ ਸਭਿਆਚਾਰ ਦੇ ਸਮੁੱਚੇ ਸਾਰ ਅਤੇ ਸੁਭਾਅ ਨੂੰ ਨਿਰਧਾਰਿਤ ਕੀਤਾ। ਏਥੇ ਸਾਡਾ ਮੰਤਵ ਇਸ ਨਾਲ ਸੰਬੰਧਿਤ ਹਾਂ ਜਾਂ ਨਾਂਹ ਪੱਖੀ ਵਿਚਾਰਾਂ ਨੂੰ ਦਰਸਾਉਣਾ ਨਹੀਂ, ਬਲਕਿ ਇਹ ਸਪਸ਼ਟ ਕਰਨਾ ਹੈ ਕਿ ਵਾਸਤਵ ਵਿਚ ਇਹ ਇਕ ਵਿਸ਼ੇਸ਼ ਇਲਾਕੇ ਦੇ ਨਿਸ਼ਚਿਤ, ਸੰਗਠਿਤ, ਸਾਮਾਜਿਕ ਸਮੁੱਚ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ ਤੇ ਨਿਰਭਰ ਕਰਦਾ ਹੈ। ਜਿਸਦੇ ਅੰਤਰਗਤ ਮਨੁੱਖ ਪ੍ਰਾਥਮਿਕ ਰੂਪ ਵਿਚ ਆਪਣੀਆਂ ਸਰੀਰਕ ਲੋੜਾਂ: ਭੁੱਖ, ਪਿਆਸ, ਸੁਰਖਿਆ ਅਤੇ ਕਾਮ ਤ੍ਰਿਪਤੀ ਆਦਿ ਨੂੰ ਪੂਰਤ ਕਰਦਾ ਹੈ। ਜੋ ਕਿ ਸਰਬ-ਵਿਆਪਕ ਹਨ। ਇਹਨਾਂ ਲੋੜਾਂ ਦੀ ਪੂਰਤੀ ਉਪਰਾਂਤ ਮਾਨਵੀ ਜੀਵਨ ਦੀਆਂ ਕਦਰਾਂ ਕੀਮਤਾਂ ਦਾ ਜਨਮ ਹੁੰਦਾ ਹੈ ਜਿਨ੍ਹਾਂ ਰਾਹੀਂ ਮਨੁੱਖੀ ਵਿਉਹਾਰ ਦੇ ਆਦਰਸ਼ਕ ਮਾਪਦੰਡ ਨਿਰਧਾਰਤ ਹੁੰਦੇ ਹਨ। ਜੋ ਕਿ ਮਨੁੱਖ ਦੇ ਵਿਵਹਾਰ, ਕਾਰਜ, ਜੀਵਨ ਦ੍ਰਿਸ਼ਟੀ ਅਤੇ ਵਿਚਾਰ ਅਤੇ ਆਚਾਰ ਦੁਆਰਾ ਨਿਸ਼ਚਿਤ ਪ੍ਰਬੰਧ ਦੇ ਧਾਰਣੀ ਬਣਦੇ ਹਨ। ਸਭਿਆਚਾਰ ਵਿਚ ਧਿਆਨਯੋਗ ਨੁਕਤਾ ਇਹ ਹੈ ਕਿ ਮਨੁੱਖੀ ਸੋਚਣੀ ਅਤੇ ਕਾਰਜ ਵਿਧੀ ਮਨੁੱਖ ਦੀ ਸਮੁੱਚੀ ਜ਼ਿੰਦਗੀ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕਰਦੀ ਹੈ ਅਤੇ ਉਸਨੇ ਦੂਸਰੇ ਪ੍ਰਾਣੀਆਂ ਤੋਂ ਨਿਖੇੜ ਕੇ ਮਾਨਵੀ ਵਿਕਾਸ ਦੇ ਰਾਹ ਤੇ ਤੋਰਦੀ ਹੈ। ਸਭਿਆਚਾਰ ਦੀ ਵਾਸਤਵਿਕ ਪਹਿਚਾਣ ਪ੍ਰਕ੍ਰਿਤੀ ਅਤੇ ਮਾਨਵ ਦੇ ਆਪਸੀ ਸੰਬੰਧਾਂ ਵਿਚੋਂ ਉਜਾਗਰ ਹੁੰਦੀ ਹੈ। ਜਿਸਦੀ ਬਹੁਪਖੀ ਅਤੇ ਜਟਿਲ ਪ੍ਰਕ੍ਰਿਆ ਨੂੰ ਵੇਖਿਆਂ ਪਤਾ ਲਗਦਾ ਹੈ ਕਿ ਇਸ ਦੇ ਅੰਤਰੀਵ ਵਿਚ ਦੋ ਵਿਧੀਆਂ ਕਾਰਜਸ਼ੀਲ ਰਹਿੰਦੀਆਂ ਹਨ। ਇਹਨਾਂ ਵਿਚੋਂ ਇਕ ਨਿਰੰਤਰਤਾ ਦੀ ਵਿਧੀ ਅਤੇ ਦੂਸਰੀ ਨਿਯੰਤ੍ਰਣ ਦੀ ਵਿਧੀ। ਨਿਰੰਤਰਤਾ ਦੀ ਵਿਧੀ ਸਹਿਜ ਅਤੇ ਅਚੇਤ ਰੂਪ ਵਿਚ ਤੁਰਦੀ ਅਤੇ ਵਿਕਾਸ ਕਰਦੀ ਹੈ ਕਿਉਂਜੋ ਮਨੁੱਖ, ਮਨੁੱਖ ਦਾ ਆਲਾ ਦੁਆਲਾ ਉਸਦੇ ਸਮਾਜਿਕ ਹਾਲਤ ਉਸਦੀ ਚੇਤਨਾ ਦੇ ਬੁਨਿਆਦੀ ਨੇਮਾਂ ਨੂੰ ਕਾਰਜਸ਼ੀਲ ਕਰਦੇ ਹਨ। ਸਭਿਆਚਾਰ

---

9. Taylor Edward B. Primitive Culture, Vol.I, p.1.

ਕਿਉਂਜੋ ਸਥਿਰ ਨਹੀਂ ਹੁੰਦਾ ਅਤੇ ਇਹ ਪਰਿਵਰਤਨਸ਼ੀਲ ਹੈ ਜਿਵੇਂ ਜਿਵੇਂ ਪ੍ਰਕ੍ਰਿਤੀ ਵਲ ਮਨੁੱਖ ਦਾ ਵਤੀਰਾ ਬਦਲਦਾ ਜਾਂਦਾ ਹੈ ਤਿਵੇਂ ਹੀ ਮਨੁੱਖ ਪ੍ਰਕ੍ਰਿਤੀ ਪਾਸੋਂ ਵਖੋ ਵਖਰੇ ਪ੍ਰਭਾਵ ਗ੍ਰਹਿਣ ਕਰਦਾ ਨਵੀਨ ਆਦਰਸ਼ਾਂ ਦਾ ਧਾਰਣੀ ਬਣਦਾ ਜਾਂਦਾ। ਪ੍ਰਕ੍ਰਿਤੀ ਅਤੇ ਸਭਿਆਚਾਰ ਦੇ ਇਸ ਵਿਸ਼ਾਲ ਸਮੁੱਚ ਵਿਚ ਸੰਚਾਰ ਪ੍ਰਕ੍ਰਿਆ ਗਤੀਸ਼ੀਲ ਰੂਪ ਵਿਚ ਕਾਰਜਸ਼ੀਲ ਰਹਿੰਦੀ ਹੈ। ਜਿਸ ਦਾ ਵਰਣਨ ਅਸੀਂ ਪਿਛੇ ਕਰ ਆਏ ਹਾਂ।

ਮਨੁੱਖ ਇਸ ਨਿਰੰਤਰਤਾ ਦੀ ਕਾਰਜਸ਼ੀਲਤਾ ਨੂੰ ਆਪਣੀ ਵਿਲੱਖਣਤਾ ਦੁਆਰਾ ਕਿਸੇ ਕਾਲ ਬਿੰਦੂ ਤੇ ਆ ਕੇ ਨਿਯੰਤ੍ਰਿਤ ਕਰਦਾ ਹੈ ਅਤੇ ਇਸ ਵਗਦੀ ਧਾਰਾ ਵਿਚੋਂ ਸੰਸਕਾਰ ਰੂਪੀ ਪ੍ਰਭਾਵਾਂ ਨੂੰ ਗ੍ਰਹਿਣ ਕਰਦਾ ਹੋਇਆ ਵਸਤੂਮੂਲਕ ਸੂਚਨਾਵਾਂ ਨੂੰ ਛਡ ਦਿੰਦਾ ਹੈ। ਗ੍ਰਹਿਣ ਅਤੇ ਤਿਆਗ ਦੀ ਪ੍ਰਕ੍ਰਿਆ ਵਿਚ ਮਨੁੱਖ ਅਜਿਹੇ ਸੰਸਕਾਰਾਂ ਨੂੰ ਜਨਮ ਦਿੰਦਾ ਹੈ ਜੋ ਉਸਦੀ ਦਿਮਾਗ, ਬੁਧ ਨੂੰ 'ਚੇਤਨਤਾ' ਦੇ ਅਰਥ ਦਿੰਦੇ ਹਨ। ਉਸ ਦੀ ਬੁਧ ਵਾਸਤਵਿਕਤਾ ਦੇ ਸਨਮੁੱਖ ਉਸ ਦੇ ਅੰਤਰੀਵੀ ਮਨੋਵੇਗਾਂ ਸੰਗ ਸਹਿਚਾਰ ਸਥਾਪਿਤ ਕਰਦੀ ਹੈ। ਮਨੁੱਖ ਦੀ ਪ੍ਰਕ੍ਰਿਤਕ ਅਤੇ ਮਾਨਸਿਕ ਸੂਝ ਹੀ ਉਸ ਦੇ ਸੰਸਕਾਰਾਂ ਦੀ ਘੜੀ ਹੋਈ ਸਾਂਸਕ੍ਰਿਤਕ ਬੁਧ ਕਹਾਉਂਦੀ ਹੈ ਜਿਸਦਾ ਕਾਰਜ ਆਪਣੇ ਆਲੇ ਦੁਆਲੇ ਉਠਣ ਵਾਲੀਆਂ ਆਵੇਗ ਮੂਲਕ ਸੂਚਨਾਵਾਂ ਨੂੰ ਨਿਯੰਤ੍ਰਤ ਕਰਨਾ ਹੁੰਦਾ ਹੈ। ਇਸ ਨਿਯੰਤ੍ਰਣ ਦੁਆਰਾ ਹੀ ਮਨੁੱਖ ਆਪਣੇ ਸਭਿਆਚਾਰ ਨੂੰ ਸੁਨਿਸ਼ਚਿਤ ਬਣਾਉਣ ਦੇ ਯੋਗ ਹੁੰਦਾ ਹੈ। ਮਨੁੱਖ ਦੀ ਇਹੋ ਪ੍ਰਯਤਨਸ਼ੀਲ ਚੇਤੰਨਤਾ ਉਸਦੇ ਸਿਰਜਨਾਤਮਕ ਕਾਰਜ ਨੂੰ ਪ੍ਰਤੀਕਾਤਮਿਕ ਤੇ ਭਾਸ਼ਾਤਮਿਕ ਰੂਪ ਵਜੋਂ ਰੂਪਾਂਤਰਿਤ ਕਰਦੀ ਹੈ ਜਿਸਦੇ ਪਿਛੋਕੜ ਵਿਚ ਉਸਦਾ ਅਨੁਭਵ, ਵਿਚਾਰਧਾਰਾ ਅਤੇ ਸਹਿਜ ਗਿਆਨ ਦੇ ਸਾਮੂਹਿਕ ਤੱਤ ਵਿਦਮਾਨ ਹੁੰਦੇ ਹਨ। ਇਸ ਪ੍ਰਕਾਰ ਨਿਰੰਤਰਤਾ ਦੇ ਸਹਿਜ ਵਿਚੋਂ ਅਰਥ ਦੀ ਉਚੇਰੀਆਂ ਕੀਮਤਾਂ ਨਿਯੰਤ੍ਰਤ ਸੰਚਾਰ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਸੰਚਾਰ ਲਈ ਗ੍ਰਾਹਕ ਅਤੇ ਗ੍ਰਹਿਣ ਕਰਤਾ ਵਿਚਕਾਰ ਅਨੁਭਵ ਦੀ ਸਮਾਨਤਾ ਜ਼ਰੂਰੀ ਹੈ। ਅਨੁਭਵ ਦੀ ਏਕਤਾ ਹੀ ਸਭਿਆਚਾਰ ਦੇ ਸਮੂਹ ਦਾ ਹਿਸਾ ਹੈ ਜਿਵੇਂ ਜਿਵੇਂ ਸਭਿਆਚਾਰ ਵਿਕਾਸ ਕਰਦਾ ਰਿਹਾ ਤਿਵੇਂ ਤਿਵੇਂ ਹੀ ਮਨੁੱਖ ਦੇ ਮਾਨਸਿਕ ਅਤੇ ਪ੍ਰਾਕ੍ਰਿਤਕ ਨੇਮ ਗਤੀਸ਼ੀਲ ਰੂਪ ਵਿਚ ਕਾਰਜ ਕਰਦੇ ਰਹੇ। ਉਹਨਾਂ ਵਿਚ ਕਿਧਰੇ ਵੀ ਠਹਿਰਾਓ ਨਹੀਂ ਆਇਆ। ਸਮੇਂ ਦੇ ਵਖੋ ਵਖਰੇ ਕਾਲਖੰਡਾਂ ਵਿਚ ਵਖੋ ਵਖਰੇ ਪ੍ਰਾਕ੍ਰਿਤਕ ਸਾਮਾਜਿਕ ਰਿਸ਼ਤਿਆਂ ਨੇ ਮਨੁੱਖ ਨੂੰ ਵਖੋ ਵਖਰੀ ਸਮੱਗਰੀ ਪ੍ਰਦਾਨ ਕੀਤੀ। ਜਿਸ ਦੁਆਰਾ ਮਨੁੱਖ ਨੇ ਵਿਭਿੰਨ ਗਿਆਨ ਸੰਚਾਰ ਦੇ ਮਾਧਿਅਮ ਅਰਥਾਤ, ਪ੍ਰਾਕ੍ਰਿਤਕ ਵਿਗਿਆਨ, ਸਾਮਾਜਿਕ ਵਿਗਿਆਨ ਕਲਾਵਾਂ ਆਦਿ ਦੀ ਸਿਰਜਣਾ ਕੀਤੀ ਅਤੇ ਦੂਜੇ ਇਹਨਾਂ ਗਿਆਨ ਸੰਚਾਰ ਦੇ ਮਾਧਿਅਮ ਨੂੰ ਹੋਰ ਮਨੁੱਖੀ ਅਨੁਭਵਾਂ ਨੂੰ ਪ੍ਰਗਟਾਉਣ ਲਈ ਵਿਭਿੰਨ ਪ੍ਰਗਟਾਅ ਮਾਧਿਅਮਾਂ ਨੂੰ ਸਿਰਜਿਆ। ਇਹ ਪ੍ਰਗਟਾਅ ਮਾਧਿਅਮ (ਸੰਚਾਰ ਮਾਧਿਅਮ): ਮੁੱਖ ਰੂਪ ਵਿਚ ਦੋ ਪ੍ਰਕਾਰ ਦੇ ਹਨ: ਪਹਿਲਾ ਭਾਸ਼ਾਈ ਪ੍ਰਗਟਾਅ ਮਾਧਿਅਮ ਅਤੇ ਦੂਜਾ ਗ਼ੈਰ ਭਾਸ਼ਾਈ ਪ੍ਰਗਟਾਅ ਮਾਧਿਅਮ। ਸਾਂਸਕ੍ਰਿਤਕ, ਸਾਹਿਤਕ ਅਤੇ ਲੋਕਯਾਨਿਕ ਰੂਪਾਂ ਦਾ ਸੰਚਾਰ ਭਾਸ਼ਾਈ ਪ੍ਰਗਟਾਅ ਮਾਧਿਅਮਾਂ ਰਾਹੀਂ ਸੰਚਾਰਿਤ ਕੀਤਾ ਜਾਂਦਾ ਹਰੇਕ ਗਿਆਨ ਸੰਚਾਰ ਦਾ

ਖੇਤਰ ਭਾਸ਼ਾ ਨੂੰ ਆਪਣੇ ਵਿਲੱਖਣ ਤੇ ਵਿਸ਼ਿਸ਼ਟ ਢੰਗ ਦੁਆਰਾ ਪ੍ਰਯੋਗ ਕਰਦਾ ਹੈ। ਗ਼ੈਰਭਾਸ਼ਾਈ ਪ੍ਰਗਟਾਅ ਮਾਧਿਅਮ ਅਜਿਹੇ ਹਨ ਜਿਨ੍ਹਾਂ ਵਿਚ ਮਨੁੱਖ ਭਾਸ਼ਾ ਦੀ ਥਾਂ ਹੋਰ ਮਾਧਿਅਮ ਦਾ ਪ੍ਰਯੋਗ ਕਰਦਾ ਹੈ ਮਿਸਾਲ ਵਜੋਂ ਲਲਿਤ ਕਲਾਵਾਂ ਦਾ ਖੇਤਰ ਜਿਨ੍ਹਾਂ ਵਿਚ ਵਿਸ਼ਿਸ਼ਟ ਕਲਾਵਾਂ ਜਿਵੇਂ ਸੰਗੀਤ ਕਲਾ, ਚਿੱਤਰ ਕਲਾ, ਬੁੱਤ ਕਲਾ, ਇਮਾਰਤ ਕਲਾ, ਨ੍ਰਿਤ ਕਲਾ ਆਦਿ। ਇਹਨਾਂ ਵਿਚੋਂ ਹਰੇਕ ਸੰਚਾਰ ਮਾਧਿਅਮ ਆਪਣੇ ਵਿਸ਼ੇਸ਼ ਗੁਣਾਂ ਦਾ ਧਾਰਣੀ ਹੋਣ ਕਰਕੇ ਆਪਣੀ ਵਿਸ਼ਿਸ਼ਟ, ਮੌਲਿਕ ਤੇ ਪਛਾਣਯੋਗ ਹੋਂਦ ਦਾ ਧਾਰਣੀ ਹੈ। ਵਰਣਿਤ ਸੰਚਾਰ ਵਿਧਾਵਾਂ ਵਿਚੋਂ ਕੇਵਲ ਆਪਣੇ ਵਿਸ਼ੇ ਦੇ ਅਨੁਰੂਪ ਸੰਚਾਰ ਮਾਧਿਅਮਾਂ ਦਾ ਵਰਣਨ ਵਿਸ਼ਲੇਸ਼ਿਤ ਕੀਤਾ ਜਾਵੇਗਾ।

## 5. ਕਲਾਵਾਂ: ਸੰਚਾਰ ਤੇ ਸੰਚਾਰ ਪ੍ਰਕ੍ਰਿਆ

ਮਾਨਵੀ ਮਨ ਦੇ ਅਤਿ ਸੂਖਸ਼ਮ ਜਟਿਲ ਅਕਹਿ ਤੇ ਅਪ੍ਰਤੱਖ ਭਾਵਾਂ ਦਾ ਪ੍ਰਗਟਾਅ ਕਰਨ ਲਈ ਮਨੁੱਖ ਨੇ ਕਲਾਵਾਂ ਦੀ ਸਿਰਜਣਾ ਕੀਤੀ। ਇਹ ਕਲਾਵਾਂ ਮਾਨਵੀ ਵਿਕਾਸ ਦੀਆਂ ਹਾਣੀ ਹਨ ਅਤੇ ਇਹਨਾਂ ਦੇ ਬੀਜ ਆਦਿ ਮਾਨਵ ਦੇ ਜੀਵਨ ਵਿਚੋਂ ਉਪਲੱਬਧ ਹੁੰਦੇ ਹਨ। ਜਿਵੇਂ ਕਿ ਅਸੀਂ ਪਹਿਲਾਂ ਵਿਚਾਰ ਕਰ ਆਏ ਹਾਂ ਕਿ ਮਾਨਵ ਨਿਤਾਪ੍ਰਤਿ ਦੀਆਂ ਲੋੜਾਂ ਲਈ ਸੰਚਾਰ ਦੇ ਵਿਵਹਾਰਕ ਰੂਪ ਤੇ ਜੁਗਤਾਂ ਨੂੰ ਅਪਣਾਇਆ ਅਤੇ ਇਸ ਦੇ ਨਾਲ ਹੀ ਸਾਧਾਰਣ ਰੂਪ ਵਿਚ ਅਕਹਿ, ਜਟਿਲ ਅਤੇ ਅਪ੍ਰਤੱਖ ਸੂਖਸ਼ਮ ਭਾਵਾਂ ਨੂੰ ਬਿਆਨ ਕਰਨ ਲਈ ਵੱਖ ਵੱਖ ਕਲਾਵਾਂ ਦਾ ਪ੍ਰਯੋਗ ਕੀਤਾ। ਇਹ ਕਲਾਵਾਂ ਮਾਨਵੀ ਮਨ ਦੇ ਭਾਵਾਂ ਦਾ ਸੁਹਜਮਈ ਪ੍ਰਗਟਾਅ ਸੀ ਅਤੇ ਇਸ ਪ੍ਰਗਟਾਅ ਦੀ ਸਮੁੱਚੀ ਪ੍ਰਕ੍ਰਿਆ ਜਿਸ ਵਿਚ ਕਲਾਵਾਂ ਦੀ ਸੰਪੂਰਨ ਗਤੀ ਤੇ ਕਾਰਜਵਿਧੀ ਵਿਦਮਾਨ ਹੈ ਨੂੰ ਸੰਚਾਰ ਦਾ ਨਾਮ ਦਿੱਤਾ ਜਾਂਦਾ ਹੈ। ਕਲਾਵਾਂ ਦੇ ਸੰਦਰਭ ਵਿਚ ਸੰਚਾਰ ਕੇਵਲ ਭਾਵਾਂ ਦਾ ਪ੍ਰਗਟਾਅ ਨਹੀਂ, ਜਿਹਾ ਕਿ ਇਸ ਦੇ ਸਾਧਾਰਣ ਅਰਥ ਲੈ ਲਏ ਜਾਂਦੇ ਹਨ, ਸਗੋਂ ਇਹ ਭਾਵ ਪ੍ਰਗਟਾਅ ਦੀ ਸਮੁੱਚੀ ਪ੍ਰਕ੍ਰਿਆ ਦੇ ਸਮੂਹ ਤੱਤਾਂ ਦੀ ਕਾਰਜਸ਼ੀਲਤਾ ਦਾ ਸਮਿਲਤ ਸੰਗਠਿਤ ਤੇ ਸੁਨਿਸ਼ਚਤ ਸਰੂਪ ਹੈ। ਇਹਨਾਂ ਕਲਾਵਾਂ ਦਾ ਪ੍ਰਾਰੰਭਿਕ ਸਰੂਪ ਭਾਵੇਂ ਸਿਧਾ ਸਾਦਾ ਅਨਘੜ ਅਤੇ ਅਸਪਸ਼ਟ ਹੁੰਦਾ ਹੈ ਅਤੇ ਇਹਨਾਂ ਦਾ ਸੰਚਾਰ ਅਤੇ ਸੰਚਾਰ ਪ੍ਰਕ੍ਰਿਆ ਜਿਸ ਉਤੇ ਇਹਨਾਂ ਦੀ ਵਿਕਾਸ ਪ੍ਰਕ੍ਰਿਆ ਆਧਾਰਿਤ ਹੁੰਦੀ ਹੈ ਦੀ ਗਤੀਮਾਨਤਾ ਇਹਨਾਂ ਨੂੰ ਪ੍ਰੌਢ ਰੂਪ ਪ੍ਰਦਾਨ ਕਰਾਉਂਦੀ ਹੈ। ਇਹਨਾਂ ਕਲਾਵਾਂ ਦੇ ਪ੍ਰਾਰੰਭਿਕ ਸੁਹਜ ਬਿੰਦੂ ਜਦੋਂ ਕਿਸੇ ਨਿਰਧਾਰਤ ਅਭਿਅਸਤ ਕਾਰਜ ਪ੍ਰਣਾਲੀ ਦੀ ਕੁਠਾਲੀ ਵਿਚ ਢਲ ਜਾਂਦੇ ਹਨ ਤਾਂ ਇਸ ਵਿਚੋਂ ਉਤਪੰਨ ਹੋਣ ਵਾਲੇ ਸੁਨਹਿਰੀ ਨਿਯਮ ਹੀ ਹਰ ਕਲਾ ਦੇ ਸ਼ਾਸਤਰ ਵਜੋਂ ਉਜਾਗਰ ਹੁੰਦੇ ਹਨ। ਇਹ ਸ਼ਾਸਤਰ ਕਿਸੇ ਕਲਾ ਦੇ ਮਾਧਿਅਮ ਦੁਆਰਾ ਮਾਨਵੀ ਮਨ ਦੇ ਅਦਿੱਖ ਸੰਸਾਰ ਦੇ ਭਾਵਾਤਮਕ ਸੁਨੇਹਿਆਂ ਨੂੰ ਸੰਚਾਰਿਤ ਕਰਨ ਦਾ ਸੁਨਿਸ਼ਚਤ ਮਾਰਗ

ਬਣਦੇ ਹਨ। ਇਸ ਸ਼ਾਸਤਰ ਦੀ ਭੂਮਿਕਾ ਸੰਚਾਰ ਦੀ ਪ੍ਰਕ੍ਰਿਆ ਨੂੰ ਸਹਿਜ ਸੁਖੈਨ ਤੇ ਸਪਸ਼ਟ ਬਣਾਉਣਾ ਹੈ। ਜਦੋਂ ਕਦੇ ਵੀ ਕਲਾਵਾਂ ਦਾ ਸ਼ਾਸਤਰ ਇਸ ਦੀ ਸੰਚਾਰ ਪ੍ਰਕ੍ਰਿਆ ਦੇ ਇਹਨਾਂ ਗੁਣਾਂ ਦਾ ਤਿਆਗ ਕਰਦਾ ਹੈ ਉਦੋਂ ਹੀ ਕਲਾ ਆਪਣੀ ਸੰਚਾਰ ਪ੍ਰਕ੍ਰਿਆ ਦੀ ਰਵਾਨਗੀ ਤੇ ਸਮਤੋਲ ਗੁਆ ਬੈਠਦੀ ਹੈ। ਫਲਸਰੂਪ ਕਲਾ ਆਪਣੇ ਖੋਖਲ ਸਰੂਪ ਨੂੰ ਵੇਂਹਦਿਆਂ ਨਵੀਨ ਰੋਸ਼ਨੀ ਦੀ ਤਲਾਸ਼ ਵਿਚ ਅਗ੍ਰਸ਼ੀਲ ਹੋ ਜਾਂਦੀ ਹੈ। ਕਲਾਵਾਂ ਅਤੇ ਸੰਚਾਰ ਦੇ ਆਪਸੀ ਰਿਸ਼ਤੇ ਨੂੰ ਹੋਰ ਵਧੇਰੇ ਸਪਸ਼ਟ ਰੂਪ ਵਿਚ ਸਮਝਣ ਲਈ ਇਸ ਨੂੰ ਭਾਰਤੀ ਕਲਾਵਾਂ ਦੇ ਸੰਦਰਭ ਵਿਚ ਵਿਚਾਰਿਆ ਜਾ ਸਕਦਾ ਹੈ।

ਭਾਰਤੀ ਪ੍ਰਸੰਗ ਵਿਚ ਕਲਾਵਾਂ ਦੀ ਉਤਮਤਾ ਅਤੇ ਉਚਤਾ ਉਹਨਾਂ ਦੇ ਸੰਚਾਰ ਦੀ ਸੂਖਮਤਾ ਉਤੇ ਨਿਰਭਰ ਹੈ। ਕਲਾਵਾਂ ਦੇ ਖੇਤਰ ਵਿਚ ਕਲਾ ਦੀ ਸੂਖਸ਼ਮ ਤੀਬਰਤਾ ਸੰਬੰਧਿਤ ਕਲਾ ਦਾ ਦਰਜਾ ਨਿਰਧਾਰਤ ਕਰਦੀ ਹੈ। ਲਲਿਤ ਕਲਾਵਾਂ ਵਿਚੋਂ ਵਸਤੂ ਕਲਾ, ਮੂਰਤੀ ਕਲਾ, ਚਿੱਤਰ ਕਲਾ, ਕਾਵਿ ਕਲਾ, ਨ੍ਰਿਤ ਅਤੇ ਸੰਗੀਤ ਨੂੰ ਇਸੇ ਕ੍ਰਮ ਵਿਚ ਰੱਖਿਆ ਜਾਂਦਾ ਹੈ ਅਤੇ ਇਹਨਾਂ ਦਾ ਇਹ ਕ੍ਰਮ ਇਹਨਾਂ ਵਿਚਲੀ ਸੂਖਸ਼ਮ ਭਾਵ ਸੰਚਾਰਿਤਾ ਦੀ ਤੀਬਰਤਾ ਉਤੇ ਨਿਰਭਰ ਹੁੰਦੀ ਹੈ।

ਵਸਤੂ ਕਲਾ ਦੇ ਅੰਤਰਗਤ ਕਿਸੇ ਵੀ ਕਿਰਤ ਦੇ ਨਿਰਮਾਤਾ ਆਪਣੇ ਉਪਕਰਣਾਂ ਦੁਆਰਾ ਸੰਬੰਧਿਤ ਭਵਨ ਨਾਲ ਜੁੜੇ ਦਰਸ਼ਨ ਅਤੇ ਸਿਧਾਂਤ ਨੂੰ ਸਥੂਲ ਰੂਪ ਵਿਚ ਮੂਰਤੀਮਾਨ ਕਰਦਾ ਹੈ। ਉਸਦੀ ਕਲਾ ਦੀ ਸੰਪੂਰਨਤਾ ਅਤੇ ਉਚਤਾ ਇਸ ਵਿਚ ਹੈ ਕਿ ਉਹ ਉਸ ਭਵਨ ਨਾਲ ਜੁੜੇ ਹੋਏ ਸਾਮਾਜਿਕ, ਧਾਰਮਿਕ, ਦਾਰਸ਼ਨਿਕ, ਰਾਜਨੀਤਕ, ਸਭਿਆਚਾਰਕ ਅਤੇ ਹੋਰ ਉਹਨਾਂ ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਐਸਾ ਸਫਲ ਨਿਰਮਾਣ ਕਰੇ ਕਿ ਉਹ ਸੰਬੰਧਿਤ ਭਵਨ, ਸੰਬੰਧਿਤ ਵਿਚਾਰਧਾਰਾ ਦਾ ਜਿਉਂਦਾ ਜਾਗਦਾ ਸਰੂਪ ਬਣ ਜਾਵੇ। ਇਸ ਤਰ੍ਹਾਂ ਕਰਨ ਨਾਲ ਵਸਤੂ ਕਲਾ ਦਾ ਨਿਰਮਾਤਾ, ਕਲਾਕਾਰ ਇਸ ਸੰਬੰਧਿਤ ਸੋਚ ਨੂੰ ਆਪਣੇ ਉਪਕਰਣਾਂ ਦੁਆਰਾ ਸਥਿਰ (Stagnant) ਅਤੇ ਪਥਰਿਆ ਰੂਪ ਪ੍ਰਦਾਨ ਨਹੀਂ ਕਰਵਾ ਰਿਹਾ ਹੁੰਦਾ ਸਗੋਂ ਉਹ ਪੀੜ੍ਹੀ ਦਰ ਪੀੜ੍ਹੀ ਸਦੀਆਂ ਤਕ ਇਕ ਵਿਚਾਰਧਾਰਾ ਦਾ ਸੁਨੇਹਾ ਭਵਿੱਖ ਦੇ ਲੋਕਾਂ ਤਕ ਸੰਚਾਰਿਤ ਕਰ ਰਿਹਾ ਹੁੰਦਾ ਹੈ। ਇਹ ਸੰਚਾਰ ਪ੍ਰਕ੍ਰਿਆ ਇਹਨੀ ਸੁਖਮ ਨਹੀਂ ਕਿਉਂਜੋ ਵਸਤੂ ਕਲਾ ਦੇ ਨਿਰਮਾਤਾ ਦੇ ਮਨ, ਸੋਚ, ਵਿਚਾਰਧਾਰਾ ਅਤੇ ਹੋਰ ਸਮਕਾਲੀਨ ਪਰਿਸਥਿਤੀਆਂ ਦਾ ਪੂਰਨ ਰੂਪ ਵਿਚ ਗ੍ਰਹਿਣ ਕਰ ਸਕਣਾ ਦਰਸ਼ਕ ਲਈ ਕਾਫ਼ੀ ਕਠਿਨ ਕਾਰਜ ਹੈ ਅਤੇ ਇਸ ਕਲਾ ਦੇ ਕੋਡ ਕੀਮਤਾਂ ਪੀੜ੍ਹੀ ਦਰ ਪੀੜ੍ਹੀ ਸਿਖਾਏ ਵੀ ਨਹੀਂ ਜਾ ਸਕਦੇ ਫਲਸਰੂਪ ਸੰਚਾਰ ਦੀਆਂ ਸੂਖਸ਼ਮ ਪਰਤਾਂ ਕਈ ਵੇਰ ਕਾਲ ਚਕਰ ਵਿਚ ਗੁਆਚ ਜਾਂਦੀਆਂ ਹਨ।

ਕਲਾਵਾਂ ਦੇ ਅੰਤਰਗਤ ਚਿਤਰਕਲਾ ਦਾ ਅਹਿਮ ਸਥਾਨ ਹੈ। ਇਸ ਕਲਾ ਦੁਆਰਾ ਕਲਾਕਾਰ ਮਨੁੱਖੀ ਮਨ ਦੀ ਸੂਖਮ ਤੋਂ ਸੂਖਮ ਅਨੁਭੂਤੀ ਨੂੰ ਆਪਣੀ ਛੋਹ ਦੁਆਰਾ ਪ੍ਰਗਟ ਕਰ ਸਕਦਾ ਹੈ। ਹਰ

ਚਿੱਤਰ ਅਤੇ ਉਸ ਚਿੱਤਰ ਦੇ ਭਿੰਨ ਭਿੰਨ ਅੰਗ ਜਿਥੇ ਸੁਤੰਤਰ ਰੂਪ ਵਿਚ ਭਾਵ ਸੰਚਾਰ ਕਰ ਰਹੇ ਹੁੰਦੇ ਹਨ ਉਥੇ ਸਮਿਲਿਤ ਰੂਪ ਵਿਚ ਉਹ ਕਲਾਕਾਰ ਦੇ ਜ਼ੇਹਨ ਵਿਚ ਉਪਜੇ ਭਾਵ ਮੰਡਲ ਦੇ ਅਦਿੱਖ ਸੰਦੇਸ਼ ਨੂੰ ਵੀ ਦਰਸ਼ਕ ਤਕ ਪਹੁੰਚਾ ਰਹੇ ਹੁੰਦੇ ਹਨ। ਕਲਾਕਾਰ ਦੀ ਸਫ਼ਲਤਾ ਸੰਬੰਧਿਤ ਭਾਵ ਜਾਂ ਸੰਦੇਸ਼ਵਾਹਕ ਵਸਤੂ ਦਾ ਹੂ-ਬ-ਹੂ ਚਿਤਰਣ ਅਨੁਸਾਰ ਆਂਕੀ ਜਾਂਦੀ ਹੈ। ਚਿੱਤਰਕਲਾ ਦੀ ਹਰ ਕ੍ਰਿਤੀ ਆਪਣੇ ਸੌਂਦਰਯਾਤਮਿਕ ਸਰੂਪ ਦੁਆਰਾ ਮਾਨਵੀ ਮਨ ਤਕ ਕੋਈ ਨਾ ਕੋਈ ਆਵਸ਼ਯ ਸੰਦੇਸ਼ ਪਹੁੰਚਾਉਣਾ ਚਾਹੁੰਦੀ ਹੈ ਇਹੋ ਉਸਦਾ ਲਕਸ਼ ਤੇ ਪ੍ਰਾਪਤੀ ਹੈ। ਇਸ ਤਰ੍ਹਾਂ ਚਿੱਤਰਕਲਾ ਵਿਚ ਰੇਖਾ, ਰੰਗ ਕੈਨਵਸ ਆਦਿ ਵਰਗੇ ਉਪਕਰਣਾਂ ਦੁਆਰਾ ਚਿੱਤਰਕਾਰ ਆਪਣੇ ਸੰਗ੍ਰਹਿਤ ਅਨੁਭਵ ਨੂੰ ਦਰਸ਼ਕਾਂ ਤਕ ਸੰਚਾਰਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਚਿੱਤਰਕਲਾ ਦੀ ਸੰਚਾਰ ਪ੍ਰਕ੍ਰਿਆ ਵਿਚੋਂ ਚਿੱਤਰਕਾਰ ਦਾ ਨਿਜ ਇਸ ਤਰ੍ਹਾਂ ਨਾਲ ਮਨਫ਼ੀ ਹੁੰਦਾ ਹੈ ਜਾਂ ਇਸ ਤਰ੍ਹਾਂ ਆਖ ਲਵੋ ਕਿ ਚਿੱਤਰਕਾਰ ਚਿੱਤਰ ਦੀ ਤਿਆਰੀ ਉਪਰਾਂਤ ਇਸ ਦੀ ਸੰਚਾਰ ਪ੍ਰਕ੍ਰਿਆ ਵਿਚੋਂ ਇਕ ਪਾਸੇ ਹੋ ਜਾਂਦਾ ਹੈ ਅਤੇ ਸੰਚਾਰ ਚਿੱਤਰ ਤੇ ਦਰਸ਼ਕ ਦੇ ਆਪਸੀ ਸੰਬੰਧ ਵਿਚ ਮੂਰਤੀਮਾਨ ਹੁੰਦਾ ਹੈ। ਚਿੱਤਰਕਾਰੀ ਦੇ ਉਪਕਰਣ ਅਤੇ ਸੌਂਦਰਯ ਉਤਪਾਦਕ ਤੱਤ ਆਪਣੀ ਮੂਲ ਭਾਸ਼ਾ ਵਿਚ ਹੀ ਦਰਸ਼ਕ ਤਕ ਸੰਚਾਰ ਕਰਦੇ ਹਨ ਅਤੇ ਇਹਨਾਂ ਦੀ ਭਾਸ਼ਾ ਨੂੰ ਪੂਰਣ ਰੂਪ ਵਿਚ ਸਮਝ ਲੈਣਾ ਜਾਂ ਚਿੱਤਰ ਭਾਸ਼ਾ ਦੀਆਂ ਵਿਭਿੰਨ ਪਰਤਾਂ ਦੀ ਰਮਜ਼ ਨੂੰ ਪਹਿਚਾਣ ਕੇ ਕਿਸੇ ਭਾਵ ਨੂੰ ਗ੍ਰਹਿਣ ਕਰ ਸਕਣਾ ਦਰਸ਼ਕ ਲਈ ਏਨਾ ਆਸਾਨ ਨਹੀਂ ਕਿਉਂਜੋ ਹਰ ਚਿਤਰ ਦਾ ਆਪਣਾ ਭਾਵ ਪ੍ਰਬੰਧ ਜਾਂ ਚਿਤਰਲੋਕ ਹੁੰਦਾ ਅਤੇ ਇਸ ਦੇ ਸਮੁੱਚੇ ਪ੍ਰਬੰਧਾਤਮਿਕ ਸੌਂਦਰਯ ਨੂੰ ਪੂਰਣ ਤੇ ਪੂਰਵ ਨਿਸ਼ਚਿਤ ਸਰੂਪ ਨੂੰ ਇਸ ਦੀ ਸੰਚਾਰ ਵਿਧੀ ਤੇ ਜੁਗਤ ਨੂੰ ਜਾਣੇ ਬਿਨਾਂ ਅਸੰਭਵ ਹੈ। ਇਸ ਤਰ੍ਹਾਂ ਚਿੱਤਰਕਾਰੀ ਇਕ ਉਤਮ ਕਲਾ ਹੁੰਦਿਆਂ ਹੋਇਆਂ ਵੀ ਸੰਚਾਰ ਦੇ ਪੱਧਰ ਉਤੇ ਕਿਸੇ ਨਾ ਕਿਸੇ ਜ਼ੁਬਾਨ, ਵਿਆਖਿਆ ਜਾਂ ਵਿਸ਼ਲੇਸ਼ਣ ਦੀ ਮੰਗ ਵੀ ਕਰਦੀ ਹੈ।

ਮੂਰਤੀਕਲਾ ਦੀ ਗਣਨਾ ਵੀ ਲਲਿਤ ਕਲਾਵਾਂ ਵਿਚ ਕੀਤੀ ਜਾਂਦੀ ਹੈ। ਚਿੱਤਰਕਲਾ ਨਾਲੋਂ ਇਸ ਵਿਚ ਬੁਨਿਆਦੀ ਅੰਤਰ ਜਿਥੇ ਉਪਕਰਣਾਂ ਦੀ ਭਿੰਨਤਾ ਹੈ ਉਥੇ ਵਿਸ਼ੇ ਪੱਖੋਂ ਮੂਰਤੀ ਕਲਾ ਦਾ ਭਾਵ ਪ੍ਰਗਟਾਅ ਸੰਖਿਪਤ ਤੇ ਵਿਸ਼ਾ ਕੇਂਦਰਿਤ ਹੁੰਦਾ ਹੈ। ਮੂਰਤੀ ਕਲਾ ਵਿਚ ਪੱਥਰ, ਮਿਟੀ ਜਾਂ ਲਕੜ ਆਦਿ ਪ੍ਰਾਕ੍ਰਿਤਿਕ ਵਸਤੂਆਂ ਦੁਆਰਾ ਕਿਸੇ ਨਾ ਕਿਸੇ ਭਾਵ ਤੇ ਆਧਾਰਿਤ ਉਪਕਰਣਾਂ ਦੀ ਸਹਾਇਤਾ ਨਾਲ ਆਕ੍ਰਿਤੀ ਨਿਰਮਾਣ ਮੂਰਤੀਕਲਾ ਹੈ। ਕਲਾਕਾਰ ਮੂਰਤੀ ਦੁਆਰਾ ਅਨੇਕ ਭਾਵਾਂ ਨੂੰ ਸੰਜਿਅ ਕੇ ਨਿਰਜੀਵ ਮੂਰਤੀ ਨੂੰ ਸਜੀਵਤਾ ਪ੍ਰਦਾਨ ਕਰਦਾ ਹੈ। ਇਸ ਵਿਚਲਾ ਸੌਂਦਰਯ ਤੇ ਆਕਰਸ਼ਣ ਆਪਣੇ ਕਲਾਤਮਿਕ ਸਰੂਪ ਦੁਆਰਾ ਕਲਾਤਮਕ ਮਨ ਦੇ ਭਾਵਾਂ ਦੀ ਅਭਿਵਿਅਕਤੀ ਤੇ ਉਸ ਕਲਾਕ੍ਰਿਤੀ ਦਾ ਲਕਸ਼ ਸੰਚਾਰਦੀ ਹੈ।

ਕਾਵਿ ਕਲਾ ਵਿਚ ਚਿੱਤਰਕਲਾ, ਮੂਰਤੀਕਲਾ ਤੇ ਸੰਗੀਤਕਲਾ ਦਾ ਸਮਾਵੇਸ਼ ਹੁੰਦਾ ਹੈ ਜੋ ਅਤਿਅੰਤ ਸੂਖਸ਼ਮ ਰੂਪ ਵਿਚ ਵਿਦਮਾਨ ਹੁੰਦਾ ਹੈ। ਕਵੀ ਬਾਹਰੀ ਜਗਤ ਦੇ ਅਮੂਰਤ/ਸਮੂਰਤ ਵਿਸ਼ਿਆਂ

ਨੂੰ ਲੈ ਕੇ ਕਾਵਿ ਦੀ ਸ੍ਰਿਸ਼ਟੀ ਕਰਦਾ ਹੈ। ਉਹ ਕਾਵਿਕ ਉਪਕਰਣਾਂ ਦੁਆਰਾ ਆਪਣੇ ਭਾਵਾਂ ਦੀ ਅਭਿਵਿਅਕਤੀ ਨੂੰ ਬਿੰਬਾਤਮਕ ਪ੍ਰਤੀਕਾਤਮਕ ਸ਼ਾਬਦਿਕ ਚਿਤਰਣ ਦੁਆਰਾ ਸਰੋਤੇ/ਪਾਠਕ ਤਕ ਸੰਚਾਰਿਤ ਕਰਦਾ ਹੈ। ਜਦੋਂ ਕਵੀ ਦੀ ਵਿਚਾਰਧਾਰਾ ਅੰਤਰਮੁਖੀ ਹੋ ਜਾਂਦੀ ਹੈ ਤਾਂ ਨਿਜੀ ਅਨੁਭਵ ਅਭਿਵਿਅਕਤੀ ਦਾ ਰੂਪ ਧਾਰਣ ਕਰਕੇ ਜਨਸਾਧਾਰਣ ਤਕ ਸੰਚਾਰਿਤ ਹੁੰਦੇ ਹਨ। ਬੋਲੀ ਅਤੇ ਭਾਸ਼ਾ ਵਰਗੇ ਸਰਬਵਿਆਪਕ ਕਾਵਿਕ ਉਪਕਰਣਾਂ ਦੀ ਸਮਰੱਥਾ ਸ਼ਕਤੀ ਤੋਂ ਬਿਨਾਂ ਚਿਤਰਣ ਤੇ ਸੰਗੀਤਮਈ ਨਿਰੂਪਣ ਇਸ ਕਲਾ ਦੀਆਂ ਸਮਰਥਾਵਾਂ ਨੂੰ ਹੋਰ ਵੀ ਤੀਬਰ ਬਣਾ ਦਿੰਦੀਆਂ ਹਨ। ਕਾਵਿ ਕਲਾ ਉਤਮ ਕਲਾ ਹੈ। ਇਸ ਦੀਆਂ ਸਮਾਨਾਂਤਰ ਕਾਰਜਸ਼ੀਲ ਵਿਧਾਵਾਂ ਦੇ ਪ੍ਰਯੋਗ ਤੋਂ ਨਾ ਮੁਨਕਰ ਹੋਇਆ ਜਾ ਸਕਦਾ ਹੈ ਅਤੇ ਨਾ ਹੀ ਇਹਨਾਂ ਦਾ ਤਿਆਗ ਕੀਤਾ ਜਾ ਸਕਦਾ ਹੈ ਜਿਸ ਦੀ ਸਹੀ ਤੇ ਸੁਨਿਸ਼ਚਿਤ ਪਹਿਚਾਣ ਕਾਵਿ ਦੇ ਦੀਰਘ ਅਧਿਐਨ ਉਪਰਾਂਤ ਹੀ ਸੰਭਵ ਹੈ।

## ੬. ਸਾਹਿਤ: ਸੰਚਾਰ ਦੇ ਸੰਦਰਭ ਵਿਚ

ਸੰਚਾਰ ਦੇ ਵਿਭਿੰਨ ਪ੍ਰਗਟਾਅ ਮਾਧਿਅਮਾਂ ਵਿਚੋਂ ਸਾਹਿਤ, ਕਲਾ ਦੇ ਖੇਤਰ ਦਾ ਇਕ ਮੌਲਿਕ ਤੇ ਸੁਤੰਤਰ ਪ੍ਰਗਟਾਅ ਮਾਧਿਅਮ ਹੈ। ਜਿਸ ਦੁਆਰਾ ਸਮਾਜਿਕ ਮਨੁੱਖੀ ਯਥਾਰਥ ਦੇ ਗਤੀਸ਼ੀਲ ਚਿੱਤਰ ਨੂੰ ਭਾਸ਼ਾਈ ਮਾਧਿਅਮ ਰਾਹੀਂ ਆਪਣੇ ਵਿਸ਼ਿਸ਼ਟ ਅਤੇ ਵਿਲੱਖਣ ਅੰਦਾਜ਼ ਵਿਚ ਸਮੂਰਤ ਕੀਤਾ ਜਾਂਦਾ ਹੈ। ਇਕ ਪ੍ਰਗਟਾਅ ਮਾਧਿਅਮ ਵਜੋਂ ਸਾਹਿਤ ਦੀ ਸ੍ਰੇਸ਼ਠਤਾ ਅਤੇ ਮੌਲਿਕਤਾ ਨਿਰ-ਸੰਦੇਹ ਹੈ। ਸਾਹਿਤ ਮਨੁੱਖੀ ਜੀਵਨ ਦਰਸ਼ਨ - ਸਭਿਆਚਾਰ ਨੂੰ ਪ੍ਰਗਟਾਉਣ ਵਾਲਾ ਅਜਿਹਾ ਮਾਧਿਅਮ ਹੈ ਜਿਸ ਵਿਚ ਮੂਲ ਮਾਨਵੀ ਸਰਬਵਿਆਪਕ ਅਤੇ ਸਦੀਵੀ ਕੀਮਤਾਂ ਨੂੰ ਸਮਕਾਲੀਨ ਸਮਾਜਿਕ ਇਤਿਹਾਸਿਕ ਸੰਦਰਭ ਅਨੁਕੂਲ ਪ੍ਰਚਲਿਤ ਚੇਤਨਤਾ ਦੀ ਪੱਧਰ ਅਨੁਸਾਰ ਪ੍ਰਗਟ ਕੀਤਾ ਜਾਂਦਾ ਹੈ। ਹਰੇਕ ਸਾਹਿਤਕ ਕਿਰਤ ਸਮਾਜਿਕ ਮੁੱਲਾਂ ਨੂੰ ਜੀਵੰਤ ਅਤੇ ਗਤੀਮਾਨ ਰਖਣ ਲਈ ਆਪਣੇ ਵਿਸ਼ੇਸ਼ ਸਾਹਿਤਕ ਰੂਪਾਂ, ਸਾਹਿਤਕ ਧਾਰਾ ਅਤੇ ਸਾਹਿਤਕ ਪਰੰਪਰਾ ਦੇ ਸੰਯੁਕਤ ਤੇ ਸਮਿਲਤ ਰੂਪ ਵਿਚੋਂ ਉਹਨਾਂ ਨੂੰ ਸਿਰਜਣ, ਸਮਝਾਉਣ ਤੇ ਸਥਾਪਿਤ ਕਰਨ ਦੇ ਉਪਯੁਕਤ ਮਾਧਿਅਮ ਵਜੋਂ ਜਾਣੀ ਜਾਂਦੀ ਹੈ। ਸਾਹਿਤਕ ਪ੍ਰਗਟਾਅ ਮਾਧਿਅਮ ਦੇ ਅਗੋਂ ਵਿਭਿੰਨ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਨ੍ਹਾਂ ਵਿਚ ਮੁੱਖ ਰੂਪ ਵਿਚ ਕਾਵਿ, ਨਾਟਕ, ਗਲਪ ਅਤੇ ਵਾਰਤਕ ਹਨ। ਇਹਨਾਂ ਰੂਪਾਂ ਦੀਆਂ ਅਗੇ ਵਿਭਿੰਨ ਵਿਧਾਵਾਂ (ਖੇਤਰ) ਹਨ

ਜੋ ਕਿ ਵਿਸ਼ੇਸ਼ ਸਾਹਿਤਕਰੂਪ ਦੇ ਅੰਤਰਗਤ ਰਹਿੰਦੇ ਹੋਏ ਆਪਣੀ ਵਿਲੱਖਣ ਵਿਸਸ਼ਿਟ ਮੌਲਿਕ ਅਤੇ ਸੁਤੰਤਰ ਹੋਂਦ ਰਖਦੀਆਂ ਹਨ। ਸੰਬੰਧਿਤ ਵਿਸ਼ੇ ਨੂੰ ਮੁਖ ਰਖਦਿਆਂ ਅਸੀਂ ਕੇਵਲ ਇਹਨਾਂ ਵਿਚੋਂ ਕਾਵਿ ਦੇ ਸੰਦਰਭ ਵਿਚ ਸੰਚਾਰ ਅਧਿਐਨ ਅਤੇ ਵਿਸਲੇਸ਼ਣ ਕਰਾਂਗੇ। ਜਿਸਦਾ ਵਿਸਤ੍ਰਿਤ ਵਰਣਨ ਅਗਲੇ ਪੰਨਿਆਂ ਵਿਚ ਕੀਤਾ ਜਾਵੇਗਾ।

## 7. ਕਾਵਿ: ਸੰਚਾਰ ਤੇ ਸੰਚਾਰ ਪ੍ਰਕ੍ਰਿਆ

ਮਨੁੱਖੀ ਵਿਕਾਸ ਦੇ ਅੰਤਰਗਤ ਮਾਨਵ ਸਭਿਆਚਾਰ ਦਾ ਸ੍ਰਿਜਕ ਹੈ ਅਤੇ ਹਰੇਕ ਸਭਿਆਚਾਰ ਨੂੰ ਆਪਣੇ ਹਰੇਕ ਪੜਾਓ ਤੇ ਕਾਵਿ ਸਿਰਜਨਾ ਕੀਤੀ ਹੈ। ਕਾਵਿ ਮਨੁੱਖ ਦੀ ਰਚਨਾਤਮਕ ਕ੍ਰਿਤ ਹੈ। ਜਿਸ ਨੂੰ ਅਭਿਵਿਅੰਜਨਾ ਦੇ ਵਿਭਿੰਨ ਪਸਾਰਾਂ ਕਰਕੇ ਵਿਲੱਖਣ ਕਲਾ ਕ੍ਰਿਤ ਵਜੋਂ ਜਾਣਿਆ ਜਾਂਦਾ ਹੈ। ਕਵੀ ਜਗਤ ਦੇ ਅਮੂਰਤ/ਸਮੂਰਤ ਵਿਸ਼ਿਆਂ ਨੂੰ ਲੈ ਕੇ ਕਾਵਿ ਸਿਰਜਨਾ ਕਰਦਾ ਹੈ। ਕਵੀ ਦਾ ਅਨੁਭਵ ਤੇ ਉਸ ਦੀ ਉਚ ਪੱਧਰ ਦੀ ਪ੍ਰਤਿਭਾ ਅਤੇ ਕਲਪਨਾ ਕਾਵਿ ਸਿਰਜਨਾ ਦੇ ਰੂਪ ਨੂੰ ਨਿਰਧਾਰਿਤ ਕਰਦੀ ਹੈ। ਕਾਵਿ ਰਚਨਾ ਮਾਨਸੀ ਪ੍ਰਕ੍ਰਿਆ ਵਿਚੋਂ ਗੁਜ਼ਰਦੀ ਹੋਈ ਬਾਹਰੀ ਅਭਿਵਿਅਕਤੀ ਨੂੰ ਗਤੀਸ਼ੀਲ ਰੂਪ ਪ੍ਰਦਾਨ ਕਰਦੀ ਹੈ। ਕਲਾਕਾਰ ਮਨ ਵਿਚ ਭਾਵਮੰਡਲ ਦੀ ਸਿਰਜਨਾ ਕਰਦਿਆਂ ਉਸ ਨੂੰ ਕਿਸੇ ਨਾ ਕਿਸੇ ਰੂਪਾਕਾਰ ਵਿਚ ਵਿਅਕਤ ਕਰਦਾ ਹੈ। ਜਿਸ ਦੇ ਅੰਤਰਗਤ ਬੁਧੀ, ਭਾਵ, ਕਲਪਨਾ ਅਤੇ ਭਾਸ਼ਾ ਦੇ ਵਿਭਿੰਨ ਤੱਤ ਸਮਿਲਤ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਇਸ ਪ੍ਰਕਾਰ ਕਾਵਿ ਦੀ ਸੰਰਚਨਾ ਨਿਸ਼ਚਿਤ ਹੋਣ ਤੋਂ ਬਾਅਦ ਉਸਦਾ ਸੰਚਾਰ ਹੁੰਦਾ ਹੈ। ਕਵੀ ਦਾ ਅਨੁਭਵ ਅਤੇ ਅਭਿਵਿਅਕਤੀ ਸੰਬੰਧਿਤ ਵਿਸ਼ੇ ਦੇ ਅਨੁਸਾਰੀ ਹੋ ਵਸਤੂ ਵਿਧਾਨ ਵਿਚ ਪਰਿਵਰਤਿਤ ਹੋ ਸੰਚਾਰ ਦੀ ਪ੍ਰਕ੍ਰਿਆ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ। ਇਸ ਤੋਂ ਪਹਿਲਾਂ ਕਿ ਕਾਵਿ ਦੀ ਸੰਚਾਰਮੁਖਤਾ ਅਤੇ ਇਸ ਦੇ ਕਲਾਮਈ ਵਿਲੱਖਣਤਾ ਦੇ ਵਿਭਿੰਨ ਪਾਸਾਰਾਂ ਉਤੇ ਚਰਚਾ ਕੀਤੀ ਜਾਵੇ, ਇਹ ਜ਼ਰੂਰੀ ਹੋ ਜਾਂਦਾ ਹੈ ਕਿ ਕਾਵਿ ਦੇ ਵਿਭਿੰਨ ਕਲਾਮਈ ਤੱਤਾਂ ਨਾਲ ਸੰਬੰਧਿਤ ਅਧਿਐਨ ਤੋਂ ਆਪਣੇ ਵਿਸਲੇਸ਼ਣ ਦਾ ਆਰੰਭ ਕਰੀਏ ਕਿਉਂਜੋ ਕਾਵਿ ਕਲਾ ਦੀ ਪਹਿਚਾਣ ਕਾਵਿ ਦੇ ਸਮੁੱਚੇ ਸਰੂਪ ਪਿਛੇ ਕਰਦੀਆਂ ਸ਼ਿਲਪ ਜੁਗਤਾਂ ਅਤੇ ਕਲਾ ਨਾਲ ਇਹਨਾਂ ਦਾ ਸੰਬੰਧ ਸਮਝੇ ਬਿਨਾਂ ਸੰਭਵ ਨਹੀਂ। ਪੂਰਬੀ ਤੇ ਪਛੱਮੀ ਵਿਦਵਾਨਾਂ ਨੇ ਕਾਵਿ ਨੂੰ ਇਕ ਸੂਖਮ ਕਲਾ ਵਜੋਂ ਸਵੀਕਾਰ ਕੀਤਾ ਹੈ। ਵਿਸ਼ਵ ਵਿਦਵਾਨਾਂ ਨੇ ਇਸ ਸੰਬੰਧ ਵਿਚ ਕਾਵਿ ਦੀਆਂ ਅਨੇਕਾਂ ਪਰਿਭਾਸ਼ਾਵਾਂ ਦਿਤੀਆਂ ਹਨ। ਜਿਹੜੀਆਂ ਆਪਣੇ ਅਨੇਕ ਪ੍ਰਕਾਰੀ ਹੋਣ ਕਰਕੇ ਇਕ ਦੂਜੇ ਤੋਂ ਭਿੰਨ ਹਨ।

7.1 ਭਾਰਤੀ ਕਾਵਿ ਸਿਧਾਂਤ ਅਤੇ ਪਰਿਭਾਸ਼ਾ: ਕਾਵਿ ਦੀ ਕਾਇਆ ਸ਼ਬਦ ਅਤੇ ਅਰਥ ਤੋਂ ਨਿਰਧਾਰਤ ਹੁੰਦੀ ਹੈ। ਭਾਮਹ ਨੇ ਕਾਵਿ ਦੀ ਪਰਿਭਾਸ਼ਾ ਬੜੀ ਸੰਖੇਪ ਪਰ ਭਾਵਪੂਰਤ ਕੀਤੀ ਹੈ। ਉਸ ਦੇ ਅਨੁਸਾਰ

'ਸੁਬਦ' ਤੇ 'ਅਰਥ' ਦੇ ਸਹਿਭਾਵ ਨੂੰ ਕਾਵਿ ਕਿਹਾ ਜਾਂਦਾ ਹੈ।[15] ਇਸ ਤੋਂ ਭਾਵ ਹੈ ਕਿ ਜਦੋਂ ਸ਼ਬਦ ਅਤੇ ਅਰਥ ਇਕਮਿਕ ਹੋ ਜਾਂਦੇ ਹਨ ਤਾਂ ਆਪੋ ਆਪਣੀ ਵਿੱਥ ਤੇ ਵੱਖਰਤਾ ਛਡਕੇ ਸ੍ਵੈਲੀਨ ਹੋ ਜਾਂਦੇ ਹਨ ਤਾਂ ਕਾਵਿ ਦੀ ਰਚਨਾ ਹੁੰਦੀ ਹੈ। ਆਚਾਰੀਆ ਵਾਮਨ ਕਵਿਤਾ ਨੂੰ ਵਿਸ਼ਿਸ਼ਟ ਪਦ ਰਚਨਾ ਵਜੋਂ ਸਵੀਕਾਰ ਕਰਦੇ ਹਨ ਜਿਸ ਅਨੁਸਾਰ ਸ਼ਬਦਾਂ ਦੀ ਖ਼ਾਸ ਤਰ੍ਹਾਂ ਦੀ ਜੜਤ ਕਾਵਿ ਦੀ ਬਣਤ ਬਣਾਉਂਦੀ ਹੈ ਅਤੇ ਇਸੇ ਨੂੰ ਹੀ ਗੁਣ ਅਲੰਕਾਰ ਸਹਿਤ ਸੁਬਦਾਰਥ ਕਿਹਾ ਜਾਂਦਾ ਹੈ। ਜਦੋਂ ਕਿ ਆਚਾਰੀਆ ਮੰਮਟ ਅਨੁਸਾਰ ਉਹ ਸ਼ਬਦ ਅਤੇ ਅਰਥ ਕਾਵਿ ਕਹੇ ਜਾਂਦੇ ਹਨ ਜੋ ਦੋਸ਼ ਰਹਿਤ ਅਤੇ ਗੁਣ ਯੁਕਤ ਹੋਣ। ਸੰਖੇਪ ਵਿਚ ਇਹ ਕਹਿਣਾ ਉਚਿਤ ਹੋਵੇਗਾ ਕਿ ਭਾਰਤੀ ਆਚਾਰੀਆ ਨੇ ਦੋਸ਼ ਰਹਿਤ ਅਤੇ ਗੁਣ ਸਹਿਤ ਭਾਸ਼ਾਤ੍ਮਿਕ ਸੌਂਦਰਯ ਪ੍ਰਗਟਾਵੇ ਨੂੰ ਕਾਵਿ ਕਿਹਾ ਹੈ, ਅਰਥਾਤ ਜਦੋਂ ਸੁਬਦ ਅਤੇ ਅਰਥ ਵਿਸ਼ੇਸ਼ ਤਰ੍ਹਾਂ ਨਾਲ ਪ੍ਰਯੁਕਤ ਹੋ ਜਾਣ ਤਦ ਉਹ ਕਾਵਿ-ਸਰੂਪ ਧਾਰਨ ਕਰ ਲੈਂਦੇ ਹਨ। ਅਜਿਹੇ ਸੁਬਦਾਂ ਨੂੰ ਆਚਾਰੀਆ ਵਾਮਨ ਨੇ ਸੁਬਦ-ਪਾਕ ਕਿਹਾ ਹੈ ਜਿਸ ਤੋਂ ਸਪਸ਼ਟ ਅਰਥ ਇਹ ਲਏ ਜਾਂਦੇ ਹਨ ਕਿ ਨਿਸ਼ਚਿਤ ਰੂਪ ਵਿਚ ਸ਼ਬਦਾਂ ਦੀ ਅਭਿਵਿਅੰਜਨਾ ਤੋਂ ਹੈ।[16] ਜਿਸ ਨੂੰ 'ਸੁਸਬਦਯ' ਸੁਬਦ ਪਾਕ ਵਿਸ਼ੇਸ਼ ਸ਼ਬਦਾਰਥ ਜਾਂ ਸ਼ਬਦਾਰਥ ਕਿਹਾ ਜਾਂਦਾ ਹੈ। ਇਹਨਾਂ ਨੂੰ ਆਚਾਰੀਆ ਨੇ ਕਾਵਿ ਪ੍ਰਗਟਾਅ ਕਿਹਾ ਹੈ। ਉਪਰੋਕਤ ਤੱਥ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ (ਸੁਬਦ+ਅਰਥ) ਕਾਵਿ ਪਰਿਭਾਸ਼ਾ ਦਾ ਕੇਂਦਰੀ ਤੱਤ ਹੈ। ਜਿਸ ਦਾ ਕਾਵਿ ਦੇ ਵਿਸ਼ੇ ਅਤੇ ਅਭਿਵਿਅੰਜਨਾ ਨਾਲ ਡੂੰਘਾ ਸੰਬੰਧ ਹੈ। ਵਿਦਵਾਨਾਂ ਨੇ ਕਾਵਿ ਦੇ ਪ੍ਰਗਟਾਅ ਲਈ ਕਾਵਿ ਤੱਤਾਂ ਦਾ ਹੋਣਾ ਲਾਜ਼ਮੀ ਦਸਿਆ ਹੈ, ਜੋ ਕਿ ਕਾਵਿ ਕਲਾ ਵਿੱਚ ਸਹਿਜ ਰੂਪ ਵਿੱਚ ਹੀ ਵਿਦਮਾਨ ਹੁੰਦੇ ਹਨ। ਇਹਨਾਂ ਕਲਾ ਤੱਤਾਂ ਵਿਚੋਂ ਹੇਠ ਲਿਖੇ ਤੱਤ ਖ਼ਾਸ ਤੌਰ ਤੇ ਵਰਣਨਯੋਗ ਹਨ:

7.2 ਕਾਵਿ-ਰਸ: ਭਾਰਤੀ ਆਲੋਚਨਾ ਵਿਚ ਰਸ ਨੂੰ ਬੜੀ ਮਹੱਤਾ ਪ੍ਰਾਪਤ ਹੈ। ਭਾਰਤੀ ਕਾਵਿ ਸ਼ਾਸਤ੍ਰ ਦੀਆਂ ਵਿਭਿੰਨ ਸੰਪਰਦਾਵਾਂ ਜਿਵੇਂ ਕਿ ਧੁਨੀ, ਅਲੰਕਾਰ, ਰੀਤਿ, ਵਕ੍ਰੋਕਤੀ, ਔਚਿਤਯ ਆਦਿ ਵਿਚ ਰਸ ਸੰਪਰਦਾਇ ਨੂੰ ਸਭ ਤੋਂ ਵਧੇਰੇ ਮਾਣ ਤੇ ਪ੍ਰਤਿਸ਼ਠਾ ਹਾਸਿਲ ਹੈ। ਕਿਉਂਜੋ ਰਸ ਸਿਧਾਂਤ ਜਿਥੇ ਇਕ ਪਾਸੇ ਭੌਤਿਕ ਚੇਤਨਾ ਨਾਲ ਸੰਬੰਧਿਤ ਹੈ ਦੂਜੇ ਪਾਸੇ ਇਸ ਦਾ ਸੰਬੰਧ ਮਨੁੱਖੀ ਮਨੋ-ਚੇਤਨਾ ਨਾਲ ਵੀ ਉਨਾ ਡੂੰਘਾ ਤੇ ਗਹਿਰ ਗੰਭੀਰ ਹੈ। ਰਸ ਦੁਆਰਾ ਮਨੁੱਖੀ ਮਨੋਭਾਵਾਂ ਦੀਆਂ ਕ੍ਰਿਆਵਾਂ ਅਤੇ ਪ੍ਰਤਿਕ੍ਰਿਆਵਾਂ ਦਾ ਵਿਗਿਆਨਿਕ ਵਿਸਲੇਸ਼ਣ ਹੁੰਦਾ ਹੈ। ਕਾਵਿ ਜਿਸ ਵਿਚ ਮਨੁੱਖ ਦੇ ਅਨੁਭਵ ਅਤੇ ਮਨੋਭਾਵਾਂ ਦਾ ਪ੍ਰਗਟਾਅ ਕੀਤਾ ਜਾਂਦਾ ਹੈ ਇਸੇ ਕਰਕੇ ਇਹਨਾਂ ਹੀ ਭਾਵਾਂ ਦਾ ਵਿਸਲੇਸ਼ਣ ਕਰਨ ਵਾਲੇ ਰਸ ਸਿਧਾਂਤ ਨੂੰ ਸਰਵ ਪ੍ਰਵਾਨਿਤ ਕੀਤਾ

---

15. ਡਾ. ਪ੍ਰੇਮ ਪ੍ਰਕਾਸ਼, ਭਾਰਤੀ ਕਾਵਿ ਸ਼ਾਸਤ੍ਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1976, ਪੰਨਾ 41

16. "The Paka is fixedness in the application of words, vaman, Kavyalankara Sutra, 1.3.15."
(ਉਦ੍ਰਿਤ, ਜਗਬੀਰ ਸਿੰਘ (ਡਾ.) ਗੁਰੂ ਨਾਨਕ ਬਾਣੀ [illegible], ਪੰਨਾ 28)

ਜਾਂਦਾ ਹੈ। ਰਸ ਸਿਧਾਂਤ ਦੀ ਲੋਕਪ੍ਰਿਯਤਾ ਅਤੇ ਵਿਗਿਆਨਕਤਾ ਕਾਰਣ ਭਾਰਤੀ ਆਚਾਰੀਆ ਰਸ ਨੂੰ ਕਾਵਿ ਦੀ ਆਤਮਾ ਵਜੋਂ ਸਵੀਕਾਰ ਕਰਦੇ ਹਨ।

7.2.1 ਰਸ ਪਰਿਭਾਸ਼ਾ ਤੇ ਸਰੂਪ: ਸੰਸਕ੍ਰਿਤ ਕਾਵਿ-ਸ਼ਾਸਤਰ ਵਿਚ 'ਰਸ' ਦੀ ਸਾਧਾਰਣ ਕਾਵਿ-ਸੁੰਦਰਤਾ ਦੇ ਅਰਥਾਂ ਵਿਚ ਵਰਤੋਂ ਹੋਈ ਹੈ। ਉਦਾਹਰਣ ਵਜੋਂ ਦੰਡੀ ਨੇ ਮਧੁਰਯ ਗੁਣ ਦਾ ਵਿਵੇਚਨ ਕਰਨ ਵੇਲੇ ਇਸੇ ਅਰਥ ਵਿਚ ਰਸ ਦੀ ਵਰਤੋਂ ਕੀਤੀ ਹੈ।

ਮਧੁਰੰ ਰਸਵਦ ਵਾਚਿ ਵਸੁਤ ਨਯਪਿ ਰਸ ਸਥਤਿ! [17]

( ਕਾਵਯਦਰਪਣ 1.51 )

ਭਰਤਮੁਨੀ ਨੇ 'ਨਾਟਸ਼ਾਸਤਰ' ਵਿਚ ਰਸ ਨੂੰ ਸਾਹਿਤਿਕ ਮਹੱਤਵ ਦਿਤਾ ਭਾਵੇਂ ਭਰਤਮੁਨੀ ਨੇ ਪ੍ਰਮੁੱਖ ਰੂਪ ਵਿਚ ਰਸ ਨੂੰ ਪ੍ਰਧਾਨਤਾ ਨਹੀਂ ਦਿਤੀ ਪਰੰਤੂ ਉਹਨਾਂ ਇਹ ਸਵੀਕਾਰ ਕੀਤਾ ਕਿ ਰਸ ਤੋਂ ਬਿਨਾਂ ਨਾਟ ਵਿਚ ਕੁਝ ਨਹੀਂ ਹੋ ਸਕਦਾ। ਰਸ ਸੰਬੰਧੀ ਆਚਾਰੀਆ ਭਰਤਮੁਨੀ ਦੇ ਵਿਚਾਰ ਹਨ ਕਿ ਜਦੋਂ ਵਿਭਾਵ ਅਨੁਭਵ ਅਤੇ ਵਿਭਚਾਰੀ ਭਾਵ ਮਿਲ ਜਾਣ, ਤਦ ਰਸ ਨਿਸ਼ਪਤੀ ਹੁੰਦੀ ਹੈ।[18] ਵਿਭਾਵ ਅਨੁਭਾਵ ਅਤੇ ਵਿਭਚਾਰੀ ਭਾਵ ਮਿਲਕੇ ਸਥਾਈ ਭਾਵ ਨੂੰ ਜਾਗ੍ਰਿਤ ਕਰਦੇ ਹਨ। ਸਥਾਈ ਭਾਵ ਵਿਚ ਹੀ ਵਾਸਤਵ ਵਿਚ ਰਸ-ਭਰਪੂਰਤਾ ਹੁੰਦੀ ਹੈ ਜੋ ਸੌਂਦਰਯ ਜਾਂ ਆਨੰਦ ਅਨੁਭੂਤੀ ਦਾ ਆਧਾਰ ਹੁੰਦੀ ਹੈ। ਇਸਨੂੰ ਹੀ ਆਧਾਰ ਮੰਨ ਕੇ ਮੰਮਟ, ਵਿਸ਼੍ਵਨਾਥ ਆਦਿ ਆਚਰਯ ਨੇ ਰਸ ਸੰਬੰਧੀ ਉਸ ਦੇ ਸਰੂਪ ਦੀ ਵਿਆਖਿਆ ਕਰਦਿਆਂ ਕਿਹਾ ਕਿ ਵਿਭਾਵ, ਅਨੁਭਾਵ, ਸੰਚਾਰੀ ਭਾਵ ਦੇ ਸੰਜੋਗ ਤੋਂ ਹਿਰਦੇ ਦੇ ਸਥਾਈ ਭਾਵ ਜਾਗ੍ਰਿਤ ਤੇ ਪੁਸ਼ਟ ਹੋ ਕੇ ਰਸ ਨਿਸ਼ਪਤੀ ਦਾ ਕਾਰਣ ਬਣਦੇ ਹਨ। ਸੰਸਕ੍ਰਿਤ ਆਚਾਰੀਆ ਵਿਭਾਵ ਦਾ ਅਰਥ ਭੌਤਿਕ ਕਾਰਣਾਂ ਤੋਂ ਉਤਪੰਨ ਮਾਨਸਿਕ ਅਵਸਥਾ ਨੂੰ ਸਵੀਕਾਰਦੇ ਹਨ ਜਦੋਂ ਬੁਨਿਆਦੀ ਮਾਨਸਿਕ ਅਵਸਥਾ ਦੁਆਰਾ ਉਤਸ਼ਾਹਿਤ ਹੋਈਆਂ ਤਬਦੀਲੀਆਂ ਅੰਦਰਵਰਤੀ ਅਵਸਥਾ ਵਲ ਸੰਕੇਤ ਕਰਨ ਅਤੇ ਉਹਨਾਂ ਦਾ ਪ੍ਰਗਟਾਅ ਸਰੀਰਕ ਅੰਗਾਂ ਦੀਆਂ ਚੇਸ਼ਟਾਵਾਂ ਵਿਚੋਂ ਉਦੀਪਤ ਹੋਵੇ ਤਦ ਉਹਨਾਂ ਨੂੰ ਅਨੁਭਾਵ ਕਿਹਾ ਜਾਂਦਾ ਹੈ। ਵਿਭਚਾਰੀ ਭਾਵ ਹੀ ਸਥਾਈ ਭਾਵ ਹਨ ਜੋ ਕਿ ਰਸ ਦੇ ਪ੍ਰਗਟਾਓ ਵਿਚ ਸਹਾਇਕ ਹੁੰਦੇ ਹਨ। ਸਥਾਈ ਭਾਵ ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਜੋ ਸਦੀਵੀ ਤੇ ਚਿਰਸਥਾਈ ਹੋਣ। ਮਨੁੱਖੀ ਮਨੋਮੰਡਲ ਵਿਚ ਦੇਰ ਤਕ ਸਥਿਰ ਰਹਿਣ ਵਾਲੇ ਇਹ ਭਾਵ ਆਪਣੇ ਵਿਰੋਧੀ ਜਾਂ ਸਹਿਯੋਗੀ ਹੋਰ ਭਾਵਾਂ

---

17. ਡਾ. ਨਗੇਂਦ੍ਰ, ਰਸ ਸਿਧਾਂਤ (ਉਦਰਤ), ਪੰਨਾ 118

18. Nataya Sastra, Gaikwad Oriental Series Vol.1, p. 274.

ਨੂੰ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਉਪਰੋਕਤ ਵਿਚਾਰ ਤੋਂ ਇਹ ਭਲੀ ਭਾਂਤ ਸਪਸ਼ਟ ਹੈ ਕਿ ਰਸ ਨਿਸ਼ਪਤੀ ਦਾ ਕਾਰਣ ਮੂਲ ਰੂਪ ਵਿਚ ਚਾਰ ਤੱਤਾਂ ਦੀ ਹੋਂਦ ਹੈ ਪਰੰਤੂ ਇਹ ਚਾਰੇ ਤੱਤ ਅਲਗ ਅਲਗ ਰਸ ਦਾ ਕਾਰਣ ਨਹੀਂ ਬਣ ਸਕਦੇ ਚਾਰਾਂ ਦੀ ਇਕਰੂਪਤਾ ਵਿਚ ਹੀ ਰਸ ਦੀ ਸਥਿਤੀ ਹੈ ਇਸੇ ਲਈ ਰਸ ਨੂੰ ਸਾਮੂਹਿਕ (Collective whole ) ਕਿਹਾ ਜਾਂਦਾ ਹੈ।

7.2.2 ਸਾਧਾਰਣੀਕਰਣ: ਰਸ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਵਿਭਾਵ, ਅਨੁਭਾਵ ਸੰਚਾਰੀ ਭਾਵਾਂ ਦੇ ਸੰਯੋਗ ਤੋਂ ਹਿਰਦੇ ਦੇ ਸਥਾਈ ਭਾਵ ਪੁਸ਼ਟ ਹੋ ਕੇ ਰਸ ਨਿਸ਼ਪਤੀ ਦਾ ਕਾਰਣ ਬਣਦੇ ਹਨ। ਕਾਵਿ ਰਸ ਦਾ ਅਨੁਭਵ ਕੇਵਲ ਵਿਅਕਤੀ ਦੇ ਵਿਅਕਤੀਗਤ ਅਨੁਭਵ ਤਕ ਹੀ ਸੀਮਿਤ ਨਹੀਂ ਹੁੰਦਾ ਸਗੋਂ ਇਹ ਸਭ ਲਈ ਸਰਬ ਸਾਂਝਾ ਹੁੰਦਾ ਹੈ। ਕਹਿਣ ਤੋਂ ਭਾਵ ਇਹ ਹੈ ਕਿ ਵਿਸ਼ੇਸ਼ ਭਾਵ ਕੇਵਲ ਵਿਸ਼ੇਸ਼ ਵਿਅਕਤੀ ਦੀ ਥਾਂ ਸਭਨਾਂ ਲਈ ਪੂਰਕ (ਸਾਂਝਾ) ਹੋ ਸਕਦਾ ਹੈ, ਜੋ ਕਿ ਸਾਧਾਰਣੀਤਵ ਦੇ ਰੂਪ ਵਿਚ ਪਰਿਵਰਤਿਤ ਹੁੰਦਾ ਹੈ। ਆਚਾਰੀਆ ਰਾਮਚੰਦਰ ਸੁਕਲ ਅਨੁਸਾਰ ਜਦੋਂ ਤਕ ਕਿਸੇ ਭਾਵ ਦਾ ਕੋਈ ਵਿਸ਼ੈ ਇਸ ਰੂਪ ਵਿਚ ਨਹੀਂ ਲਿਆਇਆ ਜਾਂਦਾ ਕਿ ਉਹ ਸਭ ਨੂੰ ਉਸੇ ਭਾਵ ਦਾ ਆਲੰਬਨ ਦੇ ਸਕੇ ਉਦੋਂ ਤਕ ਉਸ ਵਿਚ 'ਰਸੋ ਦਬੋਧਨ' ਦੀ ਪੂਰਨ ਸ਼ਕਤੀ ਨਹੀਂ ਆਉਂਦੀ। ਇਸ ਰੂਪ ਵਿਚ ਲਿਆਇਆ ਜਾਣਾ ਹੀ ਸਾਧਾਰਣੀਕਰਣ ਅਖਵਾਉਂਦਾ ਹੈ।[19] ਅਜਿਹੇ ਭਾਵ ਜੋ ਕਵੀ ਮਨ ਵਿਚ ਵਿਗਸਤ ਹੋ ਰਹੇ ਹਨ ਕਵੀ ਦੇ ਭਾਵ ਦਾ ਆਲੰਬਨ ਹੈ ਜੋ ਕਿ ਪਾਠਕ ਜਾਂ ਸਰੋਤੇ ਤਕ ਅਪੜਦਾ ਹੈ। ਸੰਸਕ੍ਰਿਤ ਆਚਾਰੀਆ ਇਹ ਸਵੀਕਾਰਦੇ ਹਨ ਕਿ ਜਦੋਂ ਵੀ ਵਿਅਕਤੀ ਰਸ ਮਾਣ ਰਿਹਾ ਹੁੰਦਾ ਹੈ ਤਦ ਉਸ ਸਮੇਂ ਉਸ ਦੇ ਮਨ ਦੀਆਂ ਬਾਕੀ ਸਭ ਰੁਚੀਆਂ ਲੁਪਤ ਹੋ ਜਾਂਦੀਆਂ ਹਨ ਅਤੇ ਮਨੁੱਖ ਉਸ ਘੜੀ 'ਬ੍ਰਹਮ-ਆਨੰਦ' ਜਾਂ 'ਸੌਂਦਰਯ-ਆਨੰਦ' ਨੂੰ ਮਾਣਦਾ ਹੈ।[20] ਸੋ ਇਹ ਕਿਹਾ ਜਾ ਸਕਦਾ ਹੈ ਕਿ ਰਸ ਅਵਸ਼੍ਯ ਅਜਿਹੀ ਅਵਸਥਾ ਹੈ ਜਿਸ ਦਾ ਵਿਸ਼ਲੇਸ਼ਣ ਕਰਨਾ ਕਠਿਨ ਹੈ। ਇਹ ਤਾਂ ਆਤਮ ਅਨੁਭਵ ਦੀ ਪ੍ਰਕ੍ਰਿਆ ਹੈ ਜਿਸ ਨੂੰ ਅਨੁਭੂਤੀ ਵਿਸ਼ੇਸ਼ ਅਵਸਥਾ ਵਿਚ ਗ੍ਰਹਿਣ ਕੀਤਾ ਜਾ ਸਕਦਾ ਹੈ। ਰਸ ਦੇ ਇਸ ਵਿਸ਼ਿਸ਼ਟ ਤੇ ਵਿਲਖਣ ਗੁਣ ਸਦਕਾ ਇਸ ਨੂੰ 'ਕਾਵਿ ਦੀ ਆਤਮਾ' ਕਿਹਾ ਜਾਂਦਾ ਹੈ। ਆਪਣੇ ਵਿਸ਼ਾਲ ਅਤੇ ਵਿਸਤ੍ਰਤ ਗੁਣਾਂ ਦੇ ਧਾਰਣੀ 'ਰਸ' ਦਾ ਵਰਗੀਕਰਣ ਵਿਭਿੰਨ ਸਥਾਈ ਭਾਵਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਜੋ ਕਿ ਵਿਭਿੰਨ ਭਾਵਾਂ ਨੂੰ ਸਮੂਰਤਨ ਕਰਨ ਵਿਚ ਸਹਾਈ ਹੁੰਦੇ ਹਨ। ਮੁੱਖ ਰੂਪ ਵਿਚ ਇਹ ਨੌਂ ਪ੍ਰਕਾਰ ਦੇ ਹਨ:

---

19. ਰਾਮ ਚੰਦਰ ਸੁਕਲ, <u>ਰਸ ਮੀਮਾਂਸਾ</u>, ਪੰਨਾ 217

20. P.V. Kane, <u>History of Sanskrit Poetics</u>, p. 360.

1. ਕਰੁਣਾ ਰਸ
2. ਸ਼੍ਰਿੰਗਾਰ ਰਸ
3. ਰੌਦਰ ਰਸ
4. ਵੀਰ ਰਸ
5. ਸ਼ਾਂਤ ਰਸ
6. ਹਾਸ ਰਸ
7. ਭਿਆਨਕ ਰਸ
8. ਵੀਭਤਸ ਰਸ
9. ਅਦਭੁਤ ਰਸ

ਰਸ ਦੀ ਹੋਂਦ ਕਵਿਤਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਲਾਜ਼ਮੀ ਹੈ। ਕਵਿਤਾ ਵਿਚ ਆਪਣੇ ਵਿਭਿੰਨ ਵਿਸ਼ਿਸ਼ਟ ਗੁਣਾਂ ਸਹਿਤ ਵਿਦਮਾਨ ਰਸ ਮਨੁੱਖ ਦੀਆਂ ਬਹੁਪੱਖੀ ਭਾਵਨਾਵਾਂ ਤੇ ਜਜ਼ਬਿਆਂ ਨੂੰ ਤ੍ਰਿਪਤ ਕਰਨ ਵਾਲਾ ਆਧਾਰ ਮੂਲਿਕ ਤੱਤ ਹੈ। ਜਿਥੇ ਇਹ ਕਵਿਤਾ ਨੂੰ ਬਾਹਰੀ ਸੌਂਦਰਯ ਪ੍ਰਦਾਨ ਕਰਵਾਉਂਦਾ ਹੈ ਉਥੇ ਕਾਵਿ ਦੇ ਆਤਮਿਕ ਆਨੰਦ ਦੀ ਪੂਰਤੀ ਕਰਦਿਆਂ ਹੋਇਆਂ ਸੰਚਾਰ ਦੀ ਪ੍ਰਕ੍ਰਿਆ ਨੂੰ ਸਹਿਜ ਸਰਲ ਅਤੇ ਸੁਖੈਨ ਬਣਾਉਂਦਿਆਂ ਕਵਿਤਾ ਦੇ ਸਹਾਇਕ ਤੱਤ ਵਜੋਂ ਦ੍ਰਿਸ਼ਟਮਾਨ ਹੁੰਦਾ ਹੈ।

7.3 <u>ਅਲੰਕਾਰ:</u> ਕਾਵਿ ਦੀ ਸੰਪੂਰਨ ਅਭਿਵਿਅਕਤੀ, ਪ੍ਰਯੋਜਨ ਦੀ ਸਾਰਥਕਤਾ ਨੂੰ ਸੌਂਦਰਯਮਈ ਤੇ ਆਕਰਸ਼ਕ ਰੂਪ ਵਿਚ ਪ੍ਰਸਤੁਤ ਕਰਨ ਲਈ ਅਲੰਕਾਰ ਕਾਵਿ ਵਿਚ ਮਹੱਤਵਪੂਰਨ ਅੰਗ ਵਜੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਭਾਰਤੀ ਕਾਵਿ ਸ਼ਾਸਤਰ ਵਿਚ ਅਲੰਕਾਰ ਵਿਧਾਨ ਦੀ ਦੀਰਘ ਪਰੰਪਰਾ ਹੈ ਜੋ ਅਲੰਕਾਰ ਸੰਪ੍ਰਦਾਇ ਨਾਲ ਪ੍ਰਸਿੱਧ ਹੈ।

ਅਲੰਕਾਰ ਸ਼ਬਦ ਵਿਚ 'ਅਲੰ' ਤੇ 'ਕਾਰ' ਦੋ ਅੰਗ ਹਨ। 'ਅਲੰ' ਦਾ ਅਰਥ ਗਹਿਣਾ, ਭੂਸ਼ਣ, ਸੁਹਜ ਹੈ ਅਤੇ 'ਕਾਰ' (ਵਿਸ਼ੇਸ਼) ਕਰਤਾ ਕਰਨ ਵਾਲਾ। ਭਾਵ ਇਹ ਕਿ ਜਿਸ ਦੁਆਰਾ ਸਜਾਇਆ ਜਾਵੇ ਉਹੀ ਅਲੰਕਾਰ ਹੈ। ਅਲੰਕਾਰ ਕਾਵਿ ਦੇ ਸੁਹਜ ਨੂੰ ਵਧਾਉਣ ਵਾਲੀ ਜੁਗਤ ਹੈ। ਇਸ ਦੁਆਰਾ ਕਵਿਤਾ ਦਾ ਅਰਥ ਸੰਚਾਰ ਸਪਸ਼ਟ, ਸੁੰਦਰਤਮ, ਪ੍ਰਭਾਵੀ ਤੇ ਸੁਹਜਮਈ ਹੁੰਦਾ ਹੈ। ਇਹਨਾਂ ਅਰਥਾਂ ਵਿਚ ਅਲੰਕਾਰ ਕਾਵਿ ਦੇ ਸਹਾਇਕ ਉਪਕਾਰੀ ਤੱਤ ਵਜੋਂ ਦ੍ਰਿਸ਼ਟਮਾਨ ਹੁੰਦੇ ਹਨ। ਪਰ ਇਸ ਦੇ ਵਿਪਰੀਤ ਇਸ ਸੰਪਰਦਾਇ ਦੇ ਆਦਿ ਕਰਤਾ ਆਚਾਰੀਆ ਭਾਮਹ ਅਤੇ ਹੋਰ ਵਿਦਵਾਨ ਜਿਵੇਂ ਕਿ ਦੰਡੀ,

ਉਦਭਟ, ਵਾਮਨ, ਰੁਦ੍ਰਟ, ਰਾਜਸ਼ੇਖਰ ਤੇ ਜਗਨਨਾਥ ਆਦਿ ਅਲੰਕਾਰ ਨੂੰ ਕਾਵਿ ਦਾ 'ਕੇਂਦਰੀ ਤੱਤ' ਜਾਂ ਆਤਮਾ ਵਜੋਂ ਸਵੀਕਾਰਦੇ ਇਸ ਨੂੰ ਕਾਵਿ ਸੋਂਦਰਯ ਦਾ ਮੂਲ ਆਧਾਰ ਮੰਨਦੇ ਹੋਏ ਬਾਕੀ ਸਾਰੇ ਤੱਤਾਂ ਨੂੰ ਇਸ ਦੇ ਸਾਹਮਣੇ ਗੌਣ ਆਖਦੇ ਹਨ। ਅਲੰਕਾਰ ਸੰਪ੍ਰਦਾਇ ਦੇ ਮੁਢਲੇ ਵਿਆਖਿਆਕਾਰ ਆਚਾਰੀਆ ਭਾਮਹ ਨੇ ਆਪਣੇ ਗ੍ਰੰਥ ਕਾਵਿ-ਅਲੰਕਾਰ ਵਿਚ ਅਲੰਕਾਰ ਦੀ ਬੁਨਿਆਦ ਕਾਵਿ ਦੀ ਵਕ੍ਰੋਕਤੀ ਦਸੀ ਹੈ, ਉਹਨਾਂ ਅਨੁਸਾਰ ਸਹਿਜ ਸੁਭਾ ਰੂਪ ਵਾਲੀ ਭਾਸ਼ਾ ਵਿਚ ਚਮਤਕਾਰ ਨਹੀਂ ਹੁੰਦਾ ਭਾਸ਼ਾ ਦੀ ਸਜਾਵਟ ਜਾਂ ਇਸ ਦੇ ਸ਼ਿੰਗਾਰ ਨੂੰ ਵਿੰਗੇ ਟੇਢੇ (ਵਕ੍ਰ) ਕਥਨ (ਵਕ੍ਰ+ਉਕਤੀ– ਵਕ੍ਰੋਕਤੀ) ਦੀ ਜ਼ਰੂਰਤ ਹੈ।[21] ਜਿਸ ਤੋਂ ਬਿਨਾਂ ਕੋਈ ਵੀ ਅਲੰਕਾਰ ਸੰਭਵ ਨਹੀਂ। ਆਚਾਰੀਆ ਦੰਡੀ ਨੇ 'ਕਾਵਿ ਆਦਰਸ਼' ਵਿਚ ਕਾਵਿ ਦੇ ਸੁਹਜ ਨੂੰ ਪੈਦਾ ਕਰਨ ਵਾਲੇ ਧਰਮ ਨੂੰ ਅਲੰਕਾਰ ਆਖਿਆ ਹੈ। ਵਾਮਨ ਨੇ ਅਲੰਕਾਰ ਤੋਂ ਦੋ ਅਰਥ ਗ੍ਰਹਿਣ ਕੀਤੇ ਇਕ ਅਰਥ ਅਨੁਸਾਰ ਅਲੰਕਾਰ ਕਾਵਿ ਦਾ ਸੁਹਜ ਵਧਾਉ ਧਰਮ ਹੈ ਅਤੇ ਦੂਜੇ ਅਰਥਾਂ ਵਿਚ ਕਾਵਿ ਦਾ ਸੁਹਜ ਮਾਤ੍ਰ ਹੀ ਅਲੰਕਾਰ ਹੈ, ਜਿਸ ਕਾਰਣ ਕਾਵਿ ਵਿਚ ਰੌਚਕਤਾ ਪੈਦਾ ਹੁੰਦੀ ਹੈ।[22] ਪਰੰਤੂ ਰਸਵਾਦੀ ਤੇ ਧੁਨੀਵਾਦੀ ਆਚਾਰੀਆ ਮੰਮਟ, ਵਿਸ਼ਵਨਾਥ ਆਦਿ ਅਲੰਕਾਰ ਨੂੰ ਸੁਹਜ ਸਜਾਵਟ ਦਾ ਸਾਧਨ ਮੰਨਦੇ ਹੋਏ ਇਸ ਨੂੰ ਰਸ ਦੇ ਸਹਾਇਕ ਤੱਤ ਵਜੋਂ ਸਵੀਕਾਰਦੇ ਹਨ ਕਾਵਿ ਦੀ ਮੂਲ ਜਾਂ ਆਤਮਾ ਨਹੀਂ। ਵਿਦਵਾਨਾਂ ਅਨੁਸਾਰ ਕਵਿਤਾ ਵਿਚ ਅਲੰਕਾਰਾਂ ਦੀ ਹੋਂਦ ਅਤਿ ਆਵਸ਼ਕ ਨਹੀਂ। ਇਸ ਤੋਂ ਬਿਨਾਂ ਵੀ ਕਵਿਤਾ ਰਚੀ ਜਾ ਸਕਦੀ ਹੈ ਕਿਉਂਜੋ ਅਲੰਕਾਰ ਕਾਵਿ ਦੇ ਅਸਥਿਰ ਧਰਮ ਹਨ ਸਥਿਰ ਤੱਤ ਨਹੀਂ ਅਰਥਾਤ ਅਲੰਕਾਰ ਕਾਵਿ [illegible] ਵਿਚ ਆ ਵੀ ਸਕਦੇ ਹਨ ਅਤੇ ਨਹੀਂ ਵੀ। ਇਸ ਪ੍ਰਕਾਰ ਅਲੰਕਾਰ ਹੋਰਨਾਂ ਤੱਤਾਂ ਦੇ ਨਾਲ ਨਾਲ ਕਾਵਿ-ਕਲਾ ਦਾ ਇਕ ਤੱਤ ਹੀ ਹੋ ਨਿਬੜਦਾ ਹੈ।

ਭਾਰਤੀ ਆਲੋਚਕਾਂ ਨੇ ਅਲੰਕਾਰਾਂ ਦੀ ਵਿਗਿਆਨਕ ਢੰਗ ਨਾਲ ਵੰਡ ਕਰਨ ਦੇ ਕਈ ਯਤਨ ਕੀਤੇ ਕਿਉਂਜੋ ਅਲੰਕਾਰ ਦਾ ਮੁੱਖ ਆਧਾਰ ਕਹਿਣ ਦਾ ਅਨੋਖਾ ਢੰਗ, ਕਥਨ ਦਾ ਚਮਤਕਾਰ ਜਾਂ ਉਕਤੀ ਦੀ ਵਿਚਿਤ੍ਰਤਾ ਹੈ। ਉਕਤੀ ਦਾ ਪ੍ਰਗਟਾਅ, ਕਹਿਣ ਦਾ ਢੰਗ ਜਾਂ ਸ਼ੈਲੀ ਕਈ ਪ੍ਰਕਾਰ ਦੀ ਹੋ ਸਕਦੀ ਹੈ ਇਸੇ ਪ੍ਰਕਾਰ ਅਲੰਕਾਰ ਦੇ ਵੀ ਕਈ ਪ੍ਰਕਾਰ ਹੋ ਸਕਦੇ ਹਨ। ਸਮੇਂ ਦੇ ਬੀਤਣ ਨਾਲ ਜਿਥੇ ਅਲੰਕਾਰਾਂ ਦੇ ਸਰੂਪ ਵਿਚ ਵਾਧਾ ਘਾਟਾ ਹੁੰਦਾ ਰਿਹਾ ਉਥੇ ਇਹਨਾਂ ਦੇ ਭੇਦ ਅਤੇ ਉਪਭੇਦ ਵੀ ਘਟਦੇ ਵਧਦੇ ਰਹੇ। ਇਥੋਂ ਤਕ ਕਿ ਅਲੰਕਾਰ ਦੇ ਨਾਮ ਵੀ ਬਦਲਦੇ ਰਹੇ, ਪਰੰਤੂ ਫਿਰ ਵੀ ਆਲੋਚਕਾਂ ਨੇ ਅਲੰਕਾਰਾਂ ਦੀਆਂ ਅਜਿਹੀਆਂ ਸਾਂਝੀਆਂ ਪ੍ਰਵਿਰਤੀਆਂ ਨੂੰ ਲਭਿਆ ਜਿਨ੍ਹਾਂ ਨੂੰ ਆਧਾਰ ਮੰਨ ਕੇ ਅਲੰਕਾਰ ਦੀ ਵੰਡ ਕੀਤੀ ਗਈ ਅਤੇ ਇਸੇ ਨੂੰ ਹੀ ਅਲੰਕਾਰ ਦਾ ਵਰਗੀਕਰਣ ਕਿਹਾ ਗਿਆ। ਮੁੱਖ ਤੌਰ ਤੇ ਅਲੰਕਾਰ ਦੇ ਦੋ ਵਰਗ ਹਨ: ਸ਼ਬਦ ਅਲੰਕਾਰ, ਅਰਥ ਅਲੰਕਾਰ। 'ਸ਼ਬਦ ਅਲੰਕਾਰ' ਵਿਚ ਅਲੰਕਾਰ ਮੁੱਖ ਤੌਰ ਤੇ ਸ਼ਬਦਾਂ ਉਤੇ

---

21. ਪੰਜਾਬੀ ਸਾਹਿਤ ਕੋਸ਼, ਪੰਨਾ 82
22. ਪੰਜਾਬੀ ਸਾਹਿਤ ਕੋਸ਼, ਪੰਨਾ 163

ਨਿਰਭਰ ਹੁੰਦੇ ਹਨ ਜਿਥੇ ਅਲੰਕਾਰ ਸ਼ਬਦ ਤੇ ਆਧਾਰਿਤ ਹੋ ਕੇ ਕਾਵਿ ਸੌਂਦਰਯ ਅਤੇ ਅਭਿਵਿਅਕਤੀ ਦਾ ਆਧਾਰ ਬਣੇ ਉਸ ਨੂੰ ਸ਼ਬਦ ਅਲੰਕਾਰ ਕਿਹਾ ਜਾਂਦਾ ਹੈ ਜਿਨ੍ਹਾਂ ਵਿਚੋਂ ਯਮਕ, ਸਭੰਗ, ਅਭੰਗ ਸਲੇਸ਼ ਪੁਨਰੁਕਤਵਦਾਭਾਸ ਅਤੇ ਅਨੁਪ੍ਰਾਸ ਆਦਿ ਪ੍ਰਮੁੱਖ ਹਨ। ਜਦੋਂ ਕਿ ਅਰਥ ਅਲੰਕਾਰ ਕਾਵਿ ਵਿਚ ਵਧੇਰੇ ਮਾਤ੍ਰਾ ਵਿਚ ਪ੍ਰਗਟ ਹੁੰਦੇ ਹਨ। ਕਾਵਿ ਵਿਚ ਜਿਥੇ ਅਲੰਕਾਰ ਦਾ ਅਨੁਭਵ ਸ਼ਬਦ ਦੇ ਅਰਥ ਜਾਨਣ ਤੋਂ ਬਾਅਦ ਹੋਵੇ ਉਹ ਅਰਥ ਅਲੰਕਾਰ ਕਹਾਉਂਦਾ ਹੈ। ਆਚਾਰੀਆ ਰੁਯਕ ਨੇ ਅਰਥ ਅਲੰਕਾਰ ਨੂੰ ਉਹਨਾਂ ਦੀ ਬੁਨਿਆਦੀ ਸਾਂਝਾਂ ਦੇ ਆਧਾਰ ਤੇ ਕੁਝ ਵਰਗਾਂ ਵਿਚ ਵੰਡਿਆ। ਰੁਯਕ ਦੀ ਇਹ ਵੰਡ ਯੋਜਨਾ ਮੂਲ ਤੱਤਾਂ ਉਤੇ ਆਧਾਰਿਤ ਹੈ। ਇਸ ਲਈ ਇਸ ਤੋਂ ਅਲੰਕਾਰ ਦੀ ਮੂਲ ਪ੍ਰਕ੍ਰਿਤੀ ਦਾ ਗਿਆਨ ਇਕਦਮ ਹੋ ਜਾਂਦਾ ਹੈ। ਇਹਨਾਂ ਅਲੰਕਾਰਾਂ ਦੇ ਪੰਜ ਵਰਗ ਹਨ:

1. ਸਦ੍ਰਿਸ਼ਤਾ ਮੂਲਕ ਅਲੰਕਾਰ
2. ਵਿਰੋਧ ਮੂਲਕ ਅਲੰਕਾਰ
3. ਸ੍ਰਿਖਲਾ ਮੂਲਕ ਅਲੰਕਾਰ
4. ਨਿਆਇ ਮੂਲਕ ਅਲੰਕਾਰ
5. ਗੂੜ੍ਹਾਰਥ ਮੂਲਕ ਅਲੰਕਾਰ

ਸਦ੍ਰਿਸ਼ਤਾਮੂਲਕ ਅਲੰਕਾਰ ਵਰਗ ਦੇ ਅਲੰਕਾਰ ਦੀ ਯੋਜਨਾ ਸਮਾਨਤਾ, ਸਧਰਮਤਾ ਜਾਂ ਸਦ੍ਰਿਸ਼ਤਾ ਉਤੇ ਨਿਰਭਰ ਹੁੰਦੀ ਹੈ ਭਾਵ ਕਿ ਇਸ ਵਰਗ ਦੇ ਸਾਰੇ ਅਲੰਕਾਰ ਕਿਸੇ ਸਾਂਝੇ ਧਰਮ ਨੂੰ ਹੀ ਆਧਾਰ ਬਣਾਉਂਦੇ ਹਨ। ਇਹਨਾਂ ਦੀ ਸਾਰੀ ਵਿਲੱਖਣਤਾ ਅਤੇ ਚਮਤਕਾਰ ਇਸ ਸਮਾਨਤਾ ਦੇ ਹੋਣ ਕਰਕੇ ਹਨ। ਇਸ ਵਿਚ 28 ਅਲੰਕਾਰ ਹਨ ਜਿਨ੍ਹਾਂ ਵਿਚੋਂ ਉਪਮਾ, ਰੂਪਕ, ਸੰਦੇਹ, ਪਰਿਣਾਮ, ਦੀਪਕ ਆਦਿ ਪ੍ਰਸਿੱਧ ਹਨ।

ਵਿਰੋਧਮੂਲਕ ਅਲੰਕਾਰਾਂ ਦਾ ਮੂਲ ਆਧਾਰ ਵਿਰੋਧ ਕਥਨ ਹੈ। ਅਰਥਾਤ ਜਿਸ ਵਿਚ ਕਵੀ ਦੇ ਵਰਣਨ ਵਿਚ ਪਰਸਪਰ ਵਿਰੋਧ ਭਰਪੂਰ ਹੁੰਦਾ ਹੈ। ਇਹ 12 ਅਲੰਕਾਰ ਹੁੰਦੇ ਹਨ ਜਿਨ੍ਹਾਂ ਵਿਚੋਂ ਵਿਰੋਧਾਭਾਸ, ਵਿਭਾਵਨਾ, ਅਤਿਕਥਨੀ ਆਦਿ ਮੁੱਖ ਹਨ।

ਸ੍ਰਿਖਮੂਲਕ ਅਲੰਕਾਰਾਂ ਵਿਚ ਕਵਿਤਾ ਦੇ ਇਕ ਬੋਲ ਜਾਂ ਵਾਕ ਮਾਲਾ ਵਾਂਗੂੰ ਦੂਜੇ ਬੋਲਾਂ ਜਾਂ ਵਾਕਾਂ ਵਿਚ ਜੁੜੇ ਰਹਿੰਦੇ ਹਨ। ਇਹ 4 ਪ੍ਰਕਾਰ ਦੇ ਅਲੰਕਾਰ ਹਨ: ਕਾਰਣਮਾਲਾ, ਏਕਵਲੀ, ਮਾਲਾਦੀਪਕ ਅਤੇ ਸਾਰ।

ਨਿਆਇਮੂਲਕ ਅਲੰਕਾਰ ਵਰਗ ਵਿਚ ਨਿਆਇ ਮੁੱਖ ਆਧਾਰ ਵਜੋਂ ਵਿਦਮਾਨ ਹੁੰਦਾ ਹੈ। ਨਿਆਇ ਵਿਚ ਤਰਕ, ਲੋਕ ਨਿਆਇ ਆਦਿ ਭਾਵਾਂ ਦਾ ਪ੍ਰਗਟੀਕਰਨ ਹੁੰਦਾ ਹੈ। ਇਹ 17 ਅਲੰਕਾਰ ਹਨ ਜਿਨ੍ਹਾਂ ਵਿਚੋਂ ਕਾਵਿ ਲਿੰਗ, ਅਨੁਮਾਨ, ਪ੍ਰਤੀਪ, ਤਦਗੁਣ ਵਿਸ਼ੇਸ਼ ਹਨ।

ਗੂੜ੍ਹਾਰਥ ਪ੍ਰਤੀਤੀ ਮੂਲਕ ਅਲੰਕਾਰ ਵਰਗ ਦੇ ਅਲੰਕਾਰਾਂ ਵਿਚ ਅਰਥਾਂ ਨੂੰ ਗੁਝੇ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਇਹਨਾਂ ਵਿਚੋਂ ਵਿਅੰਗ, ਕਟਾਖਸ਼ ਦੀ ਬਹੁਤਾਤ ਵਧੇਰੇ ਹੁੰਦੀ ਹੈ। ਸਪਸ਼ਟ ਤੇ ਸਿੱਧਾ ਵਰਣਨ ਨਹੀਂ ਮਿਲਦਾ। ਇਸ ਵਰਗ ਵਿਚ ਆਉਣ ਵਾਲੇ ਅਲੰਕਾਰ ਸੂਕਸ਼ਮ ਵਿਆਜੋਕਤੀ ਜਾਂ ਵਕ੍ਰੋਕਤੀ ਹਨ।

ਇਸ ਪ੍ਰਕਾਰ ਕਾਵਿ ਦੀ ਅਭਿਵਿਅੰਜਨ-ਕਲਾ ਵਿਚ ਕਾਵਿਸ਼ਾਸਤਰੀਯ ਦ੍ਰਿਸ਼ਟੀ ਤੋਂ ਸ਼ਬਦ ਅਲੰਕਾਰ ਤੇ ਅਰਥ ਅਲੰਕਾਰ ਉਪਲਬਧ ਹੁੰਦੇ ਹਨ ਜੋ ਕਿ ਕਾਵਿ ਦੀ ਕਲਾਤਮਿਕ ਪ੍ਰਤਿਭਾ ਦੇ ਸਹਿਜ ਪਰਿਣਾਮ ਹਨ। ਸਪਸ਼ਟ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਅਲੰਕਾਰ ਕਾਵਿ ਵਿਚ ਮੁੱਖ ਤੱਤ ਜਾਂ ਸਾਧਨ ਦੇ ਤੌਰ ਤੇ ਪ੍ਰਤਿਸ਼ਠ ਰੂਪ ਵਿਚ ਵਿਦਮਾਨ ਹੈ ਜੋ ਕਾਵਿ ਦੀ ਅਨੁਭੂਤੀ ਤੇ ਅਭਿਵਿਅਕਤੀ ਦੋਹਾਂ ਪੱਖਾਂ ਨੂੰ ਰਹਸਾਤਮਿਕ ਤੇ ਸੁਹਜਾਤਮਕ ਬਣਾਉਂਦੇ ਹਨ।

7.4 <u>ਬਿੰਬ</u>: ਬਿੰਬ ਅੰਤਰਬੋਧ ਦੀ ਅਭਿਵਿਅਕਤੀ ਦਾ ਆਧਾਰਮੂਲਕ ਤੱਤ ਜਾਂ ਮੁੱਖ ਉਪਕਰਣ ਹੈ। ਕਲਪਨਾਮੂਲਕ ਹੋਣ ਕਰਕੇ ਕਾਵਿ ਦੀ ਰਚਨਾ ਪ੍ਰਕ੍ਰਿਆ ਦੇ ਅੰਤਰਗਤ ਬਿੰਬ ਦਾ ਅਧਿਕ ਮਹੱਤਵ ਹੈ। ਵਾਸਤਵ ਵਿਚ ਇਸ ਦਾ ਸੰਬੰਧ ਸਾਹਿਤ ਦੀਆਂ ਅਨੇਕ ਪ੍ਰਕਾਰ ਦੀਆਂ ਰੂਪ ਵਿਧਾ ਨਾਲ ਵੇਖਿਆ ਜਾ ਸਕਦਾ ਹੈ ਕਿਉਂ ਜੋ ਪ੍ਰਤੇਯਕ ਪ੍ਰਕਾਰ ਦਾ ਰਚਨਾਤਮਕ ਵਿਚਾਰ ਅਤੇ ਰੂਪਾਂਤਰਣ ਬਿੰਬਾਤਮਕ ਹੁੰਦਾ ਹੈ। ਕਾਵਿ ਵਿਚ ਅਨੁਭੂਤੀ ਵਿਚਾਰ, ਕਲਪਨਾ ਅਤੇ ਅਭਿਵਿਅਕਤੀ ਵਿਚ ਬਿੰਬ ਕਾਰਜਸ਼ੀਲ ਰਹਿੰਦਾ ਹੈ ਜੋ ਕਿ ਆਪਣੀ ਸੂਖਮ ਸੰਕੇਤਿਕਤਾ ਅਤੇ ਸਹਜ ਸੰਚਾਰਕ ਸ਼ਕਤੀ ਦੁਆਰਾ ਕਾਵਿ ਨੂੰ ਕਲਾਤਮਕਤਾ ਪ੍ਰਦਾਨ ਕਰਦਾ ਹੈ।

ਬਿੰਬ ਤੋਂ ਭਾਵ ਪ੍ਰਤਿਬਿੰਬ, ਛਾਇਆ, ਅਕਸ, ਪ੍ਰਤਿਮਾ ਮੂਰਤ, ਆਕਾਰ, ਸੰਵੇਦਨਾ ਆਦਿ ਤੋ ਲਿਆ ਜਾਂਦਾ ਹੈ। ਉਹ ਵਸਤੂ ਜਿਸ ਦਾ ਪ੍ਰਤਿਬਿੰਬ ਪੈਂਦਾ ਹੈ 'ਜਿਉਂ ਪ੍ਰਤਿਬਿੰਬ ਬਿੰਬ ਕਉ ਮਿਲੀ ਹੈ।'[23] ਪੰਜਾਬੀ ਅਤੇ ਹਿੰਦੀ ਕਵਿਤਾ ਵਿਚ ਬਿੰਬ ਦੇ ਵਰਤਮਾਨ ਰੂਪ ਅੰਗ੍ਰੇਜ਼ੀ ਦੇ ਸ਼ਬਦ ਇਮੇਜ (Image) ਦਾ ਪ੍ਰਯਾਏਵਾਚੀ ਹੈ। ਮਨੋਵਿਗਿਆਨ ਵਿਚ ਬਿੰਬ ਦਾ ਅਰਥ ਪੁਨਰਜੀਵਤ ਸੰਵੇਦਨਾਤਮਕ ਅਨੁਭਵ ਤੋਂ ਹੈ। ਪ੍ਰਸਿਧ ਵਿਦਵਾਨ ਪ੍ਰੋ. ਦੀਵਾਨ ਸਿੰਘ ਅਨੁਸਾਰ ਹਰ ਭਾਵ ਜਾਂ ਵਿਚਾਰ (ਜੋ ਆਪਣੇ ਮੁਢਲੇ ਰੂਪ ਵਿੱਚ

---

23. <u>ਮਹਾਨ ਕੋਸ਼</u>, ਪੰਨਾ 872

ਸੂਖਮ ਤੇ ਤਰਲ ਹੁੰਦਾ ਹੈ) ਮਨੁੱਖੀ ਮਨ ਵਿਚ ਜਦ ਠੋਸ ਅਨੁਭਵ ਜਾਂ ਨਿਆਏਸ਼ੀਲ ਚਿੰਤਕ ਰਾਹੀਂ ਸਾਰਥਕ ਹੁੰਦਾ ਹੈ ਤਾਂ ਉਸਦੀ ਇਹ ਨਿਰੂਪਤਾ ਇਕ ਮਾਨਸਿਕ ਚਿਤ੍ਰ ਦੇ ਰੂਪ ਵਿਚ ਹੁੰਦੀ ਹੈ। ਮਨੁੱਖੀ ਮਨ ਕਦੇ ਵੀ ਸੁੰਨ ਨਹੀਂ ਹੋ ਸਕਦਾ। ਹਰ ਅਨੁਭਵ ਇੰਦਰੀਆਂ ਦਾ ਅਨੁਭਵ ਬਣ ਕੇ ਹੀ ਸਾਰਥਕ ਤੇ ਪ੍ਰਗਟਾਅਯੋਗ ਹੋ ਸਕਦਾ ਹੈ।[24] ਸਾਹਿਤਕ ਰਚਨਾ ਪ੍ਰਕ੍ਰਿਆ ਦੇ ਅੰਤਰਗਤ ਬਿੰਬ ਸ਼ਬਦ ਦਾ ਪ੍ਰਯੋਗ ਅਜਿਹੀ ਉਕਤੀ ਲਈ ਕੀਤਾ ਜਾਂਦਾ ਹੈ ਜੋ ਮਨ ਵਿਚ ਕਿਸੇ ਇੰਦ੍ਰਿਆਵੀ ਅਨੁਭੂਤੀ ਦੇ ਆਧਾਰ ਤੇ ਸ਼ਬਦ ਚਿਤ੍ਰ ਨੂੰ ਨਿਰਮਿਤ ਕਰੇ। ਜਦੋਂ ਕਿ ਸਮੀਖਿਆ ਵਿਚ ਬਿੰਬ ਦਾ ਸਥੂਲ ਸ਼ਬਦ ਚਿਤ੍ਰ ਦਾ ਬੋਧਕ ਨਾ ਰਹਿ ਕੇ ਮਨੁੱਖ ਦੀ ਸੰਪੂਰਨ ਜਟਿਲ ਮਾਨਸਿਕ ਪ੍ਰਕ੍ਰਿਆ ਦਾ ਬੋਧਕ ਬਣ ਗਿਆ ਹੈ।[25]

ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਬਿੰਬ ਦੇ ਸਰੂਪ ਅਤੇ ਇਸ ਦੇ ਸੂਖਮ ਵਿਧਾਨ ਨੂੰ ਵੱਖ ਵੱਖ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ ਜਿਨ੍ਹਾਂ ਵਿਚ ਜ਼ਾਹਿਰਾ ਤੌਰ ਤੇ ਮਤਭੇਦ ਪ੍ਰਗਟ ਹੁੰਦੇ ਹਨ। ਬਿੰਬ ਨੂੰ ਪਰਿਭਾਸ਼ਿਤ ਕਰਨ ਵਾਲੇ ਵਿਦਵਾਨਾਂ ਵਿਚੋਂ ਕਈਆਂ ਨੇ ਅਲੰਕਾਰ ਮਾਤ੍ਰ ਅਤੇ ਕਈਆਂ ਨੇ ਭਾਵ ਪ੍ਰਧਾਨ ਜਾਂ ਕਲਪਨਾ ਪ੍ਰਧਾਨ ਮੰਨਿਆ ਹੈ। ਡਾ. ਨਗੇਂਦ੍ਰ ਨੇ ਬਿੰਬ ਅਧਿਐਨ ਪਿਛੋਂ ਬਿੰਬ ਸੰਬੰਧੀ ਆਪਣੇ ਵਿਚਾਰਾਂ ਦਾ ਪ੍ਰਗਟਾਅ ਕਰਦੇ ਹੋਏ ਕਿਹਾ ਕਿ 'ਕਾਵਿ ਬਿੰਬ ਸ਼ਬਦਾਰਥ ਦੇ ਮਾਧਿਅਮ ਨਾਲ ਕਲਪਨਾ ਦੁਆਰਾ ਨਿਰਮਿਤ ਇਕ ਇਕ ਅਜਿਹੀ ਮਾਨਸ ਛਵੀ (ਪ੍ਰਕਾਸ਼ ਜਾਂ ਆਭਾ) ਹੈ ਜਿਸ ਦੇ ਮੂਲ ਵਿਚ ਭਾਵ ਦੀ ਪ੍ਰੇਰਨਾ ਰਹਿੰਦੀ ਹੈ।'[26] ਕਾਵਿ ਸਿਰਜਨ ਪ੍ਰਕ੍ਰਿਆ ਵਿਚ ਬਿੰਬ ਦੀ ਅਤਿ ਆਵਸ਼ਕਤਾ ਹੁੰਦੀ ਹੈ ਕਿਉਂਜੋ ਇਹ ਕਵੀ ਦੇ ਭਾਵਾਂ, ਅਨੁਭਾਵਾਂ ਜਾਂ ਵਿਚਾਰਾਂ ਦੀ ਅਭਿਵਿਅੰਜਨਾ ਦਾ ਮਾਧਿਅਮ ਹੀ ਨਹੀਂ ਸਗੋਂ ਕਾਵਿ ਵਸਤੂ ਦੇ ਆਂਤਰਿਕ ਸਾਦ੍ਰਿਸ਼ ਨੂੰ ਇਸ ਦੁਆਰਾ ਹੀ ਉਜਾਗਰ ਕੀਤਾ ਜਾਂਦਾ ਹੈ। ਇਸ ਰਾਹੀਂ ਅਮੂਰਤ ਵਿਚਾਰਾਂ ਤੇ ਭਾਵਾਂ ਦੀ ਪੁਨਰਾਵ੍ਰਿਤੀ ਹੁੰਦੀ ਹੈ ਅਤੇ ਭਾਵਾਂ ਨੂੰ ਸੰਚਾਰਿਤ ਕਰਨ ਲਈ ਇਹ ਇਕ ਲਾਜ਼ਮੀ ਤੱਤ ਵਜੋਂ ਦ੍ਰਿਸ਼ਟਮਾਨ ਹੁੰਦਾ ਹੈ। ਬਿੰਬ ਦੇ ਮੂਲ ਰੂਪ ਵਿਚ ਚਾਰ ਮੁੱਖ ਆਧਾਰ ਤੱਤ ਮੰਨੇ ਜਾਂਦੇ ਹਨ:

1. ਅਨੁਭਵ
2. ਭਾਵ
3. ਅਵੇਗ
4. ਇੰਦਰੀਅਤਾ

---

24. ਡਾ. ਸਤਿੰਦਰ ਸਿੰਘ, ਗੁਰੂ ਨਾਨਕ ਕਾਵਿ ਅਧਿਐਨ, ਮੁਖ ਬੰਧ
25. ਡਾ. ਕੇਦਾਰ ਨਾਥ ਸਿੰਘ, ਆਧੁਨਿਕ ਕਵਿਤਾ ਮੇਂ ਬਿੰਬ ਵਿਧਾਨ, ਪੰਨਾ 2
26. ਡਾ. ਨਗੇਂਦ੍ਰ, ਕਾਵਯ ਬਿੰਬ, ਪੰਨਾ 15

ਕਵੀ ਆਪਣੇ ਅਨੁਭਵ ਦਾ ਹੀ ਬਿੰਬਾਂਕਣ (ਮੂਰਤੀਮਾਨ) ਕਰਦਾ ਹੈ। ਜੋ ਆਪਣੇ ਜੀਵਨ ਵਿੱਚ ਵਾਪਰੀਆਂ ਹੋਈਆਂ ਅਨੇਕਾਂ ਘਟਨਾ ਦੇ ਅਨੁਭਵ ਨੂੰ ਕਵਿਤਾ ਵਿਚ ਚਿਤ੍ਰਤ ਕਰਦਾ ਹੈ। ਲੀਵਿਸ ਅਨੁਸਾਰ ਹਰ ਇਕ ਬਿੰਬ ਕਿਸੇ ਵਸਤੂ ਦਾ ਨਿਰਮਾਣ ਹੀ ਨਹੀਂ ਸਗੋਂ ਉਹ ਕਿਸੇ ਅਨੁਭਵ ਦੇ ਆਧਾਰ ਤੇ ਨਿਰਮਿਤ ਹੁੰਦਾ ਹੈ।[27] ਭਾਵ ਬਿੰਬ ਦਾ ਪ੍ਰਮੁੱਖ ਆਧਾਰ ਤੱਤ ਹੈ ਜਿਸ ਨੂੰ ਭਾਸ਼ਾ ਦੇ ਮਾਧਿਅਮ ਰਾਹੀਂ ਵਿਅਕਤ ਕੀਤਾ ਜਾਂਦਾ ਹੈ। ਡਾ. ਨਗੇਂਦ੍ਰ ਦੇ ਅਨੁਸਾਰ ਕਾਵਿ ਬਿੰਬ ਦਾ ਪ੍ਰੇਰਕ ਤੱਤ ਭਾਵ ਹੈ ਜਿਸ ਦੇ ਸਪਰਸ਼ ਤੋਂ ਬਿਨਾਂ 'ਕਾਵਿ ਬਿੰਬ' ਦਾ ਅਸਤਿਤ ਸੰਭਵ ਨਹੀਂ।[28] ਭਾਵ ਭਾਵੇਂ ਕਿੰਨੇ ਵੀ ਸੁੰਦਰ ਕਿਉਂ ਨਾ ਹੋਣ ਉਹ ਆਪਣੇ ਆਪ ਵਿਚ ਵਿਸ਼ੇਸ਼ਤਾ ਨਹੀਂ ਦਰਸਾ ਸਕਦੇ ਜਦੋਂ ਉਹ ਆਵੇਗ ਨਾਲ ਸੰਯੁਕਤ ਜਾਂ ਜਾਗ੍ਰਿਤ ਨਾ ਹੋਣ। ਇਸ ਪ੍ਰਕਾਰ ਆਵੇਗ ਬਿੰਬ ਦੇ ਇਕ ਹੋਰ ਜ਼ਰੂਰੀ ਤੱਤ ਵਜੋਂ ਉਜਾਗਰ ਹੁੰਦਾ ਹੈ। ਇੰਦ੍ਰੀਅਤਾ (Sensuous) ਰਾਹੀਂ ਮਾਨਸਿਕ ਸਾਖਿਆਤਕਾਰ ਕਰਵਾਉਂਦਾ ਹੈ। ਪਛੱਮੀ ਅਤੇ ਪੂਰਬੀ ਵਿਦਵਾਨਾਂ ਨੇ ਬਿੰਬ ਦੇ ਸੁਤੰਤਰ ਸਰੂਪ ਨੂੰ ਸਵੀਕਾਰਦੇ ਹੋਏ ਕਵਿਤਾ ਦੇ ਵਿਭਿੰਨ ਤੱਤਾਂ ਨਾਲ ਇਸ ਦੇ ਜੁੜੇ ਸੰਬੰਧਾਂ ਨੂੰ ਵੀ ਸਥਾਪਿਤ ਕੀਤਾ। ਇਹੀ ਕਾਰਣ ਹੈ ਕਿ ਬਿੰਬ ਦੇ ਵਰਗੀਕਰਣ ਬਾਰੇ ਅਨੇਕਾਂ ਸ਼ੰਕੇ ਉਤਪੰਨ ਹੋ ਜਾਂਦੇ ਹਨ। ਡਾ. ਨਗੇਂਦ੍ਰ ਬਿੰਬ ਦਾ ਵਰਗੀਕਰਣ ਕਰਦੇ ਹੋਏ ਇਸ ਨੂੰ ਦੋ ਭਾਗਾਂ ਵਿੱਚ ਵਿਭਾਜਤ ਕਰਦੇ ਹਨ:

1. ਪ੍ਰਤੱਖ ਅਨੁਭਵ ਨਾਲ ਸੰਬੰਧਿਤ ਬਿੰਬ ਭੇਦ
2. ਪਰੋਖ ਅਨੁਭਵ ਨਾਲ ਸੰਬੰਧਿਤ ਬਿੰਬ ਭੇਦ

ਪ੍ਰਤੱਖ ਅਨੁਭਵ ਨਾਲ ਸੰਬੰਧਿਤ ਬਿੰਬ ਭੇਦ ਵਿਚ ਇੰਦ੍ਰਿਆਵੀ ਬਿੰਬ ਆਉਂਦੇ ਹਨ ਜਿਨ੍ਹਾਂ ਵਿੱਚ ਬਿੰਬ ਦਾ ਬੋਧ ਇੰਦ੍ਰੀਆਂ ਦੁਆਰਾ ਹੀ ਮੰਨਿਆ ਜਾਂਦਾ ਹੈ। ਬਿੰਬ ਵਿਚ ਇੰਦ੍ਰੀਅਤਾ ਦਾ ਗੁਣ ਹੀ ਉਸ ਨੂੰ ਅਲੰਕਾਰ ਨਾਲੋਂ ਨਿਖੇੜਦਾ ਹੈ। ਇੰਦ੍ਰਿਆਵੀ ਮਾਧਿਅਮ ਦੇ ਆਧਾਰ ਤੇ ਬਿੰਬ ਦੇ ਪੰਜ ਭੇਦ ਮੰਨੇ ਜਾਂਦੇ ਹਨ:

1. ਦ੍ਰਿਸ਼ ਬਿੰਬ
2. ਸ਼ਬਦ ਜਾਂ ਨਾਦਾਤਮਕ ਬਿੰਬ
3. ਗੰਧ ਬਿੰਬ
4. ਸਵਾਦ ਬਿੰਬ

---

27. Every image recreates not merely an object but an object in the context of Experience.-Poetic Image, p. 29.

28. ਡਾ. ਨਗੇਂਦ੍ਰ, ਕਾਵਯ ਬਿੰਬ, ਪੰਨਾ 6

5. ਸਪਰਸ਼ ਬਿੰਬ

ਪਰੋਖ ਅਨੁਭਵ ਤੇ ਅਧਾਰਿਤ ਬਿੰਬਾਂ ਦਾ ਵਿਵੇਚਨ ਕਰਦਿਆਂ ਮਨੋਵਿਗਿਆਨੀਆਂ ਨੇ ਵਿਭਿੰਨ ਬਿੰਬ ਭੇਦ ਕੀਤੇ ਹਨ। ਕਿਉਂਜੋ ਬਿੰਬਾਂ ਦਾ ਸੰਬੰਧ ਪਰੋਖ ਜਾਂ ਗੁਪਤਅਨੁਭਵ ਨਾਲ ਸੰਬੰਧਿਤ ਹੁੰਦਾ ਹੈ। ਇਹਨਾਂ ਵਿਚੋਂ ਅਨੁਬਿੰਬ, ਪ੍ਰਤੱਖ ਬਿੰਬ, ਸਿਮ੍ਰਤੀ ਬਿੰਬ, ਕਲਪਨਾ ਬਿੰਬ, ਸੁਪਨ ਬਿੰਬ, ਤੰਦ੍ਰਾ ਬਿੰਬ (ਅਧ-ਨੀਂਦੀ) ਆਦਿ ਪ੍ਰਮੁੱਖ ਹਨ। ਸਿਮ੍ਰਤੀ ਅਤੇ ਕਲਪਨਾ ਤੇ ਨਿਰਭਰ ਕਰਮ ਵਾਲੇ ਬਿੰਬਾਂ ਨੂੰ ਸਿਰਜਨਾਤਮਕ ਬਿੰਬ ਕਹਿੰਦੇ ਹਨ। ਜਦੋਂ ਕਿ ਪ੍ਰਤੀਤੀ ਦੇ ਆਧਾਰ ਤੇ ਅਨੁਭਵ ਹੋਣ ਵਾਲੇ ਬਿੰਬ ਦੇ ਵੀ ਦੋ ਪ੍ਰਕਾਰ ਹੁੰਦੇ ਹਨ:

1. ਸਪਸ਼ਟ ਬਿੰਬ
2. ਅਲੰਕਾਰਕ ਬਿੰਬ

ਕੁਝ ਆਲੋਚਕਾਂ ਨੇ ਬਿੰਬਾਂ ਦਾ ਵਰਗੀਕਰਣ ਮੂਰਤਤਾ, ਸੂਖਮਤਾ, ਪ੍ਰਭਾਵ ਵਿਸ਼ੇ ਵਸਤੂ ਆਦਿ ਨੂੰ ਆਧਾਰ ਮੰਨ ਕੇ ਵੀ ਕੀਤਾ ਹੈ। ਵਾਸਤਵ ਵਿਚ ਬਿੰਬ ਦਾ ਸਮੁੱਚਾ ਵਰਗੀਕਰਣ ਬਿੰਬ ਦੇ ਸੂਖਮ ਸਰੂਪ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ ਕਿਉਂਜੋ ਹਰ ਰਚੈਤਾ ਦਾ ਆਪਣਾ ਕਾਰਜ ਖੇਤਰ, ਬਿੰਬ ਖੇਤਰ ਅਤੇ ਬਿੰਬ ਵਿਧਾਨ ਹੁੰਦਾ ਹੈ ਜਿਸਦੇ ਪਰਿਣਾਮ ਵਜੋਂ ਬਿੰਬ ਦੇ ਵੀ ਅਨੇਕਾਂ ਪ੍ਰਕਾਰ ਦ੍ਰਿਸ਼ਟੀਗੋਚਰ ਹੋ ਸਕਦੇ ਹਨ। ਬਿੰਬ ਭਾਸ਼ਾ ਦੀ ਸਹਿਜ ਸਿਰਜਨ ਪ੍ਰਕ੍ਰਿਆ ਦਾ ਪ੍ਰਗਟਾਵਾ ਹੈ ਜਿਸ ਦੁਆਰਾ ਕਵੀ ਆਪਣੇ ਅੰਤਰਬੋਧ ਦੀ ਅਭਿਵਿਅਕਤੀ ਦਾ ਬਾਹਰੀਕਰਣ ਬਿੰਬ ਦੀ ਕਲਾਤਮਿਕਤਾ ਦੇ ਪਰਿਣਾਮ ਵਜੋਂ ਹੀ ਸਾਕਾਰ ਕਰਦਾ ਹੈ। ਬਿੰਬ ਦੇ ਉਪਰੋਕਤ ਵਿਸ਼ਲੇਸ਼ਣਾਤਮਕ ਅਧਿਐਨ ਤੋਂ ਸਹਿਜ ਹੀ ਸਪਸ਼ਟ ਹੈ ਕਿ ਬਿੰਬ ਕਾਵਿ ਦੀ ਅਜਿਹੀ ਕਲਾਤਮਕ ਜੁਗਤ ਹੈ ਜੋ ਕਿ ਕਾਵਿ ਅਨੁਭੂਤੀ ਅਤੇ ਭਾਵ ਸੰਚਾਰਨ ਲਈ ਕਾਵਿ ਦੇ ਪ੍ਰਮੁੱਖ ਤੱਤ ਵਜੋਂ ਉਜਾਗਰ ਹੁੰਦੀ ਹੈ।

7.5 <u>ਪ੍ਰਤੀਕ:</u> ਪ੍ਰਤੀਕ ਅੰਤਰਬੋਧ ਦੇ ਅਮੂਰਤ ਭਾਵਾਂ ਨੂੰ ਸਮੂਰਤਨ ਕਰਨ ਵਾਲਾ ਦੂਸਰਾ ਮਹੱਤਵਪੂਰਨ ਭਾਸ਼ਿਕ ਉਪਕਰਣ ਹੈ। ਮਨੁੱਖ ਦੀ ਰਚਨਾਤਮਕ ਅਨੁਭੂਤੀ, ਵਿਚਾਰ ਦੇ ਪ੍ਰਗਟਾਓ ਅਤੇ ਭਾਸ਼ਾ ਸੰਚਾਰ ਦੇ ਸੰਦਰਭ ਵਿਚ ਪ੍ਰਤੀਕ ਦਾ ਪ੍ਰਯੋਗ ਅਨਿਵਾਰਯ ਹੈ। ਇਸੇ ਕਰਕੇ ਗਿਆਨ ਵਿਗਿਆਨ ਦੇ ਹਰ ਖੇਤਰ ਵਿਚ ਪ੍ਰਤੀਕ ਦਾ ਆਵਸ਼ਕ ਤੇ ਮਹੱਤਵਪੂਰਣ ਸਥਾਨ ਦ੍ਰਿਸ਼ਟੀਗੋਚਰ ਹੁੰਦਾ ਹੈ। ਕਿਸੇ ਵੀ ਅਨੁਭਵ ਨੂੰ ਪ੍ਰਗਟਾਉਣ ਦਾ ਜਦੋਂ ਸਵਾਲ ਪੈਦਾ ਹੁੰਦਾ ਹੈ ਉਸ ਸਮੇਂ ਸੰਬੰਧਿਤ ਕਲਾਕਾਰ ਆਪਣੇ ਤਜਰਬੇ ਵਿਚ ਆਈ ਕਿਸੇ ਨਾ ਕਿਸੇ ਵਸਤੂ ਨਾਲ ਉਸ ਅਨੁਭਵ ਦੀ ਸਮਾਨਤਾ ਵੇਖਦਾ ਹੈ ਅਤੇ ਉਸ ਵਸਤੂ ਨੂੰ ਪ੍ਰਗਟਾਉਣ

ਦਾ ਸਾਧਨ ਬਣਾ ਲੈਂਦਾ ਹੈ ਇਹੋ ਹੀ ਪ੍ਰਤੀਕ ਹੈ। ਸੰਸਕ੍ਰਿਤ ਕੋਸ਼ ਅਨੁਸਾਰ ਪ੍ਰਤੀਕ ਤੋਂ ਭਾਵ ਪ੍ਰਤਿਕੂਲ, ਵਿਰੁਧ, ਹਿੱਸਾ(ਅਵਸ਼ਵ) ਅੰਗ, ਪੱਤਾ, ਨਿਸ਼ਾਨ ਆਦਿ ਅਰਥ ਲਏ ਜਾਂਦੇ ਹਨ। ਕਾਵਿ ਵਿਚ ਇਸ ਦੀ ਵਰਤੋਂ ਅੰਗ੍ਰੇਜ਼ੀ ਸ਼ਬਦ ਦੇ Symbol ਦੇ ਪਰਿਆਇ ਦੇ ਬਰਾਬਰ ਕੀਤੀ ਜਾਂਦੀ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਪ੍ਰਤਿਪਾਦਿਤ ਸ਼ਬਦ ਸ਼ਕਤੀਆਂ ਦੇ ਅੰਤਰਗਤ ਜੋ ਸ਼ਬਦ ਅਭਿਧਾ ਦੇ ਵਿਪਰੀਤ ਅਤੇ ਲਖਸ਼ਣਾ ਅਤੇ ਵਿਅੰਜਨਾ ਨੂੰ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ ਵਾਸਤਵ ਵਿਚ ਉਹੀ ਸ਼ਬਦ ਪ੍ਰਤੀਕ ਹੈ । "ਇਸੇ ਹੀ ਸੰਦਰਭ ਵਿਚ ਜੋ ਸ਼ਬਦ ਇਕ ਨਿਸ਼ਚਿਤ ਅਰਥ ਨੂੰ ਵਿਅਕਤ ਨਾ ਕਰਦਾ ਹੋਇਆ ਦੋ ਵਿਭਿੰਨ ਅਰਥਾਂ( ਅਨੁਕੂਲ ਅਤੇ ਪ੍ਰਤਿਕੂਲ) ਨੂੰ ਸਾਮਾਨ ਰੂਪ ਵਿਚ ਨਿਰੂਪਤ ਕਰੇ ਪ੍ਰਤੀਕਾਤਮਕ ਸ਼ਬਦ ਕਿਹਾ ਜਾਂਦਾ ਹੈ। ਪ੍ਰਤੀਕਾਤਮਕ ਪ੍ਰਯੋਗ ਵਿਚ ਇਕ ਹੀ ਸ਼ਬਦ ਅਥਵਾ ਸ਼ਬਦ ਚਿਤਰ ਦੇ ਦੁਆਰਾ ਦੋ ਭਿੰਨ ਅਨੁਭੂਤੀਆਂ ਅਥਵਾ ਵਿਚਾਰਾਂ ਦਾ ਸਮਿਲਿਤ ਰੂਪ ਉਪਸਥਿਤ ਹੁੰਦਾ ਹੈ।"[29] ਇਹੋ ਪ੍ਰਤੀਕ ਦੀ ਸੰਖਿਪਤ ਪਰਿਭਾਸ਼ਾ ਹੈ। ਵਿਆਪਕ ਪਰਿਭਾਸ਼ਾ ਦੇ ਅੰਤਰਗਤ ਪ੍ਰਤੀਕ ਸ਼ਬਦ ਦਾ ਪ੍ਰਯੋਗ ਉਸ ਦ੍ਰਿਸ਼ ਜਾਂ ਦ੍ਰਿਸ਼ਟੀਗੋਚਰ ਵਸਤੂ ਲਈ ਕੀਤਾ ਜਾਂਦਾ ਹੈ ਜੋ ਕਿਸੇ ਅਦ੍ਰਿਸ਼ (ਅਗੋਚਰ ਜਾਂ ਅਪ੍ਰਸਤੁਤ) ਵਿਸ਼ੇ ਵਸਤੂ ਦਾ ਲਖਾਇਕ ਹੁੰਦਾ ਹੈ। ਵੈਬਸਟਰ ਨੇ ਅੰਗ੍ਰੇਜ਼ੀ ਡਿਕਸ਼ਨਰੀ ਵਿਚ ਪ੍ਰਤੀਕ ਦੀ ਵਿਆਖਿਆ ਕਰਦਿਆਂ ਕਿਹਾ ਕਿ ਪ੍ਰਤੀਕ ਉਹ ਕੁੱਝ ਹੈ ਜਿਹੜਾ ਕਿਸੇ ਸੰਪਰਕ, ਸਾਂਝ, ਪਰੰਪਰਾ ਜਾਂ ਸਮਾਨਤਾ ਦੇ ਕਾਰਣ ਹੋਰ ਵਸਤੂ ਦੀ ਪ੍ਰਤਿਨਿਧਤਾ ਕਰਦਾ ਹੈ ਜੋ ਅਦ੍ਰਿਸ਼ ਨੂੰ ਸਦ੍ਰਿਸ਼ ਕਰਦਾ ਹੈ ਜਿਸ ਪ੍ਰਕਾਰ ਸ਼ੇਰ ਬਹਾਦਰੀ ਦਾ ਲਖਾਇਕ ਹੈ ਅਤੇ ਕਰਾਸ ਇਸਾਈਅਤ ਦਾ ।[30]

ਸਪਸ਼ਟ ਰੂਪ ਵਿਚ ਜੇ ਕਹਿਣਾ ਹੋਵੇ ਤਾਂ ਪ੍ਰਤੀਕ ਦੁਆਰਾ ਮਨ ਉਤੇ ਕਿਸੇ ਅਜਿਹੇ ਤੱਤ ਦੇ ਪ੍ਰਤਿਆਭਾਸ ਦਾ ਪ੍ਰਤਿਬੋਧ ਹੁੰਦਾ ਹੈ ਜੋ ਵਿਖਾਇਆ ਨਹੀਂ ਜਾ ਸਕਦਾ ਬਲਕਿ ਉਸ ਨੂੰ ਸਹਿਚਾਰ ਦੁਆਰਾ ਪੂਰੀ ਤਰ੍ਹਾਂ ਸਮਝਾ ਦਿਤਾ ਜਾਂਦਾ ਹੈ।[31] ਇਥੇ ਸਹਿਚਾਰ ਨਿਰੋਲ ਸਦ੍ਰਿਸ਼ ਦੇ ਭਾਵ ਅਰਥਾਂ ਵਿਚ ਨਹੀਂ ਬਲਕਿ ਕਲਪਤਿ, ਆਰੋਪਿਤ ਗੁਣ, ਗ਼ੈਰਹਾਜ਼ਰ, ਅਣਡਿੱਠ ਵਸਤੂ ਹੈ ਜੋ ਵਿਆਪਕ ਸੰਦਰਭ ਵਿਚ ਸਮੇਂ ਸਥਾਨ ਸਭਿਆਚਾਰ ਦੀਆਂ ਅਨੇਕ (ਸ਼ਬਦ) ਸੰਭਾਵਨਾਵਾਂ ਤਹਿਤ ਜਾਣਿਆ ਜਾਂਦਾ ਹੈ। ਮਨੋਵਿਸ਼ਲੇਸ਼ਣ ਸਿਧਾਂਤ ਅਨੁਸਾਰ ਪ੍ਰਤੀਕ ਅਜਿਹਾ ਪ੍ਰਤਿਨਿਧੀਕਰਣ ਹੈ ਜਿਸ ਦਾ ਵਿਸ਼ੇ ਨਾਲ ਸਿੱਧਾ ਸੰਬੰਧ ਨਾ ਹੋ ਕੇ ਵਿਸ਼ੇ ਦੀ ਅਚੇਤਨ ਸਮੱਗਰੀ ਨਾਲ ਵਿਸ਼ੇਸ਼ ਰੂਪ ਵਿਚ ਹੁੰਦਾ ਹੈ। ਮਨੁੱਖ ਦੀ ਅਸੀਮਤ ਵਿਚਾਰ ਸ਼ਕਤੀ ਅਥਵਾ ਅਨੁਭੂਤੀ ਦੀ ਵਿਵਿਧਤਾ ਦਾ ਕਾਰਣ ਮਨ ਦੀਆਂ ਸੰਪੂਰਨ ਕ੍ਰਿਆਵਾਂ ਪ੍ਰਤਿਕ੍ਰਿਆਵਾਂ ਦੀ ਕਲਪਨਾ ਪ੍ਰਤੀਕ

29. ਮਾਨਵਿਕੀ ਪਰਿਭਾਸ਼ਿਕ ਕੋਸ਼(ਸਾਹਿਤ੍ਯ ਖੰਡ), ਪੰਨਾ 247

30. English Reader's Dictionary, 'Symbol', P.541.

31. Encyclopaedia of Britannica., P.701.

ਰੂਪ ਵਿਚ ਹੀ ਕੀਤੀ ਜਾਂਦੀ ਹੈ। ਉਪਰੋਕਤ ਵਰਣਨ ਤੋਂ ਸਪਸ਼ਟ ਹੈ ਕਿ ਪ੍ਰਤੀਕ ਮਨੁੱਖੀ ਸੰਵੇਦਨਾਵਾਂ ਦਾ ਪ੍ਰਗਟਾਅ ਕਰਦਾ ਹੋਇਆ ਅਣਦਿਸਦੇ ਦੀ ਪ੍ਰਤਿਨਿਧਤਾ ਕਰਦਾ ਹੈ ਜੋ ਕਿ ਮਨ ਵਿਚ ਤੁਰੰਤ ਕੋਈ ਭਾਵ ਪੈਦਾ ਕਰਦਾ ਹੈ। ਪ੍ਰਤੀਕ ਸਮੇਂ ਸਥਾਨ ਤੇ ਸਭਿਆਚਾਰ ਤੇ ਪੂਰੀ ਤਰ੍ਹਾਂ ਆਸ਼੍ਰਿਤ ਹੁੰਦਾ ਹੈ ਅਤੇ ਹੌਲੀ ਹੌਲੀ ਆਪਣੇ ਗੂੜ੍ਹ ਅਰਥਾਂ ਵਿਚ ਪਰਿਵਰਤਿਤ ਹੋ ਜਾਂਦਾ ਹੈ। ਇਸ ਪ੍ਰਕਾਰ ਇਹ ਕਲਾ ਦੇ ਪ੍ਰਤਿਨਿੱਧ ਅੰਗ ਵਜੋਂ ਉਜਾਗਰ ਹੁੰਦਾ ਹੈ।

ਕਾਵਿ ਸਿਰਜਨ ਪ੍ਰਕ੍ਰਿਆ ਦੇ ਅੰਤਰਗਤ ਕਵੀ ਅੰਤਰਬੋਧ ਦਾ ਬਾਹਰੀਕਰਣ ਕਰਨ ਸਮੇਂ ਸਸ਼ਕਤ ਭਾਵਾਂ ਨੂੰ ਵਿਸ਼ਿਸ਼ਟ ਭਾਸ਼ਾ ਦੁਆਰਾ ਅਭਿਵਿਅਕਤ ਕਰਦਾ ਹੈ। ਕਿਉਂਜੋ ਪ੍ਰਤੀਕਾਂ ਦੁਆਰਾ ਹੀ ਭਾਸ਼ਾ ਸਸ਼ਕਤ ਅਤੇ ਕਲਾਤਮਿਕਤਾ ਦੀ ਧਾਰਣੀ ਬਣਦੀ ਹੈ। ਸਾਧਾਰਣ ਰੂਪ ਵਿਚ ਕੀਤਾ ਗਿਆ ਭਾਵ ਸੰਚਾਰ ਵਿਸ਼ੇ ਦੀ ਗਹਿਰ ਗੰਭੀਰਤਾ ਨੂੰ ਸਮਝਣ ਲਈ ਅਸਮਰਥ ਹੁੰਦਾ ਹੈ। ਇਸੇ ਕਰਕੇ ਕਵੀ ਦਿਸਦੇ ਯਥਾਰਥ ਵਿਚੋਂ ਆਪਣੀ ਕਾਵਿ ਦ੍ਰਿਸ਼ਟੀ ਦੁਆਰਾ ਉਪਰੋਕਤ ਪ੍ਰਤੀਕ ਚੁਣਦਾ ਹੈ ਜੋ ਅਸਲ ਵਿਚ ਉਪਮਾਨ ਹੁੰਦੇ ਹਨ। ਵਿਭਿੰਨ ਸਮੇਂ ਸਥਾਨ ਅਤੇ ਪਰਿਸਥਿਤੀਆਂ ਦੇ ਅੰਤਰਗਤ ਕਵੀ ਦੀ ਕਾਵਿ ਦ੍ਰਿਸ਼ਟੀ ਵਿਭਿੰਨ ਪ੍ਰਤੀਕਾਂ ਨੂੰ ਸਿਰਜਦੀ ਹੈ। ਇਸੇ ਕਰਕੇ ਪ੍ਰਤੀਕ ਦਾ ਵਰਗ ਵੰਡ ਸੰਬੰਧੀ ਅਨੇਕਾਂ ਮੱਤ ਉਪਲਬੱਧ ਹੁੰਦੇ ਹਨ। ਵਿਦਵਾਨਾਂ ਨੇ ਮੁੱਖ ਤੌਰ ਤੇ 'ਸ਼ਬਦ ਪ੍ਰਤੀਕ', 'ਵਾਕ ਪ੍ਰਤੀਕ' ਅਤੇ 'ਪ੍ਰਬੰਧ ਪ੍ਰਤੀਕ' ਤਿੰਨ ਵਰਗ ਕੀਤੇ ਹਨ। ਜਦੋਂ ਕਿ ਹੋਰ ਵਿਦਵਾਨ ਧਾਰਮਿਕ ਮਨੋਵਿਗਿਆਨਿਕ, ਵਿਚਾਰਾਤਮਿਕ, ਮਿਥਿਹਾਸਿਕ, ਭਾਵਾਤਮਕ , ਵਿਵਹਾਰਕ ਅਤੇ ਪਰੰਪਰਾਗਤ ਨਾਵਾਂ ਨਾਲ ਪ੍ਰਤੀਕ ਵਰਗ ਵੰਡ ਕਰਦੇ ਹਨ। ਵਾਸਤਵ ਵਿੱਚ ਪ੍ਰਤੀਕ ਰਚੈਤਾ ਦੀ ਅਭਿਵਿਅਕਤੀ ਦਾ ਮੂਲ ਆਧਾਰ ਹਨ। ਇਹੀ ਕਾਰਣ ਹੈ ਕਿ ਜੀਵਨ ਯਥਾਰਥ ਦੇ ਵਿਭਿੰਨ ਦ੍ਰਿਸ਼ਟੀਕੋਣਾਂ ਦੇ ਅਨੁਰੂਪ ਪ੍ਰਤੀਕ ਵੀ ਅਨੇਕਾਂ ਰੂਪਾਂ ਵਿੱਚ ਪ੍ਰਾਪਤ ਹੁੰਦੇ ਹਨ। ਇਹ ਅਜੇਹਾ ਵਿਲੱਖਣ ਭਾਸ਼ਕ ਪ੍ਰਗਟਾਅ ਹੈ ਜਿਸ ਦੀ ਨਿਸ਼ਚਿਤ ਵਿਆਖਿਆ ਕਰਨੀ ਸੰਭਵ ਨਹੀਂ। ਇਹੀ ਕਾਰਣ ਹੈ ਕਿ ਜੇਕਰ ਪ੍ਰਤੀਕ ਨੂੰ ਰਚਨਾਤਮਕ ਭਾਸ਼ਾ ਤੋਂ ਅਲਗ ਕਰਕੇ ਵੇਖਿਆ ਜਾਵੇ ਤਾਂ ਇਹ ਆਪਣੇ ਮੂਲ ਸੌਂਦਰਯ ਅਤੇ ਵਿਲੱਖਣਤਾ ਨੂੰ ਗੁਆ ਲਵੇਗਾ। ਅੰਤਿਮ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਤੀਕ ਕਾਵਿ ਪ੍ਰਗਟਾਅ ਦੀ ਅਜਿਹੀ ਕਲਾਤਮਿਕ ਜੁਗਤ ਹੈ ਜਿਸ ਰਾਹੀਂ ਕਾਵਿ ਸੰਚਾਰ ਸਹਿਜ ਰੂਪ ਵਿੱਚ ਦ੍ਰਿਸ਼ਟਮਾਨ ਹੁੰਦਾ ਹੈ।

7.6 ਛੰਦ: ਪ੍ਰਾਚੀਨ ਸਮੇਂ ਤੋਂ ਹੀ ਛੰਦ ਕਵਿਤਾ ਨੂੰ ਸਰੂਪਿਤ ਕਰਨ ਵਾਲੇ ਵਿਸ਼ਿਸ਼ਟ ਉਪਕਰਣ ਵਜੋਂ ਦ੍ਰਿਸ਼ਟਮਾਨ ਹੁੰਦਾ ਹੈ। ਕਵਿਤਾ ਅਜਿਹੀ ਸੂਖਮ ਕੋਮਲ ਕਲਾ ਹੈ ਜਿਸ ਵਿੱਚ ਭਾਵਾਂ ਦੀ ਅਭਿਵਿਅਕਤੀ ਕਲਾਤਮਿਕਤਾ ਦੁਆਰਾ ਸਹਿਜ ਰੂਪ ਵਿਚ ਹੀ ਪ੍ਰਗਟ ਹੁੰਦੀ ਹੈ। ਭਾਵ ਜਿਥੇ ਕਵਿਤਾ ਦਾ ਅੰਦਰੀਵੀ ਪੱਖ ਹੈ ਉਥੇ ਛੰਦ ਉਸਦਾ ਬਾਹਰੀ ਪੱਖ। ਅੰਤਰੀਵੀ ਪੱਖ ਆਪਣੇ ਵਿਲੱਖਣ ਬੋਧ ਕਰਕੇ ਕਾਵਿ ਵਿਚ ਮਹੱਤਵਪੂਰਨ

ਸਥਾਨ ਰਖਦਾ ਹੈ ਉਥੇ ਇਸਦਾ ਪ੍ਰਗਟਾਅ ਆਪਣੇ ਸੌਂਦਰਯ ਦੁਆਰਾ ਵਿਸ਼ਿਸ਼ਟਤਾ ਦਾ ਧਾਰਣੀ ਹੈ। ਕਾਵਿ ਸੌਂਦਰਯ ਕਵਿਤਾ ਦੀ ਕੋਮਲਤਾ ਦਾ ਪ੍ਰਮੁੱਖ ਕਾਰਣ ਹੈ ਅਤੇ ਉਸ ਨੂੰ ਉਤਪੰਨ ਕਰਨ ਵਾਲੀਆਂ ਕੋਮਲ ਜੁਗਤਾਂ ਵਿਚੋਂ ਛੰਦ ਇਕ ਪ੍ਰਮੁੱਖ ਜੁਗਤ ਹੈ।[32] ਪੁਰਾਤਨ ਇਤਿਹਾਸਕ ਪ੍ਰਕਰਣ ਵਿਚ ਵੇਖੀਏ ਤਾਂ ਕਾਵਿ ਸਾਹਿਤ ਵਿਚ ਛੰਦ ਤੋਂ ਬਿਨਾਂ ਕਵਿਤਾ ਦਾ ਕਵਿਤਾ ਹੋਣਾ ਅਸੰਭਵ ਮੰਨਿਆ ਜਾਂਦਾ ਸੀ ਪਰੰਤੂ ਸਮੇਂ ਦੇ ਕਾਲਕ੍ਰਮ ਵਿਚ ਛੰਦ-ਮੁਕਤ ਰਚਨਾ ਨੂੰ ਵੀ ਕਵਿਤਾ ਸਵੀਕਾਰ ਕੀਤਾ ਜਾਣ ਲਗ ਪਿਆ ਪਰ ਫੇਰ ਵੀ ਕਾਵਿ ਸਿਰਜਨਾ ਵਿਚ ਛੰਦ ਦੀ ਮਹੱਤਾ ਨੂੰ ਅੱਜ ਵੀ ਭਲੀ ਭਾਂਤ ਕਬੂਲ ਕੀਤਾ ਜਾਂਦਾ ਹੈ।

ਭਾਰਤੀ ਕਾਵਿ ਸਾਹਿਤ ਵਿਚ ਛੰਦ ਦੇ ਗਿਆਨ ਤੇ ਬਲ ਦਿਤਾ ਜਾਂਦਾ ਸੀ। ਇਹ ਅਜਿਹੀ ਜ਼ਰੂਰੀ ਵਿਦਿਆ ਸੀ ਜੋ ਕਿ ਛੰਦ ਸ਼ਾਸਤਰ ਜਾਂ ਪਿੰਗਲ ਸ਼ਾਸਤਰ ਦੇ ਨਾਂ ਹੇਠ ਪ੍ਰਚਲਿਤ ਸੀ। 200 ਈਸਾ ਪੂਰਵ ਆਚਾਰੀਆ ਪਿੰਗਲ ਦੁਆਰਾ ਰਚਿਤ ਪਹਿਲਾ ਗ੍ਰੰਥ 'ਛੰਦ ਸੂਤ੍ਰ' ਪ੍ਰਾਪਤ ਹੁੰਦਾ ਹੈ।[33] ਜਿਸ ਤੋਂ 'ਛੰਦ' ਸੰਬੰਧੀ ਵਿਸ਼ੇ ਬਾਰੇ ਗਿਆਨ ਹਾਸਿਲ ਹੁੰਦਾ ਹੈ। ਛੰਦ ਜਿਸ ਨੂੰ ਅੰਗ੍ਰੇਜ਼ੀ (Meter) ਕਿਹਾ ਜਾਂਦਾ ਹੈ ਅਤੇ ਛੰਦ ਸ਼ਾਸਤਰ ਨੂੰ (Metric) ਜਾਂ (Prosody) ਆਖਿਆ ਜਾਂਦਾ ਹੈ। ਉਥੇ ਫ਼ਾਰਸੀ ਅਰਬੀ ਵਿਚ ਇਸ ਵਿਦਿਆ ਨੂੰ ਅਰੂਜ਼ ਕਿਹਾ ਗਿਆ ਹੈ ਜਿਸ ਨੂੰ ਕਾਵਿ ਦੇ ਜ਼ਰੂਰੀ ਤੱਤ ਵਜੋਂ ਸਵੀਕਾਰ ਕੀਤਾ ਜਾਂਦਾ ਹੈ। 'ਛੰਦ' ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਦੇ ਦੋ ਸ਼ਬਦ 'ਛੰਦਕ' ਤੇ 'ਛੰਦਸ' ਤੋਂ ਮੰਨੀ ਜਾਂਦੀ ਹੈ। ਛੰਦਕ ਤੋਂ ਭਾਵ ਹੱਥ ਵਿਚ ਪਾਉਣ ਵਾਲਾ ਖਾਸ ਕਿਸਮ ਦਾ ਗਹਿਣਾ ਅਤੇ ਛੰਦਸ ਤੋਂ ਭਾਵ ਖੁਸ਼ੀ, ਉਲਾਸ ਜਾਂ ਹੁਲਾਰਾ ਆਦਿ ਤੋਂ ਹੈ। ਅਰਥ ਵਿਚਾਰ ਦੇ ਪੱਖ ਤੋਂ ਇਸ ਦੇ ਬਹੁਤ ਸਾਰੇ ਅਰਥ ਪ੍ਰਚਲਿਤ ਰਹੇ ਹਨ ਪਰੰਤੂ ਛੰਦ ਸ਼ਬਦ ਦੀ ਵਰਤੋਂ ਮੂਲ ਰੂਪ ਵਿਚ ਤਿੰਨ ਅਰਥਾਂ: ਵੈਦਿਕ ਛੰਦਾਂ, ਛੰਦ ਵਿਧਾਨ ਦੇ ਅਰਥਾਂ ਅਤੇ ਖ਼ਾਸ ਛੰਦਾਂ ਤੇ ਛੰਦ ਪ੍ਰਵਿਰਤੀਆਂ ਦੇ ਅਰਥ ਵਿਚ ਹੀ ਵਧੇਰੇ ਪ੍ਰਚਲਿਤ ਹੈ।[34] ਛੰਦ ਦੀ ਪਰਿਭਾਸ਼ਾ ਦਿੰਦਿਆਂ ਵਿਦਵਾਨਾਂ ਨੇ ਛੰਦ ਨੂੰ ਅਜਿਹੀ ਪ੍ਰਕਾਰ ਦੀ ਰਚਨਾ ਕਿਹਾ ਜੋ ਕਿ ਵਰਣ, ਮਾਤਰਾ, ਤੋਲ, ਤੁਕਾਂਤ ਤਾਲ ਤੇ ਤੁਕਾਂ ਦੇ ਬੰਧੇਜ ਵਿਚ ਬੰਨ੍ਹੀ ਹੋਈ ਹੋਵੇ। ਅਜਿਹਾ ਬੰਧਨ ਕਿਸੇ ਵੀ ਪ੍ਰਕਾਰ ਭਾਵ ਪ੍ਰਗਟਾਅ ਨੂੰ ਜਕੜਦਾ ਨਹੀਂ ਸਗੋਂ ਉਸਦੀ ਚਾਲ ਅਤੇ ਪ੍ਰਗਟਾਵੇ ਨੂੰ ਸਹੀ ਤੇ ਸੁਨਿਸ਼ਚਿਤ ਕਰਨ ਵਿਚ ਸਹਾਇਕ ਹੁੰਦਾ ਹੈ। ਹਿੰਦੀ ਸਾਹਿਤਯ ਕੋਸ਼ ਵਿਚ ਅੱਖਰ, ਅੱਖਰਾਂ ਦੀ ਗਿਣਤੀ ਤੇ ਤਰਤੀਬ, ਮਾਤਰਾ ਦੀ ਗਿਣਤੀ ਤੇ ਬਿਸਰਾਮ ਆਦਿ ਨਾਲ ਸੰਬੰਧਿਤ ਖ਼ਾਸ ਨਿਯਮਾਂ ਅਧੀਨ ਰਚੀ ਗਈ ਪਦ ਰਚਨਾ ਛੰਦ

---

32. "In poetry meter serves as one of the primary correlatives of Meaning"-Encyclopaedia of Poetry and Poetics, p. 496.

33. A.B. Keith, History of Sanskrit Literature, p. 15.

34. ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਨਿਰਗੁਣ ਧਾਰਾ, ਪੰਨਾ 315

ਕਹਾਉਂਦੀ ਹੈ।[35] ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਛੰਦ ਦੀ ਪਰਿਭਾਸ਼ਾ ਲਗਭਗ ਇਸੇ ਅਨੁਰੂਪ ਦਿਤੀ ਹੈ। ਉਨ੍ਹਾਂ ਅਨੁਸਾਰ, "ਜਿਸ ਕਵਿਤਾ ਵਿਚ ਮਾਤਰਾ, ਅੱਖਰਗਣ, ਵਿਸ਼ਰਾਮ ਤੇ ਅਨੁਪ੍ਰਾਸ ਆਦਿ ਨਿਯਮਾਂ ਦੀ ਪਾਬੰਦੀ ਹੋਵੇ ਉਹ ਰਚਨਾ ਛੰਦ ਕਹਾਉਂਦੀ ਹੈ।"[36] ਨਿਯਮਿਤ ਕਾਵਿ ਲਯ ਛੰਦ ਹੈ ਜਾਂ ਕਾਵਿ ਬੰਦ ਵਿਚ ਪ੍ਰਗਟ ਹੋਏ ਨੇਮਾਤਮਿਕ ਮਾਪਣ ਯੋਗ ਪੈਟਰਨ ਹੀ ਛੰਦ ਹਨ।[37] ਇਸ ਤੋਂ ਸਪਸ਼ਟ ਹੈ ਕਿ ਲੈਅ ਹੀ ਸੁਬਦਬਧ ਹੋ ਛੰਦ ਬਣ ਜਾਂਦਾ ਹੈ। ਉਪਰੋਕਤ ਧਾਰਨਾਵਾਂ ਤੋਂ ਸਪਸ਼ਟ ਹੈ ਕਿ ਵਰਣ-ਮਾਤਰਾਂ ਜਾਂ ਗਣਾਂ ਦੀ ਵਿਸ਼ੇਸ਼ ਤਰਤੀਬ, ਜਿਸ ਵਿਚ ਵਜ਼ਨ, ਸੁਰ ਤਾਲ, ਬਿਸਰਾਮ ਦਾ ਖਿਆਲ ਕਰਦੇ ਹੋਏ ਤੁਕਾਂਤ ਦੇ ਮੇਲ ਦੁਆਰਾ ਲੈਅ ਉਤਪੰਨ ਕੀਤੀ ਜਾਵੇ ਉਹੀ ਛੰਦ ਹੈ। ਇਹ ਮੂਲ ਰੂਪ ਵਿਚ ਦੋ ਵਰਗਾਂ ਵਿੱਚ ਵਿਭਾਜਤ ਕੀਤੇ ਜਾਂਦੇ ਹਨ (1) ਵਰਣਿਕ ਛੰਦ (2) ਮਾਤ੍ਰਿਕ ਛੰਦ। ਇਸ ਵਰਗ ਵੰਡ ਦੇ ਅੱਗੇ ਫੇਰ ਕਈ ਭੇਦ ਹੋ ਜਾਂਦੇ ਹਨ। ਕਿਉਂਕਿ ਇਹ ਭੇਦ ਮਾਤ੍ਰਾਵਾਂ, ਵਰਣਾਂ, ਲਘੂ ਗੁਰੂ ਬਿਸ਼ਰਾਮ ਆਦਿ ਦੀ ਅਦਲਾ ਬਦਲੀ ਅਤੇ ਚਰਣਾਂ ਦੇ ਘੱਟ ਵੱਧ ਹੋਣ ਕਰਕੇ ਬਣਦੇ ਹਨ।' ਵਰਣਕ ਛੰਦ' ਵਿਚ ਛੰਦ ਰਚਨਾ ਵਰਣ ਆਧਾਰਿਤ ਹੁੰਦੀ ਹੈ। ਅਜਿਹੀ ਕਾਵਿ ਰਚਨਾ ਜਿਸ ਵਿਚ ਅੱਖਰਾਂ ਦੀ ਗਿਣਤੀ ਦਾ ਤੋਲ ਹੋਵੇ ਵਰਣਿਕ ਛੰਦ ਕਹਾਉਂਦੀ ਹੈ। ਮਾਤ੍ਰਿਕ ਛੰਦ ਮਾਤ੍ਰਾ ਦੀ ਗਿਣਤੀ ਅਤੇ ਤੋਲ ਤੇ ਆਧਾਰਿਤ ਹੁੰਦੀ ਹੈ। ਇਸ ਦੇ ਅੱਗੋਂ ਤਿੰਨ ਪ੍ਰਮੁੱਖ ਭੇਦ ਮੰਨੇ ਜਾਂਦੇ ਹਨ:

ਸਮਮਾਤ੍ਰਿਕ ਛੰਦ: (ਜਿਸ ਵਿੱਚ ਚਾਰੇ ਤੁਕਾਂ ਵਿਚ ਮਾਤ੍ਰਾਵਾਂ ਦੀ ਗਿਣਤੀ ਇਕੋ ਜਿਹੀ ਹੋਵੇ ਤੇ ਬਿਸਰਾਮ ਵੀ ਇਕ ਸਥਾਨ ਤੇ ਹੋਵੇ)

ਅਰਧ ਸਮਮਾਤ੍ਰਿਕ ਛੰਦ:(ਜਿਸ ਵਿਚ ਪਹਿਲੀ ਤੇ ਤੀਜੀ ਤੁਕ ਦੀਆਂ ਮਾਤ੍ਰਾਵਾਂ ਅਤੇ ਦੂਜੀ ਤੇ ਚੌਥੀ ਤੁਕ ਦੀਆਂ ਮਾਤ੍ਰਾਵਾਂ ਦੀ ਗਿਣਤੀ ਤੇ ਬਿਸਰਾਮ ਮਿਲਦੇ ਹੋਣ)

ਵਿਸ਼ਮ ਮਾਤ੍ਰਿਕ ਛੰਦ: (ਇਸ ਛੰਦ ਵਿਚ ਕਿਸੇ ਵੀ ਤੁਕ ਦੀਆਂ ਮਾਤ੍ਰਾਵਾਂ ਆਪਸ ਵਿੱਚ ਨਹੀਂ ਮਿਲਦੀਆਂ ਅਤੇ ਨਾ ਹੀ ਬਿਸਰਾਮ ਇਕ ਤੁਕ ਤੋਂ ਦੂਸਰੀ ਤੁਕ ਨਾਲ ਮਿਲਦੇ ਹਨ)

ਜਿਸ ਪ੍ਰਕਾਰ ਕਵਿਤਾ ਦੇ ਹੋਰ ਤੱਤ ਕਵਿਤਾ ਨੂੰ ਆਕਰਸ਼ਕ ਤੇ ਪ੍ਰਭਾਵਮਈ ਬਣਾਉਣ ਵਿੱਚ ਸਹਾਈ ਹੁੰਦੇ ਹਨ ਉਥੇ ਛੰਦ ਆਪਣੀ ਕਲਾਤਮਿਕਤਾ ਦੁਆਰਾ ਕਾਵਿ ਰੂਪ ਵਿਧਾਨ ਵਿਚ ਆਪਣਾ ਵਿਲੱਖਣ

---

35. <u>ਹਿੰਦੀ ਸਾਹਿਤਯ ਕੋਸ਼</u>, ਪੰਨਾ 290

36. <u>ਗੁਰੂ ਛੰਦ ਦਿਵਾਕਰ</u>, ਪੰਨਾ 11

37. <u>Encyclopaedia of Poetry and Poetics</u>, p. 496.

ਤੇ ਵਿਸ਼ਿਸ਼ਟ ਸਥਾਨ ਰਖਦਾ ਹੈ। ਛੰਦਯੁਕਤ ਕਵਿਤਾ ਵਧੇਰੇ ਜੀਵਤ ਪ੍ਰੇਰਣਾਦਾਇਕ ਰਸੀਲੀ ਤੇ ਸੁਹਜ ਸੌਂਦਰਯ ਨਾਲ ਭਰਪੂਰ ਹੁੰਦੀ ਹੈ। ਇਸ ਵਿਚਲਾ ਸੁਹਜ ਲੈਅ ਕਾਰਣ ਉਤਪੰਨ ਹੁੰਦਾ ਹੈ। ਬੇਸ਼ਕ ਕਵੀ ਆਪਣੇ ਦ੍ਰਿਸ਼ਟੀਕੋਣ ਤੋਂ ਆਪਣੇ ਵਿਸ਼ੇ ਵਸਤੂ ਅਨੁਰੂਪ ਹੀ ਛੰਦ ਚੋਣ ਕਰਦਾ ਹੈ ਪਰੰਤੂ ਫੇਰ ਵੀ ਛੰਦ ਕਵੀ ਅਤੇ ਪਾਠਕ ਵਿਚਕਾਰ ਅਜਿਹੀ ਕੜੀ ਹੈ ਜੋ ਮਨੋਭਾਵਾਂ ਨੂੰ ਜਗਾ ਕੇ ਪ੍ਰਚੰਡ ਕਰਦੀ ਹੋਈ ਰਸ ਨਿਸ਼ਪਤੀ ਰਾਹੀਂ ਪ੍ਰਭਾਵ ਦੇ ਅਸਰ ਨੂੰ ਡੂੰਘੇਰਾ ਤੇ ਤੀਬਰਤਮ ਕਰਦੀ ਹੈ। ਅਜਿਹਾ ਪ੍ਰਭਾਵ ਗਦ ਅਤੇ ਛੰਦ ਵਹੀਨ ਪਦ ਵਿਚ ਸੰਭਵ ਨਹੀਂ ਹੈ। ਚਾਹੇ ਆਧੁਨਿਕ ਕਾਵਿ ਵਿਚ ਛੰਦ ਰਹਿਤ ਕਵਿਤਾ ਵਧੇਰੇ ਪ੍ਰਚਲਿਤ ਤੇ ਮਕਬੂਲ ਹੋ ਰਹੀ ਹੈ ਕਿਉਂਜੋ ਵਿਦਵਾਨਾਂ ਦਾ ਮੱਤ ਹੈ ਜੇ ਮਨੁੱਖ ਛੰਦ ਵਿਚ ਸੋਚਦਾ ਨਹੀਂ, ਕਲਪਨਾ ਨਹੀਂ ਕਰਦਾ ਤੇ ਫੇਰ ਲਿਖਦਾ ਕਿਉਂ ਹੈ? ਜਦੋਂ ਕਿ ਛੰਦ ਕਵਿਤਾ ਵਿਚਲੇ ਆਪਮੁਹਾਰੇ ਆਵੇਗ ਨੂੰ ਕੈਦ ਕਰ ਲੈਂਦਾ ਹੈ। ਪਰੰਤੂ ਇਹ ਮੰਨਣਾ ਵਧੇਰੇ ਉਪਯੁਕਤ ਨਹੀਂ ਕਿਉਂਜੋ ਕਾਵਿ ਸਿਰਫ ਭਾਵਮਈ ਆਵੇਗ ਹੀ ਨਹੀਂ, ਬਲਕਿ ਇਹ ਵੀ ਬੌਧਿਕ ਤੱਤਾਂ ਦੀ ਹੋਂਦ ਅਤੇ ਸਮਾਂ ਮੰਗਦੇ ਹਨ। ਇਸੇ ਕਰਕੇ ਛੰਦ ਯੁਕਤ ਕਵਿਤਾ ਵਧੇਰੇ ਪ੍ਰਭਾਵਮਈ ਅਤੇ ਅਸਰਦਾਇਕ ਹੁੰਦੀ ਹੈ।ਜਿਸ ਵਿਚ ਥੋੜ੍ਹੇ ਸ਼ਬਦਾਂ ਵਿਚ ਭਾਵਾਂ ਦੀ ਡੂੰਘਾਈ ਨੂੰ ਬਿਆਨਿਆ ਜਾਂਦਾ ਹੈ। ਛੰਦ ਕਾਵਿ ਦੇ ਅਰਥ ਤੱਤ ਨਾਲ ਬੁਨਿਆਦੀ ਤੌਰ ਤੇ ਸਹਿ-ਸੰਬੰਧਿਤ ਹੁੰਦਾ ਹੈ।[38] ਕਾਵਿ ਅਰਥ ਨੂੰ ਸਰਲ ਤੇ ਸਪਸ਼ਟ ਕਰਨ ਵਿਚ ਇਸ ਦੀ ਹੋਂਦ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਇਸ ਦਾ ਗੁਣਾਤਮਕ ਸਰੂਪ ਜਿਸ ਵਿਚ ਭਾਵਾਂ ਤੇ ਵਿਚਾਰਾਂ ਦੀ ਨਿਰੰਤਰਤਾ, ਤਾਜ਼ਗੀ ਅਤੇ ਸੁਹਜ ਸੌਂਦਰਯਾਤਮਿਕਤਾ ਦਾ ਪ੍ਰਗਟਾਵਾ, ਸਰੋਤੇ ਤੇ ਪਾਠਕ ਵਿਚਲਾ ਸੁਹਿਰਦ ਸੰਬੰਧ ਆਦਿ ਤੱਤਾਂ ਦਾ ਲਖਾਇਕ ਹੈ। ਸਪਸ਼ਟ ਰੂਪ ਵਿਚ ਇਹ ਕਹਿਣਾ ਵਧੇਰੇ ਉਚਿਤ ਹੈ ਕਿ ਕਾਵਿ ਸਿਰਜਨ ਪ੍ਰਕ੍ਰਿਆ ਵਿਚ ਛੰਦ ਕਾਵਿ ਦਾ ਅਜਿਹਾ ਮਹੱਤਵਪੂਰਣ ਤੱਤ ਹੈ ਜੋ ਰਸਦਾਇਕ ਅਨੁਭੂਤੀ ਦੇ ਨਾਲ ਸਹਿ ਸੰਬੰਧਿਤ ਹੋ ਕਾਵਿ ਅਰਥ ਅਭਿਵਿਅੰਜਨਾ ਕਰਦਿਆਂ ਸੰਚਾਰ ਨੂੰ ਵਧੇਰੇ ਸਪਸ਼ਟ ਤੇ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਇਕ ਹੁੰਦਾ ਹੈ।

7.7 ਭਾਸ਼ਾ: ਕਾਵਿ ਰਚਨਾ ਪ੍ਰਕ੍ਰਿਆ ਅਤੇ ਕਾਵਿ ਰੂਪ ਦੀ ਸੰਰਚਨਾ ਦੇ ਅੰਤਰਗਤ ਭਾਸ਼ਾ ਦੀ ਵਿਲੱਖਣ ਤੇ ਵਿਸ਼ਿਸ਼ਟ ਹੋਂਦ ਹੈ। ਭਾਸ਼ਾ ਤੋਂ ਬਿਨਾਂ ਕਾਵਿ ਰਚਨਾ ਸੰਭਵ ਨਹੀਂ ਹੈ ਕਿਉਂਜੋ ਭਾਸ਼ਾ ਕਾਵਿ ਨੂੰ ਸਮੂਰਤਨ ਕਰਨ ਵਾਲਾ ਬੁਨਿਆਦੀ ਤੱਤ ਹੈ। ਭਾਸ਼ਾ ਦਾ ਮੂਲ ਸੁਭਾਅ ਅਭਿਵਿਅਕਤੀ ਹੈ ਇਸ ਕਰਕੇ ਇਹ ਕਵੀ ਅਤੇ ਕਾਵਿ ਸਿਰਜਣਾ ਵਿਚਕਾਰ ਅਜਿਹਾ ਮਾਧਿਅਮ ਹੈ ਜਿਸ ਦੁਆਰਾ ਕਵੀ ਅਨੇਕ ਕਾਵਿ ਰੂਪ ਦਾ ਨਿਰਮਾਣ ਕਰਦਾ ਹੈ। ਕਾਵਿ ਦਾ ਸੁਨਿਸ਼ਚਿਤ ਤੇ ਸੰਯੋਜਿਤ ਸਰੂਪ ਭਾਸ਼ਾ ਦੀਆਂ ਅਨੇਕ ਸਮਰਥਾਵਾਂ ਤੇ ਸੰਭਾਵਨਾਵਾਂ ਦਾ ਧਾਰਣੀ ਹੈ। ਵਿਦਵਾਨਾਂ ਨੇ ਸੰਗੀਤ ਤੋਂ ਬਿਨਾਂ ਬਾਕੀ ਕੋਮਲ ਕਲਾਵਾਂ ਵਿਚੋਂ ਕੇਵਲ ਕਾਵਿ

---

38. "In poetry meter serves as one of the Primary Correlatives of Meaning" – Encyclopaedia of Poetry and Poetics, p. 498.

ਦੇ ਭਾਸ਼ਾਈ ਮਾਧਿਅਮ ਨੂੰ ਹੀ ਸ੍ਰੇਸ਼ਠ ਸਵੀਕਾਰ ਕੀਤਾ ਹੈ ਅਤੇ ਇਹ ਸੱਚ ਵੀ ਹੈ ਕਿ ਭਾਸ਼ਾ ਹੀ ਸਾਡੇ ਅਭਿਵਿਅੰਜਨਾ ਤੇ ਸੰਚਾਰ ਦਾ ਆਵਸ਼ਕ ਤੇ ਸੰਪੂਰਣ ਮਾਧਿਅਮ ਹੋ ਸਕਦੀ ਹੈ।[39]

ਕਵੀ ਆਪਣੇ ਮਨੋਭਾਵਾਂ ਤੇ ਵਿਚਾਰ ਨੂੰ ਸੰਚਾਰਿਤ ਕਰਨ ਹਿਤ ਭਾਸ਼ਾ ਨੂੰ ਸੰਚਾਰ ਉਪਕਰਣ ਵਜੋ ਇਸਤੇਮਾਲ ਕਰਦਾ ਹੈ। ਭਾਸ਼ਾ ਦਾ ਜਿਥੇ ਮਾਨਵੀ ਭਾਈਚਾਰੇ ਵਿਚ ਆਪਸੀ ਸੰਚਾਰ ਲਈ ਮਾਧਿਅਮ ਵਜੋਂ ਮਹੱਤਵ ਹੈ ਉਥੇ ਕਾਵਿ ਵਿਚ ਮੂਲ ਉਪਕਰਣ ਤੇ ਸੰਚਾਰ ਪ੍ਰਕ੍ਰਿਆ ਦੀ ਮੂਲ ਇਕਾਈ ਵਜੋਂ ਇਸ ਦਾ ਵਿਸ਼ਿਸ਼ਟ ਸਥਾਨ ਹੈ। ਕਾਵਿ ਰਚਨਾ ਪ੍ਰਕ੍ਰਿਆ ਦੇ ਅੰਤਰਗਤ ਰਚੇਤਾ ਦੇ ਮਨ ਦੀ ਪ੍ਰਕਿਰਤੀ ਦੀ ਕਿਸੇ ਪ੍ਰਕ੍ਰਿਆ ਅਧੀਨ ਉਸ ਦਾ ਰੂਪ ਜਾਂ ਮੁਹਾਵਰੇ ਵਿਚ ਪਰਿਵਰਤਿਤ ਹੋਣਾ ਹੈ। ਰਚੇਤਾ ਦਾ ਅਨੁਭਵ ਜਗਤ, ਉਸ ਦੀਆਂ ਅਨੇਕਾਂ ਸਮਰਥਾਵਾਂ ਸਮਸਿਆਵਾਂ, ਸਮੱਗਰੀ ਦੀ ਚੋਣ, ਸਮਗਰੀ ਦਾ ਸੰਯੋਜਿਤ ਸਰੂਪ ਅਤੇ ਵਿਭਿੰਨ ਪਰਿਪੇਖ ਆਦਿ ਦਾ ਆਪਸ ਵਿਚ ਗਹਿਰਾ ਸੰਬੰਧ ਹੈ। ਕਵੀ ਜਾਂ ਰਚੇਤਾ ਦੀ ਵੈਯਕਤਾ, ਮਾਨਸਿਕਤਾ ਅਤੇ ਉਸ ਦੀ ਸੁਹਜਾਤਮਕ ਬਿਰਤੀ ਆਪਣੇ ਆਂਤਰਿਕ ਰੂਪ ਨੂੰ ਸੰਗਠਤ ਤੇ ਸੰਯੋਜਿਤ ਕਰਕੇ ਉਸ ਨੂੰ ਵਿਅਕਤ ਕਰਨ ਹਿਤ ਬਾਹਰੀ ਪ੍ਰਗਟਾਵੇ ਵਲ ਰੁਚਿਤ ਹੁੰਦੀ ਹੈ। ਕਵੀ ਦੀ ਵਿਲੱਖਣਤਾ ਦਾ ਪ੍ਰਗਟਾਵਾ ਭਾਸ਼ਾ ਦੀ ਸਹੀ ਤੇ ਸੁਨਿਸ਼ਚਤ ਚੋਣ ਅਤੇ ਵਿਲੱਖਣ ਅਭਿਵਿਅੰਜਨਾ ਦੁਆਰਾ ਹੀ ਜਾਣੀ ਜਾ ਸਕਦੀ ਹੈ। ਕਿਉਂਜੋ ਜਿੰਨੀ ਦੇਰ ਤਕ ਕੋਈ ਭਾਸ਼ਾ ਕਿਸੇ ਅਰਥ ਨੂੰ ਵਿਅੰਜਤ ਨਹੀਂ ਕਰਦੀ ਉਨੀ ਦੇਰ ਤਕ ਇਹ ਕੇਵਲ ਸ਼ੋਰ ਮਾਤ੍ਰ ਹੀ ਹੈ। ਕਾਵਿ ਰੂਪ ਪ੍ਰਕ੍ਰਿਆ ਅਤੇ ਸੰਰਚਨਾ ਦੋਵੇਂ ਵਖੋ ਵਖਰੀਆਂ ਵੀ ਹਨ ਅਤੇ ਇਕ ਦੂਜੇ ਨਾਲ ਸਹਿ ਸੰਬੰਧਿਤ ਵੀ। ਕਾਵਿ ਰਚਨਾ ਪ੍ਰਕ੍ਰਿਆ ਅਤੇ ਕਾਵਿ ਭਾਸ਼ਾ ਦੇ ਸੰਬੰਧਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਕਾਵਿ ਭਾਸ਼ਾ ਜਿਥੇ ਕਾਵਿ ਰਚਨਾ ਦਾ ਮੂਰਤ ਆਧਾਰ ਹੈ ਉਥੇ ਆਪਣੇ ਆਪ ਵਿਚ ਇਕ ਪ੍ਰਕਾਰ ਦੀ ਰਚਨਾ ਵੀ ਹੈ। ਕਿਉਂਕਿ ਕਿਸੇ ਤੱਥ, ਅਨੁਭਵ ਜਾਂ ਪ੍ਰਤਿਕ੍ਰਿਆ ਦੇ ਵਿਭਿੰਨ ਪੱਖਾਂ ਤੋਂ ਇਸਦਾ ਪੁਨਰ ਸਿਰਜਣ ਹੁੰਦਾ ਹੈ। ਇਕ ਵਿਸ਼ੇਸ਼ ਰਚਨਾ ਇਕ ਭਾਸ਼ਾ ਵਿਚ ਆਪਣੇ ਅਧੂਰੇਪਣ ਨੂੰ ਸਾਕਾਰ ਕਰਦੀ ਹੋਈ ਆਪਣੀ ਅਸਮਰਥਾ ਨੂੰ ਸੰਪੂਰਨਤਾ ਵਿਚ ਪਰਿਵਰਤਿਤ ਕਰਦੀ ਹੈ। ਜਦੋਂ ਰਚਨਾ ਪਾਠਕ/ਸ੍ਰੋਤੇ ਸਨਮੁੱਖ ਆਉਂਦੀ ਹੈ ਤਦ ਉਹ ਰਚਨਾ ਆਪਣੇ ਰਚਨਾ ਸੰਸਾਰ ਤੋਂ ਅਲਗ ਹੋ ਜਾਂਦੀ ਹੈ। ਰਚਨਾ ਦੀ ਵਿਲੱਖਣਤਾ ਉਸ ਦੀ ਅਭਿਵਿਅਕਤੀ ਅਤੇ ਭਾਸ਼ਾ ਦੇ ਬਹੁਪੱਖੀ ਸੰਬੰਧਾਂ ਤੋਂ ਹੋ ਜਾਂਦੀ ਹੈ। ਭਾਰਤੀ ਕਾਵਿ ਆਲੋਚਨਾ ਵਿਚ ਭਾਸ਼ਾ ਦੇ ਭਿੰਨ ਭਿੰਨ ਅਰਥ ਸੰਭਾਵਨਾਵਾਂ ਨੂੰ ਸਨਮੁਖ ਰਖਦਿਆਂ ਆਲੋਚਕਾਂ ਨੇ ਸ਼ਬਦ ਸ਼ਕਤੀਆਂ ਦੀ ਕਲਪਨਾ ਕੀਤੀ ਕਿਉਂਕਿ ਸ਼ਬਦ ਹੀ ਭਾਸ਼ਾ ਦਾ ਮੂਲ ਤੱਤ ਹੈ। ਕਾਵਿ ਵਿਚ ਸ਼ਬਦ ਦਾ ਪ੍ਰਯੋਗ ਕਰਦਿਆਂ ਕਵੀ ਸ਼ਬਦ ਦੇ ਸਾਧਾਰਣ ਅਤੇ ਸੀਮਿਤ ਅਰਥਾਂ ਨੂੰ ਅਨੇਕਪੱਖੀ, ਵਿਵਿਧਅਰਥੀ, ਭਾਵਾਂ ਦਾ

---

39. "The truth of matter is that language is a essentially perfect means of expression and communication among every known people." Encyclopaedia of Social Sciences, p. 155.

ਪਾਸਾਰ ਕਰਦੇ ਹੋਏ ਅਰਥਾਂ ਵਿਚ ਵਿਸ਼ਾਲਤਾ ਭਰ ਦਿੰਦਾ ਹੈ। ਇਕੋ ਕਾਵਿ ਵਿਚ ਇਕ ਸ਼ਬਦ ਦੁਆਰਾ ਅਰਥਾਂ ਜਾਂ ਭਾਵ ਦਾ ਗਿਆਨ ਨਾ ਹੋ ਕੇ ਅਨੇਕ ਅਰਥਾਂ ਦਾ ਗਿਆਨ ਹੁੰਦਾ ਹੈ। ਇਸ ਪ੍ਰਕਾਰ ਇਕੋ ਅਰਥ ਦੇ ਅਨੇਕ ਅਰਥ ਪ੍ਰਤੀਤ ਹੁੰਦੇ ਹਨ। ਸ਼ਬਦ ਦੇ ਇਸ ਬਹੁ-ਅਰਥੀ ਸੁਭਾਅ ਨੂੰ ਮੁੱਖ ਰਖਦਿਆਂ ਆਲੋਚਕਾਂ ਨੇ ਇਸ ਦੀਆਂ ਇਕ ਤੋਂ ਵਧ ਸ਼ਕਤੀਆਂ ਮੰਨੀਆਂ ਹਨ ਜਿਨ੍ਹਾਂ ਦੇ ਜ਼ੋਰ ਨਾਲ ਇਕ ਸ਼ਬਦ ਵਿਵਧ ਅਰਥਾਂ ਦਾ ਧਾਰਣੀ ਬਣਦਾ ਹੈ। ਇਹ ਸ਼ਕਤੀਆਂ ਅਭਿਧਾ, ਲਕਸ਼ਣਾ ਤੇ ਵਿਅੰਜਣਾ ਹਨ। ਸ਼ਬਦ ਦੇ ਪ੍ਰਥਮ ਜਾਂ ਮੁੱਢਲੇ ਅਰਥ ਦਾ ਬੋਧ ਅਭਿਧਾ ਸ਼ਕਤੀ ਦੁਆਰਾ ਹੁੰਦਾ ਹੈ। ਜਦੋਂ ਕਿ ਮੁੱਖ ਅਰਥ ਤੋਂ ਬਿਨਾਂ ਜਿਸ ਅਰਥ ਦਾ ਗਿਆਨ ਹੁੰਦਾ ਹੈ ਉਸ ਨੂੰ ਲਖਣਾਰਥ ਕਿਹਾ ਜਾਂਦਾ ਹੈ। ਅਭਿਧਾ ਅਤੇ ਲਕਸ਼ਣਾ ਸ਼ਕਤੀ ਦਾ ਕਾਰਜ ਜਿਥੇ ਖਤਮ ਹੋ ਜਾਂਦਾ ਹੈ ਉਥੇ ਸ਼ਬਦ ਦੀ ਤੀਸਰੀ ਸ਼ਕਤੀ ਵਿਅੰਜਨਾ ਹੁੰਦੀ ਹੈ। ਇਹ ਸ਼ਕਤੀ ਵਧੇਰੇ ਸੂਖਮ ਅਤੇ ਅਨੇਕ ਸਮਰਥਾਵਾਂ ਦੀ ਧਾਰਣੀ ਹੁੰਦੀ ਹੈ। ਕਵੀ ਜਦੋਂ ਭਾਸ਼ਾ ਦੇ ਇਸ ਸ੍ਰੇਸ਼ਟ ਅਭਿਵਿਅੰਜਨ ਮਾਧਿਅਮ ਦਾ ਪ੍ਰਯੋਗ ਕਰਦਾ ਹੈ ਤਦ ਉਹ ਸ਼ਬਦਾਂ ਦਾ ਸਾਧਾਰਣ ਸੀਮਿਤ ਅਰਥਾਂ ਦੇ ਅੰਤਰਗਤ ਉਨ੍ਹਾਂ ਵਿਚ ਅਨੇਕ ਪੱਖੀ, ਵਿਵਧਅਰਥੀ ਭਾਵਾਂ ਦਾ ਪਾਸਾਰ ਕਰਕੇ ਸ਼ਬਦ ਦੇ ਅਰਥਾਂ ਵਿਚ ਵਿਸ਼ਾਲਤਾ ਭਰ ਦਿੰਦਾ ਹੈ। ਇਸ ਪ੍ਰਕਾਰ ਸ਼ਬਦ ਆਪਣੇ ਅਭਿਧਾ ਵਾਲੇ ਅਰਥਾਂ ਤੋਂ ਅਗੇ ਲਖਣਾ ਤੇ ਵਿਅੰਜਨਾ ਦੇ ਅਰਥ ਦੇਣ ਲਗ ਪੈਂਦੇ ਹਨ। ਇਸ ਪ੍ਰਕਾਰ ਸ਼ਬਦ ਭਾਵਾਂ ਦੇ ਪ੍ਰਤੀਕ ਅਤੇ ਬਿੰਬ ਬਣਕੇ ਵਿਸ਼ੇ ਅਤੇ ਭਾਵ ਦੇ ਅਨੇਕ ਪੱਖੀ ਅਨੁਭਵਾਂ ਨੂੰ ਬਿੰਬਾਂਕਣ ਕਰਨ ਵਲ ਅਗ੍ਰਸ਼ੀਲ ਰਹਿੰਦੇ ਹਨ।

ਕਾਵਿ ਭਾਸ਼ਾ ਦੀ ਅਭਿਵਿਅੰਜਨਾ ਦੀ ਕਲਾਤ੍ਮਕਤਾ ਜਿਥੇ ਸ਼ਬਦ ਸ਼ਕਤੀਆਂ ਦੇ ਵਿਲੱਖਣਤਾ ਦੀਆਂ ਧਾਰਣੀ ਹਨ ਉਥੇ ਇਸ ਦੀ ਸੰਪੂਰਨਤਾ ਸ਼ਬਦ ਦੇ ਸੰਦਰਭਿਕ ਪਿਛੋਕੜ ਸਹਿਤ ਸਮਾਜਿਕ, ਸਭਿਆਚਾਰਿਕ, ਦਾਰਸ਼ਨਿਕ,ਰਾਜਨੀਤਿਕ ਆਦਿ ਵਿਵਧ ਖੇਤਰਾਂ ਸਹਿਤ ਇਸ ਦੀ ਵਿਲੱਖਣ ਪੇਸ਼ਕਾਰੀ ਵਿਚ ਹੈ। ਇਸ ਕਰਕੇ ਭਾਸ਼ਾ ਨੂੰ ਕੇਵਲ ਵਿਆਕਰਣਕ-ਨਿਯਮਾਂ ਤਕ ਹੀ ਸੀਮਿਤ ਨਹੀਂ ਕੀਤਾ ਜਾ ਸਕਦਾ ਸਗੋਂ ਇਹ ਅਧਿਆਤਮਿਕ, ਦਾਰਸ਼ਨਿਕ, ਮਨੋਵਿਗਿਆਨਕ, ਰਾਜਨੀਤਿਕ, ਸਮਾਜਿਕ ਆਦਿ ਮਨੁੱਖੀ ਖੇਤਰਾਂ ਦੇ ਪ੍ਰਤੀਕ ਵਜੋਂ ਉਜਾਗਰ ਹੁੰਦੀ ਹੈ। ਜਿਸ ਨੂੰ ਬੈਂਜਮਿਨ ਲੀ ਸਭਿਆਚਾਰਿਕ ਵਾਤਾਵਰਣ ਦਾ ਸਮੂਹ ਆਖਦਾ ਹੈ।[40] ਵਖੋ ਵਖਰੇ ਸਭਿਆਚਾਰ ਦਾ ਅੰਤਰ ਵਿਭਿੰਨ ਸਭਿਆਚਾਰਿਕ ਪ੍ਰਤੀਕਾਂ ਬਿੰਬਾਂ ਆਦਿ ਦੇ ਭਾਸ਼ਾਈ ਪ੍ਰਗਟਾਵੇ ਦੁਆਰਾ ਹੀ ਸੰਭਵ ਹੁੰਦਾ ਹੈ। ਭਾਸ਼ਾ ਦਾ ਹੋਰ ਮਹੱਤਵਪੂਰਨ ਪੱਖ ਕਵੀ ਦੇ ਭਾਵਾਂ ਵਿਚਾਰਾਂ

---

40. "It is more-over largely a matter of on especially cohesive aggregate of cultural phenomena that call a language," Selected writings of Benjamin Lee Whoofe, Edited by John B. Carrole, Language Thought and Reality. The Massachusettes Institute of Technology, 1962, p.65.

ਨਾਲ ਵਿਅਕਤ ਹੋ ਕੇ ਆਪਣੀ ਵਿਲੱਖਣਤਾ ਗ੍ਰਹਿਣ ਕਰਦਾ ਹੈ ਕਿਉਂਜੋ ਹਰ ਵਿਅਕਤੀ ਦਾ ਆਪਣਾ ਕਹਿਣ ਦਾ ਅੰਦਾਜ਼ ਹੁੰਦਾ ਹੈ। ਇਹੀ ਉਸਦੀ ਸ਼ੈਲੀ ਹੈ ਜੋ ਉਸਨੂੰ ਅਭਿਵਿਅਕਤੀ ਦੇ ਪੱਧਰ ਤੇ ਦੂਸਰੇ ਰਚੈਤਾਵਾਂ ਤੋਂ ਨਿਖੇੜਦੀ ਹੈ। ਅਭਿਵਿਅਕਤੀ ਦੀਆਂ ਵਿਭਿੰਨ ਭਾਸ਼ਾਈ ਵਿਧੀਆਂ ਰਚੈਤਾ ਦੀ ਵਿਅਕਤੀਗਤ ਤੀਬਰ ਸੰਵੇਦਨਸ਼ੀਲਤਾ ਤੇ ਨਿਰਭਰ ਕਰਦੀਆਂ ਹਨ। ਕਿਉਂਜੋ ਰਚੈਤਾ ਦੀ ਜਿੰਨੀ ਤੀਬਰ ਸੰਵੇਦਨਸ਼ੀਲਤਾ ਹੋਵੇਗੀ ਓਨੀ ਹੀ ਉਸ ਦੇ ਕਹਿਣ ਵਿਚ ਵਿਸ਼ਿਸ਼ਟਤਾ ਹੋਵੇਗੀ ਅਤੇ ਉਹ ਆਪਣੀ ਵਿਸ਼ਿਸ਼ਟ ਕਲਾਤਮਿਕਤਾ ਦੁਆਰਾ ਅਜਿਹੀਆਂ ਅਭਿਵਿਅੰਜਨ ਵਿਧੀਆਂ ਦਾ ਇਸਤੇਮਾਲ ਕਰੇਗਾ ਜੋ ਉਸ ਨੂੰ ਰਚਨਾ ਸੰਸਾਰ ਵਿਚ ਸਦੀਵੀ ਸਾਂਝ ਬਣਾ ਰਖਣ ਵਿਚ ਸਹਾਈ ਹੋਣਗੀਆਂ। ਭਾਸ਼ਾ ਦੀਆਂ ਅਜਿਹੀਆਂ ਵਿਧੀਆਂ ਵਿਸ਼ੇਸ਼ ਸੰਦਰਭਿਕ ਪਿਛੋਕੜ ਸੰਗ ਵਿਸ਼ੇਸ਼ ਸਰੂਪ ਗ੍ਰਹਿਣ ਕਰਦੇ ਹੋਏ ਵਿਸ਼ੇਸ਼ ਪਰਿਸਥਿਤੀਆਂ ਅਧੀਨ ਵਿਸ਼ੇਸ਼ ਸਰੂਪ ਦੀ ਧਾਰਣੀ ਹੁੰਦੀਆਂ ਹਨ। ਜਿਸ ਤਰ੍ਹਾਂ ਭਾਸ਼ਾ ਬਹੁਦਿਸ਼ਾਵੀ ਅਤੇ ਬਹੁਪਾਸਾਰੀ ਰੂਪ ਵਿਚ ਵਿਅਕਤ ਹੋ ਕੇ ਸੰਚਾਰ ਦੇ ਸਸ਼ਕਤ ਮਾਧਿਅਮ ਵਜੋਂ ਦ੍ਰਿਸ਼ਟਮਾਨ ਹੁੰਦੀ ਹੈ।

7.8 ਕਾਵਿ ਸੰਚਾਰ ਪ੍ਰਕ੍ਰਿਆ: ਕਾਵਿ ਦੀ ਸੰਰਚਨਾ ਨਿਸ਼ਚਿਤ ਹੋਣ ਤੋਂ ਬਾਅਦ ਉਸ ਦਾ ਸੰਚਾਰ ਹੋਣਾ ਲਾਜ਼ਮੀ ਹੈ। ਕੋਈ ਰਚਨਾਤਮਕ ਕਾਰਜ ਆਪਣੇ ਆਪ ਵਿਚ ਚਾਹੇ ਕੁਝ ਵੀ ਨਾ ਹੋਵੇ ਪਰ ਉਸ ਨੇ ਆਪਣੇ ਤੋਂ ਪਾਰ ਪਹੁੰਚਣਾ ਹੁੰਦਾ ਹੈ ਕਿਉਂਜੋ ਮਨੁੱਖੀ ਮਨ ਦੀ ਸੰਰਚਨਾ ਦਾ ਬੁਨਿਆਦੀ ਕਰਮ ਸੰਚਾਰ ਹੀ ਹੈ। ਕਾਵਿ ਦਾ ਰਚਨਾਤਮਕ ਸਰੂਪ ਆਪਣੇ ਰਚਨਾਤਮਕ ਨਿਯਮਾਂ ਦੁਆਰਾ ਆਪਣੇ ਵਿਵਿਧ ਪ੍ਰਕਾਰੀ ਵਿਸਥਾਰ ਮੂਲਕ ਤੱਤਾਂ ਦਾ ਧਾਰਣੀ ਹੈ। ਰਚਨਾਤਮਕ ਨਿਯਮਾਂ ਦੀ ਪਛਾਣ ਚਿਹਨ ਰਚਨਾਤਮਕ ਸਰੂਪ ਨੂੰ ਰਚਨਾਤਮਕ ਵਿਵਸਥਾ ਵਿਚ ਸਥਾਨ ਦਿਵਾਉਂਦੀ ਹੈ ਕਿਉਂਜੋ ਰਚਨਾਤਮਕ ਵਿਵਸਥਾ ਸੰਚਾਰ ਸਿਸਟਮ ਤੋਂ ਹੀ ਪ੍ਰਭਾਵਿਤ ਹੁੰਦੀ ਹੈ। ਸੰਚਾਰ ਸਿਸਟਮ ਤੋਂ ਹੀ ਪੈਦਾ ਹੋਏ ਰਚਨਾਤਮਕ ਨਿਯਮ ਅਤੇ ਇਹਨਾਂ ਪਿਛੇ ਕਾਰਜ ਕਰਦੀਆਂ ਅਮੂਰਤ ਇਕਾਈਆਂ ਸਮੂਰਤ ਰਚਨਾਤਮਕ ਸਰੂਪ ਨੂੰ ਸਾਕਾਰ ਕਰਦੀਆਂ ਹਨ। ਪਰੰਤੂ ਸੰਚਾਰ ਕਰਮ ਅਚੇਤ ਰੂਪ ਵਿਚ ਵਿਦਮਾਨ ਹੁੰਦਾ ਹੈ ਕਿ ਕਵੀ ਵੀ ਇਸ ਪ੍ਰਤੀ ਸੁਚੇਤ ਨਹੀਂ ਹੁੰਦਾ। ਕਾਵਿ ਸਿਰਜਨ ਪ੍ਰਕ੍ਰਿਆ ਸਮੇਂ ਕਵੀ ਸੰਚਾਰ-ਧਰਮ ਪ੍ਰਤੀ ਵਚਨਬਧ ਨਾ ਹੋ ਕੇ ਆਪਣੇ ਅੰਤਰਮਨ ਦੀ ਅਭਿਵਿਅਕਤੀ ਜਾਂ ਆਪਣੇ ਨਿਜੀ ਤੇ ਵਿਅਕਤੀਗਤ ਭਾਵਾਂ ਦਾ ਪ੍ਰਗਟਾਅ ਕਰਨ ਵਲ ਰੁਚਿਤ ਹੁੰਦਾ ਹੈ। ਉਸ ਦੀ ਕੋਸ਼ਿਸ਼ ਆਪਣੇ ਅਨੁਭਵ ਦੇ ਸਹੀ ਪ੍ਰਗਟਾਵੇ ਵਲ ਆਕਰਸ਼ਿਤ ਹੁੰਦੀ ਹੈ, ਕਿਉਂਕਿ ਜਿਸ ਭਾਵਨਾ ਜਾਂ ਅਨੁਭਵ ਨੂੰ ਕਵੀ ਅਭਿਵਿਅਕਤ ਕਰਨਾ ਚਾਹੁੰਦਾ ਹੈ ਜਾਂ ਕਰ ਰਿਹਾ ਹੈ ਇਹ ਅਭਿਵਿਅਕਤ ਹੋਣ ਮਗਰੋਂ ਜਾਂ ਰਚਨਾ ਰੂਪ ਗ੍ਰਹਿਣ ਕਰਨ ਮਗਰੋਂ ਹੀ ਜਾਣੀ ਜਾਂਦੀ ਹੈ। ਇਸੇ ਲਈ ਕਵੀ ਪਹਿਲਾਂ ਚੋਣ ਕਰਕੇ ਜਾਂ ਕਿਸੇ ਵਿਸ਼ੇਸ਼ ਭਾਵਨਾ ਨੂੰ ਸੰਚਾਰ ਕਰਨ ਦੇ ਮਨੋਰਥ ਨੂੰ ਸਾਹਮਣੇ ਰਖਕੇ ਨਹੀਂ ਸਿਰਜਦਾ ਅਤੇ ਨਾ ਹੀ ਪਾਠਕ ਜਾਂ ਸਰੋਤੇ ਨੂੰ ਸਨਮੁਖ ਰਖਕੇ ਸਿਰਜਣਾ ਕਰਦਾ ਹੈ, ਉਹ ਤਾਂ ਖੁਦ ਆਪਣੇ ਅਨੁਭਵ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਵਿਚ ਹੁੰਦਾ ਹੈ। ਪਾਠਕ ਜਾਂ ਸਰੋਤਾ ਤਾਂ ਅਪਰੋਖ ਰੂਪ ਵਿਚ ਗ੍ਰਹਿਣ ਕਰਤਾ ਹੁੰਦਾ ਹੈ। ਕ੍ਰੋਚੇ ਅਨੁਸਾਰ

ਕਲਾਕਾਰ ਦੇ ਅੰਤਰਮਨ ਦਾ ਸਹਿਜ ਰੂਪ ਵਿੱਚ ਅਭਿਵਿਅਕਤ ਹੋਣਾ ਹੀ ਉਸ ਦੀ ਕਲਾ ਹੈ।[41] ਇਸ ਪ੍ਰਕਾਰ ਸੰਚਾਰ ਨੂੰ ਸਹਜ ਤੱਤ ਵਾਂਗ ਸਵੀਕ੍ਰਿਤ ਕੀਤਾ ਜਾਣਾ ਸੰਚਾਰ ਦੀ ਮਹੱਤਾ ਨੂੰ ਘਟਾਉਂਦਾ ਨਹੀਂ। ਅਭਿਵਿਅਕਤੀ ਨੇ ਕਵੀ ਤੋਂ ਪਾਠਕ/ਸਰੋਤੇ ਤਕ ਪਹੁੰਚਣ ਤੋਂ ਪਹਿਲਾਂ ਖ਼ੁਦ ਕਵੀ ਤਕ ਪਹੁੰਚਣਾ ਹੈ। ਕ੍ਰੋਚੇ ਅਨੁਸਾਰ ਜਦੋਂ ਅਸੀਂ ਕੋਈ ਪ੍ਰਭਾਵ ਗ੍ਰਹਿਣ ਕਰਦੇ ਹਾਂ ਅਸਲ ਵਿਚ ਉਸ ਨੂੰ ਸਭ ਤੋਂ ਪਹਿਲਾਂ ਆਪਣੇ ਪ੍ਰਤਿ ਪ੍ਰਗਟ ਕਰਦੇ ਹਾਂ ਇਹੋ ਹੀ ਸੰਚਾਰ ਦਾ ਬੁਨਿਆਦੀ ਨੁਕਤਾ ਹੈ।[42] ਇਸ ਅਨੁਸਾਰ ਹੀ ਜਦੋਂ ਕਾਵਿ ਸੰਰਚਨਾ ਨਿਸ਼ਚਿਤ ਹੋ ਜਾਂਦੀ ਹੈ ਤਾਂ ਕਵੀ ਸਭ ਤੋਂ ਪਹਿਲਾਂ ਆਪ ਉਸ ਨੂੰ ਮੁਖਾਤਿਬ ਹੁੰਦਾ ਹੈ। ਆਪਣੀ ਰਚਨਾ ਨੂੰ ਰਚਦਾ ਵੀ ਹੈ ਅਤੇ ਖ਼ੁਦ ਪਾਠਕ ਹੋ ਪੜ੍ਹਦਾ ਵੀ। ਪਹਿਲੇ ਕਾਰਜ ਵਿੱਚ ਉਸ ਨੂੰ ਆਪਣੇ ਅਨੁਭਵ ਦੇ ਪ੍ਰਗਟਾਵੇ ਦੀ ਸੰਤੁਸ਼ਟੀ ਹੈ ਤੇ ਦੂਜੇ ਕਾਰਜ ਵਿਚ ਉਸ ਨੂੰ ਜਾਪਦਾ ਹੈ ਕਿ ਉਸਦੇ ਕਾਵਿ ਦਾ ਸੰਚਾਰ ਹੋ ਸਕਦਾ ਹੈ। ਉਪਰੋਕਤ ਤੱਥਾਂ ਵਿਚ ਪਹਿਲਾ ਕਾਰਜ ਸੁਚੇਤ ਹੈ ਅਤੇ ਦੂਸਰਾ ਅਚੇਤ। ਦਰਅਸਲ ਇਹ ਦੋਵੇਂ ਹੀ ਇਕ ਦੂਜੇ ਦੇ ਪੂਰਕ ਹਨ। ਅਭਿਵਿਅਕਤੀ ਦੀ ਸੰਪੂਰਨਤਾ ਸੰਚਾਰ ਉਪਰ ਹੀ ਅਧਾਰਿਤ ਹੈ। ਕਾਵਿ ਰਚਨਾ ਰੂਪ ਦਾ ਸੰਚਾਰ ਕਵੀ ਦੇ ਆਪਣੇ ਸ੍ਵੈ-ਆਨੰਦ ਜਾਂ ਆਤਮ-ਸੰਤੁਸ਼ਟੀ ਅਤੇ ਪਾਠਕ ਦੇ ਆਨੰਦ ਦੋਹਾਂ ਦੀ ਸੰਪੂਰਨਤਾ ਉਤੇ ਨਿਰਭਰ ਹੈ। ਭਾਵੇਂ ਕਾਵਿ ਰਚਨਾ ਦਾ ਆਰੰਭ ਕਵੀ ਦੇ ਵਿਅਕਤੀਗਤ ਅਨੁਭਵ ਤੋਂ ਸੁਰੂ ਹੁੰਦਾ ਹੈ ਪਰੰਤੂ ਰਚਨਾ ਪ੍ਰਕ੍ਰਿਆ ਸਮੇਂ ਕਵੀ ਆਪਣੇ ਨਿਜੀ ਅਨੁਭਵ ਨੂੰ ਲਕੋ ਕੇ ਉਸ ਦਾ ਅਜਨਬੀਕ੍ਰਿਤ ਰੂਪ ਪਾਠਕ ਸਾਹਮਣੇ ਪ੍ਰਸਤੁਤ ਕਰਦਾ ਹੈ, ਅਤੇ ਫੇਰ ਪਾਠਕ ਆਪਣੇ ਅਨੁਭਵ ਦੁਆਰਾ ਉਸ ਨੂੰ ਗ੍ਰਹਿਣ ਕਰਦਾ ਹੋਇਆ ਸ੍ਵੈ ਪ੍ਰਤੀ ਸੰਚਾਰਿਤ ਹੁੰਦਾ ਹੈ। ਭਾਰਤੀ ਕਾਵਿ ਸ਼ਾਸਤਰੀਆਂ ਨੇ ਇਸੇ ਪ੍ਰਕ੍ਰਿਆ ਨੂੰ ਸਾਧਾਰਣੀਕਰਣ ਦਾ ਨਾਮ ਦਿਤਾ ਹੈ। ਇਸ ਪ੍ਰਕਾਰ ਕਵੀ ਤੇ ਪਾਠਕ ਸੰਚਾਰ ਪ੍ਰਗਟਾਵੇ ਦੇ ਦੋ ਅਨਿੱਖੜ ਤੱਤ ਵਜੋਂ ਉਜਾਗਰ ਹੁੰਦੇ ਹਨ। ਜਿਸ ਦੇ ਇਕ ਪਾਸੇ ਕਵੀ ਦੀ ਆਤਮ ਅਭਿਵਿਅਕਤੀ ਦੀ ਸੰਤੁਸ਼ਟੀ ਅਤੇ ਦੂਸਰੇ ਪਾਸੇ ਪਾਠਕ ਦੀ ਆਨੰਦ ਅਨੁਭੂਤੀ ਹੈ। ਇਹ ਦੋਵੇਂ ਵੱਖੋ ਵੱਖਰੇ ਵੀ ਹਨ ਅਤੇ ਇਕ ਦੂਸਰੇ ਦੇ ਪੂਰਕ ਵੀ। ਦਰਅਸਲ ਦੋਵੇਂ ਹੀ ਆਪੋ ਆਪਣੀ ਵਿਲੱਖਣਤਾ ਦੇ ਧਾਰਣੀ ਹਨ। ਵਿਲੱਖਣਤਾ ਦਾ ਗੁਣ ਹੀ ਦੋਹਾਂ ਵਿਚ ਸਾਂਝ ਸਥਾਪਿਤ ਕਰਦਾ ਹੈ। ਸਾਡੇ ਸਨਮੁੱਖ ਹੁਣ ਤਿੰਨ ਨੁਕਤੇ ਸਪਸ਼ਟ ਹੁੰਦੇ ਹਨ: ਪ੍ਰਥਮ ਕਵੀ ਅਨੁਭਵ, ਦੂਜਾ ਰਚਨਾ ਅਭਿਵਿਅਕਤੀ ਤੇ ਤੀਸਰਾ ਪਾਠਕ ਅਨੁਭਵ। ਇਹ ਤਿੰਨੇ ਹੀ ਵਖੋ ਵਖਰੀਆਂ ਹੋਦਾਂ ਹਨ। ਵਖੋ ਵਖਰੀਆਂ ਹੋ ਕੇ ਇਕੋ ਜਿਹੀਆਂ ਵੀ। ਕਵੀ ਤੋਂ ਰਚਨਾਤਮਕ ਸਰੂਪ ਤਕ ਦਾ ਪੜਾਅ ਅਭਿਵਿਅਕਤੀ ਦਾ ਲਖਾਇਕ ਹੈ। ਵਿਅਕਤੀਗਤ ਆਰੰਭ ਤੋਂ ਸੁਰੂ ਹੋਈ ਯਾਤ੍ਰਾ ਆਪਣੇ ਪਛਾਣ ਤੱਤਾਂ ਦੁਆਰਾ ਵਿਸ਼ਿਸ਼ਟ ਰੂਪਾਕਾਰ ਵਿਚ ਪਰਿਵਰਤਿਤ ਹੁੰਦੀ ਹੈ। ਕਿਉਂਜੋ ਕਵੀ/ਵਕਤਾ ਜੋ ਸੰਦੇਸ਼ ਪ੍ਰਸਾਰਿਤ ਕਰ ਰਿਹਾ ਹੈ ਉਸ ਦੀ ਪਿਠਭੂਮੀ ਪਿਛੇ ਸੰਦਰਭ ਹੁੰਦਾ ਹੈ

---

41. ਹਿੰਦੀ ਸਾਹਿਤਯ ਕੋਸ਼, ਪੰਨਾ 34
42. ਉਹੀ

ਜੋ ਆਪਣੇ ਵਿਸ਼ਿਸ਼ਟ ਨਿਯਮਾਂ ਦੁਆਰਾ ਆਂਤਰਿਕ ਅਤੇ ਬਾਹਰੀ ਜਗਤ ਨੂੰ ਇਕਸਾਰਤਾ ਵਿਚ ਬੰਨ੍ਹਦਾ ਹੈ। ਸੰਦੇਸ਼ ਨੇ ਕਿਸੇ ਚੈਨਲ ਦੁਆਰਾ ਪ੍ਰਸਾਰਿਤ ਹੋਣਾ ਹੈ। ਚੈਨਲ ਲਈ ਜ਼ਰੂਰੀ ਹੈ ਕਿ ਇਹ ਕਵੀ ਅਤੇ ਪਾਠਕ ਵਿਚਕਾਰ ਸਾਂਝ ਸਥਾਪਿਤ ਕਰੇ। ਉਸ ਲਈ ਕਵੀ ਅਤੇ ਪਾਠਕ ਦਾ ਮਾਨਸਿਕ ਤੇ ਭੌਤਿਕ ਜਗਤ ਸਮਾਨ ਰੂਪ ਹੋਣਾ ਲਾਜ਼ਮੀ ਹੈ। ਅਨੁਭਵ ਦੀ ਸਮਾਨਤਾ ਹੀ ਦੋਹਾਂ ਦੀ ਵਿਸ਼ਿਸ਼ਟ ਵਿਲੱਖਣਤਾ ਦੀ ਧਾਰਨੀ ਹੈ। ਰੋਮਨ ਜੈਕਾਬਸਨ ਨੇ ਸੰਚਾਰ ਮਾਡਲ ਦਾ ਸਿਧਾਂਤ ਦਸਦਿਆਂ ਉਸ ਨੂੰ ਹੇਠ ਲਿਖੇ ਤੱਤਾਂ ਰਾਹੀਂ ਸਪਸ਼ਟ ਕੀਤਾ:

ਸੰਦਰਭ
( Context )

| | | |
|---|---|---|
| ਵਕਤਾ<br>(addresser) | ਸੰਦੇਸ਼<br>(Message)<br>ਸੰਪਰਕ<br>(contact)<br>ਕੋਡ<br>(code) | ਸਰੋਤਾ<br>( addresse ) |

ਉਪਰੋਕਤ ਦ੍ਰਿਸ਼ਟੀ ਤੋਂ ਵਾਚੀਏ ਤਾਂ ਸੰਚਾਰ ਪ੍ਰਕ੍ਰਿਆ ਵਿੱਚ ਇਕ ਪਾਸੇ ਵਕਤਾ ਹੈ ਜੋ ਸੰਦੇਸ਼ ਭੇਜ ਰਿਹਾ ਹੈ ਦੂਜੇ ਪਾਸੇ ਸਰੋਤਾ ਜੋ ਸੰਦੇਸ਼ ਗ੍ਰਹਿਣ ਕਰ ਰਿਹਾ ਹੈ। ਵਕਤਾ ਤੇ ਸਰੋਤਾ ਦੀ ਪਿਠਭੂਮੀ ਵਿੱਚ ਕੋਡ ਹੁੰਦਾ ਹੈ ਜੋ ਵਕਤਾ ਤੇ ਸਰੋਤਾ ਨੂੰ ਇਕੋ ਹੀ ਭਾਸ਼ਾਈ ਸਿਸਟਮ ਵਿਚ ਬੰਨ੍ਹਦਾ ਹੈ। ਸੰਦੇਸ਼ ਦਾ ਇਕ ਸੰਦਰਭ ਹੈ ਜੋ ਕਿ ਬਾਹਰੀ ਅਤੇ ਆਂਤਰਿਕ ਜਗਤ ਦਾ ਸੰਕੇਤਾਰਥ ਹੈ। ਸੰਦੇਸ਼ ਦੇ ਪ੍ਰਸਾਰਣ ਲਈ ਵਕਤੇ ਤੇ ਸਰੋਤੇ ਵਿਚਕਾਰ ਚੈਨਲ ਹੁੰਦਾ ਹੈ ਜੋ ਕਿ ਵਕਤੇ ਤੇ ਸਰੋਤੇ ਦੇ ਸੰਬੰਧਾਂ ਦਾ ਮਾਧਿਅਮ ਬਣਦਾ ਹੈ। ਵਕਤਾ, ਸਰੋਤਾ, ਸੰਦਰਭ, ਸੰਪਰਕ, ਸੰਦੇਸ਼ ਕੋਡ ਸੰਚਾਰ ਦੀਆਂ ਅਜਿਹੀਆਂ ਸਥਿਤੀਆਂ ਹਨ ਜੋ ਕਿ ਭਾਸ਼ਾ ਦੇ ਪ੍ਰਕਾਰਜ ਨੂੰ ਕਾਰਜਸ਼ੀਲ ਕਰਦੀਆਂ ਹਨ। ਉਪਰੋਕਤ ਸੰਚਾਰ ਸਿਧਾਂਤ ਵਿਚ ਭਾਸ਼ਾ ਵਿਵਸਥਾ ਕਾਰਜਸ਼ੀਲ ਹੋ ਕੇ ਸੰਦੇਸ਼ ਸਿਰਜਣਾ ਦੇ ਅਮੂਰਤ ਸਿਸਟਮ ਨੂੰ ਸਮੂਰਤ ਸਿਸਟਮ ਵਿਚ ਪੇਸ਼ ਕਰਦੀ ਹੈ। ਪਰੰਤੂ ਇਹ ਧਿਆਨਯੋਗ ਹੈ ਕਿ ਭਾਸ਼ਾ ਦੀ ਅਜਿਹੀ ਗਹਿਰ ਗੰਭੀਰ ਸਾਂਝ ਵੀ ਕਈ ਵਾਰ ਸੰਚਾਰ ਨੂੰ ਔਖਿਆਂ ਕਰ ਸਕਦੀ ਹੈ ਕਿਉਂਕਿ ਕਵੀ ਤੇ ਸਰੋਤੇ ਦਾ ਅਨੁਭਵ ਏਨਾ ਵਿਲੱਖਣ ਤੇ ਗੁੰਝਲਦਾਰ ਹੋ ਸਕਦਾ ਹੈ ਕਿ ਭਾਸ਼ਾ ਦੀ ਵਿਲੱਖਣ ਵਰਤੋਂ ਆਪਣੇ ਸੁਨਿਸ਼ਚਿਤ ਰੂਪ ਵਿੱਚ ਸੰਚਾਰਿਤ ਨਹੀਂ ਕਰ ਸਕਦੀ। ਕਿਉਂਜੋ ਭਾਸ਼ਾ ਦੀ ਵਰਤੋਂ ਹਰ ਵਿਅਕਤੀ ਆਪਣੇ ਅੰਦਾਜ਼ ਵਿਚ ਕਰਦਾ ਹੈ। ਜੇ ਸੰਚਾਰ ਹੋ ਗਿਆ ਤਾਂ ਠੀਕ ਹੈ

ਤੇ ਕਈ ਵੇਰ ਭਾਸ਼ਾ ਦੀ ਸਾਂਝ ਨਾ ਹੋਣ ਤੇ ਸੰਦੇਸ਼ ਤਾਂ ਪ੍ਰਸਾਰਿਤ ਹੋ ਸਕਦਾ ਹੈ ਪਰੰਤੂ ਸੰਚਾਰ ਦੀ ਸਫਲਤਾ ਸੰਦੇਹਪੂਰਵਕ ਹੁੰਦੀ ਹੈ। ਭਾਸ਼ਾ ਦੇ ਸੰਦਰਭ ਵਿਚ ਇਹ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁਕਿਆ ਹੈ ਕਿ ਭਾਸ਼ਾ ਵਿਚ ਸ਼ਬਦ ਇਕ ਅਰਥ ਨਾ ਦੇ ਕੇ ਬਹੁ ਅਰਥਾਂ ਦਾ ਧਾਰਣੀ ਹੁੰਦਾ ਹੈ। ਸਾਧਾਰਣ ਅਨੁਭਵ ਰਾਹੀਂ ਭਾਸ਼ਾ ਦਾ ਪ੍ਰਕਾਰਜ ਬਹੁ ਪ੍ਰਭਾਵੀ ਹੋ ਸਕਦਾ ਹੈ ਪਰੰਤੂ ਗਹਿਰ ਗੰਭੀਰ ਅਨੁਭਵ ਲਈ ਸ਼ਬਦਾਂ ਦੀ ਇਕਹਿਰੀ ਸੰਕੁਚਿਤ ਵਰਤੋਂ ਕੰਮ ਨਹੀਂ ਕਰਦੀ ਕਿਉਂਜੋ ਗੰਭੀਰ ਤੇ ਗੁੰਝਲਦਾਰ ਅਨੁਭਵ ਕਠਿਨ ਹੁੰਦੇ ਹਨ ਅਤੇ ਇਹਨਾਂ ਦੀ ਵਿਲੱਖਣਤਾ ਤੇ ਵਿਸ਼ਿਸ਼ਟਤਾ ਸੰਚਾਰ ਕਰਮ ਨੂੰ ਵੀ ਮੁਸ਼ਕਿਲ ਕਰ ਦਿੰਦੀ ਹੈ। ਅਜਿਹੇ ਸਮੇਂ ਭਾਸ਼ਾ ਦੇ ਜੁਗਤਮਈ ਢੰਗ ਦੀ ਵਰਤੋਂ ਹੁੰਦੀ ਹੈ। ਕਵੀ ਸ਼ਬਦਾਂ, ਵਾਕਾਂ, ਵਾਕਾਂਸ਼ਾਂ ਤੋਂ ਆਪਣੇ ਮੁਤਾਬਿਕ ਕਾਰਜ ਕਰਾਉਂਦਿਆਂ ਅਨੁਭਵ ਦੀ ਗਹਿਰਾਈ ਨੂੰ ਅਨੇਕ ਅਰਥਾਂ ਰਾਹੀਂ ਪੇਸ਼ ਕਰਦਾ ਹੈ। ਭਾਸ਼ਾ ਵਿਵਸਥਾ ਦੀਆਂ ਉਪਰੋਕਤ ਇਕਾਈਆਂ ਅਮੂਰਤਨ ਵਿਚ ਕਾਰਜਸ਼ੀਲ ਹੋ ਕੇ ਸੰਦੇਸ਼ ਸਿਰਜਣਾ ਦਾ ਸਮੂਰਤਨ ਕਰਦੀਆਂ ਹਨ ਅਤੇ ਕਈ ਵੇਰ ਜਦੋਂ ਇਹ ਇਕਾਈਆਂ ਸਿਰਜਣ ਪ੍ਰਕ੍ਰਿਆ ਦਾ ਪੂਰਣ ਅੰਗ ਨਹੀਂ ਬਣਦੀਆਂ ਤਾਂ ਸੰਦੇਸ਼ ਸਿਰਜਣ ਦੀ ਪਧਰ ਤੋਂ ਉਰੇ ਹੀ ਰਹਿ ਜਾਂਦਾ ਹੈ ਤੇ ਇਹ ਸੰਦੇਸ਼ ਸੰਚਾਰਿਤ ਹੁੰਦਾ ਹੋਇਆ ਵੀ ਕਾਵਿ ਸੰਚਾਰ ਨਹੀਂ ਬਣਦਾ। ਸੰਦੇਸ਼ ਸੰਚਾਰ ਕਾਵਿ ਦੇ ਕਾਵਿ-ਪ੍ਰਤਿਮਾਨਾਂ ਤੋਂ ਬਿਨਾਂ ਅਸੰਭਵ ਹੈ। ਇੰਜ ਸੰਚਾਰ ਕਲਾਕ੍ਰਿਤ ਅਤੇ ਸਮਾਜ ਵਿਚਕਾਰ ਰਿਸ਼ਤਾ ਸਥਾਪਿਤ ਕਰਦਾ ਹੈ। ਭਾਸ਼ਾਂ ਤਾਂ ਨਿਰੋਲ ਸਾਧਨ ਹੀ ਹੈ। ਕੋਈ ਵੀ ਰਚਨਾ ਆਪਣੇ ਰਚਨਾਤਮਕ ਤੱਤਾਂ ਦੁਆਰਾ ਹੀ ਆਪਣੀ ਪਛਾਣ ਚਿਹਨ ਸਥਾਪਿਤ ਕਰਦੀ ਹੈ। ਜਦੋਂ ਰਚਨਾ ਸੰਰਚਿਤ ਹੁੰਦੀ ਹੈ ਤਾਂ ਉਹ ਆਪਣੇ ਰਚੈਤਾ ਤੋਂ ਵਿਛੜ ਜਾਂਦੀ ਹੈ ਫੇਰ ਉਹ ਨਿਰੋਲ ਸਾਧਨ ਨਾ ਬਣ ਕੇ ਖੁਦ ਵਿਅਕਤਿਤਵ ਬਣ ਜਾਂਦੀ ਹੈ ਤੇ ਆਪਣੇ ਆਪ ਨੂੰ ਸੰਚਾਰਦੀ ਹੈ। ਇਸ ਤਰ੍ਹਾਂ ਸੰਚਾਰ, ਰਚਨਾਕ੍ਰਿਤ ਅਤੇ ਸਮਾਜ ਵਿਚਕਾਰ ਰਿਸ਼ਤੇ ਦਾ ਲਖਾਇਕ ਹੈ। ਰਚਨਾਕ੍ਰਿਤ ਆਪਣੇ ਸਮੂਹ ਤੱਤਾਂ ਤੇ ਸਮਰਥਾਵਾਂ ਦੁਆਰਾ ਪਾਠਕ ਨਾਲ ਸੰਪਰਕ ਸਥਾਪਿਤ ਕਰਦਾ ਹੈ। ਇਥੇ ਉਹ ਹਰ ਪਾਠਕ ਨੂੰ ਇਕੋ ਜਿਹਾ ਸੰਦੇਸ਼ ਨਹੀਂ ਦਿੰਦਾ ਕਿਉਂਜੋ ਜਿਥੇ ਕਾਵਿ ਰਚਨਾ ਵਖੋ ਵਖਰੇ ਪ੍ਰਸੰਗਾਂ ਵਿਚ ਵਖੋ ਵਖਰੇ ਅਰਥਾਂ ਦੀ ਧਾਰਣੀ ਹੈ ਉਥੇ ਵਖੋ ਵਖਰਾ ਪਾਠਕ ਆਪਣੀ ਬੁਧੀ, ਅਨੁਭਵ ਯੋਗਤਾ ਅਨੁਸਾਰ ਹੀ ਸੁਨੇਹੇ ਨੂੰ ਸਵੀਕ੍ਰਿਤ ਕਰਦਾ ਹੈ। ਇਸ ਪ੍ਰਕਾਰ ਇਕ ਹੀ ਕਾਵਿ ਰਚਨਾ ਇਕ ਸੁਨੇਹਾ ਵੀ ਹੋ ਸਕਦੀ ਹੈ ਅਤੇ ਅਨੇਕ ਵੀ। ਇਹੋ ਨੁਕਤਾ ਆਮ ਗੱਲਬਾਤ ਤੇ ਸੰਚਾਰ ਦੇ ਸੰਦਰਭ ਵਿੱਚ ਵਾਚੀਏ ਤਾਂ ਪ੍ਰਤੱਖ ਹੁੰਦਾ ਹੈ। ਇੰਝ ਕਵੀ, ਰਚਨਾਕ੍ਰਿਤ ਅਤੇ ਲੋਕ ਸੰਸਾਰ ਵਿਭਿੰਨ, ਪ੍ਰਸੰਗਾਂ, ਪਰਿਪੇਖ ਵਿਚ ਵਿਭਿੰਨ ਅਰਥਾਂ ਨੂੰ ਸੰਚਾਰਿਤ ਕਰਦੇ ਹਨ। ਇਹਨਾਂ ਦਾ ਆਪਸੀ ਸੰਬੰਧ ਅਦਵੈਤਤਾ ਦਾ ਲਖਾਇਕ ਹੈ। ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਕਾਵਿ ਦੇ ਕਲਾਤਮਕ ਸਰੂਪ ਅਤੇ ਇਸਦੇ ਸੰਚਾਰ ਮਈ ਗੁਣ ਵਿਸ਼ਿਸ਼ਟ ਗੁਣਾਂ ਦੀ ਹੋਂਦ ਦਾ ਸੰਬੰਧ ਬਹੁਦਿਸ਼ਾਵੀ ਤੇ ਬਹੁਪਸਾਰੀ ਹੈ ਜੋ ਅਸੀਮ ਸਮਰਥਾਵਾਂ ਦਾ ਧਾਰਣੀ ਹੈ।

## 8. ਲੋਕਧਾਰਾ: ਸੰਚਾਰ ਤੇ ਸੰਚਾਰ ਪ੍ਰਕ੍ਰਿਆ

ਲੋਕਧਾਰਾ ਕਿਸੇ ਵੀ ਮਾਨਵੀ ਸਮਾਜ ਦੇ ਸਾਮਾਜਿਕ ਸਮੁੱਚ ਦਾ ਇਤਿਹਾਸਕ ਆਧਾਰਾਂ ਉਪਰ ਸਿਰਜਿਆ ਗਿਆ ਮਨੁੱਖੀ ਜੀਵਨ ਦਾ ਅਜਿਹਾ ਪਗਟਾਅ ਪੱਖ ਹੈ ਜਿਸ ਰਾਹੀਂ ਉਹ ਸਮੂਹ ਆਪਣੇ ਜੀਵਨ ਵਰਤਾਰੇ ਦੇ ਵਿਸ਼ਾਲ ਸਮੁੱਚ ਨੂੰ ਵਿਸ਼ੇਸ਼ ਵਿਧੀਆਂ ਰਾਹੀਂ ਪ੍ਰਸਤੁਤ ਕਰਦਾ ਹੈ। ਅੱਜ ਦੇ ਸਭਿਆਚਾਰਕ ਯੁਗ ਵਿਚ ਲੋਕਧਾਰਾ ਦਾ ਖੇਤਰ ਬਹੁਤ ਹੀ ਵਿਆਪਕ, ਵਿਸਤ੍ਰਿਤ ਤੇ ਵਿਸ਼ਾਲ ਸਵੀਕਾਰ ਕੀਤਾ ਜਾਂਦਾ ਹੈ। ਸ਼ਾਬਦਿਕ ਰੂਪ ਵਿਚ ਜੇ ਕਹਿਣਾ ਹੋਵੇ ਤਾਂ ਲੋਕ ਸਮੂਹ ਨਾਲ ਸੰਬੰਧਿਤ ਉਹ ਸਾਰੀ ਪਰੰਪਰਾਗਤ ਸਮੱਗਰੀ ਸ਼ਾਮਿਲ ਕੀਤੀ ਜਾ ਸਕਦੀ ਹੈ ਜਿਸ ਵਿਚ ਲੋਕ ਮਨ ਦਾ ਪ੍ਰਗਟਾਅ ਹੋਵੇ ਅਤੇ ਲੋਕ ਸਮੂਹ ਨੇ ਜਿਸ ਨੂੰ ਪ੍ਰਵਾਨ ਕਰਕੇ ਪੀੜ੍ਹੀ ਦਰ ਪੀੜ੍ਹੀ ਵਿਕਸਤ ਕੀਤਾ ਹੋਵੇ। ਇਸ ਵਿਚ ਪੁਰਖਿਆਂ ਦਾ ਸਹਿਜ ਅਨੁਭਵ ਵਿਦਮਾਨ ਹੁੰਦਾ ਹੈ। ਲੋਕਾਂ ਦੇ ਜੀਵਨ ਪ੍ਰਵਾਹ ਵਿਚ ਸਮਾਈਆਂ ਹੋਈਆਂ ਉਹ ਪਰੰਪਰਿਕ ਰਵਾਇਤਾਂ ਇਸ ਦਾ ਅਹਿਮ ਹਿੱਸਾ ਹਨ, ਜੋ ਉਹਨਾਂ ਨੂੰ ਆਪਣੇ ਵਡੇਰਿਆਂ ਤੋਂ ਪ੍ਰਾਪਤ ਹੁੰਦੀਆਂ ਹਨ। ਜਦੋਂ ਤਕ ਕਿਸੇ ਜਾਤੀ ਦੀ ਆਸਥਾ ਇਹਨਾਂ ਲੋਕ ਤੱਤਾਂ ਵਿਚ ਹੁੰਦੀ ਹੈ ਇਹ ਸਜੀਵ ਤੇ ਨਰੋਏ ਲਗਦੇ ਹਨ ਅਤੇ ਜੀਵਨ ਦਾ ਭਾਗ ਬਣੇ ਰਹਿੰਦੇ ਹਨ, ਜਦੋਂ ਇਹ ਲੋਕ ਮਨ ਦੀ ਪੂਰਤੀ ਨਹੀਂ ਕਰਦੇ ਉਦੋਂ ਇਹ ਲੋਕ ਪ੍ਰਵਾਹ ਵਿਚ ਹੀ ਸਮਾ ਜਾਂਦੇ ਹਨ। ਉਂਜ ਇਸ ਦੇ ਅਵਸ਼ੇਸ਼ਾਂ ਵਿਚ ਵਿਆਪਕਤਾ ਹੁੰਦੀ ਹੈ ਕਿਉਂਕਿ ਲੋਕ ਤੱਤ ਦਾ ਆਧਾਰ ਮੂਲ ਪ੍ਰਵਿਰਤੀਆਂ ਹਨ। ਮੂਲ ਪ੍ਰਵਿਰਤੀਆਂ ਨਾਲ ਸੰਬੰਧਿਤ ਵਿਚਾਰ ਸਦੀਆਂ ਲੰਘ ਜਾਣ ਪਿਛੋਂ ਵੀ ਪੁਰਾਣੀ ਪੱਧਰ ਤੇ ਕਿਸੇ ਨਾ ਕਿਸੇ ਰੰਗ ਰੂਪ ਵਿਚ ਸਥਿਰ ਰਹਿੰਦੇ ਹਨ। ਕੋਈ ਵਿਅਕਤੀ, ਜਾਤੀ, ਸਮਾਜ ਆਪਣਾ ਬੌਧਿਕ ਤੇ ਮਾਨਸਿਕ ਵਿਕਾਸ ਕਿੰਨਾ ਵੀ ਕਿਉਂ ਨਾ ਕਰ ਲਵੇ ਉਸ ਦੀਆਂ ਮੂਲ ਪ੍ਰਵਿਰਤੀਆਂ ਦਾ ਬੀਜ ਉਵੇਂ ਦਾ ਉਵੇਂ ਕਾਇਮ ਰਹਿੰਦਾ ਹੈ। ਇਹੋ ਮੂਲ ਪ੍ਰਵਿਰਤੀਆਂ ਲੋਕ ਮਾਨਸ ਦੇ ਮਨ ਨਾਲ ਸੰਬੰਧਿਤ ਹੁੰਦੀਆਂ ਹਨ। ਇਹਨਾਂ ਦਾ ਸਿੱਧਾ ਸੰਬੰਧ ਮਨ ਦੀ ਅਵਚੇਤਨ ਅਵਸਥਾ ਨਾਲ ਹੁੰਦਾ ਹੈ। ਜਿਸ ਨੂੰ ਲੋਕ ਮਨ ਕਿਹਾ ਜਾਂਦਾ ਹੈ। ਇਹ ਲੋਕ ਮਨ ਸਮੁੱਚੀ ਜਾਤੀ ਦਾ ਮਨ ਹੁੰਦਾ ਹੈ। ਜਿਸ ਦਾ ਅਕਸ ਸਾਡੇ ਵਿਅਕਤਿਤ ਸੰਗ ਲੀਨ ਹੁੰਦਾ ਹੈ। ਜੋ ਵਿਅਕਤੀ ਦੀ ਸਾਰੀ ਸ਼ਖ਼ਸੀਅਤ ਨੂੰ ਪ੍ਰੇਰਿਤ ਤੇ ਨਿਰਮਿਤ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਅਵਚੇਤਨ ਮਨ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਪਹਿਲਾ ਸਹਿਜ ਅਵਚੇਤਨ ਤੇ ਦੂਸਰਾ ਅਰਜਿਤ ਅਵਚੇਤਨ। ਇਹ ਸਹਿਜ ਅਵਚੇਤਨ ਲੋਕ ਮਾਨਸ ਹੈ ਜੋ ਸਮੁੱਚੀ ਜਾਤੀ ਦਾ ਲੋਕ ਮਨ ਹੈ। ਇਹ ਕਿਸੇ ਨਾ ਕਿਸੇ ਰੂਪ ਵਿਚ ਵਿਅਕਤੀ ਵਿਸ਼ੇਸ਼ 'ਚੋਂ ਨਜ਼ਰੀ ਆਉਂਦਾ ਹੈ। ਭਾਵੇਂ ਮਨੁੱਖੀ ਸੰਸਕ੍ਰਿਤੀ ਵਿਕਾਸ ਤੇ ਪ੍ਰਗਤੀ ਕਰ ਗਈ ਹੈ ਤਾਂ ਵੀ ਆਦਿਮ-ਮਨ ਦੇ ਕੁਝ ਨਾ ਕੁਝ ਅੰਸ਼ ਇਸ ਵਿਚ ਅਜੇ ਵੀ ਬਚੇ ਹੋਏ ਹਨ। ਲੋਕ ਮਨ, ਅਵਚੇਤਨ ਮਨ

ਵਿਚ ਸਮਾਇਆ ਰਹਿੰਦਾ ਹੈ ਤੇ ਸਮੇਂ ਅਨੁਸਾਰ ਮਨੁੱਖ ਦੀ ਮਾਨਸਿਕ ਸਥਿਤੀ ਦੇ ਰੂਪ ਵਿਚ ਅਵਚੇਤਨ ਤੋਂ ਚੇਤਨ ਵਿਚ ਉਭਰਦਾ ਹੈ।

ਲੋਕ ਮਾਨਸ ਜਾਂ ਲੋਕ ਮਨ ਲੋਕਧਾਰਾ ਦਾ ਬੁਨਿਆਦੀ ਤੱਤ ਹੈ। ਇਥੇ ਧਿਆਨ ਰੱਖਣ ਯੋਗ ਨੁਕਤਾ ਇਹ ਵੀ ਹੈ ਕਿ ਲੋਕ ਮਨ ਦਾ ਅਰਜਿਤ ਅਵਚੇਤਨ, ਮਨੁੱਖੀ ਜੀਵਨ ਵਿਚ ਮਹੱਤਵਪੂਰਨ ਸਥਾਨ ਰਖਦਾ ਹੈ। ਮਨੁੱਖ ਦੀਆਂ ਸਮਕਾਲੀਨ ਪਰੰਪਰਾਵਾਂ, ਰੂੜ੍ਹੀਆਂ ਤੇ ਵਿਸ਼ਵਾਸ਼ਾਂ ਵਿਚ ਵਿਚਰਦਾ ਹੈ। ਇਹ ਸਭ ਕੁਝ ਉਸ ਦਾ ਆਪਣਾ ਬਣਾਇਆ ਹੋਇਆ ਨਹੀਂ ਹੁੰਦਾ ਸਗੋਂ ਉਹ ਸਾਮੂਹਿਕ ਚੇਤਨਾ - ਵਿਸ਼ੇਸ਼ ਵਿਚੋਂ ਗ੍ਰਹਿਣ ਕਰਦਾ ਹੈ। ਉਹ ਕਿਸੇ ਖ਼ਾਸ ਵਰਗ, ਜਾਤ, ਸੰਸਕਾਰ, ਪਰੰਪਰਾ ਤੇ ਸੰਸਕ੍ਰਿਤੀ ਦੇ ਪ੍ਰਵਾਹ ਵਿਚ ਜੀਉਂਦਾ ਹੈ। ਅਜਿਹੇ ਲੋਕ ਜੀਵਨ ਦੀ ਅਭਿਵਿਅਕਤੀ ਵਿਚ ਜੋ ਕੁਝ ਵੀ ਪ੍ਰਤਿਬਿੰਬਤ ਹੈ ਉਹ ਅਰਜਿਤ ਅਵਚੇਤਨ ਹੈ ਅਤੇ ਇਸ ਦਾ ਦੂਸਰਾ ਨਾਮ ਲੋਕ ਤੱਤ ਹੈ। ਇਹੀ 'ਲੋਕ ਤੱਤ' ਸੰਚਾਰ ਦਾ ਅਹਿਮ ਬੁਨਿਆਦੀ ਗੁਣ ਹੈ। ਜੋ ਕਿ ਇਕ ਮੌਲਿਕ ਅਤੇ ਸੁਤੰਤਰ ਪ੍ਰਗਟਾਅ ਮਾਧਿਅਮ ਵਜੋਂ ਹਮੇਸ਼ਾਂ ਵਿਦਮਾਨ ਰਹਿੰਦਾ ਹੈ।

ਲੋਕਧਾਰਾ ਤੇ ਸੰਚਾਰ ਦਾ ਆਪਸੀ ਰਿਸ਼ਤਾ ਵਿਸ਼ਿਸ਼ਟ ਵਿਲੱਖਣਤਾ ਦਾ ਧਾਰਣੀ ਹੈ। ਜਿਥੇ ਲੋਕਧਾਰਾ ਦੇ ਸੁਭਾਅ ਅਤੇ ਸਾਰ ਦੀ ਵਿਲੱਖਣਤਾ ਇਸ ਵਿਚਲੇ ਵਿਭਿੰਨ ਸਭਿਆਚਾਰਕ ਪਾਸਾਰਾਂ ਨੂੰ ਅਤੇ ਸਮੂਹ ਮਾਨਵ ਸਮੂਹ ਦੇ ਜੀਵਨ ਸੱਚ ਨੂੰ ਸੁਭਾਵਿਕ ਯਥਾਰਥਿਕ ਤੇ ਕਲਾਤਮਿਕ ਢੰਗ ਵਿਚ ਪ੍ਰਸਤੁਤ ਕਰਨ ਵਿਚ ਹੈ ਉਥੇ ਇਕ ਵਿਸ਼ਿਸ਼ਟ ਪ੍ਰਗਟਾਅ ਮਾਧਿਅਮ ਵਜੋਂ ਮਨੁੱਖੀ ਜੀਵਨ-ਯਥਾਰਥ ਦੇ ਵਿਭਿੰਨ ਪਾਸਾਰਾਂ ਦਾ ਯਥਾਰਥਿਕ ਅੰਤਰੀਵੀ ਤੇ ਬਾਹਰੀ ਸਥਿਤੀ ਦਾ ਸਰਬਾਂਗੀ ਵਰਣਨ ਕਰਨਾ ਇਸ ਦਾ ਮੁਖ ਉਦੇਸ਼ ਹੈ। ਇਸ ਪ੍ਰਕਾਰ ਲੋਕਧਾਰਾ ਮਨੁੱਖੀ ਸਭਿਆਚਾਰਕ ਪ੍ਰਬੰਧ ਨੂੰ ਆਪਣੀਆਂ ਵਿਭਿੰਨ ਵਿਧਾਵਾਂ ਅਤੇ ਵਿਧੀਆਂ ਰਾਹੀ ਸੰਚਾਰਿਤ ਕਰਦਾ ਹੈ। ਲੋਕਧਾਰਾ ਅਤੇ ਸੰਚਾਰ ਦੀਆਂ ਆਪਸੀ ਸਮਰਥਾਵਾਂ ਦੀ ਸਹੀ ਤੇ ਸੁਨਿਸ਼ਚਿਤ ਪਹਿਚਾਣ ਲੋਕਯਾਨਿਕ ਸਮੱਗਰੀ ਦੇ ਵਿਗਿਆਨਿਕ ਵਿਸ਼ਲੇਸ਼ਣ ਉਪਰਾਂਤ ਹੀ ਸੰਭਵ ਹੈ। ਲੋਕਯਾਨਿਕ ਸਮੱਗਰੀ ਵਿਸ਼ੇ ਅਤੇ ਰੂਪ ਦੋਹਾਂ ਦੇ ਪੱਖ ਤੋਂ ਵਿਵਿਧ ਪੱਖੀ ਸਮਰਥਾਵਾਂ ਦੀ ਧਾਰਣੀ ਹੈ। ਡਾ. ਸ਼ਯਾਮ ਪਰਮਾਰ ਨੇ ਇਸਨੂੰ ਆਦਿਕਾਲੀਨ ਮਾਨਵੀਆਂ ਆਦਿਮ ਪ੍ਰਵਿਰਤੀਆਂ ਦਾ ਕੋਸ਼ ਕਿਹਾ ਹੈ।[10] ਮਨੁੱਖ ਅਤੇ ਮਨੁੱਖੀ ਮਨ ਦੀ ਸਾਮੂਹਿਕ ਸਿਰਜਣਾ ਅਚੇਤ ਰੂਪ

---

10. ਭਾਰਤੀਯ ਲੋਕ ਸਾਹਿਤਯ, ਪੰਨਾ 22

ਵਿਚ ਹੀ ਇਸ ਦੀ ਸਿਰਜਕ ਹੈ। ਲੋਕਯਾਨਿਕ ਸਮੱਗਰੀ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ:

1. ਲੋਕ ਸਾਹਿਤ
2. ਲੋਕ ਕਲਾ
3. ਲੋਕ ਵਿਸ਼ਵਾਸ਼ ਅਤੇ ਰੀਤੀ ਰਿਵਾਜ
4. ਲੋਕ ਮਨੋਰੰਜਨ ਅਤੇ ਕੰਮ ਧੰਧੇ

8.1 ਲੋਕ ਸਾਹਿਤ: ਲੋਕ ਸਾਹਿਤ ਲੋਕਯਾਨ ਦਾ ਪ੍ਰਮੁੱਖ ਪ੍ਰਗਟਾਅ ਮਾਧਿਅਮ ਹੈ। ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰਪੂਰ, ਲੋਕ ਮਾਨਸ ਦੀ ਸਹਿਜ ਸੁਭਾਵਿਕ ਅਭਿਵਿਅਕਤੀ ਲੋਕ ਸਾਹਿਤ ਅਖਵਾਉਂਦੀ ਹੈ। ਜਿਸ ਦਾ ਸੰਚਾਰ ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿਚ ਆਪਣੀਆਂ ਪਰੰਪਰਿਕ ਸਮਰਥਾਵਾਂ ਦਾ ਧਾਰਣੀ ਹੈ। ਲੋਕ ਸਾਹਿਤ ਅਚੇਤ ਰੂਪ ਵਿਚ ਮਨੁੱਖੀ ਮਨ ਦੇ ਭਾਵਾਂ ਦਾ ਸੁਹਜਮਈ ਪ੍ਰਗਟਾਅ ਹੀ ਨਹੀਂ ਸਗੋਂ ਇਸ ਦੇ ਅੰਤਰਗਤ ਉਹ ਸਭ ਕਲਾਤਮਿਕ ਅਭਿਵਿਅਕਤ ਤੱਤ ਵਿਦਮਾਨ ਹਨ ਜੋ ਮਨੁੱਖ ਨੂੰ ਸੁਹਜਆਨੰਦ ਨਾਲ ਭਰਪੂਰ ਕਰਦੇ ਹਨ। ਇਸ ਦਾ ਸਿਰਜਕ ਵਿਅਕਤੀ ਵਿਸ਼ੇਸ਼ ਨਾ ਹੋ ਕੇ ਸਮੂਹ ਲੋਕ ਮਨ ਹੈ। ਜੋ ਮੂੰਹਿ ਮੂੰਹੀ ਪੀੜ੍ਹੀ ਦਰ ਪੀੜ੍ਹੀ ਤੁਰਦਾ ਸਮੂਹ ਜਾਤੀ ਦੀ ਪ੍ਰਵਾਨਗੀ ਦੇ ਪਧਰ ਉਤੇ ਜਿਉਂਦਾ ਤੇ ਵਿਗਸਦਾ ਹੈ। ਦਵਿੰਦਰ ਸਤਿਆਰਥੀ ਲੋਕ ਸਾਹਿਤ ਨੂੰ ਮਨੁੱਖ ਦੇ ਹਮੇਸ਼ਾਂ ਜਿਊਂਦੇ ਰਹਿਣ ਦੀ ਚੇਤਨਤਾ ਦਾ ਜਿਉਂਦਾ ਜਾਗਦਾ ਸਬੂਤ ਆਖਦੇ ਹਨ।[11] ਕਿਉਂਜੋ ਮਨੁੱਖ ਦੇ ਸੰਘਰਸ਼ਸ਼ੀਲ ਇਤਿਹਾਸਕ ਸਫ਼ਰ ਦੇ ਸਭਿਆਚਾਰਕ ਸਰੂਪ ਦੀ ਪ੍ਰਮਾਣਿਕਤਾ ਇਸ ਦੁਆਰਾ ਹੀ ਸੰਭਵ ਹੈ।

ਲੋਕ ਸਾਹਿਤ ਦੀ ਸਿਰਜਣਾ ਦਾ ਖੇਤਰ ਬਹੁਤ ਵਿਸ਼ਾਲ ਤੇ ਵਿਸਤ੍ਰਿਤ ਹੈ। ਇਸ ਦੇ ਅੰਤਰਗਤ ਲੋਕ ਗੀਤ, ਲੋਕ ਕਥਾ ਦੇ ਵਿਭਿੰਨ ਰੂਪ, ਅਖੌਤਾਂ, ਬੁਝਾਰਤਾਂ ਤੇ ਮੁਹਾਵਰੇ ਆਦਿ ਆ ਜਾਂਦੇ ਹਨ। ਇਹਨਾਂ ਸਾਹਿਤ ਰੂਪਾਂ ਦੀ ਅਭਿਵਿਅਕਤੀ ਮੌਖਿਕ ਰੂਪ ਵਿਚ ਹੁੰਦੀ ਹੈ ਅਤੇ ਇਸ ਮੌਖਿਕ ਅਭਿਵਿਅਕਤੀ ਦਾ ਸੰਚਾਰ ਅਲਿਖਤ ਰੂਪ ਵਿਚ ਨਿਰੰਤਰ ਵਿਕਾਸਸ਼ੀਲ ਰਹਿੰਦਾ

---

11. "ਹਿੰਦੀ ਸਾਹਿਤਯ ਪਰ ਲੋਕ ਸਾਹਿਤਯ ਕਾ ਪ੍ਰਭਾਵ", ਆਲੋਚਨਾ (ਹਿੰਦੀ), ਅੰਕ 6, ਪੰਨਾ 47

ਹੈ ਪਰੰਤੂ ਇਸ ਦਾ ਪਾਸਾਰ ਲਿਖਤ ਰੂਪ ਵਿਚ ਆਪਣੀ ਵਿਸ਼ਸ਼ਟ ਵਿਲੱਖਣਤਾ ਦਾ ਧਾਰਣੀ ਹੁੰਦਾ ਹੈ।

8.1.1 ਲੋਕਗੀਤ: 'ਲੋਕਗੀਤ' ਲੋਕ ਸਾਹਿਤ ਦਾ ਮਹੱਤਵਪੂਰਨ ਅੰਗ ਹੈ। ਇਹ ਅਜਿਹੀ ਸੰਗੀਤਮਈ ਰਚਨਾ ਰੂਪ ਹੈ ਜੋ ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ, ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿਚ ਸੰਚਾਰਿਤ, ਕਿਸੇ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਨਾ ਹੋ ਕੇ ਸਮੂਹ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ ਸਮੂਹ ਦੀ ਪ੍ਰਵਾਨਗੀ ਦੇ ਕੇ ਪੀੜ੍ਹੀਓ-ਪੀੜ੍ਹੀ ਅਗੇ ਤੋਰਿਆ ਹੋਵੇ, ਹੀ ਲੋਕਗੀਤ ਅਖਵਾਉਂਦਾ ਹੈ।[12] ਜਿਥੇ ਵਿਸ਼ੇ ਦੀ ਵੰਨ ਸੁਵੰਨਤਾ ਅਤੇ ਇਸ ਵਿਚਲੇ ਕਲਾਤਮਿਕ ਗੁਣਾਂ ਦੀ ਹੋਂਦ ਲੋਕ ਗੀਤਾਂ ਦੇ ਖੇਤਰ ਨੂੰ ਵਿਸ਼ਾਲ ਸਮਰਥਾਵਾਂ ਦਾ ਧਾਰਣੀ ਬਣਾਉਂਦੀ ਹੈ ਉਥੇ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਲੋਕ ਗੀਤਾਂ ਦੁਆਰਾ ਅਭਿਵਿਅਕਤ ਕੀਤਾ ਜਾਂਦਾ ਹੈ। ਇਸੇ ਤੇ ਆਧਾਰਿਤ ਲੋਕ ਗੀਤਾਂ ਦੀਆਂ ਅਨੇਕਾਂ ਵੰਨਗੀਆਂ ਪ੍ਰਾਪਤ ਹੁੰਦੀਆਂ ਹਨ ਜਿਵੇਂ ਬੋਲੀਆਂ, ਟੱਪੇ, ਘੋੜੀਆਂ, ਛੰਦ, ਸਿਠਣੀਆਂ, ਅਲਾਹੁਣੀਆਂ, ਵਾਰ ਆਦਿ। ਹਰ ਪ੍ਰਗੀਤ ਵੰਨਗੀ ਆਪਣੀ ਥੀਮੈਟਿਕ ਅਤੇ ਸ਼ੈਲੀਗਤ ਵਿਸ਼ੇਸ਼ਤਾ ਕਰਕੇ ਵਿਲੱਖਣਤਾ ਦੀ ਧਾਰਨੀ ਹੈ। ਕਿਉਂਜੋ ਹਰੇਕ ਰਚਨਾ ਵਿਸ਼ੇਸ਼ ਜਿਉਂਦੀ, ਜਾਗਦੀ, ਜੂਝਦੀ, ਗਾਉਂਦੀ, ਨਚਦੀ ਸੰਸਕ੍ਰਿਤੀ ਦਾ ਸਹਿਜ, ਸਰਲ, ਸਪਸ਼ਟ ਅਤੇ ਸੁਭਾਵਿਕ ਪ੍ਰਗਟਾਵਾ ਹੁੰਦੀ ਹੈ।

8.1.2 ਲੋਕ ਕਹਾਣੀ: ਲੋਕ ਕਹਾਣੀ ਸਮੂਹ ਮਾਨਵ ਸਮਾਜ ਦੇ ਪਰੰਪਰਾਗਤ ਇਤਿਹਾਸਕ ਪਰਿਪੇਖ ਦੇ ਅੰਤਰਗਤ ਸਮੁੱਚੇ ਸਭਿਆਚਾਰਕ ਪ੍ਰਬੰਧ ਵਿਚ ਵਿਦਮਾਨ ਮੂਲ ਮਾਨਵੀ ਸਮੱਸਿਆਵਾਂ ਦੀ ਮਾਨਸੀ ਮੌਖਿਕ ਅਭਿਵਿਅਕਤੀ ਹੈ। ਨਿਰੰਤਰਤਾ ਦੇ ਵਹਾਓ ਵਿਚ ਚਲਣ ਵਾਲੇ ਇਸ ਰੂਪ ਦਾ ਸੁਭਾਓ ਬਿਰਤਾਂਤ ਹੈ। ਜੋ ਸਮੂਹ ਦੀ ਪ੍ਰਵਾਨਗੀ ਦੁਆਰਾ ਗਦ ਤੇ ਪਦ ਦੋਹਾਂ ਰੂਪਾਂ ਵਿਚ ਰਚਿਤ ਪ੍ਰਾਪਤ ਹੁੰਦਾ ਹੈ। ਵਿਸ਼ੇ ਦੀ ਬਹੁਰੂਪਤਾ ਅਤੇ ਬਣਤਰ ਦੀ ਵਿਲੱਖਣਤਾ ਦਾ ਧਾਰਣੀ ਇਹ ਲੋਕਯਾਨਿਕ ਸੁਭਾਅ ਦੇ ਅਨੁਰੂਪ ਅਸੀਮ ਵਿਸ਼ੇਸ਼ਤਾਵਾਂ ਦਾ ਧਾਰਣੀ ਹੈ। ਸਮੂਹ ਮਾਨਵ ਚੇਤਨਤਾ ਦਾ ਮਾਨਸਿਕ, ਕਾਲਪਨਿਕ, ਭਾਵਾਤਮਕ ਪ੍ਰਗਟਾਅ ਵਿਭਿੰਨ ਕਥਾ ਵੰਨਗੀਆਂ ਰਾਹੀਂ ਹੁੰਦਾ ਹੈ। ਜਿਨ੍ਹਾਂ ਦਾ ਸਿਧਾ ਸੰਬੰਧ ਮਨੁੱਖ, ਮਨੁੱਖੀ ਜੀਵਨ ਜਾਚ, ਇਸਦੇ ਵਿਭਿੰਨ ਪੱਖਾਂ ਦੇ ਸਰਬਵਿਆਪਕ ਰੂਪਾਂ ਨਾਲ ਸੰਬੰਧਿਤ ਹੈ। ਇਸੇ ਦੇ ਆਧਾਰ ਤੇ ਲੋਕ ਕਹਾਣੀਆਂ ਦੀਆਂ ਅਨੇਕਾਂ ਵੰਨਗੀਆਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਪੁਰਾਣ ਕਥਾ , ਨੀਤੀ ਕਥਾ ,

---

12. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 133

ਅਵਦਾਨ (Legend) , ਪਸ਼ੂ ਕਥਾ (animal tale) , ਪਰੀ ਕਥਾ (fairy tale) ਪ੍ਰੇਤ ਕਥਾ (Ghost story), ਬੁਝਾਵਲ ਕਥਾ (riddle tale) , ਟੋਟਕਾ ਜਾਂ ਹਿਕਾਇਤ (anecdote) ਪ੍ਰਮੁੱਖ ਹਨ।

8.1.3 ਮੁਹਾਵਰੇ, ਅਖਾਣ, ਬੁਝਾਰਤਾਂ: ਲੋਕ ਸਾਹਿਤਕ ਪ੍ਰਗਟਾਵੇ ਦਾ ਤੀਜਾ ਮਹੱਤਵਪੂਰਣ ਅੰਗ ਲੋਕ ਕਥਨ ਦੀ ਜੁਗਤ ਨਾਲ ਸੰਬੰਧਿਤ ਹੈ। ਇਸ ਦੇ ਅੰਤਰਗਤ ਅਖਾਣ, ਮੁਹਾਵਰੇ ਅਤੇ ਬੁਝਾਰਤਾਂ ਆ ਜਾਂਦੀਆਂ ਹਨ। ਲੋਕ ਸਾਹਿਤ ਦੇ ਇਹਨਾਂ ਲਘੂ ਰੂਪਾਕਾਰਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਰਾਹੀਂ ਲੋਕ ਸਭਿਆਚਾਰ ਦੀ ਦ੍ਰਿਸ਼ਟੀ ਦਾ ਕਲਾਤਮਕ ਪ੍ਰਗਟਾਅ ਹੁੰਦਾ ਹੈ। ਅਖਾਣਾਂ ਤੇ ਮੁਹਾਵਰਿਆਂ ਵਿਚਲੋਕ ਜੀਵਨ ਦੇ ਹੰਢਾਏ ਹੋਏ ਯਥਾਰਥ ਅਨੁਭਵ ਦਾ ਸੱਚ ਰੂਪਮਾਨ ਹੁੰਦਾ ਹੈ ਅਤੇ ਬੁਝਾਰਤਾਂ ਮਨੁੱਖੀ ਬੁਧੀ-ਵਿਲਾਸ ਦੀ ਅਭਿਵਿਅਕਤੀ ਦਾ ਮਾਧਿਅਮ ਹਨ। ਜੋ ਸਮੂਹਿਕ ਅਨੁਭਵ ਦੇ ਆਸ਼੍ਰਿਤ ਮਨੁੱਖੀ ਜੀਵਨ ਦੀ ਸੂਝ, ਬੁਧੀ ਦਾ ਨਿਚੋੜ ਹੁੰਦੇ ਹਨ।

ਲੋਕ ਸਾਹਿਤ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਲੋਕ ਸਾਹਿਤ ਲੋਕਯਾਨ ਦਾ ਮਹੱਤਵਪੂਰਣ ਭਾਸ਼ਾਤਮਿਕ ਪ੍ਰਗਟਾਅ ਹੈ ਜੋ ਆਪਣੀ ਵਿਸ਼ੇਸ਼ ਪ੍ਰਕਾਰ ਦੀ ਚੇਤਨਾ ਜਾਂ ਚਿੰਤਨ ਨੂੰ ਵਿਭਿੰਨ ਕਲਾਤਮਕ ਰੂਪਾਂ ਵਿੱਚ ਅਭਿਵਿਅਕਤ ਕਰਦਾ ਹੈ।

8.2 ਲੋਕ ਕਲਾ: ਲੋਕ ਕਲਾ ਲੋਕਯਾਨ ਦੇ ਵਰਗੀਕਰਣ ਦਾ ਦੂਸਰਾ ਪ੍ਰਮੁੱਖ ਖੇਤਰ ਹੈ। ਇਹ ਸਾਮੂਹਿਕ ਮਨੁੱਖੀ ਅਨੁਭਵ ਨੂੰ ਸਾਮੂਹਿਕ ਰੂਪ ਵਿੱਚ ਹੀ ਅਭਿਵਿਅਕਤ ਕਰਨ ਦਾ ਕਲਾਤਮਿਕ ਮਾਧਿਅਮ ਹੈ ਜੋ ਕਿ ਆਪਣੇ ਸੌਂਦਰਯਾਤਮਿਕ ਅਤੇ ਕਲਾਤਮਕ ਗੁਣਾਂ ਦਾ ਧਾਰਣੀ ਹੈ। ਇਸ ਦੀ ਵਿਸ਼ਿਸ਼ਟਤਾ ਇਸ ਦੇ ਸੁਹਜਮਈ ਗੁਣਾਂ ਕਰਕੇ ਹੈ। ਲੋਕ ਸਮੂਹ ਨੇ ਆਪਣੇ ਅਨੁਭਵ ਤੇ ਆਧਾਰਿਤ ਵਿਸ਼ੇਸ਼ ਸਭਿਆਚਾਰਕ ਚੇਤਨਤਾ ਦੇ ਅੰਤਰਗਤ ਇਸ ਦਾ ਸਹਿਜਮਈ ਪ੍ਰਗਟਾਵਾ ਅਨੇਕਾਂ ਰੂਪਾਂ ਵਿੱਚ ਕੀਤਾ ਜਿਹਨਾਂ ਨੇ ਇਕ ਪਾਸੇ ਤਾਂ ਮਨੁੱਖੀ ਸੁਹਜ ਭਾਵਾਂ ਦੀ ਤ੍ਰਿਪਤੀ ਤੇ ਆਨੰਦ ਅਨੁਭੂਤੀ ਦਿਤੀ ਦੂਸਰੇ ਪਾਸੇ 'ਕਲਾ' ਦੇ ਕਲਾਤਮਿਕਤਾ ਦੁਆਰਾ ਸਮੁੱਚੀ ਸੰਸਕ੍ਰਿਤੀ ਦੀ ਪ੍ਰਤਿਨਿਧਤਾ ਵੀ ਕੀਤੀ, ਲੋਕ ਕਲਾ ਦੀ ਵਿਲੱਖਣਤਾ ਇਸਦੇ ਵਿਵਿਧ ਪੱਖੀ ਰੂਪਾਂ ਕਰਕੇ ਵੀ ਵਿਸ਼ੇਸ਼ ਹੈ ਕਿਉਂਜੋ ਹਰ ਪੱਖ ਜਿਥੇ ਆਪਣੇ ਗੁਣਾਤਮਕ ਤੇ ਰੂਪਾਤਮਕ ਸਰੂਪ ਕਰਕੇ ਵਿਸ਼ਿਸ਼ਟਤਾ ਦਾ ਲਖਾਇਕ ਹੈਉਥੇ ਲੋਕਯਾਨਿਕ ਪ੍ਰਗਟਾਵੇ ਦਾ ਕਲਾਤਮਿਕ ਤੇ ਉਤਕ੍ਰਿਸ਼ਟ ਰੂਪ ਵੀ ਹੈ। ਜਿਹਨਾਂ ਦਾ ਵਰਗੀਕਰਣ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ:

1. ਲੋਕ ਸੰਗੀਤ
2. ਲੋਕ ਨਾਟ

3. ਲੋਕ ਨ੍ਰਿਤ
4. ਕਲਾ ਕ੍ਰਿਤ

8.2.1 ਲੋਕ ਸੰਗੀਤ: ਲੋਕ ਸੰਗੀਤ ਸਹਿਜ ਸੁਭਾਵਿਕ ਅਤੇ ਸਰਲ ਅਭਿਵਿਅਕਤੀ ਹੈ। ਜੋ ਆਪਣੇ ਅੰਤਰੀਵ ਵਿਚ ਸਮੂਹ ਮਾਨਵੀ ਜਜ਼ਬਿਆਂ ਦਾ ਤਾਲਮਈ ਆਪਮੁਹਾਰਾ ਪ੍ਰਗਟਾਵਾ ਹੁੰਦਾ ਹੈ। ਜੋ ਆਪਣੇ ਲੋਕਯਾਨਿਕ ਗੁਣਾਂ ਸੰਗ ਭਰਪੂਰ ਯੁਗਾਂ ਦਾ ਪੈਂਡਾ ਤਹਿ ਕਰਦਾ ਮੌਖਿਕ ਰੂਪ ਵਿਚ ਸਮੂਹ ਮਨ ਵਿਚ ਵਸਦਾ ਹੈ। ਇਸ ਵਿਚ ਲੋਕ ਮਨ ਨੂੰ ਕੀਲਣ ਦੀ ਅਥਾਹ ਸਮਰਥਾ ਮੌਜੂਦ ਹੈ ਅਤੇ ਇਹ ਕਿਸੇ ਉਚੇਚੇ ਰਿਆਜ਼, ਸ਼ਾਸਤਰੀਅਤਾ ਜਾਂ ਵਿਸ਼ਿਸ਼ਟਤਾ ਦਾ ਧਾਰਣੀ ਨਹੀਂ, ਇਹ ਤਾਂ ਲੋਕ ਮਨ ਸੰਗ ਇਕਮਿਕ ਤੇ ਇਕਸੁਰ ਹੈ। ਲੋਕ ਗੀਤ, ਲੋਕ ਧੁਨਾਂ, ਲੋਕ ਸਾਜ਼ ਸਭੋ ਹੀ ਲੋਕ ਮਨ ਵਿਚ ਵਸਦੇ ਹਨ ਕਿਉਂਜੋ ਮਨੁੱਖੀ ਜੀਵਨ ਪ੍ਰਵਾਹ ਵਿਚੋਂ ਸਹਿਜ ਭਾਵ ਨਾਲ ਉਪਜੇ ਇਹਨਾਂ ਗੀਤਾਂ ਦੇ ਸਿੱਧੇ ਸਾਦੇ ਤੇ ਮਿੱਠੇ ਤਾਲ, ਲੈਅ ਹਨ। ਜੋ ਕਿ ਰੋਜ਼ਾਨਾ ਜੀਵਨ ਦੇ ਨਿੱਕੇ ਨਿੱਕੇ ਤਾਲਬਧ ਪੈਟਰਨਾਂ ਤੇ ਅਧਾਰਿਤ ਆਪਣੇ ਸਭਿਆਚਾਰਕ ਪਛਾਣ ਇਹਨਾਂ ਨੂੰ ਸਥਾਪਿਤ ਕਰਦੇ ਹਨ।

8.2.2 ਲੋਕ ਨਾਟ: ਲੋਕ ਨਾਟ 'ਲੋਕ ਕਲਾ' ਦਾ ਅਜਿਹਾ ਮਹੱਤਵਪੂਰਨ ਅੰਗ ਹੈ ਜਿਸ ਦੇ ਅੰਤਰਗਤ ਗੀਤ, ਨ੍ਰਿਤ ਅਤੇ ਸੰਗੀਤ ਦੀ ਤ੍ਰਿਵੈਣੀ ਪ੍ਰਵਾਹਿਤ ਹੁੰਦੀ ਹੈ।[13] ਮਨੁੱਖੀ ਜੀਵਨ ਪ੍ਰਵਾਹ ਵਿਚ ਰਚੇ ਹੋਏ ਮਨੁੱਖੀ ਭਾਵਾਂ, ਅਨੁਭਵਾਂ ਦਾ ਕਲਾਤਮਕ ਪ੍ਰਗਟਾਅ ਇਹਨਾਂ ਦੁਆਰਾ ਸਹਿਜ ਰੂਪ ਵਿਚ ਹੀ ਸੰਭਵ ਹੈ। ਲੋਕ ਨਾਟ ਕਈ ਰੂਪਾਂ ਤੇ ਸ਼ੈਲੀਆਂ ਵਿਚ ਵਿਕਸਤ ਹੋਇਆ ਜਿਵੇਂ ਕਿ ਸਵਾਂਗ, ਰਾਸ, ਨਕਲ, ਨੌਟੰਕੀ ਤੇ ਪੁਤਲੀਆਂ ਦਾ ਤਮਾਸ਼ਾ ਆਦਿ। ਇਹਨਾਂ ਦੁਆਰਾ ਮਨੁੱਖੀ ਭਾਵਾਂ ਨੂੰ ਸੁਹਜਮਈ ਆਨੰਦ ਦੀ ਅਨੁਭੂਤੀ ਪ੍ਰਾਪਤ ਹੁੰਦੀ ਹੈ। ਇਸ ਦਾ ਪ੍ਰਵਾਹ ਨਿਰੰਤਰ ਵਿਕਾਸਸ਼ੀਲ ਤੇ ਪ੍ਰਫੁਲਤ ਰਹਿੰਦਾ ਹੈ।

8.2.3 ਲੋਕ ਨ੍ਰਿਤ: ਲੋਕ ਨ੍ਰਿਤ ਲੋਕ-ਸਮੂਹ ਦੀ ਖੁਸ਼ੀ ਦਾ ਸਰੀਰਕ ਹਰਕਤਾਂ ਦੁਆਰਾ ਸਹਿਜਮਈ ਤੇ ਆਪਮੁਹਾਰਾ ਪ੍ਰਗਟਾਵਾ ਹੈ, ਜੋ ਕਿ ਮਨੁੱਖੀ ਅਨੁਭੂਤੀ ਦੀ ਸੁਹਜਮਈ ਅਭਿਵਿਅਕਤੀ ਹੈ। ਇਹਨਾਂ ਨਾਚਾਂ ਵਿਚ ਸ਼ਾਸਤਰੀਯ ਨਾਚ ਵਾਂਗੂੰ ਅੰਗਾਂ, ਹਰਕਤਾਂ, ਕਦਮਾਂ ਦੇ ਕੋਈ ਬਝਵੇਂ ਜਾਂ ਕਰੜੇ ਨੇਮ ਨਹੀਂ ਹਨ, ਸਗੋਂ ਇਹ ਤਾਂ ਮਨੁੱਖੀ ਮਨ ਦੀ ਖੁਸ਼ੀ ਤੇ ਭਾਵਾਂ ਨੂੰ ਤਾਲਬੱਧ ਅੰਗ-ਲਹਿਰੀਆਂ ਦੁਆਰਾ ਵਿਅਕਤ ਕਰਦੇ ਹਨ। ਇਹ ਨਾਚ ਸਹਿਜ ਤੇ ਸੁਭਾਵਕ ਹਨ ਇਸ ਲਈ ਇਹਨਾਂ ਨੂੰ ਨਚਣ ਲਈ ਕਿਸੇ ਖ਼ਾਸ ਪੁਸ਼ਾਕ, ਵੇਸ਼ਭੂਸ਼ਾ, ਸਵਾਂਗ ਜਾਂ ਸ਼ਿੰਗਾਰ ਦੀ ਆਵਸ਼ਕਤਾ ਨਹੀਂ ਅਤੇ ਨਾ ਸਮੇਂ ਦੇ ਕਾਲਿਕ ਘੇਰੇ ਵਿਚ ਇਹਨਾਂ

---

13. ਕ੍ਰਿਸ਼ਣ ਦੇਵ ਉਪਾਧਿਆਇ, ਲੋਕ ਸਾਹਿਤਯ ਕੀ ਭੂਮਿਕਾ, ਪੰਨਾ 140

ਨੂੰ ਬੰਨ੍ਹਿਆ ਜਾ ਸਕਦਾ ਹੈ। ਇਹਨਾਂ ਦਾ ਵਿਕਾਸ ਸਹਿਜ ਸੁਭਾਵਿਕ ਅਤੇ ਲੋਕ ਚਰਿਤ੍ਰ ਨਾਲ ਇਕਸੁਰ ਹੋ ਕੇ ਵਿਚਰਦਾ ਹੈ ਕਿਉਂਜੋ ਲੋਕ ਜਨ ਜੀਵਨ ਨਾਲ ਇਹਨਾਂ ਦੀ ਸਾਂਝ ਅਟਲ ਹੈ।

8.2.4 ਕਲਾਕ੍ਰਿਤ : ਲੋਕ ਜੀਵਨ ਨੂੰ ਪ੍ਰਗਟਾਉਣ ਅਤੇ ਲੋਕ ਸੰਸਕ੍ਰਿਤੀ ਦੀ ਸੰਪੂਰਨ ਪਛਾਣ ਜਾਨੂੰ ਕਲਾ ਦੇ ਵਿਸ਼ੇਸ਼ ਰੂਪਾਂ ਵਿਚੋਂ ਪ੍ਰਾਪਤ ਹੁੰਦੀ ਹੈ ਜਿਵੇਂ ਚਿੱਤਰਕਲਾ, ਮੂਰਤੀਕਲਾ, ਨ੍ਰਿਤਕਲਾ ਆਦਿ। ਮਨੁੱਖ ਦੁਆਰਾ ਰਚੀ ਇਹ ਕਲਾਤਮਿਕ ਅਭਿਵਿਅਕਤੀ ਉਹਨਾਂ ਦੀਆਂ ਅੰਤ੍ਰੀਵੀ ਖਾਹਿਸ਼ਾਂ, ਤਜਰਬਿਆਂ, ਭਾਵਨਾਵਾਂ ਦਾ ਪ੍ਰਗਟਾਵਾ ਹੈ ਜੋ ਪਰੰਪਰਾ ਤੋਂ ਲਗਾਤਾਰ ਵਿਕਾਸ ਕਰਦੀ ਆਪਣੇ ਵਿਲੱਖਣ ਸੁਭਾਅ ਦੀ ਧਾਰਣੀ ਹੁੰਦੀ ਹੈ। ਦੇਖਣ ਵਿਚ ਇਹ ਕਲਾ ਅਤਿ ਸਾਧਾਰਣ ਪ੍ਰਤੀਤ ਹੁੰਦੀ ਹੈ ਪਰੰਤੂ ਆਪਣੀ ਕਲਾਤਮਿਕ ਅਭਿਵਿਅਕਤੀ ਦੁਆਰਾ ਸਾਧਾਰਣ ਨੂੰ ਅਸਾਧਾਰਣ ਰੂਪ ਵਿਚ ਪ੍ਰਸਤੁਤ ਕਰ ਸਮੂਹ ਜਨ ਨੂੰ ਸੁਹਜਮਈ ਆਨੰਦ ਨਾਲ ਭਰਪੂਰ ਕਰਦੀ ਹੈ।

ਲੋਕ ਕਲਾ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਲੋਕ ਕਲਾ ਲੋਕਯਾਨ ਦੀ ਅਜਿਹੀ ਕਲਾਤਮਕ ਅਭਿਵਿਅਕਤੀ ਹੈ ਜੋ ਮਨੁੱਖੀ ਜੀਵਨ ਦੇ ਸੂਖਮ ਭਾਵਾਂ ਦਾ ਪ੍ਰਗਟਾਅ ਸਹਿਜ ਅਤੇ ਸੁਭਾਵਿਕ ਰੂਪ ਵਿਚ ਵਿਭਿੰਨ ਵਿਧਾਵਾਂ ਰਾਹੀਂ ਮੂਰਤੀਮਾਨ ਕਰਦੀ ਹੈ।

8.3 <u>ਲੋਕ ਵਿਸ਼ਵਾਸ਼ ਅਤੇ ਰੀਤੀ ਰਿਵਾਜ</u>: ਲੋਕ ਵਿਸ਼ਵਾਸ਼ ਅਤੇ ਰੀਤੀ ਰਿਵਾਜ ਲੋਕਯਾਨ ਦਾ ਮਹੱਤਵਪੂਰਨ ਅਤੇ ਬੁਨਿਆਦੀ ਅੰਗ ਹਨ। ਮਨੁੱਖ ਆਪਣੇ ਸਮਾਜਿਕ ਇਤਿਹਾਸਕ ਵਿਕਾਸ ਦੌਰਾਨ ਬਾਹਰਮੁਖੀ ਪਦਾਰਥਕ ਪ੍ਰਕ੍ਰਿਤਕ ਪਰਿਸਥਿਤੀਆਂ ਨਾਲ ਸੰਘਰਸ਼ਸ਼ੀਲ ਰਹਿੰਦਿਆਂ ਅਨੇਕ ਤਰ੍ਹਾਂ ਦੇ ਅਨੁਭਵ ਗ੍ਰਹਿਣ ਕਰਦਾ ਹੈ। ਇਸ ਸੰਘਰਸ਼ ਦੌਰਾਨ ਮਨੁੱਖ ਅਤੇ ਪ੍ਰਕ੍ਰਿਤੀ ਦੇ ਸੰਬੰਧਾਂ ਵਿਚੋਂ ਕੁਝ ਪੱਖ ਅਜਿਹੇ ਹਨ ਜੋ ਉਸ ਲਈ ਅਜਿੱਤ, ਅਦ੍ਰਿਸ਼ਟ ਅਤੇ ਅਪ੍ਰਾਪਤ ਹਨ। ਜੋ ਵਿਵਹਾਰਕ ਪਧਰ ਤੇ ਉਸਦੀ ਪਹੁੰਚ ਤੋਂ ਦੂਰ ਹਨ ਪਰੰਤੂ ਫੇਰ ਵੀ ਇਹਨਾਂ ਨੂੰ ਪ੍ਰਾਪਤ ਕਰਨ ਦੀ ਅਕਾਂਖਿਆ, ਆਪਣੇ ਅਧੀਨ ਕਰਨ ਦੀ ਰੁਚੀ ਤੇ ਜਾਂ ਨਿਜਾਤ ਪਾਉਣ ਦੀ ਅਭਿਲਾਸ਼ਾ ਦਾ ਵੱਖੋ ਵਖਰੇ ਕਲਾਤਮਿਕ ਅਤੇ ਪ੍ਰਤੀਕਾਤਮਿਕ ਮਾਧਿਅਮਾਂ ਦੁਆਰਾ ਪ੍ਰਸਤੁਤੀਕਰਨ ਹੋਇਆ ਹੈ। ਰੀਤੀ ਰਿਵਾਜ ਵੀ ਇਸੇ ਹੀ ਕੋਸ਼ਿਸ਼ ਦਾ ਸਿੱਟਾ ਹੈ। ਕਿਉਂਜੋ ਰੀਤੀ ਰਿਵਾਜ ਮਨੁੱਖੀ ਜ਼ਿੰਦਗੀ ਦਾ ਅਜਿਹਾ ਵਰਤਾਰਾ ਹੈ ਜਿਸਦੇ ਅੰਤਰਗਤ ਨਾ ਸਿਰਫ਼ ਜਨਮ ਤੋਂ ਲੈ ਕੇ ਮੌਤ ਤਕ ਦੇ ਸਗੋਂ ਪੂਰਵਲੇ ਜਨਮ ਤੋਂ ਅਤੇ ਮੌਤ ਤੋਂ ਬਾਅਦ ਦੇ ਸਮੁੱਚੇ ਵਰਤਾਰੇ ਦਾ ਲੋਕ ਵਿਸ਼ਵਾਸ਼ ਅਨੁਰੂਪ ਚਿਹਨਾਂ ਦੁਆਰਾ ਪ੍ਰਸਤੁਤੀਕਰਨ ਕੀਤਾ ਜਾਂਦਾ ਹੈ। ਲੋਕਯਾਨ ਸ਼ਾਸਤਰੀਆਂ ਨੇ ਰੀਤੀ ਰਿਵਾਜ ਦੇ ਵਿਸ਼ੇਸ਼ ਸੰਕਲਪ ਨੂੰ ਵਿਭਿੰਨ ਪਰਿਭਾਸ਼ਾਵਾਂ ਦੁਆਰਾ ਪਰਿਭਾਸ਼ਿਤ ਕਰਨ ਦੇ ਯਤਨ ਕੀਤੇ ਹਨ।

ਐਨਸਾਈਕਲੋਪੀਡੀਆ ਅਨੁਸਾਰ 'ਰੀਤੀ ਰਿਵਾਜ ਗੈਰ ਇੰਦਰਿਆਈ ਅਨੁਮਾਨਿਕ ਕਾਰਜਾਂ

ਦੇ ਸੰਕੇਤ ਹਨ ਜਿਨ੍ਹਾਂ ਨੂੰ ਵਿਵੇਕਮਈ ਪ੍ਰਯੋਜਨਮੁਖਤਾ ਅਨੁਸਾਰ ਉਚਿਤ ਨਹੀਂ ਠਹਿਰਾਇਆ ਜਾ ਸਕਦਾ।'[14] ਕਿਉਂਜੋ ਇਹਨਾਂ ਦਾ ਮੂਲ ਆਧਾਰ ਵਿਸ਼ਵਾਸ਼ ਹੁੰਦਾ ਹੈ।ਵਿਵਹਾਰਕ ਪੱਖ ਤੋਂ ਕਾਰਜ ਦੀ ਵਿਗਿਆਨਕਤਾ ਸੰਦੇਹਪਰਕ ਹੁੰਦੀ ਹੈ, ਪਰੰਤੂ ਇਹਨਾਂ ਦਾ ਉਦੇਸ਼ ਮਨੋਰਥ ਅਤੇ ਅਰਥ ਭਰਪੂਰ ਹੁੰਦਾ ਹੈ। ਇਹਨਾਂ ਦੇ ਅੰਤਰਗਤ ਕੀਤਾ ਗਿਆ ਹਰੇਕ ਕਾਰਜ ਸਮੂਹ ਜਨ ਜੀਵਨ ਦੀ ਜੀਵਨ ਜਾਚ, ਆਸ, ਉਮੀਦ, ਆਕਾਂਖਿਆ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੁੰਦਾ ਹੈ। ਜਿਸ ਰਾਹੀਂ ਸਮੁੱਚੇ ਪਾਸਾਰੇ ਨੂੰ ਭਾਈਚਾਰਕ, ਮਾਨਸਿਕ ਤੇ ਭਾਵੁਕ ਬੰਧਨ ਦਾ ਬੰਨ੍ਹਣ ਨਿਰੰਤਰ ਤੇ ਸਦੀਵੀ ਸਾਂਝ ਦਾ ਧਾਰਣੀ ਬਣਾਉਂਦਾ ਹੈ।

ਰੀਤੀ ਰਿਵਾਜ਼ ਦੇ ਸਮੁੱਚੇ ਸੁਭਾਅ ਦੀ ਪਛਾਣ ਇਸਦੇ ਵਿਭਿੰਨ ਲੱਛਣਾਂ ਦੇ ਅਧਿਐਨ ਉਪਰਾਂਤ ਹੀ ਸੰਭਵ ਹੈ। ਕਿਉਂਜੋ ਇਹ ਵਿਸ਼ਿਸ਼ਟ ਪ੍ਰਕਾਰ ਦੀ ਕਾਰਜ ਵਿਧੀ ਹੈ। ਜਿਸ ਪਿਛੇ ਅਚੇਤ ਜਾਂ ਸੁਚੇਤ ਰੂਪ ਵਿਚ ਕੋਈ ਨਾ ਕੋਈ ਮਾਨਵੀ ਪ੍ਰਯੋਜਨ ਵਿਦਮਾਨ ਹੁੰਦਾ ਹੈ। ਹਰੇਕ ਰੀਤੀ ਰਿਵਾਜ਼ ਆਪਣੇ ਸਭਿਆਚਾਰਕ ਪਰਿਪੇਖ ਵਿਚ ਲੋਕ ਵਿਸ਼ਵਾਸ਼ਾਂ ਦਾ ਧਾਰਣੀ ਹੈ। ਇਹ ਲੋਕ ਵਿਸ਼ਵਾਸ਼ ਲੋਕ ਸਮੂਹ ਦੇ ਨਿਰੰਤਰ ਜੀਵਨ ਪ੍ਰਵਾਹ ਦੇ ਅਨੁਭਵ, ਅਮਲ ਅਤੇ ਧਾਰਨਾਵਾਂ ਦਾ ਸਮੂਹ ਹੁੰਦੇ ਹਨ। ਜਿਨ੍ਹਾਂ ਦੀ ਸਿਰਜਣਾ, ਪ੍ਰਵਾਨਗੀ ਅਤੇ ਸਥਾਪਨਾ ਸਮੂਹ ਦੀ ਪ੍ਰਵਾਨਗੀ ਉਪਰਾਂਤ ਸਹਿਜ ਅਤੇ ਸੁਭਾਵਿਕ ਹੀ ਕਰ ਲਈ ਜਾਂਦੀ ਹੈ।

ਰੀਤੀ ਰਿਵਾਜ਼ ਦਾ ਧਰਮ ਨਾਲ ਡੂੰਘਾ ਸੰਬੰਧ ਹੈ, ਕਿਉਂਜੋ ਧਰਮ ਕਿਸੇ ਵੀ ਸਭਿਆਚਾਰ ਦੇ ਰੀਤੀ ਰਿਵਾਜ਼ਾਂ ਜਾਂ ਲੋਕ ਵਿਸ਼ਵਾਸ਼ ਨੂੰ ਖੰਡਿਤ ਜਾਂ ਪ੍ਰਵਾਨ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਮਨੁੱਖ ਦਾ ਬਹੁਤਾ ਕਾਰਜ ਅਤੇ ਕਰਮ ਧਾਰਮਿਕ ਵਿਸ਼ਵਾਸ਼ ਦਾ ਹੀ ਫਲ ਹੁੰਦਾ ਹੈ। ਧਰਮ ਜਿਥੇ ਮਨੁੱਖ ਨੂੰ ਸਹੀ ਸੋਧ ਤੇ ਜੀਵਨ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ, ਉਥੇ ਇਸ ਵਿਚਲੇ ਦਾਰਸ਼ਨਿਕ ਰਹੱਸਾਤਮਿਕ ਤੱਤਾਂ ਦੀ ਹੋਂਦ ਸਾਧਾਰਣ ਮਨੁੱਖ ਦੀ ਮਨ ਅਤੇ ਬੁਧੀ ਦੀ ਪਕੜ ਤੋ ਪਰੇ ਹੁੰਦੀ ਹੈ। ਇਹੀ ਕਾਰਨ ਹੈ ਕਿ ਸਾਧਾਰਣ ਸੋਚ ਬੁਧੀ ਲਈ ਦੈਵੀ ਅਤੇ ਅਧਿਆਤਮਿਕ ਸ਼ਕਤੀ ਡਰ ਅਤੇ ਭੈਅ ਦਾ ਪ੍ਰਤੀਕ ਹਨ। ਮਨੁੱਖ ਦੇ ਬਹੁਤ ਸਾਰੇ ਰੀਤੀ ਰਿਵਾਜ਼ ਇਹਨਾਂ ਦੈਵਾਂ ਅਤੇ ਅਧਿਆਤਮਕ ਸ਼ਕਤੀਆਂ ਦੇ ਦਖਲ ਦੇ ਆਪਣੇ ਸਹਿਜ ਰੂਪ ਹਨ ਜਿਨ੍ਹਾਂ ਦੁਆਰਾ ਆਪਣੇ ਕਾਰਜ ਸਿਧੀ ਅਤੇ ਮਨੋਅਭਿਲਾਸ਼ਾ ਦੀ ਪੂਰਤੀ ਨੂੰ ਸੰਭਵ ਮੰਨਿਆ ਜਾਂਦਾ ਹੈ। ਇਹਨਾਂ ਵਿਚ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਕਰਮਕਾਂਡ, ਰਹੁਰੀਤਾਂ, ਪੂਜਾ ਵਿਧੀਆਂ, ਵਰਤ, ਪੂਰਵ, ਤਿੱਥਾਂ ਤਿਉਹਾਰਾਂ ਦੀ ਮੰਨਤ ਆਦਿ ਪ੍ਰਮੁਖ ਹਨ। ਇਹ ਸਮੁੱਚਾ ਕਰਮ ਲੋਕ ਮਾਨਸ ਦੀ ਧਾਰਮਿਕ ਭਾਵਨਾ ਦਾ ਪ੍ਰਤਿਫਲ ਹਨ।

---

14. International Encyclopaedia of Social Sciences, Vol.113, p.521.

ਰੀਤੀ ਰਿਵਾਜ਼ਾਂ ਦਾ ਸਾਮਾਜਿਕ, ਸਭਿਆਚਾਰ ਪੱਖ ਨਾਲ ਅਟੁੱਟ ਸਾਂਝ ਹੁੰਦੀ ਹੈ। ਇਹ ਲੋਕ ਸੰਸਕ੍ਰਿਤੀ ਅਤੇ ਲੋਕ ਜੀਵਨ ਪ੍ਰਵਾਹ ਦੀ ਲੋਕ ਮਾਨਸ ਅਭਿਵਿਅਕਤੀ ਦੀ ਪੂਰਨ ਤੌਰ ਤੇ ਪ੍ਰਤਿਨਿਧਤਾ ਕਰਦਾ ਹੈ। ਮੂਲ ਮਾਨਵੀ, ਸਦੀਵੀ ਤੇ ਸਰਵਵਿਆਪਿਕ ਸਮੱਸਿਆਵਾਂ ਦਾ ਪ੍ਰਤੀਕਾਤਮਕ ਪ੍ਰਗਟਾਵਾ ਰੀਤੀ ਰਿਵਾਜ਼ਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਕਿਉਂਜੋ ਸਮਾਜਿਕ ਵਰਤਾਰੇ ਵਿਚ ਜ਼ਿੰਦਗੀ ਅਤੇ ਮੌਤ ਦੇ ਰਹਸਾਤਮਕ ਲੰਮੇ ਸਮੇਂ ਦਾ ਸੰਘਰਸ਼ ਸਮੂਹ ਮਾਨਸ ਮਨ ਆਪਣੇ ਵਿਸ਼ਵਾਸ਼ ਦੀ ਪੱਧਰ ਤੇ ਕਰਦਾ ਹੈ। ਸਮਾਜਿਕ ਮੁਸ਼ਕਿਲਾਂ ਦਾ ਸਮਾਧਾਨ ਆਪਣੇ ਵਿਸ਼ਵਾਸ਼ ਅਤੇ ਸੰਭਾਵਿਤ ਪਹੁੰਚ ਸਮਰਥਾ ਅਨੁਸਾਰ ਕਰਦਾ ਹੈ ਚਾਹੇ ਵਿਵਹਾਰਕ ਪੱਧਰ ਤੇ ਇਹ ਵਿਗਿਆਨਿਕ ਦ੍ਰਿਸ਼ਟੀ ਤੋਂ ਵਿਵੇਕਮਈ ਹੋਣ ਦੀ ਥਾਂ ਕਾਲਪਨਿਕ ਹੁੰਦਾ ਹੈ ਪਰੰਤੂ ਇਸ ਦੁਆਰਾ ਸਭਿਆਚਾਰ ਵਿਸ਼ੇਸ਼ ਦੀਆਂ ਸਮਸਿਆਵਾਂ ਦਾ ਸਮਾਧਾਨ ਅਤੇ ਸਮੂਹ ਮਾਨਵ ਮਨ ਦੀ ਪ੍ਰਯੋਜਨ ਸਿਧੀ ਦੀ ਪੂਰਤੀ ਦੀਆਂ ਸੰਭਾਵਨਾਵਾਂ ਇਸੇ ਵਿਚੋਂ ਉਤਪੰਨ ਹੁੰਦੀਆਂ ਹਨ। ਇਹਨਾਂ ਰੀਤੀ ਰਿਵਾਜ਼ਾਂ ਵਿਚੋਂ ਪ੍ਰਮੁੱਖ ਜਨਮ, ਵਿਆਹ ਅਤੇ ਮੌਤ ਉਪਰਾਂਤ ਨਾਲ ਸੰਬੰਧਿਤ, ਪ੍ਰਾਕ੍ਰਿਤਕ ਸ਼ਕਤੀਆਂ ਦੇ ਸਮਾਧਾਨ ਨਾਲ ਸੰਬੰਧਿਤ, ਤਿਥਾਂ ਤਿਉਹਾਰਾਂ ਨਾਲ ਸੰਬੰਧਿਤ, ਸਾਮਾਜਿਕ ਅਤੇ ਭਾਈਚਾਰਕ ਰਿਸ਼ਤੇ, ਜਾਤ ਪਾਤ ਆਦਿ ਨਾਲ ਸੰਬੰਧਿਤ ਹਨ। ਇਹਨਾਂ ਦੇ ਵਿਵਿਧ ਪੱਖੀ ਸਰੂਪ ਆਪੋ ਆਪਣੀ ਵਿਸ਼ੇਸ਼ ਚਿੰਨ ਅਤੇ ਕਾਰਜ ਦੇ ਧਾਰਣੀ ਹੁੰਦੇ ਹਨ। ਇਹ ਕਾਰਜ ਮਨੁੱਖੀ ਸੋਚ ਅਨੁਭਵ ਦੀ ਪ੍ਰਕ੍ਰਿਆ ਨਾਲ ਅੰਤਰੀਵ ਤੌਰ ਤੇ ਜੁੜੇ ਹੁੰਦੇ ਹਨ। ਜੋ ਮੂਲ ਤੌਰ ਤੇ ਲੋਕ ਵਿਸ਼ਵਾਸ਼ ਤੇ ਅਧਾਰਿਤ ਸਮੁੱਚੇ ਸਭਿਆਚਾਰ ਦੇ ਮੂੱਲ ਵਿਧਾਨ ਨੂੰ ਸਿਰਜਣ ਵਿਚ ਸਹਾਈ ਹੁੰਦੇ ਹਨ। ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਲੋਕ ਵਿਸ਼ਵਾਸ਼ ਅਤੇ ਰੀਤੀ ਰਿਵਾਜ ਲੋਕਧਾਨ ਦੇ ਮਹੱਤਵਪੂਰਣ ਅੰਗ ਵਜੋ ਦ੍ਰਿਸ਼ਟਮਾਨ ਹੁੰਦੇ ਹਨ।

8.4 <u>ਲੋਕ ਮਨੋਰੰਜਨ ਅਤੇ ਕੰਮ ਧੰਧੇ</u>: ਲੋਕਧਾਨ ਦੇ ਲੋਕ ਮਨੋਰੰਜਨ ਖੇਤਰ ਵਿਚ ਉਹ ਸਾਰੀਆਂ ਪਰੰਪਰਾਗਤ ਖੇਡਾਂ ਸ਼ਾਮਿਲ ਹੁੰਦੀਆਂ ਹਨ ਜੋ ਪਰੰਪਰਾ ਤੋਂ ਵਿਕਸਤ, ਸਮੂਹ ਦੀ ਪ੍ਰਵਾਨਗੀ ਸੰਗ ਨਿਰੰਤਰ ਵਿਕਾਸ ਕਰਦੀਆਂ ਹਨ। ਇਹ ਸਿੱਧੇ ਤੌਰ ਤੇ ਮਨੁੱਖੀ ਸੁਭਾਅ ਦਾ ਸੁਹਜਮਈ ਪ੍ਰਗਟਾਵਾ ਹਨ। ਇਹਨਾਂ ਦੁਆਰਾ ਸਮੇਂ ਦਾ ਉਪਯੋਗ ਦਿਲਚਸਪ ਅਤੇ ਮਨੋਰੰਜਨਮਈ ਢੰਗ ਦੁਆਰਾ ਹੁੰਦਾ ਹੈ। ਇਹਨਾਂ ਵਿਚੋਂ ਵਿਭਿੰਨ ਪ੍ਰਕਾਰੀ ਸਰੀਰਕ ਖੇਡਾਂ, ਪਸ਼ੂ ਪੰਛੀ ਦੀਆਂ ਖੇਡਾਂ, ਬਹਾਦਰੀ ਪ੍ਰਗਟਾਵੇ ਅਤੇ ਬੁਧੀ ਪ੍ਰਗਟਾਵੇ ਤੇ ਆਧਾਰਿਤ ਖੇਡਾਂ ਮਨੋਰੰਜਨ ਦਾ ਅਤਿ ਸਰਲ ਰੂਪ ਹਨ। ਇਸ ਤੋਂ ਇਲਾਵਾ, ਲੋਕਨਾਚਾਂ, ਲੋਕ ਨਾਟਾਂ ਅਤੇ ਲੋਕਗੀਤਾਂ ਤੇ ਤਮਾਸ਼ਿਆਂ ਦੇ ਵਿਭਿੰਨ ਰੂਪਾਂ ਨੂੰ ਵੀ ਮਨੋਰੰਜਨ ਅਤੇ ਸੁਹਜ ਆਨੰਦ ਹਿਤ ਵਰਤਿਆ ਜਾਂਦਾ ਹੈ।

ਲੋਕ ਧੰਧੇ ਲੋਕਕਲਾ ਦੇ ਖੇਤਰ ਨਾਲ ਸੰਬੰਧਿਤ ਹਨ ਜਿਨ੍ਹਾਂ ਵਿਚ ਕਾਰੀਗਰਾਂ ਅਤੇ ਹੁਨਰਮੰਦਾਂ ਦੁਆਰਾ ਆਪਣੇ ਪਰੰਪਰਾਗਤ ਕਿੱਤੇ ਦਾ ਕਲਾਤਮਕ ਪ੍ਰਗਟਾਅ ਮੂਰਤੀਮਾਨ ਕੀਤਾ ਜਾਂਦਾ ਹੈ। ਇਹ ਧੰਧੇ ਆਪਣੀ ਵਿਸ਼ੇਸ਼ ਜਾਤੀ ਜਾਂ ਸ਼੍ਰੇਣੀ ਦੀ ਪ੍ਰਤਿਨਿਧਤਾ ਕਰਦੇ ਹਨ ਜਿਨ੍ਹਾਂ ਵਿਚੋਂ ਲੁਹਾਰ, ਤਰਖਾਣ, ਜੁਲਾਹਾ,

ਸੁਨਿਆਰਾ, ਧੋਬੀ, ਦਰਜ਼ੀ, ਨਾਈ ਆਦਿ ਸ਼ਾਮਿਲ ਹਨ। ਇਸ ਪ੍ਰਕਾਰ ਮਨੁੱਖ ਦੇ ਨਿਤਾਪ੍ਰਤਿ ਜੀਵਨ ਨਾਲ ਸੰਬੰਧਿਤ ਕੰਮ ਧੰਧਿਆਂ ਅਤੇ ਮਨੋਰੰਜਨ ਦੇ ਵਿਭਿੰਨ ਰੂਪਾਂ ਦਾ ਪ੍ਰਗਟਾਅ ਸਹਿਜ ਹੀ ਲੋਕ ਮਾਨਸ ਦੁਆਰਾ ਅਭਿਵਿਅਕਤ ਹੁੰਦਾ ਹੈ।

ਲੋਕਧਾਰਾ ਦੇ ਵਿਭਿੰਨ ਤੱਤਾਂ ਦੇ ਉਪਰੋਕਤ ਵਿਸ਼ਲੇਸ਼ਣ ਉਪਰਾਂਤ ਇਹ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਲੋਕਧਾਰਾ ਦੇ ਵਿਭਿੰਨ ਅੰਗ-ਪ੍ਰਤਿਅੰਗ ਮਾਨਵ ਸਮੂਹ ਦੇ ਜੀਵਨ ਪ੍ਰਵਾਹ ਨੂੰ ਸੁਭਾਵਿਕ ਯਥਾਰਥਿਕ ਅਤੇ ਕਲਾਤਮਕ ਰੂਪ ਵਿਚ ਅਭਿਵਿਅਕਤ ਕਰਨ ਹਿਤ ਵਸ਼ਿਸ਼ਟ ਸੰਚਾਰ ਤੱਤਾਂ ਵਜੋਂ ਉਜਾਗਰ ਹੁੰਦੇ ਹਨ, ਜੋ ਮਨੁੱਖ ਦੀ ਅੰਤਰੀਵੀ ਅਤੇ ਬਾਹਰੀ ਸਰਬਾਂਗੀ ਸਥਿਤੀ ਦਾ ਇਤਿਹਾਸਕ ਸਭਿਆਚਾਰਕ ਦ੍ਰਿਸ਼ਟੀ ਤੋਂ ਅਵਲੋਕਨ ਕਰਦਿਆਂ ਉਸ ਦੇ ਸੰਚਾਰਮਈ ਤੱਤਾਂ ਨੂੰ ਤੀਖਰਤਾ ਪ੍ਰਦਾਨ ਕਰਦੇ ਉਹਨਾਂ ਨੂੰ ਵਿਸ਼ੇਸ਼ ਸੌਂਦਰਯਾਤਮਕ ਗੁਣਾਂ ਦਾ ਧਾਰਣੀ ਬਣਾਉਂਦੇ ਹਨ।

9. ਸੰਗੀਤ: ਸੰਚਾਰ ਤੇ ਸੰਚਾਰ ਪ੍ਰਕ੍ਰਿਆ

ਲਲਿਤ ਕਲਾਵਾਂ ਵਿਚੋਂ ਸੰਗੀਤ ਨੂੰ ਸਰਵੋਤਮ ਸਥਾਨ ਦਿੱਤਾ ਜਾਂਦਾ ਹੈ। ਸੰਗੀਤ 'ਸਮ' ਅਤੇ 'ਗੀਤ' ਦੋਹਾਂ ਦਾ ਸੰਯੁਕਤ ਰੂਪ ਮੰਨਿਆ ਜਾਂਦਾ ਹੈ ਭਾਵ 'ਸਮੁ' ਦਾ ਅਰਥ ਹੈ 'ਅੱਛਾ' ਅਤੇ 'ਗੀਤ' ਤੋਂ ਭਾਵ 'ਗਾਇਨ' ਤੋਂ ਹੈ। ਇਸ ਤੋ ਸਪਸ਼ਟ ਹੈ ਕਿ ਸੰਗੀਤ ਵਿਚ ਗਾਇਨ ਪੱਖ ਦੀ ਪ੍ਰਧਾਨਤਾ ਹੈ। ਇਸਦੀ ਇਹ ਉਤਮਤਾ ਇਸਦਾ ਸੂਖਮਤਾ, ਅਭਿਵਿਅਕਤੀ ਦੀ ਅਪਾਰ ਸਮਰਥਾ, ਵਿਦਵਤਾ, ਗੰਭੀਰਤਾ ਅਤੇ ਪ੍ਰੌਢਤਾ ਸਦਕਾ ਹੈ। ਆਦਿ ਕਾਲ ਤੋਂ ਹੀ ਸੰਗੀਤ ਮਾਨਵੀ ਅਭਿਵਿਅਕਤੀ ਦਾ ਵਿਸ਼ਿਸ਼ਟ ਮਾਧਿਅਮ ਰਿਹਾ ਹੈ। ਮਨੁੱਖੀ ਵਿਕਾਸ ਦੇ ਆਰੰਭਿਕ ਪੜਾਅ ਵਿਚ ਜਦੋਂ ਸੰਚਾਰ ਹਿਤ ਵਰਣਾਤਮਿਕ ਵਾਕ ਅਤੇ ਸੰਚਾਰ ਵਿਧੀਆਂ ਮਾਨਵੀ ਸੰਚਾਰ ਕੋਸ਼ਲ ਦਾ ਅਲੰਕਰਣ ਨਹੀਂ ਸੀ ਬਣੀਆਂ ਉਦੋਂ ਮਨੁੱਖ ਕੋਲ ਮੂਲ ਰੂਪ ਵਿਚ ਸੰਚਾਰ ਦੇ ਦੋ ਸਾਧਨ ਏਕਾਂਗਿਕ ਸੰਕੇਤ ਅਤੇ ਨਾਦਾਤਮਿਕਤਾ ਦੇ ਰੂਪ ਵਿਚ ਮੌਜੂਦ ਸਨ। ਭਾਵ ਉਹ ਵਿਭਿੰਨ ਸਰੀਰਕ ਅੰਗਾਂ ਦੀਆਂ ਚੇਸ਼ਟਾਵਾਂ ਸਹਿਤ ਸੰਚਾਰ ਸੰਕੇਤ

ਘੜਦਾ ਅਤੇ ਆਪਣੀ ਆਵਜ਼ ਦੁਆਰਾ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਉਤਪੰਨ ਕਰਕੇ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ। ਮਾਨਵ ਦੀ ਇਸ ਨਾਦਾਤਮਿਕ ਸੰਚਾਰ ਸ਼ਕਤੀ ਤੋ ਬਾਅਦ ਵਿਚ ਭਾਸ਼ਾ ਤੇ ਸੰਗੀਤ ਦਾ ਵਿਕਾਸ ਹੋਇਆ।

ਸੰਗੀਤ ਦੀ ਉਤਪਤੀ ਸੰਬੰਧੀ ਪ੍ਰਚਲਿਤ ਧਾਰਨਾਵਾਂ ਨੂੰ ਅਸੀਂ ਪ੍ਰਕ੍ਰਿਤਕ ਅਤੇ ਵਿਗਿਆਨਿਕ ਪਹੁੰਚਾਂ ਦੇ ਅੰਤਰਗਤ ਵਿਭਾਜਤ ਕਰ ਸਕਦੇ ਹਾਂ। ਇਹਨਾਂ ਵਿਚ ਕਾਫ਼ੀ ਸਪਸ਼ਟ ਹੈ ਕਿ ਆਦਿ ਮਾਨਵ ਨੇ ਆਪਣੇ ਮਨੋਭਾਵਾਂ ਦੇ ਸੰਚਾਰ ਤੇ ਪ੍ਰਗਟਾਅ ਦੁਆਰਾ ਵਿਅਕਤੀਗਤ ਤੇ ਸਾਮੂਹਿਕ ਰੂਪ ਵਿਚ ਸੁਹਜ ਪ੍ਰਾਪਤੀ ਲਈ ਸੰਗੀਤ ਦਾ ਇਸਤੇਮਾਲ ਕੀਤਾ। ਸੰਗੀਤ ਦਾ ਆਰੰਭਿਕ ਰੂਪ ਵਰਤਮਾਨ ਦੀ ਤੁਲਨਾ ਵਿਚ ਭਾਵੇਂ ਅਸਪਸ਼ਟ ਤੇ ਸਿਧਾ ਸਾਦਾ ਹੀ ਸੀ ਪਰ ਆਦਿ ਮਾਨਵ ਦੇ ਜੀਵਨ ਵਿਕਾਸ ਵਿਚ ਇਸ ਦਾ ਅਹਿਮ ਯੋਗਦਾਨ ਸੀ। ਮਾਨਵੀ ਵਿਕਾਸ ਦੇ ਸਮਾਂਨਾਂਤਰ ਸੰਗੀਤ ਨੇ ਵੀ ਵਿਕਾਸ ਦੀਆਂ ਅਨੇਕਾਂ ਮੰਜ਼ਿਲਾਂ ਤੈਅ ਕੀਤੀਆਂ ਅਤੇ ਅਜ ਇਸਦਾ ਅਤਿ ਸੂਖਸ਼ਮ ਤੇ ਵਿਗਿਆਨਕ ਸਰੂਪ ਆਪਣੀਆਂ ਅਦਭੁਤ ਤੇ ਚਮਤਕਾਰੀ ਪਰਤਾਂ ਵਿਚ ਸਾਡੇ ਸਾਹਮਣੇ ਹੈ। ਅੱਜ ਵਿਸ਼ਵ ਦੀ ਹਰ ਜਾਤੀ ਹਰ ਖਿਤੇ ਹਰ ਧਰਮ ਅਤੇ ਹਰ ਦੇਸ਼ ਦੇ ਲੋਕਾਂ ਕੋਲ ਆਪਣੀ ਇਕ ਵਿਕਸਿਤ ਸੰਗੀਤ ਪਰੰਪਰਾ ਹੈ ਜਿਸ ਦੁਆਰਾ ਉਹ ਆਪਣੇ ਸੂਖਸ਼ਮ ਅਤੇ ਅਕਹਿ ਮਨੋਭਾਵਾਂ ਨੂੰ ਵਿਅਕਤੀਗਤ ਤੇ ਸਾਮੂਹਿਕ ਰੂਪ ਵਿਚ ਆਪੋ ਵਿਚ ਸਾਂਝਿਆਂ ਕਰਦੇ ਹਨ। ਲਗਭਗ ਹਰ ਜਾਤੀ ਨੇ ਸੰਗੀਤ ਦੀਆਂ ਅਡੋ ਅਡਰੀਆਂ ਪਰੰਪਰਾਵਾਂ ਨੂੰ ਆਪਣੇ ਲਈ ਸੁਨਿਸ਼ਚਿਤ ਕੀਤਾ ਹੈ। ਭਾਰਤੀ ਸੰਗੀਤ ਦੇ ਪ੍ਰਸੰਗ ਵਿਚ ਸੰਗੀਤ ਦੀਆਂ ਵਖੋ ਵਖਰੀਆਂ ਪਰੰਪਰਾਵਾਂ ਅਤੇ ਸੰਗੀਤ ਦੀ ਸੰਚਾਰ ਸਮਰਥਾ ਹੋਰ ਵੀ ਸਪਸ਼ਟ ਰੂਪ ਵਿਚ ਸਮਝੀ ਜਾ ਸਕਦੀ ਹੈ।

ਭਾਰਤੀ ਸੰਗੀਤ ਨੂੰ ਪਰਿਭਾਸ਼ਿਤ ਕਰਦਿਆਂ ਵਿਦਵਾਨ ਇਸ ਨੂੰ ਗਾਇਨ ਵਾਦਨ ਅਤੇ ਨ੍ਰਿਤ ਦਾ ਸੰਯੁਕਤ ਸਰੂਪ ਮੰਨਦੇ ਹਨ[43] ਜਿਵੇਂ ਕਿ ਸੰਗੀਤ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਸ ਵਿਚ ਗੀਤ ਜਾਂ ਗਾਇਨ ਦੀ ਪ੍ਰਧਾਨਤਾ ਹੈ ਭਾਵ ਭਾਰਤੀ ਸੰਗੀਤ ਦਾ ਆਧਾਰ ਗਾਇਨ ਹੀ ਹੈ।

---

43. ਭਾਰਤੀ ਸੰਗੀਤ ਕੋਸ਼, ਪੰਨਾ 150

ਵਾਦਨ ਇਸ ਦਾ ਅਨੁਕਰਣ ਕਰਦਾ ਹੈ ਅਤੇ ਨ੍ਰਿਤ ਗਾਇਨ ਤੇ ਵਾਦਨ ਦੋਹਾਂ ਦੁਆਰਾ ਅਦਾ ਕੀਤਾ ਜਾਂਦਾ ਹੈ। ਵਰਤਮਾਨ ਸਮੇਂ ਗਾਇਨ ਵਾਦਨ ਤੇ ਨ੍ਰਿਤ ਦੀਆਂ ਪਰੰਪਰਾਵਾਂ ਸਰੂਪ ਧਾਰਣ ਕਰ ਰਹੀਆਂ ਹਨ। ਭਾਰਤੀ ਸੰਗੀਤ ਵਿਚ ਵੀ ਹੁਣ ਸੰਗੀਤ ਦੇ ਅੰਤਰਗਤ ਗਾਇਨ ਤੇ ਵਾਦਨ ਨੂੰ ਅਤੇ ਨ੍ਰਿਤ ਨੂੰ ਸੁਤੰਤਰ ਸੰਗੀਤ ਵਿਧਾ ਵਜੋਂ ਸਵੀਕਾਰਿਆ ਜਾਣ ਲਗ ਪਿਆ ਹੈ। ਸੰਗੀਤ ਦੀ ਸੰਚਾਰ ਪ੍ਰਕ੍ਰਿਆ ਨੂੰ ਗਾਇਨ ਦੇ ਸੰਦਰਭ ਵਿਚ ਵਾਚਣ ਤੋਂ ਪਹਿਲਾਂ ਇਸ ਦੀਆਂ ਮੂਲ ਇਕਾਈਆਂ ਉਤੇ ਵਿਚਾਰ ਕਰ ਲੈਣਾ ਲਾਜ਼ਮੀ ਹੈ।

ਭਾਰਤੀ ਸੰਗੀਤ ਦਾ ਮੁੱਖ ਆਧਾਰ ਰਾਗਾਤਮਿਕਤਾ ਹੈ। ਇਹ ਰਾਗਾਤਮਿਕਤਾ ਭਾਰਤੀ ਸੰਗੀਤ ਦੀਆਂ ਵੱਖੋ ਵੱਖ ਧਾਰਾਵਾਂ ਅਤੇ ਉਹਨਾਂਦੀਆਂ ਵਿਭਿੰਨ ਸ਼ੈਲੀਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਹੈ। ਇਹ ਰਾਗਾਤਮਿਕਤਾ ਹੀ ਭਾਰਤੀ ਸੰਗੀਤ ਦੇ ਸਮੂਹ ਸਿਧਾਂਤਾਂ ਦੀ ਸਿਰਜਣਾ ਦਾ ਮੁੱਖ ਆਧਾਰ ਹੈ। ਇਸ ਰਾਗਾਤਮਿਕਤਾ ਵਿਚ ਲੈਅ ਦਾ ਇਕ ਨਿਵੇਕਲਾ ਅਨੁਸ਼ਾਸਨ ਹੈ, ਜਿਸ ਅਧੀਨ ਇਸਦਾ ਮਸੁੱਚਾ ਸਰੂਪ ਮੂਰਤੀਮਾਨ ਹੁੰਦਾ ਹੈ। ਸਮੂਹ ਗਾਇਨ ਸ਼ੈਲੀਆਂ ਅਤੇ ਸਮੁੱਚੇ ਪ੍ਰਸਤੁਤੀਕਰਣ ਦਾ ਇਕ ਉਦੇਸ਼ ਇਸ ਰਾਗਾਤਮਿਕਤਾ ਦੀ ਪ੍ਰਾਪਤੀ ਹੈ। ਇਹ ਰਾਗਾਤਮਿਕਤਾ ਹੀ ਸੰਬੰਧਿਤ ਗਾਇਨ ਸ਼ੈਲੀ ਦੇ ਪ੍ਰਯੋਜਨ ਨੂੰ ਸਫ਼ਲ ਬਣਾਉਂਦੀ ਹੈ। ਭਾਰਤੀ ਸੰਗੀਤ ਅਧੀਨ ਉਪਜਣ ਵਾਲੀ ਇਹ ਰਾਗਾਤਮਿਕਤਾ ਕਿਸੇ ਰਾਗ ਦੀਆਂ ਕੁਝ-ਕੁ ਆਰੋਹ-ਅਵਰੋਹਤਮਕ ਸੁਰਾਵਲੀਆਂ ਉਪਰ ਹੀ ਆਧਾਰਿਤ ਨਹੀਂ ਹੁੰਦੀ ਜਾਂ ਇੰਜ ਕਹਿ ਲਵੋ ਕਿ ਕਿਸੇ ਰਾਗ ਦਾ ਨਿਰਾ ਪੂਰਾ ਸਰੂਪ ਹੀ ਇਸ ਨੂੰ ਨਹੀਂ ਸਿਰਜ ਸਕਦਾ ਸਗੋਂ ਇਸ ਦੀ ਪ੍ਰਾਪਤੀ ਲਈ ਭਾਰਤੀ ਸੰਗੀਤ ਦੀਆਂ ਹੋਰ ਇਕਾਈਆਂ ਵੀ ਇਸ ਨੂੰ ਸਰੂਪ ਪ੍ਰਦਾਨ ਕਰਦੀਆਂ ਹਨ। ਸੁਰ ਅਤੇ ਲੈਅ ਭਾਰਤੀ ਸੰਗੀਤ ਨੂੰ ਨਿਸ਼ਚਿਤ ਕਰਨ ਵਾਲੇ ਦੋ ਅਹਿਮ ਤੱਤ ਹਨ। ਜਿਨ੍ਹਾਂ ਉਪਰ ਆਧਾਰਿਤ ਵਿਭਿੰਨ ਸੰਗੀਤ ਇਕਾਈਆਂ ਕਾਰਜਸ਼ੀਲ ਰਹਿੰਦੀਆਂ ਹਨ। ਭਾਰਤੀ ਸੰਗੀਤ ਦੀਆਂ ਇਹਨਾਂ ਪ੍ਰਮੁੱਖ ਇਕਾਈਆਂ ਸੰਬੰਧੀ ਅਸੀਂ ਅਗੇ ਵਿਚਾਰ ਕਰਾਂਗੇ।

8.1 <u>ਰਾਗ</u>: ਭਾਰਤੀ ਸੰਗੀਤ ਦੀਆਂ ਵਿਭਿੰਨ ਪਰੰਪਰਾਵਾਂ ਤੇ ਸ਼ੈਲੀਆਂ ਵਿਚ ਰਾਗਾਤਮਿਕਤਾ ਦੀ ਬੁਨਿਆਦੀ ਤੇ ਅੰਤਰੀਵੀ ਸਾਂਝ ਨੂੰ ਮੂਰਤੀਮਾਨ ਕਰਨ ਵਾਲੀ ਇਕਾਈ ਰਾਗ ਹੈ। ਇਹ ਭਾਰਤੀ ਸੰਗੀਤ ਦੀ ਆਤਮਾ

ਦੀ ਸਿਰਜਕ ਹੈ। ਰਾਗ ਨੂੰ 'ਜਨ-ਚਿਤ-ਰੰਜਕ' ਧੁਨੀ-ਵਿਸ਼ੇਸ਼ ਮੰਨਿਆ ਜਾਂਦਾ ਹੈ। ਇਸ ਧੁਨੀ ਵਿਸ਼ੇਸ਼ ਵਾਚਕ ਰਾਗ ਸ਼ਬਦ ਦਾ ਉਦਗਮ 'ਰੰਜ੍' ਧਾਤੂ ਤੋਂ ਮੰਨਿਆ ਜਾਂਦਾ ਹੈ। ਜਨ-ਚਿਤ-ਰੰਜਨ ਜਾਂ ਪ੍ਰਾਣੀ ਮਾਤਰ ਨੂੰ ਵਿਸ਼ੇਸ਼ ਰੰਗ ਵਿਚ ਰੰਗਣਾ ਰਾਗ ਦੀ ਕਿਰਿਆ ਹੈ। ਨਿਸ਼ਚਿਤ ਕ੍ਰਮ ਅਤੇ ਨਿਸ਼ਚਿਤ ਅਨੁਪਾਤ ਤੋਂ ਪ੍ਰਯੋਗ ਕੀਤੇ ਜਾਣ ਵਾਲੇ ਸੁਰ ਦਾ ਵਿਸ਼ਿਸ਼ਟ ਸਰੂਪ ਰਾਗ ਹੈ। ਜਿਸ ਵਿਚ ਖ਼ਾਸ ਖ਼ਾਸ ਸੁਰਾਂ ਉਤੇ ਠਹਿਰਾਵ ਹੁੰਦਾ ਹੈ। ਰਾਗ ਦੀ ਸਥਾਪਨਾ ਕ੍ਰਮਵਾਰ ਹੌਲੀ ਹੌਲੀ ਹੁੰਦੀ ਹੈ ਜਿਸ ਨੂੰ ਬੜ੍ਹਤ ਕਹਿੰਦੇ ਹਨ।[44] ਇਹ 'ਬੜ੍ਹਤ' ਸਰੋਤਿਆਂ ਦੇ ਮਨਾਂ ਨੂੰ ਇਕ ਵਿਸ਼ੇਸ਼ ਭਾਵਨਾ ਵਿਚ ਰੰਗਦੀ ਹੈ ਅਤੇ ਇਹ ਰੰਗ ਹੌਲੀ ਹੌਲੀ ਗਾੜ੍ਹਾ ਹੁੰਦਾ ਜਾਂਦਾ ਹੈ। ਰਾਗ ਨੂੰ ਪਰਿਭਾਸ਼ਿਤ ਕਰਦਿਆਂ ਸੰਗੀਤ ਕੋਸ਼ ਵਿਚ ਸੰਗੀਤ ਗ੍ਰੰਥ 'ਸੰਗੀਤ ਰਤਨਾਕਰ' ਦਾ ਹਵਾਲਾ ਦਿੰਦਿਆਂ ਇਸ ਨੂੰ ਉਹ ਧੁਨੀ ਸਵੀਕਾਰ ਕੀਤਾ ਗਿਆ ਹੈ ਜਿਸ ਦੁਆਰਾ ਮਾਨਵ ਚਿਤ ਆਨੰਦਿਤ ਹੁੰਦਾ ਹੈ।[45] ਵਿਸ਼ੇਸ਼ ਨਿਯਮਬਧ ਕ੍ਰਮਪ੍ਰਧਾਨ ਜਿਹੜਾ ਸੁਰ-ਵਿਨਿਆਸ ਮਾਨਵੀ ਮਨ ਨੂੰ ਆਨੰਦਿਤ ਕਰਦਾ ਹੈ ਉਸ ਵਿਸ਼ਿਸ਼ਟ ਸੁਰ ਵਿਨਿਆਸ ਨੂੰ ਰਾਗ ਕਹਿੰਦੇ ਹਨ। ਰਾਗ ਦੁਆਰਾ ਮਾਨਵੀ ਮਨ ਕਿਸੇ ਇਕ ਰੰਗ ਵਿਚ ਰੰਗਿਆ ਜਾਂਦਾ ਹੈ। ਇਸ ਰੰਗ ਦੁਆਰਾ ਏਕੀਕਰਣ, ਦ੍ਵੈਤ ਦਾ ਲੋਪ ਹੀ ਅਲੌਕਿਕ ਆਨੰਦ ਦਾ ਕਾਰਣ ਹੁੰਦਾ ਹੈ। ਸੰਗੀਤ ਵਿਚ ਪ੍ਰੇਮਾ-ਅਨੁਭੂਤੀ ਦੁਆਰਾ ਉਤਪੰਨ ਅਨੁਰਾਗ ਭਗਤੀ ਦੇ ਪ੍ਰਭੂ ਰੰਗ ਸਮਾਨ ਹੀ ਹੈ।

ਸੰਗੀਤ ਅਤੇ ਕਾਵਿ ਵਿਚ ਰਾਗ ਦੇ ਅਰਥ ਭਿੰਨ ਭਿੰਨ ਹਨ। ਇਸ ਕਰਕੇ ਪ੍ਰਾਚੀਨ ਗ੍ਰੰਥਾਂ ਵਿੱਚ ਰਾਗ ਨੂੰ ਵਿਭਿੰਨ ਸੰਦਰਭਾਂ ਵਿੱਚ ਪ੍ਰਯੋਗ ਕੀਤਾ ਗਿਆ ਹੈ। ਕਾਵਿ ਵਿੱਚ ਰਾਗ ਨੂੰ ਪ੍ਰੀਤ ਤੇ ਅਨੁਰਾਗ ਦੇ ਅਰਥ ਦਿੱਤੇ ਜਾਂਦੇ ਹਨ। ਦਰਸ਼ਨ ਵਿਚ ਇਸਨੂੰ ਰਾਗ ਵਿਰਾਗ ਜਾਂ ਰਾਗ ਦਵੇਸ਼ ਦਾ ਦ੍ਵੰਦ ਕਿਹਾ ਗਿਆ ਹੈ।[46] ਨਾਟਯ ਸ਼ਾਸਤਰ ਵਿਚ ਇਸ ਨੂੰ ਸਾਹਿਤਕ ਜਾਂ ਕਾਵਿਕ ਸੰਦਰਭ ਵਿਚ ਹੀ ਪ੍ਰਯੋਗ ਕੀਤਾ ਗਿਆ ਹੈ।[47] ਇਸ ਤਰ੍ਹਾਂ ਅਧਿਆਤਮ ਦਰਸ਼ਨ ਅਤੇ ਸਾਹਿਤ ਦੇ ਖੇਤਰ ਵਿੱਚ ਰਾਗ ਸ਼ਬਦ ਦਾ ਪ੍ਰਯੋਗ ਮੌਲਿਕ ਤੇ ਵਿਸ਼ਿਸ਼ਟ ਸੰਦਰਭਾਂ ਦਾ ਧਾਰਣੀ ਹੈ। ਭਾਰਤੀ ਸੰਗੀਤ ਵਿੱਚ ਰਾਗ ਤੋਂ ਪੂਰਵ ਜਾਤੀ ਗਾਇਨ

---

44. ਆਚਾਰੀਆ ਬ੍ਰਹਸਪਤੀ, ਸੰਗੀਤ ਚਿੰਤਾਮਣੀ, ਪੰਨਾ 80

45. ਭਾਰਤੀ ਸੰਗੀਤ ਕੋਸ਼ (ਅਨੁ. ਮਦਨ ਲਾਲ ਵਿਆਸ), ਪੰਨਾ 101.

46. ਬ੍ਰਹਤ ਹਿੰਦੀ ਕੋਸ਼ (ਸੰਪਾ. ਕਾਲਿਕਾ ਪ੍ਰਸਾਦ), ਪੰਨਾ 951

47. ਨਾਟਯ ਸ਼ਾਸਤਰ, ਭਰਤਮੁਨੀ , ਅਧਿਆਇ 28, ਸ਼ਲੋਕ 41-64

ਪ੍ਰਚਾਰ ਵਿਚ ਸੀ। ਰਾਗ ਦੀ ਵਿਆਖਿਆ ਸਰਵ ਪ੍ਰਥਮ ਸਤਵੀਂ ਸ਼ਤਾਬਦੀ ਵਿਚ ਸੰਗੀਤ ਗ੍ਰੰਥਕਾਰ ਮਤੰਗ ਨੇ ਆਪਣੇ ਗ੍ਰੰਥ 'ਬ੍ਰਿਹਦਦੇਸ਼ੀ' ਵਿਚ ਕੀਤੀ।[48] ਇਸ ਦੇ ਨਾਲ ਹੀ ਸੰਗੀਤ ਜਗਤ ਵਿੱਚ ਰਾਗਾਂ ਤੇ ਰਾਗਣੀਆਂ ਦੀ ਉਤਪਤੀ ਦੇਵੀ ਦੇਵਤਿਆਂ ਦੇ ਮੁੱਖਾਂ ਤੋਂ ਵੀ ਸਵੀਕਾਰੀ ਜਾਂਦੀ ਹੈ।[49] ਰਾਗ ਦੀ ਉਤਪਤੀ ਇਸ ਦੇ ਵਿਭਿੰਨ ਲਛਣਾਂ ਉਪਰ ਅਧਾਰਿਤ ਹੈ ਅਤੇ ਵਿਭਿੰਨ ਰਾਗਾਂ ਨੂੰ ਵਰਗੀਕ੍ਰਿਤ ਕਰਨ ਲਈ ਭਾਰਤੀ ਸੰਗੀਤ ਵਿੱਚ ਰਾਗ ਵਰਗੀਕਰਣ ਕਰਨ ਦੇ ਅਨੇਕ ਮਤ ਪ੍ਰਚਾਰ ਵਿੱਚ ਰਹੇ ਹਨ।

ਰਾਗ ਭਾਰਤੀ ਸੰਗੀਤ ਦੀ ਮੌਲਿਕ ਰਚਨਾ ਹੈ। ਆਪਣੇ ਵਿਭਿੰਨ ਰਾਗਾਤਮਿਕ ਲਛਣਾਂ ਤੋਂ ਇਹਦੀ ਰਚਨਾ ਹੁੰਦੀ ਹੈ। ਸ਼ੁਧ ਅਤੇ ਵਿਕ੍ਰਿਤ ਸੁਰਾਂ ਦੇ ਆਰੋਹਣ ਅਵਰੋਹਣ ਅਨੁਸਾਰ ਪ੍ਰਯੋਗ ਵਿੱਚ ਲਿਆਉਂਦੇ ਜਾਣ ਵਾਲੀ ਨਿਸ਼ਚਿਤ ਤੇ ਵਿਸ਼ਿਸ਼ਟ ਸੁਰ ਸੰਖਿਆ ਦੇ ਆਪਸੀ ਭੇਦਾਂ ਤੋਂ ਅਨੇਕ ਰਾਗਾਂ ਦੀ ਸਿਰਜਣਾ ਹੁੰਦੀ ਹੈ। ਮੂਲ ਤੌਰ ਤੇ ਸੁਰ ਕ੍ਰਮ ਤੇ ਸੁਰ ਲਗਾਵ ਹੀ ਰਾਗ ਦੀ ਉਤਪਤੀ ਅਤੇ ਵਿਭਿੰਨਤਾ ਦੇ ਮੂਲ ਕਾਰਣ ਹਨ। ਮੁੱਖ ਤੌਰ ਤੇ ਰਾਗ ਦੇ ਹੇਠ ਲਿਖੇ ਚੌਦਾਂ ਲੱਛਣ ਮੰਨੇ ਗਏ ਹਨ:

| | |
|---|---|
| 1. ਨਾਮ | 2. ਆਰੋਹ ਅਵਰੋਹ |
| 3. ਥਾਟ | 4. ਲੈਅ |
| 5. ਪੂਰਵਾਂਗ ਉਤਰਾਂਗ | 6. ਅੰਸ਼ ਸਰ |
| 7. ਗ੍ਰਹਿ ਆਦਿ | 8. ਸਥਾਨ |
| 9. ਜਾਤੀ | 10. ਸ਼੍ਰੇਣੀ |
| 11. ਚਲਨ | 12. ਕਾਲ |
| 13. ਪਕੜ | 14. ਗੋਸ਼ਠੀ[50] |

'ਰਾਗ ਆਪਣੇ ਮੌਲਿਕ ਲੱਛਣਾਂ ਅਤੇ ਵਿਸ਼ੇਸ਼ ਆਕ੍ਰਿਤੀ ਦੁਆਰਾ ਮਾਨਵੀ ਮਨ ਨੂੰ ਆਪਣੇ ਰੰਗ ਵਿੱਚ ਰੰਗਣ ਦੀ ਸਮਰੱਥਾ ਰਖਦਾ ਹੈ। ਇਸ ਦੁਆਰਾ ਮਾਨਵੀ ਮਨ ਸੁਰ ਦੀ ਅਪਾਰ ਸ਼ਕਤੀ ਦੇ ਵਸ ਹੋ ਕੇ ਆਨੰਦ ਦੀ ਪਰਮ ਅਵਸਥਾ ਵਲ ਅਗ੍ਰਸਰ ਹੁੰਦਾ ਹੈ। ਭਾਰਤੀ ਸੰਗੀਤ ਵਿਚ ਰਾਗ ਗਾਇਨ ਤੇ ਵਾਦਨ ਦੋਹਾਂ ਖੇਤਰਾਂ ਵਿਚ ਕੇਂਦਰੀ ਸੰਚਾਰਕ ਇਕਾਈ ਹੈ। ਵਾਦਨ ਵਿਚ ਇਹ ਸੁਰ ਅਤੇ ਲੈਅ ਦੁਆਰਾ ਆਪਣਾ ਰਾਗਾਤਮਕ ਮੰਡਲ ਸਿਰਜਦਾ ਹੈ। ਵਿਭਿੰਨ ਲੈਆਂ ਅਨੁਸਾਰ ਕੀਤਾ ਗਿਆ ਵਾਦਨ ਵਿਭਿੰਨ

---

48. ਸੰਗੀਤ ਭਾਸ਼ਯ, ਪੰਨਾ 297
49. ਪੰਡਤ ਦਮੋਦਰ, ਸੰਗੀਤ ਦਰਪਣ, ਪੰਨਾ 73
50. ਸੰਗੀਤ ਕੋਸ਼, ਪੰਨਾ 104

ਕਿਸਮ ਦੀ ਰਸਾਅਨਭੂਤੀ ਕਰਾਉਣ ਦੇ ਸਮਰੱਥ ਹੈ। ਗਾਇਨ ਵਾਦਨ ਨਾਲੋਂ ਇਸ ਕਰਕੇ ਵੀ ਉਤਮ ਹੈ, ਕਿਉਂਕਿ ਉਸ ਵਿਚ ਭਾਵ ਅਭਿਵਿਅਕਤੀ ਅਤੇ ਰਸਾਅਨਭੂਤੀ ਲਈ ਇਕ ਵਿਸ਼ੇਸ਼ ਸਹਾਇਕ ਅਭਿਵਿਅੰਜਨ ਸ਼ਕਤੀ ਵਜੋਂ ਕਾਵਿ ਵੀ ਵਿਦਮਾਨ ਹੁੰਦਾ ਹੈ। ਸੰਗੀਤ ਦੇ ਪ੍ਰਸੰਗ ਵਿਚ ਵੇਖੀਏ ਤਾਂ ਰਸਾ-ਅਨੁਭਾਵ ਜਾਂ ਰਸਾਅਨੁਭੂਤੀ ਲਈ ਕਿਸੇ ਸ੍ਰੋਤਾ ਦਾ ਸੰਗੀਤ ਗਿਆਤਾ ਹੋਣਾ ਜ਼ਰੂਰੀ ਨਹੀਂ, ਸਗੋਂ ਇਹ ਕਾਲ-ਸਥਾਨ ਜਾਤੀ ਦੇ ਭੇਦਾਂ ਤੋਂ ਮੁਕਤ ਹੈ, ਪਰੰਤੂ ਜੇਕਰ ਸੰਗੀਤ ਦਾ ਪ੍ਰਯੋਗ ਕਾਲ ਸਥਾਨ ਅਤੇ ਜਾਤੀ ਦੇ ਅਨੁਕੂਲ ਹੋਵੇ ਤਾਂ ਸੰਗੀਤ ਅਤੇ ਰਾਗ ਦਾ ਰੰਗ ਦੂਣਾ ਚੌਣਾ ਹੋ ਨਿਬੜਦਾ ਹੈ।

ਰਾਗ ਦਾ ਸੁਰਾਤਮਕ ਸਰੂਪ ਆਪਣੇ ਵਿਭਿੰਨ ਸੌਂਦਰਯਾਤਮਕ ਲੱਛਣਾਂ ਸਦਕਾ ਮਨੁੱਖੀ ਮਨ ਵਿਚਲੇ ਸਰਬ ਭਾਵਾਂ ਦੀ ਰਸਨਾਭੂਤੀ ਕਰਾਉਣ ਦੇ ਸਮਰੱਥ ਹੈ। ਇਹ ਸਮਰੱਥਾ ਸ਼ਕਤੀ ਕੇਵਲ ਸੁਰਾਂ ਦੀ ਵਿਸ਼ਿਸ਼ਟ ਪ੍ਰਬੰਧ ਉਤੇ ਅਧਾਰਿਤ ਹੈ। ਸੰਗੀਤ ਜੋ ਕਿ ਗਾਇਨ ਪ੍ਰਧਾਨ ਹੈ, ਵਿਚ ਗੀਤ ਪੂਰਣ ਮਹੱਤਵ ਹੈ। ਗੀਤ ਦੀ ਵਿਅੰਜਨਾ ਸ਼ਕਤੀ ਸਦਕਾ ਸ਼ਬਦ ਰਸ ਵਿਅੰਜਕ ਹੁੰਦੇ ਹਨ। ਸ਼ਬਦ ਦੇ ਸਾਰਥਕ ਤੇ ਗੇਯ ਰੂਪ ਦੋਵੇਂ ਹੀ ਸੰਗੀਤ ਲਈ ਮਹੱਤਵਪੂਰਨ ਹਨ। ਗੀਤ ਦੇ ਸ਼ਬਦ ਆਪਣੇ ਅਰਥ ਦੁਆਰਾ ਸਰੋਤੇ ਦੇ ਮਨ ਵਿਚਲੇ ਭਾਵਾਂ ਨੂੰ ਉਦੀਪਤ ਕਰਦਿਆਂ ਰਸਾਨਭੂਤੀ ਕਰਵਾਉਂਦੇ ਹਨ। ਆਚਾਰੀਆ ਬ੍ਰਹਸਪਤੀ ਅਨੁਸਾਰ ਰਾਗ ਭਾਵਨਾਵਾਂ ਨੂੰ ਵਿਅੰਜਤ ਜ਼ਰੂਰ ਕਰਦੇ ਹਨ, ਪਰੰਤੂ ਇਹ ਵਿਅੰਜਨਾ ਗੂੰਗੇ ਦੀ ਵਿਅੰਜਨਾ ਵਰਗੀ ਹੈ। ਜੋ ਚੀਖ਼, ਕਰਾਹ, ਚਿਲਾਹਟ ਜਾਂ ਘਿਘਿਆ ਤਾਂ ਸਕਦਾ ਹੈ, ਪਰ ਸ਼ਬਦ ਅਤੇ ਵਾਕ ਦਾ ਉਚਾਰਣ ਕਰਨ ਦੇ ਸਮਰੱਥ ਨਹੀ ਹੋ ਸਕਦਾ। ਭਾਸ਼ਾ ਰਾਗ ਦੇ ਇਸ ਗੂੰਗੇਪਣ ਨੂੰ ਦੂਰ ਕਰਦੀ ਹੈ। ਇਸੇ ਲਈ ਭਾਸ਼ਾ ਨੂੰ ਗੀਤ ਦਾ ਦੂਸਰਾ ਅੰਗ ਕਿਹਾ ਗਿਆ ਹੈ। ਰਾਗ ਅਤੇ ਭਾਸ਼ਾ ਦੋਵੇਂ ਹੀ ਭਾਵਾਂ ਦੀ ਅਭਿਵਿਅਕਤੀ ਦੇ ਲਈ ਹਨ।[51] ਨਿਰਸੰਦੇਹ ਰਾਗ ਸ਼ਬਦ ਤਾਂ ਭਾਸ਼ਾ ਰਹਿਤ ਹੈ, ਪਰੰਤੂ ਇਸਦੇ ਨਾਦਾਤਮਕ, ਸੁਰਾਤਮ ਸੌਂਦਰਯ ਤੋਂ ਇਨਕਾਰੀ ਨਹੀ ਹੋਇਆ ਜਾ ਸਕਦਾ। ਗਾਇਨ ਵਿਚ ਸ਼ਬਦ ਜਾਂ ਕਾਵਿ ਦੇ ਮਹੱਤਵਪੂਰਨ ਸੰਦਰਭ ਦੇ ਅਧਿਐਨ ਤੋਂ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਰਾਗ ਅਤੇ ਕਾਵਿ ਜਦੋਂ ਸੰਯੁਕਤ ਤੇ ਸੰਮਿਲਿਤ ਰੂਪ ਵਿਚ ਭਾਵ ਅਭਿਵਿਅਕਤੀ ਲਈ ਕਾਰਜਸ਼ੀਲ ਹੁੰਦੇ ਹਨ ਤਾਂ ਇਹ ਆਪਣੇ ਸੁਰਾਤਮ ਸੌਂਦਰਯ ਪ੍ਰਬੰਧ ਅਤੇ ਸ਼ਾਬਦਿਕ ਸੌਂਦਰਯ ਪ੍ਰਬੰਧ ਸਦਕਾ ਅਤਿ ਪ੍ਰਭਾਵਸ਼ਾਲੀ ਹੋ ਨਿਬੜਦੇ ਹਨ। ਭਾਵਾਤਮਕ ਆਧਾਰ ਉਤੇ ਇਨ੍ਹਾਂ ਦੋਵੇਂ ਰੂਪਾਂ ਦਾ ਸੰਪੂਰਨ ਸੁਮੇਲ ਹੀ ਗਾਇਨ-ਪ੍ਰਸਤੁਤੀ ਅਧੀਨ ਆਪਣੇ ਸਿਖ਼ਰ ਦੀ ਪ੍ਰਾਪਤੀ ਹੈ। ਸੰਗੀਤ ਦੇ ਅੰਤਰਗਤ ਕਿਸੇ ਵੀ ਰਚਨਾ ਦਾ ਸੰਚਾਰ ਰਾਗ ਦੀ ਉਪਰੋਕਤ ਪ੍ਰਕ੍ਰਿਆ ਉਪਰ ਅਧਾਰਿਤ ਹੁੰਦਾ ਹੈ। ਇਸ ਤਰ੍ਹਾਂ ਭਾਰਤੀ ਸੰਗੀਤ ਦੀਆਂ ਵਿਭਿੰਨ ਸ਼ੈਲੀਆਂ ਤੇ ਪਰੰਪਰਾਵਾਂ ਵਿਚ ਰਾਗ ਦਾ ਪ੍ਰਯੋਗ ਮੌਲਿਕ ਵਿਲੱਖਣ ਤੇ ਮਹੱਤਵਪੂਰਨ ਹੈ।

---

51. ਆਚਾਰੀਆ ਬ੍ਰਹਸਪਤੀ, ਸੰਗੀਤ ਚਿੰਤਾਮਣੀ, ਪੰਨਾ 80

8.2 ਤਾਲ ਲੈਅ: ਤਾਲ ਭਾਰਤੀ ਸੰਗੀਤ ਦੀ ਅਗਲੀ ਮਹੱਤਵਪੂਰਨ ਇਕਾਈ ਹੈ। ਤਾਲ ਇਕ ਨਿਸ਼ਚਿਤ ਲੈਅ ਜਾਂ ਕਾਲ ਚਕਰ ਉਪਰ ਅਧਾਰਿਤ ਹੁੰਦਾ ਹੈ। ਤਾਲ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਜਾਂਦਾ ਹੈ ਕਿ ਲੈਅ ਅਤੇ ਮਾਤਰਾ ਵਾਲੀ ਵਿਸ਼ਿਸ਼ਟ ਛੰਦ ਰਚਨਾ ਤਾਲ ਹੈ। ਕਾਲ ਦੀ ਕਿਰਿਆ ਦੇ ਪਰਿਣਾਮ ਨੂੰ ਵੀ ਤਾਲ ਕਿਹਾ ਜਾਂਦਾ ਹੈ। ਤਾਲ ਰਚਨਾ ਵਿਸ਼ੇਸ਼ ਵਾਣੀ ਅਤੇ ਬੋਲਾਂ ਦੇ ਮਾਧਿਅਮ ਤੇ ਰਚੀ ਜਾਂਦੀ ਹੈ।[52] ਤਾਲ ਵਿਚ ਇਕੋ ਜਿੰਨੀਆਂ ਮਾਤਰਾਂ ਦੇ ਚੱਕਰ ਅਤੇ ਵਿਸ਼ੇਸ਼ ਛੰਦ ਅਨੁਸਾਰ ਖੰਡ (ਵਿਭਾਗ) ਹੁੰਦੇ ਹਨ। ਹਰ ਤਾਲ ਦਾ ਇਕ ਨਿਸ਼ਚਿਤ ਅਤੇ ਪਹਿਚਾਣਯੋਗ ਬਹਿਰ ਹੁੰਦਾ ਹੈ। ਸਮ, ਤਾਲੀ, ਖਾਲੀ, ਤਾਲ ਦੇ ਬਾਕੀ ਜ਼ਰੂਰੀ ਤੱਤ ਹਨ। ਹਰ ਤਾਲ ਦੀ ਵਿਸ਼ਿਸ਼ਟ ਪ੍ਰਕ੍ਰਿਤੀ ਵੀ ਹੁੰਦੀ ਹੈ ਜਿਹੜੀ ਲੈਅ ਦੇ ਵਿਭਿੰਨ ਰੂਪਾਂ ਉਪਰ ਅਧਾਰਿਤ ਹੁੰਦੀ ਹੈ। ਭਾਰਤੀ ਸੰਗੀਤ ਵਿਚ ਤਿੰਨ ਪ੍ਰਕਾਰ ਦੀਆਂ ਲੈਅ - ਪ੍ਰਚਾਰ ਵਿਚ ਹਨ:

1. ਵਿਲੰਬਤ
2. ਮੱਧ
3. ਦਰੁਤ

ਵਿਲੰਬਤ ਲੈਅ ਦੀ ਗਤੀ ਧੀਮੀ ਹੁੰਦੀ ਹੈ। ਇਸਦੀ ਪ੍ਰਕ੍ਰਿਤੀ ਵਧੇਰੇ ਕਰੁਣਾਮਈ ਗੰਭੀਰ ਤੇ ਸ਼ਾਂਤ ਹੁੰਦੀ ਹੈ। ਮੱਧ ਲੈਅ, ਸ਼ਾਂਤ, ਸ਼ਿੰਗਾਰ ਅਤੇ ਕਰੁਣਾ ਵਾਲੇ ਭਾਵਾਂ ਦੇ ਅਨੁਕੂਲ ਹੈ। ਦਰੁਤ ਲੈਅ ਦੀ ਗਤੀ ਤੇਜ਼ ਹੁੰਦੀ ਹੈ ਅਤੇ ਬੀਰ ਰਸ ਤੇ ਉਤਸ਼ਾਹੀ ਭਾਵਾਂ ਦੀ ਅਭਿਵਿਅਕਤੀ ਲਈ ਵਿਸ਼ਿਸ਼ਟ ਹੈ।

ਭਾਰਤੀ ਸੰਗੀਤ ਦੇ ਤਾਲ ਵਿਗਿਆਨ ਨੇ ਕਾਫੀ ਉੱਨਤੀ ਕੀਤੀ ਹੈ। ਤਾਲ ਭਾਵੇਂ ਗਾਇਨ, ਵਾਦਨ ਅਤੇ ਨ੍ਰਿਤ ਨੂੰ ਆਧਾਰ ਪ੍ਰਦਾਨ ਕਰਦਾ ਹੈ ਪਰ ਸੁਤੰਤਰ ਰੂਪ ਵਿਚ ਵੀ ਤਾਲ ਦਾ ਕਾਫੀ ਵਿਸਤਾਰ ਕੀਤਾ ਜਾ ਸਕਦਾ ਹੈ। ਜਿਸ ਵਿਚ ਕਾਇਦੇ, ਪਲਟੇ, ਤਿਹਾਈਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਗਾਇਨ ਅਤੇ ਵਾਦਨ ਦੋਹਾਂ ਵਿਚ ਤਾਲ ਦਾ ਬਹੁਤ ਮਹੱਤਵ ਹੈ। ਗਾਇਨ ਵਿਚ ਤਾਲ ਜਿਥੇ ਇਕ ਅਪਰੋਖ ਰੂਪ ਵਿਚ ਸਹਿਯੋਗੀ ਵਜੋਂ ਲੈਅ-ਕਾਲ ਨਿਸ਼ਚਿਤ ਕਰਦਾ ਹੈ ਉਥੇ ਵਾਦਨ ਵਿਚ ਇਸ ਦੀ ਭੂਮਿਕਾ ਇਸ ਦੇ ਇਸ ਲਛਣ ਤੋਂ ਬਿਨਾਂ ਸੁਤੰਤਰ ਸਮਾਨਾਂਤਰ ਅਤੇ ਪਰੋਖ ਪ੍ਰਸਤੁਤੀ ਲਈ ਕਾਰਜਸ਼ੀਲ ਹੁੰਦੀ ਹੈ। ਇਸੇ ਕਰਕੇ ਵਰਤਮਾਨ ਵਾਦਨ ਪਰੰਪਰਾ ਵਿਚ ਤਾਲ ਦਾ ਵਾਦਨ ਸਮਾਨ ਰੂਪ ਵਿਚ ਉਜਾਗਰ ਹੋ ਰਿਹਾ ਹੈ। ਵਿਭਿੰਨ ਰਾਗਾਂ ਅਤੇ ਗਾਇਨ ਸ਼ੈਲੀਆਂ ਲਈ ਤਾਲ ਅਤੇ ਲੈਅ ਨਿਸ਼ਚਿਤ ਹੁੰਦੀ ਹੈ ਜਿਸ ਦਾ ਸੰਬੰਧ, ਸੰਬੰਧਿਤ ਰਾਗ ਤੇ ਗਾਇਨ ਸ਼ੈਲੀ ਦੀ ਪ੍ਰਕ੍ਰਿਤੀ ਨਾਲ ਹੁੰਦਾ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਤਾਲ

---

52. ਚੌਧਰੀ ਵਿਮਲਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 50

ਜਾਂ ਲੈਅ ਸੁਹਜਾਤਮਕ ਅਭਿਵਿਅਕਤੀ ਅਤੇ ਭਾਵਨਾਤਮਕ ਸਿਰਜਣਾ ਦੇ ਵਿਸ਼ੇਸ਼ ਪ੍ਰਭਾਵ ਨੂੰ ਉਜਾਗਰ ਕਰਨ ਵਿਚ ਕਾਲ ਨੂੰ ਨਿਸ਼ਚਿਤ ਕਰਨ ਵਾਲੀ ਮਹੱਤਵਪੂਰਨ ਇਕਾਈ ਹੈ।

8.3 ਗਾਇਨ ਸ਼ੈਲੀਆਂ: ਭਾਰਤੀ ਸੰਗੀਤ ਗਾਇਨ ਪ੍ਰਧਾਨ ਹੋਣ ਕਰਕੇ ਇਸਦੇ ਗਾਇਨ ਤੇ ਵਾਦਨ ਦੇ ਖੇਤਰ ਵਿਚ ਭਿੰਨ ਗਾਇਨ ਰੂਪਾਂ ਅਤੇ ਸ਼ੈਲੀਆਂ ਦਾ ਵਿਸ਼ੇਸ਼ ਮਹੱਤਵ ਹੈ। ਸ਼ਾਸਤਰੀ ਸੰਗੀਤ ਦੇ ਪ੍ਰਸੰਗ ਵਿਚ ਵਿਚਾਰੀਏ ਤਾਂ ਗਾਇਨ ਸ਼ੈਲੀਆਂ ਦੇ ਆਰੰਭ ਦਾ ਪ੍ਰਮਾਣਿਕ ਆਧਾਰ ਸਾਮ ਗਾਨ ਤੋਂ ਮੰਨਿਆ ਜਾਂਦਾ ਹੈ। ਉਪਰੰਤ ਸਤੋਤਰ, ਛੰਦ, ਗੀਤ। ਮੱਧਕਾਲ ਦੇ ਆਰੰਭ ਵਿਚ ਪ੍ਰਬੰਧ ਗਾਇਨ ਪ੍ਰਚਾਰ ਵਿਚ ਸੀ ਉਪਰੰਤ ਧਰੁਪਦ, ਧਮਾਰ, ਖ਼ਿਆਲ, ਠੁਮਰੀ, ਦਾਦਰਾ, ਟੱਪਾ ਆਦਿ ਗਾਇਨ ਸ਼ੈਲੀਆਂ ਪ੍ਰਚਾਰ ਵਿਚ ਰਹੀਆਂ। ਵਾਦਨ ਵਿਚ ਵੀ ਇਹਨਾਂ ਗਾਇਨ ਸ਼ੈਲੀਆਂ ਦੇ ਆਧਾਰ ਉਤੇ ਵਿਭਿੰਨ ਸਾਜ਼ਾਂ ਦਾ ਵਾਦਨ ਹੁੰਦਾ ਰਿਹਾ। ਸ਼ਾਸਤਰੀ ਸੰਗੀਤ ਵਾਂਗੂੰ ਭਗਤੀ ਸੰਗੀਤ ਅਤੇ ਲੋਕ ਸੰਗੀਤ ਵਿਚ ਵੀ ਭਿੰਨ ਭਿੰਨ ਗਾਇਨ ਰੂਪ ਪ੍ਰਚਾਰ ਵਿਚ ਰਹੇ ਜਿਹੜੇ ਵਿਭਿੰਨ ਧੁਨਾਂ ਵਿਚ ਨਿਬੱਧ ਹੁੰਦੇ ਸਨ। ਭਾਰਤੀ ਸੰਗੀਤ ਵਿਚ ਅਜੇ ਤਕ ਵੀ ਗਾਇਨ ਸ਼ੈਲੀਆਂ ਦਾ ਪ੍ਰਯੋਗ ਨਿਰੰਤਰ ਜਾਰੀ ਹੈ। ਇਹਨਾਂ ਸਾਰੀਆਂ ਗਾਇਨ ਸ਼ੈਲੀਆਂ ਦਾ ਮੂਲ ਆਧਾਰ ਸੁਰ ਅਤੇ ਤਾਲ ਹੀ ਹੈ। ਜਿਸ ਦੀ ਆਤਮਾ ਰਾਗਾਤਮਿਕਤਾ ਹੈ।

8.4 ਸੰਗੀਤ ਦੀ ਗਾਇਨ ਸੰਚਾਰ ਪ੍ਰਕ੍ਰਿਆ: ਸੰਗੀਤ ਦੇ ਉਪਰੋਕਤ ਤੱਤਾਂ ਦੇ ਸੰਖੇਪ ਅਧਿਐਨ ਤੋਂ ਇਸਦੀ ਗਾਇਨ ਪ੍ਰਕ੍ਰਿਆ ਨੂੰ ਸਮਝਣਾ ਕੁਝ ਆਸਾਨ ਹੋ ਜਾਂਦਾ ਹੈ। ਸੰਗੀਤ ਨੂੰ ਲਲਿਤ ਕਲਾਵਾਂ ਵਿਚੋਂ ਸਰਵੋਤਮ ਮੰਨਿਆ ਜਾਂਦਾ ਹੈ। ਕਿਉਂਜੋ ਇਹ ਮਾਨਵੀ ਮਨ ਦੇ ਅਤਿ ਸੂਖਮ, ਅਮੂਕ ਤੇ ਅਕਹਿ ਅਨੁਭਵਾਂ ਨੂੰ ਨਾਦ ਦੇ ਵਿਭਿੰਨ ਸੌਂਦਰਯਾਤਮਿਕ ਗੁਣਾਂ, ਵਿਵਿਧ ਰੂਪਾਂ ਅਤੇ ਭੇਦਾਂ ਦੁਆਰਾ ਤੀਬਰ ਰੂਪ ਵਿਚ ਅਭਿਵਿਅਕਤ ਕਰਨ ਦੇ ਸਮਰੱਥ ਹੈ। ਇਹ ਗੁਣ ਕੇਵਲ ਨਾਦ ਦੇ ਹੀ ਹਨ ਜਿਸ ਉਤੇ ਸੁਰ ਆਪਣੇ ਵਿਵਿਧ ਰੂਪਾਂ ਨਾਲ ਮੂਰਤੀਮਾਨ ਹੁੰਦਾ ਹੈ। ਉਪਰੰਤ ਤਾਲ ਅਤੇ ਲੈਅ ਦੀ ਸਹਾਇਤਾ ਨਾਲ ਧੁਨ ਦੇ ਵਿਭਿੰਨ ਭੇਦ ਇਸ ਦੀ ਅਭਿਵਿਅੰਜਨ ਸ਼ਕਤੀ ਦੇ ਕਮਾਲ ਦੇ ਅਗਲੇਰੇ ਤੱਤ ਹਨ। ਸੰਗੀਤ ਦੇ ਗਾਇਨ ਰੂਪ ਵਿਚ ਕਾਵਿ ਕਲਾ ਦੀ ਇਹ ਪ੍ਰਕ੍ਰਿਆ ਹੋਰ ਵੀ ਪ੍ਰਬਲ ਤੇ ਪ੍ਰਚੰਡ ਹੋ ਜਾਂਦੀ ਹੈ। ਕਿਉਂਕਿ ਇਸ ਗਾਇਨ ਰੂਪ ਵਿਚ ਕਾਵਿ ਕਲਾ ਵੀ ਆਪਣੇ ਸੰਪੂਰਣ ਗੁਣਾਂ ਸਹਿਤ ਸਮਾਨਾਂਤਰ ਰੂਪ ਵਿਚ ਵਿਦਮਾਨ ਹੁੰਦੀ ਹੈ। ਕਾਵਿ ਦੀ ਸੰਚਾਰ ਸਮਰੱਥਾ ਜਦੋਂ ਸੰਗੀਤ ਦੀ ਸੰਚਾਰ ਸਮਰੱਥਾ

ਨਾਲ ਸਮਿਲਿਤ ਤੇ ਸੰਯੁਕਤ ਰੂਪਵਿੱਚ ਜਰਬ ਖਾਂਉਂਦੀ ਹੈ ਤਾਂ ਇਸ ਯੁਗਲ ਰੂਪ ਦੁਆਰਾ ਹੋਣ ਵਾਲਾ ਸੰਚਾਰ ਸਰਵੋਤਮ ਹੋ ਨਿਬੜਦਾ ਹੈ।

ਸੰਗੀਤ ਦੇ ਗਾਇਨ ਰੂਪ ਵਿਚ ਕਾਵਿ ਆਪਣੇ ਮੂਲ ਗੁਣਾਂ ਸਹਿਤ ਵਿਦਮਾਨ ਹੁੰਦਾ ਹੈ। ਸ਼ਾਸਤਰੀ ਸੰਗੀਤ ਵਿਚ ਢੁਕਵੀਂ ਗਾਇਨ ਸੈਲੀ ਅਨੁਸਾਰ ਢੁਕਵੇਂ ਕਾਵਿ, ਰਾਗ ਤੇ ਤਾਲ ਦੀ ਚੋਣ ਦਾ ਮਨੋਰਥ ਕੇਵਲ ਸੰਚਾਰ ਹੀ ਹੁੰਦਾ ਹੈ। ਇਸ ਸੰਚਾਰ ਦੁਆਰਾ ਹੀ ਕਿਸੇ ਰਚਨਾ ਦੇ ਅੰਤਿਮ ਲਕਸ਼ 'ਭਾਵ ਵਿਰੇਚਨ' ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਸ਼ਾਸਤਰੀ ਸੰਗੀਤ ਤੋਂ ਬਿਨਾਂ ਦੂਸਰੇ ਗਾਇਨ ਰੂਪਾਂ ਵਿਚ ਕਾਵਿ ਨੂੰ ਸੰਗੀਤਬਧ ਕੀਤਾ ਜਾਂਦਾ ਹੈ। ਇਸ਼ ਤਰ੍ਹਾਂ ਕਾਵਿ ਅਤੇ ਸੰਗੀਤ ਗਾਇਨ ਵਿੱਚ ਸਮਿਲਤ ਤੇ ਸੰਯੁਕਤ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ। ਇਹਨਾਂ ਵਿਚ ਕਿਸੇ ਇਕ ਦੀ ਪ੍ਰਧਾਨਤਾ ਜਾਂ ਪ੍ਰਮੁੱਖਤਾ ਸੰਗੀਤ ਦੇ ਵਿਭਿੰਨ ਰੂਪ ਸਿਰਜਣ ਵਿਚ ਸਹਾਈ ਹੁੰਦੀ ਹੈ। ਸੰਖੇਪ ਵਿੱਚ ਕਿਸੇ ਗਾਇਨ ਰਚਨਾ ਦੀ ਸੰਚਾਰ ਪ੍ਰਕ੍ਰਿਆ ਨੂੰ ਅਸੀਂ ਹੇਠ ਲਿਖੇ ਅਨੁਸਾਰ ਵਿਸ਼ਲੇਸ਼ਿਤ ਕਰ ਸਕਦੇ ਹਾਂ।

ਗਾਇਨ ਰਚਨਾ ਦੇ ਮੂਲ ਤੱਤ ਕਾਵਿ ਅਤੇ ਧੁਨ ਹਨ। ਕਾਵਿ ਦੀ ਕਾਇਆ ਸ਼ਬਦ ਅਤੇ ਅਰਥ ਤੋਂ ਹੀ ਨਿਰਧਾਰਤ ਹੁੰਦੀ ਹੈ। ਸ਼ਬਦ (ਜੋ ਕਿ ਨਾਦ ਉਪਰ ਅਧਾਰਿਤ ਹੈ) ਬਿਨਾਂ ਕਾਵਿ ਦਾ ਜਨਮ ਸੰਭਵ ਨਹੀਂ। ਸ਼ਬਦ ਦੇ ਅਰਥ ਸਰੋਤੇ ਨੂੰ ਭਾਵ ਅਨੁਭੂਤੀ ਕਰਵਾਉਂਦੇ ਹੋਏ ਵਿਸ਼ੇਸ਼ ਰਸ ਦਾ ਸੰਚਾਰ ਕਰਦੇ ਹਨ। ਇਸੇ ਕਰਕੇ ਕਾਵਿ ਲਈ ਸ਼ਬਦ ਦਾ ਹੋਣਾ ਲਾਜ਼ਮੀ ਹੈ। ਸੰਗੀਤ ਵਿੱਚ ਸ਼ਬਦ ਦਾ ਅਰਥ ਬੋਧ ਹੋਏ ਬਿਨਾਂ ਹੀ ਭਾਵ ਦੇ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ। ਇਥੋਂ ਤਕ ਕਿ ਸ਼ਬਦ ਹੋਵੇ ਜਾਂ ਨਾ ਕੇਵਲ ਨਾਦ ਤੋਂ ਹੀ ਰਸ ਨਿਸ਼ਪਤੀ ਸੰਭਵ ਹੋ ਜਾਂਦੀ ਹੈ ਕਿਉਂਜੋ ਸੰਗੀਤ ਵਿਚ ਸ਼ਬਦ ਦੀ ਥਾਂ ਸਵਰ ਆਪਣੀ ਆਪਾਰ ਨਾਦਾਤਮਿਕ ਸ਼ਕਤੀ ਸਹਿਤ ਕਾਰਜਸ਼ੀਲ ਰਹਿੰਦਾ ਹੈ। ਹਰੇਕ ਸੁਰ ਵਿਸ਼ੇਸ਼ ਰਸ ਦਾ ਧਾਰਣੀ ਹੈ। ਧੁਨ ਰਾਗਾਤਮਿਕਤਾ, ਲੈਅ, ਤਾਲ ਅਤੇ ਹੋਰ ਸੰਗੀਤਮਈ ਗੁਣਾਂ ਦੇ ਸੰਤੁਲਿਤ ਸਮਿਲਿਤ ਤੇ ਸੰਯੁਕਤ ਰੂਪ ਦੁਆਰਾ ਸਜੀਵ ਹੁੰਦੀ ਹੈ। ਕਲਾ ਦਾ ਪ੍ਰਯੋਜਨ ਕਾਵਿ ਵਿਚਲੇ ਭਾਵਾਂ ਨੂੰ ਧੁਨ ਦੁਆਰਾ ਮੂਰਤੀਮਾਨ ਕਰਨਾ ਹੈ। ਇਥੇ ਇਹ ਸਪਸ਼ਟ ਕਰਨਾ ਉਚਿਤ ਹੈ ਕਿ ਇਸ ਸੰਚਾਰ ਪ੍ਰਕ੍ਰਿਆ ਵਿਚ ਕਾਵਿ ਆਪਣੀ ਮੂਲ ਕਾਵਿਕ ਗੁਣਾਂ ਨਾਲ ਵੀ ਭਰਪੂਰ ਹੁੰਦੀ ਹੈ ਫਿਰ ਵੀ ਇਸਦੇ ਉਹਨਾਂ ਅਮੂਰਤ ਅਮੂਕ ਤੇ ਅਕਹਿ ਭਾਵ ਸੰਚਾਰ ਦੇ ਮੁਹਤਾਜ ਰਹਿ ਜਾਂਦੇ ਹਨ। ਇਸੇ ਕਰਕੇ ਧੁਨ ਅਤੇ ਗਾਇਨ ਦੁਆਰਾ ਸਜੀਵ ਕਰਨ ਦਾ ਯਤਨ ਕੀਤਾ ਜਾਂਦਾ ਹੈ। ਧੁਨ ਦਾ ਨਿਰਮਾਣ ਕਰਦਿਆਂ ਢੁਕਵੇਂ ਰਾਗ, ਤਾਲ ਤੇ ਲੈਅ ਦੀ ਚੋਣ ਕੀਤੀ ਜਾਂਦੀ ਹੈ। ਇਹ ਤਿੰਨੋ ਤੱਤ ਕਿਸੇ ਵੀ ਧੁਨ ਲਈ ਬੁਨਿਆਦੀ ਹਨ। ਕਿਸੇ ਵਿਸ਼ੇਸ਼ ਰਾਗ ਜਾਂ ਸੁਰ ਰਚਨਾ ਉਪਰ ਅਧਾਰਿਤ ਧੁਨ ਆਪਣੇ ਸੁਰਾਤਮਕ ਸਰੂਪ ਅਤੇ ਰਾਗਾਤਮਿਕਤਾ ਦੇ ਬੰਧਨ ਦੁਆਰਾ ਮਨੁੱਖੀ ਮਨ ਨੂੰ ਉਸ ਦੇ ਆਲੇ ਦੁਆਲੇ ਨਾਲੋਂ ਤੋੜ ਕੇ ਪਹਿਲਾਂ ਹੀ ਆਪਣੇ ਵਸ ਵਿੱਚ ਕਰ ਚੁੱਕੀ ਹੁੰਦੀ ਹੈ।

ਇਸ ਸੰਮੋਹਨ ਦੌਰਾਨ ਗਾਇਕ ਸਰੋਤੇ ਤਕ ਜੋ ਵੀ ਭਾਵ ਸੰਚਰਿਤ ਕਰਦਾ ਹੈ ਉਹ ਸਰੋਤੇ ਦੀ ਦ੍ਰਵਿਤ ਮਾਨਸਿਕਤਾ ਵਿਚ ਸਮਾ ਜਾਂਦਾ ਹੈ।

ਕਾਵਿ ਦੇ ਕੇਂਦਰੀ, ਮੂਲ ਜਾਂ ਭਾਵਾਂ ਦੇ ਪ੍ਰਧਾਨ ਰੂਪ ਵਾਲੀਆਂ ਪੰਕਤੀਆਂ ਨੂੰ ਧੁਨ ਦੇ ਆਰੰਭ ਵਿਚ 'ਸਥਾਈ' ਵਜੋਂ ਬਾਰ ਬਾਰ ਗਾਇਆ ਜਾਂਦਾ ਹੈ ਜਿਸ ਦੁਆਰਾ ਸਰੋਤੇ ਦੇ ਮਨ ਵਿਚ ਕੇਂਦਰੀ ਭਾਵ ਜਾਂ ਰਚਨਾ ਵਿਚਲੀ ਮੂਲ ਸਮੱਸਿਆ ਸਰੋਤੇ ਦੇ ਮਨ ਤੇ ਜ਼ੇਹਨ ਵਿਚ ਪ੍ਰਵੇਸ਼ ਕਰਦੀ ਹੈ। ਵਿਵਧ ਸੁਰਾਵਲੀਆਂ ਦੁਆਰਾ ਕਾਵਿ ਪੰਕਤੀਆਂ ਦਾ ਗਾਇਨ ਅਤੇ ਸੁਰਾਤਮਕ ਵਿਵਧਤਾ ਦੁਆਰਾ ਸ਼ਬਦਾਂ ਤੇ ਭਾਵਾਂ ਦੀ ਅਭਿਵਿਅੰਜਨ ਪ੍ਰਕ੍ਰਿਆ ਆਵਾਜ਼ ਦੇ ਉਤਰਾਅ ਚੜ੍ਹਾਅ (ਕਾਕੂ ਭੇਦ) ਨਾਲ ਇਸ ਕ੍ਰਿਆ ਨੂੰ ਹੋਰ ਵੀ ਤੀਬਰ ਤੇ ਉਦੀਪਤ ਕਰਦੀ ਹੈ। ਸਥਾਈ ਰੂਪੀ ਕਾਵਿ ਪੰਕਤੀਆਂ ਤੋਂ ਬਾਅਦ ਕਾਵਿ ਰਚਨਾ ਦੀਆਂ ਬਾਕੀ ਪੰਕਤੀਆਂ ਨੂੰ ਅੰਤਰੇ ਦੇ ਰੂਪ ਵਿਚ ਵਾਰੀ ਵਾਰੀ ਗਾਇਆ ਜਾਂਦਾ ਹੈ। ਇਹ ਪੰਕਤੀਆਂ ਕੇਂਦਰੀ ਭਾਵ ਵਾਲੀਆਂ 'ਸਥਾਈ' ਦੀਆਂ ਪੰਕਤੀਆਂ ਦੇ ਰਹਸ ਨੂੰ ਉਜਾਗਰ ਕਰਦੀਆਂ ਹਨ ਅਤੇ ਸਮੁੱਚੀ ਕਾਵਿ ਰਚਨਾ ਦੇ ਪ੍ਰਭਾਵ ਨੂੰ ਪਰਤ-ਦਰ-ਪਰਤ ਨਿਖਾਰਦੀਆਂ ਹਨ। ਜਿਉਂ ਜਿਉਂ ਕਾਵਿ ਰਚਨਾ ਸੰਪੂਰਨਤਾ ਵਲ ਨੂੰ ਵਧਦੀ ਹੈ ਤਾਂ ਇਸ ਦੇ ਸੰਗੀਤ ਵਿਧਾਨ ਦੁਆਰਾ ਭਾਵ ਅਭਿਵਿਅੰਜਨ ਦੀ ਪ੍ਰਕ੍ਰਿਆ ਹੋਰ ਵੀ ਤਿਖੇਰੀ, ਤੀਬਰ ਤੇ ਸੂਖਸ਼ਮ ਹੁੰਦੀ ਜਾਂਦੀ ਹੈ। ਉਪਰੋਕਤ ਪ੍ਰਕ੍ਰਿਆ ਵਿਚ ਕਾਵਿ ਰਚਨਾ ਦੇ ਸਥਾਈ ਅੰਤਰਿਆਂ ਦੇ ਗਾਇਨ ਨੂੰ ਅਸੀਂ ਨਿਮਨ ਲਿਖਤ ਸਤਰਾਂ ਵਿਚ ਹੋਰ ਵੀ ਸਪਸ਼ਟ ਰੂਪ ਵਿਚ ਸਮਝ ਸਕਦੇ ਹਾਂ:

1. ਸਥਾਈ (1) — ਸਥਾਈ (1) — ਸਥਾਈ (1) —
2. ਸਥਾਈ (1) — ਅੰਤਰਾ (1) — ਸਥਾਈ (1) —
3. ਸਥਾਈ (1) — ਅੰਤਰਾ (2) — ਸਥਾਈ (2) —
4. ਸਥਾਈ (2) — ਅੰਤਰਾ (3) — ਸਥਾਈ (3) —
5. ਸਥਾਈ (3) — ਅੰਤਰਾ (4) — ਸਥਾਈ (4) —
6. ਸਥਾਈ (4) — ਸਥਾਈ (4) — ਸਥਾਈ (4) —

ਗਾਇਕ ਅਲਾਪ, ਕਣ, ਮੀੰਡ ਮੁਰਕੀ ਵਰਗੇ ਸੌਂਦਰਯਾਤਮਿਕ ਸੰਗੀਤਕ ਗੁਣਾਂ ਦੀ ਸਹਾਇਤਾ ਨਾਲ ਭਾਵਾਂ ਦੀ ਤਰਲਤਾ ਤੇ ਸੂਖਮਤਾ ਨੂੰ ਸਰੋਤੇ ਦੇ ਮਨ ਵਿਚ ਰਸਾਉਣ ਲਈ ਕਾਰਜਸ਼ੀਲ ਰਹਿੰਦਾ ਹੈ। ਜਦੋਂ ਗਾਇਕ ਦੇ ਅੰਤਰੀਵ ਵਿਚ ਉਦੀਪਤ ਹੋਣ ਵਾਲੇ ਭਾਵਾਂ ਤੇ ਗਾਇਨ ਰਚਨਾ ਦੇ ਮੂਲ ਭਾਵਾਂ ਵਿਚ ਇਕਸੁਰਤਾ ਪੈਦਾ ਹੋ ਜਾਂਦੀ ਹੈ ਤਾਂ ਭਾਵਾਂ ਦੇ ਇਸ ਅਥਾਹ ਸਾਗਰ ਦਾ ਵਹਾਓ ਸਰੋਤੇ ਦੇ ਮਨ

ਤਕ ਭਾਵਾਂ ਦੀ ਅਭਿਵਿਅਕਤੀ, ਰਸਾਨਭੂਤੀ ਅਤੇ ਭਾਵ ਵਿਰੇਚਨ ਕਰਾਉਣ ਵਿਚ ਸਫ਼ਲ ਹੁੰਦਾ ਹੈ। ਸੰਗੀਤ ਦੀ ਇਹੋ ਉਤਮਤਾ ਹੈ ਕਿ ਇਸ ਦਾ ਕਰਤਾ, ਕ੍ਰਿਤ ਅਤੇ ਗ੍ਰਹਿਣ ਕਰਤਾ (ਸਰੋਤਾ) ਇਸ ਦੀ ਸੰਚਾਰ ਪ੍ਰਕ੍ਰਿਆ ਵਿਚ ਸਮਾਨਾਂਤਰ ਰੂਪ ਵਿੱਚ ਇਕੋ ਵੇਲੇ ਕਾਰਜਸ਼ੀਲ ਰਹਿੰਦੇ ਹਨ। ਇਸ ਸੰਚਾਰ ਪ੍ਰਕ੍ਰਿਆ ਦੀਆਂ ਇਹਨਾਂ ਤਿੰਨੇ ਮੂਲ ਇਕਾਈਆਂ ਦੀ ਵਿਸ਼ੇਸ਼ ਦਿਸ਼ਾ ਅਤੇ ਨਿਸ਼ਚਿਤ ਮੰਜ਼ਿਲ ਜਾਂ ਭਾਵ ਵਿਰੇਚਨ ਬਿੰਦੂ ਤਕ ਸਮਾਨਾਂਤਰ ਰੂਪ ਵਿੱਚ ਪਹੁੰਚ ਹੀ ਇਹਨਾਂ ਦੀ ਸਫ਼ਲਤਾ ਅਤੇ ਲਕਸ਼ ਪ੍ਰਾਪਤੀ ਦਾ ਨਿਰਧਾਰਣ ਕਰਦੀ ਹੈ।

ਸੰਚਾਰ ਸੰਬੰਧੀ ਉਕਤ ਵਿਸ਼ਲੇਸ਼ਣ ਤੋਂ ਇਸਦਾ ਮਾਨਵੀ ਜੀਵਨ ਨਾਲ ਗਹਿਰਾ ਤੇ ਅਨਿੱਖੜ ਰਿਸ਼ਤਾ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ। ਇਹ ਵੀ ਸਪਸ਼ਟ ਹੁੰਦਾ ਹੈ ਕਿ ਇਸ ਦਿੱਖ ਜਗਤ ਜਾਂ ਬਾਹਰੀ ਜਗਤ ਦੇ ਸੰਚਾਰ ਨਾਲੋਂ ਭਿੰਨ ਹਰ ਇਕ ਮਨੁੱਖ ਦੇ ਅੰਤਰੀਵ ਵਿਚ ਉਸਦਾ ਵਿਸ਼ਾਲ ਆਂਤਰਿਕ ਜਗਤ ਵੀ ਵਿਦਮਾਨ ਹੈ ਜਿਸਨੂੰ ਉਸਦੇ ਨਿਜੀ ਅਤੇ ਮੌਲਿਕ ਭਾਵ, ਅਨੁਭਵਾਂ ਦਾ ਜਗਤ ਵੀ ਆਖਿਆ ਜਾਂਦਾ ਹੈ। ਇਸ ਅਤਿ-ਸੂਖਸ਼ਮ ਅਦਿੱਖ ਜਗਤ ਦੇ ਪ੍ਰਭਾਵ ਪ੍ਰਕਾਸ਼ਨ ਲਈ ਮਾਨਵ ਨੇ ਅਤਿ-ਸੂਖਸ਼ਮ ਸੋਂਦਰਯਮਈ ਸੰਚਾਰ ਵਿਧੀਆਂ ਤੇ ਜੁਗਤਾਂ ਦੀ ਸਿਰਜਣਾ ਕੀਤੀ ਹੈ ਜੋ ਸਾਹਿਤ ਅਤੇ ਕਲਾ ਦੇ ਵੱਖ ਵੱਖ ਖੇਤਰਾਂ ਦੇ ਰੂਪ ਵਿਚ ਸਾਡੇ ਸਾਹਮਣੇ ਵਿਦਮਾਨ ਹੈ। ਇਹ ਕਲਾਵਾਂ ਮਨੁੱਖ ਦੇ ਆਂਤਰਿਕ ਜਗਤ ਦੇ ਬਾਹਰੀ ਜਗਤ ਅਤੇ ਬ੍ਰਹਿਮੰਡੀ ਜਗਤ ਨਾਲ ਉਸ ਦੇ ਸੰਬੰਧਾਂ ਵਿਚੋਂ ਹੋਣ ਵਾਲੀਆਂ ਕ੍ਰਿਆਵਾਂ-ਪ੍ਰਤਿਕ੍ਰਿਆਵਾਂ ਦਾ ਪ੍ਰਤਿਰੂਪ ਜਾਂ ਇੰਜ ਆਖ ਲਵੋ ਕਿ ਮਨੁੱਖੀ ਮਨ ਦੇ ਵਿਅਕਤੀਗਤ ਤੇ ਸਾਮੂਹਿਕ ਭਾਵ ਦੇ ਸੋਚ ਉਤੇ ਪੈਣ ਵਾਲੇ ਸਿਧੇ ਤੇ ਸਪਸ਼ਟ ਤੌਰ ਤੇ ਅਵਰਣਨੀਯ ਅਕੱਥਨੀਯ ਭਾਵਾਂ ਅਨੁਭਵਾਂ ਦੀ ਅਭਿਵਿਅਕਤੀ ਹੈ। ਮਾਨਵ ਨੇ ਭਾਵੇਂ ਆਪਣੇ ਸਮੂਹ ਆਂਤਰਿਕ ਅਤੇ ਬਾਹਰੀ ਪ੍ਰਕਾਸ਼ਨ ਲਈ ਅਨੇਕ ਜੁਗਤਾਂ ਤੇ ਵਿਧੀਆਂ ਦੀ ਸਿਰਜਣਾ ਕਰ ਲਈ ਹੈ ਫਿਰ ਵੀ ਸਾਨੂੰ ਇਹ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਅਜੇ ਹੋਰ ਬਹੁਤ ਕੁੱਝ ਅਕਹਿ ਤੇ ਅਕੱਥਨੀਯ ਹੈ ਇਹ ਭਾਵਨਾ ਸੰਚਾਰ ਲਈ ਸਾਹਿਤ ਅਤੇ ਕਲਾਵਾਂ ਦੇ ਹੋਰ ਨਵੇਂ ਨਵੇਰੇ ਸਮਰੱਥ ਅਤੇ ਸ਼ਕਤੀਸ਼ਾਲੀ ਰੂਪ ਪ੍ਰਤਿ-ਰੂਪ ਦੀ ਸਿਰਜਣਾ ਤੇ ਵਿਕਾਸ ਪ੍ਰਤਿ ਬੁਨਿਆਦੀ ਤੌਰ 'ਤੇ ਲਾਹੇਵੰਦ ਸੋਚ ਹੈ।

ਸੰਚਾਰ ਨਾਲ ਸੰਬੰਧਿਤ ਇਕ ਹੋਰ ਜਗਤ ਵੀ ਹੈ ਜਿਸ ਦਾ ਸੰਬੰਧ ਪਰਮਸੱਤਾ ਪਰਮਾਤਮਾ ਜਾਂ ਉਸ ਬ੍ਰਹਿਮੰਡੀ ਸ਼ਕਤੀ ਨਾਲ ਹੈ ਜੋ ਇਸ ਸਮੁੱਚੇ ਬ੍ਰਹਿਮੰਡ ਦਾ ਸੰਚਾਲਨ ਕਰਦੀ ਹੈ। ਆਪਣੇ ਉਸ ਮੂਲ ਨਾਲ ਸਾਂਝ ਪਾਉਣ ਦਾ ਇਕ ਨਿਵੇਕਲਾ ਅਧਿਆਤਮ-ਮਾਰਗ ਹੈ। ਆਪਣੇ ਮੂਲ ਨਾਲ ਜੁੜਨਾ ਮਨੁੱਖ ਦਾ ਸੁਭਾਵਿਕ ਕਰਮ ਹੈ ਅਤੇ ਇਸ ਪ੍ਰਕ੍ਰਿਆ ਦਾ ਵਿਸ਼ਾਲ ਤੇ ਵਿਸਤ੍ਰਤ ਸਰੂਪ ਪਰਾਲੌਕਿਕ ਤੇ

ਅਧਿਆਤਮਿਕ ਹੈ। ਮਨੁੱਖ ਤੇ ਰੱਬ ਦੇ ਆਤਮ-ਸੰਵਾਦ[53] ਦੀ ਸ਼ੈਲੀ ਤੇ ਪ੍ਰਕ੍ਰਿਆ ਮਾਨਵੀ ਸੰਚਾਰ ਜੁਗਤਾਂ ਤੇ ਵਿਆਖਿਆ ਨਾਲੋਂ ਕਾਫ਼ੀ ਅਡਰੀ ਤੇ ਭਿੰਨ ਹੈ। ਸਿਰਜਣਹਾਰ ਪਰਮਾਤਮਾ ਦਾ ਇਹ ਰੱਬੀ ਜਗਤ ਇਸ ਲੌਕਿਕ ਜਗਤ ਤੋਂ ਭਿੰਨ ਪਰਾਲੌਕਿਕ ਅਕਾਲਿਕ/ਅਸੀਮ ਅਕੱਥ ਅਵਰਣਨੀਯ ਜਗਤ ਹੈ। ਜਿਸ ਬਾਰੇ ਸਮੂਹ ਚਿੰਤਕਾਂ ਦੀ ਰਾਏ ਹੈ ਕਿ ਉਸ ਦਾ ਵਰਣਨ ਜਾਂ ਪਾਰ ਨਹੀ ਪਾਇਆ ਜਾ ਸਕਦਾ ਪਰੰਤੂ ਐਸੇ ਅਲੌਕਿਕ ਬਿਸਮਾਦੀ ਜਗਤ ਨਾਲ ਜੁੜਨਾ ਮਨੁੱਖ ਦਾ ਰਹੱਸਮਈ ਅਨੁਭਵ ਹੈ, ਅਧਿਆਤਮਿਕ ਜਗਤ ਦੇ ਪੰਧਾਊਆਂ ਨੇ ਇਸ ਰਹਸਮਈ ਜਗਤ ਦੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਮਾਨਵੀ ਸੰਚਾਰ ਜੁਗਤਾਂ ਦਾ ਇਸਤੇਮਾਲ ਹੀ ਕੀਤਾ ਹੈ ਜੋ ਇਕ ਰਹੱਸਾਤਮਿਕ ਅਧਿਆਤਮਿਕ-ਅਨੁਭਵ ਦੇ ਅਭਿਵਿਅਕਤੀ ਬਾਣੀ ਵਜੋਂ ਪ੍ਰਸਤੁਤ ਹੋਈ ਹੈ। ਇਸ ਤੋਂ ਪਹਿਲਾਂ ਕਿ ਅਸੀਂ ਅਧਿਆਤਮ ਜਗਤ ਦੇ ਇਸ ਸੰਦੇਸ਼ ਰੂਪੀ ਬਾਣੀ ਦੀ ਸਰਵ ਸ੍ਰੇਸ਼ਠ ਕ੍ਰਿਤ ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ ਤੇ ਸੰਚਾਰ ਪ੍ਰਕ੍ਰਿਆ ਸੰਬੰਧੀ ਵਿਚਾਰ ਕਰੀਏ ਸਾਡੇ ਲਈ ਅਧਿਆਤਮਿਕ ਅਨੁਭਵ ਦੀ ਅਨੁਭੂਤੀ ਅਤੇ ਅਭਿਵਿਅਕਤੀ ਉਤੇ ਵਿਚਾਰ ਕਰਨਾ ਅਤੇ ਇਸਦੇ ਵਿਭਿੰਨ ਪਹਿਲੂਆਂ ਨੂੰ ਜਾਣਨਾ ਬੁਨਿਆਦੀ ਤੌਰ ਹੀ ਲਾਜ਼ਮੀ ਹੈ। ਇਹ ਵਿਚਾਰ ਗੁਰੂ ਨਾਨਕ ਬਾਣੀ ਸੰਬੰਧੀ ਸਾਡੇ ਵਿਸ਼ੇ ਦੀ ਪਹੁੰਚ ਨੂੰ ਨਿਖਾਰਨ ਅਤੇ ਵਿਸ਼ਲੇਸ਼ਣ ਦੀ ਇਕ ਨਿਵੇਕਲੀ ਦ੍ਰਿਸ਼ਟੀ ਪ੍ਰਦਾਨ ਕਰਨ ਵਿੱਚ ਸਹਾਈ ਹੋਵੇਗੀ।

****

---

53. "God comes to man while man approaches to God" Joachim Wach <u>The Comparative Study of Religions</u>, p. 376.

# ਅਧਿਆਇ ਦੂਜਾ

## ਅਧਿਆਤਮਿਕ ਅਨੁਭਵ ਤੇ ਅਭਿਵਿਅਕਤੀ

ANJAB UNIVERSITY LIBRARY

541078

## 1. ਅਧਿਆਤਮਿਕ ਅਨੁਭਵ: ਅਨੁਭੂਤੀ

ਦਰਸ਼ਨ ਅਤੇ ਧਰਮ ਦੇ ਖੇਤਰ ਵਿਚ ਅਧਿਆਤਮਿਕ ਅਨੁਭਵ ਦਾ ਵਿਸ਼ਿਸ਼ਟ ਮਹੱਤਵ ਹੈ। ਕਿਸੇ ਵੀ ਧਰਮ ਦਾ ਸਮੁੱਚਾ ਪਾਸਾਰਾ ਇਸ ਅਧਿਆਤਮਿਕ ਅਨੁਭਵ ਤੋਂ ਉਪਜੇ ਰਹਸਮਈ ਬੋਧ ਦੇ ਦੁਆਲੇ ਕੇਂਦਰਿਤ ਹੁੰਦਾ ਹੈ। ਏਸੇ ਕਰਕੇ ਧਰਮ, ਧਰਮ-ਦਰਸ਼ਨ, ਧਾਰਮਿਕ ਪ੍ਰਵਚਨ ਅਤੇ ਪੀਰਾਂ . ਪੈਗੰਬਰਾਂ ਦੁਆਰਾ ਮਾਨਵਤਾ ਦੇ ਉਧਾਰ ਲਈ ਕੀਤੇ ਗਏ ਉਪਰਾਲਿਆਂ ਦੇ ਸਮੂਹ ਪ੍ਰਸੰਗਾਂ ਨੂੰ ਸਹੀ ਦਿਸ਼ਾ ਤੇ ਸਹੀ ਪ੍ਰਸੰਗ ਵਿਚ ਸਮਝਣ ਤੇ ਵਿਚਾਰਣ ਲਈ ਅਧਿਆਤਮਿਕ ਅਨੁਭਵ ਸੰਬੰਧੀ ਵਿਵਧਪੱਖੀ ਵਿਚਾਰ ਲਾਜ਼ਮੀ ਤੇ ਬੁਨਿਆਦੀ ਹੈ।

ਅਧਿਆਤਮਿਕ ਅਨੁਭਵ ਦੀ ਅਦਭੁਤ ਅਵਸਥਾ ਦੌਰਾਨ ਅਨੁਭਵੀ ਇਸ ਲੌਕਿਕ ਜਗਤ ਤੋਂ ਕੁਝ ਪਲਾਂ ਛਿਣਾਂ ਲਈ ਮੁਕਤ ਹੋ ਕੇ ਅਜਿਹੇ ਰੁਸ਼ਨਾਏ, ਸ਼ਾਂਤ ਤੇ ਸੁੰਨ ਮੰਡਲ ਵਿਚ ਪ੍ਰਵੇਸ਼ ਕਰਦਾ ਹੈ ਜਿਸ ਦੀ ਗਹਿਰ ਗੰਭੀਰ ਚਮਤਕਾਰੀ ਅਦਭੁੱਤਾ ਉਸ ਨੂੰ 'ਹਰਿ-ਰਸ' ਦੀ ਵਿਸਮਤਾ ਅਤੇ ਅਧਿਆਤਮਿਕ-ਸਤਿ ਦੀ ਰੁਸ਼ਨਾਈ ਪ੍ਰਦਾਨ ਕਰਾਉਂਦੀ ਹੈ। ਇਸ ਰਹੱਸਾਤਮਿਕ ਅਨੁਭਵ ਦੀ ਅਨੁਭੂਤੀ ਨੂੰ ਖ਼ੁਦ ਅਨੁਭਵੀ ਸਾਧਕਾਂ ਨੇ ਅਕਹਿ, ਅਕੱਥ ਤੇ ਅਸਚਰਜ ਦਸਿਆ ਹੈ ਅਤੇ ਇਸ ਅਨੁਭੂਤੀ ਦੀ ਅਭਿਵਿਅਕਤੀ ਦੇ ਬਖਾਨ ਪ੍ਰਤਿ ਆਪਣੀ ਵਿਵਸ਼ਤਾ ਨੂੰ ਬਾਰ ਬਾਰ ਪ੍ਰਗਟਾਉਂਦਿਆਂ ਇਸ ਅਨੁਭਵ ਨੂੰ ਮਾਨਵ ਸੁਲਭ ਅਨੁਭਵ ਬਣਾਉਣ ਲਈ ਭਾਸ਼ਾਈ ਅਤੇ ਸੰਗੀਤਕ ਜੁਗਤਾਂ ਦੁਆਰਾ ਮੂਰਤੀਮਾਨ ਕਰਨ ਦਾ ਉਪਰਾਲਾ ਵੀ ਕੀਤਾ ਹੈ। ਹੈਰਾਨੀਜਨਕ ਹੈ ਕਿ ਜਿਸ ਅਨੁਭਵ ਦੀ ਸੰਪੂਰਨ ਅਭਿਵਿਅਕਤੀ ਅਨੁਭਵਕਾਰ ਵੀ ਕਰਨ ਤੋਂ ਅਸਮਰੱਥ ਹਨ ਉਸੇ ਅਨੁਭਵ ਬਾਰੇ ਵਿਦਵਾਨਾਂ ਤੇ ਵਿਚਾਰਕਾਂ ਨੇ ਚੋਖੀਆਂ ਗਿਆਨ-ਉਡਾਰੀਆਂ ਮਾਰੀਆਂ ਹਨ। ਭਾਵੇਂ ਇਹਨਾਂ ਨੂੰ ਆਪ ਵੀ ਇਸ ਅਨੁਭਵ ਦਾ ਅਵਸਰ ਪ੍ਰਾਪਤ ਨਹੀਂ ਹੋਇਆ।

ਅਧਿਆਤਮਿਕ ਅਨੁਭਵ ਦਾ ਸੰਕਲਪ ਅਨੁਭਵ ਦੇ ਵਿਸ਼ਾਲ ਪਰਿਪੇਖ ਵਿਚ ਹੀ ਸਮਝਿਆ ਜਾ ਸਕਦਾ ਹੈ ਜਿਸ ਦੇ ਸਿਧਾਂਤ ਵਿਸ਼ੇਸ਼ ਕਰਕੇ ਅਨੁਭਵ ਦੀ ਧਾਰਮਿਕਤਾ ਨਾਲ ਹੀ ਸੰਬੰਧਿਤ ਹੁੰਦੇ ਹਨ।[1]

---

1. "The concept of Religious Experience is rooted in broad concept of experience as such in theory of what if anything is distinctly religion in experience."
Encyclopaedia of Religion, Vol.10, p.323.

ਅਧਿਆਤਮਿਕ ਅਨੁਭਵ ਸੰਬੰਧੀ ਸੁਤੰਤਰ ਵਿਚਾਰ ਕਰਨ ਤੋਂ ਪੂਰਵ ਸਾਨੂੰ ਇਸ ਨਾਲ ਸੰਬੰਧਿਤ ਪ੍ਰਚਲਿਤ ਵਿਚਾਰਾਂ ਤੇ ਸੰਕਲਪਾਂ ਨਾਲ ਸੰਖੇਪ ਸਾਂਝ ਜ਼ਰੂਰੀ ਹੈ। ਅਧਿਆਤਮਿਕਤਾ ਜਾਂ ਅਧਿਆਤਮਵਾਦ ਅਧਿਆਤ-ਮਿਕ ਅਨੁਭਵ ਨਾਲ ਸਿਧੇ ਤੌਰ 'ਤੇ ਸੰਬੰਧਿਤ ਹਨ। ਅਧਿਆਤਮਵਾਦ ਦਿੱਖ ਜਗਤ ਤੋਂ ਪਾਰ ਅਦਿੱਖ ਜਗਤ ਦੀ ਅਜਿਹੀ ਸੱਤਾ ਹੈ ਜਿਸ ਨੂੰ ਦਰਸ਼ਨ ਦੀ ਮੁਢਲੀ ਧਾਰਾ ਦੇ ਤੌਰ ਤੇ ਸਵੀਕਾਰਿਆ ਜਾਂਦਾ ਹੈ। ਦਰਸ਼ਨ ਅਜਿਹੀ ਵਿਚਾਰ ਪ੍ਰਣਾਲੀ ਹੈ ਜਿਹੜੀ ਅਨੁਭਵ ਤੋਂ ਪ੍ਰਾਪਤ ਕੀਤੇ ਗਿਆਨ ਨੂੰ ਤਰਕ ਤੇ ਅਧਾਰਿਤ ਸਿਧ ਕਰਨ ਤੇ ਮਨੁੱਖਾਂ ਦਾ ਅੰਤਰ ਗਿਆਨ ਦੁਆਰਾ ਗ੍ਰਹਿਣ ਕੀਤਾ ਅਨੁਭਵ ਜਦੋਂ ਅਦਿੱਖ ਜਗਤ ਨਾਲ ਸੰਬੰਧਿਤ ਹੋ ਜਾਂਦਾ ਹੈ ਤਾਂ ਉਹ ਅਧਿਆਤਮਿਕ ਅਨੁਭਵ ਦਾ ਧਾਰਣੀ ਹੁੰਦਾ ਹੈ। ਜੀਵਨ ਅਤੇ ਜਗਤ ਸੰਬੰਧੀ ਸਮੱਸਿਆਵਾਂ ਨੂੰ ਲੈ ਕੇ ਮਨੁੱਖ ਮੁੱਢ ਤੋਂ ਹੀ ਕੁਝ ਨਾ ਕੁਝ ਸੋਚਦਾ ਅਤੇ ਨਿਸ਼ਕਰਸ਼ ਗ੍ਰਹਿਣ ਕਰਦਾ ਆਇਆ ਹੈ। ਸਭਿਅਤਾ ਦੇ ਆਦਮਕਾਲ ਵਿਚ ਗਿਆਨ ਦੀ ਅਲਪਤਾ, ਵਿਸ਼ਲੇਸ਼ਣ ਸ਼ਕਤੀ ਦੇ ਅਭਾਵ ਅਤੇ ਸਾਧਨਹੀਣਤਾ ਦੇ ਕਾਰਣ ਉਹ ਇਹਨਾਂ ਉਤੇ ਬਹੁਤ ਗਹਿਰਾਈ ਨਾਲ ਨਹੀਂ ਸੋਚ ਸਕਿਆ। ਆਰੰਭ ਵਿਚ ਦਰਸ਼ਨ, ਧਰਮ ਨਾਲ ਹੀ ਸੰਬੰਧਿਤ ਸੀ ਅਤੇ ਧਰਮ ਸਾਮਾਜਿਕ ਜੀਵਨ ਦਾ ਅਟੁੱਟ ਅੰਗ ਸੀ। ਵਿਵਹਾਰਕ ਧਰਮ ਕੁਝ ਅਦ੍ਰਿਸ਼ ਸ਼ਕਤੀਆਂ ਵਿਚ ਆਸਥਾ ਰਖਦਾ ਸੀ ਜਿਹਨਾਂ ਵਿਚ ਉਸ ਨੂੰ ਹਾਨ ਲਾਭ ਪਹੁੰਚਾਉਣ ਦੀ ਸਮਰੱਥਾ ਸੀ। ਇਸ ਦੇ ਉਪਾਅ ਵਜੋਂ ਉਸਨੇ ਵਰਤ ਅਨੁਸ਼ਠਾਨ ਕਰਮ ਕਾਂਡ ਆਦਿ ਦਾ ਵਿਧਾਨ ਸਿਰਜਿਆ ਜੋ ਅਧਿਆਤਮਵਾਦ ਦਾ ਆਰੰਭਿਕ ਰੂਪ ਸੀ। ਅਧਿਆਤਮਵਾਦ ਗੋਚਰ ਜਗਤ ਤੋਂ ਅਤੀਤ ਦੈਵੀ ਸ਼ਕਤੀਆਂ ਦੇ ਜਗਤ ਵਿਚ ਵਿਸ਼ਵਾਸ਼ ਕਰਦਾ ਹੈ।[2] ਜਿਸਨੂੰ ਅਮੂਰਤ ਜਗਤ ਵੀ ਆਖਿਆ ਜਾਂਦਾ ਹੈ। ਇਸ ਅਮੂਰਤ ਜਗਤ ਵਿਚ ਪਰਮਸੱਤਾ (ਦੈਵੀ ਜਾਂ ਰੱਬੀ ਸ਼ਕਤੀ) ਦੀ ਹੋਂਦ ਦਾ ਨਿਵਾਸ ਹੈ। ਜਿਸ ਤਕ ਵਿਸ਼ੇਸ਼ ਕਿਸਮ ਦੀ ਸਾਧਨਾ ਦੁਆਰਾ ਹੀ ਪਹੁੰਚ ਕੀਤੀ ਜਾ ਸਕਦੀ ਹੈ। ਮੌਤ ਤੋਂ ਪਿਛੋਂ ਮਨੁੱਖੀ ਆਤਮਾ ਦਾ ਇਸੇ ਅਮੂਰਤ ਜਗਤ ਵਿਚ ਪ੍ਰਵੇਸ਼ ਮੰਨਿਆ ਜਾਂਦਾ ਹੈ। ਆਤਮਾ ਅਤੇ ਉਸ ਪਰਮਸੱਤਾ ਦੇ ਧਾਰਣੀ ਪਰਮਾਤਮਾ ਨਾਲ ਲੀਨ ਹੋਣ ਲਈ ਵਿਭਿੰਨ ਧਰਮਾਂ ਨੇ ਵਿਭਿੰਨ ਮਾਰਗ ਦਰਸਾਏ ਹਨ। ਆਤਮਾ ਅਤੇ ਪਰਮਾਤਮਾ ਦਾ ਆਪਸੀ ਪ੍ਰੇਮ ਮਿਲਣ ਅਤੇ ਇਕਸੁਰਤਾ ਅਧਿਆਤ-ਮਿਕਤਾ ਦਾ ਮੂਲ ਲਛਣ ਹੈ। ਇਹ ਪ੍ਰਗਟਾਵਾ ਗਿਆਨ ਅਤੇ ਭਗਤੀ ਤੋਂ ਵਖਰੀ ਕਿਸਮ ਦਾ ਹੈ। ਭਾਵਨਾ ਜਾਂ ਮੋਹ ਵਸ ਹੋ ਕੇ ਈਸ਼ਵਰ ਨੂੰ ਅਰਾਧਣਾ ਧਰਮ ਹੈ ਅਤੇ ਇਸ ਧਰਮ ਦਾ ਨਿਰੰਤਰ ਸੰਚਾਰ ਹੀ ਅਧਿਆਤਮਵਾਦ ਹੈ।[3] ਅਧਿਆਤਮਵਾਦ ਨੂੰ ਸੰਖਿਪਤ ਰੂਪ ਵਿਚ ਐਸੀ ਵਿਚਾਰਕ ਪ੍ਰਵਿਰਤੀ ਜਾਂ ਸਿਧਾਂਤ ਮੰਨਿਆ ਜਾਂਦਾ ਹੈ ਜਿਸ ਵਿਚ ਸੱਤਾ ਦੇ ਅਧਿਆਤਮਿਕ ਪੱਖ ਨੂੰ ਪ੍ਰਧਾਨ ਮੰਨਿਆ ਜਾਵੇ।[4]ਅਧਿਆਤਮਵਾਦੀ

2. ਮਾਨਵਿਕੀ ਪਰਿਭਾਸ਼ਿਕ ਕੋਸ਼, ਸਾਹਿਤਯ ਖੰਡ, ਪੰਨਾ 242.

3. ਸਾਹਿਤ ਕੋਸ਼ (ਪਰਿਭਾਸ਼ਿਕ ਸ਼ਬਦਾਵਲੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 83

4. ਮਾਨਵਿਕੀ ਪਰਿਭਾਸ਼ਿਕ ਕੋਸ਼ (ਦਰਸ਼ਨ ਖੰਡ), ਪੰਨਾ 184

ਇਸ ਜਗਤ ਦਾ ਮੂਲ ਰੱਬੀ ਮੰਨਦੇ ਹਨ। ਕੁਝ ਅਧਿਆਤਮਵਾਦੀਆਂ ਅਨੁਸਾਰ ਇਹ ਜਗਤ ਉਸ ਪਰਮਾਤਮਾ ਦੀ ਲੀਲਾ ਦਾ ਪ੍ਰਤੱਖ ਸਿਰਜਟ ਰੂਪ ਹੈ ਅਤੇ ਕੁਝ ਅਨੁਸਾਰ ਮਨੁੱਖੀ ਚੇਤਨਤਾ ਦਾ ਮਾਇਆ ਜਾਲ ਹੈ। ਅਧਿਆਤਮਵਾਦੀ ਆਤਮਾ ਦੀ ਹੋਂਦ ਨੂੰ ਸਰੀਰ ਤੋਂ ਵਖਰੀ ਸਵੀਕਾਰਦੇ ਹਨ।[5] ਆਤਮਾ ਤੇ ਪਰਮਾਤਮਾ ਦਾ ਸੰਜੋਗ ਅਧਿਆਤਮਵਾਦ ਦਾ ਲਕਸ਼ ਹੈ ਅਤੇ ਇਸ ਲਕਸ਼ ਦੀ ਪ੍ਰਾਪਤੀ ਲਈ ਅਧਿਆਤਮਵਾਦੀ ਸਾਧਕ, ਉਸ ਰੱਬੀ ਨੂਰ ਦੀ ਇਕ ਝਲਕ ਪ੍ਰਾਪਤ ਕਰਨ ਦੇ ਆਹਰ ਵਿਚ ਜੁਟਿਆ ਰਹਿੰਦਾ ਹੈ ਜਿਸ ਦੁਆਰਾ ਉਸ ਨੂੰ ਪਰਮਸਤਿ ਦਾ ਅਨੁਭਵ ਤੇ ਬੋਧ ਪ੍ਰਾਪਤ ਹੋਣਾ ਹੈ। ਇਸ ਇਸ ਗੋਚਰ ਸਮੂਰਤ ਜਗਤ ਤੋਂ ਉਸ ਅਮੂਰਤ ਪਰਾਲੌਕਿਕ ਜਗਤ ਵਲ ਉਸਦੀ ਉੜਾਨ ਹੈ। ਪਰਮਸਤਿ ਦੀ ਪ੍ਰਾਪਤੀ ਪ੍ਰਤਿ ਵਿਭਿੰਨ ਧਰਮਾਂ ਨੇ ਆਪੋ ਆਪਣੀ ਪਹੁੰਚ ਅਪਣਾਈ ਹੈ ਜਿਸ ਦੇ ਅੰਤਰਗਤ ਅਧਿਆਤਮਵਾਦੀ ਸਾਧਕ ਵਿਅਕਤੀਗਤ ਅਤੇ ਸਮੂਹਿਕ ਦੋਵੇਂ ਸਾਧਨਾ-ਵਿਧੀਆਂ ਦੁਆਰਾ ਹੀ ਆਪਣੇ ਲਕਸ਼ ਦੀ ਪ੍ਰਾਪਤੀ ਕਰਦੇ ਆਏ ਹਨ। ਇਸ ਤਰ੍ਹਾਂ ਅਧਿਆਤਮਿਕ-ਸਤਿ ਦੀ ਰੋਸ਼ਨੀ ਦਾ ਅਨੁਭਵ ਜਿਸ ਦੁਆਰਾ ਉਸ ਅਮੂਰਤ ਜਗਤ ਦੇ ਈਸ਼ਵਰੀ ਪਸਾਰੇ ਦਾ ਨੂਰਾਨੀ ਗਿਆਨ ਪ੍ਰਾਪਤ ਹੁੰਦਾ ਹੈ, ਅਧਿਆਤਮਿਕ ਸਾਧਕ ਦੀ ਇਕ ਵਿਸ਼ਿਸ਼ਟ ਪ੍ਰਾਪਤੀ ਮੰਨੀ ਗਈ ਹੈ। ਇਹ ਸਾਧਾਰਣ ਜੀਵਾਂ ਅਤੇ ਭੌਤਿਕ ਜਗਤ ਲਈ ਪੂਰਨ ਤੌਰ ਤੇ ਰਹੱਸਮਈ ਹੈ। ਲੱਛਣਾਂ ਸਦਕਾ ਅਧਿਆਤਮਿਕ ਅਨੁਭਵ ਦਾ ਵਿਵਿਧਪੱਖੀ ਅਧਿਐਨ ਸਿਧੇ ਤੌਰ ਤੇ ਰਹਸਵਾਦੀ ਪਹੁੰਚ ਨਾਲ ਜਾ ਜੁੜਦਾ ਹੈ।

ਰੱਹਸਾਤਮਿਕ ਅਨੁਭਵ ਦਾ ਦਰਸ਼ਨ ਤੇ ਸਾਹਿਤ ਦੇ ਖੇਤਰਾਂ ਵਿੱਚ ਵਡੇਰਾ ਮਹੱਤਵ ਹੈ। ਮਨੁੱਖ ਆਪਣੇ ਸੁਭਾਅ ਕਰਕੇ ਰਹੱਸਵਾਦੀ ਹੈ ਇਸੇ ਕਰਕੇ ਵਿਸ਼ਵ ਧਰਮ-ਦਰਸ਼ਨ ਉਤੇ ਨਜ਼ਰ ਮਾਰਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਵਿਸ਼ਵ ਦਰਸ਼ਨ ਦੇ ਖੇਤਰ ਵਿੱਚ ਆਰੰਭਕ ਵਾਦ ਰਹੱਸਵਾਦ ਹੀ ਹੈ। ਇਸ ਦਾ ਮੂਲ ਕਾਰਣ ਮਾਨਵੀ ਚੇਤਨਾ ਵਿਚ ਸੈ-ਹੋਂਦ ਦੀ ਚੇਤੰਨਤਾ ਅਤੇ 'ਸ੍ਵੈ' ਤੋਂ ਅਲਗ 'ਦੂਸਰੇ' ਨੂੰ ਜਾਣਨ ਤੇ ਭਾਲਣ ਦੀ ਨਿਰੰਤਰ ਪ੍ਰਕ੍ਰਿਆ ਹੈ। ਅਨੁਭਵ ਦੀ ਇਸ ਪ੍ਰਕ੍ਰਿਆ ਦੌਰਾਨ ਮਾਨਵ 'ਸ੍ਵੈ' ਤੋਂ 'ਪਾਰਬ੍ਰਹਮ' ਤਕ ਪਹੁੰਚ ਕਰਦਾ ਹੈ। ਇਸ ਤਰ੍ਹਾਂ ਰਹੱਸਵਾਦ 'ਸ੍ਵੈ' ਅਤੇ 'ਪਾਰਬ੍ਰਹਮ' ਸੰਬੰਧੀ ਵਿਭਿੰਨ ਪਹਿਲੂਆਂ ਦਾ ਰਹੱਸ ਉਦਘਾਟਨ ਹੈ। ਰੱਹਸਵਾਦ ਦੀ ਵਿਆਖਿਆ ਕਰਦਿਆਂ ਵਿਦਵਾਨਾਂ ਨੇ ਰਹੱਸਵਾਦ ਨੂੰ ਜੀਵਾਤਮਾ ਦੀ ਆਤਰਿਕ ਪ੍ਰਵਿਰਤੀਆਂ ਦਾ ਪ੍ਰਕਾਸ਼ਨ ਮੰਨਿਆ ਹੈ। ਆਤਮਾ ਉਸ ਦਿੱਬ, ਅਲੌਕਿਕ, ਪਰਾਸ਼ਕਤ ਪਰਮਾਤਮਾ ਦਾ ਇਕ ਅੰਗ ਹੀ ਹੈ ਅਤੇ ਇਸ ਆਤਮ ਦੇ ਪਰਮਾਤਮ ਵਿੱਚ ਲੀਨ ਹੋਣ ਦੀ ਪ੍ਰਕ੍ਰਿਆ ਹੀ ਅਨੁਭਵੀ ਸਾਧਕ ਦੀ ਸਤਿ ਦੇ ਪਧਰ ਤੇ ਹੰਢਾਏ ਗਏ ਯਥਾਰਥ ਦੀ ਪ੍ਰਤੱਖ

---

5. Dictionary of Philosophy (English Translation), p.399

ਚੇਤਨਾ ਹੈ।[6] ਰਹੱਸ ਚੇਤਨਾ ਨੂੰ ਬ੍ਰਹਮੰਡੀ ਚੇਤਨਾ ਦਾ ਨਾਮ ਵੀ ਦਿਤਾ ਜਾਂਦਾ ਹੈ। ਇਸ ਚੇਤਨਤਾ ਦਾ ਉਘਾ ਲੱਛਣ ਸਮੁੱਚੇ ਬ੍ਰਹਿਮੰਡ ਦੀ ਏਕਤਾ ਦਾ ਤੀਬਰਤਮ ਅਹਿਸਾਸ ਹੈ। ਇਸ ਚੇਤਨਤਾ ਦੇ ਪ੍ਰਕਾਸ਼ ਦੁਆਰਾ ਮਨੁੱਖ ਜਗਤ ਪ੍ਰਤਿ ਖੰਡ-ਦ੍ਰਿਸ਼ਟ ਦੀ ਬਜਾਏ ਅਖੰਡ ਦ੍ਰਿਸ਼ਟਿ ਦਾ ਧਾਰਣੀ ਬਣਦਾ ਹੈ। ਇਸ ਤਰ੍ਹਾਂ ਰਹੱਸਵਾਦ ਦਾ ਅਧਿਆਤਮਿਕ ਜਗਤ ਨਾਲ ਸਿੱਧਾ ਤੇ ਘਨੇਰਾ ਸੰਬੰਧ ਹੈ। ਆਂਤਰਿਕ ਅਨੁਭਵ ਹੋਣ ਕਰਕੇ ਭਾਵੇਂ ਇਹ ਧਰਮਾਂ ਦੀ ਸਿਧਾਂਤਕ ਤੇ ਵਿਵਹਾਰਕ ਕੱਟੜਤਾ ਦੀ ਵਲਗਣ ਤੋਂ ਮੁਕਤ ਹੈ ਪਰੰਤੂ ਅਧਿਆਤਮਿਕ-ਸਤਿ ਦੀ ਅਨੁਭੂਤੀ ਦੇ ਲਕਸ਼ ਕਾਰਣ ਇਹ ਸਮੂਹ ਧਰਮਾਂ ਦਾ ਸਾਂਝਾ ਲੱਛਣ ਪਰਵਾਨਿਆਂ ਜਾਂਦਾ ਹੈ। ਅਧਿਆਤਮਿਕ ਜਗਤ ਦੀ ਪ੍ਰਾਪਤੀ ਅਧਿਆਤਮਕ ਅਨੁਭਵ ਦੀ ਰਹੱਸਮਈ ਪ੍ਰਕ੍ਰਿਆ ਅਤੇ ਲੱਛਣ ਰਹੱਸਵਾਦੀ ਚੇਤਨਤਾ ਦੇ ਉਪਰ ਵਰਣਿਤ ਗੁਣਾਂ ਨਾਲ ਅੰਤਰ ਸੰਬੰਧਿਤ ਹਨ। ਇਸ ਲਈ ਅਧਿਆਤਮਿਕ ਅਨੁਭਵ ਦੀ ਵਿਆਖਿਆ ਦਾ ਸੰਦਰਭ ਰਹੱਸਵਾਦੀ ਪਹੁੰਚ ਦੁਆਰਾ ਹੀ ਸੰਭਵ ਹੋ ਸਕਦਾ ਹੈ।

ਅਧਿਆਤਮਿਕ ਅਨੁਭਵ ਰਹੱਸਾਤਮਿਕ ਅਨੁਭਵ ਹੈ। ਜਿਸ ਦੁਆਰਾ ਰੱਬੀ ਨੂਰ ਤੇ ਰੱਬੀ-ਸਤਿ ਦਾ ਪ੍ਰਕਾਸ਼ ਅਨੁਭਵੀ ਨੂੰ ਬਿਸਮਾਦਤ ਤੇ ਅਨੰਦਿਤ ਕਰਦਾ ਹੈ। ਇਸ ਅਨੁਭਵ ਦੁਆਰਾ ਪਰਾਲੌਕਿਕ ਅਧਿਆਤਮ ਜਗਤ ਦੇ ਗੋਹੜ ਰਹੱਸ ਪ੍ਰਗਟ ਹੁੰਦੇ ਹਨ ਅਤੇ ਲੌਕਿਕ ਜਗਤ ਦੀ ਵਾਸਤਵਿਕਤਾ ਦਾ ਬੋਧ ਅਧਿਆਤਮ-ਜਗਤ ਦੇ ਸਤਿ-ਪ੍ਰਕਾਸ਼ ਦੁਆਰਾ ਹੀ ਸੰਭਵ ਹੁੰਦਾ ਹੈ। ਨਿਰਸੰਦੇਹ ਇਹ ਅਨੁਭਵ ਇੰਦ੍ਰਿਆਵੀ ਪਕੜ ਤੋਂ ਪਰੇ ਪਰਾਤਪਰ ਵਸਤ ਹੈ। ਅਧਿਆਤਮਿਕ ਅਨੁਭਵ ਨੂੰ ਸਾਧਕਾਂ ਨੇ ਪ੍ਰਭੂ-ਨਦਰਿ ਅਤੇ ਸਾਧਨਾ-ਕਰਮ ਦੀ ਵਿਸ਼ਿਸ਼ਟ ਪ੍ਰਾਪਤੀ ਸਵੀਕਾਰਿਆ ਹੈ। ਇਸ ਅਨੁਭਵ ਦੇ ਰਹੱਸਮਈ ਗੁਣਾਂ ਨੂੰ ਸਾਧਕਾਂ ਨੇ ਅਕੱਥ ਤੇ ਅਕਹਿ ਤੇ 'ਅਚਰਜ ਬਿਸਮਾਦ' ਬਿਆਨਿਆ ਹੈ।[7] ਅਧਿਆਤਮਿਕ ਅਨੁਭਵ ਦੀ ਇਹ ਅਵਸਥਾ ਸਾਧਕ ਦੇ ਚੇਤਨਾ ਮੰਡਲ ਦੀ ਅਕੱਥਨੀਯ ਭਾਵਨਾ ਦਸ਼ਾ ਹੈ। ਜੋ ਚੇਤਨਾ ਨੂੰ ਅਧਿਆਤਮਿਕ-ਸਤਿ ਦੀਆਂ ਅਜਿਹੀਆਂ ਅਵਸਥਾਵਾਂ ਦੀ ਪਹਿਚਾਣ ਕਰਾਉਂਦਾ ਹੈ ਜਿਸ ਤਕ ਸਾਧਾਰਣ ਬੁਧ ਤੇ ਦ੍ਰਿਸ਼ਟਿ ਦੁਆਰਾ

---

6. Mahendar Nath Sircar, <u>Hindu Mysticism</u>, p.8.

7. ਸਤਿਸੰਗਿ ਅੰਤਰਿ ਪ੍ਰਭੁ ਡੀਠਾ।।
ਨਾਮੁ ਪ੍ਰਭੂ ਕਾ ਲਾਗਾ ਮੀਠਾ।।
ਸਗਲ ਸਮਿਗ੍ਰੀ ਏਕਸੁ ਘਟ ਮਾਹਿ।।
ਅਨਿਕ ਰੰਗ ਨਾਨਾ ਦ੍ਰਿਸਟਾਹਿ।।
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।।
ਦੇਹੀ ਮਹਿ ਇਸ ਕਾ ਬਿਸ੍ਰਾਮੁ।।
ਸੁੰਨ ਸਮਾਧਿ ਅਨਹਤ ਤਹ ਨਾਦ।।
ਕਹਨੁ ਨ ਜਾਈ ਅਚਰਜ ਬਿਸਮਾਦ।।
ਤਿਨਿ ਦੇਖਿਆ ਜਿਸੁ ਆਪਿ ਦਿਖਾਏ।।
ਨਾਨਕ ਤਿਸੁ ਜਨ ਸੋਝੀ ਪਾਏ।।
<u>ਆਦਿ ਗ੍ਰੰਥ</u>, ਗਉੜੀ ਸੁਖਮਨੀ ਮਹਲਾ 5, ਪੰਨਾ 293

ਲੋਕਨ-ਅਵਲੋਕਨ ਸੰਭਵ ਹੀ ਨਹੀਂ। ਇਹ ਪਹਿਚਾਣ ਅਕਹਿ ਪ੍ਰੀਤੀ ਅਤੇ ਅਵਰਣਨੀਯ ਪ੍ਰਕਾਸ਼ ਦੀ ਧਾਰਣੀ ਹੈ। ਅਧਿਆਤਮਿਕ-ਸਤਿ ਦੇ ਅਨੁਭਵ ਤੇ ਬੋਧ ਦੀ ਇਸ ਦਸ਼ਾ ਤਕ ਪਹੁੰਚਣ ਲਈ ਅਨੁਭਵੀ ਵਿਭਿੰਨ ਅਵਸਥਾਵਾਂ ਵਿਚੋਂ ਗੁਜ਼ਰਦਾ ਹੈ। ਵਿਦਵਾਨਾਂ ਨੇ ਇਹਨਾਂ ਅਵਸਥਾਵਾਂ ਨੂੰ ਆਪੋ ਆਪਣੀ ਦ੍ਰਿਸ਼ਟੀ ਤੋਂ ਵਿਭਿੰਨ ਸਥਿਤੀਆਂ ਵਿਚ ਵਿਭਾਜਤ ਕੀਤਾ ਹੈ। ਜੋਕਮ ਵਾਕ (Joachim Wach) ਅਧਿਆਤਮਿਕ ਸਤਿ ਦੀ ਵਾਸਤਵਿਕਤਾ ਦੇ ਅਨੁਭਵ ਦੇ ਅੰਤਰਗਤ ਨੂੰ ਜਾਗਰਣ, ਮਿਲਾਪ, ਅਨੁਭਵ ਤੇ ਵਾਸਤਵਿਕਤਾ ਦਾ ਗਿਆਨ ਦੀਆਂ ਵਿਭਿੰਨ ਅਵਸਥਾਵਾਂ ਸਵੀਕਾਰਦਾ ਹੈ।[8] ਇਸ ਤਰ੍ਹਾਂ (Evelyn Underhill ) ਨੇ ਪਹਿਲੀ ਅਵਸਥਾ ਵਿੱਚ ਸਾਧਕ ਦਾ ਪਾਰਬ੍ਰਹਮ ਪ੍ਰਤੀ ਜਾਗਰਣ (State of Awakening ) ਦੂਸਰੀ ਕਰਮ ਦੇ ਵਿਚਾਰ ਦੀ ਸੁਧੀ (State of Purification) ਤੀਸਰੀ ਛਿਣ ਭਰ ਲਈ ਪ੍ਰਭੂ ਦੇ ਦਰਸ਼ਨ (State of Illumination) ਚੌਥੀ ਅਵਸਥਾ ਵਿੱਚ ਫਿਰ ਵਿਛੋੜਾ (State of dark night of soul) ਅਤੇ ਪੰਜਵੀਂ ਅਵਸਥਾ ਪਰਮ ਸੱਤਾ ਨਾਲ ਮਿਲਾਪ (State of Unitive Night of Soul ) ਸਵੀਕਾਰਿਆ ਹੈ।[9] ਇਹਨਾਂ ਅਵਸਥਾਵਾਂ ਦੀ ਵਿਆਖਿਆ ਅਤੇ ਅਧਿਐਨ ਤੇ ਵਿਚਾਰ ਦੀ ਸੌਖ ਲਈ ਵਿਦਵਾਨਾਂ ਨੇ ਇਹਨਾਂ ਨੂੰ ਹੋਰ ਅੰਗਾਂ-ਪ੍ਰਤਿਅੰਗਾਂ ਵਿਚ ਵਿਭਾਜਿਤ ਵੀ ਕੀਤਾ ਹੈ। ਮੁੱਖ ਤੌਰ ਤੇ ਜਾਗ੍ਰਿਤੀ (Awakening) ਆਤਮ-ਸੁਧੀ (Purificiation ) ਪ੍ਰਕਾਸ਼ (Illumination) ਅਤੇ ਮਿਲਾਪ ( Unification ) ਦੀਆਂ ਸਥਿਤੀਆਂ ਇਸ ਪੰਧ ਦੀਆਂ ਪ੍ਰਮਾਣਿਤ ਅਵਸਥਾਵਾਂ ਹਨ। ਸਾਧਕ ਨਿਰੰਤਰ ਸਾਧਨਾ ਦੇ ਫਲਸਰੂਪ ਵਿਭਿੰਨ ਅਵਸਥਾਵਾਂ 'ਚੋਂ ਗੁਜ਼ਰਦਾ ਹੋਇਆ ਅਧਿਆਤਮਿਕ-ਸਤਿ ਦੇ ਅਨੁਭਵ ਦੀ ਸਥਿਤੀ ਪ੍ਰਾਪਤ ਕਰਦਾ ਹੈ। ਅਨੁਭਵ ਦੀ ਇਸ ਅਵਸਥਾ ਦੇ ਮੁੱਖ ਤੌਰ ਤੇ ਚਾਰ ਗੁਣ ਸਵੀਕਾਰੇ ਜਾਂਦੇ ਹਨ।[10] ਅਨੁਭਵ ਦੀ ਅਕੱਥਤਾ ਇਸ ਅਨੁਭਵ ਦਾ ਪਹਿਲਾ ਗੁਣ ਹੈ। ਇਸ ਦੇ ਅਕਹਿ ਤੇ ਅਸਚਰਜਮਈ ਅਦਭੁੱਤ ਅਵਸਥਾ ਦੇ ਗੁਣਾਂ ਦੀ ਅਕੱਥਤਾ (Ineffability) ਨੂੰ ਮਹਾਂਪੁਰਖਾਂ ਤੇ

---

8. Joachim Wach, The Comparative Study of Religious, p.31.

9. ਹਵਾਲਾ ਉਦਰਤ ਤ੍ਰਿਲੋਕ ਸਿੰਘ ਅਨੰਦ, ਰਹੱਸਵਾਦ, ਖੋਜ ਪਤ੍ਰਿਕਾ, 1969

10. William James, The Varieties of Religious Experience, p.372.

ਸਾਧਕਾਂ ਨੇ ਆਪਣੇ ਬਿਆਨ ਵਿਚ ਅਕਸਰ ਪ੍ਰਗਟਾਇਆ ਹੈ।[11] ਅਨੁਭਵ ਦੀ ਇਸ ਪ੍ਰਕਾਸ਼ਮਈ ਦੈਵੀ ਰੋਸ਼ਨਾਈ ਦੇ ਗੁਣਾਂ (Neotic Quality ) ਦੀ ਪ੍ਰਕ੍ਰਿਆ ਦਾ ਘਟਨ ਇੰਨਾ ਅਚਨਚੇਤੀ ਤੇ ਚਮਤਕਾਰੀ ( Transiency ) ਹੈ ਕਿ ਇਸ ਅਵਸਥਾ ਨੂੰ ਲੰਮੇਰੇ ਸਮੇਂ ਤਕ ਕਾਇਮ ਨਹੀ ਰਖਿਆ ਜਾ ਸਕਦਾ ਭਾਵੇਂ ਇਸ ਨੂੰ (ਅਵਸਥਾ) ਮੂਲ ਰੂਪ ਵਿਚ ਮੁੜ ਨਹੀਂ ਦੁਹਰਾਇਆ ਜਾ ਸਕਦਾ ਪਰੰਤੂ ਇਸ ਦੇ ਪ੍ਰਭਾਵ ਦਾ ਸਿਮਰਤੀ ਵਿਚ ਜਾਗਰਣ ਤੇ ਪੁਨਰਾਵ੍ਰਿਤੀ ਸੰਭਵ ਹੈ ਜਾਂ ਇਸ ਅਨੁਭਵ ਦਸ਼ਾ ਤੋਂ ਉਪਰੰਤ ਉਪਜਿਆ ਅੰਦਰਲੀ ਅਮੀਰੀ ਤੇ ਮਹੱਤਾ ਦਾ ਅਹਿਸਾਸ ਕੇਵਲ ਇਸ ਅਨੁਭਵ ਦਾ ਪ੍ਰਭਾਵ ਹੈ, ਅਨੁਭਵ ਨਹੀ।[12] ਇਸ ਚਮਤਕਾਰੀ ਅਨੁਭਵ ਦੇ ਰੁਸ਼ਨਾਏ ਪਲਾਂ ਦਾ ਅਗੰਮੀ ਪ੍ਰਕਾਸ਼ ਅਨੁਭਵੀ ਦੀ ਸਵੈ ਹੋਂਦ ਨੂੰ ਸਥਗਿਤ ਕਰਦਿਆਂ ਉਸਦੀ ਇੱਛਾ ਸ਼ਕਤੀ, ਬਲ ਤੇ ਬੁਧੀ ਨੂੰ ਕੁਝ ਸਮੇਂ ਲਈ ਕਾਰਜਹੀਣ ਕਰ ਦਿੰਦਾ ਹੈ। ਅਨੁਭਵੀ ਆਪਣੇ ਆਪ ਨੂੰ ਕਿਸੇ ਚਮਤਕਾਰੀ ਬਲਵਾਨ ਸ਼ਕਤੀ ਦੇ ਵਸ ਵਿਚ ਮਹਿਸੂਸ ਕਰਦਾ ਹੈ, ਨਿਸ਼ਕ੍ਰਿਯਤਾ(Passivity) ਅਤੇ ਸੰਪੂਰਨ ਸਮਰਪਣ ਦੀ ਇਹ ਸਥਿਤੀ ਅਨੁਭਵੀ ਨੂੰ ਧੁਰ ਅੰਦਰ ਤਕ ਵਿਸਮਾਦੀ ਰੰਗ ਵਿਚ ਰੰਗ ਦਿੰਦੀ ਹੈ। ਅਨੁਭਵੀ ਇਸ ਅਨੁਭਵ ਦੌਰਾਨ ਕਿਸੇ ਅੰਗੰਮੀ, ਅਦੁੱਤੀ ਪ੍ਰਕਾਸ਼ ਦੀ ਅਦਭੁੱਤਾ ਦੇ ਪ੍ਰਭਾਵ ਅਧੀਨ ਇਸ ਲੌਕਿਕ ਜਗਤ ਦੇ ਸਮੂਹ ਪ੍ਰਭਾਵਾਂ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਉਸ ਪਰਮਸੱਤਾ ਨਾਲ ਜੁੜਿਆ ਪ੍ਰਤੀਤ ਕਰਦਾ ਹੈ। ਇਸ ਅਵਸਥਾ ਨੂੰ ਸਾਧਕਾਂ ਨੇ ਸੁੰਨ-ਸਮਾਧ ਦੀ ਅਵਸਥਾ ਸਵੀਕਾਰਿਆ ਹੈ ਜਿਥੇ 'ਅਨਹਤ ਨਾਦ' ਦਾ ਵਾਸਾ ਹੈ ਅਤੇ ਜਿਸਦੇ ਅਸਚਰਜ/ਬਿਸਮਾਦਮਈ ਸਰੂਪ ਦਾ ਬਿਆਨ ਕਠਿਨ ਹੈ।[13]ਅਨੁਭਵ ਦੀ ਇਸ ਸਥਿਤੀ ਦੇ ਅੰਤਰਗਤ

---

11. ਜਹਾ ਬੋਲਿ ਤਹ ਅਛਰ ਆਵਾ॥
ਜਹਾ ਅਬੋਲ ਤਹ ਮਨੁ ਨ ਰਹਾਵਾ॥
ਬੋਲ ਅਬੋਲ ਮਧਿ ਹੈ ਸੋਈ॥
ਜਸ ਓਹੁ ਹੈ ਤਸ ਲਖੈ ਨ ਕੋਈ॥੨॥
ਆਦਿ ਗ੍ਰੰਥਿ, ਬਾਵਨ ਅਖਰੀ ਕਬੀਰ ਜੀ, ਪੰਨਾ 340

12. William James, The Varieties of Religious Experience, p. 372.

13. ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
ਨਾਨਕ ਤਿਸੁ ਜਨ ਸੋਝੀ ਪਾਏ॥੧॥
ਆਦਿ ਗ੍ਰੰਥ, ਗਉੜੀ ਮਹਲਾ ੫ (ਅਸਟਪਦੀ), ਪੰਨਾ 293

ਹੀ ਅਧਿਆਤਮਿਕ ਜੋਤ ਦਾ ਪ੍ਰਕਾਸ਼ ਅਨੁਭਵੀ ਸਾਧਕਾਂ ਨੂੰ ਪ੍ਰਭੂ ਸਤਿ ਨਾਲ ਰੋਸ਼ਨ ਕਰਦਾ ਹੈ। ਸਾਧਕਾਂ ਦੀ ਆਪਣੀ ਭਾਸ਼ਾ ਵਿਚ ਇਹ ਹਰਿ ਰਸ[14] ਹਰਿਨਾਮ[15] ਅੰਮ੍ਰਿਤ ਨਾਮ ਦੇ ਰਸ ਅਸਵਾਦਨ ਦੀ ਸਥਿਤੀ ਹੈ ਜਿਸ ਦੇ ਅਸਵਾਦਨ ਨੂੰ ਸਿਧ ਪੁਰਖਾਂ ਨੇ ਗੂੰਗੇ ਦੀ ਮਠਿਆਈ [16] ਸਮਾਨ ਅਕਹਿ ਦਰਸਾਇਆ ਹੈ। ਪੂਰਵ ਵਰਣਿਤ ਅਧਿਆਤਮਿਕ ਅਨੁਭਵ ਦੀ ਪ੍ਰਾਪਤੀ ਅਨੁਭਵੀ ਦਾ ਨਿਰੋਲ ਵਿਅਕਤੀਗਤ ਕਰਮ ਤੇ ਨਿਰੰਤਰ ਸਾਧਨਾ ਰੱਬੀ ਫਲ ਹੈ ਜੋ ਪ੍ਰਭੂ ਨਦਰਿ, ਪੂਰਵ ਕਰਮ ਅੰਕੁਰਿ ਦੇ ਪ੍ਰਗਟਣ ਅਤੇ ਦਿੱਬ ਦ੍ਰਿਸ਼ਟ ਦੇ ਧਾਰਣੀ ਵਿਅਕਤੀ ਦੀ ਵਿਸ਼ਿਸ਼ਟ ਪ੍ਰਾਪਤੀ ਬਣੀ ਹੈ।[17] ਅਧਿਆਤਮਿਕ ਅਨੁਭਵ

---

14. ਹਰਿ ਰਸੁ ਪੀਵਤ ਸਦ ਹੀ ਰਾਤਾ।।
ਆਨ ਰਸਾ ਖਿਨ ਮਹਿ ਲਹਿ ਜਾਤਾ।।

<u>ਆਦਿ ਗ੍ਰੰਥ</u>, ਆਸਾ ਮਹਲਾ 5 (ਤਿਪਦੇ), ਪੰਨਾ 377

15. ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ।।
ਪੀਵਤ ਰਹੈ ਪੀਆਏ ਸੋਇ।।

<u>ਆਦਿ ਗ੍ਰੰਥ</u>, ਆਸਾ ਮਹਲਾ 3, ਪੰਨਾ 361

16.(1) ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ।।
ਜਿਉ ਗੂੰਗੇ ਸਾਕਰ ਮਨੁ ਮਾਨਿਆ।।

<u>ਆਦਿ ਗ੍ਰੰਥ</u>, ਗਉੜੀ ਕਬੀਰ, ਪੰਨਾ 327

(2) ਕਹੁ ਕਬੀਰ ਗੂੰਗੈ ਗੁੜੁ ਖਾਇਆ।।
ਪੂਛੇ ਤੇ ਕਿਆ ਕਹੀਐ।।

<u>ਆਦਿ ਗ੍ਰੰਥ</u>, ਗਉੜੀ ਕਬੀਰ ਜੀ, ਪੰਨਾ 334

17. ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।।
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।।

<u>ਆਦਿ ਗ੍ਰੰਥ</u>, ਗਉੜੀ ਪੂਰਬੀ ਮਹਲਾ 5, ਪੰਨਾ 204

ਦੇ ਰਹੱਸਾਤਮਿਕ ਅਨੁਭਵ ਹੋਣ ਕਰਕੇ ਇਹ ਇੰਦ੍ਰਿਆਵੀ ਪਕੜ ਤੋਂ ਦੁਰੇਡੀ ਵਸਤ ਹੈ। ਇਸੇ ਕਰਕੇ ਕਈ ਵੇਰ ਸਾਧਾਰਣ ਮਨੁੱਖਾਂ ਦੀ ਰਹੱਸਾਤਮਿਕ ਸੰਵੇਦਨਾ ਦੇ ਕ੍ਰਿਆਸ਼ੀਲ ਹੋਣ ਨਾਲ ਪ੍ਰਾਪਤ ਹੋਣ ਵਾਲੇ ਜਾੜੇ ਜੀਵਨ ਤੇ ਆਲੇ ਦੁਆਲੇ ਦੇ ਪਸਾਰੇ ਵਿਚਲੇ ਨਵੀਨ ਤੇ ਵਿਭਿੰਨ ਆਨੰਦ ਦੇ ਵਿਕੋਲਿਤਰੇ ਪਲਾਂ ਛਿਣਾਂ ਨੂੰ ਅਧਿਆਤਮਿਕ ਅਨੁਭਵ ਨਾਲ ਨਹੀਂ ਤੁਲਨਾਇਆ ਜਾ ਸਕਦਾ। ਸਾਧਾਰਣ ਕਿਸਮ ਦੇ ਰਹੱਸਵਾਦੀ ਅਨੁਭਵ ਦੀ ਪ੍ਰਕ੍ਰਿਆ ਦਾ ਘਟਨ ਮਾਨਵੀ ਜੀਵਨ ਵਿਚ ਕਦੇ ਕਦਾਈਂ ਹੁੰਦਾ ਹੈ ਤੇ ਅਧਿਆਤਮਿਕ ਅਨੁਭਵ ਤਾਂ ਉਸ ਅਧਿਆਤਮਿਕ ਜਗਤ ਦੇ ਅਗੋਚਰ ਸੰਸਾਰ ਦੀ ਗਾਥਾ ਹੈ ਜੋ ਪ੍ਰਭੂ ਨਦਰਿ ਤੇ ਦੈਵੀ ਦ੍ਰਿਸ਼ਟਿ ਬਿਨਾਂ ਸੰਭਵ ਹੀ ਨਹੀਂ। ਪਰੰਤੂ ਦਰਸ਼ਨ ਅਤੇ ਧਰਮ ਅਧਿਐਨਕਾਰਾਂ ਨੇ ਅਧਿਆਤਮਿਕ ਅਨੁਭਵ ਦੀ ਪ੍ਰਾਪਤੀ ਨੂੰ ਨਿਰੰਤਰ ਸਾਧਨਾ ਦਾ ਫਲ ਸਵੀਕਾਰਿਆ ਹੈ। ਜਿਸ ਦੀ ਪ੍ਰਾਪਤੀ ਵਿਅਕਤੀਗਤ ਅਤੇ ਸਾਮੂਹਿਕ ਸਾਧਨਾ ਵਿਧੀਆਂ ਦੁਆਰਾ ਸੰਭਵ ਮੰਨੀ ਜਾਂਦੀ ਹੈ। ਪਰਾਲੌਕਿਕ ਪਰਮਸਤਿ ਦਾ ਅਨੁਭਵ ਗੁਰੂ ਦੁਆਰਾ ਦਰਸਾਏ ਮਾਰਗ ਉਤੇ ਚਲਕੇ ਕਰਮ ਤੇ ਸਾਧਨਾ ਦੁਆਰਾ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਅਧਿਆਤਮਿਕ ਅਨੁਭੂਤੀ ਦੀ ਇਹ ਪ੍ਰਕ੍ਰਿਆ ਜਦੋਂ ਕਿਸੇ ਕਿਰਿਆਤਮਿਕ ਵਿਧੀ ਵਿਧਾਨ ਦਾ ਰੂਪ ਧਾਰਨ ਕਰ ਲੈਂਦੀ ਹੈ ਤਾਂ ਕਿਸੇ ਵਿਸ਼ੇਸ਼ ਧਰਮ ਦਾ ਵਿਵਹਾਰਕ ਸਰੂਪ ਸਥਾਪਿਤ ਹੁੰਦਾ ਹੈ। ਧਰਮ ਦੀ ਸਥਾਪਤੀ ਅਨੁਭਵ ਦੀ ਪ੍ਰਾਪਤੀ ਦਾ ਮਾਰਗ ਵੀ ਹੈ ਅਤੇ ਅਭਿਵਿਅਕਤੀ ਦਾ ਵੀ। ਇਹ ਇਸ ਦੀ ਪ੍ਰਮਾਣਿਕਤਾ ਨੂੰ ਦਰਸਾਉਣ ਦਾ ਵਿਵਹਾਰਕ ਤੇ ਸਥਾਪਿਤ ਰੂਪ ਹੈ। ਇਸਦੀ ਇਹ ਵਿਵਹਾਰਕਤਾ ਅਤੇ ਅਮਲੀ ਜੀਵਨ ਵਿਚ ਸਾਰਥਿਕਤਾ ਹੀ ਇਸ ਦੀ ਪ੍ਰਮਾਣਿਕਤਾ ਜਾਂ ਅਪ੍ਰਮਾਣਿਕਤਾ ਦੀ ਕਸਵੱਟੀ ਹੈ। ਜਿਸ ਨੂੰ ਸਿੱਧ ਕਰਨ ਲਈ ਮਹਾਂਪੁਰਖ ਆਪਣੇ ਅਧਿਆਤਮਿਕ ਅਨੁਭਵ ਦੇ ਸਤਿ ਤੇ ਬੋਧ ਨੂੰ ਲੋਕਾਈ ਦੇ ਸੋਧਣ, ਸੰਗਲੀ ਚਿੰਤ ਮਿਟਾਉਣ ਤੇ ਲੌਕਿਕ ਜਗਤ ਦੀ ਵਾਸਤਵਿਕਤਾ ਸਮਝਾਉਣ ਦਾ ਮਾਰਗ ਵੀ ਅਵਸ਼ ਚੁਣਦੇ ਹਨ। ਅਧਿਆਤਮਿਕ ਸਤਿ ਦੀ ਅਨੁਭੂਤੀ ਦਾ ਵਹਾਉ ਨਿਜ ਤੋਂ ਸਮੂਹ ਵਲ ਹੁੰਦਾ ਹੈ ਪਰਮ ਸਤਿ ਦੇ ਇਸ ਪ੍ਰਕਾਸ਼ ਦਾ ਕਿਸੇ ਇਕ ਸਥਾਨ ਤੇ ਗੁਪਤ ਸੰਚਨ ਨਹੀਂ ਕੀਤਾ ਜਾ ਸਕਦਾ ਸਗੋਂ ਸਰਬ ਸਾਧਾਰਣ ਨੂੰ ਰੋਸ਼ਨ ਕਰਨਾ ਇਸਦਾ ਵਿਸ਼ਿਸ਼ਟ ਗੁਣ ਹੈ। ਇਹ ਅਨੁਭਵ ਮਾਨਵ ਜਾਤੀ ਨੂੰ ਸਰਬਾਂਗੀ ਰੂਪ ਵਿਚ ਰੁਸ਼ਨਾਉਂਦਾ ਹੋਇਆ ਕਰਮ ਅਤੇ ਸਾਧਨਾ ਦੇ ਸਾਮੂਹਿਕ ਅਮਲ ਵਜੋਂ ਸੰਸਥਾਗਤ ਰੂਪ ਧਾਰਣ ਕਰਦਾ ਹੈ। ਇਸੇ ਪ੍ਰਕ੍ਰਿਆ ਵਿਚੋਂ ਕਿਸੇ ਧਰਮ ਦਾ ਉਤਪੰਨ ਤੇ ਪ੍ਰਚਲਨ ਹੁੰਦਾ ਹੈ। ਧਰਮ ਮਾਰਗ ਉਤੇ ਚਲ ਕੇ ਵਿਧੀ ਪੂਰਵਕ ਕਰਮ-ਨੇਮ ਵਿਚ ਗ੍ਰਹਿਣ ਕੀਤਾ ਇਹ ਅਨੁਭਵ ਕਿਸੇ ਸਹਿਜ ਸੁਭਾਵਿਕ ਅਨੁਭੂਤੀ ਦੀ ਤੁਲਨਾ ਵਿਚ ਅਭਿਆਸਤ ਤੇ ਸੋਚੀ ਵਿਚਾਰੀ ਪ੍ਰਕ੍ਰਿਆ ਦਾ ਰੂਪ ਧਾਰਨ ਕਰ ਲੈਂਦਾ ਹੈ। ਇਹ ਨਿਯਮਬੱਧ ਨਿਰੰਤਰ ਤੇ ਸਾਮੂਹਿਕ ਪ੍ਰਕ੍ਰਿਆ ਦੀ ਵਿਸ਼ੇਸ਼ ਸਥਾਪਤੀ ਤੇ ਸੰਸਥਾਗਤ ਪ੍ਰਚਲਨ ਸੰਸਕ੍ਰਿਤੀ ਦੀ ਵਡੇਰੀ ਸ਼ਕਤੀ ਵੀ ਹੈ ਤੇ ਅਟੱਲ ਮਜਬੂਰੀ ਵੀ। ਇਸ ਤਰ੍ਹਾਂ ਅਧਿਆਤਮਿਕ ਅਨੁਭਵ ਜਦੋਂ ਕਰਮ ਰੂਪ

ਵਿਚ ਉਜਾਗਰ ਹੁੰਦਾ ਹੈ ਤਾਂ ਮਾਨਵ ਜਾਤੀ ਦੇ ਸਰਬਪੱਖੀ ਉਧਾਰ ਦੀ ਪ੍ਰਕ੍ਰਿਆ ਆਰੰਭ ਹੁੰਦੀ ਹੈ ਤੇ ਜਦੋਂ ਇਹ ਅਨੁਭਵ ਸੁਖਦ ਰੂਪ ਵਿਚ ਉਜਾਗਰ ਹੁੰਦਾ ਹੈ ਤਦ ਇਹ ਮਾਨਵਤਾ ਲਈ ਰੱਬੀ ਸੰਦੇਸ਼, ਇਲਹਾਮ ਜਾਂ ਖਾਲਕ ਦੇ ਆਦੇਸ ਰੂਪ ਵਿਚ ਪ੍ਰਗਟ ਹੁੰਦਾ ਹੈ। ਅਧਿਆਤਮਿਕ ਅਨੁਭਵ ਨੂੰ ਹੋਰ ਉਘਾੜਨ ਲਈ ਇਸ ਦਾ ਸਾਧਾਰਣ ਅਨੁਭਵ ਨਾਲੋਂ ਨਿਖੇੜਾ ਕਰਨਾ ਆਵਸ਼ਕ ਪ੍ਰਤੀਤ ਹੁੰਦਾ ਹੈ।

## 2. ਅਧਿਆਤਮਿਕ ਤੇ ਸਾਧਾਰਣ ਅਨੁਭਵ: ਅੰਤਰ ਨਿਖੇੜਾ

ਸਾਧਾਰਣ ਅਨੁਭਵ ਅਤੇ ਅਧਿਆਤਮਿਕ ਅਨੁਭਵ ਦੇ ਵਸਤੂ ਜਗਤ, ਅਨੁਭੂਤੀ ਅਤੇ ਅਭਿਵਿਅਕਤੀ ਦੀਆਂ ਪ੍ਰਕ੍ਰਿਆ ਤੇ ਪ੍ਰਕਾਰਜ ਵਿਚ ਗੁਣਾਤਮਿਕ ਵਿਭਿੰਨਤਾ ਹੈ। ਇਹਨਾਂ ਦਾ ਆਪਸੀ ਨਿਖੇੜਾ ਅਧਿਆਤਮਿਕ ਅਨੁਭਵ ਨੂੰ ਸਪਸ਼ਟ ਰੂਪ ਵਿਚ ਵਧੇਰੇ ਸਮਝਣ ਵਿਚ ਸਹਾਈ ਹੁੰਦਾ ਹੈ ਕਿਉਂਜੋ ਅਧਿਆਤਮਿਕ ਅਨੁਭਵ ਦਾ ਵਿਸ਼ਲੇਸ਼ਣ, ਵਿਆਖਿਆ ਤੇ ਪ੍ਰਮਾਣਿਕਤਾ ਸਾਧਾਰਣ ਅਨੁਭਵ ਦੀ ਤੁਲਨਾ ਵਿਚ ਹੀ ਕੀਤੀ ਜਾਂਦੀ ਹੈ ਜਾਂ ਇੰਜ ਆਖ ਲਈਏ ਅਧਿਆਤਮਿਕ ਅਨੁਭਵ ਨੂੰ ਰੇਖਾਂਕਿਤ ਕਰਨ ਲਈ ਸਾਧਾਰਣ ਅਨੁਭਵ ਦੇ ਰੇਖਾਈ-ਨਮੂਨਿਆਂ (Linning Patterns) ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹਨਾਂ ਦੋਵੇਂ ਅਨੁਭਵਾਂ ਵਿਚ ਸਮੂਰਤ ਅਤੇ ਅਮੂਰਤ ਵਸਤੂ ਜਗਤ ਦੀ ਮੂਲ ਭਿੰਨਤਾ ਹੈ। ਸਾਧਾਰਣ ਅਨੁਭਵ ਦਿੱਖ ਜਗਤ ਦੇ ਵਿਭਿੰਨ ਪਹਿਲੂਆਂ ਨਾਲ ਭਾਵਾਤਮਿਕ ਤੇ ਬੌਧਿਕ ਰੂਪ ਵਿਚ ਬਝਾ ਹੋਇਆ ਹੈ। ਜਿਸ ਦੀ ਅਭਿਵਿਅਕਤੀ ਦਾ ਲਕਸ਼ ਵਿਅਕਤੀ ਤੋਂ ਸਮੂਹ ਵਲ ਨੂੰ ਸਾਧਾਰਣੀਕਰਨ ਦੀ ਦਸ਼ਾ ਪ੍ਰਾਪਤ ਕਰਨਾ ਹੈ। ਇਹ ਅਨੁਭਵ ਰਹੱਸਮਈ ਵੀ ਹੋ ਸਕਦਾ ਹੈ ਪਰੰਤੂ ਇਹ ਰਹਸ ਫਿਰ ਸਾਧਾਰਣੀਕਰਣ ਵਲ ਨੂੰ ਰੁਚਿਤ ਹੁੰਦਾ ਹੈ। ਇਸਦੇ ਵਿਪਰੀਤ ਅਧਿਆਤਮਿਕ ਅਨੁਭਵ ਜਿਵੇਂ ਕਿ ਅਸੀਂ ਪਹਿਲਾਂ ਹੀ ਵਰਣਨ ਕਰ ਆਏ ਹਾਂ, ਸ੍ਵੈ ਤੋਂ ਪਰਮਾਤਮਾ ਤਕ ਦੀ ਪਹੁੰਚ ਅਤੇ ਇਸ ਪ੍ਰਕ੍ਰਿਆ ਨਾਲ ਸੰਬੰਧਿਤ ਕੁਲ ਰਹੱਸਾਤਮਕਅਨੁਭਵ ਹੈ। ਜੋ ਸਰਬ ਸਾਧਾਰਣ ਨਾ ਹੋਣ ਕਰਕੇ ਅਕੱਥ ਤੇ ਅਕਹਿ ਹੈ। ਇਹ ਅਦਿੱਖ, ਅਦ੍ਰਿਸ਼ਟ, ਅਪ੍ਰਤੱਖ, ਅਲਪਕਾਲਿਕ, ਅਕਾਲਿਕ ਤੇ ਅਚਨਚੇਤ ਹੈ। ਇਸ ਅਨੁਭਵ ਦਾ ਬਿਆਨ ਸਾਧਾਰਣ ਅਨੁਭਵ ਦੀ ਤੁਲਨਾ ਵਿਚੋ ਇਸ ਦੇ ਪੈਟਰਨ ਤੇ ਅਭਿਵਿਅਕਤ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ ਪਰੰਤੂ ਫਿਰ ਵੀ ਇਸ ਦੀ ਸੰਪੂਰਨ ਅਭਿਵਿਅਕਤੀ ਸੰਭਵ ਨਹੀਂ। ਨਿਰੋਲ ਨਿਜੀ ਤੇ ਆਤਰਿਕ ਸਾਧਨਾ ਦੇ ਫਲਸਰੂਪ ਦੈਵੀ ਤੇ ਦਿੱਬ ਦ੍ਰਿਸ਼ਟਿ ਦੁਆਰਾ ਪ੍ਰਾਪਤ ਇਸ ਅਨੁਭਵ ਦਾ ਸਾਧਾਰਣੀਕਰਣ ਸੰਭਵ ਨਹੀਂ ਕੇਵਲ ਪ੍ਰਤੀਕ ਅਤੇ ਬਿੰਬ ਇਸ ਅਨੁਭਵ ਨੂੰ ਟੋਹਣ ਅਤੇ ਬੋਧ ਕਰਵਾਉਣ ਵਿਚ ਸਹਾਈ ਹੁੰਦੇ ਹਨ।

ਸਾਧਾਰਣ ਅਨੁਭਵ ਇੰਦ੍ਰਿਆਵੀ ਪਹੁੰਚ ਤੇ ਪ੍ਰਤੀਤ ਵਿੱਚ ਹੈ। ਇਹ ਆਲੇ ਦੁਆਲੇ ਤੋਂ ਗ੍ਰਹਿਣ ਕੀਤਾ ਆਪਮੁਹਾਰਾ ਅਨੁਭਵ ਹੈ ਜਿਸ ਨੂੰ ਇਸ ਦਿੱਖ ਜਗਤ ਦੇ ਸੰਚਾਰ ਮਾਧਿਅਮਾਂ ਦੁਆਰਾ ਮੂਰਤੀਮਾਨ ਕੀਤਾ ਜਾ ਸਕਦਾ ਹੈ। ਇਸ ਦੀ ਅਨੁਭੂਤੀ ਵਿਸ਼ੇਸ਼ ਸਭਿਆਚਾਰ ਤੇ ਸੰਸਕ੍ਰਿਤੀ ਦੇ ਪ੍ਰਸੰਗ ਦੀ ਧਾਰਣੀ ਹੁੰਦੀ ਹੈ। ਸਾਧਾਰਣ ਅਨੁਭਵ ਦੀ ਪ੍ਰਾਪਤੀ ਮਨੁੱਖ ਦੇ ਲੌਕਿਕ ਤੇ ਮਾਨਵੀ ਗੁਣਾਂ ਸਦਕਾ ਸੰਭਵ ਹੈ। ਪਰੰਤੂ ਅਧਿਆਤਮਿਕ ਅਨੁਭਵ ਆਪਣੇ ਪਰਾਲੌਕਿਕ ਗੁਣਾਂ ਸਦਕਾ ਇੰਦ੍ਰਿਆਵੀ ਪਹੁੰਚ ਤੇ ਪ੍ਰਤੀਤ ਤੋਂ ਮੁਕਤ ਅਕਹਿ ਤੇ ਅਕੱਥ ਹੈ। ਇਹ ਅਨੁਭਵ ਸਮੇਂ ਅਤੇ ਸੰਸਕ੍ਰਿਤੀ ਦੇ ਭੇਦਾਂ ਤੋਂ ਨਿਰਲੇਪ ਮਾਨਵੀ ਮਨ ਤੇ ਬੁਧੀ ਦੇ ਥਹੁ ਤੋਂ ਪਰੇ ਦੀ ਅਵਸਥਾ ਹੈ। ਸਾਧਾਰਣ ਅਨੁਭਵ ਦੀ ਅਨੁਭੂਤੀ ਮਨ ਤੇ ਬੁਧੀ ਵਿੱਚ 'ਅਹੰ' ਰੂਪੀ ਗਿਆਨ ਨੂੰ ਬਲ ਦਿੰਦੀ ਹੈ। ਇਸ ਦੇ ਵਿਪਰੀਤ ਅਧਿਆਤਮਿਕ ਅਨੁਭਵ ਨਿਸ਼ਕ੍ਰਿਯਤਾ, ਆਪਾਸਮਰਪਣ, ਪੂਰਣ ਰੂਪਾਂਤਰਣ, ਆਤਮ ਗਿਆਨ ਦੀ ਪ੍ਰਾਪਤੀ ਕਰਵਾਉਂਦਾ ਹੈ। ਸਾਧਾਰਣ ਅਨੁਭਵ ਦੀ ਅਭਿਵਿਅਕਤੀ ਨੂੰ ਜਦੋਂ ਤਰਾਸ਼ਿਆ ਜਾਂਦਾ ਹੈ ਤਾਂ ਇਸ ਦੀ ਮੰਜ਼ਿਲ ਕਲਾਤਮਿਕ ਸੌਂਦਰਯ ਦੀ ਸਿਖ਼ਰ ਹੋ ਨਿਬੜਦੀ ਹੈ ਜਦੋਂ ਕਿ ਅਧਿਆਤਮਿਕ ਅਨੁਭਵ ਦੀ ਅਭਿਵਿਅਕਤੀ ਦੀ ਸੰਪੂਰਨਤਾ ਅਧਿਆਤਮਿਕ ਉਚੱਤਾ ਦੀ ਪ੍ਰਾਪਤੀ, ਆਤਮ ਗਿਆਨ ਅਤੇ ਲੌਕਿਕ ਜਗਤ ਦੀ ਵਾਸਤਵਿਕਤਾ ਦੀ ਪਹਿਚਾਣ ਕਰਾਉਣਾ ਹੈ।

## 3. ਅਧਿਆਤਮਿਕ ਅਨੁਭਵ: ਅਨੁਭੂਤੀ ਤੇ ਅਭਿਵਿਅਕਤੀ

ਅਨੁਭੂਤੀ ਅਤੇ ਅਭਿਵਿਅਕਤੀ ਅਧਿਆਤਮਿਕ ਅਨੁਭਵ ਦੇ ਦੋ ਮਹੱਤਵਪੂਰਨ ਪਹਿਲੂ ਹਨ। ਸਾਧਕਾਂ ਨੇ ਇਸ ਨੂੰ ਪਰਾਲੌਕਿਕ ਤੇ ਅਗੰਮੀ ਅਨੁਭਵ ਨੂੰ ਅਕੱਥਨੀਯ ਤੇ ਅਵਰਣਨੀਯ ਆਖਿਆ ਹੈ। ਇਸ ਅਵਸਥਾ ਦੇ ਅਲੌਕਿਕ ਤੇ ਅਦਭੁੱਤ ਨਜ਼ਾਰੇ ਦਾ ਬਿਸਮਾਦੀ ਰੰਗ ਅਧਿਆਤਮਿਕ ਪੰਧ ਦੇ ਸਾਧਕਾਂ ਨੂੰ ਪਰਮਸਤਿ ਦੇ ਅਧਿਆਤਮਿਕ ਪ੍ਰਕਾਸ਼ ਨਾਲ ਰੋਸ਼ਨ ਕਰ ਦਿੰਦਾ ਹੈ। ਜਿਸ ਅਵਸਥਾ ਨੂੰ ਸਾਧਕ ਹਰਿ ਰੰਗ ਵਿਚ ਰੰਗੇ ਜਾਣਾ,[18] ਹਰਿਨਾਮ ਦੇ ਸੁਆਦ ਚਖਣ[19] ਆਦਿ ਦੀਆਂ ਅਵਸਥਾਵਾਂ ਬਿਆਨਦਾ ਹੈ।

---

18. ਹਰਿ ਰੰਗ ਰਾਤਾ ਸੋ ਮਨੁ ਸਾਚਾ॥
ਲਾਲ ਰੰਗ ਪੂਰਨ ਪੁਰਖੁ ਬਿਧਾਤਾ॥1॥
ਆਦਿ ਗ੍ਰੰਥ, ਗਉੜੀ ਮਹਲਾ 5, ਪੰਨਾ 194

19.(1) ਹਰਿ ਰਸੁ ਚਾਖਿ ਮਨੁ ਨਿਰਮਲ ਹੋਆ ਕਿਲਬਿਖ ਕਾਟਣਹਾਰਾ॥2॥
ਆਦਿ ਗ੍ਰੰਥ, ਸਰਠਿ ਮਹਲਾ 3, ਪੰਨਾ 604

(ਬਾਕੀ ਫੁੱਟ ਨੋਟ ਅਗਲੇ ਪੰਨੇ 'ਤੇ)

ਇਸ ਤਰ੍ਹਾਂ ਭਾਵਾਤਮਿਕ ਤੌਰ ਤੇ ਬਿਸਮਾਦਮਈ ਅਵਸਥਾ ਦੇ ਅੰਤਰਗਤ ਸਾਧਕ ਆਨੰਦਿਤ ਤੇ ਖੀਵਾ ਹੋ ਉਠਦਾ ਹੈ ਤੇ ਸਤਿ ਦਾ ਅਧਿਆਤਮ ਪ੍ਰਕਾਸ਼ ਉਸ ਨੂੰ ਬੌਧਿਕ ਮੰਡਲ ਦੀਆਂ ਸਿਖਰਾਂ ਦਾ ਵਾਸੀ ਬਣਾਉਂਦਾ ਹੈ। ਇਸ ਰਹੱਸਾਤਮਿਕ ਅਨੁਭੂਤੀ ਦਾ ਅਧਿਆਤਮਿਕ ਪ੍ਰਕਾਸ਼ ਸਾਧਕ ਦੇ ਬਾਹਰੀ ਤੇ ਅੰਤਰੀਵੀ ਜਗਤ ਨੂੰ ਰਬੀ ਨੂਰ ਦੇ ਅਲੌਕਿਕ ਪ੍ਰਕਾਸ਼ ਨਾਲ ਇਸ ਕਦਰ ਰੌਸ਼ਨ ਕਰ ਦਿੰਦਾ ਹੈ ਕਿ ਹਰਿ, ਹਰਿ ਨਾਮ, ਹਰਿ ਨਾਮ ਦਾ ਰਸ, ਹਰਿ ਨਾਮ ਦਾ ਪ੍ਰਕਾਸ਼ ਉਸ ਦੀ ਜੀਵਨ ਸ਼ੈਲੀ ਦਾ ਅਨਿੱਖੜ ਅੰਗ ਬਣ ਜਾਂਦਾ ਹੈ। ਸਾਧਕਾਂ ਨੇ ਇਸ ਅਨੁਭਵ ਪ੍ਰਕ੍ਰਿਆ ਦੀ ਅਨੁਭੂਤੀ ਨੂੰ ਅਕੱਥ ਤੇ ਅਵਰਣਨੀਯ ਦਸਦਿਆਂ ਗੋਚਰ ਸੰਸਾਰ ਦੀਆਂ ਸਮੂਹ ਸੰਚਾਰ ਸ਼ਕਤੀਆਂ ਤੋਂ ਪਰੇ ਦੀ ਵਸਤ ਸਵੀਕਾਰ ਕੀਤਾ ਹੈ ਪਰੰਤੂ ਇਸ ਦੇ ਨਾਲ ਨਾਲ ਹੀ ਇਸ ਅਨੁਭਵ ਦੀ ਅਨੁਭੂਤੀ ਨੂੰ ਪਰਮਸਤਿ ਦੇ ਅਨੁਭਵ ਤੇ ਬੋਧ ਦੇ ਪ੍ਰਕਾਸ਼ਨ ਹਿਤ ਸਿਮ੍ਰਿਤਿ ਵਿਚ ਬਾਰ ਬਾਰ ਜਗਾਉਣਾ ਅਤੇ ਇਸ ਬਿਸਮਾਦੀ ਸਥਿਤੀ ਦੇ ਸੁਆਦ ਦੀ ਅਭਿਵਿਅਕਤੀ ਵਲ ਸਾਧਕ ਦੀ ਇਕ ਨਿਜੀ ਲਾਲਸਾ ਹੈ। ਇਸਦੇ ਨਾਲ ਹੀ ਅਧਿਆਤਮਿਕ ਮੰਡਲ ਦੇ ਪਰਾਲੌਕਿਕ ਜਗਤ ਵਿਚ ਅਧਿਆਤਮਿਕ-ਸਤਿ ਦੀਆਂ ਰੁਸ਼ਨਾਈਆਂ ਗ੍ਰਹਿਣ ਕਰ ਰਿਹਾ ਸਾਧਕ ਮਨ ਉਸ ਅਗੰਮੀ ਪ੍ਰਕਾਸ਼ ਅਤੇ ਅਲੌਕਿਕ ਆਨੰਦ ਨਾਲ ਇੰਨਾ ਭਰਪੂਰ ਤੇ ਸਰਸ਼ਾਰ ਹੋ ਜਾਂਦਾ ਹੈ ਕਿ ਉਸਦੇ ਹਰ ਕਥਨ ਤੇ ਹਰ ਕਾਰਜ ਵਿਚੋਂ ਰੱਬੀ ਨੂਰ ਤੇ ਰੱਬੀ ਸਤਿ ਦਾ ਪ੍ਰਕਾਸ਼ ਝਰ ਝਰ ਪੈਂਦਾ ਹੈ। ਸਤਿ ਦੇ ਇਸ ਅਨੁਭਵ ਤੋਂ ਉਪਜੇ ਆਨੰਦ ਨੂੰ ਇਸ ਮਾਨਵੀ ਕਾਇਆ ਵਿਚ ਸਮੇਟ ਕੇ ਬਣ ਕੇ ਰਖ ਸਕਣਾ ਉਸ ਲਈ ਅਤਿ ਕਠਿਨ ਹੋ ਜਾਂਦਾ ਹੈ। ਵਿਦਵਾਨਾਂ ਨੇ ਪਰਮਸਤਿ ਦੇ ਬਿਸਮਾਦੀ ਆਨੰਦ ਅਤੇ ਅਨੁਭਵ ਦੇ ਪ੍ਰਗਟਾਅ ਦੀ ਇਸ ਪ੍ਰਕ੍ਰਿਆ ਨੂੰ ਸਾਧਕ ਦਾ ਖੀਵਾਪਣ, ਬਿਹਬਲਤਾ ਸਵੀਕਾਰਿਆ ਹੈ ਜਿਸ ਦੇ ਫਲਸਰੂਪ ਉਹ ਇਸ ਅਨੁਭੂਤੀ ਦੀ ਅਭਿਵਿਅਕਤੀ ਦੀ ਪ੍ਰਕ੍ਰਿਆ ਵਲ ਆਪ ਮੁਹਾਰੇ ਹੀ ਰੁਚਿਤ ਹੋ ਜਾਂਦੇ ਹਨ।

ਅਧਿਆਤਮਿਕ ਅਨੁਭਵ ਦੀ ਅਨੁਭੂਤੀ ਦੀ ਅਭਿਵਿਅਕਤੀ ਲਈ ਸਾਧਕ ਲੌਕਿਕ ਜਗਤ ਦੀਆਂ ਅਭਿਵਿਅੰਜਨ ਜੁਗਤਾਂ ਨੂੰ ਹੀ ਇਸਤੇਮਾਲ ਕਰਦਾ ਹੈ। ਇਸ ਅਭਿਵਿਅਕਤੀ ਦੇ ਵਿਭਿੰਨ ਮਾਰਗਾਂ ਨੂੰ ਸਾਧਕਾਂ ਨੇ ਮੁੱਖ ਤੌਰ ਤੇ ਦੋ ਕਿਸਮਾਂ ਵਿਚ ਵਿਭਾਜਤ ਕੀਤਾ ਹੈ। ਪਹਿਲੀ ਕਿਸਮ ਸ਼ਬਦ ਜਾਂ ਵਿਚਾਰ ਦੀ ਅਭਿਵਿਅਕਤੀ ਹੈ ਅਤੇ ਦੂਸਰੀ ਕਰਮ ਅਭਿਵਿਅਕਤੀ ਜਾਂ ਅਭਿਵਿਅਕਤੀ ਦਾ ਵਿਵਹਾਰਕ ਰੂਪ ਹੈ। ਕਈ ਵਿਦਵਾਨ ਇਹਨਾਂ ਦੋਹਾਂ ਤੋਂ ਬਿਨਾਂ ਸੰਗਤ ਜਾਂ ਧਾਰਮਿਕ ਭਾਈਆਚਾਰਾ (Fellowship).

---

(ਪਿਛਲੇ ਪੰਨੇ ਦਾ ਫੁੱਟ ਨੋਟ)

(2) ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀਅਘਾਇਆ।।

ਆਦਿ ਗ੍ਰੰਥ, ਸੋਰਠਿ ਮਹਲਾ 3, ਪੰਨਾ 602

ਨੂੰ ਵੀ ਅਭਿਵਿਅਕਤੀ ਦਾ ਮਾਰਗ ਸਵੀਕਾਰਦੇ ਹਨ।[20] ਅਭਿਵਿਅਕਤੀ ਦਾ ਪ੍ਰਥਮ ਮਾਰਗ ਸ਼ਬਦ ਅਭਿਵਿਅਕਤੀ ਦਾ ਮਾਰਗ ਹੈ ਜਿਸ ਤੋਂ ਅਸੀਂ ਆਪਣੀ ਚਰਚਾ ਦਾ ਆਰੰਭ ਕਰਾਂਗੇ।

3.1 <u>ਸ਼ਬਦ ਅਭਿਵਿਅਕਤੀ</u>: ਪ੍ਰਭੂ ਦੇ ਘਰੋਂ ਦਰੋਂ ਵਰੋਸਾਏ ਅਤੇ ਇਸ ਜਗਤ ਜਲੰਦੇ ਨੂੰ ਤਾਰਨ ਲਈ ਭੇਜੇ ਗਏ ਮਹਾਂਪੁਰਖਾਂ ਪੀਰਾਂ ਪੈਗੰਬਰਾਂ ਨੇ ਜਿਸ ਅਧਿਆਤਮਿਕ ਅਨੁਭਵ ਦੀ ਗਲ ਕੀਤੀ ਹੈ ਉਹ ਨਿਰੋਲ ਨਿਜੀ ਤੇ ਮੌਲਿਕ ਪਹੁੰਚ ਦਾ ਧਾਰਣੀ ਹੈ। ਭਾਵੇਂ ਇਸ ਅਨੁਭਵ ਦੀ ਪ੍ਰਾਪਤੀ ਲਈ ਉਹਨਾਂ ਨੇ ਉਚਿਤ ਕਮਾਈ, ਸਾਧਨਾ ਅਤੇ ਰਬੀ ਰਹਿਮਤ ਨੂੰ ਸਾਧਾਰਣ ਅਨੁਭਵੀ ਦੀ ਪਹੁੰਚ ਦਾ ਮਾਰਗ ਦਸਿਆ ਪਰੰਤੂ ਫਿਰ ਵੀ ਇਹਨਾਂ ਪੀਰਾਂ ਪੈਗੰਬਰਾਂ ਦੇ ਅਧਿਆਤਮਿਕ ਅਨੁਭਵ ਦੀ ਪਹੁੰਚ ਨੂੰ ਸ਼ਬਦਾਂ ਦੁਆਰਾ ਪਕੜ ਸਕਣਾ ਕਠਿਨ ਹੈ ਅਤੇ ਇਸ ਅਨੁਭਵ ਨੂੰ ਗ੍ਰਹਿਣ ਕਰਨ ਦੇ ਯਤਨ ਵਿਚ ਲੀਨ ਸਾਧਾਰਣ ਅਨੁਭਵੀ ਦੀ ਸਾਧਨਾ ਪ੍ਰਕ੍ਰਿਆ ਵਖਰੀ ਕਿਸਮ ਦੀ ਹੈ ਜਿਸ ਦੀ ਚਰਚਾ ਅਸੀ ਅਗੇ ਕਰਾਂਗੇ। ਇਸ ਤਰ੍ਹਾਂ ਮੂਲ ਤੌਰ ਤੇ ਅਧਿਆਤਮਿਕ ਅਨੁਭਵ ਦੀ ਰੱਹਸਾਤਮਿਕ ਅਨੁਭੂਤੀ ਉਪਰੋਕਤ ਵਿਧੀ ਤੋਂ ਬਿਨਾਂ ਵਿਧੀ ਪੂਰਵ ਧਾਰਮਿਕ ਸਾਧਨਾ ਰਾਹੀਂ ਵੀ ਗ੍ਰਹਿਣ ਕੀਤੀ ਜਾ ਸਕਦੀ ਹੈ। ਇਸ ਕਿਸਮ ਦੀ ਰਹਸਾਤਮਕ ਅਨੁਭੂਤੀ ਮੂਲ ਰੂਪ ਵਿਚ ਸਹਿਜ ਅਨੁਭੂਤੀ ਦੀ ਬਜਾਏ ਸਾਧਨਾ ਰਾਹੀਂ ਕਮਾਈ ਗਈ ਅਨੁਭੂਤੀ ਹੈ। ਵਿਭਿੰਨ ਭਾਰਤੀ ਧਰਮਾਂ ਨੇ ਆਪੋ ਆਪਣੀ ਵਿਧੀ ਦੁਆਰਾ ਇਸ ਅਨੁਭੂਤੀ ਦੀ ਪ੍ਰਾਪਤੀ ਦੇ ਸਾਧਨ ਦਾ ਮਾਰਗ ਦਰਸਾਇਆ ਹੈ। ਸਮੂਹ ਧਰਮਾਂ ਦਾ ਲਕਸ਼ ਤੇ ਸਾਂਝਾ ਗੁਣ ਇਹੋ ਰੱਹਸਾਤਮਿਕ ਅਨੁਭੂਤੀ ਹੀ ਹੈ। ਇਸ ਰਹਸਾਤਮਿਕ ਅਨੁਭੂਤੀ ਦੀ ਅਭਿਵਿਅਕਤੀ ਲਈ ਸਾਧਕ ਆਪਣੇ ਅਨੁਭਵ ਦੇ ਉਸ ਪਰਾਲੌਕਿਕ ਮੰਡਲ ਦੀ ਭਾਵਨਾ ਦਸ਼ਾ ਤੋ ਲੌਕਿਕ ਜਗਤ ਦੀ ਦਿਖਦੇ ਸਤਿ ਵਲ ਪਰਤਦਾ ਹੈ। ਅਕੱਥ ਅਤੇ ਅਕਹਿ ਅਨੁਭਵ ਨੂੰ ਪ੍ਰਗਟਾਉਣ ਅਤੇ ਪਰਾਲੌਕਿਕ ਜਗਤ ਦੇ ਸਤਿ-ਪ੍ਰਕਾਸ਼ ਦੁਆਰਾ ਲੌਕਿਕ ਜਗਤ ਦੀ ਵਾਸਤਵਿਕਤਾ ਦਰਸਾਉਣ ਲਈ ਉਹ ਮਾਨਵੀ ਬੁਧ ਤੇ ਦ੍ਰਿਸ਼ਟਿ ਦੀ ਸਮਝ ਤੇ ਪਕੜ ਵਿਚ ਆਉਣ ਵਾਲੀਆਂ ਸੁਲਭ ਅਭਿਵਿਅੰਜਨ ਵਿਧੀਆਂ ਦਾ ਇਸਤੇਮਾਲ ਕਰਦਾ ਹੈ। ਜਿਵੇਂ ਕਿ ਅਸੀਂ ਉਪਰ ਬਿਆਨ ਕਰ ਆਏ ਹਾਂ ਕਿ ਅਧਿਆਤਮਿਕ ਅਨੁਭਵ ਦੀ ਰੱਹਸਾਤਮਿਕ ਅਨੁਭੂਤੀ ਅਕੱਥ ਅਕਹਿ ਅਤੇ ਇੰਦ੍ਰਿਆਵੀ ਪਕੜ ਤੋਂ ਮੁਕਤ ਹੈ ਇਸ ਲਈ ਉਸ ਦੇ ਬਿਆਨ ਵਾਸਤੇ ਪੂਰਣ ਤੌਰ ਤੇ ਉਚਿਤ ਤੇ ਯੋਗ ਅਭਿਵਿਅੰਜਨ ਮਾਧਿਅਮਾਂ ਦੀ ਚੋਣ ਕਰ ਸਕਣਾ ਸਾਧਕ ਲਈ ਕਠਿਨ ਪ੍ਰਤੀਤ ਹੁੰਦਾ ਹੈ ਫਿਰ ਵੀ ਉਹ ਅਨੁਭਵ ਜੋ ਅਕਾਲਿਕ ਅਸੀਮ ਇੰਦ੍ਰਿਆਵੀ ਪਕੜ ਤੋਂ ਪਰੇ ਸੁੰਨ ਅਨਾਦਿ ਗੁਣਾਂ ਦਾ ਧਾਰਣੀ ਹੈ ਉਸ ਲਈ ਸਾਧਾਰਣ ਅਭਿਵਿਅੰਜਨ

---

20. Joachim Wach, <u>The Comparative Study of Religions</u>, p.97.

ਜੁਗਤਾਂ ਨਾਕਾਫ਼ੀ ਹਨ। ਅਭਿਵਿਅਕਤੀ ਲਈ ਮਾਨਵ ਭਾਸ਼ਾ ਵਿਚ ਹੀ ਸੋਚਦਾ ਹੈਅਤੇ ਭਾਸ਼ਾ ਵਿਚ ਹੀ ਬੋਲਦਾ ਹੈ ਉਸ ਰੱਹਸਾਤਮਿਕ ਅਨੁਭਵ ਨੂੰ ਸਿਧੇ ਤੌਰ ਤੇ ਪ੍ਰਗਟਾਉਣ ਦੇ ਅਸਮਰੱਥ ਹੈ ਕਿਉਂਜੋ ਉਹ ਅਨੁਭਵ ਦੇ ਅਕਾਲਿਕ ਅਸੀਮ ਤੇ ਕਿਸੇ ਵਿਸ਼ੇਸ਼ ਸੰਸਕ੍ਰਿਤੀ ਨਾਲ ਨਹੀਂ ਬਝਾ ਹੁੰਦਾ ਪਰੰਤੂ ਭਾਸ਼ਾ ਅਜਿਹੀਆਂ ਸੀਮਾਵਾਂ ਦੀ ਧਾਰਣੀ ਹੈ। ਇਸੇ ਲਈ ਉਸ ਦੀ ਸੋਚ ਅਭਿਵਿਅਕਤੀ ਲਈ ਆਪਣੇ ਆਲੇ ਦੁਆਲੇ ਵਿਚੋਂ ਪ੍ਰਤੀਕ ਤੇ ਬਿੰਬ ਵਿਧਾਨ ਦੀ ਚੋਣ ਕਰਦੀ ਹੈ।[21] ਕਿਉਂਜੋ ਪ੍ਰਤੀਕ ਸ਼ਬਦ (ਭਾਸ਼ਾਗਤ) ਦੇ ਅਰਥ ਦੀਆਂ ਵਧੇਰੇ ਅਰਥ ਸੰਭਾਵਨਾਵਾਂ ਨੂੰ ਉਦੀਪਤ ਕਰਨ ਵਿਚ ਸਹਾਈ ਹੁੰਦੇ ਹਨ। ਇਥੇ ਹੀ ਭਾਸ਼ਾ ਸੰਪੂਰਣਤਾ ਦੀ ਸਥਿਤੀ ਇਖ਼ਤਿਆਰ ਕਰਦੀ ਹੋਈ ਸ਼ਬਦ ਦੇ ਅਨੁਭਵ ਦੀ ਰਹਸਾਤਮਿਕਤਾ ਨੂੰ ਪ੍ਰਸਤੁਤ ਕਰਨ ਵਿਚ ਸਹਾਈ ਹੁੰਦੀ ਹੈ।[22] ਉਪਰੋਕਤ ਗੁਣਾਂ ਦੇ ਧਾਰਣੀ ਅਧਿਆਤਮਿਕ ਅਨੁਭਵ ਦੀ ਅਵਸਥਾ ਅਕੱਥ ਨੂੰ ਕਥਨ ਅਤੇ ਅਕਹਿ ਨੂੰ ਕਹਿਣ ਅਤੇ ਅਮੂਰਤ ਨੂੰ ਮਾਨਵੀ ਪਹਿਚਾਣ ਵਿਚ ਸਮੂਰਤ ਅਤੇ ਅਵਿਅਕਤ ਨੂੰ ਵਿਅਕਤ ਕਰਨ ਦਾ ਅਤਿ ਕਠਿਨ ਕਾਰਜ ਅਤੇ ਅੰਤਰਵਿਰੋਧੀ ਪ੍ਰਕ੍ਰਿਆ ਅਭਿਵਿਅਕਤੀ ਲਈ ਅਨੁਭਵੀ ਨੂੰ ਭਾਸ਼ਾ ਦਾ ਅਜਿਹਾ ਰੂਪ ਇਸਤੇਮਾਲ ਕਰਨਾ ਪੈਂਦਾ ਹੈ ਜੋ ਸਾਧਾਰਣ ਜਾਂ ਸਰਬ-ਸਾਧਾਰਣ ਨਾ ਹੋ ਕੇ ਰਹੱਸਾਤਮਿਕ ਹੋਵੇ ਇਸੇ ਰੱਹਸਾਤਮਿਕ ਭਾਸ਼ਾ ਵਿਚ ਕਈ ਵੇਰ ਵਿਰੋਧਾਭਾਸ ਨਜ਼ਰ ਆਉਂਦਾ ਹੈ।[23] ਅਸਲ ਵਿਚ ਰੱਹਸਾਤਮਿਕ ਭਾਸ਼ਾ ਰੱਹਸਾਤਮਿਕ ਅਨੁਭੂਤੀ ਦੀ ਸੰਪੂਰਨ ਅਭਿਵਿਅਕਤੀ ਨਹੀਂ ਹੁੰਦੀ ਸਗੋਂ ਇਹ ਅਨੁਭਵੀ ਦੁਆਰਾ ਇਸ ਅਨੁਭੂਤੀ ਦੀ ਅਭਿਵਿਅਕਤੀ ਲਈ ਚੁਣੇ ਅਤੇ ਪ੍ਰਯੋਗ ਕੀਤੇ ਗਏ ਮਾਨਵ ਸੁਲਭ ਪ੍ਰਤੀਕਾਂ ਦਾ ਸਮੂਰਤਣ ਹੈ। ਇਸ ਰੱਹਸਾਤਮਿਕ ਅਨੁਭੂਤੀ ਦੀ ਪ੍ਰਤੀਕਾਤਮਿਕ

---

21. "The Greek Philosopher Proclus, it resumes the division of religious expression in 'hints' through symbols." Joachim wach, <u>Sociology of Religion</u>, p. 20.

22. ੧ਓ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ।।
ਆਦਿ ਗ੍ਰੰਥ, ਪੰਨਾ 1

23. ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ।।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ।।2।।
<u>ਆਦਿ ਗ੍ਰੰਥ</u>, ਮਹਲਾ 1, ਪੰਨਾ 13

ਅਭਿਵਿਅਕਤੀ ਭਾਵੇਂ ਮਾਨਵੀ ਭਾਸ਼ਾ ਦੇ ਜਾਮੇ ਦੀ ਧਾਰਣੀ ਕਿਉਂ ਨਾ ਹੋਵੇ ਫੇਰ ਵੀ ਇਹ ਮਾਨਵੀ ਬੁਧ ਤੇ ਦ੍ਰਿਸ਼ਟਿ ਦੀ ਪਹੁੰਚ ਤੇ ਪਕੜ ਤੋਂ ਦੁਰੇਡੀ ਹੁੰਦੀ ਹੈ। ਇਸ ਲਈ ਅਨੁਭਵੀ ਸਾਧਕ ਇਸ ਅਧਿਆਤਮਿਕ ਸਤਿ ਦੇ ਅਨੁਭਵ ਦੇ ਬੋਧ ਨੂੰ ਸਰਬ ਸਾਧਾਰਣ ਤਕ ਪ੍ਰਕਾਸ਼ਿਤ ਕਰਨ ਲਈ ਹੋਰ ਵਧੇਰੇ ਮਾਨਵ ਸੁਲਭ ਭਾਸ਼ਾਈ ਅਤੇ ਹੋਰ ਜੁਗਤਾਂ ਦੀ ਚੋਣ ਕਰਦੇ ਹਨ ਅਤੇ ਜਿਸ ਦੇ ਫਲਸਰੂਪ ਕਿਸੇ ਵੀ ਧਰਮ ਨਾਲ ਸੰਬੰਧਿਤ ਪ੍ਰਵਚਨ ਬਾਣੀ ਤੇ ਧਰਮ ਗ੍ਰੰਥ ਹੋਂਦ ਵਿਚ ਆਉਂਦੇ ਹਨ।

ਰਹੱਸਾਤਮਿਕ ਅਭਿਵਿਅਕਤੀ ਲਈ ਅਧਿਆਤਮਿਕ ਸਾਧਕਾਂ ਨੇ ਸੰਗੀਤ ਦੀ ਵਰਤੋਂ ਕੀਤੀ ਹੈ। ਭਾਰਤੀ ਧਰਮਾਂ ਦੇ ਪ੍ਰਸੰਗਾਂ ਵਿਚ ਇਸ ਦੇ ਵਿਸ਼ੇਸ਼ ਮਹੱਤਵ ਰਿਹਾ ਹੈ। ਉਂਜ ਵੀ ਰਹੱਸਵਾਦੀ ਭਾਸ਼ਾ ਨੂੰ ਇਸ ਦੇ ਸਮੇਂ ਸਥਾਨ ਤੇ ਸੰਸਕ੍ਰਿਤੀ ਨਾਲ ਖੜੇ ਹੋਣ ਦੀਆਂ ਸੀਮਾਵਾਂ ਸਦਕਾ ਨਾਦ ਨੂੰ ਰਹੱਸਾਤਮਿਕ ਅਭਿਵਿਅੰਜਨਾ ਲਈ ਇਸਤੇਮਾਲ ਕਰਦੇ ਹਨ। ਅਧਿਆਤਮਿਕ-ਸਤਿ ਦੇ ਅਨੁਭਵ ਤੇ ਅਭਿਵਿਅਕਤੀ ਲਈ ਨਾਦ ਤੇ ਸੰਗੀਤ ਹੀ ਉਤਮ ਮਾਧਿਅਮ ਹਨ। ਇਹ ਵੀ ਸਤਿ ਹੈ ਕਿ ਰਹੱਸਾਤਮਿਕ-ਸਤਿ ਦੇ ਪ੍ਰਗਟ ਲਈ ਸੰਕਲਪਾਤਮਿਕ ਉਚਾਰ ਨਾ ਕਾਫੀ ਨਹੀਂ ਸਗੋਂ ਸੰਗੀਤ ਹੀ ਇਸ ਦਾ ਇਕੋ ਇਕ ਸਫਲ ਮਾਧਿਅਮ ਹੈ ਜਿਸ ਦੁਆਰਾ ਅਧਿਆਤਮਿਕ-ਸਤਿ ਦਾ ਸੁਨੇਹਾ ਆਪਣੇ ਸ਼ੁੱਧ ਰਹੱਸਾਤਮਿਕ ਰੂਪ ਵਿਚ ਸੰਚਾਰਿਤ ਕੀਤਾ ਜਾ ਸਕਦਾ ਹੈ। ਇਹੋ ਹੀ ਕਾਰਨ ਰਿਹਾ ਹੋਵੇਗਾ ਕਿ ਰਹੱਸਾਤਮਿਕ-ਸਤਿ ਦੀਆਂ ਧਾਰਣੀ ਧਾਰਮਿਕ ਪੁਸਤਕਾਂ ਦਾ ਸੰਗੀਤ ਨਾਲ ਗਹਿਰਾ ਸੰਬੰਧ ਹੈ।[24] ਭਾਰਤੀ ਧਰਮਾਂ ਦੇ ਪ੍ਰਸੰਗ ਵਿਚ ਇਹ ਬਿਲਕੁਲ ਸਪਸ਼ਟ ਹੈ। ਵੇਦਾਂ ਵਿਚ ਸਾਮਵੇਦ ਅਤੇ ਇਸ ਤੋਂ ਬਾਅਦ ਧਰਮ ਸੰਬੰਧਿਤ ਧਾਰਮਿਕ ਗ੍ਰੰਥਾਂ ਵਿਚ ਸੰਗੀਤ ਅਤੇ ਮਾਰਗ [25] ਤੇ ਭਗਤੀ ਸੰਗੀਤ ਦੀ ਭਾਰਤੀ ਪਰੰਪਰਾ ਅਤੇ ਅਧਿਆਤਮਿਕ-ਸਤਿ ਦੇ ਸੁਨੇਹੇ ਲਈ ਸੰਗੀਤ ਦੇ ਸਫਲ ਵਿਗਿਆਨਿਕ ਅਤੇ ਉਤਮ ਪ੍ਰਬੰਧ ਦੇ ਧਾਰਣੀ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਬ ਇਸ ਦੀਆਂ ਉਦਾਹਰਣਾਂ ਵਿਚੋਂ ਇਕ ਹਨ।

3.2 ਕਰਮ ਅਭਿਵਿਅਕਤੀ: ਕਰਮ ਅਧਿਆਤਮਿਕ-ਸਤਿ ਦੀ ਅਭਿਵਿਅਕਤੀ ਦਾ ਦੂਸਰਾ ਮਾਰਗ ਹੈ। ਜਿਵੇਂ ਕਿ ਅਸੀਂ ਉਪਰ ਵਿਚਾਰ ਕਰ ਆਏ ਹਾਂ ਅਧਿਆਤਮਿਕ ਅਨੁਭਵ ਸਤਿ ਦਾ ਰਹੱਸਾਤਮਿਕ ਅਨੁਭਵ ਸਮੂਹ ਧਰਮਾਂ ਦਾ ਸਾਂਝਾ ਮੂਲਕ ਗੁਣ ਹੈ। ਧਰਮ ਰੂਪੀ ਮੋਤੀ ਦੀ ਸਵਾਤੀ ਬੂੰਦ ਇਹ ਅਧਿਆਤਮਿਕ ਅਨੁਭਵ ਹੀ ਹੈ ਜੋ ਕਿਸੇ ਕਰਮ ਦੀ ਸਾਧਨਾ ਸਿਧੀ ਵਿਚ ਪਲ ਕੇ ਅਧਿਆਤਮਿਕ-ਸਤਿ ਨਾਲ ਪੂਰਣ ਰੂਪ ਵਿਚ ਰੁਸ਼ਨਾਏ ਧਰਮ ਦਾ ਖੂਬਸੂਰਤ ਰੂਪ ਗ੍ਰਹਿਣ ਕਰਦਾ ਹੈ। ਕਰਮ ਅਧਿਆਤਮਿਕ-ਸਤਿ ਦੀ ਅਭਿਵਿਅਕਤੀ ਦਾ

---

24. William James, The Varieties of Religious Experience, p.412.

25. ਸ੍ਰੀਪਦ ਬੰਧੋਪਾਧਿਆਇ, ਸੰਗੀਤ ਭਾਸ਼ਯ, ਪੰਨਾ 268

ਵਿਵਹਾਰਕ ਰੂਪ ਹੈ ਅਤੇ ਇਹ ਅਭਿਵਿਅਕਤੀ ਕਈ ਵਿਧੀਆਂ ਪਹਿਲੂਆਂ ਤੇ ਪਹੁੰਚਾਂ ਦੁਆਰਾ ਮੂਰਤੀਮਾਨ ਹੁੰਦੀ ਹੈ। ਅਨੁਭਵੀ ਸਾਧਕ ਵਿਵਹਾਰਕ ਰੂਪ ਵਿਚ ਅਧਿਆਤਮਿਕ-ਸਤਿ ਦੀ ਕਰਮ ਦੁਆਰਾ ਅਭਿਵਿਅਕਤੀ ਕਰਦਾ ਹੈ।

ਅਧਿਆਤਮਿਕ ਅਨੁਭਵੀ ਸਾਧਕ ਅਧਿਆਤਮਿਕ-ਸਤਿ ਦੀ ਅਭਿਵਿਅਕਤੀ ਕੇਵਲ ਨਿਜੀ ਮਨੋਰਥ ਲਈ ਹੀ ਨਹੀਂ ਕਰਦੇ ਅਤੇ ਨਾ ਹੀ ਉਹਨਾਂ ਦੀ ਇਸ ਅਭਿਵਿਅਕਤੀ ਦਾ ਮਨੋਰਥ ਕੇਵਲ ਅਤੇ ਕੇਵਲ ਧਰਮ ਜਾਂ ਧਰਮ ਸਮੁਦਾਇ ਦੀ ਸਥਾਪਨਾ ਹੁੰਦੀ ਹੈ। ਉਹ ਤਾਂ ਆਪਣੇ ਮਾਰਗ ਤੇ ਤੁਰਦਿਆਂ ਆਪਣੇ ਰਹੱਸਾਤਮਿਕ ਅਨੁਭਵ ਦੀ ਅਭਿਵਿਅਕਤੀ ਨਾਲ ਗਹਿਰੇ ਰੂਪ ਵਿਚ ਸੰਬੰਧਿਤ ਹੁੰਦੇ ਹਨ। ਜੋ ਉਹਨਾਂ ਨੂੰ ਉਹਨਾਂ ਦੇ ਜੀਵਨ ਸੰਬੰਧੀ ਨਿਰਣਾ ਕਰਦਿਆਂ ਉਹਨਾਂ ਦੇ ਜੀਵ ਜਗਤ ਅਤੇ ਪਰਮਾਤਮਾ ਸੰਬੰਧੀ ਵਰਤਾਰੇ ਪ੍ਰਤਿ ਦ੍ਰਿੜ ਕਰਵਾਉਂਦੀ ਹੈ।[26] ਇਹ ਸਾਧਕ ਤਾਂ ਇਸ 'ਜਲਦੇ ਜਗਤ' ਨੂੰ ਤਾਰਨ 'ਸਗਲ ਚਿੰਤ ਮਿਟਾਉਣ' ਲਈ ਸਗਲ ਜਹਾਨ ਨੂੰ ਸਾਂਝੇ ਤੌਰ ਤੇ ਸੰਬੰਧਿਤ ਹੁੰਦੇ ਹਨ।[27] ਸ਼ਬਦ ਰੂਪ ਵਿਚ ਅਧਿਆਤਮਿਕ ਅਨੁਭਵੀ ਦੁਆਰਾ ਪ੍ਰਗਟ ਕੀਤੀ ਗਈ ਵਿਚਾਰਧਾਰਾ ਨੂੰ ਪ੍ਰਮਾਣਿਕ ਬਣਾਉਣ ਅਤੇ ਪਹਿਰਾ ਦੇਣ ਲਈ ਸਰਵਪ੍ਰਥਮ ਸਾਧਕ ਕਰਮ ਦੇ ਵਿਵਹਾਰਕ ਰੂਪ ਦੁਆਰਾ ਪ੍ਰਸਤੁਤ ਕਰਦਾ ਹੈ। ਇਸੇ ਕਰਕੇ ਮਹਾਂਪੁਰਖਾਂ ਦਾ ਸਮੁੱਚਾ ਜੀਵਨ ਉਸ ਪਰਾਲੌਕਿਕ ਜਗਤ ਦੇ ਅਲੌਕਿਕ ਬਿਸਮਾਦੀ ਮੰਡਲ ਨਾਲ ਇਸ ਲੌਕਿਕ ਜਗਤ ਦੇ ਅਸਤਿ ਨਾਲ ਇਕੋ ਵੇਲੇ ਜੁੜਿਆ ਹੁੰਦਾ ਹੈ ਸਾਧਕ ਲੋਕਾਈ ਨੂੰ ਇਸ ਲੌਕਿਕ ਜਗਤ ਦੀ ਵਾਸਤਵਿਕਤਾ ਆਪਣੇ ਅਨੁਭਵ ਦੇ ਆਧਾਰ ਤੇ ਸਮਝਾਉਂਦਾ ਤੇ ਦ੍ਰਿੜਾਉਂਦਾ ਹੈ। ਮਹਾਂਪੁਰਖਾਂ ਦੇ ਜੀਵਨ ਚਰਿਤਰ ਇਸੇ ਕਰਕੇ ਸਾਧਾਰਣ ਨਾ ਹੋ ਕੇ ਅਸਚਰਜਮਈ ਸੰਘਰਸ਼ ਅਤੇ ਦੁਨਿਆਵੀ ਅਸਤਿ ਨੂੰ ਪ੍ਰਗਟ ਰੂਪ ਵਿਚ ਮਿਟਾਉਣ ਲਈ ਕਾਰਜਸ਼ੀਲ ਹੁੰਦੇ ਹਨ। ਇਹ ਸਾਧਕ ਰਹਸਵਾਦੀ ਅਧਿਆਤਮਕ ਕਰਮੀ ਵੀ ਹਨ ਅਤੇ ਜਗਤ ਉਧਾਰਕ ਵੀ। ਜੀਵਨ ਵਿਚ ਅਧਿਆਤਮਿਕ-ਸਤਿ ਨੂੰ ਹੰਢਾਉਣ ਦਾ ਇਹ ਪ੍ਰਤੱਖੀਕਰਣ ਹੀ ਲੋਕਾਈ ਨੂੰ ਸਾਧਕ ਦੀ ਮੌਲਿਕ ਵਿਚਾਰਧਾਰਾ ਨਾਲ ਜੋੜਦਾ ਹੈ। ਜਿਸਦੇ ਸਿੱਟੇ ਵਜੋਂ ਇਸ ਅਧਿਆਤਮਿਕ ਵਿਚਾਰਧਾਰਾ ਦੁਆਲੇ ਕੇਂਦਰਿਤ ਹੋਣ ਵਾਲੇ ਜਗਿਆਸੂਆਂ ਦਾ ਇਕ ਸਮੂਹ ਸੰਗਠਨ ਦਾ ਰੂਪ ਧਾਰਨ ਕਰਨ ਵਲ ਰੁਚਿਤ ਹੁੰਦਾ ਹੈ ਇਹ ਸੰਗਠਨ ਬਾਅਦ ਵਿਚ ਕਿਸੇ ਧਾਰਮਿਕ ਸਮੁਦਾਇ ਜਾਂ ਧਰਮ ਦੇ ਨਾਲ ਨਾਲ ਪ੍ਰਚਲਿਤ ਹੁੰਦਾ ਹੈ।

---

26. Joachim Wach, Sociology of Religion, p. 341.

27. ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ।।
ਆਦਿ ਗ੍ਰੰਥ, ਮਹਲਾ 3, ਪੰਨਾ 647

ਕਿਸੇ ਵੀ ਧਰਮ ਦੀ ਵਿਚਾਰਧਾਰਾ ਨੂੰ ਸਮਝਾਉਣ ਅਤੇ ਉਸਦੇ ਅਦਿੱਖ ਪੱਖਾਂ ਉਤੇ ਰੋਸ਼ਨੀ ਪਾ ਕੇ ਸਾਧਾਰਣ ਜਗਿਆਸੂ ਨੂੰ ਅਧਿਆਤਮਿਕ-ਸਤਿ ਦਾ ਅਨੁਭਵ ਤੇ ਬੋਧ ਕਰਵਾਉਣ ਵਾਲਾ ਮਹਾਂਪੁਰਖ ਗੁਰੂ ਰੂਪ ਵਿਚ ਪ੍ਰਗਟ ਹੁੰਦਾ ਹੈ। ਲਗਭਗ ਸਮੂਹ ਧਰਮਾਂ ਵਿਚ ਗੁਰੂ ਦਾ ਵਿਸ਼ੇਸ਼ ਮਹੱਤਵ ਹੈ। ਗੁਰੂ ਉਸ ਅਧਿਆਤਮਿਕ-ਸਤਿ ਅਤੇ ਜਗਿਆਸੂ ਦੀ ਸੋਚ ਵਿਚਕਾਰ ਇਕ ਪੁਲ ਦਾ ਕਾਰਜ ਕਰਦਾ ਹੈ। ਧਰਮ ਦੇ ਆਤਰਿਕ ਰਹੱਸਮਈ ਗੋਹੜ ਰਹਸਾਂ ਨੂੰ ਪ੍ਰਕਾਸ਼ਮਾਨ ਕਰਨਾ ਅਤੇ ਇਹਨਾਂ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣਾ ਗੁਰੂ ਦਾ ਹੀ ਕਾਰਜ ਹੈ। ਗੁਰੂ ਇਹਨਾਂ ਦੀ ਪ੍ਰਮਾਣਿਕਤਾ ਸ਼ਬਦ ਦੇ ਕਰਮ ਜਾਂ ਵਿਵਹਾਰਕ ਰੂਪ ਨਾਲ ਜੋੜ ਕੇ ਜ਼ਾਹਿਰਾ ਤੌਰ ਤੇ ਇਸ ਸਤਿ ਨੂੰ ਆਪਣੇ ਜੀਵਨ ਉਤੇ ਹੰਢਾਉਂਦਾ ਹੈ ਜੋ ਜਗਿਆਸੂ ਲਈ ਯਾਦਗਾਰੀ ਰੋਸ਼ਨ ਮਿਨਾਰ ਵਾਂਗੂੰ ਪ੍ਰਜਵਲਿਤ ਹੁੰਦੀ ਹੈ। ਇਸ ਤਰ੍ਹਾਂ ਧਰਮ ਦੀ ਪੂਰਣ ਸਮਝ ਨਾ ਤਾਂ ਕੇਵਲ ਸ਼ਬਦ ਅਭਿਵਿਅਕਤੀ ਜਾਂ ਵਿਚਾਰਧਾਰਾ ਵਿਚ ਹੈ ਅਤੇ ਨਾ ਹੀ ਇਸਦਾ ਸੰਪੂਰਨ ਉਜਾਗਰ ਕੇਵਲ ਕਰਮ ਜਾਂ ਵਿਵਹਾਰ ਦੁਆਰਾ ਹੀ ਸੰਭਵ ਹੈ ਦਰਅਸਲ ਸ਼ਬਦ ਅਤੇ ਕਰਮ ਦੋਵੇਂ ਇਕ ਦੂਸਰੇ ਵਿੱਚ ਸਮਿਲਿਤ ਤੇ ਸੰਯੁਕਤ ਰੂਪ ਦੇ ਧਾਰਣੀ ਹਨ। ਇਹਨਾਂ ਨੂੰ ਪੂਰਣ ਤੌਰ ਤੇ ਅਲਗ ਅਲਗ ਕਰ ਸਕਣਾ ਅਸੰਭਵ ਹੈ ਅਤੇ ਨਾ ਹੀ ਧਰਮ ਦੇ ਮੂਲ ਪਰਿਵਰਤਕ ਜਾਂ ਗੁਰੂ ਇਹਨਾਂ ਨੂੰ ਅਲਗ ਅਲਗ ਰੂਪ ਵਿਚ ਦਰਸਾਉਂਦੇ ਹਨ। ਫਿਰ ਵੀ ਸਾਧਾਰਣ ਜਗਿਆਸੂ ਆਪਣੀ ਸੁਵਿਧਾ ਲਈ ਇਹਨਾਂ ਦੀ ਪਛਾਣ ਵੱਖ ਵੱਖ ਰੂਪ ਵਿਚ ਕਰਦਾ ਹੈ। ਕਰਮ ਦਾ ਵਿਹਾਰਕ ਰੂਪ ਪੂਜਾ ਨੂੰ ਜਨਮ ਦਿੰਦਾ ਹੈ। ਭਾਵੇਂ ਕਈ ਵੇਰ ਇਸ ਸਿਧਾਂਤਕਤਾ ਤੇ ਵਿਵਹਾਰਕਤਾ ਵਿਚ ਕਾਫ਼ੀ ਅੰਤਰ ਵਿਰੋਧ ਵੀ ਉਤਪੰਨ ਹੋ ਜਾਂਦੇ ਹਨ ਪਰ ਧਰਮ ਦੀ ਮੌਲਿਕਤਾ ਅਤੇ ਮੂਲ ਰੂਪ ਅਨੁਸਾਰ ਇਹ ਪੂਰਣ ਤੌਰ ਤੇ ਅੰਤਰ ਸੰਬੰਧਿਤ ਹਨ।

ਉਕਤ ਵਿਚਾਰ ਦੇ ਅੰਤਰਗਤ ਅਸੀਂ ਗੁਰੂ ਦੁਆਰਾ ਅਧਿਆਤਮਿਕ ਸਤਿ ਨੂੰ ਵਿਵਹਾਰਕ ਰੂਪ ਵਿਚ ਹੰਢਾਉਣ ਅਤੇ ਇਸ ਦੀ ਪ੍ਰਮਾਣਿਕਤਾ ਦਰਸਾਉਣ ਦੀ ਵਿਧੀ ਦੁਆਰਾ ਕਰਮ ਅਭਿਵਿਅਕਤੀ ਉਪਰ ਚਰਚਾ ਕੀਤੀ ਹੈ। ਇਸ ਅਧਿਆਤਮਿਕ ਸਤਿ ਦੀ ਪ੍ਰਾਪਤੀ ਲਈ ਜਦੋਂ ਕੋਈ ਜਗਿਆਸੂ ਸਾਧਕ ਗੁਰੂ ਦੁਆਰਾ ਦਰਸਾਏ ਗਏ ਮਾਰਗ ਉਤੇ ਚਲਣ ਦੇ ਯਤਨ ਪ੍ਰਤੀ ਕਾਰਜਸ਼ੀਲ ਹੁੰਦਾ ਹੈ ਤਾਂ ਇਸ ਕਰਮ ਅਭਿਵਿਅਕਤੀ ਦੀ ਵਿਵਹਾਰਕਤਾ ਨੂੰ ਹੋਰ ਬਲ ਮਿਲਦਾ ਹੈ। ਇਹ ਪ੍ਰਕ੍ਰਿਆ ਵਿਅਕਤੀਗਤ ਤੇ ਸਾਮੂਹਿਕ ਸੰਗਤ ਰੂਪ ਵਿਚ ਮੂਰਤੀਮਾਨ ਹੁੰਦੀ ਹੈ। ਸੰਗਤ ਇਕ ਸਾਂਝੀ ਸੋਚ, ਭਾਈਚਾਰਾ, ਸਾਮੂਹਿਕ ਉਤਸ਼ਾਹ ਦੀ ਭਾਵਨਾ ਪੈਦਾ ਕਰਦੀ ਹੈ। ਸੰਗਤ ਦਾ ਕਰਮ ਵਿਧਾਨ ਅਤੇ ਅਨੁਸ਼ਾਸਨ ਜਗਿਆਸੂ ਨੂੰ ਸੰਬੰਧਿਤ ਧਰਮ ਦੀ ਵਿਚਾਰਧਾਰਾ ਦਾ ਕਰਮ ਰੂਪ ਵਿਚ ਅਭਿਆਸ ਕਰਾਉਣ ਦਾ ਸਾਂਝਾ ਤੇ ਸਾਮੂਹਿਕ ਯਤਨ ਪ੍ਰਸਤੁਤ ਕਰਦਾ ਹੈ। ਇਸੇ ਕਰਕੇ ਧਰਮਾਂ ਵਿਚ ਸੰਗਤ ਦਾ ਵਿਸ਼ੇਸ਼ ਮਹੱਤਵ ਹੈ ਅਤੇ ਇਸ ਨੂੰ ਗੁਰੂ ਰੂਪ ਵੀ

ਆਖਿਆ ਜਾਂਦਾ ਹੈ।[28] ਇਸੇ ਕਰਕੇ ਕੁਝ ਵਿਦਵਾਨਾਂ ਨੇ ਵਿਚਾਰ ਅਤੇ ਕਰਮ ਤੋਂ ਬਿਨਾਂ ਇਕ ਹੋਰ ਵਿਧੀ ਸੰਗਤ ( Fellowship) ਨੂੰ ਵੀ ਸਵੀਕਾਰਿਆ ਹੈ। ਧਰਮ ਦੀ ਇਹ ਕ੍ਰਿਆਤਮਿਕ ਸਾਧਨਾ ਜਗਿਆਸੂ ਸਾਧਕ ਦੇ ਅਧਿਆਤਮਿਕ ਪੰਧ ਨੂੰ ਰੁਸ਼ਨਾਉਣ ਵਿਚ ਅਹਿਮ ਤੇ ਸਫਲ ਭੂਮਿਕਾ ਨਿਭਾਉਂਦੀ ਹੈ। ਇਸ ਸਾਧਕ ਦਾ ਆਪਣੇ ਅਧਿਆਤਮਿਕ ਲਕਸ਼ ਉਤੇ ਪਹੁੰਚਣਾ ਹੀ ਪੂਰਵ ਵਰਣਿਤ ਅਧਿਆਤਮਿਕ-ਸਤਿ ਦੇ ਅਨੁਭਵ ਦੀ ਕਰਮ ਅਭਿਵਿਅਕਤੀ ਦਾ ਲਕਸ਼ ਹੈ। ਧਰਮ ਦੇ ਪ੍ਰਸੰਗ ਵਿਚ ਅਧਿਆਤਮਿਕ ਅਨੁਭਵ ਦੀ ਅਭਿਵਿਅਕਤੀ ਲਈ ਭਾਵੇਂ ਭਿੰਨ ਭਿੰਨ ਵਿਧੀਆਂ ਅਤੇ ਜੁਗਤਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਪਰੰਤੂ ਇਹ ਆਪਣੇ ਮੂਲ ਸ਼ਕਤੀ, ਮੂਲ ਵਿਚਾਰਧਾਰਾ ਅਤੇ ਅਨੁਭਵ ਦੀ ਮੌਲਿਕਤਾ ਦੇ ਮੂਲ ਗੁਣਾਂ ਦੇ ਦੁਆਲੇ ਹੀ ਕੇਂਦਰਿਤ ਹੁੰਦੇ ਹਨ। ਵਿਭਿੰਨ ਭਾਰਤੀ ਧਰਮਾਂ ਨੇ ਅਧਿਆਤਮਿਕ ਅਨੁਭਵ ਦੀ ਵਿਭਿੰਨ ਵਿਧੀਆਂ ਤੇ ਜੁਗਤਾਂ ਦੁਆਰਾ ਅਭਿਵਿਅਕਤੀ ਕੀਤੀ ਹੈ। ਜੋ ਮੂਲ ਤੌਰ ਤੇ ਸ਼ਬਦ ਦੀ ਵਿਚਾਰਧਾਰਕ ਸਿਧਾਂਤਕਤਾ ਅਤੇ ਕਰਮ ਦੀ ਵਿਵਹਾਰਕਤਾ ਦੇ ਰੂਪ ਵਿਚ ਉਜਾਗਰ ਹੋਈ ਹੈ।[29]

3.3 ਅਭਿਵਿਅਕਤੀ: ਭਾਰਤੀ ਧਰਮ ਦਰਸ਼ਨ ਦੀਆਂ ਪ੍ਰਮੁੱਖ ਪਰੰਪਰਾਵਾਂ ਵਿਚ: ਅਧਿਆਤਮਿਕ ਅਨੁਭਵ ਦਾ ਪ੍ਰਥਮ ਲਿਖਤੀ ਤੇ ਪ੍ਰਮਾਣਿਤ ਸ੍ਰੋਤ ਵੇਦ ਗ੍ਰੰਥਾਂ ਨੂੰ ਮੰਨਿਆ ਜਾਂਦਾ ਹੈ ਪਰੰਤੂ ਇਸ ਤੋਂ ਇਹ ਭਾਵ ਹੈ ਕਿ ਇਹਨਾਂ ਤੋਂ ਪਹਿਲਾਂ ਅਧਿਆਤਮਿਕ ਅਨੁਭਵ ਜਾਂ ਅਧਿਆਤਮਿਕਤਾ ਦੀ ਕੋਈ ਹੋਂਦ ਨਹੀਂ ਸੀ ਸਗੋਂ ਪੂਰਵ ਵੇਦ ਧਾਰਮਿਕ ਜਗਤ ਦੇ ਪਾਸਾਰ ਨੂੰ ਉਸ ਸਮੇਂ ਦੇ ਲੋਕਾਂ ਦੇ ਜੀਵਨ ਜਾਚ (ਰਹਿਣ ਸਹਿਣ) ਤੋਂ ਉਹਨਾਂ ਦੇ ਧਾਰਮਿਕ ਵਿਸ਼ਵਾਸ਼ ਅਤੇ ਰੁਚੀ ਬਾਰੇ ਕਾਫ਼ੀ ਕੁਝ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਲੋਕ ਕਥਾਵਾਂ, ਮਿਥ, ਮੰਤਰ ਅਤੇ ਮਹਾਂਕਾਵਿ ਦੇ ਕਥਾ ਰੂਪ ਮੂਲ ਰੂਪ ਵਿਚ ਹਿੰਦੂ ਧਰਮ ਦੇ ਧਾਰਮਿਕ ਗ੍ਰੰਥਾਂ ਦਾ ਆਦਿ ਸ੍ਰੋਤ ਸਨ। ਜਿਸ ਤੋਂ ਹਿੰਦੂ ਧਰਮ ਦੇ ਲਿਖਤ ਰੂਪ ਵੇਦ,

---

28. (1) ਸਤ ਸੰਗਤਿ ਸਤਿਗੁਰ ਚਟਸਾਲ ਹੈ
ਜਿਤੁ ਹਰਿ ਗੁਣ ਸਿਖਾ॥
ਆਦਿ ਗ੍ਰੰਥ, ਵਾਰ ਕਾਨੜਾ 4, ਪੰਨਾ 1316

(2) ਸਾਧ ਸੰਗਿ ਹਰਿ ਕੀਰਤਨ ਗਾਈਐ॥
ਇਹੁ ਅਸਥਾਨੁ ਗੁਰੂ ਤੇ ਪਾਈਐ॥
ਆਦਿ ਗ੍ਰੰਥ, ਆਸਾ ਮਹਲਾ 5, ਪੰਨਾ 385

29. Joachim Wach, Sociology of Religion, p. 341.

ਬ੍ਰਾਹਮਣ, ਪੁਰਾਣ ਤੇ ਮਹਾਂਭਾਰਤ ਰਮਾਇਣ ਵਰਗੇ ਮਹਾਂਕਾਵਿ ਪ੍ਰਗਟ ਹੋਏ।[30] ਸਮੱਸਿਆ ਫਿਰ ਵੀ ਵੇਦਾਂ ਤੋਂ ਪੂਰਵਲੇ ਧਰਮ ਲੋਕ ਸੰਬੰਧੀ ਪ੍ਰਮਾਣਿਤ ਸ੍ਰੋਤਾਂ ਦੀ ਹੈ ਇਸੇ ਕਰਕੇ ਇਸ ਕਾਲ ਦੇ ਮਾਨਵੀ ਜੀਵਨ ਵਿਚ ਧਰਮ ਦੇ ਪਸਾਰੇ ਨੂੰ ਮਿਲੇ ਪੁਰਾਤਤਵੀ ਸੰਕੇਤਾਂ ਤੋਂ ਹੀ ਅੰਦਾਜ਼ਿਆਂ ਤੇ ਕਿਆਫ਼ਿਆਂ ਨਾਲ ਸਮਝਿਆ ਜਾ ਸਕਦਾ ਹੈ। ਇਹ ਸੰਕੇਤ ਭਾਵੇਂ ਅਧੂਰੇ ਤੇ ਅਪੂਰਣ ਹਨ ਪਰੰਤੂ ਭਾਰਤੀ ਪ੍ਰਸੰਗਾਂ ਵਿਚ ਇਸ ਧਰਮ ਦੇ ਵਿਸ਼ਾਲ ਪਸਾਰੇ ਦਾ ਸਪਸ਼ਟ ਪ੍ਰਗਟਾਅ ਵੀ ਹਨ। ਕਿਸੇ ਵੀ ਧਰਮ ਦੇ ਮੂਲ ਤੌਰ ਤੇ ਦੋ ਹਿੱਸੇ ਹੁੰਦੇ ਹਨ ਸਿਧਾਂਤ ਤੇ ਵਿਵਹਾਰ ਉਸ ਧਰਮ ਦੇ ਬਾਨੀ ਅਧਿਆਤਮਿਕ ਅਨੁਭਵੀ ਦੇ ਮੌਲਿਕ ਅਨੁਭਵ ਤੇ ਬੋਧ ਉਤੇ ਅਧਾਰਿਤ ਹੁੰਦੀ ਹੈ ਅਤੇ ਅਨੁਭਵ ਦੇ ਇਸ ਪਰਾਲੌਕਿਕ ਉਪਜੇ ਸਤਿ ਪ੍ਰਕਾਸ਼ ਵਿਚੋਂ ਲੌਕਿਕ ਜਗਤ ਪ੍ਰਤਿ ਉਹਨਾਂ ਦੀ ਪਹੁੰਚ ਧਰਮ ਦੇ ਸਿਧਾਂਤ ਜਾਂ ਵਿਵਹਾਰ ਦਾ ਨਿਰਧਾਰਣ ਕਰਦੀ ਹੈ। ਇਹ ਅਨੁਭਵੀ ਸਾਧਕ ਭਾਵੇਂ ਧਰਮ ਦੇ ਸਿਧਾਂਤਕ ਤੇ ਵਿਵਹਾਰਕ ਪੱਖ ਨੂੰ ਅਡੋ ਅਡਰੇ ਪ੍ਰਸਤੁਤ ਨਹੀਂ ਕਰਦੇ ਪਰੰਤੂ ਸਾਧਾਰਣ ਜਗਿਆਸੂ ਲਈ ਧਰਮ ਨੂੰ ਪਛਾਣਨ ਲਈ ਇਹ ਵਖੋ ਵਖਰੀ ਪਹਿਚਾਣ ਸਹਾਈ ਹੁੰਦੀ ਹੈ। ਵਿਸ਼ੇ ਦੀ ਸੀਮਾ ਨੂੰ ਮੁੱਖ ਰਖਦਿਆਂ ਅਸੀਂ ਵਿਭਿੰਨ ਭਾਰਤੀ ਧਰਮਾਂ ਦੇ ਪ੍ਰਸੰਗ ਵਿਚ ਆਪਣੀ ਗੱਲ ਨੂੰ ਅਗਾਂਹ ਤੋਰਦੇ ਹਾਂ। ਇਸ ਦਾ ਆਰੰਭ ਭਾਰਤੀ ਧਰਮ ਦਰਸ਼ਨ ਦੇ ਪ੍ਰਥਮ ਲਿਖਤ ਸ੍ਰੋਤ 'ਵੇਦ' ਤੋਂ ਚਰਚਾ ਦਾ ਆਰੰਭ ਕਰਦੇ ਹਾਂ।

3.3.1 ਵੇਦ: 'ਵੇਦ' ਨੂੰ ਮਾਨਵ ਜਾਤੀ ਦੇ ਸਭ ਤੋਂ ਪੂਰਵਲੇ ਮਹੱਤਵਪੂਰਨ ਧਾਰਮਿਕ ਦਸਤਾਵੇਜ਼ ਸਵੀਕਾਰਦਿਆਂ ਇਹਨਾਂ ਨੂੰ ਈਸ਼ਵਰੀ ਵਿਧਾਨ ਅਤੇ ਸਤਿ ਵਿਦਿਆਵਾਂ ਦਾ ਭੰਡਾਰ ਮੰਨਿਆ ਜਾਂਦਾ ਹੈ।[31] ਧਰਮ ਅਤੇ ਦਰਸ਼ਨ ਦੇ ਖੇਤਰ ਵਿਚ ਇਹਨਾਂ ਦਾ ਪ੍ਰਾਚੀਨਤਮ ਸਥਾਨ ਹੈ। ਇਹਨਾਂ ਦੀ ਗਿਣਤੀ ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵਵੇਦ ਚਾਰ ਹੈ। ਇਹਨਾਂ ਧਰਮ ਗ੍ਰੰਥਾਂ ਵਿਚ ਉਤਕ੍ਰਿਸ਼ਟ ਵਿਧੀ ਦੁਆਰਾ ਅਧਿਆਤਮਿਕ ਸਤਿ ਦੀ ਗੱਲ ਨੂੰ ਪ੍ਰਕਾਸ਼ਮਾਨ ਕੀਤਾ ਗਿਆ ਹੈ। ਚਾਰੇ ਵੇਦਾਂ ਵਿਚੋਂ 'ਅਥਰਵ ਵੇਦ' ਵਿਚ ਮੰਤਰ ਜਾਦੂ ਟੂਣੇ ਅਤੇ ਮੂਰਤੀ ਪੂਜਾ ਦੀ ਪ੍ਰਧਾਨਤਾ ਹੈ। ਇਸੇ ਤਰ੍ਹਾਂ ਰਿਗਵੇਦ ਵਿਚ ਦੇਵੀ ਦੇਵਤਿਆਂ ਦੀ ਉਸਤਤੀ ਅਰਚਨਾ ਤੇ ਪੂਜਾ ਧਰਮ ਦੇ ਸਾਧਕਾਂ ਦੇ ਵਿਵਹਾਰਕ ਪੱਖ ਦੀ ਪ੍ਰਸਤੁਤੀ ਹੈ। ਯਜੁਰਵੇਦ ਅਤੇ ਸਾਮਵੇਦ ਕਿਉਂਜੋ ਇਹਨਾਂ ਦੋਵਾਂ ਵਿਚੋਂ ਹੀ ਪ੍ਰਸਤੁਤ ਹੋਏ ਹਨ ਇਸੇ ਕਰਕੇ ਅਸੀਂ ਇਹਨਾਂ ਚਾਰੋ ਵੇਦਾਂ ਦੇ ਸਾਮੂਹਿਕ ਰੂਪ ਉਤੇ ਹੀ ਵਿਚਾਰ ਕਰਾਂਗੇ। ਵੇਦਾਂ ਵਿਚ ਪਸਤੁਤ ਕਰਮਕਾਂਡੀ ਦਰਸ਼ਨ (Ritual Philosophy) ਅਤੇ ਅਵਤਾਰਵਾਦੀ ਦ੍ਰਿਸ਼ਟੀਕੋਣ ਆਪਣੇ ਸਮਕਾਲੀਨ ਅਤੇ ਪੂਰਵਲੇ

---

30. J.V. Vilanilam, Religious Communication in India P.1. M/s Kairali Books International Trivandrum-1987,

31. S.N. Das Gupta, Hindu Mysticism, p. 3.

ਅਧਿਆਤਮਿਕ ਅਨੁਭਵ ਅਤੇ ਸਤਿ ਦੇ ਅਨੇਕ ਪਹਿਲੂ ਆਪਣੇ ਵਿਚ ਸਮੋਈ ਬੈਠਾ ਹੈ। ਮੰਤਰ, ਜਾਦੂ ਟੂਣੇ, ਮੂਰਤੀ ਪੂਜਾ, ਬਲੀ ਯਗ, ਦੇਵੀ-ਦੇਵਤਾ ਸਾਧਾਰਣ ਦ੍ਰਿਸ਼ਟੀ ਤੋਂ ਭਾਵੇਂ ਕਰਮਕਾਂਡੀ ਤੇ ਕੇਵਲ ਅਵਤਾਰਵਾਦੀ ਪਹੁੰਚ ਦੇ ਧਾਰਣੀ ਲਗਦੇ ਹਨ ਪਰੰਤੂ ਇਹਨਾਂ ਵਿਚਲੇ ਅਧਿਆਤਮਿਕ ਰੱਹਸ ਦੀਆਂ ਕੜੀਆਂ ਤੇ ਪਰਤਾਂ ਨੂੰ ਖੋਲ੍ਹਣ ਤੇ ਭਾਰਤ ਦੇ ਪ੍ਰਾਚੀਨਤਮ ਧਰਮ ਦਰਸ਼ਨ ਦਾ ਗਿਆਨ ਹੁੰਦਾ ਹੈ। ਇਹ ਸਤਿ ਵੀ ਹੈ, ਕਿਉਂਕਿ ਇਹ ਰਚਨਾਵਾਂ ਅਜਿਹੇ ਰਿਸ਼ੀਆਂ ਮੁਨੀਆਂ ਦਾ ਸਾਂਝਾ ਤੇ ਸਮਿਲਤ ਕਾਰਜ ਮੰਨਿਆ ਜਾਂਦਾ ਹੈ, ਜਿਹੜੇ ਦਿੱਬ-ਦ੍ਰਿਸ਼ਟਾ ਸਨ। ਇਹਨਾਂ ਨੇ ਅਧਿਆਤਮਿਕ-ਸਤਿ ਦੇ ਸਨਮੁੱਖ ਜੋ ਕੁਝ ਵੀ ਪ੍ਰਾਪਤ ਕੀਤਾ ਉਸਨੂੰ ਵੇਦਾਂ ਵਿਚ ਪ੍ਰਸਤੁਤ ਕੀਤਾ।

ਵੇਦ ਦੇ ਭਾਰਤੀ ਧਰਮ-ਦਰਸ਼ਨ ਅਤੇ ਸਾਹਿਤ ਦੇ ਖੇਤਰ ਵਿਚ ਪ੍ਰਾਚੀਨਤਮ ਪੂਰਵਲੀ ਪ੍ਰਮਾਣਿਕ ਰਚਨਾ ਹੋਣ ਕਰਕੇ ਇਹ ਅਧਿਆਤਮਿਕ-ਸਤਿ ਦੀ ਪ੍ਰਤੀਕਾਤਮਿਕ ਕਰਮ ਅਭਿਵਿਅਕਤੀ ਅਤੇ ਭਾਸ਼ਾਈ ਪ੍ਰਤੀਕਾਤਮਿਕ ਅਭਿਵਿਅਕਤੀ ਵਿਚਾਲੇ ਪੁਲ ਦਾ ਕਾਰਜ ਕਰਦੇ ਹਨ। ਅਧਿਆਤਮਿਕ-ਸਤਿ ਦੀ ਲਿਖਤ ਸਮੱਗਰੀ ਦੇ ਪ੍ਰਮਾਣਿਤ ਸ੍ਰੋਤਾਂ ਤੋਂ ਪੂਰਵ ਮਾਨਵ ਜਾਤੀ ਧਰਮ ਨੂੰ ਵਿਵਹਾਰਕ ਪ੍ਰਤੀਕਾਤਮਿਕਤਾ ਦੇ ਰੂਪ ਵਿਚ ਗ੍ਰਹਿਣ ਕਰਦੀ ਸੀ। ਜਿਸ ਦੇ ਨਤੀਜੇ ਵਜੋਂ ਪ੍ਰਤੀਕਾਤਮਿਕ ਕਰਮ ਪੂਜਾ ਦਾ ਵਿਕਾਸ ਹੋਇਆ ਇਸ ਸਮੇਂ ਮਾਨਵ ਜਾਤੀ ਦੇ ਪ੍ਰਤੀਕ ਵੀ ਉਸ ਦੀ ਸੋਚ ਕਾਰ ਵਿਹਾਰ ਵਾਂਗੂ ਇਨੇ ਜ਼ਿਆਦਾ ਸੂਖਮ ਨਹੀਂ ਸਨ ਇਸੇ ਕਰਕੇ ਮੰਤਰ, ਜਾਦੂ, ਟੂਣਾ, ਮੂਰਤੀਪੂਜਾ, ਬਲੀ ਅਤੇ ਦੇਵੀ ਦੇਵਤਿਆਂ ਨੂੰ ਰਿਝਾਉਣ ਦੀਆਂ ਭਿੰਨ ਭਿੰਨ ਪ੍ਰਤੱਖ ਵਿਵਹਾਰਕ ਜੁਗਤਾਂ ਹੋਂਦ ਵਿਚ ਆਈਆਂ। ਇਹਨਾਂ ਜੁਗਤਾਂ ਦੀਆਂ ਵਿਵਹਾਰਕ ਪਰਤਾਂ ਵਿਚੋਂ ਅਧਿਆਤਮਿਕ ਜਾਂ ਧਾਰਮਿਕ ਸਤਿ ਦੀ ਰਹਿਬਰੀ ਤੇ ਰੁਸ਼ਨਾਈ ਲਭਣ ਦੇ ਵਿਭਿੰਨ ਯਤਨਾਂ ਦੇ ਵਿਭਿੰਨ ਪਰਿਪੇਖ ਪ੍ਰਤੱਖ ਹੋ ਸਕਦੇ ਹਨ। ਮਾਨਵ ਜਾਤੀ ਅਤੇ ਸਮੇਂ ਦੇ ਨਿਰੰਤਰ ਵਿਕਾਸ ਨਾਲ ਗੁਰੂ ਸ਼ਿਸ਼ ਪਰੰਪਰਾ ਦੁਆਰਾ ਇਹ ਪ੍ਰਾਚੀਨਤਮ ਗਿਆਨ ਮੌਖਿਕ ਪਰੰਪਰਾ ਦੁਆਰਾ ਸੀਨਾ-ਬ-ਸੀਨਾ ਸੰਚਰਿਤ ਤੇ ਸੁਰਖਿਅਤ ਹੁੰਦਾ ਰਿਹਾ ਜਦੋਂ ਇਹ ਗਿਆਨ ਲਿਪੀਬਧ ਰੂਪ ਵਿਚ ਪਹੁੰਚਿਆ ਤਾਂ ਇਸ ਗਿਆਨ ਦੇ ਸੰਗ੍ਰਹਿ ਵੇਦਾਂ ਦੇ ਰੂਪ ਵਿਚ ਪ੍ਰਗਟ ਹੋਏ। ਇਸ ਤਰ੍ਹਾਂ ਵੇਦਾਂ ਦਾ ਗਿਆਨ ਇਹਨਾਂ ਤੋਂ ਪੂਰਵਲੀ ਮਾਨਵ ਜਾਤੀ ਦੇ ਪ੍ਰਾਚੀਨ ਚਿੰਤਨ ਦੀ ਵਿਸ਼ਾਲ ਪਰੰਪਰਾ ਦਾ ਲਿਪੀਬਧ ਪ੍ਰਕਾਸ਼ਨ ਹੈ। ਵੇਦਾਂ ਦਾ ਕੇਂਦਰੀ ਨੁਕਤਾ 'ਅਧਿਆਤਮ ਏਕਸ਼ਵਰੀਵਾਦ' ਹੈ। ਅਨੇਕਤਾ ਵਿਚ ਏਕਤਾ ਦਾ ਸੰਕਲਪ ਜੋ ਪਾਰਗਾਮੀ(Trancendent) ਹੈ ਉਸ ਪਰਮਸੱਤਾ ਪਰਮਸ਼ਕਤੀ ਪਾਰਬ੍ਰਹਮ ਨਾਲ ਸੰਬੰਧਿਤ ਹੋਣ ਕਰਕੇ ਇਹ ਵੀ ਉਸ ਅਸੀਮ ਨੂੰ ਮਾਨਵ ਪਹੁੰਚ ਦੁਆਰਾ ਅਭਿਵਿਅਕਤ ਕਰਨ ਦੀ ਕੋਸ਼ਿਸ਼ ਹੈ। ਅਧਿਆਤਮਿਕ-ਸਤਿ ਦੀ ਵੇਦਾਂ ਵਿਚ ਕਰਮਕਾਂਡ, ਯਗ, ਮੂਰਤੀਪੂਜਾ ਅਤੇ ਮੰਤ੍ਰਾਂ ਦੁਆਰਾ ਅਭਿਵਿਅਕਤੀ ਉਸ ਅਕੱਥ ਅਕਹਿ ਅਤੇ ਅਸੀਮ ਪਾਰਬ੍ਰਹਮ ਦਾ ਕਥਨ ਤੇ ਥਹੁ ਪਾਉਣ ਦਾ ਯਤਨ ਹੈ। ਵੇਦ ਦਰਸ਼ਨ ਦੀ ਵਿਆਖਿਆ ਤੇ ਵਿਸ਼ਲੇਸ਼ਣ

ਸਾਡਾ ਵਿਸ਼ਾ ਨਹੀਂ ਅਸੀਂ ਆਪਣੇ ਵਿਸ਼ੇ ਦੀ ਸੀਮਾ ਮੁਤਾਬਿਕ ਕੇਵਲ ਇਸ ਨੁਕਤੇ ਨਾਲ ਹੀ ਜੁੜਦੇ ਹਾਂ ਕਿ ਅਧਿਆਤਮਿਕ-ਅਨੁਭਵ ਦੀ ਅਭਿਵਿਅਕਤੀ ਭਾਰਤੀ ਧਰਮਾਂ ਦੇ ਪ੍ਰਸੰਗ ਵਿਚ ਸਪਸ਼ਟ ਹੈ ਕਿ ਵੇਦਾਂ ਤੋਂ ਪੂਰਵਲੇ ਸਮੇਂ ਵਿਚ ਵਿਵਹਾਰਕ ਤੇ ਕਰਮਕਾਂਡੀ ਰੂਪ ਵਿਚ ਪ੍ਰਸਤੁਤ ਹੋਈ ਅਤੇ ਨਾਲ ਹੀ ਇਸਦਾ ਭਾਸ਼ਾਈ ਪ੍ਰਤੀਕਾਤਮਿਕ ਲਿਪੀਬਧ ਸਰੂਪ ਵੇਦ ਮੰਤ੍ਰਾਂ ਦੀ ਸ਼ਕਲ ਵਿਚ ਸਾਹਮਣੇ ਆਇਆ। ਉਕਤ ਚਰਚਾ ਤੋਂ ਅਧਿਆਤਮਿਕ ਅਨੁਭਵ ਦੀ ਕਰਮ ਤੇ ਸ਼ਬਦ ਅਭਿਵਿਅਕਤੀ ਦੀ ਪ੍ਰਾਚੀਨਤਮ ਅਤੇ ਅਟੁੱਟ ਸਾਂਝ ਸਪਸ਼ਟ ਹੁੰਦੀ ਹੈ।

3.3.2 ਉਪਨਿਸ਼ਦ: ਉਪਨਿਸ਼ਦ ਵਿਚ ਪ੍ਰਸਤੁਤ ਗਿਆਨ ਨੂੰ ਪ੍ਰਤਿਭ (Revealed) ਗਿਆਨ ਸਵੀਕਾਰਿਆ ਜਾਂਦਾ ਹੈ। ਅਧਿਆਤਮਿਕ ਸਤਿ ਦੀ ਅਭਿਵਿਅਕਤੀ ਦਾ ਇਹ ਮਾਰਗ ਪੂਰਣ ਰੂਪ ਵਿਚ ਆਤਮ-ਗਿਆਨ ਨਾਲ ਜੁੜਿਆ ਹੋਇਆ ਹੈ। ਜਿਸ ਦਾ ਕੇਂਦਰ ਗੁਰੂ ਹੈ। ਉਪਨਿਸ਼ਦ ਅਧਿਆਤਮਿਕ-ਸਤਿ ਦੀ ਅਭਿਵਿਅਕਤੀ ਦਾ ਅਜਿਹਾ ਮਾਡਲ ਹਨ ਜਿਨ੍ਹਾਂ ਦੇ ਅੰਤਰਗਤ ਸਤਿ-ਗਿਆਨ ਦੀ ਪ੍ਰਾਪਤੀ ਦੇ ਵਿਭਿੰਨ ਵਿਵਹਾਰਕ ਉਪਕਰਣਾਂ ਤੇ ਸਾਧਨਾਂ ਦਾ ਇਸਤੇਮਾਲ ਵੀ ਦਰਸਾਇਆ ਗਿਆ ਹੈ। ਗੁਰੂ ਮੁੱਖ ਇਸ ਅਭਿਵਿਅਕਤੀ ਅਤੇ ਸੰਚਾਰ ਦਾ ਕੇਂਦਰੀ ਧੁਰਾ ਹੈ। ਉਪਨਿਸ਼ਦ ਸ਼ਬਦ ਦੀ ਵਿਉਤਪਤੀ 'ਉਪ' ਭਾਵ (ਨਿਕਟ) 'ਨਿ' (ਨੀਚੇ) 'ਸ਼ਦ' (ਬੈਠੇ) ਮੰਨੀ ਜਾਂਦੀ ਹੈ। ਜਿਸ ਤੋਂ ਸਪਸ਼ਟ ਹੈ ਕਿ ਗੁਰੂ ਦੀ ਹਜ਼ੂਰੀ ਵਿਚ ਗੁਰੂ ਮੁੱਖ ਤੋਂ ਗੁਰੂ ਸਨਮੁੱਖ ਬੈਠ ਕੇ ਪ੍ਰਾਪਤ ਕੀਤਾ ਗਿਆਨ[32] ਅਧਿਆਤਮਿਕ-ਸਤਿ ਦਾ ਗਿਆਨ ਉਪਨਿਸ਼ਦ ਹਨ। ਅਧਿਆਤਮਿਕ ਸਤਿ ਦੀ ਅਨੁਭੂਤੀ ਤੇ ਅਭਿਵਿਅਕਤੀ ਦੀ ਪ੍ਰਕ੍ਰਿਆ ਵਿਚ ਉਪਨਿਸ਼ਦ ਵਿਅਕਤੀ ਨੂੰ ਉਸ ਅਧਿਆਤਮਿਕ-ਸਤਿ ਦਾ ਗਿਆਨ ਕਰਵਾਉਂਦੇ ਹਨ, ਜਿਸ ਮਾਰਗ ਉਤੇ ਚਲ ਕੇ ਉਸਨੇ ਪਰਮਸਤਿ ਦੀ ਪ੍ਰਾਪਤੀ ਕਰਨੀ ਹੈ। ਸ਼ਿਸ਼ ਗੁਰੂ ਦੇ ਮੁੱਖ ਤੋਂ ਲੌਕਿਕ ਜਗਤ ਦੀ ਵਾਸਤਵਿਕਤਾ ਨੂੰ ਪਰਾਲੌਕਿਕ ਜਗਤ ਦੇ ਅਧਿਆਤਮਿਕ-ਸਤਿ ਦੀ ਰੋਸ਼ਨੀ ਵਿਚ ਗ੍ਰਹਿਣ ਕਰਦਾ ਹੈ। ਉਪਨਿਸ਼ਦਾਂ ਦਾ ਇਹ ਮਾਰਗ ਸਾਧਨਾ ਦੁਆਰਾ ਅਧਿਆਤਮਿਕ ਅਨੁਭਵ ਦੀ ਪ੍ਰਾਪਤੀ ਦਾ ਮਾਰਗ ਹੈ। ਇਹਨਾਂ ਵਿਚ ਦਰਸਾਇਆ ਗਿਆ ਗਿਆਨ ਕਿਸੇ ਇਕ ਨਿਸ਼ਚਿਤ ਵਿਚਾਰਧਾਰਾ ਨਾਲ ਸੰਬੰਧਿਤ ਨਾ ਹੋ ਕੇ ਵੱਖ ਵੱਖ ਵਿਅਕਤੀਆਂ ਦੀਆਂ ਅਧਿਆਤਮਿਕ ਜਗਤ ਸੰਬੰਧੀ ਭਿੰਨ ਭਿੰਨ ਵਿਚਾਰਾਂ ਦਾ ਪ੍ਰਗਟੀਕਰਣ ਹੈ। ਇਹੀ ਕਾਰਣ ਹੈ ਕਿ ਭਿੰਨ ਭਿੰਨ ਪ੍ਰਾਪਤ ਹੋਣ ਵਾਲੇ ਵਿਚਾਰ ਪਰਸਪਰ ਵਿਰੋਧੀ ਹੁੰਦੇ ਹਨ ਜਿਹਨਾਂ ਨੂੰ ਦਰਸ਼ਨ ਦੀ ਇਕੋ ਤਰਕਸੰਗਤ ਸ੍ਰਿੰਖਲਾਬਧ ਅਤੇ ਸੰਯੋਜਿਤ ਪ੍ਰਣਾਲੀ ਵਿਚ ਨਹੀਂ ਰਖਿਆ ਜਾ ਸਕਦਾ।[33] ਏਸੇ ਕਰਕੇ ਈਸ਼,

---

32. Dr. Chandradhar Sharma, A Critical Survey of Indian Philosophy, P. 17

33. ਕੇ. ਚੰਦੋਰਕਰ, ਭਾਰਤੀਯ ਚਿੰਤਨ ਪਰੰਪਰਾ, ਪੰਨਾ 49

ਮੁੰਡਕ, ਬ੍ਰਿਹਦਨਾਯਕ, ਐਤਰੀਯ, ਤੈਤਰੀਯ ਪ੍ਰਸ਼ਨ, ਕੇਨ, ਕਠ, ਮਾਂਡੂਕਯ, ਸ਼ਵੇਤਾਸ਼ਵਰ, ਮੈਤ੍ਰਯ ਅਤੇ ਕੋਸ਼ਤਿਕ ਆਦਿ ਉਪਨਿਸ਼ਦਾਂ ਵਿਚ ਭਿੰਨ ਭਿੰਨ ਅਧਿਆਤਮਿਕ ਚਿੰਤਨ ਦੀ ਗਲ ਕੀਤੀ ਗਈ ਹੈ। ਮੂਲ ਤੌਰ ਤੇ ਉਪਨਿਸ਼ਦਾਂ ਦਾ ਸੰਦੇਸ਼ ਅਧਿਆਤਮਿਕ ਸਤਿ ਦੀ ਰਹਸਵਾਦੀ ਤਲਾਸ਼ (Mystical Quest) ਹੈ। ਅਧਿਆਤਮਿਕ ਸਤਿ ਦੇ ਅਕੱਥ ਤੇ ਅਕਹਿ ਅਨੁਭਵ ਨੂੰ ਰਿਸ਼ੀਆਂ ਨੇ ਜਗਿਆਸੂ ਸ਼ਿਸ਼ਾਂ ਦੀ ਪਕੜ ਵਿਚ ਲਿਆਉਣ ਲਈ ਭਿੰਨ ਭਿੰਨ ਉਦਾਹਰਣਾਂ, ਦ੍ਰਿਸ਼ਟਾਂਤਾਂ, ਨੀਤੀ ਕਥਾਵਾਂ ਅਤੇ ਹੋਰ ਅਨੇਕ ਵਿਧੀਆਂ ਦੁਆਰਾ ਸੰਚਾਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਅਨੁਭਵ ਤੇ ਬੋਧ ਦਾ ਸਿਖਰ ਅਖੰਡ ਆਨੰਦ ਹੈ ਜੋ ਅਧਿਆਤਮਿਕ ਸਤਿ ਦੇ ਅਨੁਭਵ ਤੇ ਬੋਧ ਦੀ ਹੀ ਇਕ ਅਵਸਥਾ ਹੈ। ਜਿਵੇਂ ਸ੍ਵੈ ਦੀ ਹੋਂਦ ਦਾ ਸਮਾਪਨ (ਤਤਮਸਿ) ਹੋ ਜਾਂਦਾ ਹੈ ਜਗਿਆਸੂ ਨੂੰ ਇਹ ਅਵਸਥਾ ਸਮਝਾਉਣ ਲਈ ਨੇਤਿ ਨੇਤਿ ਦੀ ਸੰਗਿਆ ਦਿਤੀ ਜਾਂਦੀ ਹੈ। ਇਸ ਸੰਗਿਆ ਦੇ ਫਲਸਰੂਪ ਸਭ ਪਾਸੇ ਬ੍ਰਹਮ ਹੀ ਬ੍ਰਹਮ ਹੈ ਅਤੇ ਬ੍ਰਹਮ ਪ੍ਰਕਾਸ਼ ਵਿਚੋਂ ਅਖੰਡ ਆਨੰਦ ਦੀ ਅਨੁਭੂਤੀ ਦਾ ਪ੍ਰਕਾਸ਼ਨ ਹੁੰਦਾ ਹੈ।

ਉਪਨਿਸ਼ਦਾਂ ਵਿਚ ਗਿਆਨ ਨੂੰ ਮੁਕਤੀ ਦਾ ਇਕੋ ਇਕ ਸਾਧਨ ਮੰਨਿਆ ਗਿਆ ਹੈ ਅਤੇ ਇਸ ਗਿਆਨ ਦੀ ਪ੍ਰਾਪਤੀ ਉਪਨਿਸ਼ਦ ਨਦਰਿ ਜਾਂ ਕ੍ਰਿਪਾ ਨਹੀਂ ਮੰਨਦੇ। ਸਗੋਂ ਇਹ ਗਿਆਨ ਪ੍ਰਾਤਿਭ ਅਤੇ ਅਨੁਭਵੀ ਗਿਆਨ ਹੈ। ਜਿਸ ਦੀ ਪ੍ਰਾਪਤੀ ਗੁਰੂ ਦੁਆਰਾ ਦਰਸਾਏ ਗਏ ਮਾਰਗ ਉਤੇ ਚਲ ਕੇ ਹੋਣੀ ਹੈ। ਗੁਰੂ ਦਾ ਇਹ ਮਾਰਗ ਮਨ ਅਤੇ ਸਰੀਰ ਨੂੰ ਵਿਭਿੰਨ ਵਿਧੀਆਂ ਤੇ ਜੁਗਤਾਂ ਦੁਆਰਾ ਆਤਮ ਸੁਧੀ ਵਲ ਲਿਜਾਉਂਦਾ ਹੈ। ਆਤਮ ਸੁਧੀ ਤੋਂ ਉਪਰਾਂਤ ਹੀ ਆਤਮ ਗਿਆਨ ਦੀ ਪ੍ਰਾਪਤੀ ਸੰਭਵ ਹੈ। ਇਹ ਆਤਮ ਗਿਆਨ ਹੀ ਰਹਸਾਤਮਿਕਤਾ ਦਾ ਧਾਰਣੀ ਹੈ ਅਤੇ ਇਸ ਨੂੰ ਸਤਿ ਰੂਪ ਵਿਚ ਪ੍ਰਾਪਤ ਸਿੱਧੀ ਜਾਂ ਪ੍ਰਤੱਖ ਚੇਤਨਤਾ ਸਵੀਕਾਰ ਕੀਤਾ ਗਿਆ ਹੈ।[34] ਇਸ ਨੂੰ ਇਕਾਗਰ ਖੋਜ (Earnest quest) ਅਤੇ ਉਸਦੀ ਪੂਰਤੀ ਵੀ ਕਿਹਾ ਜਾ ਸਕਦਾ ਹੈ। ਅਤੇ ਇਹੀ ਇਕਾਗਰ ਖੋਜ ਭਾਰਤੀ ਅਧਿਆਤਮ ਦਰਸ਼ਨ ਦੇ ਇਤਿਹਾਸ ਵਿਚ ਉਪਨਿਸ਼ਦਾਂ ਤੋਂ ਸ਼ੁਰੂ ਹੁੰਦੀ ਹੈ।[35] ਇਸ ਤਰ੍ਹਾਂ ਇਸ ਵਿਧੀ ਦੁਆਰਾ ਪ੍ਰਾਪਤ

---

34. "In the Mystical writing today the Mystical experience defined as 'A direct awareness of reality conceived as value.'"
Mahendra Nath Sircar, Hindu Mysticism, p.8.

35. "But it is only in the upanishads that one finds the earliest instance of sincere and earnest quest after Brahman, the highest and the greatest."
Mahendra Nath Sircar, Hindu Mysticism, p. 34.

ਕੀਤਾ ਗਿਆ ਅਧਿਆਤਮਿਕ ਅਨੁਭਵ ਦਾ ਗਿਆਨ ਭਾਰਤੀ ਪ੍ਰਸੰਗ ਵਿਚ ਇਕਾਗਰ ਖੋਜ ਦੇ ਮਾਰਗ ਦਾ ਪ੍ਰਾਰੰਭ ਹੈ। ਗਿਆਨ ਦਾ ਖਜ਼ਾਨਾ ਵੱਖ ਵੱਖ ਗਿਆਨਵਾਨਾਂ ਦੇ ਦੇਣ ਹੋਣ ਕਰਕੇ ਇਸ ਵਿਚਲੀਆਂ ਅੰਤਰ ਵਿਰੋਧੀ ਵਿਚਾਰਾਂ ਤੇ ਵਿਆਖਿਆ ਦੇ ਸਹੀ ਸੰਦਰਭ ਨੂੰ ਨਾ ਸਮਝ ਸਕਣ ਕਰਕੇ ਭਾਵੇਂ ਕਈ ਭਰਮ ਭੁਲੇਖੇ ਵੀ ਉਤਪੰਨ ਹੋ ਜਾਂਦੇ ਹਨ ਪਰੰਤੂ ਇਹਨਾਂ ਦੇ ਗਿਆਨ ਨੂੰ ਸਮੁੱਚ ਆਂਗਿਕ ਦ੍ਰਿਸ਼ਟੀਕੋਣ ਤੋਂ ਵਾਚਣ ਉਤੇ ਇਹਨਾਂ ਵਿਚ ਪ੍ਰਸਤੁਤ ਅਧਿਆਤਮਿਕ-ਸਤਿ ਦੇ ਅਨੁਭਵ ਤੇ ਬੋਧ ਦੀ ਵਿਸ਼ਿਸ਼ਟ ਪ੍ਰਕ੍ਰਿਆ ਉਜਾਗਰ ਹੁੰਦੀ ਹੈ।

3.3.3 ਯੋਗ ਪਰੰਪਰਾ: ਵਿਧੀਪੂਰਵਕ ਕਮਾਈ ਜਾਂ ਸਾਧਨਾ ਦੁਆਰਾ ਅਧਿਆਤਮਿਕ ਅਨੁਭਵ ਦੀ ਪ੍ਰਾਪਤੀ ਦੀ ਸਪਸ਼ਟ ਮਿਸਾਲ ਯੋਗ ਸਾਧਨਾ ਹੈ। ਸਾਧਨਾ ਦੇ ਇਸ ਮਾਰਗ ਉਤੇ ਚਲ ਕੇ ਸਾਧਕ ਵਿਸ਼ਿਸ਼ਟ ਰੂਪ ਵਿਚ ਨਿਰਧਾਰਿਤ ਕਠੋਰ ਤੇ ਕਠਿਨ ਅਨੁਸ਼ਾਸ਼ਨ ਦੇ ਕਾਇਆ ਤਪ ਵਿਚੋਂ ਗੁਜ਼ਰ ਕੇ ਕਾਇਆ ਤੇ ਮਨ ਨੂੰ ਸਾਧਦਾ ਹੋਇਆ ਸਮਾਧੀ ਦੀ ਅਵਸਥਾ ਪ੍ਰਾਪਤ ਕਰਦਾ ਹੈ ਅਤੇ ਇਹ ਸਮਾਧੀ ਪਰਮਸਤਿ ਨਾਲ ਉਸਦਾ ਸਾਖਿਆਤਕਾਰ ਕਰਾਉਂਦੀ ਹੈ। ਉਪਨਿਸ਼ਦ ਅਤੇ ਵੇਦਾਂ ਵਿਚ ਵੀ ਯੋਗ ਸਾਧਨਾ ਦੇ ਕੁਝ ਹਵਾਲੇ ਉਪਲਬੱਧ ਹਨ। ਇਸ ਦਰਸ਼ਨ ਦਾ ਵਰਣਨ ਪੰਤਜਲੀ ਰਿਸ਼ੀ ਦੁਆਰਾ 159 ਈਸਾ ਪੂਰਵ ਵਿਚ ਕੀਤਾ ਮੰਨਿਆ ਜਾਂਦਾ ਅਤੇ ਇਹ ਉਪਨਿਸ਼ਦਾਂ ਦੇ ਨਾਲੋਂ ਪ੍ਰਸਤੁਤੀ ਵਿਚ ਅੰਤਰ ਰਖਦਾ ਹੈ।[36] ਇਸ ਵਖਰੇਵੇਂ ਦਾ ਮੂਲ ਕਾਰਣ ਵਿਵੇਕ ਗਿਆਨ ਸੰਬੰਧੀ ਪ੍ਰਸਤੁਤੀ ਦੀ ਵਿਭਿੰਨਤਾ ਹੈ। ਯੋਗ ਵਿਚ ਯੋਗ ਦੀ ਵਿਆਖਿਆ ਕਰਦਿਆਂ ਇਸ ਨੂੰ ਚਿਤ ਬ੍ਰਿਤੀਆਂ ਦਾ ਨਿਰੋਧ ਮੰਨਿਆ ਜਾਂਦਾ ਹੈ ਜਿਸ ਦੁਆਰਾ ਆਦਮੀ ਆਦੀਆਂ ਬਿਆਧੀਆਂ ਤੇ ਉਪਾਧੀਆਂ ਤੋਂ ਮੁਕਤ ਹੋ ਕੇ ਸਮਾਧੀ ਵਿਚ ਲੀਨ ਹੋਣ ਵਲ ਯਤਨਸ਼ੀਲ ਹੁੰਦਾ ਹੈ।[37] ਯੋਗ ਨੂੰ ਇਸ ਦੇ ਕਠੋਰ ਕਾਇਆ ਤਪ ਕਰਕੇ ਹਠ ਯੋਗ ਵੀ ਕਿਹਾ ਜਾਂਦਾ ਹੈ। ਯੋਗ ਦਾ ਅਸ਼ਟਾਂਗ ਮਾਰਗ ਯਮ, ਨਿਯਮ, ਆਸਣ, ਪ੍ਰਾਣਾਯਮ, ਪ੍ਰਤਯਹਾਰ, ਧਾਰਨਾ, ਧਿਆਨ ਅਤੇ ਸਮਾਧੀ ਇਸ ਸੰਬੰਧ ਵਿਚ ਵਧੇਰੇ ਪ੍ਰਚਲਿਤ ਤੇ ਪ੍ਰਮਾਣਿਤ ਹੈ।[38] ਯੋਗ ਦਾ ਇਹ ਮਾਰਗ 'ਨੈਤਿਕ ਉਥਾਨ' (Moral Elevation) ਦੇ ਲਕਸ਼ ਦਾ ਧਾਰਣੀ ਹੁੰਦਾ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਯੋਗ ਦਾ ਮਾਰਗ ਕਠਿਨ ਸਾਧਨਾ ਦੁਆਰਾ ਕਾਇਆ ਤੇ ਮਨ ਨੂੰ ਸਾਧ ਕੇ ਸਮਾਧੀ

---

36. R.C. Zaehner, Hindu and Muslim Mysticism, p. 9.

37. Theos Bernard, Hindu Philosophy, p. 105.

38. ਪਾਤੰਜਲਿ, ਯੋਗ ਦਰਸ਼ਨ (ਹਿੰਦੀ), ਪੰਨਾ 84

ਦੀ ਅਵਸਥਾ ਵਿਚ ਲੀਨ ਹੋਣਾ ਹੈ ਅਤੇ ਇਸ ਸਮਾਧੀ ਦੇ ਦੌਰਾਨ ਹੀ ਅਧਿਆਤਮਿਕ-ਸਤਿ ਦਾ ਰਹੱਸਾਤਮਿਕ ਅਨੁਭਵ ਤੇ ਬੋਧ ਹੁੰਦਾ ਹੈ।

3.3.4 ਜੈਨ ਪਰੰਪਰਾ: ਜੈਨ ਪੱਧਤੀ ਵਿਚ ਪ੍ਰਭੂ ਵਿਸ਼ਵਾਸ਼ ਭਾਵੇਂ ਪ੍ਰਮੁੱਖ ਨਹੀਂ ਪਰੰਤੂ ਅਧਿਆਤਮਿਕ-ਅਕਾਂਖਿਆ ਅਤੇ ਅਧਿਆਤਮਿਕ-ਸਤਿ ਨੂੰ ਜਾਣਨ ਦੀ ਰੀਝ ਮੁਕਤੀ ਪ੍ਰਾਪਤੀ ਲਈ ਯਤਨ ਇਸ ਦੇ ਅੰਗ ਜ਼ਰੂਰ ਹਨ। ਜੈਨ ਚਿੰਤਕਾਂ ਨੇ ਮਧਕਾਲੀਨ ਰਹੱਸਵਾਦ ਨੂੰ ਉਧਾਰਨ ਤੇ ਸੰਵਾਰਨ ਵਿਚ ਕਾਫੀ ਹਿੱਸਾ ਪਾਇਆ ਹੈ।[39] ਜੈਨ ਪੱਧਤੀ ਦੇ ਪੂਰਵਜ ਚੌਬੀਸ (24) ਤੀਰਥੰਕਰ ਮੰਨੇ ਜਾਂਦੇ ਹਨ। ਜਿਨ੍ਹਾਂ ਵਿਚ ਪ੍ਰਥਮ ਚਿੰਤਕ ਰਿਸ਼ਭਦੇਵ ਤੇ ਅਖ਼ੀਰਲਾ ਵਰਧਮਾਨ ਮਹਾਵੀਰ ਮਹਾਤਮਾ ਬੁਧ ਦਾ ਸਮਕਾਲੀ ਸੀ। ਜਿਸ ਦਾ ਸਮਾਂ ਛੇਵੀਂ ਸਦੀ ਈਸਾ ਪੂਰਵ ਮੰਨਿਆ ਜਾਂਦਾ ਹੈ। ਜੈਨ ਪੱਧਤੀ ਵਿਚ ਅਧਿਆਤਮਿਕ-ਸਤਿ ਦੀ ਪ੍ਰਾਪਤੀ ਦੇ ਲਕਸ਼ ਨੂੰ ਆਤਮ ਮੁਕਤੀ ਨਾਲ ਤੁਲਨਾਇਆ ਗਿਆ ਹੈ। ਮੁਕਤੀ ਹੀ ਜੈਨ ਚਿੰਤਕਾਂ ਦਾ ਲਕਸ਼ ਹੈ। ਜੈਨ ਦਰਸ਼ਨ ਵਿਚ ਪ੍ਰਭੂ ਸੱਤਾ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਅਤੇ ਇਹਨਾਂ ਤੀਰਥੰਕਰਾਂ ਦੀ ਪੂਜਾ ਨੂੰ ਪ੍ਰਧਾਨਤਾ ਦਿਤੀ ਜਾਂਦੀ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਉਹਨਾਂ ਤੀਰਥੰਕਰਾਂ ਨੇ ਬੰਧਨ ਮੁਕਤ ਹੋ ਕੇ ਅਨੰਦ ਸਰੂਪ ਦੀ ਪ੍ਰਾਪਤੀ ਕਰ ਲਈ ਹੈ ਅਤੇ ਇਹੋ ਲਕਸ਼ ਇਸ ਮਾਰਗ ਤੇ ਚਲਣ ਵਾਲੇ ਜੈਨੀਆਂ ਦਾ ਹੈ। ਜੈਨੀ ਆਤਮਾ ਨੂੰ ਬੰਧਨ ਵਿਚ ਮੰਨਦੇ ਹਨ ਅਤੇ ਬੰਧਨ ਤੋਂ ਮੁਕਤ ਹੋਣ ਲਈ ਸਤਿ ਗਿਆਨ ਦੀ ਪ੍ਰਾਪਤੀ ਤੇ ਸਤਿ ਗਿਆਨ ਦੇ ਨਿਰਦੇਸ਼ਨ ਵਿਚ ਚਲ ਕੇ ਆਤਮਾ ਦੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜੈਨ ਚਿੰਤਕ ਵਰਧਮਾਨ ਨੇ ਆਤਮਾ ਤੇ ਸ਼ਰੀਰ ਨੂੰ ਇਕ ਦੂਜੇ ਤੋਂ ਭਿੰਨ ਦਰਸਾਉਂਦਿਆਂ ਇਹਨਾਂ ਦੇ ਇਕ ਦੂਸਰੇ ਨਾਲ ਮਿਲ ਕੇ ਕਾਰਜ ਕਰਨ ਦੀ ਗੱਲ ਆਖੀ ਹੈ। ਇਸ ਲਈ ਲਾਜ਼ਮੀ ਹੈ ਕਿ ਉਚਿਤ ਆਚਰਣ ਦੁਆਰਾ ਹੀ ਸਰੀਰ ਨੂੰ ਪੂਰਣ ਬਣਾਇਆ ਜਾਵੇ ਕਿਉਂਜੋ ਸਹੀ ਤੇ ਸ਼ੁਧ ਆਚਰਣ ਹੀ ਗਿਆਨ ਦਾ ਮੂਲ ਆਧਾਰ ਹੈ। ਇਸੇ ਕਰਕੇ ਜੈਨੀਆਂ ਨੇ ਕਰਮ ਤੇ ਵੇਸ ਦੁਆਰਾ ਜੈਨ ਧਰਮ ਦੀਆਂ ਸਿਖਿਆਵਾਂ ਨੂੰ ਪ੍ਰਚਾਰਿਆ। ਮੂੰਹ ਤੇ ਪੱਟੀ ਬੰਨ੍ਹਣਾ, ਝਾੜੂ ਹੱਥ ਵਿਚ ਰਖਣਾ, ਜੀਵ ਹੱਤਿਆ ਤੋਂ ਗੁਰੇਜ਼ ਕਰਨਾ, ਸਦਾ ਸਤਿ ਬੋਲਣਾ, ਕਿਸੇ ਦੀ ਦਿੱਤੀ ਹੋਈ ਵਸਤੂ ਨਾ ਲੈਣਾ, ਬ੍ਰਹਮਚਾਰਯ ਦਾ ਪਾਲਣ ਕਰਣਾ ਅਤੇ ਸਭ ਤੋਂ ਮਹੱਤਵਪੂਰਨ ਅਹਿੰਸਾ ਨੂੰ ਧਾਰਣ ਕਰਨਾ ਉਨ੍ਹਾਂ ਦੇ ਧਰਮ ਦਾ ਪ੍ਰਚਾਰ ਸਾਧਨ ਸੀ।[40] ਜਿਸ ਨੂੰ ਜੈਨ ਚਿੰਤਕਾਂ ਨੇ ਕ੍ਰਿਆਤਮਿਕ ਰੂਪ ਵਿੱਚ

---

39. "Another contribution of Jainism which is not often recognised is its part in the growth of Medieval Mysticism." Mohan Sen Kshit, Hinduism, p.66.

40. J.V. Vilanilam, Religious Communication in India, p.10.

ਅਭਿਵਿਅਕਤ ਕੀਤਾ।

ਜੈਨ ਮਾਰਗ ਦਾ ਮੁੱਖ ਸਾਧਨ ਤ੍ਰਿਰਤਨ (ਸਮਯਕ ਦਰਸ਼ਨ, ਸਮਯਕ, ਗਿਆਨ ਅਤੇ ਸਮਯਕ ਚਰਿਤਰ) ਨੂੰ ਸਵੀਕਾਰਿਆ ਗਿਆ ਹੈ।[41] ਅਹਿੰਸਾ ਦਾ ਇਸ ਚਿੰਤਨ ਵਿਚ ਮਹੱਤਵਪੂਰਣ ਸਥਾਨ ਹੈ। ਅਹਿੰਸਾ ਨੂੰ ਸਕ੍ਰਿਯ ਵਿਸ਼ਵਾਸ਼ ਮੰਨਿਆ ਗਿਆ ਹੈ। ਜਿਸ ਨੂੰ ਹਰ ਜੈਨੀ ਨੇ ਮਨ ਵਾਣੀ ਅਤੇ ਕਰਮ ਕਰਕੇ ਪੂਰਣ ਰੂਪ ਵਿਚ ਅਪਣਾਉਣਾ ਹੁੰਦਾ ਹੈ। ਅਨੰਤ ਗਿਆਨ, ਅਨੰਤ ਸ਼ਰਧਾ, ਅਨੰਤ ਸ਼ਕਤੀ, ਅਨੰਤ ਅਨੰਦ ਨਾਮਕ ਆਤਮਕ ਅਵਸਥਾਵਾਂ ਜਿਨ੍ਹਾਂ ਨੂੰ ਅਨੰਤ ਚਤੁਸ਼ਯ ਦੇ ਸੰਯੁਕਤ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ ਆਤਮਾ ਨੂੰ ਬੰਧਨ ਮੁਕਤ ਕਰਨ ਦੀਆਂ ਵਿਭਿੰਨ ਅਵਸਥਾਵਾਂ ਹਨ। ਹਰ ਮੁਕਤ ਆਤਮਾ ਨੂੰ ਜੀਨਾ (Jina) ਆਖਦੇ ਹਨ। ਜੈਨ ਸਿਧਾਂਤ ਦਾ ਆਦਰਸ਼ ਜੀਵਨ ਵਿਚ ਅਜੀਵ ਦੇ ਪ੍ਰਵੇਸ਼ ਨੂੰ ਰੋਕਣਾ ਅਤੇ ਕੁਦਰਤੀ ਤੌਰ ਤੇ ਪ੍ਰਵੇਸ਼ ਅਜੀਵ ਨੂੰ ਜੀਵ ਵਿਚੋਂ ਬਾਹਰ ਕਢਣ ਦੀ ਪ੍ਰਕ੍ਰਿਆ ਹੈ। ਰੋਕਣ ਦੀ ਪਹਿਲੀ ਪ੍ਰਕ੍ਰਿਆ ਨੂੰ 'ਸੰਵਰ' ਅਤੇ ਦੂਜੀ ਨੂੰ 'ਨਿਰਜਰਾ' ਆਖਿਆ ਜਾਂਦਾ ਹੈ। ਇਹਨਾਂ ਦੋਹਾਂ ਕ੍ਰਿਆਵਾਂ ਦਾ ਫਲ ਮੁਕਤੀ ਹੈ।[42] ਇਸ ਤਰ੍ਹਾਂ ਜੈਨ ਧਰਮ ਨਿਜ ਸਹਾਇਤਾ ਤੇ ਵਿਅਕਤੀਗਤ ਅਕਾਂਖਿਆ ਤੇ ਅਧਾਰਿਤ ਧਰਮ ਹੈ ਜਿਸ ਵਿੱਚ ਪ੍ਰਭੂ ਸੱਤਾ ਦਾ ਵਿਸ਼ੇਸ਼ ਸਥਾਨ ਨਾ ਹੋਣ ਕਾਰਣ ਵੀ ਅਨੰਤ ਆਨੰਦ ਅਤੇ ਆਤਮ ਮੁਕਤੀ ਦੁਆਰਾ ਲਕਸ਼ ਦੀ ਪ੍ਰਾਪਤੀ ਕਰੀ ਜਾਂਦੀ ਹੈ।

3.3.5 ਬੁੱਧ ਪਰੰਪਰਾ: ਮਹਾਤਮਾ ਬੁੱਧ ਨੇ ਬੁੱਧ ਧਰਮ ਦੀ ਨੀਂਹ ਉਸ ਸਤਿ-ਪ੍ਰਕਾਸ਼ ਦੇ ਅਨੁਭਵ ਦੇ ਆਧਾਰ ਤੇ ਰਖੀ ਜਿਹੜਾ ਉਸਨੂੰ ਪ੍ਰਾਪਤ ਹੋਇਆ ਸੀ। ਬੁੱਧ ਧਰਮ ਵਿਚ ਇਸੇ ਆਨੰਦਮਈ ਪ੍ਰਕਾਸ਼ ਦਾ ਅਨੁਭਵ ਬੋਧੀ ਸਾਧਕਾਂ ਦਾ ਲਕਸ਼ ਹੈ। ਅਧਿਆਤਮਿਕ-ਸਤਿ ਤੇ ਅਭਿਵਿਅਕਤੀ ਦੀ ਪ੍ਰਕ੍ਰਿਆ ਨੂੰ ਬੁਧ ਧਰਮ ਦੇ ਸੰਦਰਭ ਵਿਚ ਹੋਰ ਵੀ ਜ਼ਿਆਦਾ ਸਪਸ਼ਟ ਰੂਪ ਵਿਚ ਸਮਝਿਆ ਜਾ ਸਕਦਾ ਹੈ। ਬੁੱਧ ਨੇ ਜਿਸ ਆਨੰਦਮਈ ਪ੍ਰਕਾਸ਼ ਦਾ ਅਨੁਭਵ ਕੀਤਾ ਉਸੇ ਦੀ ਅਭਿਵਿਅਕਤੀ ਦੁਆਰਾ ਸਮੂਹ ਅਨੁਯਾਈਆਂ ਨੂੰ ਇਸ ਦੀ ਪ੍ਰਾਪਤੀ ਵਲ ਪ੍ਰੇਰਿਆ। ਇਸ ਦੀ ਪ੍ਰਾਪਤੀ ਲਈ ਬੁੱਧ ਨੇ ਅਸ਼ਟਾਂਗ ਮਾਰਗ ਪ੍ਰਸਤੁਤ ਕੀਤਾ ਜਿਸ ਵਿਚ ਠੀਕ ਵੇਖਣਾ, ਠੀਕ ਸੋਚਣਾ, ਠੀਕ ਬੋਲਣਾ, ਠੀਕ ਕੰਮ ਕਰਨਾ, ਠੀਕ ਧੰਧਾ ਕਰਨਾ, ਠੀਕ ਵਿਚਾਰ ਧਾਰਨ ਕਰਨਾ, ਠੀਕ ਤਰ੍ਹਾਂ ਨਾਲ ਮਨ ਨੂੰ ਜੋੜਨਾ ਸ਼ਾਮਿਲ ਹਨ। ਇਸ ਰਸਤੇ ਤੇ ਚਲਦਿਆਂ ਸਮਾਧੀ ਜਾਂ ਧਿਆਨ ਵਿਚ ਲੀਨ ਹੋ ਕੇ ਉਸ ਅਨੰਦਮਈ ਪ੍ਰਕਾਸ਼ ਦਾ ਅਨੁਭਵ ਸੰਭਵ ਹੈ। ਮਹਾਤਮਾ ਬੁੱਧ ਨੇ ਅਧਿਆਤਮਿਕ ਅਨੁਭਵ ਦੇ ਪ੍ਰਕਾਸ਼ ਨੂੰ ਕੇਵਲ ਸਤਿ ਦੇ ਪ੍ਰਕਾਸ਼ ਵਜੋਂ ਹੀ ਸਵੀਕਾਰਿਆ ਹੈ

---

41. ਕੇ. ਦਮੋਦਰਨ, <u>ਭਾਰਤੀਯ ਚਿੰਤਨ ਪਰੰਪਰਾ</u>, ਪੰਨਾ 139

42. ਬੁੱਧ ਪ੍ਰਕਾਸ਼, <u>ਭਾਰਤੀਯ ਧਰਮ ਏਵੰ ਸੰਸਕ੍ਰਿਤੀ (ਹਿੰਦੀ)</u>, ਪੰਨਾ 68

ਅਤੇ ਇਸਦੇ ਰਹੱਸਾਤਮਿਕ ਰੂਪ ਸੰਬੰਧੀ ਵਿਸ਼ੇਸ਼ ਚਰਚਾ ਜਾਂ ਸਿਧਾਂਤਵਾਦੀ ਦ੍ਰਿਸ਼ਟੀਕੋਣ ਨੂੰ ਰਦ ਕੀਤਾ ਹੈ।[43]

ਬੁਧ ਨੇ ਸਹਿਜ ਜੀਵਨ ਦੀ ਧਾਰਨਾ ਪ੍ਰਸਤੁਤ ਕੀਤੀ ਹੈ ਅਤੇ ਇਸ ਸਹਿਜ ਜੀਵਨ ਦੀ ਪ੍ਰਾਪਤੀ ਲਈ ਯਤਨ ਵੀ ਦਸੇ ਹਨ। ਬੁਧ ਦਾ ਅਸ਼ਟਾਂਗ ਮਾਰਗ ਤੇ ਚਲਣ ਦਾ ਉਪਦੇਸ਼ ਸਮੂਹ ਧਰਮਾਂ ਤੇ ਵਰਣਾਂ ਦੇ ਲੋਕਾਂ ਨੂੰ ਸੰਬੰਧਿਤ ਸੀ। ਬੁਧ ਦੀ ਅਭਿਵਿਅਕਤੀ ਦੀ ਵਿਸ਼ੇਸ਼ਤਾ ਇਹ ਸੀ ਕਿ ਉਸਨੇ ਆਪਣੇ ਉਪਦੇਸ਼ ਲਈ ਦੇਸੀ ਭਾਸ਼ਾ(Local Language ) ਨੂੰ ਚੁਣਿਆ। ਜਦੋਂ ਕਿ ਉਸ ਤੋਂ ਪਹਿਲਾਂ ਬ੍ਰਾਹਮਣਵਾਦੀ ਸੰਸਕ੍ਰਿਤ ਭਾਸ਼ਾ ਵਿਚ ਕੁਲੀਨ ਵਰਗ ਦੇ ਲੋਕਾਂ ਨੂੰ ਹੀ ਸਿਖਿਆਵਾਂ ਦਿੰਦੇ ਸਨ। ਜਿਸਦੀ ਤੁਲਨਾ ਵਿਚ ਬੁਧ ਧਰਮ ਨਾ ਸਿਰਫ਼ ਲੋਕਪ੍ਰਿਯ ਹੋਇਆ ਬਲਕਿ ਇਸ ਸੰਸਾਰੀ ਕਿਸਮ ਦੇ ਸਿਧਾਂਤ ਦੀ ਉਲਝਣ ਅਤੇ ਪ੍ਰਸ਼ਨ ਵਿਚਾਰ ਆਦਿ ਤੋਂ ਉਪਰ ਉਠ ਕੇ ਉਨੰਤੀ ਦੇ ਮਾਰਗ ਤੇ ਚਲਣ ਲਈ ਸਮੂਹ ਲੋਕਾਂ ਨੂੰ ਪ੍ਰੇਰਣ ਵਿਚ ਸਫਲ ਵੀ ਹੋਇਆ।[44] ਬੁੱਧ ਦਾ ਮਾਰਗ ਨਿਰਵਾਣ ਪ੍ਰਾਪਤੀ ਦਾ ਮਾਰਗ ਹੈ ਜਿਸ ਵਿਚ ਧਿਆਨ ਵਿਚ ਲੀਨ ਹੋ ਕੇ ਫਜ਼ੂਲ ਦੇ ਸਿਧਾਂਤਵਾਦ ਨਾਲ ਵਿਸਮਾਦ ਅਤੇ ਆਨੰਦ ਦੀ ਅਵਸਥਾ ਨੂੰ ਤਰਜੀਹ ਦੇਣੀ ਹੈ। ਇਸ ਤਰ੍ਹਾਂ ਮਹਾਤਮਾ ਬੁੱਧ ਨੇ ਅਧਿਆਤਮਿਕ ਅਨੁਭਵ ਦਾ ਸਿੱਧਾ ਤੇ ਸਪਸ਼ਟ ਮਾਰਗ ਅਪਣਾਉਂਦਿਆਂ ਇਸ ਸੰਬੰਧੀ ਆਪਣੀ ਪਹੁੰਚ ਨੂੰ ਧਰਮ ਸ਼ਾਸਤਰ ਤੇ ਸਿਧਾਂਤਵਾਦ ਤੋਂ ਵਖਰਾ ਸਵੀਕਾਰਿਆ ਹੈ। ਮਹਾਤਮਾ ਬੁਧ ਦੀਆਂ ਸਿਖਿਆਵਾਂ ਨੂੰ ਲਿਖਤੀ ਰੂਪ ਵਿਚ ਬੁਧ ਤੋਂ ਕਾਫ਼ੀ ਸਮਾਂ ਪਿਛੋਂ ਪ੍ਰਕਾਸ਼ਿਤ ਕੀਤਾ ਗਿਆ। ਸ਼ਾਇਦ ਵਿਚਲੇ ਉਤਪੰਨ ਭਰਮ ਭੁਲੇਖੇ ਬੁਧ ਧਰਮ ਦੀ ਕਾਰਜ ਪ੍ਰਣਾਲੀ ਸੰਬੰਧੀ ਸ਼ੰਕੇ ਉਤਪੰਨ ਕਰਦੇ ਹਨ ਪਰੰਤੂ ਮਹਾਤਮਾ ਬੁੱਧ ਦੀ ਕੇਂਦਰੀ ਸੋਚ ਅਟੱਲ ਹੈ।

3.3.6 ਗੀਤਾ ਪਰੰਪਰਾ: ਸ੍ਰੀਮਦ ਭਗਵਤ ਗੀਤਾ ਦਾ ਸ਼ਾਬਦਿਕ ਅਰਥ 'ਪਰਮਾਤਮਾ ਦਾ ਗੀਤ' ਜਾਂ 'ਬ੍ਰਹਮ ਗੀਤ' ਹੈ।[45] ਇਹ ਕਿਸੇ ਦਾਰਸ਼ਨਿਕ ਲਿਖਤ ਤੋਂ ਵਧ ਰਹੱਸਮਈ ਕਾਵਿ ਸਰੂਪ ਹੈ। ਭਾਰਤੀ ਧਰਮ ਦਰਸ਼ਨ ਵਿਚ ਸ੍ਰੀਮਦ ਭਗਵਤ ਗੀਤਾ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ ਅਤੇ ਇਸ ਨੂੰ ਉਪਨਿਸ਼ਦਾਂ ਤੋਂ ਬਾਅਦ ਦੀ ਵਿਸ਼ੇਸ਼ ਉਪਦੇਸ਼ਾਤਮਿਕ ਰਚਨਾ ਸਵੀਕਾਰਿਆ ਜਾਂਦਾ ਹੈ। ਗੀਤਾ ਕੇਵਲ

43. Mahendra Nath Sircar, Hindu Mysticism, p.1.

44. J.V. Vilanilam, Religious Communication in India, p.8.

45. Dr Chandradhar Sharma, A Critical Survey of Indian Philosophy, p. 38.

ਧਰਮ ਜੀਵਨ ਦਾ ਮਾਰਗ ਦਰਸ਼ਨ ਨਹੀਂ ਕਰਦੀ ਸਗੋਂ ਇਹ ਰੱਹਸਵਾਦੀ ਦਰਸ਼ਨ ਦਾ ਨਿਚੋੜ ਵੀ ਹੈ।[46] ਇਸ ਸੰਬੰਧ ਵਿਚ ਇਕ ਬਹੁਤ ਸਪਸ਼ਟ ਉਦਾਹਰਣ ਰੂਪਕ ਸਹਿਤ ਪ੍ਰਗਟ ਕੀਤੀ ਗਈ ਹੈ। ਜਿਸ ਅਨੁਸਾਰ ਸਰਵ ਉਪਨਿਸ਼ਦਾਂ ਨੂੰ 'ਗਊਆਂ' ਗੋਪਾਲ ਨੰਦਨ ਕ੍ਰਿਸ਼ਨ ਨੂੰ 'ਗਊਆਂ ਦਾ ਦੁੱਧ ਚੋਣ ਵਾਲਾ', ਸੁਧੀਰ ਅਰਜਨ ਨੂੰ 'ਦੁੱਧ ਪੀਣ ਵਾਲਾ' ਅਤੇ ਗੀਤਾ ਦੇ ਮਹਾਨ ਅੰਮ੍ਰਿਤ ਨੂੰ 'ਦੁੱਧ' ਸਵੀਕਾਰਿਆ ਗਿਆ ਹੈ।[47] ਉਪਨਿਸ਼ਦਾਂ ਤੇ ਗੀਤਾ ਦੇ ਸਿਧਾਂਤਾਂ ਦੀ ਬੁਨਿਆਦੀ ਸਾਂਝ ਹੋਣ ਕਰਕੇ ਵੀ ਗੀਤਾ ਦੀ ਮੌਲਿਕਤਾ ਇਸ ਦਾ ਧਰਮ 'ਕਰਮ' ਨਾਲ ਜੁੜਿਆ ਹੈ ਅਤੇ ਉਪਨਿਸ਼ਦਾਂ ਦਾ ਧਰਮ ਗਿਆਨ ਤਕ ਹੀ ਸੀਮਿਤ ਹੈ।[48] ਅਧਿਆਤਮਿਕ ਸਾਧਨਾ ਵਿਚ ਪ੍ਰੇਮ ਦਾ ਪ੍ਰਵੇਸ਼ ਗੀਤਾ ਰੱਹਸਵਾਦ ਨਾਲ ਸੰਬੰਧਿਤ ਹੈ।[49] ਇਸ ਤੋਂ ਬਿਨਾਂ ਆਤਮਸਮਰਪਣ, ਸਿਮਰਨ, ਇੰਦ੍ਰੀਆਂ ਨੂੰ ਵਸ ਕਰਨ ਵਰਗੀ ਸਾਧਨਾ ਭਾਵ ਭੋਗ ਵਿਚ ਜਤੀ ਅਤੇ ਕਰਮ ਵਿਚ ਤਪੀ ਰਹਿਣ ਦੀ ਸਥਿਤੀ ਹੈ[50] ਫਲ ਦੀ ਇੱਛਾ ਕੀਤੇ ਬਿਨਾਂ ਕਰਮ ਕਰਨ ਦਾ ਸਿਧਾਂਤ ਗੀਤਾ ਦਾ ਕੇਂਦਰੀ ਨੁਕਤਾ ਹੈ। ਇਸ ਤਰ੍ਹਾਂ ਗੀਤਾ ਅਧਿਆਤਮਿਕ-ਸਤਿ ਦੇ ਬੋਧ ਨੂੰ ਜੀਵਨ ਦੇ ਅਮਲੀ ਰੂਪ ਨਾਲ ਜੋੜ ਕੇ ਕਰਮ ਵਿਚ ਵਿਸ਼ਵਾਸ਼ ਰਖਦੀ ਹੈ ਅਤੇ ਕਰਮ ਸਾਧਨਾ ਦੁਆਰਾ ਇਸ ਦੁਨਿਆਵੀ ਪ੍ਰਪੰਚ ਤੋਂ ਉਪਰ ਉਠਕੇ ਉਸ ਸਰਬ-ਸ਼ਕਤੀਮਾਨ ਦੇ ਹੁਕਮ ਤੇ ਹਕੂਮਤ ਨੂੰ ਸਵੀਕਾਰਦਿਆਂ ਆਪਾ ਸਮਰਪਣ, ਆਪਾ ਨਿਰਾਲਮ ਅਤੇ ਕੇਵਲ ਹੁਕਮ ਅਨੁਸਾਰ ਕਰਮ ਉਤੇ ਬਲ ਦਿੰਦੀ ਹੈ। ਇਹ ਮਾਰਗ ਅਧਿਆਤਮਿਕ-ਸਤਿ ਦੀ ਕਰਮ ਅਭਿਵਿਅਕਤੀ ਦਾ ਸਿਧਾ ਵਿਵਹਾਰਕ ਤੇ ਅਮਲੀ ਮਾਰਗ ਹੈ। ਜਿਸ ਉਤੇ ਚਲ ਕੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਤਮਾ ਤੇ ਪਰਮਾਤਮਾ ਦਾ ਮੇਲ ਹੁੰਦਾ ਹੈ। ਇਹੀ ਆਤਮ ਅਨੁਭਵ ਅਧਿਆਤਮਿਕ-ਸਤਿ ਦਾ ਅਨੁਭਵ ਤੇ ਬੋਧ ਹੈ, ਜਿਸ ਦੁਆਰਾ ਇਸ ਜਗਤ ਦੀ ਵਾਸਤਵਿਕਤਾ ਨੂੰ ਸਮਝਦਿਆਂ ਹੋਇਆਂ ਇਸ ਦੇ ਸਨਮੁੱਖ ਹੋ ਕੇ 'ਕਰਮ' ਕਰਨ ਨੂੰ ਮੂਲ ਰੂਪ ਵਿਚ ਸਵੀਕਾਰਿਆ ਗਿਆ ਹੈ।

---

46. R.C. Zaehner, Hindu and Muslim Mysticism, p.11.

47. ਸਰਵੋਪਨਿਸ਼ਦੋ ਗਾਵੋ ਦੋਗਧਾ ਗੋਪਾਨੰਦਨ:।
ਪਾਰਥੋ ਵਤਸ: ਸੁਧੀਰਭੋਗਤਾ ਦੁਗਧੰ ਗੀਤਾਮਤ੍ਰੰ ਮਹਤ।।

48. Mahendra Nath Sircar, Mysticism in Bhagwat Gita, p.26.

49. R.C. Zaehner, Hindu and Muslim Mysticism, p.11.

50. ਗੀਤਾ ਅਧਿਆਇ 5, ਸ਼ਲੋਕ 8.9

3.3.7 ਦਖਣੀ ਪਰੰਪਰਾ: ਸ੍ਰੀਮਤ ਭਗਵਤ ਗੀਤਾ ਤੋਂ ਪਹਿਲਾਂ ਦੱਖਣ ਵਿਚ ਜਿਸ ਅਧਿਆਤਮਿਕ ਬੋਧ ਦੀ ਗਲ ਤੁਰੀ ਉਸ ਦਾ ਮੂਲ ਕੇਂਦਰ ਭਗਤੀ ਹੀ ਸੀ। ਇਸ ਮਤ ਦੇ ਪ੍ਰਚਾਰਕਾਂ ਨੇ ਵਿਸ਼ਨੂੰ ਅਤੇ ਸ਼ਿਵਜੀ ਨੂੰ ਪ੍ਰਧਾਨ ਦੇਵਤੇ ਮੰਨ ਕੇ ਬ੍ਰਾਹਮਣੀ ਪੂਜਾ ਨੂੰ ਨਾ ਕਬੂਲਦਿਆਂ ਪੂਜਾ ਦੀ ਨਵੀਨ ਪੱਧਤੀ ਦਾ ਆਰੰਭ ਕੀਤਾ। ਰਾਮ, ਕ੍ਰਿਸ਼ਨ ਨੂੰ ਇਹਨਾਂ ਨੇ ਵਿਸ਼ਨੂੰ ਦਾ ਅਵਤਾਰ ਮੰਨਿਆ ਹੈ। ਆਵਾਗਮਨ, ਚੌਰਾਸੀ ਲਖ ਜੂਨ, ਤੇ ਇਸ ਚੌਰਾਸੀ ਦੇ ਗੇੜ ਤੋਂ ਕਰਮ ਤੇ ਭਗਤੀ ਦੁਆਰਾ ਮੁਕਤੀ ਅਤੇ ਫੇਰ ਪ੍ਰਭੂ ਮਿਲਣ ਇਸ ਮਤ ਦੇ ਸਿਧਾਂਤ ਹਨ।

ਦੱਖਣ ਵਿਚ ਇਸ ਸਮੇਂ ਪ੍ਰਚਾਰ ਵਿਚ ਆਈ 'ਆਲਾਵਰ' ਅਤੇ 'ਨਾਇਨਰ' ਸੰਤਾਂ ਭਗਤਾਂ ਦੀ ਲਹਿਰ ਜਨਸਾਧਾਰਣ ਵਿਚ ਕਾਫ਼ੀ ਪ੍ਰਚਲਿਤ ਤੇ ਪ੍ਰਮਾਣਿਤ ਸੀ। ਵੈਸ਼ਨਵ ਸੰਤਾਂ ਨੂੰ ਅਲਾਵਰ ਅਤੇ ਸ਼ੈਵ ਸੰਤਾਂ ਨੂੰ ਨਾਯਾਨਰ ਆਖਦੇ ਸਨ। 'ਆਲਾਵਰ' ਸ਼ਬਦ ਦਾ ਅਰਥ ਪ੍ਰਭੂ ਦੇ ਪਿਆਰ ਵਿਚ ਗੜੂੰਦ ਜਾਂ ਭਗਵਾਨ ਦੇ ਧਿਆਨ ਵਿਚ ਡੁਬਾ ਹੋਇਆ। ਇਕ ਹੋਰ ਵਿਆਖਿਆ ਅਨੁਸਾਰ ਅਧਿਆਤਮਿਕ-ਗਿਆਨ ਰੂਪੀ ਸਾਗਰ ਵਿਚ ਡੂੰਘੀਆਂ ਟੁਭੀਆਂ ਲਾਉਣ ਵਾਲੇ ਨੂੰ ਆਲਾਵਰ ਆਖਦੇ ਹਨ।[51] ਇਹ ਆਲਾਵਰ ਬ੍ਰਹਮਾ ਦੇ ਅਵਤਾਰ ਦੀ ਭਗਤੀ ਕਰਦੇ ਸਨ। ਜਦੋਂ ਕਿ ਨਾਯਨਾਰ ਜਾਂ ਵੈਸ਼ ਭਗਤ ਸ਼ਿਵ ਦੇ ਉਪਾਸ਼ਕ ਸਨ। ਇਹਨਾਂ ਸੰਤਾਂ ਨੇ ਪ੍ਰਭੂ ਭਗਤੀ ਦੇ ਅਸੰਖ ਗੀਤਾਂ ਦੀ ਰਚਨਾ ਕੀਤੀ ਅਤੇ ਉਹਨਾਂ ਨੂੰ ਸਾਰੇ ਦੇਸ਼ ਵਿਚ ਭਗਤੀ ਦੇ ਪ੍ਰਵਾਹ ਸੰਗ ਪ੍ਰਵਾਹਿਤ ਕੀਤਾ ਇਹ ਧਾਰਮਿਕ ਗੀਤ ਧਾਰਮਿਕ ਅਨੁਭੂਤੀ ਦਾ ਅਮੁਲ ਖਜ਼ਾਨਾ ਬਣ ਗਏ।[52] ਇਹ ਸੰਤ ਕਿਸੇ ਇਕ ਸਥਾਨ ਤੇ ਟਿਕਣ ਦੀ ਬਜਾਏ ਜਗ੍ਹਾ ਜਗ੍ਹਾ ਘੁੰਮਦੇ ਫਿਰਦੇ, ਮੰਦਿਰਾਂ ਦੇ ਦਰਸ਼ਨ ਕਰਦੇ ਅਤੇ ਜਨਸਾਧਾਰਣ ਵਿਚ ਪ੍ਰਭੂ ਭਗਤੀ ਦੀ ਗਲ ਘਰ ਘਰ ਵਿਅਕਤੀ ਵਿਅਕਤੀ ਦੇ ਮਨ ਵਿਚ ਵਸਾਉਣ ਦੇ ਰਸਤੇ ਉਤੇ ਤੁਰੇ। ਇਹਨਾਂ ਸੰਤਾਂ ਭਗਤਾਂ ਦੀ ਬਾਣੀ ਤਾਮਿਲ ਵਿਚ ਲਿਖੀ ਮਿਲਦੀ ਹੈ। ਇਹਨਾਂ ਅਨੁਸਾਰ ਮੁਕਤੀ ਜਾਂ ਮੋਕਸ਼ ਭਗਤੀ ਉਤੇ ਹੀ ਨਿਰਭਰ ਹੈ, ਕਰਮਕਾਂਡਾਂ ਜਾਂ ਯਗ ਆਦਿ ਤੇ ਨਹੀਂ। ਆਤਮਾ ਨੂੰ ਪਰਮਾਤਮਾ ਨਾਲੋਂ ਵਿਛੜੀ ਮੰਨਦਿਆਂ ਉਸ ਪਰਮਾਤਮਾ ਨਾਲ ਇਸਦੇ ਮਿਲਾਪ ਦੀ ਗਲ ਕੀਤੀ ਹੈ। ਪ੍ਰੇਮ ਵਿਚ ਭਿਜੀਆਂ ਇਹਨਾਂ ਸੰਤਾਂ ਰੂਹਾਂ ਨੂੰ ਦਖਣੀ ਭਾਰਤੀ ਪ੍ਰਸੰਗ ਵਿਚ ਭਗਤੀ ਦਾ ਸਿਖ਼ਰ ਵੀ ਆਖਿਆ ਜਾਂਦਾ ਹੈ। ਅਸਲੋਂ ਵਿਛੜੀ ਆਤਮਾ ਨੂੰ ਭਗਤੀ ਦੁਆਰਾ ਅਧਿਆਤਮਿਕ ਸਫ਼ਰ ਉਤੇ ਤੋਰਣਾ ਇਹਨਾਂ ਸੰਤਾਂ ਦਾ ਉਪਦੇਸ਼ ਹੈ। ਬਾਣੀ ਅਤੇ ਸੰਗੀਤ ਇਹਨਾਂ ਦੇ ਸੰਦੇਸ਼ ਦੇ ਵਾਹਕ ਹਨ ਅਤੇ ਪ੍ਰਭੂ ਭਗਤੀ ਦੁਆਰਾ ਆਤਮ ਗਿਆਨ, ਆਤਮ ਪ੍ਰਕਾਸ਼

---

51. ਭਗਤੀ ਕਾਵਿ (ਸੰਪਾ.) ਆਰ. ਐਸ. ਵਤਸ, ਪੰਨਾ 36

52. ਕੇ. ਦਮੋਦਰਨ, ਭਾਰਤੀਯ ਚਿੰਤਨ ਪਰੰਪਰਾ, ਪੰਨਾ 254

ਦੀ ਪ੍ਰਾਪਤੀ ਅਤੇ ਆਤਮ ਮੁਕਤੀ ਇਹਨਾਂ ਦੀ ਸਾਧਨਾ ਦਾ ਲਕਸ਼ ਹੈ। ਇਹ ਸਾਧਕ ਭਜਨ ਕੀਰਤਨ ਦੇ ਬਿਸਮਾਦੀ ਰੰਗ ਵਿਚ ਲੀਨ ਹੋਣ ਵਿਚ ਵੀ ਵਿਸ਼ਵਾਸ਼ ਰਖਦੇ ਸਨ ਅਤੇ ਇਸ ਪ੍ਰੇਮ ਤੇ ਭਗਤੀ ਦੇ ਰਸਤੇ ਉਤੇ ਚਲ ਕੇ ਅਧਿਆਤਮਿਕ-ਸਤਿ ਦੀ ਪ੍ਰਾਪਤੀ ਵਲ ਯਤਨਸ਼ੀਲ ਦਿਸਦੇ ਸਨ।

3.3.8 ਭਗਤੀ ਪਰੰਪਰਾ: ਭਗਤੀ ਨੂੰ ਪਰਮਾਤਮਾ ਦੀ ਨਿਸ਼ਕਾਮ ਸੇਵਾ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹ 'ਕਰਮ' ਦਾ ਹੀ ਇਕ ਰੂਪ ਹੈ ਜੋ ਗਿਆਨ ਬਿਨਾਂ ਸੰਭਵ ਨਹੀਂ ਜਦੋਂ ਭਗਤੀ ਸੰਪੂਰਨ ਹੋ ਜਾਂਦੀ ਹੈ ਤਾਂ ਵਿਅਕਤੀ ਤੇ ਪਾਰਬ੍ਰਹਮ ਇਕ ਦੂਸਰੇ ਵਿਚ ਲੀਨ ਹੋਣ ਦੀ ਅਧਿਆਤਮਿਕ ਸਥਿਤੀ ਵਿਚ ਲੀਨ ਹੋ ਜਾਂਦੇ ਹਨ।[53] ਭਗਤੀ ਧਰਮ ਦਰਸ਼ਨ ਦੇ ਪ੍ਰਸੰਗ ਵਿਚ ਅਧਿਆਤਮਿਕ-ਸਤਿ, ਸਤਿ ਦੇ ਅਨੁਭਵ ਤੇ ਬੋਧ ਦੀ ਭਗਤੀ ਪੱਧਤੀ ਦਾ ਆਰੰਭ ਭਾਵੇਂ ਗੀਤਾ ਤੋਂ ਮੰਨਿਆ ਜਾਂਦਾ ਹੈ, ਪਰੰਤੂ ਇਸ ਦਾ ਵਿਵਧਪੱਖੀ ਤੇ ਵਿਵਧਦਿਸ਼ਾਈ ਸਰੂਪ ਵੇਦਾਂ, ਉਪਨਿਸ਼ਦਾਂ ਤੋਂ ਵੀ ਸਵੀਕਾਰਿਆ ਜਾਂਦਾ ਹੈ। ਉਸ ਤੋਂ ਉਪਰੰਤ ਦੱਖਣ ਅਤੇ ਉਤਰ ਵਿਚ ਪ੍ਰਭੂ ਭਗਤੀ ਦਾ ਕਾਫੀ ਪ੍ਰਚਾਰ ਹੋਇਆ ਅਤੇ ਭਗਤੀ ਸਰਗੁਣ ਅਤੇ ਨਿਰਗੁਣ ਰੂਪਾਂ ਵਿਚ ਉਘੜ ਕੇ ਸਾਹਮਣੇ ਆਈ। ਭਗਤੀ ਦਾ ਸਰਗੁਣ ਸਰੂਪ ਪਰਮਾਤਮਾ ਦੇ ਸਾਕਾਰ ਰੂਪ ਦਾ ਉਪਾਸ਼ਕ ਸੀ, ਜਦੋਂ ਕਿ ਨਿਰਗੁਣ ਭਗਤੀ ਦੇ ਉਪਾਸ਼ਕ ਸੰਤਾਂ ਭਗਤਾਂ ਨੇ ਪਰਮਾਤਮਾ ਦੀ 'ਨਿਰਾਕਾਰ ਸੱਤਾ' ਨੂੰ ਸਵੀਕਾਰ ਕੀਤਾ; ਪਰੰਤੂ ਦੋਹਾਂ ਦਾ ਆਸ਼ਾ ਉਸ ਪਰਮਸ਼ਕਤੀ ਪਰਮਾਤਮਾ ਦੀ ਪ੍ਰਾਪਤੀ ਹੀ ਸੀ। ਭਗਤੀ ਲਹਿਰ ਨੂੰ ਇਸ ਪੱਧਤੀ ਦਾ ਸਿਖਰ ਮੰਨਿਆ ਜਾਂਦਾ ਹੈ। ਲਹਿਰ ਦਾ ਆਰੰਭ ਰਾਮਾਨੰਦ (1366-1467) ਜੋ ਰਾਮਾਨੁਜ ਆਚਾਰੀਆ ਦਾ ਸ਼ਿਸ਼ ਸੀ ਤੋਂ ਮੰਨਿਆ ਜਾਂਦਾ ਹੈ। ਇਹ ਪਹਿਲਾਂ ਸਰਗੁਣ ਭਗਤੀ ਵਿਚ ਵਿਸ਼ਵਾਸ਼ ਰਖਦਾ ਸੀ ਅਤੇ ਬਾਅਦ ਵਿਚ ਨਿਰਗੁਣ ਧਾਰਾ ਵਿਚ ਪ੍ਰਵੇਸ਼ ਕਰ ਗਿਆ। ਰਾਮਾਨੰਦ ਦੇ ਕਈ ਸ਼ਿਸ਼ ਨੰਤਨੰਦ, ਸੁਖਾਨੰਦ, ਯੋਗਨੰਦ, ਭਾਵਨੰਦ, ਰਾਮਦਾਸ, ਪੀਪਾ, ਸੈਣ, ਕਬੀਰ ਅਤੇ ਰਵੀਦਾਸ ਹੋਏ ਹਨ। ਕਬੀਰ ਭਗਤੀ ਰੱਹਸਵਾਦ ਦੇ ਆਦਰਸ਼ ਦਾ ਇਕ ਸ਼ਕਤੀਸ਼ਾਲੀ ਵਿਆਖਿਆਕਾਰ ਅਤੇ ਭਗਤੀ ਲਹਿਰ ਦਾ ਵਿਸ਼ੇਸ਼ ਪ੍ਰਤਿਨਿੱਧ ਮੰਨਿਆ ਜਾਂਦਾ ਹੈ। ਭਗਤੀ ਲਹਿਰ ਦੇ ਸੰਤ ਭਗਤ ਕਵੀਆਂ ਨੇ ਅਧਿਆਤਮਿਕ-ਸਤਿ ਦੀ ਪ੍ਰਾਪਤੀ ਨੂੰ ਵੈਦਿਕ ਧਰਮ ਦੇ ਬ੍ਰਾਹਮਣੀ ਜਾਂ ਕਰਮਕਾਂਡੀ ਪ੍ਰਬੰਧ ਤੋਂ ਮੁਕਤ ਕਰਵਾਇਆ ਅਤੇ ਭਗਤੀ ਦੇ ਮਾਰਗ ਉਤੇ ਚਲ ਕੇ ਅਨੁਭਵ ਨਾਲ ਜੁੜਨ ਦੀ ਗਲ ਤੋਰੀ। ਇਸ ਲਹਿਰ ਦੇ ਪ੍ਰਚਾਰਕ ਖੁਦ ਅਧਿਆਤਮਿਕ ਅਨੁਭਵੀ ਸਾਧਕ ਸਨ ਜਿਹਨਾਂ ਨੇ ਇਸ ਅਨੁਭਵ ਦੀ ਅਭਿਵਿਅਕਤੀ ਸਾਧਾਰਣ ਭਾਸ਼ਾ ਦੁਆਰਾ ਕੀਤੀ,

---

53. Dr. Chandradhar Sharma, A Critical Survey of Indian Philosophy, p. 36.

ਸੰਗੀਤ ਦੁਆਰਾ ਇਸ ਨੂੰ ਪ੍ਰਚਾਰਿਆ ਅਤੇ ਇਸ ਦੇ ਨਾਲ ਹੀ ਇਹ ਸੁਧਾਰਵਾਦੀ ਤੇ ਜਨ-ਉਧਾਰਵਾਦੀ ਲਹਿਰ ਦੇ ਤੌਰ ਤੇ ਪ੍ਰਚਾਰਿਤ ਤੇ ਜਨਸਾਧਾਰਣ ਵਿਚ ਹਰਮਨਪਿਆਰੀ ਹੋਈ। ਇਹਨਾਂ ਸੁਧਾਰਕਾਂ ਨੇ ਜਾਤਪਾਤ, ਛੂਤਛਾਤ, ਉਚ ਨੀਚ ਵਰਗੇ ਰੋਗਾਂ ਨੂੰ ਸਾਮਾਜਿਕ ਤੌਰ ਤੇ ਕਟਦਿਆਂ ਲੋਕਾਂ ਨੂੰ 'ਹਰਿਨਾਮ' ਨਾਲ ਜੁੜਨ ਦੀ ਗਲ ਕੀਤੀ ਅਤੇ ਪਰਮਾਤਮਾ ਦੀ ਹੋਂਦ ਨੂੰ ਸਵੀਕਾਰਦਿਆਂ 'ਹਰਿ ਕਾਂ ਭਜੈ ਸੋ ਹਰਿ ਕਾ ਹੋਈ' ਦੇ ਸਿਧਾਂਤ ਨੂੰ ਅਪਣਾਇਆ। ਇਹਨਾਂ ਨੇ ਪ੍ਰਭੂ ਭਗਤੀ ਨੂੰ ਵਿਸ਼ੇਸ਼ ਕਰਮ ਕਾਂਡ ਤੋਂ ਮੁਕਤ ਕਰਕੇ ਪ੍ਰੇਮ ਤੇ ਗਿਆਨ ਦੀ ਸਹਿਜ ਪ੍ਰਾਪਤੀ ਨਾਲ ਜੋੜਿਆ ਅਤੇ ਗੁਰੂ ਦੀ ਹੋਂਦ ਤੇ ਕਰਤਵ ਨੂੰ ਵਿਸ਼ੇਸ਼ ਤੇ ਪੂਰਣ ਰੂਪ ਵਿਚ ਸਵੀਕਾਰਿਆ। ਗੁਰੂ ਦੁਆਰਾ ਦਰਸਾਏ ਗਏ ਨਾਮ ਸਿਮਰਨ ਦੇ ਮਾਰਗ ਉਤੇ ਚਲ ਕੇ ਜਗਿਆਸੂ ਦੇ ਅੰਤਰਾਂਵ ਨੂੰ ਅਧਿਆਤਮਿਕ-ਸਤਿ ਦੇ ਅਨੁਭਵ ਤੇ ਪ੍ਰਕਾਸ਼ ਨਾਲ ਜੋੜਨ ਦੀ ਧਾਰਣਾ ਇਸ ਪੱਧਤੀ ਦੀ ਵਿਸ਼ੇਸ਼ਤਾ ਰਹੀ ਹੈ।

3.3.9 ਇਸਲਾਮਿਕ ਅਤੇ ਸੂਫ਼ੀ ਪਰੰਪਰਾ: ਇਸਲਾਮੀ ਚਿੰਤਨ ਦਾ ਅਧਾਰ ਕੁਰਾਨ ਹੈ ਜਿਸ ਨੂੰ 'ਜ਼ਾਹਿਰ' ਤੇ 'ਬਾਤਿਨ' ਦੇ ਰੂਪਾਂ ਵਿਚ ਪ੍ਰਸਤੁਤ ਕੀਤਾ ਗਿਆ ਹੈ। 'ਜ਼ਾਹਿਰ' ਦਾ ਸੰਬੰਧ ਸਾਧਾਰਣ ਲੋਕਾਂ ਨਾਲ ਹੈ ਅਤੇ 'ਬਾਤਿਨ' ਦਾ ਸੰਬੰਧ ਚਿੰਤਨ ਤੇ ਅਨੁਭਵ ਦੇ ਮੰਡਲਾਂ ਨਾਲ ਹੈ। ਇਕ ਖ਼ੁਦਾ ਦੀ ਹੋਂਦ ਸਵੀਕਾਰਦਿਆਂ ਇਸਲਾਮ ਵਿਚ ਲੋਕਾਂ ਨੂੰ ਕਰਮਾਂ ਦੇ ਆਧਾਰ ਉਤੇ ਚੰਗੇ ਤੇ ਮੰਦੇ ਦੀ ਰੇਖਾ ਵਿਚ ਵੰਡਿਆ ਗਿਆ ਹੈ। ਕਿਆਮਤ ਉਹ ਦਿਨ ਹੈ ਜਿਸ ਦਿਨ ਇਹਨਾਂ ਕਰਮਾਂ ਦਾ ਲੇਖਾ ਜੋਖਾ ਹੋਣਾ ਹੈ ਅਤੇ ਉਸ ਦਿਨ ਲਈ ਚੰਗੇ ਜਾਂ ਬਖਸ਼ੇ ਹੋਏ ਪਾਸੇ ਵਲ ਹੋਣਾ ਹਰ ਮੁਸਲਮਾਨ ਦਾ ਟੀਚਾ ਹੈ। ਇਸ ਤਰ੍ਹਾਂ ਇਸਲਾਮ ਵਿਚ ਸ਼ਰ੍ਹਾ ਦੇ ਕਰੜੇ ਨਿਯਮਾਂ ਦੀ ਪਾਲਣਾ ਅਤੇ ਇਹਨਾਂ ਨਿਯਮਾਂ ਉਤੇ ਚਲਕੇ ਖ਼ੁਦਾ ਦੀ ਰਹਿਮਤ ਤੇ ਖ਼ੁਦਾ ਦੇ ਬੰਦੇ ਬਣਨ ਵਲ ਨੂੰ ਰੁਚਿਤ ਹੋਣਾ ਵਿਸ਼ੇਸ਼ ਗੁਣ ਸਵੀਕਾਰਿਆ ਜਾਂਦਾ ਹੈ।

ਇਸਲਾਮ ਵਿਚ ਸਾਰੇ ਜੀਵਨ ਨੂੰ ਸ਼ਰ੍ਹਾ ਮੁਤਾਬਿਕ ਬਤੀਤ ਕਰਨ ਦੀ ਗੱਲ ਆਖੀ ਗਈ ਹੈ। 'ਹਦੀਸ' ਵਿਚ ਹਜ਼ਰਤ ਮੁਹੰਮਦ ਦੇ 'ਅਮਲਾਂ' ਅਤੇ 'ਕਥਨਾਂ' ਨੂੰ ਬਿਆਨਿਆ ਗਿਆ ਹੈ। ਜਿਸ ਮੁਤਾਬਿਕ ਇਸਲਾਮੀ ਕਾਨੂੰਨ ਜਾਂ ਸ਼ਰ੍ਹਾ ਦੇ ਪਾਲਣ ਦੇ ਨਿਯਮ ਦਰਸਾਏ ਗਏ ਹਨ। ਮੁਸਲਮਾਨਾਂ ਦਾ ਜੀਵਨ ਅਧਿਆਤਮਿਕ ਨਹੀਂ ਸਗੋਂ ਸਮੁੱਚੇ ਭੌਤਿਕ ਜੀਵਨ ਨੂੰ ਹੀ ਅਨੁਸ਼ਾਸਿਤ ਕੀਤਾ ਗਿਆ ਹੈ। ਇਸ ਤਰ੍ਹਾਂ ਅਧਿਆਤਮਿਕ ਅਨੁਭਵ ਦੀ ਅਨੁਭੂਤੀ ਦਾ ਮਾਰਗ ਸਿਧੇ ਤੌਰ ਤੇ ਵਿਖਾਈ ਨਹੀਂ ਦਿੰਦਾ। ਸਗੋਂ ਜਨਮ ਤੋਂ ਲੈ ਕੇ ਮਰਨ ਤਕ ਸਮੁੱਚੇ ਜੀਵਨ ਕਾਰਜ ਨੂੰ ਸ਼ਰ੍ਹਾ ਅਨੁਸਾਰ ਬਤੀਤ ਕਰਨਾ ਅਤੇ ਮਰਨ ਉਪਰੰਤ ਕਰਮ ਦੇ ਫਲ ਨੂੰ ਸਵੀਕਾਰਿਆ ਗਿਆ ਹੈ। ਇਸ ਤਰ੍ਹਾਂ ਆਤਮਾ ਪਰਮਾਤਮਾ ਦੇ ਮਿਲਾਪ ਜਾਂ ਵਿਛੋੜਾ ਅਤੇ ਹੋਰ ਅਧਿਆਤਮਿਕ-ਸਤਿ ਦੇ ਅਨੁਭਵ ਦੇ ਬੋਧ ਨਾਲ ਸੰਬੰਧਿਤ ਵਿਸ਼ਿਆਂ

ਬਾਰੇ ਇਸਲਾਮੀ ਸ਼ਰ੍ਹਾ ਦਾ ਮਾਰਗ ਚੁਪ ਹੈ।

ਇਸਲਾਮਿਕ ਪਰੰਪਰਾ ਨਾਲ ਸੰਬੰਧਿਤ ਸੂਫ਼ੀ ਪਰੰਪਰਾ ਨੂੰ ਵਿਦਵਾਨ ਭਾਵੇਂ ਕੁਰਾਨ ਆਧਾਰਿਤ ਚਿੰਤਨ ਪ੍ਰਣਾਲੀ ਹੀ ਸਵੀਕਾਰ ਕਰਦੇ ਹਨ ਪਰੰਤੂ ਸੂਫੀਆਂ ਦੀ ਰਹੱਸਵਾਦੀ ਪਰੰਪਰਾ ਆਪਣੇ ਵਿਸ਼ਿਸ਼ਟ ਸਰੂਪ ਸਦਕਾ ਨਿਵੇਕਲੀ ਹੈ। ਸੂਫ਼ੀ ਚਿੰਤਨ ਦਾ ਦਾਰਸ਼ਨਿਕ ਆਧਾਰ ਅਤੇ ਚਿੰਤਨ ਦਾ ਸੇਹਰਾ ਅਲਗਜ਼ਾਲੀ (1111 ਈ.) ਦੇ ਸਿਰ ਤੇ ਹੈ।[54] ਜਿਸਨੇ ਸੂਫ਼ੀ ਚਿੰਤਕਾਂ ਨੂੰ ਉਲਮਾ-ਏ-ਜ਼ਾਹਿਰ ਤੇ ਉਲਮਾ-ਏ-ਬਾਤਨ ਦੇ ਹਿਸਿਆਂ ਵਿਚ ਵੰਡਿਆ ਹੈ। ਉਲਮਾ-ਏ-ਜ਼ਾਹਿਰ ਸ਼ਰ੍ਹਾ ਦੇ ਮੁਦਈ ਸਨ ਅਤੇ ਗਿਆਨ ਤੋਂ ਕਰਮ ਵਲ ਜਾਣ ਵਾਲੇ ਰਸਤੇ ਨੂੰ ਸਵੀਕਾਰਦੇ ਸਨ। ਦੂਜੇ ਪਾਸੇ ਉਲਮਾ-ਏ-ਬਾਤਨ ਗਿਆਨ ਸਾਧਨਾ ਰਾਹੀਂ ਆਤਮ ਗਿਆਨ ਤੇ ਆਤਮ ਦਰਸ਼ਨ ਦੇ ਅਨੁਭਵ ਦੀ ਪ੍ਰਾਪਤੀ ਤੇ ਜ਼ੋਰ ਦਿੰਦੇ ਸਨ। ਗਜ਼ਾਲੀ ਨੇ ਇਹਨਾਂ ਦੋਵੇਂ ਕਿਸਮ ਦੇ ਸੂਫ਼ੀ ਚਿੰਤਕਾਂ ਨੂੰ ਇਕ ਦੂਸਰੇ ਦੇ ਪੂਰਕ ਵਜੋਂ ਇਕ ਲੜੀ ਵਿਚ ਪਰੋ ਕੇ ਪ੍ਰਸਤੁਤ ਕੀਤਾ ਹੈ। ਇਸੇ ਕਰਕੇ ਗਜ਼ਾਲੀ ਇਸਲਾਮੀ ਰਹਸਵਾਦ ਦਾ ਪ੍ਰਮੁੱਖ ਚਿੰਤਕ ਮੰਨਿਆ ਜਾਂਦਾ ਹੈ ਅਤੇ ਇਸ ਦੇ ਪ੍ਰਭਾਵ ਕਾਰਨ ਸੂਫੀਆਂ ਨੂੰ ਇਸਲਾਮੀ ਚਿੰਤਕਾਂ ਵਿਚ ਦ੍ਰਿੜ ਸਥਾਨ ਪ੍ਰਾਪਤ ਹੋਇਆ ਹੈ। ਮੁੱਖ ਤੌਰ ਤੇ ਸੂਫ਼ੀਆਂ ਨੇ ਸਾਧਕ ਦੀ ਤਪਸਿਆ ਦੇ ਚਾਰ ਪੜਾਅ ਸ਼ਰੀਅਤ, ਤਰੀਕਤ, ਮਾਰਫ਼ ਤੇ ਹਕੀਕਤ ਮੰਨੇ ਹਨ। ਸ਼ਰੀਅਤ ਆਤਮ ਨਿਯੰਤ੍ਰਣ ਅਤੇ ਪਾਬੰਦੀ ਨਾਲ ਜੀਵਨ ਦਾ ਆਰੰਭ ਹੈ; ਤਰੀਕਤ ਦਾ ਮਾਰਗ ਤੈਅ ਕਰਨ ਉਪਰਾਂਤ ਮਾਰਫ਼ਤ ਵਿਚ ਉਸ ਨੂੰ ਅੰਤਿਮ ਸਤਿ ਦੀ ਗਿਆਨ ਪ੍ਰਾਪਤੀ ਹੁੰਦੀ ਹੈ ਅਤੇ ਇਸ ਗਿਆਨ ਪ੍ਰਾਪਤੀ ਸਦਕਾ ਸਾਧਕ ਪਰਮਸਤਿ ਦਾ ਅਨੁਭਵ ਤੇ ਬੋਧ ਪ੍ਰਾਪਤ ਕਰਦਾ ਹੈ। ਇਸ ਅਵਸਥਾ ਨੂੰ ਸਾਧਕ ਤੇ ਪਾਰਬ੍ਰਹਮ ਦੇ ਲੀਨ ਹੋਣ ਦੀ ਅਵਸਥਾ ਆਖਿਆ ਜਾਂਦਾ ਹੈ। ਇਸ ਤਰ੍ਹਾਂ ਸੂਫ਼ੀ ਭਾਰਤੀ ਦਰਸ਼ਨ ਵਿਚਲੇ ਅਧਿਆਤਮਿਕ-ਸਤਿ ਅਨੁਭੂਤੀ ਤੇ ਅਭਿਵਿਅਕਤੀ ਦੀ ਪਰੰਪਰਾ ਦੇ ਨਿਕਟ ਪ੍ਰਤੀਤ ਹੁੰਦੇ ਹਨ ਅਤੇ ਭਾਰਤ ਵਿਸ਼ੇਸ਼ ਕਰਕੇ ਪੰਜਾਬੀ ਸੂਫ਼ੀਆਂ ਦੀ ਵਾਣੀ ਤੋਂ ਉਕਤ ਵਿਚਾਰ ਦੇ ਪ੍ਰਮਾਣ ਸਹਿਜੇ ਹੀ ਉਪਲਬਧ ਹੋ ਜਾਂਦੇ ਹਨ। ਜਿਨ੍ਹਾਂ ਵਿਚੋਂ ਵਿਸ਼ੇਸ਼ ਨਾਮ ਸ਼ੇਖ ਫਰੀਦ, ਸ਼ਾਹ ਹੁਸੈਨ, ਸ਼ਾਹ ਸ਼ਰਫ਼, ਸੁਲਤਾਨ ਬਾਹੂ ਬੁਲ੍ਹੇ ਸ਼ਾਹ ਵਰਗੇ ਸੂਫ਼ੀਆਂ ਦਾ ਹੈ।

3.3.10 ਸਿੱਖ ਪਰੰਪਰਾ: ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਪੂਰਵਲੀਆਂ ਤੇ ਸਮਕਾਲੀਨ ਸਮੂਹ ਧਰਮ ਚਿੰਤਨ ਪ੍ਰਣਾਲੀਆਂ ਦੇ ਗਹਿਰੇ ਅਧਿਐਨ ਉਪਰਾਂਤ ਅਧਿਆਤਮਿਕ ਚਿੰਤਕ ਦੀ ਸਿੱਖ ਪੱਧਤੀ ਨੂੰ ਜਨਮ ਦਿਤਾ ਇਸ ਪੱਧਤੀ ਵਿਚ ਅਧਿਆਤਮ ਸਤਿ ਦੀ ਸ਼ਬਦ ਅਤੇ ਕਰਮ ਦੋਹਾਂ

---

54. Radhakrishanan.s, Gautma the Buddha, p. 183.

ਰੂਪਾਂ ਵਿਚ ਅਭਿਵਿਅਕਤੀ ਮਿਲਦੀ ਹੈ। ਉਸ ਪਰਮਾਤਮਾ ਦੇ ਅਕੱਥਨੀਯ ਤੇ ਅਵਰਣਨੀਯ ਰੂਪ ਨੂੰ ਮੂਲ ਮੰਤ੍ਰ ਦੇ ਰੂਪ ਵਿਚ ਪ੍ਰਸਤੁਤੀ ਕੀਤੀ[55] ਅਤੇ ਫਿਰ ਸਮੁੱਚੀ ਬਾਣੀ ਵਿਚ ਇਸ ਦੀ ਅਨੇਕ ਰੂਪਾਂ ਵਿੱਚ ਪ੍ਰਸਤੁਤੀ ਕੀਤੀ। ਸਿਖ ਪੱਧਤੀ ਵਿਚ ਅਧਿਆਤਮਿਕ-ਸਤਿ ਦੀ ਕਰਮ ਅਭਿਵਿਅਕਤੀ ਨੂੰ ਵੀ ਸਵੀਕਾਰ ਕੀਤਾ ਗਿਆ ਹੈ। ਇਸ ਪਰੰਪਰਾ ਅਨੁਸਾਰ ਜੀਵ ਉਸ ਪਰਮਾਤਮਾ ਨਾਲੋਂ ਵਿਛੜਿਆ ਹੈ ਅਤੇ ਆਤਮਾ ਤੇ ਪਰਮਾਤਮਾ ਦਾ ਇਕ ਦੂਸਰੇ ਵਿਚ ਅਭੇਦ ਹੋਣਾ ਲਕਸ਼ ਹੈ। ਇਸ ਲੌਕਿਕ ਜਗਤ ਦੀ ਵਾਸਤਵਿਕਤਾ ਨੂੰ ਸਿੱਖ ਪੱਧਤੀ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਿਕ-ਸਤਿ ਦੀ ਰੋਸ਼ਨੀ ਵਿੱਚ ਪ੍ਰਗਟਾਇਆ ਗਿਆ ਹੈ ਅਤੇ "ਖਲੀਂਦਿਆਂ ਪਹਿਨੀਂਦਿਆਂ ਵਿਚੇ ਹੋਵੈ ਮੁਕਤਿ" ਦੇ ਸਿਧਾਂਤ ਅਨੁਸਾਰ ਜੀਵਨ ਵਿਚ ਭਗਤੀ ਦੇ ਸਹਿਜ ਰੂਪ ਨੂੰ ਸਵੀਕਾਰਿਆ ਗਿਆ ਹੈ। ਇਸ ਪੱਧਤੀ ਵਿਚ ਗੁਰੂ ਦਾ ਮਹੱਤਵ ਵਿਸ਼ਿਸ਼ਟ ਹੈ ਜਿਸ ਨੇ ਅਧਿਆਤਮ-ਸਤਿ ਦੇ ਮਾਰਗ ਨੂੰ ਦਰਸਾਉਣਾ ਹੈ। ਸਿੱਖ ਪੱਧਤੀ ਦੀ ਇਹ ਵਿਸ਼ੇਸ਼ਤਾ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ ਤੋਂ ਪੂਰਵਲੀ ਅਤੇ ਸਮਕਾਲੀਨ ਅਧਿਆਤਮਿਕ ਸੋਚ ਨੂੰ ਨਵੀਨ ਪ੍ਰਸੰਗ ਵਿਚ ਇਕੋ ਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਕਤ੍ਰ ਕੀਤਾ ਹੈ। ਇਸ ਪੱਧਤੀ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਰੂਪ ਵਿਚ ਲੋਕਾਈ ਨੂੰ ਸੋਧਣ ਹਿਤ ਉਸ ਖਾਲਕ ਦਾ ਆਦੇਸ਼ ਘਰ ਘਰ ਪਹੁੰਚਾਇਆ। ਇਹ ਖਾਲਕ ਦਾ ਆਦੇਸ਼ ਜਾਂ ਹੁਕਮ ਉਸ ਰੱਬੀ-ਸਤਿ ਦਾ ਗਿਆਨ ਹੀ ਹੈ। ਇਸ ਤਰ੍ਹਾਂ ਸਿੱਖ ਪੱਧਤੀ ਅਧਿਆਤਮਿਕ-ਸਤਿ ਦੇ ਅਨੁਭਵ ਤੇ ਬੋਧ ਦਾ ਪ੍ਰਕਾਸ਼ਨ ਸ਼ਬਦ ਤੇ ਕਰਮ ਦੇ ਸੰਜੋਗ ਤੋਂ ਉਤਪੰਨ ਮਾਧਿਅਮ ਦੁਆਰਾ ਕਰਦੀ ਹੈ। ਜਿਸ ਦੀ ਵਿਆਖਿਆ ਦੇ ਵਿਸ਼ਲੇਸ਼ਣ ਗੁਰੂ ਨਾਨਕ ਬਾਣੀ ਦੇ ਸੰਦਰਭ ਵਿਚ ਆਪਣੇ ਅਗਲੇ ਅਧਿਆਇ ਵਿਚ ਕਰਾਂਗੇ। ਅਧਿਆਤਮਿਕ-ਸਤਿ ਦੀ ਅਨੁਭਵ ਤੇ ਅਭਿਵਿਅਕਤੀ ਸੰਬੰਧੀ ਇਸ ਪੱਧਤੀ ਦੀਆਂ ਪਹੁੰਚਾਂ, ਸੰਦਰਭਾਂ ਅਤੇ ਪ੍ਰਸੰਗਾਂ ਦੀ ਵਿਆਖਿਆ ਇਸ ਦੇ ਬਾਣੀ ਰੂਪ (ਸ਼ਬਦ ਰੂਪ) ਨੂੰ ਸਮਝੇ ਬਿਨਾਂ ਅਸੰਭਵ ਹੈ। ਇਸ ਉਦੇਸ਼ ਦੀ ਪੂਰਤੀ ਲਈ ਅਗਲੇ ਅਧਿਆਇ ਦੇ ਅੰਤਰਗਤ ਅਸੀਂ ਇਸ ਦੇ ਵਿਭਿੰਨ ਪਹਿਲੂਆਂ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕਰਾਂਗੇ।

****

---

55. ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ।।
ਆਦਿ ਗ੍ਰੰਥ, ਪੰਨਾ 1

## ਅਧਿਆਇ ਤੀਜਾ

## ਗੁਰੂ ਨਾਨਕ ਬਾਣੀ ਸੰਦੇਸ਼ ਤੇ ਸੰਚਾਰ

'ਗੁਰੂ ਨਾਨਕ ਬਾਣੀ' ਆਪਣੇ ਲਿਖਤ ਰੂਪ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਪ੍ਰਮੁੱਖ ਤੇ ਕੇਂਦਰੀ ਬਾਣੀ ਵਜੋਂ ਵਿਦਮਾਨ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕ ਦ੍ਰਿਸ਼ਟ ਦਾ 'ਸ਼ਬਦ' ਰੂਪ ਵਿਚ ਪਸਾਰਾ ਵੀ ਹੈ ਤੇ ਬਾਕੀ ਗੁਰੂ ਸਾਹਿਬਾਨ ਤੇ ਸਿੱਖ ਧਰਮ ਲਈ ਰੋਸ਼ਨੀ ਦਾ ਮਾਰਗ ਵੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਪੂਰਵਕਾਲੀਨ ਤੇ ਸਮਕਾਲੀਨ ਸਮੂਹ ਦਾਰਸ਼ਨਿਕ ਤੇ ਹੋਰ ਵਿਭਿੰਨ ਪਰੰਪਰਾਵਾਂ ਦਾ ਮੌਲਿਕ ਦ੍ਰਿਸ਼ਟੀਕੋਣ ਤੋਂ ਗਹਿਰ ਗੰਭੀਰ ਚਿੰਤਨ ਕਰਕੇ ਉਸ ਖਾਲਕ ਦੇ ਆਦੇਸ/ਹੁਕਮ ਨੂੰ ਖਸਮ ਕੀ ਬਾਣੀ ਰੂਪ ਵਿਚ ਪ੍ਰਕਾਸ਼ਮਾਨਕੀਤਾ ਹੈ।

'ਗੁਰੂ ਨਾਨਕ ਬਾਣੀ' ਨੂੰ ਇਸ ਦੇ ਰਚੈਤਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲੋਂ ਨਿਖੇੜ ਕੇ ਜਾਂ ਵਖਰੇ ਤੇ ਸੁਤੰਤਰ ਤੌਰ ਤੇ ਪੂਰਣ ਰੂਪ ਵਿਚ ਨਹੀਂ ਸਮਝਿਆ ਜਾ ਸਕਦਾ ਦੂਸਰੇ ਸ਼ਬਦਾਂ ਵਿਚ ਇੰਜ ਆਖ ਲਈਏ ਕਿ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਦੇ ਵਿਭਿੰਨ ਪਸੰਗਾਂ ਅਤੇ ਪਹਿਲੂ 'ਗੁਰੂ ਨਾਨਕ ਬਾਣੀ' ਦੇ ਉਹਨਾਂ ਗੌਹੜ ਰੱਹਸਾਂ ਤੇ ਤੱਥਾਂ ਨੂੰ ਸਹਿਜੇ ਹੀ ਉਜਾਗਰ ਕਰ ਦਿੰਦੇ ਹਨ ਜਿਨ੍ਹਾਂ ਤਕ ਸਾਧਾਰਣ ਦ੍ਰਿਸ਼ਟ ਦੀ ਪਹੁੰਚ ਕਠਿਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨੂੰ ਸਮਝੇ ਬਿਨਾਂ ਸੁਤੰਤਰ ਰੂਪ ਵਿਚ ਕੀਤਾ ਗਿਆ 'ਗੁਰੂ ਨਾਨਕ ਬਾਣੀ' ਦੇ ਅਧਿਐਨ ਨੂੰ ਕਈ ਵਾਰੀ ਵਿਦਵਾਨ, ਵਿਚਾਰਕ ਤੇ ਚਿੰਤਕ ਫ਼ਜ਼ੂਲ ਦੇ ਵਾਦ ਵਿਵਾਦ ਤੇ ਦਿਮਾਗੀ ਕਸਰਤ ਦੁਆਰਾ ਇਹਨਾਂ ਭੇਤਾਂ ਨੂੰ ਅਜੀਬ ਕਿਸਮ ਨਾਲ ਉਲਝਾ ਲੈਂਦੇ ਹਨ ਅਤੇ ਵਿਭਿੰਨ ਦਾਰਸ਼ਨਿਕ ਪੱਧਤੀਆਂ ਨਾਲ ਰਲਗਡ ਵੀ ਕਰ ਲੈਂਦੇ ਹਨ। ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੂਰਾ ਵਿਅਕਤਿਤਵ ਵਿਦਵਾਨਾਂ ਤੋਂ ਅਪ੍ਰਗਟ ਹੀ ਰਿਹਾ ਹੈ ਵਿਦਵਾਨਾਂ ਨੇ ਗੁਰੂ ਨਾਨਕ ਬਾਣੀ ਨੂੰ ਕਾਵਿ ਅਤੇ ਗੁਰੂ ਨਾਨਕ ਦੇਵ ਜੀ ਨੂੰ ਕੇਵਲ ਇਕ ਸ਼ਾਇਰ ਜਾਂ ਕਵੀ ਮੰਨ ਕੇ ਆਪਣੀ ਸੋਚ ਦੇ ਮੇਚ ਕਰਨ ਦਾ ਯਤਨ ਕੀਤਾ ਹੈ। ਇਸ ਨਾਲ ਮਹਾਂਪੁਰਖ[1], ਗੁਰਮੁਖ[2],

---

1. ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ।।
   (ਰਾਮਕਲੀ ਮਹਲਾ ੧, ਪੰਨਾ 935)

2. ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।
   ਗੁਰਮਖਿ ਕਲਿ ਵਿਚ ਪਰਗਟ ਹੋਆ।।
   (ਭਾਈ ਗੁਰਦਾਸ, ਵਾਰ ੧, ਪਉੜੀ 27.)

ਅਵਤਾਰ,[3] ਦਾਸ[4] ਤੇ ਹੋਰ ਵਿਵਿਧ ਰੰਗੀ ਗੁਰੂ ਨਾਨਕ ਦੇਵ ਜੀ ਦੀ ਇਤਿਹਾਸਿਕ ਸਖਸ਼ੀਅਤ ਨਾਲ ਵਿਦਵਾਨ ਪੂਰਨ ਨਿਆਂ ਨਹੀਂ ਕਰ ਸਕੇ ਤੱਥ ਅਧਾਰੀ ਖੋਜੀ ਵਿਦਵਾਨ ਸ੍ਰੀ ਗੁਰੂ ਨਾਨਕ ਸਾਹਿਬ ਦੇ ਪਰਾਭੌਤਿਕ ਰੱਹਸ ਨੂੰ ਨਾ ਤਾਂ ਅਨੁਭਵ ਕਰ ਸਕੇ ਤੇ ਨਾ ਹੀ ਭੇਤ ਪਾ ਸਕੇ ਅਤੇ ਸ਼ਰਧਾਵਾਨ ਵਿਦਵਾਨ ਸ਼ਰਧਾ ਦਾ ਪਰਦਾ ਲਾਂਭੇ ਕਰਕੇ ਇਤਿਹਾਸਿਕ ਵਿਅਕਤਿਤਵ ਦੁਆਲੇ ਮਹਾਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਅਤੇ ਬਾਣੀ ਦੀ ਪਾਰਗਮਿਤਾ ਨੂੰ ਅਧਿਐਨ ਦੇ ਸਹੀ ਤੱਥਾਂ ਦੁਆਰਾ ਵਿਸ਼ਲੇਸ਼ਿਤ ਕਰਨ ਤੋਂ ਜਾਂ ਤਾਂ ਗੁਰੇਜ਼ ਕਰਦੇ ਰਹੇ ਜਾਂ ਅਸਮਰੱਥ ਰਹੇ। ਇਸੇ ਲਈ ਇਹਨਾਂ ਦੋਵੇਂ ਕਿਸਮਾਂ ਦੀਆਂ ਵਿਭਿੰਨ ਪਹੁੰਚਾਂ ਵਿਚ ਇਕ ਸੰਤੁਲਨ ਲਾਜ਼ਮੀ ਤੌਰ ਤੇ ਆਵਸ਼ਕ ਹੈ। 'ਗੁਰੂ ਨਾਨਕ ਬਾਣੀ' ਨੂੰ ਸਮਝਣ ਲਈ ਸਾਨੂੰ ਇਕੋ ਸਮੇਂ ਗੁਰੂ ਨਾਨਕ ਵਿਅਕਤਿਤਵ ਦੇ ਰੱਹਸਾਂ ਤੇ ਤੱਥਾਂ ਨੂੰ ਸਮਾਨਾਤਰ ਰੂਪ ਵਿਚ ਵਸੀਕਾਰ ਕੇ ਇਸ ਦਾ ਸੰਤੁਲਿਤ, ਸੰਗਠਿਤ ਤੇ ਸਮੁੱਚ ਰੂਪ ਵਿਚ ਅਧਿਐਨ ਦਾ ਵਿਸ਼ਾ ਬਣਾਉਣਾ ਪਵੇਗਾ। ਇਹ ਪਹੁੰਚ ਸਾਡੀ ਕੋਈ ਜਾਤੀ ਭਾਵੁਕਤਾ ਨਹੀਂ ਸਗੋਂ ਵਿਸ਼ੇ ਦੀ ਪ੍ਰਮੁੱਖ ਤੇ ਬੁਨਿਆਦੀ ਲੋੜ ਹੈ। 'ਗੁਰੂ ਨਾਨਕ ਬਾਣੀ' ਨਾਲ ਪੂਰਵਲੀ ਸਾਂਝ ਪਾਉਣ ਸਮੇਂ ਅਤੇ ਇਸ ਦੀ ਪਹਿਚਾਣ ਸਮੇਂ ਸਾਨੂੰ ਇਹ ਤੱਥ ਵੀ ਭਲੀ ਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਇਹ ਰਚਨਾ ਭਾਵੇਂ ਸਾਡੇ ਕੋਲ ਲਿਖਤ ਕਾਵਿਕ ਜਾਮੇ ਵਿਚ ਉਪਲੱਬਧ ਹੈ ਪਰੰਤੂ ਇਹ ਕੇਵਲ ਲਿਖਤ ਕਾਵਿ ਨਹੀਂ ਸਗੋਂ ਇਸ ਲਿਖਤ ਰਚਨਾ ਦੇ ਵਿਭਿੰਨ ਪ੍ਰਸੰਗ ਸਰਬਕਾਲਿਕ, ਸਰਬਵਿਆਪਕ ਪਾਰਗਾਮੀ ਪਹਿਲੂਆਂ ਦੇ ਵੀ ਧਾਰਣੀ ਹਨ। ਇਸ ਬਾਣੀ ਦੀ ਸਿਰਜਣ ਪ੍ਰਕ੍ਰਿਆ ਦੀ ਵਿਲੱਖਣਤਾ ਤੇ ਵਿਸ਼ਿਸ਼ਟਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਤੋਂ ਸਪਸ਼ਟ ਹੋ ਜਾਂਦੀ ਹੈ ਇਸ ਦੇ ਨਾਲ ਹੀ ਰਚਨਾ ਦਾ ਲਿਖਤ ਰੂਪ ਇਸ ਦੇ ਵਿਗਿਆਨਿਕ ਸੰਚਾਰ ਪ੍ਰਬੰਧ ਦਾ ਪ੍ਰਤੱਖ ਪ੍ਰਮਾਣ ਹੈ। ਜਿਸ ਦਾ ਵਿਸਤ੍ਰਿਤ ਵਰਣਨ ਅਗਲੇਰੇ ਪੰਨਿਆਂ ਵਿਚ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਕਿ ਗੁਰੂ ਨਾਨਕ ਬਾਣੀ ਦੇ ਸੰਦੇਸ਼, ਵਿਭਿੰਨ ਪਹਿਲੂਆਂ, ਸਮੂਹ ਮੁੱਲਾਂ ਤੇ ਸੰਚਾਰ ਪ੍ਰਬੰਧ ਉਤੇ ਵਿਚਾਰ ਕਰੀਏ ਇਸ ਬਾਣੀ ਨਾਲ ਹੋਰ ਘਣੇਰੀ ਤੇ ਨਿਕਟ ਸਾਂਝ ਪਾਉਣ ਲਈ ਬਾਣੀ ਦੇ ਦਿੱਖ ਸਰੂਪ ਨੂੰ ਜਾਣਨਾ ਅਤਿ ਆਵਸ਼ਕ ਹੈ।

## 1. ਗੁਰੂ ਨਾਨਕ ਬਾਣੀ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਗੁਰੂ ਨਾਨਕ ਬਾਣੀ' ਦੇ ਕ੍ਰਮ ਵਿਚ ਸਰਵ ਪ੍ਰਥਮ 'ਜਪੁਜੀ' ਦੀ ਬਾਣੀ ਅੰਕਿਤ ਹੈ। ਇਸ ਬਾਣੀ ਨੂੰ ਸਮੁੱਚੀ ਬਾਣੀ ਤੇ ਸਿੱਖ ਧਰਮ ਦੇ ਕੇਂਦਰੀ ਅਸੂਲ

---

3. ਵਿਸਤਾਰ ਲਈ ਵੇਖੋ ਪੁਰਾਤਨ ਜਨਮਸਾਖੀ, ਪੰਨਾ 1

4. (ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ॥
ਧਨਾਸਰੀ ਮਹਲਾ 1, ਪੰਨਾ 660)

ਤੇ ਖੁਲ੍ਹੀ ਵਿਆਖਿਆ[5] ਦੀ ਵਿਸ਼ਿਸ਼ਟਤਾ ਸਦਕਾ ਨਿਤਨੇਮ ਵਜੋਂ ਜਪੁ/ਸਿਮਰਨ ਦੇ ਨਿਸ਼ਾਨੇ ਦੀ ਪੂਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਥਮਿਕ ਤੇ ਆਰੰਭਿਕ ਸਥਾਨ ਦਿਤਾ ਹੈ ਤਾਂ ਜੋ ਹਰ ਸਿੱਖ ਨੂੰ ਇਹ ਯਾਦ ਰਹੇ ਕਿ ਉਸ ਪ੍ਰਭੂ ਨਾਲ ਪਈ ਵਿੱਥ ਨੂੰ ਮਿਟਾਉਣ ਦਾ ਇਕੋ ਇਕ ਵਸੀਲਾ 'ਜਪੁ' ਹੈ। ਇਸੇ ਕਰਕੇ ਇਸ ਬਾਣੀ ਨੂੰ ਨਿਤਨੇਮ ਵਜੋਂ ਪਾਠ ਕਰਨ ਦਾ ਅਦੇਸ਼ ਸਿੱਖ ਧਰਮ ਵਿਚ ਸਰਬ ਪ੍ਰਵਾਨਿਤ ਹੈ।[6] 'ਜਪੁਜੀ' ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੋਦਰੁ' 'ਸੋਹਿਲਾ' ਨਾਮਕ ਬਾਣੀਆਂ ਜੋ ਇਸ ਪਰੰਪਰਾ ਵਿਚ 'ਰਹਿਰਾਸੁ' ਤੇ 'ਕੀਰਤਨ ਸੋਹਿਲਾ' ਨਾਮਕ ਨਿਤਨੇਮ-ਬਾਣੀਆਂ ਵਜੋਂ ਪ੍ਰਚਲਿਤ ਹਨ, ਦੇ ਕੁਲ ਸੰਗਠਨ ਵਿਚ ਮਹਲਾ 4 ਤੇ ਮਹਲਾ 5 ਦੀ ਬਾਣੀ ਵੀ ਸਮਿਲਤ ਹੈ। ਇਸ ਤੋਂ ਪਿਛੋਂ ਰਾਗਾਤਮਿਕ ਬਾਣੀ ਦਾ ਪ੍ਰਾਰੰਭ ਹੁੰਦਾ ਹੈ। ਇਸ ਪੂਰਵਲੀ ਬਾਣੀ ਨੂੰ ਨਿਤਨੇਮ ਦੀ ਬਾਣੀ ਸਵੀਕਾਰਿਆ ਜਾਂਦਾ ਹੈ। 'ਜਪੁ' ਤੋਂ ਬਿਨਾਂ ਬਾਕੀ ਬਾਣੀ ਦੇ ਸ਼ਬਦ ਕਿਤੇ ਕਿਤੇ ਥੋੜ੍ਹੇ ਪਾਠ ਅੰਤਰ ਸਹਿਤ ਆਪਣੇ ਸੰਬੰਧਿਤ ਰਾਗਾਂ ਵਿਚ ਵੀ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਰਾਗਾਂ ਅਧੀਨ ਅੰਕਿਤ ਹੈ ਜਿਸ ਅਧੀਨ 'ਗੁਰੂ ਨਾਨਕ ਬਾਣੀ' ਨੂੰ ਪ੍ਰਥਮ ਤੇ ਆਰੰਭਿਕ ਸਥਾਨ ਪ੍ਰਾਪਤ ਹੈ ਭਾਵ ਸਭ ਤੋਂ ਪਹਿਲਾਂ ਮਹਲਾ 1 ਫਿਰ ਮਹਲਾ 2,3,4 ਆਦਿ ਤੇ ਫਿਰ ਸੰਤਾਂ ਭਗਤਾਂ ਦੀ ਬਾਣੀ ਦਰਜ ਹੈ। ਇਹ ਬਾਣੀ ਵਿਸ਼ਿਸ਼ਟ ਰਾਗ ਪ੍ਰਬੰਧ ਦੀ ਧਾਰਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਗ ਪ੍ਰਬੰਧ ਅਤੇ ਹੋਰ ਸੰਗੀਤਕ/ਕਾਵਿਕ ਸੰਚਾਰ ਉਪਕਰਣ ਸਮੁੱਚੀ ਬਾਣੀ ਨੂੰ ਇਕ ਸੰਚਾਰ ਕਿਰਤ ਵਜੋਂ ਉਜਾਗਰ ਕਰਦੇ ਹਨ ਜਿਸ ਨੂੰ ਸਮਝਣ ਲਈ 'ਗੁਰੂ ਨਾਨਕ ਬਾਣੀ' ਨੂੰ ਪ੍ਰਤਿਨਿੱਧ ਬਾਣੀ ਵਜੋਂ ਆਧਾਰ ਬਣਾਇਆ ਜਾ ਸਕਦਾ ਹੈ। ਵਿਭਿੰਨ ਰਾਗਾਂ ਤੇ ਇਹਨਾਂ ਦੇ ਅੰਤਰਗਤ ਦਰਜ ਬਾਣੀ ਦੀ ਆਪਸੀ ਪ੍ਰਕ੍ਰਿਤੀ ਵਿਚ ਨਿਕਟ ਤੇ ਗੂੜ੍ਹੀ ਸਾਂਝ ਹੈ ਇਹ ਸਾਂਝ ਸੰਚਾਰ ਦੀ ਦ੍ਰਿਸ਼ਟੀ ਤੋਂ ਭਾਵਾਤਮਿਕ ਵੀ ਹੈ ਤੇ ਕਲਾਤਮਿਕ ਵੀ ਸਿਧੇ ਸ਼ਬਦਾਂ ਵਿਚ 'ਗੁਰੂ ਨਾਨਕ ਬਾਣੀ' ਦੀ ਪ੍ਰਕ੍ਰਿਤੀ ਤੇ ਭਾਵਾਂ ਦੇ ਅਨੁਕੂਲ ਰਾਗਾਂ ਦੀ ਚੋਣ ਕੀਤੀ ਗਈ ਹੈ। ਬਾਣੀ ਦੇ ਵਿਭਿੰਨ ਕਾਵਿ-ਰੂਪਾਂ ਨੂੰ ਇਹਨਾਂ ਰਾਗਾਂ ਦੇ ਅੰਤਰਗਤ ਇਕ ਵਿਸ਼ੇਸ਼ ਕ੍ਰਮ ਵਿਚ ਦਰਜ ਕੀਤਾ ਗਿਆ ਹੈ ਜਿਹਨਾਂ ਦਾ ਸੰਖੇਪ ਵਿਵਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਅਨੁਸਾਰ ਅਗਾਂਹ ਪ੍ਰਸਤੁਤ ਕੀਤਾ ਜਾ ਰਿਹਾ ਹੈ।

---

5. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਟੀਕਾਕਾਰ ਡਾ. ਸਾਹਿਬ ਸਿੰਘ), ਪੋਥੀ ਪਹਿਲੀ, ਪੰਨਾ 39

6. ਉਹੀ, ਪੰਨਾ 40.

1.1. <u>ਸਿਰੀ:</u> ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਦਾ ਪ੍ਰਥਮ ਰਾਗ ਹੈ। ਗੁਰਬਾਣੀ ਵਿਚ ਇਸ ਰਾਗ ਨੂੰ ਵਿਸ਼ੇਸ਼ ਮਹਾਨਤਾ ਦਿਤੀ ਗਈ ਹੈ।[7] ਇਸ ਰਾਗ ਦੀ ਪ੍ਰਕ੍ਰਿਤੀ ਅਤਿ ਗੰਭੀਰ ਹੈ। ਇਹ ਸ਼ਾਮ ਸਮੇਂ ਸੰਧੀ-ਪ੍ਰਕਾਸ਼ ਰਾਗ ਹੈ ਜਦੋਂ ਸੂਰਜ ਆਪਣੇ ਛਿਪਾ ਪਿਛੋਂ ਲੋਅ ਦਾ ਮਧਮ ਪ੍ਰਕਾਸ਼ ਛਡਦਾ ਹੈ, ਤਾਂ ਉਸ ਤੋਂ ਉਤਪੰਨ ਹੋਣ ਵਾਲੇ ਰਾਤ ਦੇ ਆਰੰਭ ਦੀ ਸੂਚਨਾ ਗੰਭੀਰ ਤੇ ਰਹੱਸਾਤਮਿਕ ਸੁਰਾਂ ਦੁਆਰਾ ਪ੍ਰਗਟ ਹੁੰਦੀ ਹੈ। ਇਸ ਰਾਗ ਅਧੀਨ ਦਰਜ ਬਾਣੀ ਵੀ ਅਧਿਆਤਮਿਕ ਜਗਤ ਦੇ ਅਤਿ ਗੰਭੀਰ ਵਿਸ਼ਿਆਂ ਦਾ ਸੰਚਾਰ ਕਰ ਰਹੀ ਹੈ। 'ਮਾਇਆ', 'ਭਰਮ', 'ਸੁਪਨੰਤਰ' ਤੋਂ ਪਾਰ 'ਕਾਗੋ ਹੰਸ' ਬਣਨ ਦੇ ਪ੍ਰਤੀਕ ਨਾਲ ਮਨੁੱਖ ਨੂੰ ਸੰਪੂਰਨ ਹੋਣ ਵਲ ਪ੍ਰੇਰਿਤ ਕੀਤਾ ਗਿਆ ਹੈ। ਮਾਇਆ ਅਤੇ ਦੁਨਿਆਵੀ ਫ਼ਾਨੀ ਪਸਾਰੇ ਤੋਂ ਬਿਨਾਂ, ਅਧਿਆਤਮਿਕ ਅਨੁਭਵ, ਨਾਮ, ਗੁਰੂ, ਸ਼ਬਦ ਤੇ ਮਨੁੱਖੀ ਜੀਵਨ ਦੀਆਂ ਵਿਭਿੰਨ ਅਵਸਥਾਵਾਂ ਦੇ ਯਥਾਰਥ ਨੂੰ ਇਸ ਬਾਣੀ ਵਿਚ ਪ੍ਰਗਟਾਇਆ ਗਿਆ ਹੈ।

ਸਿਰੀ ਰਾਗ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਪਦੇ', 'ਅਸ਼ਟਪਦੀ', 'ਪਹਿਰੇ' 'ਸਲੋਕ' (ਸਿਰੀ ਰਾਗ ਕੀ ਵਾਰ ਮਹਲਾ 4 ਵਿਚ) ਕਾਵਿ-ਰੂਪਾਂ ਅਧੀਨ ਦਰਜ ਹੈ।

1.2. <u>ਮਾਝ:</u> ਮਾਝ ਰਾਗ ਭਾਰਤੀ ਸੰਗੀਤ ਵਿਚ ਅਪ੍ਰਚਲਿਤ ਰਾਗ ਹੈ ਜਿਸ ਦਾ ਵਿਕਾਸ ਪੰਜਾਬ ਦੀਆਂ ਲੋਕ ਧੁਨਾਂ ਤੋਂ ਹੋਇਆ ਮੰਨਿਆ ਜਾਂਦਾ ਹੈ। ਇਹ ਦੇਸੀ ਜਾਤੀ ਦਾ ਰਾਗ ਹੈ। ਵਰਤਮਾਨ ਸਿੱਖ ਸੰਗੀਤ ਵਿਚ ਇਸ ਦੇ ਤਿੰਨ ਸਰੂਪ ਉਪਲਬੱਧ ਹਨ[8] ਆਪਣੇ ਵਿਭਿੰਨ ਸਰੂਪਾਂ ਕਰਕੇ ਇਹ ਸਵੇਰ ਤੇ ਸ਼ਾਮ ਦੋਹਾਂ ਸਮਿਆਂ ਤੇ ਹੀ ਗਾਇਆ ਜਾਂਦਾ ਹੈ। ਮਧੁਰ ਪ੍ਰਕ੍ਰਿਤੀ ਦਾ ਪੰਜਾਬੀ ਲੋਕ ਸੰਗੀਤ ਦੀਆਂ ਮਧੁਰ ਸੁਰਾਵਲੀਆਂ ਨਾਲ ਸੁਸਜਿਤ ਇਸ ਰਾਗ ਚੋਂ ਪੰਜਾਬੀ ਅੰਗ ਦੀ ਨਿਸ਼ੰਗਤਾ ਝਲਕਦੀ ਹੈ। ਇਸ ਰਾਗ ਵਿਚ ਦਰਜ ਬਾਣੀ ਦੇ ਅੰਤਰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀਨ ਰਾਜਸੀ ਤੇ ਧਾਰਮਿਕ ਅਧੋਗਤੀ ਦਾ ਸਪਸ਼ਟ ਵਰਣਨ ਉਪਲੱਬਧ ਹੈ। ਗੁਰਮਤਿ ਦੇ ਵਿਭਿੰਨ ਸੰਕਲਪਾਂ ਦੀ ਸਥਾਪਨਾ ਤੇ ਪ੍ਰਗਟਾਅ ਇਸੇ ਰਾਗ ਦੀ ਬਾਣੀ ਵਿਚ ਉਜਾਗਰ ਹੁੰਦਾ ਹੈ। ਇਸ ਤੋਂ ਬਿਨਾਂ ਬਾਣੀ ਦੀ ਸੰਚਾਰ ਪ੍ਰਕ੍ਰਿਆ ਨੂੰ ਸਮਝਾਉਣ ਲਈ ਇਸ ਨੂੰ ਖਸਮ/ਖਾਲਕ ਦੇ ਆਦੇਸ ਵਜੋ ਸੰਦੇਸ਼ ਰੂਪ ਵਿਚ ਪ੍ਰਸਤੁਤ ਕਰਨ ਲਈ ਜਨ-ਸਾਧਾਰਣ ਵਿਚ ਸਰਬ ਪ੍ਰਮਾਣਿਤ ਸੰਚਾਰ

---

7. ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।
(ਸਲੋਕ ਮਹਲਾ 3, ਸਿਰੀ ਰਾਗ ਦੀ ਵਾਰ ਮਹਲਾ 4, ਪੰਨਾ 83.)

8. ਗੁਰਨਾਮ ਸਿੰਘ, <u>ਆਦਿ ਗ੍ਰੰਥ: ਰਾਗ ਕੋਸ਼</u>, ਪੰਨਾ 28-29.

ਮਾਡਲ ਵੀ ਪ੍ਰਸਤੁਤ ਕੀਤਾ ਗਿਆ ਹੈ।[9]

ਮਾਝ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਅਸਟਪਦੀ' ਅਤੇ 'ਵਾਰ' ਕਾਵਿ-ਰੂਪ ਅਧੀਨ ਦਰਜ ਹੈ। ਇਸ ਦੇਸੀ ਰਾਗ ਵਿਚ ਗੁਰੂ ਸਾਹਿਬ ਦੁਆਰਾ ਸਨਾਤਨੀ ਤੇ ਲੋਕ ਕਾਵਿ-ਰੂਪਾਂ ਦਾ ਪ੍ਰਯੋਗ 'ਗੁਰੂ ਨਾਨਕ ਬਾਣੀ' ਦੇ ਸੰਚਾਰ ਪ੍ਰਬੰਧ ਦੀ ਵਿਲੱਖਣਤਾ ਹੈ।

1.3. ਗਉੜੀ: ਗਉੜੀ ਨੂੰ ਭਾਰਤੀ ਸੰਗੀਤ ਵਿਚ ਗੌਰੀ, ਗਵਰੀ, ਗੌੜੀ, ਗੋੜੀ ਆਦਿ ਨਾਵਾਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਪ੍ਰਾਚੀਨ ਤੇ ਸਥਾਪਿਤ ਰਾਗ ਹੋਣ ਕਰਕੇ ਇਸ ਰਾਗ ਦੇ ਕਈ ਪ੍ਰਕਾਰ ਮਿਲਦੇ ਹਨ। 'ਗੁਰੂ ਨਾਨਕ ਬਾਣੀ'ਦੇ ਅੰਤਰਗਤ ਇਹ ਰਾਗ ਆਪਣੇ ਵਿਭਿੰਨ ਰੂਪਾਂ ਸਹਿਤ ਵਿਦਮਾਨ ਹੈ ਜੋ ਇਸ ਪ੍ਰਕਾਰ ਹਨ:

ਗਉੜੀ ਗੁਆਰੇਰੀ,[10] ਗਉੜੀ ਦਖਣੀ,[11] ਗਉੜੀ ਚੇਤੀ,[12]
ਗਉੜੀ ਬੈਰਾਗਣਿ,[13] ਗਉੜੀ ਪੂਰਬੀ ਦੀਪਕੀ,[14] ਗਉੜੀ ਪੂਰਬੀ[15] ਤੇ
ਗਉੜੀ ਦੀਪਕੀ।[16]

---

9. ਹਉ ਢਾਢੀ ਵੇਕਾਰੁ ਕਾਰੈ ਲਾਇਆ।।
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।।
ਢਾਢੀ ਸਚੈ ਮਹਲਿ ਖਸਮਿ ਬੁਲਾਇਆ।।
ਸਚੀ ਸਿਫਤਿ ਸਾਲਾਹ ਕਪੜਾ ਪਾਇਆ।।
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ।।
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।।
ਢਾਢੀ ਕਰੇ ਪਸਾਉ ਸਬਦੁ ਵਜਾਇਆ।।
ਨਾਨਕ ਸਚੁ ਸਾਲਾਹਿ ਪੂਰਾ ਪਾਇਆ।।
(ਮਹਲਾ 1, ਵਾਰ ਮਾਝ, ਪੰਨਾ 150)

10. ਆਦਿ ਗ੍ਰੰਥ, ਪੰਨਾ 151
11. ਉਹੀ, ਪੰਨਾ 152
12. ਉਹੀ, ਪੰਨਾ 154
13. ਉਹੀ, ਪੰਨਾ 156
14. ਉਹੀ, ਪੰਨਾ 157
15. ਉਹੀ, ਪੰਨਾ 242
16. ਉਹੀ, ਪੰਨਾ 12

ਇਹਨਾਂ ਉਪਰੋਕਤ ਸਰੂਪਾਂ ਨੂੰ ਇਸ ਰਾਗ ਦੇ ਵਿਸ਼ਾਲ ਪ੍ਰਚਲਿਤ ਤੇ ਸਥਾਪਿਤ ਹੋਣ ਦਾ ਪ੍ਰਤੱਖ ਪ੍ਰਮਾਣ ਉਪਲੱਬਧ ਹੈ। ਗਉੜੀ ਆਪਣੇ ਵਿਭਿੰਨ ਰੂਪਾਂ ਅਤੇ ਪ੍ਰਕਾਰਾਂ ਅਨੁਸਾਰ ਵੱਖ ਵੱਖ ਸਮਿਆਂ ਤੇ ਗਾਇਆ ਜਾਂਦਾ ਹੈ। ਫਿਰ ਵੀ ਸ਼ਾਮ ਸਮੇਂ ਇਸ ਦਾ ਗਾਇਨ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਇਸ ਰਾਗ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ।[17] ਗੰਭੀਰ ਪ੍ਰਕ੍ਰਿਤੀ ਦੇ ਇਸ ਰਾਗ ਦੇ ਅੰਤਰਗਤ ਦਰਜ ਬਾਣੀ ਵਿਚ ਅਧਿਆਤਮਿਕ ਜਗਤ ਦੇ ਗੰਭੀਰ ਮਸਲਿਆਂ ਨੂੰ ਛੋਹਿਆ ਗਿਆ ਹੈ। ਇਸ ਰਾਗ ਵਿਚ ਭੈ, ਭਉ ਤੇ ਡਰ[18] ਦੀਆਂਵਿਭਿੰਨ ਅਵਸਥਾਵਾਂ ਦੇ ਮਹੱਤਵ ਤੇ ਅਧਿਆਤਮ ਪ੍ਰਸੰਗ ਨੂੰ ਭਲੀ ਭਾਂਤੀ ਦਰਸ਼ਾਇਆ ਗਿਆ ਹੈ। ਇਸ ਰਾਗ ਤੋਂ ਪ੍ਰਗਟ ਹੋਣ ਵਾਲੇ ਅਧਿਆਤਮ ਸੰਦੇਸ਼ ਨੂੰ ਅਗਾਂਹ ਵਿਚਾਰਿਆ ਜਾਵੇਗਾ।

ਗਉੜੀ ਰਾਗ ਵਿਚ 'ਗੁਰੂ ਨਾਨਕ ਬਾਣੀ' ਚਉਪਦੇ, ਪਦੇ, ਅਸਟਪਦੀ, ਛੰਤ ਕਾਵਿ-ਰੂਪ ਦੁਆਰਾ ਸੰਚਰਿਤ ਹੋਈ ਹੈ।

1.4 ਆਸਾ: ਰਾਗ ਆਸਾ ਰਾਗ ਮਾਝ ਵਾਂਗੂੰ ਪੰਜਾਬੀ ਜਨ-ਜੀਵਨ ਨਾਲ ਸੰਬੰਧਿਤ ਦੇਸੀ ਰਾਗ ਹੈ। ਇਸ ਰਾਗ ਦਾ ਸਿੱਖ ਸੰਗੀਤ ਵਿਚ ਸਵੇਰ ਤੇ ਸ਼ਾਮ[19] ਸਮੇਂ ਕੀਰਤਨ ਚੌਕੀਆਂ ਵਿਚ ਵਿਸ਼ੇਸ਼ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਇਸ ਰਾਗ ਨੂੰ 'ਟੁੰਡੇ ਅਸਰਾਜੇ ਦੀ ਧੁਨੀ'[20] ਤੇ ਅਧਾਰਿਤ ਮੰਨਿਆ ਜਾਂਦਾ ਹੈ। ਆਸਾ ਨੂੰ ਕਾਫੀ ਰਾਗਣੀ[21] ਨਾਲ ਮਿਲਾ ਕੇ ਵੀ ਗਾਇਆ ਗਿਆ ਹੈ। ਇਸੇ ਰਾਗ ਅਧੀਨ 'ਸੋਦਰੁ' ਰੂਪ ਵਿਚ ਪ੍ਰਭੂ ਦੇ ਦਰ ਦੀ ਸਿਫ਼ਤ ਸਲਾਹ 'ਪਟੀ' ਰਾਹੀਮੁੜ ਮਨ ਨੂੰ

---

17. ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।।
(ਸਲੋਕ ਮਹਲਾ 3, ਗਉੜੀ ਕੀ ਵਾਰ ਮਹਲਾ 4, ਪੰਨਾ 311)

18. ਆਦਿ ਗ੍ਰੰਥ, ਗਉੜੀ ਮਹਲਾ 1, ਪੰਨਾ 151

19. ਸਵੇਰ ਸਮੇਂ: 'ਆਸਾ ਦੀ ਵਾਰ ਦੀ ਚੌਕੀ'
ਸ਼ਾਮ ਸਮੇਂ: 'ਸੋਦਰ ਦੀ ਚੌਕੀ'

20. Gurnam Singh, A Musicological Study of Guru Nanak Bani, p.187.

21. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਟੀਕਾਕਾਰ ਡਾ. ਸਾਹਿਬ ਸਿੰਘ), ਪੋਥੀ ਤੀਜੀ, ਪੰਨਾ 119

ਨੂੰ ਗਿਆਨ, 'ਆਸਾ ਦੀ ਵਾਰ' ਦੁਆਰਾ ਪਾਖੰਡ, ਭਰਮ, ਵਹਿਮ ਦੀਆਂ ਗੰਢਾਂ ਖੋਲ੍ਹ ਕੇ ਆਲੋਚਨਾਤਮਿਕ ਵਿਸ਼ਲੇਸ਼ਣ ਤੇ ਪਰਮਸਤਿ ਦੇ ਅਨੁਭਵ ਲਈ ਯਤਨਸ਼ੀਲ ਦੀ ਪ੍ਰੇਰਣਾ ਹੈ।

ਆਸਾ ਰਾਗ ਅਧੀਨ 'ਗੁਰੂ ਨਾਨਕ ਬਾਣੀ', 'ਚਉਪਦੇ', 'ਪੰਜਪਦੇ', 'ਤਿਤੁਕਾ', 'ਅਸਟਪਦੀ', 'ਪੱਟੀ', 'ਛੰਤ', 'ਵਾਰ' ਕਾਵਿ-ਰੂਪਾਂ ਦੁਆਰਾ ਪ੍ਰਕਾਸ਼ਿਤ ਹੋ ਰਹੀ ਹੈ।

1.5 <u>ਗੂਜਰੀ</u>: ਗੂਜਰੀ ਸੰਗੀਤ ਜਗਤ ਦਾ ਪੁਰਾਤਨ ਪ੍ਰਸਿੱਧ ਤੇ ਪ੍ਰਚਲਿਤ ਰਾਗ ਹੈ। ਇਸ ਰਾਗ ਦੀ ਪ੍ਰਕ੍ਰਿਤੀ ਕਰੁਣਾਮਈ ਹੈ ਇਸ ਨੂੰ ਤੋੜੀ ਦੀ ਇਕ ਵੰਨਗੀ ਮੰਨਿਆ ਜਾਂਦਾ ਹੈ। ਇਸਦੇ ਗਾਇਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਗੁਰਬਾਣੀ ਵਿਚ ਇਸ ਰਾਗ ਦਾ ਉਲੇਖ ਵਿਸ਼ੇਸ਼ ਅਰਥਾਂ ਵਿਚ ਕੀਤਾ ਗਿਆ ਹੈ।[22] ਇਸ ਰਾਗ ਵਿਚ ਮਨੁੱਖੀ ਮਨ ਦੇ ਇੰਦ੍ਰਿਆਵੀ ਮਾਇਆ ਜਾਲ ਵਿਚ ਭੁਲਣ ਤੇ ਗੁਆਚਣ ਦਾ ਉਲੇਖ ਹੈ ਜਿਸ ਵਿਚੋ ਸਿਮਰਨ ਤੇ ਨਾਮ ਨਾਲ ਹੀ ਪਾਰ ਨਿਕਲਿਆ ਜਾ ਸਕਦਾ ਹੈ। ਰਾਮ ਤੇ ਕ੍ਰਿਸ਼ਨ ਦੇ ਪੂਜਕਾਂ ਦੀ ਹਕੀਕਤ ਨੂੰ ਇਸੇ ਰਾਗ ਵਿਚ ਦਰਸਾਇਆ ਗਿਆ ਹੈ। ਜਿਵੇਂ: 'ਰਾਮ ਰਿਦੈ ਜਪਮਾਲੀ',[23] 'ਬ੍ਰਹਮ ਕਮਲ ਮਧੁ ਤਾਸੁ ਰਸਾਦੰ',[24] 'ਸੁੰਨ ਸਮਾਧਿ ਰਹਹਿ ਲਿਵ ਲਾਗੇ',[25] 'ਚੇਤਹੁ ਬਾਸਦੇਉ ਬਨਵਾਲੀ',[26] 'ਬ੍ਰਹਮਾ ਬਿਸਨੁ ਮਹੇਸ ਅਕਾਰ'[27] ਆਦਿ। ਇਸ ਬਾਣੀ ਦੇ ਅੰਤਰਗਤ ਸੰਸਕ੍ਰਿਤ ਦੇ ਸੁਖੈਨ ਰੂਪ ਗਾਥਾ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਗੰਭੀਰ ਅਧਿਆਤਮਿਕ ਮਸਲਿਆਂ ਨੂੰ ਜਨ-ਸਾਧਾਰਣ ਤਕ ਪਹੁੰਚਾਣ ਲਈ ਨਿਵੇਕਲੇ ਰੂਪ ਵਿਚ ਕੀਤਾ ਗਿਆ ਹੈ।[28]

---

22. ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।।
(ਸਲੋਕ ਮਹਲਾ ੩, ਗੂਜਰੀ ਕੀ ਵਾਰ ਮਹਲਾ ੩, ਪੰਨਾ 516)
23. <u>ਆਦਿ ਗ੍ਰੰਥ</u>, ਗੂਜਰੀ ਅਸਟਪਦੀ ਮਹਲਾ 1, ਪੰਨਾ 503
24. ਉਹੀ
25. ਉਹੀ
26. ਉਹੀ
27. ਉਹੀ, ਪੰਨਾ 504
28. ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ।।
ਬਿਲਲਾਪ ਬਿਲਲ ਬਿੰਨਤੀਆ ਸੁਖ ਭਾਇ ਚਿਤ ਹਿਤੰ।।
... ... ...
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕ ਸਰਨੰ।।
(ਗੂਜਰੀ ਮਹਲਾ 1, ਪੰਨਾ 505)

ਗੂਜਰੀ ਰਾਗ ਅਧੀਨ ਦਰਜ 'ਗੁਰੂ ਨਾਨਕ ਬਾਣੀ' ਦਾ ਵਿਸਥਾਰ 'ਚਉਪਦੇ', ਅਸਟਪਦੀ ਕਾਵਿ ਰੂਪਾਂ ਦੇ ਅੰਤਰਗਤ ਹੋਇਆ ਹੈ।

1.6 ਬਿਹਾਗੜਾ: ਬਿਹਾਗੜਾ ਭਾਰਤੀ ਸੰਗੀਤ ਦਾ ਮਧੁਰ ਤੇ ਰਸੀਲਾ ਰਾਗ ਹੈ। ਇਹ ਰਾਤ ਸਮੇਂ ਗਾਏ ਜਾਣ ਵਾਲਾ ਰਾਗ ਹੈ। ਇਸ ਰਾਗ ਵਿਚ 'ਸਲੋਕ ਮਰਦਾਨਾ 1' ਅਤੇ 'ਮਹਲਾ1' ਦੇ ਸਿਰਲੇਖ ਅਧੀਨ ਸਲੋਕ ਦਰਜ ਹਨ। ਜਿਹਨਾਂ ਵਿਚ ਕਲਜੁਗ, ਕਲਜੁਗ ਦਾ ਸੁਭਾਅ, ਵਰਤਾਰਾ ਅਤੇ ਕਲਜੁਗ ਵਿਚ ਮਾਨਵ ਜਾਤੀ ਦੀ ਦਸ਼ਾ ਨੂੰ ਪ੍ਰਗਟਾਇਆ ਗਿਆ ਹੈ।

1.7 ਵਡਹੰਸ: ('ਗੁਰੂ ਨਾਨਕ ਬਾਣੀ' ਵਿਚ ਵਡਹੰਸ ਰਾਗ ਦਾ ਵਿਸ਼ੇਸ਼ ਸਥਾਨ ਹੈ। ਇਸ ਰਾਗ ਅਧੀਨ ਇਕੋ ਸਮੇਂ ਸਨਾਤਨੀ ਤੇ ਦੇਸੀ ਕਾਵਿ/ਗਾਇਨਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਦੁਪਹਿਰ ਸਮੇਂ ਦਾ ਰਾਗ ਹੈ। ਇਸ ਰਾਗ ਦੀ ਪ੍ਰਕ੍ਰਿਤੀ ਉਤਸ਼ਾਹੀ ਤੇ ਗੰਭੀਰ ਹੈ। ਗੁਰੂ ਨਾਨਕ ਬਾਣੀ ਵਿੱਚ ਇਸ ਦਾ ਦਖਣੀ ਰੂਪ ਵੀ ਪ੍ਰਯੋਗ ਕੀਤਾ ਗਿਆ ਹੈ।[29] ਰਾਗ ਵਡਹੰਸ ਅਧੀਨ ਦਰਜ ਬਾਣੀ ਅਧੀਨ ਪਰਮ-ਸਤਿ ਦੇ ਅਨੁਭਵ ਦੀ ਅਭਿਵਿਅਕਤੀ ਨਿਵੇਕਲੇ ਰੂਪ ਵਿਚ ਮੌਜੂਦ ਹੈ। ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਵਡ ਹੰਸ ਬਣਨ ਲਈ 'ਸਬਦ ਰਤੇ ਵਡਹੰਸ'ਹੋਈਦਾ ਹੈ।

ਵਡਹੰਸ ਰਾਗ ਅਧੀਨ ਗੁਰੂ ਨਾਨਕ ਬਾਣੀ 'ਚਉਪਦੇ' 'ਪੰਚਪਦੇ', ਅਸਟਪਦੀ,ਛੰਤ, ਅਲਾਹੁਣੀਆਂ, ਦੋਤੁਕੇ ਵਰਗੇ ਭਿੰਨ ਭਿੰਨ ਕਾਵਿ-ਰੂਪਾਂ ਦੇ ਅੰਤਰਗਤ ਸੰਚਰਿਤ ਹੋ ਰਹੀ ਹੈ। ਇਸ ਰਾਗ ਦੀ ਬਾਣੀ ਵਿਚ ਸਨਾਤਨੀ/ਲੋਕ ਕਾਵਿ/ਸੰਗੀਤ ਰੂਪਾਂ ਦਾ ਸੰਤੁਲਨ ਅਤੇ ਦੁੱਖ-ਸੁੱਖ ਵਿਚਲਾ ਅਧਿਆਤਮਿਕ ਸੰਤੁਲਨ ਵਿਸ਼ਲੇਸ਼ਣ ਤੇ ਚਿਤ੍ਰਣ ਵਿਲੱਖਣ ਹੋ ਨਿਬੜਿਆ ਹੈ।

1.8 ਸੋਰਠਿ: ਰਾਗ ਸੋਰਠਿ ਗੰਭੀਰ ਪ੍ਰਕ੍ਰਿਤੀ ਦਾ ਵੈਰਾਗਮਈ ਰਾਗ ਹੈ। ਇਹ ਉਤਰੀ ਭਾਰਤ ਦਾ ਵਿਸ਼ੇਸ਼ ਰਾਗ ਹੈ ਜਿਸ ਦੇ ਗਾਇਨ ਦਾ ਸਮਾਂ ਰਾਤ ਦਾ ਹੈ। ਗੁਰਬਾਣੀ ਵਿਚ ਇਸ ਰਾਗ ਦਾ ਵਿਸ਼ੇਸ਼ ਉਲੇਖ ਹੈ।[30] ਸਿੱਖ ਸੰਗੀਤ ਵਿਚ ਇਸ ਰਾਗ ਨੂੰ ਰਾਤ ਅਤੇ ਅੰਮ੍ਰਿਤ ਵੇਲੇ ਅਗਿਆਨਤਾ ਅਤੇ ਅਵੇਸਲੇਪਣ

---

29. ਆਦਿ ਗ੍ਰੰਥ, ਪੰਨਾ 580

30. (ੳ) ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ।।
(ਮਹਲਾ ੫, ਪੰਨਾ 1425)
(ਅ) ਸੋਰਠਿ ਸਦਾ ਸੁੋਹਾਵਣੀ ਜੇ ਸਚਾ ਮਨਿ ਹੋਇ।।
(ਮਹਲਾ ੧ ਸੋਰਠਿ ਕੀ ਵਾਰ ਮਹਲਾ 4, ਪੰਨਾ 642)

ਤੋਂ ਉਪਜੀ ਰਾਤ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲੇ ਸੋਰਠਿ ਰਾਗ ਦੇ ਸ਼ਬਦ ਲਈ ਗਾ ਲਿਆ ਜਾਂਦਾ ਹੈ। ਰਸਮੀ ਧਰਮ, ਕਰਮਕਾਂਡ, ਅਗਿਆਨਤਾ ਦੇ ਹਨੇਰੇ ਵਿਚੋਂ ਕਢਣ ਵਾਲੇ ਭਾਵਾਂ ਦੀ ਬਾਣੀ ਇਸ ਰਾਗ ਦੇ ਅੰਤਰਗਤ ਦਰਜ ਹੈ।

ਰਾਗ ਸੋਰਠਿ ਅਧੀਨ 'ਗੁਰੂ ਨਾਨਕ ਬਾਣੀ' ਚਉਪਦੇ, ਅਸਟਪਦੀ ਅਤੇ ਸਲੋਕ (ਸੋਰਠਿ ਕੀ ਵਾਰ ਮਲਾਰ ਵਿਚ) ਕਾਵਿ-ਰੂਪ ਦੇ ਅੰਤਰਗਤ ਆਪਣੀ ਮੌਲਿਕ ਵਿਲੱਖਣਤਾ ਸਹਿਤ ਪ੍ਰਕਾਸ਼ਮਾਨ ਹੋ ਰਹੀ ਹੈ।

1.9. ਧਨਾਸਰੀ: ਰਾਗ ਧਨਾਸਰੀ 'ਗੁਰੂ ਨਾਨਕ ਬਾਣੀ' ਦਾ ਪ੍ਰਸਿੱਧ ਰਾਗ ਹੈ। ਇਹ ਪੁਰਾਤਨ ਅਤੇ ਮਧੁਰ ਸੁਰਾਤਮਕ ਸਰੂਪ ਵਾਲਾ ਰਾਗ ਹੈ। ਇਸ ਰਾਗ ਦੇ ਗਾਇਨ ਦਾ ਸਮਾਂ ਇਸ ਦੇ ਵਿਭਿੰਨ ਸਰੂਪਾਂ ਦੇ ਅਨੁਰੂਪ ਸਵੇਰ ਅਤੇ ਸ਼ਾਮ ਹੈ ਭਾਵ ਭੈਰਵ ਥਾਟ ਦੀ ਧਨਾਸਰੀ ਸਵੇਰ ਸਮੇਂ ਕਿਉਂਜੋ ਭੈਰਵ ਸਵੇਰ ਸਮੇਂ ਨਾਲ ਸੰਬੰਧਿਤ ਹੈ ਅਤੇ ਕਾਫੀ ਥਾਟ ਦੀ ਧਨਾਸਰੀ ਦਿਨ ਦੇ ਤੀਸਰੇ ਪਹਿਰ ਗਾਈ ਜਾਂਦੀ ਹੈ।[31] ਗੁਰਬਾਣੀ ਵਿਚ ਇਸ ਰਾਗ ਦੀ ਵਿਸ਼ੇਸ਼ ਮਹਾਨਤਾ ਦਰਸਾਈ ਗਈ ਹੈ।[32] ਇਸ ਰਾਗ ਵਿਚ ਆਤਮਿਕ-ਪਿਆਸ, ਆਤਮਿਕ-ਦ੍ਰਿਸ਼ਟ ਦਾ ਸੂਖਸ਼ਮ ਪ੍ਰਗਟਾਅ, ਧਾਰਮਿਕ ਪਾਖੰਡ ਤੇ ਫਜ਼ੂਲ ਦੀਆਂ ਰਸਮਾਂ ਦਾ ਖੰਡਨ ਉਪਲਬੱਧ ਹੈ।

ਰਾਗ ਧਨਾਸਰੀ ਵਿਚ 'ਗੁਰੂ ਨਾਨਕ ਬਾਣੀ' ਚਉਪਦੇ, ਆਰਤੀ, ਅਸਟਪਦੀ, ਛੰਤ ਕਾਵਿ-ਰੂਪਾਂ ਦੁਆਰਾ ਸੰਚਰਿਤ ਹੋ ਰਹੀ ਹੈ।

1.10. <u>ਤਿਲੰਗ</u>: ਤਿਲੰਗ ਲੋਕਪ੍ਰਿਯ ਪ੍ਰਸਿੱਧ ਅਤੇ ਮਨੋਹਰ ਰਾਗ ਹੈ। ਇਸ ਨੂੰ ਤੈਲੰਗੀ ਨਾਮ ਨਾਲ ਵੀ ਸੰਬੰਧਿਤ ਕੀਤਾ ਜਾਂਦਾ ਹੈ। ਉਤਰੀ ਭਾਰਤ ਵਿਚ ਇਸਰਾਗ ਦਾ ਵਿਸ਼ੇਸ਼ ਪ੍ਰਚਲਣ ਹੈ। ਰਾਤ ਦਾ ਦੂਜਾ ਪਹਿਰ ਇਸ ਦਾ ਗਾਇਨ ਸਮਾਂ ਹੈ। ਸਿੱਖ ਕੀਰਤਨ ਵਿਚ ਬਾਅਦ ਦੁਪਹਿਰ ਮ੍ਰਿਤਕ ਦੇ ਭੋਗ ਸਮੇਂ ਵੈਰਾਗਮਈ ਬਾਣੀ ਦਾ ਗਾਇਨ ਵੀ ਇਸ ਰਾਗ ਵਿਚ ਅਕਸਰ ਕੀਤਾ ਜਾਂਦਾ ਹੈ। ਇਸ ਰਾਗ ਦੇ ਅੰਤਰਗਤ ਬਾਣੀ ਵਿਚ ਇਕ ਪਾਸੇ ਇਸ ਕਾਇਆ ਦੀ ਨਾਸ਼ਮਾਨਤਾ ਤੇ ਦੁਨਿਆਵੀ ਰੰਗ ਦੇ ਕੂੜ ਹੋਣ

---

31. ਗੁਰਨਾਮ ਸਿੰਘ, <u>ਆਦਿ ਗ੍ਰੰਥ: ਰਾਗ ਕੋਸ਼</u>, ਪੰਨਾ 57

32. ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ।।
(ਸਲੋਕ ਮਹਲਾ 3, ਸਲੋਕ ਵਾਰਾਂ ਤੇ ਵਧੀਕ, ਪੰਨਾ 1419)

ਦੇ ਤੱਤ ਪ੍ਰਗਟਾਏ ਗਏ ਹਨ ਅਤੇ ਦੂਸਰੇ ਪਾਸੇ ਬਾਬਰਵਾਣੀ ਵਰਗੀ ਸਮਕਾਲੀਨ ਜ਼ੁਲਮ ਜ਼ੋਰ ਤੇ ਰੱਬੀ ਰਜ਼ਾ ਨੂੰ ਪ੍ਰਗਟ ਕਰਨ ਵਾਲੀ ਸ਼ਕਤੀਸ਼ਾਲੀ ਸਮਰੱਥ ਬਾਣੀ ਹੈ।

ਰਾਗ ਤਿਲੰਗ ਵਿੱਚ 'ਗੁਰੂ ਨਾਨਕ ਬਾਣੀ' ਵਿਚ ਪਦੇ ਕਾਵਿ-ਰੂਪ ਤੋਂ ਬਿਨਾਂ ਇਕ ਹੋਰ ਰਾਜਪੂਤਾਨੇ ਦੀ ਡਿੰਗਲ ਭਾਸ਼ਾ ਦੇ ਕਾਵਿ-ਰੂਪ ਦੁਆਰਾ ਮੂਰਤੀਮਾਨ ਹੋ ਰਹੀ ਹੈ।[33]

1.11. ਸੂਹੀ: ਸੂਹੀ ਇਕ ਅਪ੍ਰਚਲਿਤ ਰਾਗ ਹੈ ਜਿਸ ਦਾ ਵਿਸ਼ੇਸ਼ ਪ੍ਰਚਲਨ ਤੇ ਉਲੇਖ ਗੁਰਬਾਣੀ ਵਿਚ ਉਪਲਬੱਧ ਹੁੰਦਾ ਹੈ। 'ਗੁਰੂ ਨਾਨਕ ਬਾਣੀ' ਵਿਚ ਇਸ ਰਾਗ ਨੂੰ ਕਾਫੀ ਰਾਗਣੀ ਨਾਲ ਅੰਕਿਤ ਕੀਤਾ ਗਿਆ ਹੈ।[34] ਇਹ ਸ਼੍ਰਿੰਗਾਰ ਰਸੀ ਰਾਗ ਹੈ। ਜਿਸ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਰਾਗ ਦੀ ਬਾਣੀ ਦੇ ਅੰਤਰਗਤ ਸੂਹੇ ਵਸਤ੍ਰਾਂ ਵਾਲੀ ਜੀਵਾਤਮਾ ਇਸਤ੍ਰੀ ਨੂੰ ਪਰਮਸਤਿ ਦੇ ਕੰਤ ਪ੍ਰਤੀਕ ਦੁਆਰਾ ਨਿਰੂਪਣ ਕਰਦਿਆਂ ਮਿਲਾਪ ਲਈ ਮਾਰਗ ਦਰਸਾਇਆ ਹੈ। ਆਵਾਗਵਨ, ਚੰਗੇ ਅਤੇ ਮਾੜੇ ਕਰਮਾਂ ਨੂੰ ਜੀਵਆਤਮਾ ਦੇ ਪ੍ਰਸੰਗ ਵਿਚ ਦੁਨਿਆਵੀ ਰਿਸ਼ਤਿਆਂ ਦੁਆਰਾ ਵਰਣਨ ਇਸ ਰਾਗ ਵਿਚ ਅੰਮ੍ਰਿਤ ਬਾਣੀ ਦੀ ਖਾਸੀਅਤ ਹੈ।

ਰਾਹ ਸੂਹੀ ਅਧੀਨ ਅਸਟਪਦੀ, ਚਉਪਦੇ, ਕੁਚਜੀ, ਸੁਚਜੀ, ਛੰਤ, ਸਲੋਕ (ਸੂਹੀ ਕੀ ਵਾਰ ਮਹਲਾ 3 ਵਿਚ) ਵਰਗੇ ਕਾਵਿ-ਰੂਪ 'ਗੁਰੂ ਨਾਨਕ ਬਾਣੀ' ਦੀ ਵਿਸ਼ਿਸ਼ਟਤਾ ਹਨ।

1.12. ਬਿਲਾਵਲੁ: ਬਿਲਾਵਲ ਪ੍ਰਸਿੱਧ ਅਤੇ ਪੁਰਾਤਨ ਰਾਗ ਹੈ ਇਸ ਨੂੰ ਵੇਲਾਵਲੀ, ਵਿਲਾਵਲੀ, ਬਿਲਾਵਲੀ ਨਾਵਾਂ ਨਾਲ ਵੀ ਰੂਪਾਂਤਰਿਤ ਕੀਤਾ ਜਾਂਦਾ ਹੈ। ਇਸ ਰਾਗ ਦਾ ਪ੍ਰਚਲਨ ਮੱਧਕਾਲੀਨ ਅਤੇ ਵਰਤਮਾਨ ਸੰਗੀਤ ਜਗਤ ਵਿਚ ਲੋਕਪ੍ਰਿਯਤਾ ਦਾ ਧਾਰਣੀ ਹੈ। ਇਸ ਨੂੰ ਮੰਗਲ ਅਤੇ ਖੁਸ਼ੀ ਦਾ ਰਾਗ ਮੰਨਿਆ ਜਾਂਦਾ ਹੈ ਇਹ ਦਿਨ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ ਇਸ ਦੀ ਪ੍ਰਕ੍ਰਿਤੀ ਸ਼ਾਂਤ ਅਤੇ ਗੰਭੀਰ ਹੈ। ਗੁਰਬਾਣੀ ਵਿਚ ਇਸ ਰਾਗ ਦਾ ਵਿਸ਼ੇਸ਼ ਉਲੇਖ ਹੈ[35] ਅਤੇ ਗੁਰੂ ਨਾਨਕ ਬਾਣੀ ਵਿੱਚ ਇਸ ਰਾਗ ਦਾ ਦਖਣੀ ਰੂਪ ਵੀ ਮਿਲਦਾ ਹੈ।[36] ਇਸ ਰਾਗ ਵਿਚ ਪ੍ਰਭੂ ਪ੍ਰਮੇਸਰ ਦੇ ਨਾਮ ਦਾ ਗਿਆਨ ਗੋਰਖਨਾਥ, ਮਛੰਦਰਨਾਥ, ਨਾਲ ਅਧਿਆਤਮਿਕ ਗਿਆਨ ਦਾ ਸੰਵਾਦ ਅਤੇ 'ਥਿਤੀ' ਬਾਣੀ ਵਿੱਚ ਆਪੇ

---

33. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ), ਪੰਨਾ 720
34. ਉਹੀ, ਪੋਥੀ ਤੀਜੀ, ਪੰਨਾ 751
35. ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥
    (ਮਹਲਾ ੩, ਬਿਲਾਵਲ ਕੀ ਵਾਰ ਮਹਲਾ 4, ਪੰਨਾ 849.)
36. ਅਸੰਦਰਗ੍ਰੰਥ, ਪੰਨਾ 843

ਨੂੰ ਪਛਾਣਨ, ਪਰਮਾਤਮਾ ਦੀ ਵਡਿਆਈ ਸਭ ਗਿਆਨ ਸ੍ਰੋਤਾਂ ਨਾਲੋਂ ਇਸ ਦੀ ਉਚਤਾ ਨੂੰ ਬਿਆਨਿਆ ਗਿਆ ਹੈ।

ਰਾਗ ਬਿਲਾਵਲੁ ਅਧੀਨ 'ਗੁਰੂ ਨਾਨਕ ਬਾਣੀ' ਚਉਪਦੇ, ਅਸਟਪਦੀ, ਥਿਤੀ, ਛੰਦ ਕਾਵਿ-ਰੂਪਾਂ ਦੇ ਅੰਤਰਗਤ ਪ੍ਰਕਾਸ਼ਮਾਨ ਹੋ ਰਹੀ ਹੈ।

1.13. ਰਾਮਕਲੀ: ਰਾਮਕਲੀ ਪੁਰਾਤਨ ਤੇ ਪ੍ਰਸਿੱਧ ਰਾਗ ਹੈ ਇਹ ਮੱਧਕਾਲ ਅਤੇ ਵਰਤਮਾਨ ਸੰਗੀਤ ਜਗਤ ਵਿਚ ਪ੍ਰਚਲਿਤ ਤੇ ਪ੍ਰਵਾਣਿਤ ਰਾਗ ਹੈ। ਸਵੇਰ ਸਮੇਂ ਗਾਏ ਜਾਣ ਵਾਲੇ ਇਸ ਰਾਗ ਨੂੰ ਜੋਗੀ ਅਤੇ ਨਾਥ ਸੰਪਰਦਾਇ ਦਾ ਪ੍ਰਿਯ ਰਾਗ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਇਸ ਰਾਗ ਦਾ ਵਿਸ਼ੇਸ਼ ਉਲੇਖ ਹੈ।[37] ਇਹ ਰਾਗ ਕਰੁਣਾਮਈ ਭਾਵਾਂ ਨੂੰ ਵਿਅਕਤ ਕਰਨ ਲਈ ਵਿਸ਼ੇਸ਼ ਹੈ। ਇਸ ਬਾਣੀ ਵਿਚ ਧਰਮ ਕਰਮ ਦੇ ਬਾਹਰੀ ਭੇਖ ਨੂੰ ਤੁੱਛ ਦਰਸਾਉਂਦਿਆਂ ਸਦਾਚਾਰਿਕ ਸ਼ਿੰਗਾਰ ਕਰਨ ਲਈ ਪ੍ਰੇਰਿਆ ਗਿਆ ਹੈ। ਕਲਜੁਗ ਦੇ ਵਰਤਾਰੇ ਅਤੇ ਉਸ ਪਰਮਸਤਿ ਨਾਲ ਜੁੜਨ ਦਾ ਉਦੇਸ਼ ਇਸ ਰਾਗ ਦੀ ਇਕ ਹੋਰ ਸੁਰ ਹੈ। ਗੁਰੂ ਸਾਹਿਬ ਦੀ ਸਰਬਕਾਲੀਨ ਵਿਚਾਰਧਾਰਾ, ਵਿਦਿਆ ਪ੍ਰਣਾਲੀ ਅਤੇ ਸਿਧ ਗੋਸਟਿ ਨੂੰ ਅਲੋਚਨਾਤਮਿਕ ਦ੍ਰਿਸ਼ਟਿ ਤੋਂ ਵਿਸ਼ਲੇਸ਼ਿਤ ਇਸ ਰਾਗ ਵਿਚ ਕੀਤਾ ਮਿਲਦਾ ਹੈ। 'ਗੁਰੂ ਨਾਨਕ ਬਾਣੀ' ਵਿਚ ਰਾਮਕਲੀ ਆਪਣੇ ਦਖਣੀ ਪ੍ਰਕਾਰ ਸਹਿਤ ਵੀ ਵਿਦਮਾਨ ਹੈ।[38]

ਰਾਮਕਲੀ ਰਾਗ ਵਿੱਚ ਚਉਪਦੇ, ਅਸਟਪਦੀ, ਓਅੰਕਾਰ, ਸਿਧਗੋਸਟਿ, ਵਾਰ ਤੇ ਸਲੋਕ (ਰਾਮਕਲੀ ਵਾਰ ਮਹਲਾ 3 ਵਿਚ) ਕਾਵਿ-ਰੂਪਾਂ ਦੇ ਅੰਤਰਗਤ 'ਗੁਰੂ ਨਾਨਕ ਬਾਣੀ' ਦਾ ਅਗੰਮੀ ਪ੍ਰਕਾਸ਼ ਦ੍ਰਿਸ਼ਟਮਾਨ ਹੁੰਦਾ ਹੈ।

1.14. ਮਾਰੂ: ਮਾਰੂ ਪੁਰਾਤਨ ਅਤੇ ਕਠਿਨ ਰਾਗ ਹੈ ਇਹ ਬੀਰ ਰਸੀ ਪ੍ਰਕ੍ਰਿਤੀ ਦਾ ਧਾਰਣੀ ਹੈ ਇਸ ਦੇ ਪ੍ਰਾਚੀਨ ਨਾਮ ਮਾਰੁਵ, ਮਾਰਵਿਕ, ਆਦਿ ਵੀ ਹਨ। ਮਾਰੂ ਦਾ ਦਖਣੀ ਰੂਪ ਅਤੇ ਇਸ ਨੂੰ ਕਾਫੀ ਨਾਲ ਮਿਲਾ ਕੇ ਗਾਉਣ ਦਾ ਆਦੇਸ਼ ਵੀ ਹੈ।[39] ਇਸ ਰਾਗ ਦੀ ਬਾਣੀ ਵਿੱਚ ਮਾਨਵ ਦੇ ਅੰਤਰੀਵ ਵਿਚ ਹੋ ਰਹੇ ਯੁੱਧ ਦਾ ਚਿਤ੍ਰਣ ਮਿਲਦਾ ਹੈ। ਦੁਰਮਤਿ ਦਾ ਨਾਸ, ਗੁਰਮਤਿ ਦਾ ਪ੍ਰਕਾਸ਼

---

37. ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ।।

(ਮਹਲਾ 3, ਰਾਮਕਲੀ ਕੀ ਵਾਰ ਮਹਲਾ 3, ਪੰਨਾ 950.)

38. ਆਇਰਬਿ, ਪੰਨਾ 907

39. ਉਹੀ, ਪੰਨਾ 1014.

ਅਤੇ ਨਾਮ ਦੁਆਰਾ ਇਸ ਵਿਜੈ ਦੀ ਪ੍ਰਾਪਤੀ ਇਸ ਬਾਣੀ ਦਾ ਵਿਸ਼ੇਸ਼ ਲੱਛਣ ਹੈ। ਇਸ ਤੋਂ ਬਿਨਾਂ ਨਾਮ ਸਿਮਰਨ ਦਾ ਉਦਮ, ਕਿਰਤ, ਸੰਨਿਆਸ, ਭਰਮਾਂ ਦਾ ਨਾਸ਼, ਨਿੰਦਾ ਦਾ ਤਿਆਗ, ਸਿਫਤ ਸਲਾਹ ਇਸ ਰਾਗ ਅਧੀਨ ਬਾਣੀ ਦੇ ਅਗਲੇਰੇ ਵਿਸ਼ੇ ਹਨ।

ਰਾਗ ਮਾਰੂ ਵਿਚ ਚਉਪਦੇ, ਅਸਟਪਦੀ ਅਤੇ ਸੋਲਹੇ ਕਾਵਿ-ਰੂਪ ਵਿਚ ਬਾਣੀ ਪ੍ਰਗਟ ਹੁੰਦੀ ਹੈ।

1.15 ਤੁਖਾਰੀ: ਤੁਖਾਰੀ ਰਾਗ ਦਾ ਪ੍ਰਚਲਨ ਸਿੱਖ ਸੰਗੀਤ ਵਿਚ ਮੌਲਿਕ ਵਿਸ਼ਿਸ਼ਟਤਾ ਦਾ ਧਾਰਣੀ ਹੈ। ਇਹ ਰਾਗ ਭਾਰਤੀ ਸੰਗੀਤ ਵਿਚ ਪਰਚਾਰ ਵਿਚ ਨਹੀਂ ਇਸ ਰਾਗ ਦੇ ਵਿਭਿੰਨ ਤਿੰਨ ਸਰੂਪ ਸਿੱਖ ਸੰਗੀਤ ਨਾਲ ਸੰਬੰਧਿਤ ਵਿਦਵਾਨਾਂ ਕੋਲੋਂ ਪ੍ਰਾਪਤ ਹੁੰਦੇ ਹਨ।[40] ਇਸ ਰਾਗ ਦਾ ਗਾਇਨ ਸਮਾਂ ਵਿਸ਼ੇਸ਼ ਕਰਕੇ ਸ਼ਾਮ ਦਾ ਹੈ। ਕਰੁਣ ਅਤੇ ਬਿਰਹਾ ਪ੍ਰਧਾਨ ਰਚਨਾਵਾਂ ਲਈ ਇਹ ਰਾਗ ਵਿਸ਼ੇਸ਼ ਤੌਰ ਤੇ ਢੁਕਵਾਂ ਹੈ। ਮਨੁੱਖੀ ਮਨ ਦੀ ਬਿਹਬਲਤਾ ਅਤੇ ਮਿਲਾਪ ਦੀ ਤਾਂਘ ਇਸ ਰਾਗ ਦੀ ਬਾਣੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ।

ਰਾਗ ਤੁਖਾਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਬਾਰਹਮਾਹ ਅਤੇ ਛੰਤ 'ਗੁਰੂ ਨਾਨਕ ਬਾਣੀ' ਦੇ ਵਿਸ਼ਿਸ਼ਟ ਕਾਵਿ-ਰੂਪਹਨ।

1.16 ਭੈਰਉ: ਭੈਰਉ ਪ੍ਰਸਿੱਧ ਅਤੇ ਪ੍ਰਚਲਿਤ ਰਾਗ ਹੈ। ਮਧਕਾਲ ਅਤੇ ਵਰਤਮਾਨ ਸੰਗੀਤ ਜਗਤ ਵਿਚ ਇਸ ਦਾ ਵਿਸ਼ੇਸ਼ ਪ੍ਰ ਚਲਨ ਹੈ। ਇਸਦਾ ਗਾਇਨ ਸਮਾਂ ਸਵੇਰ ਹੈ। ਇਹ ਸ਼ਾਂਤ ਪ੍ਰਕ੍ਰਿਤੀ ਦਾ ਰਾਗ ਹੈ। ਜਿਸ ਵਿਚ ਮਾਨਸਿਕ ਉਦਮ ਉਤਸਾਹ ਅਤੇ ਖੇੜੇ ਦੇ ਭਾਵ ਸਫਲਤਾ ਸਹਿਤ ਪ੍ਰਗਟ ਕੀਤੇ ਜਾ ਸਕਦੇ ਹਨ। ਇਸ ਰਾਗ ਦੀ ਬਾਣੀ ਵਿਚ ਪ੍ਰਗਟ ਹੋਏ ਵਿਚਾਰ ਦਾਰਸ਼ਨਿਕ ਅਤੇ ਮਨੋਵਿਗਿਆਨਿਕ ਹਨ। ਜਿਵੇਂ "ਭਵਜਲੁ ਬਿਨੁ ਸਬਦੈ ਕਿਉ ਤਰੀਐ"[41] "ਅੰਧੁਲੇ ਕਿਆ ਪਾਇਆ ਜਗਿ ਆਇ",[42] "ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ।"[43] "ਆਤਮ ਮਹਿ ਰਾਮੁ ਰਾਮ ਮਹਿ ਆਤਮੁ।"[44]

---

40. ਗੁਰਨਾਮ ਸਿੰਘ, ਆਦਿ ਗ੍ਰੰਥ: ਰਾਗਕੋਸ਼
41. ਆਦਿ ਗ੍ਰੰਥ, ਭੈਰਉ ਮਹਲਾ 1, ਪੰਨਾ 1125
42. ਆਦਿ ਗ੍ਰੰਥ, ਭੈਰਉ ਮਹਲਾ 1, ਪੰਨਾ 1126
43. ਉਹੀ
44. ਆਦਿ ਗ੍ਰੰਥ, ਭੈਰਉ ਅਸਟਪਦੀ ਮਹਲਾ 1, ਪੰਨਾ 1153

"ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ"[45] "ਤੀਰਥ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦ ਭਇਆ।"[46]

ਰਾਗ ਭੈਰਉ ਵਿਚ ਦਰਜ 'ਗੁਰੂ ਨਾਨਕ ਬਾਣੀ' ਚਉਪਦੇ ਅਤੇ ਅਸਟਪਦੀ ਕਾਵਿ-ਰੂਪਾਂ ਦੁਆਰਾ ਸੰਚਰਿਤ ਹੋ ਰਹੀ ਹੈ।

1.17 ਬਸੰਤ: ਬਸੰਤ ਰਿਤੂਕਾਲੀਨ ਰਾਗ ਹੈ। ਬਸੰਤ ਰੁਤ ਦੇ ਉਮਾਹ, ਉਤਸ਼ਾਹ ਤੇ ਹੁਲਾਸ ਨੂੰ ਪ੍ਰਗਟਾਉਣ ਦਾ ਇਹ ਵਿਸ਼ੇਸ਼ ਮਾਧਿਅਮ ਹੈ ਇਸ ਰਾਗ ਦੀਆਂ ਰਚਨਾਵਾਂ ਵਿਚ ਬਸੰਤ ਰੁਤ ਦਾ ਚਿਤਰਣ ਆਮ ਮਿਲਦਾ ਹੈ। ਪ੍ਰਸਿੱਧ ਅਤੇ ਪ੍ਰਚਲਿਤ ਰਾਗ ਹੋਣ ਕਰਕੇ ਬਸੰਤ ਮੱਧਕਾਲ ਅਤੇ ਵਰਤਮਾਨ ਸਮੇਂ ਦਾ ਲੋਕਪ੍ਰਿਯ ਰਾਗ ਹੈ। ਇਸ ਦੇ ਗਾਇਨ ਦਾ ਸਮਾਂ ਮੱਧਰਾਤ ਅਤੇ ਬਸੰਤ ਵਿਚ ਹਰ ਵੇਲੇ ਹੈ। ਇਸ ਦੀ ਪ੍ਰਕ੍ਰਿਤੀ ਗੰਭੀਰ ਮੰਨੀ ਜਾਂਦੀ ਹੈ। 'ਗੁਰੂ ਨਾਨਕ ਬਾਣੀ' ਵਿਚ ਇਸ ਰਾਗ ਨੂੰ ਹਿੰਡੋਲ ਰਾਗ ਨਾਲ ਮਿਲਾ ਕੇ ਵੀ ਗਾਏ ਜਾਣ ਦਾ ਆਦੇਸ ਹੈ।[47] ਰਾਗ ਬਸੰਤ ਵਿਚ ਬਸੰਤ ਰੁਤ ਦੇ ਪ੍ਰਤੀਕਾਂ ਦੁਆਰਾ ਕਰਮ 'ਪੇੜ' ਧਰਮ 'ਫੁਲ' ਅਤੇ ਗਿਆਨ 'ਫਲ' ਰੂਪ ਵਿਚ ਪਰਮਸਤਿ ਨਾਲ ਜੁੜਨ ਦੀ ਗੱਲ ਆਖੀ ਗਈ ਹੈ।[48] ਇਸ ਰਾਗ ਦੀ ਸਮੁੱਚੀ ਬਾਣੀ ਵਿਚ ਬਸੰਤ ਰੁਤ ਦੇ ਬਾਹਰਲੇ ਖੇੜੇ ਨੂੰ ਆਤਮਿਕ ਖੇੜੇ ਤੇ ਸਦ ਬਸੰਤ ਵਿਚ ਪਰਿਵਰਤਿਤ ਕਰਨ ਦੀ ਸਿਖਿਆ ਦਿਤੀ ਗਈ ਹੈ।

ਰਾਗ ਬਸੰਤ ਵਿਚ 'ਗੁਰੂ ਨਾਨਕ ਬਾਣੀ' ਚਉਪਦੇ, ਦੋ ਤੁਕੇ ਅਤੇ ਅਸਟਪਦੀ ਕਾਵਿ-ਰੂਪਾਂ ਦੁਆਰਾ ਪ੍ਰਕਾਸ਼ਮਾਨ ਹੋ ਰਹੀ ਹੈ।

1.18 ਸਾਰੰਗ: ਸਾਰੰਗ ਇਕ ਮਧੁਰ ਅਤੇ ਲੋਕਪ੍ਰਿਯ ਰਾਗ ਹੈ। ਇਸ ਰਾਗ ਦੀਆਂ ਸੁਰਾਵਲੀਆਂ ਲਗਭਗ ਹਰ ਭਾਰਤੀ ਖਿਤੇ ਦੇ ਲੋਕ ਸੰਗੀਤ ਵਿਚ ਮਿਲ ਜਾਂਦੀਆਂ ਹਨ। ਇਸ ਰਾਗ ਦੇ ਕਈ ਪ੍ਰਕਾਰ ਪ੍ਰਚਾਰ ਵਿਚ ਹਨ। ਇਸ ਦੇ ਗਾਇਨ ਦਾ ਸਮਾਂ ਦੁਪਹਿਰ ਹੈ। ਇਸ ਰਾਗ ਦੀ ਬਾਣੀ ਵਿਚ ਗੁਰਸ਼ਬਦ ਦੀ ਮਹਾਨਤਾ ਅਤੇ ਆਤਮਿਕ ਤਿਖਾ ਬੁਝਾਉਣ ਦੀ ਗੱਲ ਕੀਤੀ ਗਈ ਹੈ। ਇਹ ਰਾਗ ਮਲਾਰ ਤੋਂ ਪਹਿਲਾਂ ਦਾ ਰਾਗ ਅਤੇ ਮੀਂਹ ਤੇ ਮਲਾਰ ਦੀ ਉਡੀਕ ਇਸ ਰਾਗ ਦੀ ਬਾਣੀ ਵਿੱਚ ਵਿਭਿੰਨ ਰੂਪਾਂ ਵਿੱਚ ਪ੍ਰਗਟ ਹੁੰਦੀ ਹੈ।

---

45. ਆਦਿ ਗ੍ਰੰਥ, ਭੈਰਉ ਅਸਟਪਦੀ ਮਹਲਾ ੧, ਪੰਨਾ 1153
46. ਉਹੀ
47. ਆਦਿ ਗ੍ਰੰਥ, ਪੰਨਾ 1171
48. ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ।।
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ।।
(ਬਸੰਤ ਮਹਲਾ ੧, ਪੰਨਾ 1168)

ਰਾਗ ਸਾਰੰਗ ਅਧੀਨ ਚਉਪਦੇ, ਅਸਟਪਦੀ, ਸਲੋਕ (ਸਾਰੰਗ ਕੀ ਵਾਰ ਮਹਲਾ 4 ਵਿਚੋਂ) ਕਾਵਿ-ਰੂਪ ਗੁਰੂ ਨਾਨਕ ਬਾਣੀ ਨੂੰ ਸੰਚਰਿਤ ਕਰਨ ਦੇ ਵਿਸ਼ੇਸ ਸੰਚਾਰ ਮਾਧਿਅਮ ਹਨ।

1.19. ਮਲਾਰ: ਮਲਾਰ ਰਿਤੂਕਾਲੀਨ ਰਾਗ ਹੈ। ਜਿਸਦਾ ਸੰਬੰਧ ਸਾਵਣ ਮਹੀਨੇ ਤੇ ਬਰਸਾਤ ਨਾਲ ਹੈ। ਇਹ ਪੁਰਾਤਨ ਪ੍ਰਸਿੱਧ ਅਤੇ ਲੋਕਪ੍ਰਿਯ ਰਾਗ ਹੈ ਜਿਸ ਨਾਲ ਕਈ ਦੰਤ ਕਥਾਵਾਂ ਜੁੜੀਆਂ ਹੋਈਆਂ ਹਨ। ਇਸ ਰਾਗ ਦੀ ਬਾਣੀ ਵਿਚ 'ਘਣ' ਜਾਂ 'ਮੇਘ' ਨੂੰ ਪਰਮਸਤਿ ਦੇ ਪ੍ਰਤੀਕ ਦੁਆਰਾ ਬਿੰਬਿਤ ਕੀਤਾ ਗਿਆ ਹੈ ਅਤੇ ਜੀਵਾਤਮਾ ਨੂੰ ਚਾਤ੍ਰਿਕ ਦੇ ਪ੍ਰਤੀਕ ਰੂਪ ਵਿਚ ਅੰਮ੍ਰਿਤ ਬੂੰਦ ਦੀ ਤਿਖ ਪ੍ਰਾਪਤੀ ਲਈ ਬਿਹਬਲ ਦਰਸਾਇਆ ਗਿਆ ਹੈ।[49]

ਰਾਗ ਮਲਾਰ ਵਿਚ 'ਗੁਰੂ ਨਾਨਕ ਬਾਣੀ' ਚਉਪਦੇ, ਅਸਟਪਦੀ ਅਤੇ ਵਾਰ ਕਾਵਿ-ਰੂਪ ਦੁਆਰਾ ਸੰਚਰਿਤ ਹੋ ਰਹੀ ਹੈ।

1.20. ਪ੍ਰਭਾਤੀ: ਪ੍ਰਭਾਤੀ ਉਲਾਸ ਖੇੜੇ ਤੇ ਪ੍ਰਸੰਨਤਾ ਦਾ ਰਾਗ ਹੈ। ਇਸ ਦਾ ਸਰੂਪ ਵਿਲੱਖਣ ਹੈ ਅਤੇ ਅਪ੍ਰਚਲਿਤ ਵੀ। ਸਵੇਰ, ਪ੍ਰਭਾਤ ਸਮੇਂ ਇਸ ਰਾਗ ਦਾ ਗਾਇਨ ਵਿਸ਼ੇਸ਼ ਰੂਪ ਵਿਚ ਖਿੜਦਾ ਹੈ। 'ਗੁਰੂ ਨਾਨਕ ਬਾਣੀ' ਵਿਚ ਪ੍ਰਭਾਤੀ ਨੂੰ ਬਿਭਾਸ[50] ਨਾਲ ਮਿਲਾ ਕੇ ਅਤੇ ਇਸਦਾ ਦਖਣੀ[51] ਰੂਪ ਵੀ ਅੰਕਿਤ ਹੈ। ਇਸ ਬਾਣੀ ਦੇ ਅੰਤਰਗਤ ਗਿਆਨ ਦੀ ਪ੍ਰਭਾਤ ਨੂੰ ਪਰਮਸਤਿ ਦੇ ਪ੍ਰਤੀਕ ਵਜੋਂ ਬਿੰਬਤ ਕੀਤਾ ਗਿਆ ਹੈ। ਏਥੇ ਅੰਧੇਰਾ ਅਗਿਆਨਤਾ ਅਤੇ ਆਤਮਸਤਿ ਦੀ ਪ੍ਰਭਾਤ ਨੂੰ ਦੁਨਿਆਵੀ ਪ੍ਰਭਾਤ ਦੇ ਰੂਪ ਵਿੱਚ ਪ੍ਰਗਟਾਇਆ ਗਿਆ ਹੈ। ਕਿਰਣ ਇਸ ਰਾਗ ਵਿਚ ਗਿਆਨ ਦੇ ਕੇਂਦਰੀ ਨੁਕਤੇ ਵਜੋਂ ਉਜਾਗਰ ਹੁੰਦੀ ਹੈ।[52] ਗੁਰੂ ਨਾਨਕ ਸਾਹਿਬ ਨੇ ਇਸ ਰਾਗ ਦੀ ਬਾਣੀ ਵਿਚ ਪ੍ਰਭਾਤ ਦੇ ਹੋਰ ਬਿੰਬ ਵੀ

---

49. (ੳ) ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ।।

(ਮਲਾਰ ਮਹਲਾ ੧, ਪੰਨਾ 1254)

(ਅ) ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ
ਬਿਲਪ ਕਰੈ ਬਿਲਲਾਈ।।

(ਮਲਾਰ ਮਹਲਾ ੧, ਅਸਟਪਦੀ ਘਰ ੧, ਪੰਨਾ 1273)

50. ਆਦਿਗ੍ਰੰਥ, ਪੰਨਾ 1327

51. ਉਹੀ, ਪੰਨਾ 1343

52. ਪਸਰੀ ਕਿਰਣਿ ਰਸਿ ਕਮਲ ਬਿਗਾਸੇ
ਸਸਿ ਘਰਿ ਸੂਰੁ ਸਮਾਇਆ।।

(ਪ੍ਰਭਾਤੀ ਮਹਲਾ ੧, ਪੰਨਾ 1332.)

ਇਸਤੇਮਾਲ ਕੀਤੇ ਹਨ।[53] ਇਸ ਰਾਗ ਵਿਚ ਗਿਆਨ ਦੀ ਜੋਤਿ ਹਰ ਥਾਂ ਵਿਦਮਾਨ ਹੈ ਜਿਸ ਦੀ ਪ੍ਰਾਪਤੀ ਜੀਵਾਤਮਾਂ ਦੀ ਪ੍ਰਭਾਵ ਦਾ ਅੰਤਿਮ ਲਕਸ਼ ਹੈ।

ਰਾਗ ਪ੍ਰਭਾਤੀ ਵਿਚ ਚਉਪਦੇ, ਅਸਟਪਦੀ, ਸਲੋਕ ਸਹਿਸਕ੍ਰਿਤੀ ਕਾਵਿਰੂਪਾਂ ਦੁਆਰਾ ਗੁਰੂ ਨਾਨਕ ਬਾਣੀ ਦਾ ਵਿਭਿੰਨ ਪਾਸਾਰ ਦ੍ਰਿਸ਼ਟਮਾਨ ਹੁੰਦਾ ਹੈ।

ਰਾਗ ਅਧੀਨ ਦਰਜ ਉਪਰੋਕਤ ਬਾਣੀ ਤੋਂ ਬਿਨਾਂ ਸਲੋਕ ਵਾਰਾਂ ਤੇ ਵਧੀਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਈ ਸਲੋਕ ਵਿਸ਼ਿਸ਼ਟ ਮਹੱਤਵ ਦੇ ਧਾਰਣੀ ਹਨ। ਇਹਨਾਂ ਸਲੋਕਾਂ ਵਿਚ ਦੁਨੀਆਂ ਦਾ ਚਰਿਤ੍ਰ ਚਿਤਰਣ ਭਵ ਸਾਗਰ ਤੋਂ ਪਾਰ ਸਤਿ ਹੋਣ ਦਾ ਰਸਤਾ ਅਤੇ ਆਉਣ ਵਾਲੀਆਂ ਸੈਂਕੜਾਂ ਉਤੇ ਫਤਹਿ ਦਾ ਮਾਰਗ ਵਿਭਿੰਨ ਜਾਤੀਆਂ ਦੇ ਉਹਨਾਂ ਦੇ ਸਤਿ ਕਰਮ ਅਤੇ ਕਰਤਵ ਅਨੁਸਾਰ ਗੁਣਾਂ ਤੇ ਲਛਣਾਂ ਦਾ ਵਰਣਨ ਸਮਕਾਲੀਨ ਹਾਲਾਤ ਉਤੇ ਝਾਤ ਵਰਗੇ ਵਿਸ਼ਿਆਂ ਨੂੰ ਸੰਖੇਪ ਰੂਪ ਵਿੱਚ ਦਰਸਾਇਆ ਗਿਆ ਹੈ। ਇਹ ਸਲੋਕ ਬਾਣੀ ਦੇ ਵਿਭਿੰਨ ਵਿਸ਼ਿਆਂ ਨੂੰ ਗਿਆਨ ਦੇ ਸਮੁੰਦਰ ਕੁਜੇ ਵਰਗੀ ਸੰਖੇਪਤਾ ਵਿਚ ਬਿਆਨਣ ਦੀ ਕਲਾ ਕੋਸ਼ਲਤਾ ਦਾ ਉਚਤਮ ਨਮੂਨਾ ਹਨ। ਗੁਰੂ ਨਾਨਕ ਬਾਣੀ ਦੇ ਵਿਭਿੰਨ ਰਾਗਾਂ ਤੋਂ ਬਿਨਾਂ ਸੁਤੰਤਰ ਰੂਪ ਵਿਚ ਦਰਜ ਬਾਣੀ ਨੂੰ ਸੰਦੇਸ਼ ਤੇ ਸੰਚਾਰ ਰਚਨਾ ਵਜੋਂ ਅੰਕਿਤ ਕੀਤਾ ਗਿਆ ਹੈ। ਇਸ ਸੰਦੇਸ਼ ਦੀ ਪ੍ਰਕ੍ਰਿਤੀ ਵਿਭਿੰਨ ਮੂਲ ਅਤੇ ਇਹਨਾਂ ਦੀ ਸੰਚਾਰਮੁਖਤਾ ਸੰਬੰਧੀ ਅਗਾਹ ਵਿਚਾਰ ਕਰਾਂਗੇ।

## 2. ਬਾਣੀ ਸੰਦੇਸ਼

ਵਿਦਵਾਨ ਵਿਚਾਰਕਾਂ ਦੁਆਰਾ ਵਿਭਿੰਨ ਤੇ ਵਿਵਿਧ ਦ੍ਰਿਸ਼ਟੀਆਂ ਤੋਂ ਬਾਣੀ ਦੇ ਅਧਿਐਨ ਨੇ ਸਾਡੇ ਮਨਾਂ ਵਿਚ ਬਾਣੀ ਦੇ ਸਤਿ ਨੂੰ ਪ੍ਰਕਾਸ਼ਮਾਨ ਕਰਨ ਦੀ ਕੋਸ਼ਿਸ਼ ਦੇ ਨਾਲ ਨਾਲ ਕੁਝ ਸ਼ੰਕੇ ਵੀ ਉਤਪੰਨ ਕੀਤੇ ਹਨ। ਬਾਣੀ ਦੇ ਸਿਧਾਂਤਕ ਤੇ ਵਿਵਹਾਰਕ ਰੂਪ ਵਿਚਲੇ ਅੰਤਰ ਨੂੰ ਇਸ ਅਧਿਐਨ ਦ੍ਰਿਸ਼ਟਿ ਨੇ ਘਟਾਉਣ ਦੀ ਬਜਾਏ ਵਧਾਇਆ ਹੀ ਹੈ। ਇਸ ਦਾ ਮੂਲ ਤੇ ਮੁੱਖ ਕਾਰਣ ਇਹ ਹੈ ਕਿ ਬਾਣੀ ਨੂੰ ਉਸਦੀ ਪ੍ਰਿਸ਼ਠਭੂਮੀ, ਸਮੂਹ ਪ੍ਰਸੰਗਾਂ ਅੰਤਰਨਿਹਤ ਗੋਹਝ ਰਹੱਸਾਂ ਤੇ ਤੱਥਾਂ ਆਦਿ ਨੂੰ ਅਧਿਐਨ

---

53. ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ॥
ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ॥
(ਪ੍ਰਭਾਤੀ ਮਹਲਾ 1, ਪੰਨਾ 1327)

ਦ੍ਰਿਸ਼ਟਿ ਵਿਚ ਸਮਿਲਤ ਨਹੀਂ ਕੀਤਾ ਜਾਂਦਾ ਸਗੋਂ ਬਾਣੀ ਨੂੰ ਉਸਦੇ ਕਾਵਿਕ ਸਰੂਪ ਤਕ ਸੀਮਿਤ ਰਖਕੇ ਸ਼ਬਦਾਂ ਦੀ ਕਾਵਾਤਮਿਕ ਤੇ ਅਰਥਾਤਮਿਕ ਹਕੀਕਤ ਨੂੰ ਪ੍ਰਗਟਾਉਣ ਤੇ ਸਿਧ ਕਰਨ ਉਤੇ ਬਲ ਦਿਤਾ ਜਾਂਦਾ ਹੈ। ਫਲਸਰੂਪ ਸਹੀ ਪ੍ਰਸੰਗ ਤੇ ਦਿਸ਼ਾ ਦੇ ਖੁਸ ਜਾਣ ਕਾਰਨ ਅਜਿਹਾ ਅਧਿਐਨ ਅਜੀਬ ਤੇ ਮਨਘੜੰਤ ਸਿਟੇ ਪ੍ਰਸਤੁਤ ਕਰਨ ਵਲ ਰੁਚਿਤ ਹੁੰਦਾ ਰਹਿੰਦਾ ਹੈ। ਇਸ ਲਈ ਸਾਡੀ ਧਾਰਣਾ ਹੈ ਕਿ ਬਾਣੀ ਨੂੰ ਉਸ ਦੇ ਸਮੁੱਚ ਵਿਚ ਹੀ ਅਧਿਐਨ ਦਾ ਵਿਸ਼ਾ ਬਣਾਇਆ ਜਾ ਸਕਦਾ ਹੈ।

ਬਾਣੀ ਲੇਟਵੇਂ ਸਮਤਲ ਜਾਂ ਸਪਾਟ (Horizantal) ਰੂਪ ਵਿਚ ਨਾ ਹੋ ਕੇ ਖੜ੍ਹਵਾਅ ਲੰਬਰੂਪ (Vertical) ਸਥਿਤੀ ਵਿਚ ਵਿਚਰ ਰਹੀ ਹੈ। ਇਸ ਤੋ ਵੀ ਅਗੇ ਇਸ ਦੇ ਸ਼ਬਦ ਖ਼ਾਮੋਸ਼ ਲਿਖਤ ਰੂਪ ਵਿਚ ਹੀ ਨਹੀਂ ਸਗੋਂ ਵਿਸ਼ਿਸ਼ਟ ਉਚਾਰਮੁੱਖਤਾ ਤੇ ਬੋਲ ਪ੍ਰਬੰਧ ਦੀ ਧਾਰਣੀ ਹੈ। ਇਸ ਰਚਨਾ ਦੀ ਖ਼ੂਬੀ ਇਸ ਦੇ ਜੀਵੰਤ ਤੇ ਸੰਚਾਰਮੁਖੀ ਰਚਨਾ ਹੋਣ ਵਿਚ ਹੈ। ਇਸਦਾ ਕ੍ਰਿਆਸ਼ੀਲ ਸੰਚਾਰਿਤ ਸਰੂਪ ਬਾਣੀ ਦੇ ਵਿਸ਼ਿਸ਼ਟ ਪ੍ਰਬੰਧ ਦੇ ਵਿਭਿੰਨ ਸੰਕੇਤਾਂ ਤੇ ਹਵਾਲਿਆਂ ਦੇ ਸੰਕੇਤ ਲਿਖਤ ਰੂਪ ਦੇ ਸਾਧਾਰਣ ਪਾਠ ਤੋਂ ਹੀ ਉਪਲਬੱਧ ਹੋ ਜਾਂਦਾ ਹੈ। 'ਗੁਰੂ ਨਾਨਕ ਬਾਣੀ' ਦੇ ਕਾਵਿਕ ਜਾਮੇ ਵਿਚ ਹੋਣ ਕਰਕੇ ਕਈ ਵਾਰੀ ਇਸਦੀ ਪਹਿਚਾਣ ਕੇਵਲ ਕਾਵਿ-ਰੂਪ ਵਿਚ ਹੀ ਕਰ ਲਈ ਜਾਂਦੀ ਹੈ ਅਤੇ ਇਹੀ ਦੋਸ਼ ਇਸ ਬਾਣੀ ਦੀ ਵਾਸਤਵਿਕ ਪਹਿਚਾਣ ਅਤੇ ਸੰਦੇਸ਼ ਦੀ ਵਾਸਤਵਿਕਤਾ ਨੂੰ ਗ੍ਰਹਿਣ ਕਰਨ ਵਿਚ ਕਠਿਨਾਈ ਉਤਪੰਨ ਕਰਦਾ ਹੈ। ਬਾਣੀ ਰਚਨਾ ਨੂੰ ਕਾਵਿ ਨਾ ਮੰਨ ਕੇ ਬਾਣੀ ਆਖਣਾ ਕਿਸੇ ਧਾਰਮਿਕ ਜਾਂ ਸ਼ਰਧਾਲੂ ਬਿਰਤੀ ਦਾ ਲਖਾਇਕ ਨਹੀ ਸਗੋਂ ਬਾਣੀ ਅਤੇ ਕਵਿਤਾ ਦੇ ਆਪਸੀ ਮੂਲ ਵਖਰੇਵਿਆਂ ਕਰਕੇ ਇਹਨਾਂ ਦਾ ਦਰਜਾ ਅਲਗ ਅਲਗ ਹੈ। ਬਾਣੀ ਦੇ ਅਧਿਐਨ ਸੰਬੰਧੀ ਕੀਤੇ ਗਏ ਯਤਨਾਂ ਦੀ ਪ੍ਰਚਲਿਤ ਸੀਮਾ ਇਹ ਰਹੀ ਹੈ ਕਿ ਵਿਦਵਾਨਾਂ ਨੇ ਇਸ ਨੂੰ ਸਾਧਾਰਣ ਕਾਵਿ ਵਾਂਗ ਅਲੋਚਕ ਦ੍ਰਿਸ਼ਟੀ ਤੋਂ ਵਾਚਣ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਕਿ ਬਾਣੀ ਆਪਣੇ ਗੁਣਾਂ ਅਤੇ ਮੰਤਵ ਕਰਕੇ ਇਸ ਅਲੋਚਕ ਦ੍ਰਿਸ਼ਟੀ ਦੇ ਘੇਰੇ ਤੋਂ ਬਾਹਰ ਦੀ ਵਸਤ ਹੈ। ਅਲੋਚਕਾਂ ਨੇ ਇਸ ਨੂੰ ਏਕਾਂਗੀ, ਖੰਡਿਕ ਦ੍ਰਿਸ਼ਟੀ ਅਤੇ ਸੀਮਿਤ ਪਹੁੰਚ ਵਿਧੀਆਂ ਦੁਆਰਾ ਵਿਸ਼ਲੇਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਅੰਤ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਨੂੰ ਧਾਰਮਿਕ ਪ੍ਰਵਿਰਤੀ ਵਾਲੀ ਕਵਿਤਾ ਜਾਂ ਧਾਰਮਿਕ ਕਾਵਿ ਮੰਨ ਕੇ ਆਪਣੀ ਅਸਮਰੱਥਾ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਉਹਨਾਂ ਦੀ ਇਹ ਅਸਮਰੱਥਾ ਇਸ ਬਾਣੀ ਵਿਚਲੇ ਧਰਮ-ਦਰਸ਼ਨ ਅਤੇ ਨੈਤਿਕ ਤੱਤਾਂ ਦੀ ਭਰਮਾਰ ਕਾਰਣ ਇਸ ਨੂੰ ਨਿਰੋਲ ਅਤੇ ਸ਼ੁਧ ਕਵਿਤਾ ਮੰਨਣ ਦੀ ਵਿਵਸ਼ਤਾ ਵੀ ਜ਼ਾਹਿਰ ਕਰਦੀ ਹੈ। ਬਾਣੀ ਦੇ ਅਧਿਐਨ ਸੰਬੰਧੀ ਉਪਰੋਕਤ ਵਿਭਿੰਨ ਪਹੁੰਚਾਂ ਲਿਖਤਾਂ ਤੋਂ ਉਤਪੰਨ ਸ਼ੰਕਿਆਂ ਤੇ ਵਖਰੇਵਿਆਂ ਨੇ ਸਾਨੂੰ ਵੀ ਬਾਣੀ ਦੇ ਅਧਿਐਨ ਕਰਨ ਲਈ ਕ੍ਰਿਆਸ਼ੀਲ ਕੀਤਾ ਹੈ। ਬਾਣੀ ਦੇ ਅਧਿਐਨ ਸਮੇਂ ਅਸੀਂ ਉਪਰੋਕਤ ਵਿਦਵਾਨਾਂ ਦੇ ਵਿਅਕਤੀਗਤ

ਵਖਰੇਵਿਆਂ ਅਤੇ ਵਿਅਕਤੀਗਤ ਸੰਕੀਰਣਤਾ ਤੋ ਪਰੇ ਹਟ ਕੇ ਬਾਣੀ ਨੂੰ ਉਸ ਦੇ ਮੂਲ ਅੰਤਰੀਵੀ ਗੁਣਾਂ ਦੇ ਸੰਦਰਭ ਵਿਚ ਹੀ ਵਿਚਰਣ ਦੀ ਚੇਸ਼ਟਾ ਕਰਾਂਗੇ ਆਪਣੇ ਇਸ ਯਤਨ ਦੌਰਾਨ ਅਸੀਂ ਬਾਣੀ ਨੂੰ ਇਕ ਲਿਖਤ ਰਚਨਾ ਜਾਂ ਧਰਮ ਵਾਕ ਵਜੋਂ ਹੀ ਗ੍ਰਹਿਣ ਨਹੀਂ ਕਰਦੇ ਸਗੋਂ ਇਸ ਦੇ ਸੰਚਾਰਮਈ ਗੁਣਾਂ ਨੂੰ ਵਿਭਿੰਨ ਵਿਚਾਰਧਾਰਾਈ ਪਰਿਪੇਖ ਨੂੰ 'ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੈਵੀ ਵਿਅਕਤਿਤ ਦੀ ਜੀਵਨ ਲੋਅ' ਵਿਚ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਸ ਯਤਨ ਦੇ ਅੰਤਰਗਤ ਸਰਵਪ੍ਰਥਮ ਕੁੱਝ ਕੁ ਸ਼ਬਦਾਂ ਵਿਚ ਬਾਣੀ ਨੂੰ ਕਵਿਤਾ ਨਾਲੋਂ ਨਿਖੇੜਨਾ ਆਵਸ਼ਕ ਪ੍ਰਤੀਤ ਹੁੰਦਾ ਹੈ।

2.1 ਬਾਣੀ ਅਤੇ ਕਾਵਿ: ਅੰਤਰ ਨਿਖੇੜਾ: ਕਵਿਤਾ ਅਤੇ ਬਾਣੀ ਦਾ ਮੂਲ ਨਿਖੇੜਾ ਇਹ ਹੈ ਕਿ ਕਵਿਤਾ ਨਾਮ-ਰੂਪ ਦੀ ਦਵੈਤ ਨਾਲ ਜਾਂ ਮਾਇਕ ਸੰਸਾਰ ਦੀ ਵੰਨ ਸੁਵੰਨਤਾ ਵਲ ਰੁਚਿਤ ਹੈ। ਇਹ ਅਨੇਕ ਮੁੱਖ ਰੂਪਾਂ ਤੋਂ ਇਕ ਮੁੱਖ ਨਾਮ ਵਲ ਰੁਚਿਤ ਹੁੰਦੀ ਹੈ। ਕਵਿਤਾ ਅਨੇਕ ਮੁੱਖ ਰੂਪਾਂ ਦੀ ਸੁੰਦਰਤਾ ਸੰਚਾਰਦੀ ਹੈ ਅਤੇ ਉਸੇ ਤੋ ਸਾਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਬਾਣੀ ਇਕ ਮੁੱਖ ਨਾਮ ਦਾ ਗਿਆਨ ਉਜਾਗਰ ਕਰਦੀ ਹੈ। ਕਵਿਤਾ ਸ਼ਬਦ ਅਤੇ ਅਰਥ ਦਾ ਸਹਿਜ ਭਾਵ ਹੈ, ਬਾਣੀ ਸ਼ਬਦ ਦੀ ਇਕਾਗਰਤਾ ਹੈ।[54]

ਕਵਿਤਾ ਤੋਂ ਪ੍ਰਾਪਤ ਹੋਇਆ ਅਨੰਦ ਕੇਵਲ ਸੰਸਾਰੀ ਜਾਂ ਦੁਨਿਆਵੀ ਪੱਧਰ ਤਕ ਸੀਮਿਤ ਰਹਿੰਦਾ ਹੈ ਇਸ ਦੇ ਉਲਟ ਬਾਣੀ ਇਕ ਮੁੱਖ ਨਾਮ ਦਾ ਗਿਆਨ ਸੰਚਾਰਦੀ ਹੋਈ ਅਨੁਭਵਾਂ ਦੀ ਅਕਥ ਅਨੁਭਵਾਂ ਦੀ ਅਭਿਵਿਅਕਤੀ ਅਤੇ ਪਰਮਸਤਿ ਦੇ ਅਨੁਭਵ ਤੇ ਬੋਧ ਦੁਆਰਾ ਪਰਮ ਆਨੰਦ ਦੀ ਪ੍ਰਾਪਤੀ ਕਰਵਾਉਂਦੀ ਹੈ। ਇਹ ਬਾਣੀ ਕਿਸੇ ਰਟੇ ਰਟਾਏ ਮੰਤਰ ਜਾਂ ਕਾਵਿ ਦੀ ਸੰਗੀਤਮਈ ਪ੍ਰਸਤੁਤੀ ਨਹੀਂ ਜੋ ਮਨ ਨੂੰ ਸੰਗੀਤ ਦੇ ਸੁਰਾਤਮਕ ਤੇ ਲੈਆਤਮਕ ਬੰਧਨ ਸੰਗ ਵਸੀਭੂਤ ਕਰਕੇ ਅਨੰਦਿਤ ਕਰੇ ਸਗੋਂ ਇਹ ਬਾਣੀ ਦੇ ਅੰਤਰਨਿਹਤ ਅਧਿਆਤਮਿਕ ਅਨੁਭਵ ਤੇ ਬੋਧ ਨੂੰ ਸਮਝਣ ਤੇ ਬੁਝਣ ਦੀ ਪ੍ਰਕ੍ਰਿਆ ਹੈ। ਇਸ ਕਰਕੇ ਬਾਣੀ ਦਾ ਅਧਿਐਨ ਇਸ ਦੇ ਸਮੁੱਚੇ ਪ੍ਰਬੰਧ ਦੇ ਸੁਹਜ, ਸਮੂਹ ਤੱਤਾਂ, ਸੰਕੇਤਾਂ, ਸੰਦਰਭਾਂ ਦੇ ਸਮੁੱਚ ਵਿਚ ਹੀ ਕੀਤਾ ਜਾ ਸਕਦਾ ਹੈ।

ਜਿਵੇਂ ਕਿ ਅਸੀਂ ਉਪਰ ਵਿਚਾਰ ਕੀਤੀ ਹੈ ਕਿ ਕਵਿਤਾ ਵਸਤੂ ਜਗਤ ਦੇ ਰੂਪਾਤਮਕ ਪਸਾਰ ਨੂੰ ਮੁੱਲਵਾਨ ਸਾਰਥਕਤਾ ਪ੍ਰਦਾਨ ਕਰਦੀ ਹੈ। ਕਾਵਿ ਅਧੀਨ ਭਾਸ਼ਾ ਦੀ ਸਮਰੱਥਾ ਤੇ ਸ਼ਕਤੀ ਨੂੰ

---

54. ਡਾ. ਹਰਿਭਜਨ ਸਿੰਘ, ਸਾਹਿਤ ਅਧਿਐਨ, ਪੰਨਾ 117

ਇਸ ਦੀਆਂ ਸ਼ੈਲੀਗਤ ਸੰਭਾਵਨਾਵਾਂ ਸਹਿਤ ਮਾਨਵ ਦੀਆਂ ਸੁਹਜਾਤਮਕ ਸੰਵੇਦਨਾਵਾਂ ਨੂੰ ਪ੍ਰਗਟ ਕਰਨਾ ਹੈ। ਬਾਣੀ ਅਧਿਆਤਮਿਕ ਅਨੁਭਵ ਦੇ ਸਤਿ ਦਾ ਪ੍ਰਕਾਸ਼ ਹੈ ਜਿਸ ਵਿਚ ਇਸ ਸ੍ਰਿਸ਼ਟੀ ਦੇ ਪਰਮ-ਸਤਿ ਜਾਂ ਅੰਤਿਮ ਤੱਤ ਦੀ ਖੋਜ ਨੂੰ ਰੁਸ਼ਨਾਉਣ ਦੀ ਸਮੁੱਚੀ ਕ੍ਰਿਆ ਵਿਦਮਾਨ ਹੈ। ਜਦੋਂ ਕਿ ਕਾਵਿ ਕੇਵਲ ਦ੍ਰਿਸ਼ਟਮਾਨ ਇੰਦ੍ਰਿਆਵੀ ਸੱਚ ਨੂੰ ਪ੍ਰਗਟਾਉਣ ਦੇ ਯਤਨ ਵਿਚ ਲੀਨ ਰਹਿੰਦਾ ਹੈ ਇਸਦਾ ਵਾਸਤਾ ਰੂਪ ਨਾਲ ਹੈ ਤੱਤ ਨਾਲ ਨਹੀਂ, ਇਸ ਦੇ ਨਾਲ ਹੀ ਅਧਿਆਤਮਿਕ ਅਨੁਭਵ ਅਕੱਥ ਅਨੁਭਵ ਨੂੰ ਕਥਨ ਤੇ ਪਰਮਸਤਿ ਨੂੰ ਬਿਆਨਣ ਲਈ ਵਸਤੂ ਜਗਤ ਦਾ ਤੱਤ ਗਿਆਨ ਹੀ ਜ਼ਰੂਰੀ ਨਹੀਂ ਸਗੋਂ ਰੂਪ ਗਿਆਨ ਵੀ ਮਹੱਤਵਪੂਰਣ ਹੈ। ਇਸੇ ਕਰਕੇ ਇਹ ਅਨੁਭਵ ਅਭਿਵਿਅਕਤੀ ਲਈ ਵਸਤੂ ਜਗਤ ਦੇ ਰੂਪਾਤਮਕ ਪਾਸਾਰੇ ਵਿਚੋਂ ਆਪਣੇ ਉਪਕਰਣ ਤਲਾਸ਼ਦਾ ਤੇ ਘੜਦਾ ਹੈ। ਕਾਵਿ ਦਾ ਘੇਰਾ ਸੀਮਿਤ ਹੈ ਤੇ ਬਾਣੀ ਦਾ ਖੇਤਰ ਤੇ ਸੀਮਾ ਵਿਸ਼ਾਲ। ਕਾਵਿ ਦਾ ਰਚੈਤਾ ਕਵਿਤਾ ਦੇ ਮੌਲਿਕ ਅਨੁਸ਼ਾਸਨ ਤੇ ਵਿਧੀ ਵਿਧਾਨ ਦਾ ਬੰਧੀ ਹੈ ਪਰੰਤੂ ਬਾਣੀ ਦਾ ਰਚੈਤਾ ਸ਼ਬਦ ਦੇ ਵਿਭਿੰਨ ਪ੍ਰਸੰਗਾਂ ਸ਼ਕਤੀਆਂ, ਸੰਚਾਰ ਨਾਲ ਸੰਬੰਧਿਤ ਹੋਰ ਜੁਗਤਾਂ ਤੇ ਵਿਧੀਆਂ ਦਾ ਇਸਤੇਮਾਲ ਵੀ ਖੁਲ੍ਹਦਿਲੀ ਨਾਲ ਕਰ ਲੈਂਦਾ ਹੈ। ਬਾਣੀ ਵਿਚ ਸੰਗੀਤ ਦਾ ਪ੍ਰਬਲ, ਤੀਖਣ ਤੇ ਅਧਿਕ ਪ੍ਰਯੋਗ ਇਸੇ ਪਹੁੰਚ ਦੀ ਇਕ ਸਫਲ ਉਦਾਹਰਣ ਹੈ। ਬਾਣੀਕਾਰ ਦੀ ਪ੍ਰਤਿਬੱਧਤਾ ਇਸਦੇ ਕਾਵਿਕ ਜਾਮੇ ਜਾਂ ਕਾਵਿ ਨਾਲ ਨਹੀਂ (ਨਾ ਹੀ ਉਸ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ) ਸਗੋਂ ਬਾਣੀਕਾਰ ਉਸ ਅਧਿਆਤਮਿਕ ਸਤਿ ਨੂੰ ਹਰ ਹੀਲੇ ਸੰਚਾਰਿਤ ਕਰਨ ਵਲ ਰੁਚਿਤ ਹੁੰਦਾ ਹੈ। ਇਸ ਤਰ੍ਹਾਂ ਬਾਣੀ ਨੂੰ ਸੰਚਾਰ ਨਾਲ ਜੋੜ ਕੇ ਪਛਾਣਨਾ ਹੀ ਉਚਿਤ ਹੈ। ਕਾਵਿ ਰਚਨਾਵਾਂ ਤਾਂ ਪੁਸਤਕ ਰੂਪ ਧਾਰਣ ਕਰ ਲੈਂਦੀਆਂ ਹਨ ਅਤੇ ਵਿਦਵਾਨ ਵੀ ਉਹਨਾਂ ਨੂੰ ਸੰਚਾਰ ਤੋਂ ਨਿਖੇੜ ਕੇ ਵਿਸ਼ਲੇਸ਼ਿਤ ਕਰਨ ਅਤੇ ਵਿਚਾਰਨ ਦੀ ਰਾਹ ਤੇ ਪੈ ਜਾਂਦੇ ਹਨ ਪਰ ਬਾਣੀ ਕੇਵਲ ਲਿਖਤ ਕਾਵਿਕ ਜਾਮੇ ਵਿਚ ਹੀ ਨਹੀਂ ਸਗੋਂ ਰੂਪ ਵਿਚ ਉਸ ਦੇ 'ਉਤਾਰੇ' ਦੇ ਅਗੰਮੀ ਤੇ ਅਲੌਕਿਕ ਮੰਤਵ ਨਾਲ ਵੀ ਜੁੜੀ ਹੋਈ ਹੈ। ਇਹ ਕੇਵਲ ਕਾਵਿ ਅਰਥਾਂ ਤੇ ਤੈਰ ਕੇ ਨਹੀਂ ਆਈ ਸਗੋਂ ਇਹਨਾਂ ਕਾਵਿ ਅਰਥਾਂ/ਸ਼ਬਦ ਨੇ ਰਾਗ ਨਾਲ ਤੇ ਸੰਗੀਤ ਦੀ ਸਵਾਰੀ ਕੀਤੀ ਹੈ। ਬਾਣੀ ਪਰਮੇਸ਼ਵਰੀ ਦਾਤ ਹੈ ਜਗਤ ਉਤੇ ਇਸ ਦਾ ਉਤਾਰਾ ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਰਜਨ ਪਲਾਂ ਦੀ ਬਖਸ਼ਿਸ਼ ਹੈ।

'ਗੁਰੂ ਨਾਨਕ ਬਾਣੀ' ਦੇ ਅੰਤਰਗਤ ਇਸ ਦੀ ਪਹਿਚਾਣ ਦਾ ਮੂਲ ਨੁਕਤਾ ਇਹ ਹੈ ਕਿ ਇਸ ਦੇ ਰਚੈਤਾ ਗੁਰੂ ਨਾਨਕ ਇਸ ਨੂੰ ਕਿਸੇ ਰੂਪ ਵਿਚ ਵੀ ਆਪਣੀ ਕਿਰਤ ਸਵੀਕਾਰਣ ਦਾ ਪ੍ਰਗਟਾਵਾ ਨਹੀਂ ਕਰਦੇ ਉਹਨਾਂ ਇਸ ਬਾਣੀ ਨੂੰ 'ਖਸਮ ਕੀ ਬਾਣੀ',[55] 'ਖਾਲਕ ਦਾ

---

55. ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥
(ਤਿਲੰਗ ਮਹਲਾ ੧, ਪੰਨਾ 722.)

ਆਦੇਸ'[56] 'ਪਰਮ ਪਿਤਾ ਪਰਮਾਤਮਾ ਦਾ ਹੁਕਮ'[57] ਦਰਸਾਇਆ ਹੈ। ਇਸ ਰਬੀ ਹੁਕਮ ਨੂੰ ਗੁਰੂ ਨਾਨਕ ਉਸਦੇ ਹੁਕਮ ਤੇ ਰਜ਼ਾ ਵਿਚ ਹੀ ਪ੍ਰਸਤੁਤ ਕਰ ਰਹੇ ਹਨ। ਜਿਸ ਦਾ ਮਾਧਿਅਮ ਸ਼ਬਦ ਹੈ। 'ਗੁਰੂ ਨਾਨਕ ਬਾਣੀ' ਵਿਚ 'ਸ਼ਬਦ' ਨੂੰ ਸ਼ਬਦਾਤਮਿਕ (ਅਰਥ ਧਾਰਣੀ) ਅਤੇ ਨਾਦਾਤਮਿਕ ਸੁਰ ਧਾਰਨੀ ਦੋਹਾਂ ਰੂਪਾਂ ਵਿਚ ਹੀ ਸਵੀਕਾਰਿਆ ਗਿਆ ਹੈ। ਇਥੇ ਸ਼ਬਦ ਅਧਿਆਤਮਿਕ-ਸਤਿ ਦੇ ਗੁਹਜ਼ ਭੇਦਾਂ ਦਾ ਰਹੱਸਮਈ ਪ੍ਰਕਾਸ਼ਨ ਵੀ ਕਰਦਾ ਹੈ ਤੇ ਇਸ ਜਗਤ ਤੋਂ ਪਾਰ ਨਿਸਤਾਰੇ ਦਾ ਇਕੋ ਇਕ ਮਾਰਗ ਵੀ ਹੈ। ਇਸ ਤਰ੍ਹਾਂ ਸ਼ਬਦ ਨੂੰ ਦੁਵੱਲੇ ਅਰਥਾਂ ਵਿਚ ਪ੍ਰਯੋਗ ਕਰਦਿਆਂ 'ਨਿਰਭਉ ਪਦ' ਦੀ ਪ੍ਰਾਪਤੀ ਲਈ ਸੁਰਤਿ ਤੇ ਸ਼ਬਦ ਦੀ ਧੁਨੀ ਦੁਆਰਾ 'ਅਨਹਦ ਸ਼ਬਦ' ਜਗਾਉਣ ਦੇ ਸੰਕੇਤ ਮਿਲਦੇ ਹਨ।[58] ਨਾਦ ਰੂਪੀ ਸ਼ਬਦ ਪ੍ਰਭੂ ਨਾਮ ਦਾ ਲਖਾਇਕ ਹੈ ਇਸ ਵਿਚ ਅਧਿਆਤਮਿਕ ਅਨੁਭਵ ਤੇ ਉਸ ਅਗਮ, ਅਗੋਚਰ, ਅਕੱਥ, ਅਜੂਨ, ਅਕਾਲ ਪੁਰਖ ਦੀ ਸਿਫ਼ਤ ਗਾਇਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਸ਼ਬਦ ਦੀਆਂ ਵਿਭਿੰਨ ਸ਼ਕਤੀਆਂ ਨੂੰ ਭਿੰਨ ਭਿੰਨ ਅਰਥਾਂ ਵਿਚ ਪ੍ਰਯੋਗ ਕਰ ਰਹੇ ਹਨ। ਇਸ ਬਾਣੀ ਦਾ 'ਖਸਮ ਕੀ ਬਾਣੀ', ਖਾਲਕ ਕਾ ਆਦੇਸ ਜਾਂ ਹੁਕਮ ਹੋਣਾ ਇਸ ਗੱਲ ਵਲ ਸੰਕੇਤ ਹੈ ਕਿ 'ਗੁਰੂ ਨਾਨਕ ਬਾਣੀ' 'ਉਤਾਰੇ' ਦੇ ਆਵੇਸ਼ ਨੂੰ ਪ੍ਰਥਮ ਸਥਾਨ ਦੇ ਰਹੇ ਹਨ ਅਤੇ ਗਿਆਨ ਨੂੰ ਦੂਸਰਾ ਸਥਾਨ। ਇਹ ਗਿਆਨ ਆਵੇਸ਼ ਅਧਾਰਿਤ ਹੈ। ਇਥੇ ਗਿਆਨ ਦਰਸ਼ਨ ਨਹੀ ਅਤੇ ਨਾ ਹੀ ਗਿਆਨ ਆਪਣੇ ਸਰੋਤੇ ਦੇ ਮਨ ਵਿਚ ਕਿਸੇ ਸਿਧਾਂਤ ਜਾਂ ਦਰਸ਼ਨ ਵਾਂਗੂ ਪ੍ਰਵੇਸ਼ ਕਰਦਾ ਹੈ, ਸਗੋਂ ਬਾਣੀ ਦਾ ਇਹ ਵਰਤਾਰਾ ਕਾਵਿ ਤੇ ਸੰਗੀਤ ਦੇ ਸੰਯੁਕਤ ਮਾਧਿਅਮ ਦੁਆਰਾ ਉਸ ਖਸਮ ਦੁਆਰਾ ਹੀ ਸੰਚਰਿਤ ਹੋ ਰਿਹਾ ਹੈ। ਕਾਵਿ ਆਵੇਸ਼ ਦੀ ਅਜਿਹੀ ਸਥਿਤੀ ਸਰਬਕਾਲਿਕ, ਸਰਬਵਿਆਪਕ ਹੋਣ ਦੀ ਲਖਾਇਕ ਹੈ। ਆਵੇਸ਼ ਦੀ ਇਹ ਸਥਿਤੀ ਰੱਹਸਮਈ ਹੈ ਜੋ ਗਿਆਨ, ਬੌਧਿਕਤਾ ਅਤੇ ਤਰਕ ਦੇ ਝਮੇਲਿਆਂ ਤੋਂ ਪਰੇ ਹੈ

---

56. ਖਾਲਕ ਕਉ ਆਦੇਸੁ ਢਾਢੀ ਗਾਵਣਾ।।

(ਮਹਲਾ ੧, ਵਾਰ ਮਾਝ, ਪੰਨਾ 148)

57. ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ।।

(ਸੂਹੀ ਮਹਲਾ ੧, ਪੰਨਾ 763)

58. - ਖਟੁ ਮਟੁ ਦੇਹੀ ਮਨੁ ਬੈਰਾਗੀ
ਸੁਰਤਿ ਸਬਦੁ ਧੁਨਿ ਅੰਤਰਿ ਜਾਗੀ

- ਬਿਨ ਗੁਰ ਸ਼ਬਦ ਨ ਸੋਝੀ ਪਾਇ
- ਅਨਹਦ ਸ਼ਬਦੁ ਵਜੈ ਦਿਨ ਰਾਤੀ

(ਰਾਮਕਲੀ ਮਹਲਾ ੧, ਪੰਨਾ 903-904.)

'ਗੁਰੂ ਨਾਨਕ ਬਾਣੀ' ਪ੍ਰਕਾਸ਼ਨ ਦੇ ਇਸ ਰਹੱਸਮਈ ਅਨੁਭਵ ਦੀ ਅਵਸਥਾ ਨੂੰ ਬੌਧਿਕਤਾ ਤੋਂ ਅਗੇ ਲੰਘਕੇ ਵਿਸ਼ੇਸ਼ ਮਹੱਤਵ ਪ੍ਰਦਾਨ ਕਰਾਉਂਦੇ ਹਨ ਜਿਥੇ ਉਹ ਗਿਆਨ ਤੇ ਬੁਧੀ ਦੀ ਬਜਾਏ ਅਨੁਭਵ ਸਹਿਤ ਮਨ ਨੂੰ ਪਰਮਾਤਮਾ ਨਾਲ ਰੰਗ ਲੈਣਾ ਸੋਚਦੇ ਹਨ:

- ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ।।[59]
- ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ।।[60]
- ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ।।[61]
- ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ।।[62]
- ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ।।[63]

ਗੁਰੂ ਨਾਨਕ ਬਾਣੀ ਦੇ ਰਚੈਤਾ ਦੀ ਅਜਿਹੀ ਅਨੁਭਵ ਅਵਸਥਾ ਦਾ ਪਰਮਾਤਮਾ ਨਾਲ ਸਿਧੇ ਸਪਸ਼ਟ ਸੰਬੰਧ ਦੀ ਪ੍ਰਤੀਕ ਹੈ। ਜਿਸ ਨੂੰ ਉਸ ਨੇ ਰੱਬੀ ਹੁਕਮ, ਰੱਬੀ ਨਦਰਿ ਦੁਆਰਾ ਸ਼ਬਦ ਦੇ ਰੂਪ ਵਿੱਚ ਸਰਬ ਲੋਕਾਈ ਤਕ ਪ੍ਰਸਤੁਤਕਾਰ ਵਜੋਂ ਪ੍ਰਸਤੁਤ ਕਰਨਾ ਹੈ।

ਗੁਰੂ ਨਾਨਕ ਦੇਵ ਜੀ ਸੰਚਾਰ ਦੀ ਇਸ ਪ੍ਰਕ੍ਰਿਆ ਵਿਚ ਆਪਣੇ ਆਪ ਨੂੰ ਇਕ ਪ੍ਰਸਤੁਤਕਾਰ ਦੇ ਰੂਪ ਵਿਚ ਹੀ ਪਛਾਣਦੇ ਹਨ। ਇਸੇ ਕਰਕੇ ਉਹਨਾਂ ਨੇ ਆਪਣੇ ਆਪ ਨੂੰ ਇਕੋ ਸਮੇਂ 'ਸ਼ਾਇਰ' ਤੇ 'ਢਾਢੀ' ਦੇ ਰੂਪ ਵਿਚ ਪ੍ਰਗਟ ਕੀਤਾ ਹੈ। ਆਪ 'ਖਸਮ ਕੀ ਬਾਣੀ' ਨੂੰ 'ਸ਼ਾਇਰ' ਰੂਪ ਵਿੱਚ ਪ੍ਰਕਾਸ਼ਮਾਨ ਕਰ ਰਹੇ ਹਨ ਅਤੇ ਇਸ ਦੀ ਪ੍ਰਸਤੁਤੀ ਢਾਡੀ ਦੇ ਰੂਪ ਵਿੱਚ। ਇਸ ਤਰ੍ਹਾਂ ਆਪ ਇਕੋ ਸਮੇਂ ਬਾਣੀ ਦੇ ਰਚੈਤਾ ਤੇ ਪ੍ਰਸਤੁਤਕਾਰ ਹਨ। ਇਸ ਪ੍ਰਸਤੁਤੀ ਸਮੇਂ ਢਾਡੀ ਉਵੇਂ ਹੀ ਬੋਲਦਾ ਹੈ ਜਿਵੇਂ

---

59. ਆਦਿ ਗ੍ਰੰਥ, ਆਸਾ ਮਹਲਾ ੧, ਪੰਨਾ 437
60. ਉਹੀ, ਪੰਨਾ 351
61. ਆਦਿ ਗ੍ਰੰਥ, ਸੂਹੀ ਮਹਲਾ ੧, ਪੰਨਾ 729
62. ਆਦਿ ਗ੍ਰੰਥ, ਸਿਰੀ ਮਹਲਾ ੧, ਪੰਨਾ 23
63. ਆਦਿ ਗ੍ਰੰਥ, ਆਸਾ ਮਹਲਾ ੧, ਪੰਨਾ 436

ਉਹ (ਪਰਮਾਤਮਾ) ਬੋਲਾਉਂਦਾ ਹੈ। ਗੁਰੂ ਨਾਨਕ ਆਪਣੇ ਆਪ ਨੂੰ ਢਾਢੀ ਦੇ ਰੂਪ ਵਿਚ ਦਰਸਾਉਂਦਿਆਂ ਉਸ ਖਸਮ ਦੁਆਰਾ ਆਪਣੇ ਨਿਵਾਸ ਸਥਾਨ ਤੇ ਬੁਲਾਉਣ ਅਤੇ ਉਸ ਦੇ ਹੁਕਮ ਨੂੰ ਪ੍ਰਸਤੁਤੀ ਕਰਨ ਦਾ ਆਦੇਸ਼ ਸਵੀਕਾਰਦੇ ਹਨ। ਇਹ ਢਾਢੀ ਸਰਬਕਾਲਿਕ ਅਤੇ ਸਰਬ ਸਾਂਝੀ ਦ੍ਰਿਸ਼ਟ ਤੋਂ ਉਸ ਸੱਚੇ ਦੇ (ਪਰਮਾਤਮਾ) ਅਕੱਥ ਸ਼ਬਦ ਦਾ ਪਸਾਰਾ ਕਰ ਰਿਹਾ ਹੈ। ਢਾਢੀ ਕੋਲ ਸ਼ਬਦ ਅਤੇ ਸ਼ਬਦ ਦੇ ਵਿਭਿੰਨ ਸ਼ਾਬਦਿਕ ਤੇ ਸੰਗੀਤਕ ਉਪਕਰਣ ਵੀ ਹਨ, ਜੋ ਉਸ ਕਰਤੇ ਦੇ ਹੁਕਮ ਦੀ ਪ੍ਰਸਤੁਤੀ ਲਈ ਵਿਸ਼ੇਸ਼ ਮਾਧਿਅਮ ਹਨ। ਇਸ ਤਰ੍ਹਾਂ ਬਾਣੀ ਰਚਨਾ ਦੇ ਜੀਵੰਤ ਸੰਚਾਰ ਰੂਪ ਹੋਣ ਦੇ ਪ੍ਰਤੱਖ ਤੇ ਸਪਸ਼ਟ ਪ੍ਰਮਾਣ ਗੁਰੂ ਫੁਰਮਾਨ ਤੋਂ ਸਪਸ਼ਟ ਹਨ। ਇਸ ਵਿਚ ਸ਼ਬਦ ਇਸ ਦੀ ਕੇਂਦਰੀ ਇਕਾਈ ਵਜੋਂ ਉਜਾਗਰ ਹੁੰਦਾ ਹੈ। ਗੁਰੂ ਨਾਨਕ ਸਾਹਿਬ ਦੇ ਅਧਿਆਤਮਿਕ ਅਨੁਭਵ ਦੇ ਸਤਿ ਦੇ ਬੋਧ ਤੇ ਪ੍ਰਕਾਸ਼ਨ ਹਿਤ ਉਪਯੁਕਤ ਸ਼ਬਦ ਦਾ ਕਾਵਿਕ ਪਸਾਰਾ ਸਮੁੱਚੀ ਬਾਣੀ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਇਹ ਬਾਣੀ ਸਾਡੇ ਕੋਲ ਲਿਖਤ ਰੂਪ ਵਿੱਚ ਵਿਦਮਾਨ ਹੈ ਜਿਸ ਦੀ ਪ੍ਰਮੁੱਖ ਵਿਸ਼ਿਸ਼ਟਤਾ ਇਸ ਦੀ ਸੰਚਾਰਮੁੱਖ ਪ੍ਰਧਾਨ ਪ੍ਰਸਤੁਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖਾਲਕ ਦੇ ਆਦੇਸ ਤੇ ਖਸਮ ਕੀ ਬਾਣੀ ਦੇ ਸੰਦੇਸ਼ ਨੂੰ ਸੰਚਾਰਿਤ ਕਰਨ ਲਈ ਨਿਜੀ ਰੂਪ ਵਿਚ ਭਿੰਨ ਭਿੰਨ ਜਾਤੀਆਂ, ਧਰਮਾਂ, ਫਿਰਕਿਆਂ, ਪੇਸ਼ਿਆਂ ਅਤੇ ਇਲਾਕਿਆਂ ਦੇ ਲੋਕਾਂ ਤਕ ਰਸਾਈ ਕੀਤੀ ਜੋ ਚਾਰ ਉਦਾਸੀਆਂ ਦੇ ਰੂਪ ਵਿੱਚ ਉਹਨਾਂ ਦੀ ਜੀਵਨ ਗਾਥਾ ਦੇ ਅੰਤਰਗਤ ਸਾਡੇ ਸਾਹਮਣੇ ਹੈ। ਇਸ ਸੰਦੇਸ਼ ਦੇ ਸੰਚਾਰ ਦਾ ਮੁੱਖ ਮਾਧਿਅਮ ਬਾਣੀ ਸੀ ਜੋ ਕਾਵਿ ਅਤੇ ਸੰਗੀਤ ਦਾ ਅਦੁੱਤੀ ਸੁਮੇਲ ਹੈ। ਲੋਕਾਈ ਦੇ ਭਿੰਨ ਭਿੰਨ ਵਰਗਾਂ ਦੇ ਲੋਕਾਂ ਨੂੰ ਸੰਬੋਧਿਤ ਹੋਣ ਲਈ ਆਪਣੇ ਨਾਲ ਸੰਬੰਧਿਤ ਲੋਕਾਂ ਦੇ ਜੀਵਨ ਵਿਚੋਂ ਉਹਨਾਂ ਦੇ ਧਰਮ ਭਾਸ਼ਾ ਸਹਿਤ ਕਲਾਵਾਂ ਤੇ ਸਭਿਆਚਾਰ ਦੇ ਉਹਨਾਂ ਤੱਤਾਂ ਦਾ ਪ੍ਰਯੋਗ ਕੀਤਾ ਜੋ ਆਪਦਾ ਸੰਦੇਸ਼ ਸੰਚਰਿਤ ਕਰਨ ਵਿਚ ਸਹਾਈ ਹੋ ਸਕਦੇ ਸਨ। ਆਪਣੇ ਇਹਨਾਂ ਸਮਰੱਥ ਸੂਖਸ਼ਮ ਅਤੇ ਸ਼ਕਤੀਸ਼ਾਲੀ ਤੱਤਾਂ ਨੂੰ ਕਾਵਿ ਅਤੇ ਸੰਗੀਤ ਦੀ ਸੰਯੁਕਤ ਪ੍ਰਸਤੁਤੀ ਵਿਚ ਢਾਲਿਆ ਸੰਚਾਰ ਦੀ ਇਹ ਪ੍ਰਕ੍ਰਿਆ ਕਿਸੇ ਸਿੱਧ ਪਧਰੀ ਵਿਧੀ ਜਾਂ ਘਟਨਾ ਨਾਲੋਂ ਵਿਸ਼ਿਸ਼ਟ ਸੰਚਾਰ ਪ੍ਰਬੰਧ ਵਜੋਂ ਉਜਾਗਰ ਹੁੰਦੀ ਹੈ ਜਿਸ ਦੇ ਅੰਤਰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂ-ਬ-ਰੂ ਸੰਦੇਸ਼ ਗ੍ਰਹਿਣ ਕਰਨ ਵਾਲੇ ਭਿੰਨ ਭਿੰਨ ਲੋਕਾਂ ਜਗਿਆਸੂਆਂ ਦੀ ਮਾਨਸਿਕਤਾ ਨਾਲ ਇਕਸੁਰ ਭਿੰਨ ਭਿੰਨ ਤੱਤ ਅਤੇ ਅਵਸਥਾਵਾਂ ਕਾਰਜਸ਼ੀਲ ਰਹਿੰਦੀਆਂ ਹਨ। ਇਸ ਸੰਚਾਰ ਪ੍ਰਬੰਧ ਦੀ ਸੰਚਾਰ ਪ੍ਰਕ੍ਰਿਆ ਦਾ ਅਧਿਐਨ ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ ਨਾਲ ਸੰਬੰਧਿਤ ਅਗਲੇਰੇ ਅਧਿਆਵਾਂ ਵਿੱਚ ਕਰਾਂਗੇ। ਗੁਰੂ ਸਾਹਿਬ ਨੇ ਇਸ ਜਲੰਦੇ ਜਗਤ ਨੂੰ ਠਾਰਨ ਲੋਕਾਈ ਨੂੰ ਸੋਧਣ ਲਈ 'ਖਸਮ ਕੀ ਬਾਣੀ' ਦੁਆਰਾ ਮਾਨਵੀ ਜੀਵਨ ਵਿੱਚ ਆਈ ਧਾਰਮਿਕ, ਸਮਾਜਿਕ , ਰਾਜਨੀਤਕ, ਸਾਂਸਕ੍ਰਿਤਕ ਮੁੱਲਾਂ ਵਿੱਚ

ਆਈ ਨੈਤਿਕ ਗਿਰਾਵਟ ਨੂੰ ਲੋਕਾਈ ਸਾਹਮਣੇ ਪ੍ਰਸਤੁਤ ਕੀਤਾ ਅਤੇ ਲੋਕਾਈ ਨੂੰ ਅਧਿਆਤਮਿਕ ਸਤਿ ਦਾ ਪ੍ਰਕਾਸ਼ ਕਰਾਉਂਦਿਆਂ ਇਸ ਲੌਕਿਕ ਜਗਤ ਦੀ ਵਾਸਤਵਿਕਤਾ ਨੂੰ ਉਜਾਗਰ ਕੀਤਾ। ਗੁਰੂ ਸਾਹਿਬ ਨੇ ਲੋਕਾਈ ਨੂੰ ਅਧਿਆਤਮਿਕ ਕਦਰਾਂ ਕੀਮਤਾਂ ਦਾ ਨਵੀਨ ਬਦਲ ਦਿਤਾ। ਆਪ ਭਿੰਨ ਭਿੰਨ ਜਾਤੀਆਂ, ਫਿਰਕਿਆਂ, ਪੇਸ਼ਿਆਂ ਅਤੇ ਧਰਮਾਂ ਦੇ ਲੋਕਾਂ ਨੂੰ ਸੰਬੋਧਿਤ ਹੋਏ ਅਤੇ ਉਹਨਾਂ ਨੂੰ ਉਹਨਾਂ ਦੇ ਧਾਰਮਿਕ, ਸਾਮਾਜਿਕ, ਰਾਜਨੀਤਿਕ, ਸਾਂਸਕ੍ਰਿਤਕ ਕਰਤੱਵ ਅਤੇ ਆਚਰਣ ਦੀ ਵਾਸਤਵਿਕਤਾ ਤੋਂ ਜਾਣੂ ਕਰਵਾਉਂਦਿਆਂ ਇਕ ਬਦਲ ਪ੍ਰਸਤੁਤ ਕੀਤਾ ਜੋ 'ਗੁਰੂ ਨਾਨਕ ਬਾਣੀ' ਦੇ ਕਾਵਿਕ ਜਾਮੇ ਦੇ ਸਾਧਾਰਣ ਪਾਠ ਤੋਂ ਹੀ ਪ੍ਰਤੱਖ ਰੂਪ ਵਿਚ ਹੀ ਸਪਸ਼ਟ ਹੋ ਜਾਂਦਾ ਹੈ। ਗੁਰੂ ਨਾਨਕ ਬਾਣੀ ਤੋਂ ਪ੍ਰਗਟ ਹੋਣ ਵਾਲੇ ਸਤਿ ਦੇ ਪ੍ਰਕਾਸ਼ ਨੂੰ ਪੂਰਣ ਰੂਪ ਵਿਚ ਸਮਝ ਸਕਣਾ ਜਾਂ ਵਿਸ਼ਲੇਸ਼ਿਤ ਕਰ ਸਕਣਾ ਮਾਨਵੀ ਪਕੜ ਅਤੇ ਪਹੁੰਚ ਤੋਂ ਪਰੇ ਹੈ ਫਿਰ ਵੀ ਇਸ ਬਾਣੀ ਤੋਂ ਪ੍ਰਗਟ ਹੋਣ ਵਾਲੀਆਂ ਅਧਿਆਤਮਿਕ ਕਦਰਾਂ ਕੀਮਤਾਂ ਜੀਵਨ ਦੇ ਪਲ ਪਲ ਨੂੰ ਆਪਣੇ ਪ੍ਰਕਾਸ਼ ਨਾਲ ਰੁਸ਼ਨਾਉਂਦੀਆਂ ਹਨ। 'ਗੁਰੂ ਨਾਨਕ ਬਾਣੀ' ਵਿਚੋਂ ਪ੍ਰਕਾਸ਼ਿਤ ਹੋਣ ਵਾਲੇ ਲੌਕਿਕ ਅਤੇ ਪਰਾਲੌਕਿਕ ਸਰਬਵਿਆਪੀ ਸਰਬਕਾਲਿਕ ਕੀਮਤਾਂ ਨੂੰ ਹੇਠ ਲਿਖੇ ਅਨੁਸਾਰ ਵਿਭਾਜਤ ਕਰਕੇ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਜਾ ਸਕਦਾ ਹੈ:

1. ਅਧਿਆਤਮਿਕ ਕੀਮਤਾਂ
2. ਭੌਤਿਕ ਕੀਮਤਾਂ
3. ਨੈਤਿਕ ਕੀਮਤਾਂ
4. ਬੌਧਿਕ ਕੀਮਤਾਂ
5. ਸੁਹਜਾਤਮਕ ਕੀਮਤਾਂ

2.2 <u>ਅਧਿਆਤਮਿਕ ਕੀਮਤਾਂ</u>: ਅਧਿਆਤਮਿਕ ਕੀਮਤਾਂ ਮਨੁੱਖੀ ਜੀਵਨ ਦੇ ਆਤਮਿਕ ਰਹੱਸਵਾਦੀ ਅਨੁਭਵ ਤੇ ਅਨੁਭੂਤੀ ਦਾ ਪ੍ਰਗਟਾਵਾ ਹੁੰਦੀਆਂ ਹਨ। ਜਿਸ ਦਾ ਸਿੱਧਾ ਸੰਬੰਧ ਉਚਤਮ ਚੇਤਨਾ, ਅੰਤਰ ਗਿਆਨ ਅਤੇ ਨਿਜੀ ਆਤਰਿਕ ਅਵਸਥਾ ਨਾਲ ਹੁੰਦਾ ਹੈ। ਇਸ ਦਾ ਵਰਨਨ ਕਠਿਨ ਹੁੰਦਾ ਹੈ ਕਿਉਂਜੋ ਇਸਦਾ ਭੌਤਿਕ ਅਤੇ ਪ੍ਰਮਾਣਿਕ ਪ੍ਰਮਾਣ ਉਪਲੱਬਧ ਨਹੀਂ। ਇਸ ਦਾ ਖੇਤਰ ਵਿਸ਼ਾਲ ਅਤੇ ਵਿਸਤ੍ਰਤ ਹੈ ਜਿਸ ਵਿਚ ਪਰਮਾਤਮਾ, ਆਤਮਾ, ਜੀਵ ਜਗਤ ਨਾਲ ਸੰਬੰਧਿਤ ਵਿਸ਼ਿਆਂ ਦੀ ਅਸੀਮਤਾ ਅਤੇ ਇਹਨਾਂ ਦੇ ਆਪਸੀ ਰਹਸਮਈ ਸੰਬੰਧਾਂ ਦੀ ਹੋਂਦ ਉਪਰ ਨਿਰਭਰ ਹੁੰਦਾ ਹੈ। ਮਨੁੱਖੀ ਬੁੱਧ ਅਤੇ ਗਿਆਨ ਆਰੰਭ ਤੋਂ ਹੀ ਸ੍ਰਿਸ਼ਟੀ ਦੀ ਉਤਪੱਤੀ, ਵਿਭਿੰਨ ਪ੍ਰਕ੍ਰਿਤਕ ਅਤੇ ਦੈਵੀ ਸ਼ਕਤੀਆਂ ਦੀ ਅਸੀਮਤਾ, ਪਦਾਰਥਾਂ ਦੀ ਅਣਗਿਣਤਾ ਅਤੇ ਜੀਵਨ ਦੇ ਵਿਕਾਸ ਸੰਚਾਲਨ ਅਤੇ ਫਨ੍ਹਾ ਨਾਲ ਸੰਬੰਧਿਤ ਸਮੱਸਿਆਵਾਂ ਦੇ ਰਹੱਸ ਨੂੰ

ਸੁਲਝਾਉਣ ਦੀ ਚੇਸ਼ਟਾ ਅਧੀਨ ਲਗੀ ਰਹਿੰਦੀ ਹੈ ਪਰੰਤੂ ਇਹਨਾਂ ਵਿਸ਼ਿਆਂ ਬਾਰੇ ਗਿਆਤ ਹੋਣਾ ਸਹਿਲ ਕਾਰਜ ਨਹੀਂ ਇਹੋ ਕਾਰਣ ਹੈ ਕਿ ਅਨੇਕਾਂ ਵਿਦਵਾਨਾਂ ਅਤੇ ਦਾਰਸ਼ਨਿਕਾਂ ਨੇ ਆਪੋ ਆਪਣੇ ਅਨੁਭਵ ਅਨੁਸਾਰ ਇਹਨਾਂ ਬਾਰੇ ਵਖੋ ਵਖਰੇ ਵਿਚਾਰ ਪ੍ਰਸਤੁਤ ਕੀਤੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵ ਅਤੇ ਇਹਨਾਂ ਦੇ ਸਮਕਾਲੀਨ, ਦਾਰਸ਼ਨਿਕ ਚਿੰਤਕਾਂ ਨੇ ਆਪੋ ਆਪਣੇ ਆਤਿਮਕ ਅਨੁਭਵ ਤੇ ਅਨੁਭੂਤੀ ਰਾਹੀਂ ਅਧਿਆਤਮਿਕ ਵਿਸ਼ਿਆਂ ਸੰਬੰਧੀ ਆਪਣੇ ਵਿਚਾਰਾਂ ਨੂੰ ਵਿਅਕਤ ਕਰਦਿਆਂ ਆਪਣੀ ਅਸਮਰੱਥਾ ਨੂੰ ਵੀ ਸਵੀਕਾਰਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ-ਸਤਿ ਦੇ ਸਿਧਾਂਤਾਂ ਨੂੰ ਵਿਵਧ ਪੱਖੀ ਅਤੇ ਨਵੀਨ ਸਰੂਪ ਪ੍ਰਦਾਨ ਕਰਵਾਇਆ ਸਮੁੱਚੀਆਂ ਅਧਿਆਤਮਿਕ ਕੀਮਤਾਂ ਨੂੰ ਮਨੁੱਖੀ ਜੀਵਨ ਦੇ ਅੰਗ ਸੰਗ ਸਵੀਕਾਰਦੇ ਹੋਏ ਉਸ ਦੇ ਅਧਿਆਤਮਿਕ ਲੱਛਣਾਂ ਦੇ ਗੋਹੜ ਰਹੱਸਾਂ ਦਾ ਆਪਣੀ ਦਿੱਬ ਦ੍ਰਿਸ਼ਟਿ ਦੁਆਰਾ ਵਿਸਤ੍ਰਤ ਤੇ ਵਿਸ਼ਾਲ ਚਿਤ੍ਰਣ ਬਾਣੀ ਦੇ ਸੰਦੇਸ਼ ਰੂਪ ਵਿਚ ਪ੍ਰਸਤੁਤ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਪਹਿਲਾ ਤੇ ਪ੍ਰਮੁੱਖ ਅਧਿਆਤਮਿਕ ਨੁਕਤਾ ਪਰਾਲੌਕਿਕ, ਪਰਮਤੱਤ, ਪਾਰਬ੍ਰਹਮ ਦੇ ਸਰੂਪ ਨੂੰ ਅਭਿਵਿਅਕਤ ਕਰਨਾ ਹੈ। ਜਿਸ ਦਾ ਆਰੰਭ ਆਪ ਆਪਣੀ ਬਾਣੀ ਆਦਿ ਰੂਪ ਜਪੁ ਦੇ ਆਰੰਭ ਵਿਚ ਮੂਲ ਮੰਤਰ ਵਜੋਂ ਕਰਦੇ ਹਨ:

> ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
> ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।[64]

ਗੁਰੂ ਨਾਨਕ ਦੇਵ ਜੀ ਨੇ ਪਰਾਭੌਤਿਕ ਸਤਿ ਦੇ ਮੂਲ ਪ੍ਰਤੀਕ 'ਓਮ' ਨੂੰ ਪਰਿਵਰਤਿਤ ਕਰਕੇ 'ੴ' ਦੇ ਨਵਪ੍ਰਤੀਕ ਦੁਆਰਾ ਅਭਿਵਿਅਕਤ ਕਰਦਿਆਂ ਕੇਵਲ ਇਕ ਹੈ - ੴ ਦੇ ਸਤਿ, ਅਕਾਲਿਕ, ਅਕਾਰਿਕ, ਅਜੂਨੀ, ਅਦ੍ਰਿਸ਼ਟ ਸਰੂਪ ਦਾ ਵਰਣਨ ਕੀਤਾ ਹੈ। ਗੁਰੂ ਜੀ ਅਨੁਸਾਰ ਵਿਸ਼ਵ ਦਾ ਅੰਤਿਮ ਸਤਿ ਸਰਬ ਗੁਣ ਸੰਪੰਨ ਸ੍ਰਿਸ਼ਟੀ ਕਰਤਾ ਪਰਮਾਤਮਾ ਹੈ ਜੋ ਸ੍ਰਿਸ਼ਟੀ ਦਾ ਕਰਤਾ ਧਰਤਾ ਤੇ ਹਰਤਾ ਹੈ। ਉਹ ਸਭ ਤੋਂ ਉਚੀ ਦੈਵੀ ਹਸਤੀ, ਪਰਮ ਸ਼ਕਤੀ ਅਤੇ ਸਮੂਹ ਮਾਨਵੀ ਕੀਮਤਾਂ ਦਾ ਸੋਮਾ ਹੈ ਜਿਸ ਨੂੰ ਬ੍ਰਹਮ ਜਾਂ ਪਾਰਬ੍ਰਹਮ ਕਿਹਾ ਗਿਆ ਹੈ। 'ਗੁਰੂ ਨਾਨਕ ਬਾਣੀ' ਵਿੱਚ ਨਿਰਾਕਾਰ ਬ੍ਰਹਮ ਦੇ ਸਰੂਪ ਦਾ ਵਰਣਨ ਨਿਰਗੁਣ ਅਤੇ ਸਰਗੁਣ ਰੂਪਾਂ ਵਿੱਚ ਵਿਅਕਤ ਕੀਤਾ ਗਿਆ ਹੈ। ਪਰਮਾਤਮਾ ਨਿਰਗੁਣ ਨਿਰੰਕਾਰ ਸਰੂਪ ਹੈ ਜਿਸਦਾ ਵਰਣਨ ਕਰਨਾ ਕਠਿਨ ਹੈ ਕਿਉਂਜੋ ਪਰਮਾਤਮਾ ਦਾ ਵਿਚਾਰ ਤਾਂ

---

64. ਆਦਿ ਗ੍ਰੰਥ, ਪੰਨਾ 1

ਉਹੀ ਕਰ ਸਕਦਾ ਹੈ ਜੋ ਗੁਰੂ ਜਿੰਨਾ ਹੀ ਮਹਾਨ ਤੇ ਉਚਾ ਹੋਵੇਗਾ:

ਏਵਡੁ ਊਚਾ ਹੋਵੈ ਕੋਇ।।
ਤਿਸੁ ਊਚੇ ਕਉ ਜਾਣੈ ਸੋਇ।।[65]

ਬ੍ਰਹਮ ਦੇ ਸਰੂਪ ਨੂੰ ਅਵਿਅਕਤ ਸਵੀਕਾਰ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਨੇ ਪਰਮਾਤਮਾ ਦਾ ਰਸ ਚਖਿਆ ਹੈ ਉਸ ਲਈ ਵੀ ਬ੍ਰਹਮ ਦੇ ਸਰੂਪ ਨੂੰ ਵਰਣਨ ਕਰ ਸਕਣਾ ਉਵੇਂ ਹੀ ਮੁਸ਼ਕਿਲ ਹੈ ਜਿਸ ਪ੍ਰਕਾਰ ਗੂੰਗੇ ਲਈ ਮਠਿਆਈ ਦਾ ਸੁਆਦ ਦਸਣਾ।[66] ਇਸੇ ਕਰਕੇ 'ਗੁਰੂ ਨਾਨਕ ਬਾਣੀ' ਵਿਚ ਨਿਰਗੁਣ ਬ੍ਰਹਮ ਦੇ ਸਰੂਪ ਦਾ ਵਰਣਨ ਨਿਰਗੁਣਾਤਮਿਕ ਵਿਸ਼ੇਸ਼ਣਾਂ ਦੁਆਰਾ ਕੀਤਾ ਪ੍ਰਾਪਤ ਹੁੰਦਾ ਹੈ। ਉਹ (ਪਰਮਾਤਮਾ) ਨਿਰਭਉ[67] ਨਿਰਵੈਰ[68] ਅਕਾਲ ਮੂਰਤਿ[69] ਅਜੂਨੀ[70] ਅਨੂਪ[71] ਅਕੁਲ[72] ਅਦ੍ਰਿਸ਼ਟ[73] ਅਮਰ[74] ਅਕਥ,[75] ਅਗਮ ਅਗੋਚਰ ਅਲਖ ਅਪਾਰ[76] ਸਰੂਪ ਹੈ।

---

65. ਆਦਿ ਗ੍ਰੰਥ, ਪੰਨਾ 5

66. - ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੂੰਗੇ ਮਿਠਿਆਈ।।
- ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ।।
(ਸੋਰਠਿ ਮਹਲਾ 1, ਘਰ 1, ਅਸਟਪਦੀਆਂ, ਪੰਨਾ 635)

67. ਨਿਰਭਉ ਸੋ ਅਭ ਅੰਤਰਿ ਵਸਿਆ
ਅਹਿਨਿਸਿ ਨਾਮਿ ਨਿਰੰਜਨ ਰਸਿਆ।।
(ਮਾਰੂ ਮਹਲਾ 1, ਪੰਨਾ 1042)

68. ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ।।
(ਸੋਰਠਿ ਮਹਲਾ 1, ਚਉਤੁਕੇ, ਪੰਨਾ 596)

69. ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ।।
(ਮਾਰੂ ਮਹਲਾ 1, ਪੰਨਾ 1038)

70. ਸੋ ਬ੍ਰਹਮ ਅਜੋਨੀ ਹੈ ਭੀ ਹੋਨੀ।।
(ਸੋਰਠਿ ਮਹਲਾ 1, ਪੰਨਾ 598)

71. ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ।।
ਘਟਿ ਘਟਿ ਰੂਪੁ ਅਨੂਪੁ ਦਇਆਲਾ।।
(ਮਾਰੂ ਮਹਲਾ 1, ਪੰਨਾ 1031.)

(ਬਾਕੀ ਫੁੱਟ ਨੋਟ ਅਗਲੇ ਪੰਨੇ ਤੇ)

ਜੋ ਇਕੋ ਸਮੇਂ ਵਿਆਪਕ ਵੀ ਹੈ ਅਤੇ ਅਤੀਤ ਸਰੂਪ ਵੀ ਹੈ ਇਸੇ ਕਰਕੇ ਉਹ ਸਰਬ ਵਿਆਪਕ ਹੈ।[77] ਨਿਰਗੁਣ ਸਰੂਪ ਬ੍ਰਹਮ ਸ੍ਰਿਸ਼ਟੀ ਤੋਂ ਪੂਰਵ ਵੀ ਮੌਜੂਦ ਸੀ। ਜਦੋਂ ਸ੍ਰਿਸ਼ਟੀ ਰਚਨਾ ਨਹੀਂ ਹੋਈ ਸੀ ਉਦੋਂ ਸੰਸਾਰ ਵਿਚ ਘੁਪ ਹਨੇਰਾ ਸੀ ਉਸ ਸਮੇਂ ਪਰਮਾਤਮਾ ਸੁੰਨਯ ਰੂਪ ਵਿਚ ਸਮਾਧੀ ਸਥਿਤ ਸੀ ਉਸ ਸਮੇਂ ਇਸ ਦਿੱਖ ਜਗਤ ਦਾ ਪਸਾਰਾ ਹੋਂਦ ਵਿਚ ਨਹੀਂ ਸੀ ਜਗਤ ਦੀਆਂ ਚਾਰ ਖਾਣੀਆਂ, ਬਾਣੀਆਂ, ਧਰਤੀ, ਨੌਖੰਡ, ਪਾਤਾਲ, ਸਤ ਸਮੁੰਦਰ, ਦੇਵੀ ਦੇਵਤੇ, ਧਰਮ, ਧਾਰਮਿਕ ਕਰਮਕਾਂਡ ਧਾਰਮਿਕ ਲੋਕ, ਉਪਦੇਸ਼ਕ, ਪ੍ਰੇਮ ਭਗਤੀ, ਵੇਦ, ਸਿਮ੍ਰਤੀਆਂ ਸ਼ਾਸਤ੍ਰ ਕੁਝ ਵੀ ਨਹੀਂ ਸੀ। ਉਸ ਪਰਮਾਤਮਾ ਨੇ ਇਸ ਸ੍ਰਿਸ਼ਟੀ ਨੂੰ ਆਪ ਹੀ ਸਾਜਿਆ ਤੇ ਆਪ ਹੀ ਉਸ ਦੀ ਪਾਲਣਾ ਕਰ ਰਿਹਾ ਹੈ। ਉਸਦੀ ਇਹ ਅਵਸਥਾ ਗੁਪਤ ਤੋਂ ਪ੍ਰਗਟ ਹੋਣ ਦੀ ਹੈ। ਉਸਦੀ ਇਸ ਅਸਚਰਜਭਰੀ ਰਚਨਾ ਤੇ ਮਹਿਮਾ ਨੂੰ ਵੇਖ ਕੇ ਵਿਸਮਾਦਤ ਹੀ ਹੋਇਆ ਜਾ ਸਕਦਾ ਹੈ ਅਤੇ ਉਸਦੀ ਵਿਸਮਤਾ ਦੇ ਗੁਣ ਗਾਏ ਜਾ ਸਕਦੇ ਹਨ।[78]

---

(ਪਿਛਲੇ ਪੰਨੇ ਦੇ ਫੁੱਟ ਨੋਟ)

72. ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ।।

(ਸੋਰਠਿ ਮਹਲਾ ੧, ਪੰਨਾ 597)

73. ਅਦਿਸਟੁ ਦਿਸੈ ਤਾ ਕਹਿਆ ਜਾਇ।।

(ਗਉੜੀ ਗੁਆਰੇਰੀ, ਮਹਲਾ ੧, ਪੰਨਾ 222)

74. ਨਾ ਓਹ ਮਰੈ ਨ ਹੋਵੈ ਸੋਗੁ।।

(ਆਸਾ ਮਹਲਾ ੧, ਪੰਨਾ 349)

75. ਗੁਰ ਪਰਸਾਦੀ ਅਕਥਉ ਕਥੀਐ
ਕਹਉ ਕਹਾਵੈ ਸੋਈ।।

(ਸਾਰੰਗ ਮਹਲਾ ੧, ਪੰਨਾ 1233)

76. ਅਗਮ ਅਗੋਚਰ ਅਲਖ ਅਪਾਰਾ
ਚਿੰਤਾ ਕਰਹੁ ਹਮਾਰੀ।।

(ਬਿਲਾਵਲ ਮਹਲਾ ੧, ਪੰਨਾ 795)

77. ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ।।

(ਸਿਰੀ ਰਾਗ ਮਹਲਾ ੧, ਪੰਨਾ 62)

78. ਅਰਬਦ ਨਰਬਦ ਧੁੰਧੂਕਾਰਾ।।
ਧਰਣਿ ਨ ਗਗਨਾ ਹੁਕਮੁ ਅਪਾਰਾ।।
... ...
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ।।

(ਮਾਰੂ ਮਹਲਾ ੧, ਪੰਨਾ 1035-1036)

ਪਰਮਾਤਮਾ ਦੇ ਗੁਪਤ ਤੋਂ ਪ੍ਰਗਟ ਹੋਣ ਦਾ ਇਹ ਰੱਹਸ ਉਸਦੇ ਨਿਰਗੁਣ ਤੇ ਸਰਗੁਣ ਸਰੂਪ ਵਿਚ ਪਰਵਰਤਿਤ ਹੋਣ ਦੀ ਪ੍ਰਕ੍ਰਿਆ ਨਾਲ ਵੀ ਤੁਲਨਾਇਆ ਜਾ ਸਕਦਾ ਹੈ। ਪਰਮਾਤਮਾ ਦਾ ਸਰਗੁਣ ਸਰੂਪ ਨਿਰਗੁਣ ਰੂਪ ਤੋ ਹੀ ਹੋਦ ਵਿਚ ਆਉਂਦਾ ਹੈ।[79] ਜੋ ਓਅੰਕਾਰ ਰੂਪ ਵਿਚ ਸਰਵਪ੍ਰਥਮ ਦ੍ਰਿਸ਼ਟਮਾਨ ਹੁੰਦਾ ਹੈ। ਪਰਮਾਤਮਾ ਦਾ ਓਅੰਕਾਰ ਸਰੂਪ ਸਤਿ, ਸਦੈਵ, ਜੁਗਾਂ ਜੁਗਾਂ ਦੇ ਆਰੰਭ ਤੋਂ ਸਥਿਤ ਸੀ ਜੋ ਹੁਣ ਵੀ ਹੈ ਅਤੇ ਭਵਿੱਖ ਵਿਚ ਵੀ ਹੋਵੇਗਾ।[80] ਜਿਸ ਦਾ ਵਿਸਤ੍ਰਿਤ ਵਰਣਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਵਿਚੋਂ ਵੇਖਿਆ ਜਾ ਸਕਦਾ ਹੈ। ਪਰਮਾਤਮਾ ਦਾ ਇਹ ਸਤਿ ਸਰੂਪ ਜੋਤਿ-ਸਰੂਪ ਹੈ। ਜਿਸਦੀ ਜੋਤ ਦੀਆਂ ਕਿਰਨਾਂ ਸਮੁੱਚੇ ਬ੍ਰਹਿਮੰਡ ਵਿਚ ਫੈਲੀਆਂ ਹੋਈਆਂ ਹਨ ਅਤੇ ਸਮੁੱਚਾ ਜਗਤ ਉਸਦੀ ਜੋਤਿ ਦੇ ਪ੍ਰਕਾਸ਼ ਦੁਆਰਾ ਹੀ ਪ੍ਰਕਾਸ਼ਿਤ ਹੋ ਰਿਹਾ ਹੈ।[81] ਉਹ ਆਪ ਹੀ ਕਾਰਨ ਕਰਤਾ ਤੇ ਕਰਮ ਹੈ। ਜੋ ਅਨੇਕ ਰੂਪ ਧਾਰ ਕੇ ਕਈ ਰੰਗਾਂ ਵਿਚ ਰੰਗ ਕੇ ਕਈ ਤਰ੍ਹਾਂ ਦੇ ਵੇਸ ਧਾਰਣ ਕਰਕੇ ਵੀ ਇਕੋ ਰੂਪ ਰੰਗ ਵਿਚ ਰਹਿੰਦਾ ਹੈ। ਉਹ ਤਾਂ ਕੇਵਲ 'ਇਕ' ਹੀ ਹੈ। ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

- ਸਾਹਿਬੁ ਮੇਰਾ ਏਕੋ ਹੈ।।
  ਏਕੋ ਹੈ ਭਾਈ ਏਕੋ ਹੈ।।[82]
- ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।।[83]
- ਸਦਾ ਸਦਾ ਤੂੰ ਏਕੁ ਹੈ।।[84]

---

79. ਅਵਿਗਤੋ ਨਿਰਮਾਇਲੁ ਉਪਜੇ
    ਨਿਰਗੁਣ ਤੇ ਸਰਗੁਣ ਥੀਆ।।
    (ਰਾਮਕਲੀ ਮਹਲਾ 1, ਸਿਧ ਗੋਸਟਿ, ਪੰਨਾ ੧੪੦)
80. ਆਦਿ ਸਚੁ ਜੁਗਾਦਿ ਸਚੁ।।
    ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।
    (ਜਪੁ, ਪੰਨਾ 1)
81. ਸਭ ਮਹਿ ਜੋਤਿ ਜੋਤਿ ਹੈ ਸੋਇ।।
    ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।।
    (ਧਨਾਸਰੀ ਮਹਲਾ 1, ਆਰਤੀ, ਪੰਨਾ 663)
82. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 350
83. ਆਦਿ ਗ੍ਰੰਥ, ਮਲਾਰੁ ਕੀ ਵਾਰ, ਮਹਲਾ 1, ਪੰਨਾ 1291
84. ਆਦਿ ਗ੍ਰੰਥ, ਮਾਝ ਕੀ ਵਾਰ, ਮਹਲਾ 1, ਪੰਨਾ 139

ਇਸ ਦੈਵੀ ਸੱਤਾ ਨਿਰੰਕਾਰ ਪ੍ਰਭੂ ਦੇ ਸਰੂਪ ਨੂੰ ਕਿਸੇ ਵਿਸ਼ੇਸ਼ ਨਾਮ ਨਾਲ ਸੰਬੰਧਿਤ ਨਹੀਂ ਕੀਤਾ ਗਿਆ ਬਲਕਿ ਗੁਰੂ ਸਾਹਿਬ ਪ੍ਰਚਲਿਤ ਰੱਬੀ ਨਾਂਵ ਜਿਵੇਂ ਅਲਾਹ, ਰਾਮ, ਹਰੀ, ਠਾਕੁਰ, ਪ੍ਰਭੂ ਸੈਂਹਾ ਸਾਹਿਬ, ਕਰਤਾ ਆਦਿ ਪੁਰਖ, ਕਾਦਰ ਆਦਿ ਨਾਵਾਂ ਨਾਲ ਹੀ ਉਚਾਰਣ ਕੀਤਾ ਹੈ। ਕਈ ਥਾਵਾਂ ਤੇ ਜੀਵ ਅਤੇ ਪਰਮਾਤਮਾ ਦੇ ਗੂੜ੍ਹ ਨਿਕਟ ਸੰਬੰਧਾਂ ਦੇ ਤੀਬਰ ਪ੍ਰਭਾਵਾਂ ਨੂੰ ਉਜਾਗਰ ਕਰਨ ਹਿਤ ਸੁਆਮੀ, ਮਾਤਾ ਪਿਤਾ, ਸੁਹਿਰਦ ਮਿੱਤਰ, ਦਾਤਾ, ਪਤੀ, ਖਸਮ ਆਦਿ ਰੂਪ ਵਜੋਂ ਵੀ ਪ੍ਰਵਾਨਿਤ ਕੀਤਾ ਗਿਆ ਹੈ। ਪਰੰਤੂ ਗੁਰੂ ਨਾਨਕ ਦੇਵ ਜੀ ਸਪਸ਼ਟ ਰੂਪ ਵਿਚ ਵਿਅਕਤ ਕਰਦੇ ਹਨ ਕਿ ਜੋ ਜੀਵ ਨਾਦ ਰੂਪ (ਨਿਰਗੁਣ) ਅਤੇ ਬਿੰਦ ਰੂਪ (ਸਰਗੁਣ) ਦੇ ਭੇਦ ਨੂੰ ਮਿਟਾ ਕੇ ਪਰਮਤੱਤ ਦੀ ਏਕਤਾ ਨੂੰ ਜਾਣ ਲੈਂਦਾ ਹੈ ਉਹੀ ਪਰਮਾਤਮਾ ਰੂਪੀ ਨਾਮ ਦੀਆਂ ਉਚਤਮ ਕੀਮਤਾਂ ਦਾ ਧਾਰਣੀ ਹੁੰਦਾ ਹੈ। ਉਹ ਜੀਵ ਉਚੀ ਅਧਿਆਤਮਿਕ ਅਵਸਥਾ ਵਿਚ ਅਪੜਦਾ ਹੈ।[85] ਇਸ ਤੋਂ ਸਪਸ਼ਟ ਹੈ ਗੁਰੂ ਸਾਹਿਬ ਇਕੋ ਸ਼ਕਤੀ ਤੇ ਅੰਤਿਮ ਸਤਿ ਦੀ ਹੋਂਦ ਦੇ ਗੋਹੜ ਰਹੱਸਾਂ ਨੂੰ ਬਹੁਭਾਂਤੀ ਪ੍ਰਗਟਾਵੇ ਦੁਆਰਾ ਸਮੂਹ ਲੋਕਾਈ ਸਾਹਮਣੇ ਪ੍ਰਸਤੁਤ ਕਰਦੇ ਹਨ। ਆਪਣੇ ਅਧਿਆਤਮਿਕ ਤੱਤ ਦੀ ਪਛਾਣ ਕਰਨ ਹਿਤ ਜੀਵ ਨੇ ਸਿਧੇ ਜਾਂ ਅਸਿੱਧੇ ਤੌਰ ਤੇ ਆਪਣੇ ਤੋਂ ਉਚਾ ਉਠਣਾ ਹੈ। ਉਸਦਾ ਆਪਣਾ ਆਪਾ ਹੀ ਉਸ ਵਿਚਲਾ ਬ੍ਰਹਮ ਅੰਸ਼ ਹੈ। ਜਿਸ ਦੇ ਸਰੂਪ ਨੂੰ ਪਛਾਣ ਕੇ ਜੀਵ ਨੇ ਪਰਮਤੱਤ ਵਿਚ ਲੀਨ ਹੋਣਾ ਹੈ।[86] ਮਨੁੱਖੀ ਜੀਵ ਨੇ ਆਤਮ ਰੂਪੀ ਆਪੇ ਨੂੰ ਮੇਟ ਕੇ ਅਗਮਿ ਅਗੋਚਰ, ਅਪਹੁੰਚ ਪਰਮਾਤਮਾ ਤਕ ਆਪਣੀ ਪਹੁੰਚ ਨੂੰ ਯਕੀਨੀ ਬਣਾਉਣਾ ਹੈ। ਇਹੀ ਅਗਿਆਨਤਾ ਆਤਮਾ ਨੂੰ ਆਵਾਗਵਨ ਦੇ ਚੱਕਰ ਵਿਚ ਪਾਉਂਦੀ ਹੈ। ਗੁਰੂ ਸਾਹਿਬ ਜਨਮ ਮਰਨ ਦੇ ਇਸ ਚਕਰ ਨੂੰ ਬੰਧਨ ਸਵੀਕਾਰਦੇ ਹਨ। ਬੰਧਨ ਦੀ ਇਹ ਅਵਸਥਾ ਆਪਣੇ ਮੂਲ ਸੋਮੇ ਪਰਮਾਤਮਾ ਤੋਂ ਵਿਛੜਨ ਦੀ ਅਵਸਥਾ ਹੈ। ਹਉਮੈ ਰੂਪੀ ਆਪੇ ਦਾ ਆਪਣੇ ਜੀਵਨ ਦੇ ਤੱਤ ਤੋਂ ਅਵੇਸਲਾ ਹੋਣਾ ਅਤੇ ਆਪਣੇ ਮੂਲ ਨੂੰ ਨਾ ਪਛਾਣਨਾ ਉਸ ਦੀ ਪਸ਼ੂ ਬਿਰਤੀ ਦਾ ਪਤਨਮਈ ਸੰਕੇਤ ਹੈ।[87]

---

85. ਨਾਦ ਬਿੰਦ ਕੀ ਸੁਰਤਿ ਸਮਾਇ।।
ਸਤਿਗੁਰੁ ਸੇਵਿ ਪਰਮ ਪਦੁ ਪਾਇ।।
(ਆਸਾ ਮਹਲਾ 1, ਪੰਨਾ 352)

86. ਪੰਚ ਤਤੁ ਮਿਲਿ ਕਾਇਆ ਕੀਨੀ।।
ਤਿਸ ਮਹਿ ਰਾਮ ਰਤਨੁ ਲੈ ਚੀਨੀ।।
ਆਤਮ ਰਾਮੁ ਰਾਮੁ ਹੈ ਆਤਮ
ਹਰਿ ਪਾਈਐ ਸਬਦਿ ਵਿਚਾਰਾ ਹੇ।
(ਮਾਰੂ ਮਹਲਾ 1, ਪੰਨਾ 1030)

87. ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ।।
(ਸੂਹੀ ਮਹਲਾ 1, ਘਰ 9, ਪੰਨਾ 751.)

ਮਨੁੱਖੀ ਆਤਮਾ ਵਿਚ ਪਰਮਾਤਮਾ ਦਾ ਨਿਵਾਸ ਹੈ ਪਰ ਇਸ ਦੀ ਸੋਝੀ ਗੁਰਬਿਚਾਰ ਦੁਆਰਾ ਹੀ ਸੰਭਵ ਹੋ ਸਕਦੀ ਹੈ।[88] ਗੁਰੂ ਦੇ ਦਿੱਤੇ ਗਿਆਨ ਦੁਆਰਾ ਹੀ ਭਗਤੀ ਤੇ ਪ੍ਰੇਮ ਭਾਵਨਾ ਪੈਦਾ ਹੁੰਦੀ ਹੈ ਤੇ ਜੀਵ ਵਾਸਤਵਿਕਤਾ ਨੂੰ ਪਛਾਣਦੇ ਹੋਏ ਮੁਕਤੀ ਪ੍ਰਾਪਤੀ ਵਲ ਅਗ੍ਰਸ਼ੀਲ ਹੁੰਦਾ ਹੈ।[89] ਗੁਰੂ ਪ੍ਰਾਪਤੀ ਹੀ ਨਾਮ ਪ੍ਰਾਪਤੀ ਦਾ ਲਖਾਇਕ ਹੈ ਜੋ ਮੋਖ ਦਾ ਸਾਧਨ ਹੈ। ਨਾਮ ਪ੍ਰਾਪਤੀ ਦੁਆਰਾ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ ਤੇ ਜੋ ਗੁਰੂ ਦੇ ਦਸੇ ਹੋਏ ਮਾਰਗ ਉਤੇ ਚਲ ਕੇ ਹੀ ਪ੍ਰਾਪਤ ਹੁੰਦੀ ਹੈ।[90] ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਅਧਿਆਤਮਿਕ ਪ੍ਰਾਪਤੀ ਲਈ ਸੱਚੇ ਗੁਰੂ ਦੀ ਲੋੜ ਨੂੰ ਪ੍ਰਾਥਮਿਕਤਾ ਦਿੰਦੇ ਹਨ। ਸਤਿਗੁਰੂ ਰੂਪੀ ਅਧਿਆਤਮਿਕ ਪੁਰਖ ਦੀ ਅਗਵਾਈ ਗ੍ਰਹਿਣ ਕਰਨ ਦਾ ਭਾਵ ਹੈ, ਕਿ ਆਪਣੀ ਮਤਿ ਦਾ ਤਿਆਗ ਕਰਨਾ, ਮਨੁੱਖ ਦੀ ਮਤਿ ਮਨੁੱਖ ਨੂੰ ਮਨਮੁਖਤਾ ਦੇ ਪਤਨਮਈ ਮਾਰਗ ਵਲ ਲਿਜਾ ਸਕਦੀ ਹੈ। ਪਰੰਤੂ ਗੁਰੂ ਦੀ ਮਤਿ ਧਾਰਨ ਕਰਕੇ ਗੁਰਮੁਖਤਾ ਅਨੁਸਾਰ ਮੋਖ ਮਾਰਗ/ ਮੁਕਤੀ ਦਾ ਅਨੁਸਰਣ ਕਰਨਾ ਹੈ। ਗੁਰੂ ਦਾ ਦਸਿਆ ਹੋਇਆ ਮਾਰਗ ਹਉ ਨਿਵਰਤੀ ਤੇ ਹੁਕਮ ਪਛਾਣਨ ਦਾ ਮਾਰਗ ਵੀ ਹੈ। ਹੁਕਮ ਦੈਵੀ ਸੱਤਾ ਦੀ ਸਰਬ ਉਚਤਾ ਅਤੇ ਸਰਬ ਸਮਰੱਥਾ ਦਾ ਲਖਾਇਕ ਹੈ ਅਤੇ ਬ੍ਰਹਿਮੰਡ ਵਿਚ ਵਿਆਪਕ ਅਧਿਆਤਮਿਕ ਨੈਤਿਕ ਵਿਧਾਨ ਦਾ ਪ੍ਰਤੀਕ ਵੀ। ਗੁਰੂ ਜੀ ਹੁਕਮ ਨੂੰ ਨਿਰੋਲ ਦੈਵੀ ਸੱਤਾ ਦੀ ਸ਼ਕਤੀ ਦਾ ਪ੍ਰਗਟਾਵਾ ਨਾ ਦਸਦੇ ਹੋਏ ਸਮੁੱਚੀ ਵਿਵਸਥਾ ਨੂੰ ਸਥਾਪਿਤ ਕਰਨ ਵਜੋਂ ਇਸ ਦੀ ਹੋਂਦ ਨੂੰ ਸਵੀਕਾਰਦੇ ਹਨ:

- ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ।।
  ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ।।[91]

- ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ।।[92]

---

88. ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।।
    (ਭੈਰਉ ਅਸਟਪਦੀਆ, ਮਹਲਾ 1, ਘਰ 2, ਪੰਨਾ 1153)
89. ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ।।
    (ਸਿਰੀ ਰਾਗ ਮਹਲਾ 1, ਪੰਨਾ 60)
90. ਬਿਨੁ ਸਤਿਗੁਰ ਭੇਟੈ ਮੁਕਤਿ ਨ ਕੋਈ।।
    (ਰਾਮਕਲੀ ਮਹਲਾ 1, ਸਿਧ ਗੋਸਟਿ, ਪੰਨਾ 946)
91. ਆਦਿ ਗ੍ਰੰਥ, ਸਿਰੀ ਰਾਗ ਮਹਲਾ 1, ਪੰਨਾ 55
92. ਆਦਿ ਗ੍ਰੰਥ, ਮਾਝ ਮਹਲਾ 1, ਪੰਨਾ 145

ਜੋ ਮਨੁੱਖ 'ਹੁਕਮ ਰਜਾਈ' ਵਿਚ ਚਲਦਾ ਹੈ ਉਹ ਆਪਣੇ ਤੋਂ ਉਚੇਰੇ ਪਰਾਲੌਕਿਕ ਦੈਵੀ ਵਿਧਾਨ ਨਾਲ ਆਪਣੀ ਜ਼ਿੰਦਗੀ ਨੂੰ ਇਕਸੁਰ ਕਰ ਲੈਂਦਾ ਹੈ। ਇਹ ਦੈਵੀ ਵਿਧਾਨ ਮਨੁੱਖੀ ਜ਼ਿੰਦਗੀ ਦੇ ਅੰਤਰ ਆਤਮਾ ਵਿਚ ਉਕਰਿਆ ਹੋਇਆ ਹੈ। 'ਹੁਕਮ ਰਜਾਈ ਚਲਣਾ' ਮਨੁੱਖ ਦੀ ਤਿਆਗ ਬਿਰਤੀ ਦਾ ਲਖਾਇਕ ਨਹੀਂ ਬਲਕਿ ਆਪਾ ਸਮਰਪਣ ਦੁਆਰਾ ਸੰਸਾਰ ਵਿਚ ਰਹਿੰਦਿਆਂ ਜੀਵਨਮੁਕਤ ਦੀ ਦਸ਼ਾ ਵਿਚ ਪਹੁੰਚਣ ਦਾ ਯਤਨ ਵੀ ਹੈ ਕਿਉਂਜੋ ਗੁਰੂ ਸਾਹਿਬ ਵਿਅਕਤੀਗਤ ਮੁਕਤੀ ਦੀ ਥਾਂ ਸਮੂਹ ਦੀ ਮੁਕਤੀ ਦਾ ਸੰਦੇਸ਼ ਦਿੰਦੇ ਹਨ। ਮਨੁੱਖ ਸ਼ਬਦ ਦੁਆਰਾ ਆਪਣੇ ਆਤਮਿਕ ਵਿਕਾਸ ਨੂੰ ਆਪਣੇ ਵਸ ਵਿਚ ਕਰਕੇ ਜਦੋਂ ਪਰਮਾਤਮਾ ਦੇ ਪਿਆਰ ਅਤੇ ਭਗਤੀ ਵਿਚ ਜੀਵਨ ਬਤੀਤ ਕਰਦਾ ਹੈ, ਤਦ ਉਹ ਨਾ ਸਿਰਫ਼ ਆਪਣੀ ਬਲਕਿ ਹੋਰਨਾਂ ਵਿਅਕਤੀਆਂ ਦੇ ਆਤਮਿਕ ਪੱਧਰ ਨੂੰ ਉਚੇਰਾ ਕਰਨ ਲਈ ਯਤਨਸ਼ੀਲ ਹੁੰਦਾ ਹੈ। ਮਨੁੱਖ ਪ੍ਰਭੂ ਦੇ ਹੁਕਮ ਅਨੁਸਾਰ ਆਪ ਵੀ ਤਰਨ ਅਤੇ ਦੂਸਰਿਆਂ ਨੂੰ ਵੀ ਤਾਰਨ ਲਈ ਸਮੁੱਚੇ ਜੀਵਨ ਦਾ ਕਾਰ ਵਿਹਾਰ ਕਰਦਾ ਹੈ। ਇਹੀ ਕਾਰਣ ਹੈ ਕਿ ਬਾਣੀ ਵਿਚ ਸਤਿ-ਸੰਗਤ ਨੂੰ ਮਹੱਤਾ ਪ੍ਰਾਪਤ ਹੈ। ਵਿਦੇਹ ਮੁਕਤੀ ਗੁਰੂ ਨਾਨਕ ਬਾਣੀ ਦਾ ਆਦਰਸ਼ ਨਹੀ ਜੀਵਨ-ਮੁਕਤ ਹੀ ਇਸ ਦਾ ਆਧਾਰ ਹੈ ਤੇ ਸੰਦੇਸ਼ ਵੀ। ਜਦੋਂ ਗੁਰੂ ਸਾਹਿਬ ਇਹ ਫਰਮਾਉਂਦੇ ਹੋਏ "ਜੀਵਨ ਮੁਕਤੁ ਮਨਿ ਨਾਮੁ ਵਸਾਏ। ਨ ਗੁਰਮੁਖਿ ਹੋਇ ਤਾ ਸਚੁ ਸਮਾਏ"[93] ਤਦ ਉਹ ਸਪਸ਼ਟ ਰੂਪ ਵਿਚ ਪਰਮਾਤਮਾ ਨਾਲ ਪ੍ਰੀਤ ਕਰਕੇ ਸਚਿਆਰ ਬਣਕੇ ਜੀਵਨ ਮੁਕਤ ਦੇ ਆਦਰਸ਼ ਨੂੰ ਪ੍ਰਸਤੁਤ ਕਰ ਰਹੇ ਹੁੰਦੇ ਹਨ।

2.3 ਭੌਤਿਕ ਕੀਮਤਾਂ: ਗੁਰੂ ਨਾਨਕ ਬਾਣੀ ਵਿਚ ਮੁੱਖ ਤੌਰ ਤੇ ਅਧਿਆਤਮਿਕ ਵਿਚਾਰ ਹੀ ਪ੍ਰਸਤੁਤ ਹੋਏ ਹਨ ਪਰੰਤੂ ਇਹਨਾਂ ਨਾਲ ਸੰਬੰਧਿਤ ਪ੍ਰਤੱਖ ਜਾਂ ਅਪ੍ਰਤੱਖ ਤੌਰ ਤੇ ਜੀਵਨ ਦੇ ਵਿਭਿੰਨ ਮੁੱਲਾਂ/ਕੀਮਤਾਂ ਦਾ ਵਰਣਨ ਵੀ ਪ੍ਰਸਤੁਤ ਕੀਤਾ ਗਿਆ ਹੈ। ਮਨੁੱਖ ਦੇ ਦਿਸਦੇ ਭੌਤਿਕ ਜਗਤ ਅਤੇ ਉਸ ਨਾਲ ਸੰਬੰਧਿਤ ਜੀਵਨ ਕੀਮਤਾਂ ਨੂੰ ਗੁਰੂ ਸਾਹਿਬ ਨੇ ਅਧਿਆਤਮਿਕ-ਸਤਿ ਦੀ ਰੋਸ਼ਨੀ ਵਿਚ ਇਸ ਲੌਕਿਕ ਜਗਤ ਦੀ ਵਾਸਤਵਿਕਤਾ ਦਰਸਾਉਣ ਲਈ ਪੇਸ਼ ਕੀਤਾ ਹੈ। ਭੌਤਿਕ ਖੇਤਰ ਨਾਲ ਸੰਬੰਧਿਤ ਸ੍ਰਿਸ਼ਟੀ ਮਨੁੱਖ, ਮਨੁੱਖ ਦਾ ਜਗਤ ਵਿਚ ਪਸਾਰਾ, ਪੌਣ ਪਾਣੀ, ਜੀਵ ਜੰਤੂ, ਬਨਸਪਤੀ, ਖਾਣਾ ਪੀਣਾ, ਕੰਮ ਧੰਦੇ

93. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 412

ਵਪਾਰ ਆਦਿ ਨਿਰੋਲ ਭੌਤਿਕ ਦ੍ਰਿਸ਼ਟੀ ਵਾਲੇ ਪ੍ਰਸ਼ਨਾਂ ਨੂੰ ਆਪ ਨੇ ਵਿਸ਼ੇਸ਼ ਮਹੱਤਾ ਦਿਤੀ ਹੈ।

ਸ੍ਰਿਸ਼ਟੀ ਸੰਬੰਧੀ ਭੌਤਿਕ ਕੀਮਤਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਚਾਹੇ ਸਿਧੇ ਤੌਰ ਤੇ ਆਪਣਾ ਵਿਸ਼ਾ ਨਹੀਂ ਬਣਾਇਆ ਪਰੰਤੂ ਸ੍ਰਿਸ਼ਟੀ ਦਾ ਆਰੰਭ, ਤੱਤ ਦੇਸ਼ ਕਾਲ ਅਤੇ ਰਚਨਾ ਆਦਿ ਸੰਬੰਧੀ ਆਪਣੀਆਂ ਧਾਰਣਾਵਾਂ ਦੀ ਪ੍ਰਸੰਗਿਕਤਾ ਅਤੇ ਪ੍ਰਮਾਣਿਕਤਾ ਦੀ ਆਧੁਨਿਕ ਵਿਗਿਆਨ ਨਾਲ ਇਕਸੁਰਤਾ ਤੇ ਅਨੁਸਾਰਤਾ ਅਸਚਰਜਨਕ ਹੈ। ਗੁਰੂ ਜੀ ਅਨੁਸਾਰ ਸ੍ਰਿਸ਼ਟੀ ਦਾ ਸਾਰਾ ਖੇਲ ਪਰਮਾਤਮਾ ਹੀ ਰਚਿਆ ਹੋਇਆ ਹੈ ਉਹ ਜਗਤ ਦਾ ਸਿਰਜਕ ਵੀ ਹੈ ਤੇ ਕਾਰਨਹਾਰ ਵੀ[94] ਕਿਉਂਜੋ ਉਸ ਦੀ ਅਜਿਹੀ ਇੱਛਾ ਸੀ ਕਿ ਉਸਨੇ ਆਪਣੇ ਆਪ ਨੂੰ ਵੇਖਣ ਲਈ ਸ੍ਰਿਸ਼ਟੀ ਦੀ ਸਿਰਜਣਾ ਕੀਤੀ[95] ਸ੍ਰਿਸ਼ਟੀ ਦੀ ਰਚਨਾ ਦੇ ਆਰੰਭ ਕਾਲ ਦੇ ਕਥਨ ਨੂੰ ਸਿਧਾਂ ਦੇ ਪ੍ਰਸ਼ਨ ਦੇ ਉਤਰ ਰੂਪ ਵਜੋਂ ਆਪ ਨੇ ਅਸਚਰਜਨਕ ਅਤੇ ਅਸੰਭਵ ਦਸਿਆ ਹੈ। ਰਚਣਹਾਰਾ ਪਰਮਾਤਮਾ ਤੋਂ ਬਿਨਾਂ ਸ੍ਰਿਸ਼ਟੀ ਦੇ ਰਚਨਕਾਲ ਬਾਰੇ ਕੋਈ ਵੀ ਨਹੀਂ ਦਸ ਸਕਦਾ "ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"[96] ਸ੍ਰਿਸ਼ਟੀਰਚਨਾ ਤੋਂ ਪਹਿਲਾਂ ਇਥੇ ਜੁਗਾਂ ਜੁਗਾਂ ਤੋਂ ਅਕੱਥ ਅੰਧਕਾਰ ਹੀ ਪਸਰਿਆ ਹੋਇਆ ਸੀ। ਉਸ ਅੰਧਕਾਰ ਵਿੱਚ ਸਿਰਫ਼ ਪਰਮਾਤਮਾ ਦੀ ਹੀ ਹੋਂਦ ਸੀ, ਨਾ ਜਗਤ, ਨਾ ਜਗਤ ਦਾ ਪਸਾਰਾ, ਨਾ ਧਰਤੀ, ਨਾ ਆਕਾਸ਼, ਸਿਰਫ਼ ਇਕ ਜੋਤ, ਪ੍ਰਜਵਲਿਤ ਹੋ ਰਹੀ ਸੀ ਇਸ ਅਵਸਥਾ ਵਿਚ ਸ੍ਰਿਸ਼ਟੀ ਪਰਮਾਤਮਾ ਅੰਦਰ ਬੀਜ ਰੂਪ ਵਿਚ ਵਿਦਮਾਨ ਸੀ ਅਤੇ ਸਮੁੱਚੇ ਬ੍ਰਹਿਮੰਡ ਵਿਚ ਸੁੰਨਯ ਦਾ ਹੀ ਪਸਾਰਾ ਸੀ।[97]

ਸ੍ਰਿਸ਼ਟੀ ਰਚਨਾ ਦੇ ਵੈਦਿਕ ਵਿਚਾਰਾਂ ਵਿਚ ਸਪਸ਼ਟ ਰੂਪ ਵਿੱਚ ਕਿਹਾ ਗਿਆ ਹੈ ਕਿ ਪਹਿਲਾਂ ਮਾਇਆ ਉਪਜੀ, ਫੇਰ ਬ੍ਰਹਮਾ, ਵਿਸ਼ਣੂ ਅਤੇ ਮਹੇਸ਼ ਜੋ ਕ੍ਰਮਵਾਰ ਉਤਪੱਤੀ, ਸੰਚਾਲਨ ਅਤੇ ਵਿਕਾਸ ਦੇ ਸੂਚਕ ਹਨ ਉਤਪੰਨ ਹੋਏ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਪਰਮਾਤਮਾ ਦੀਆਂ ਸ਼ਕਤੀਆਂ

---

94. ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ।।
(ਵਾਰ ਰਾਮਕਲੀ, ਮਹਲਾ 1, ਪੰਨਾ 1291)

95. ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ।।
(ਆਸਾ ਮਹਲਾ 1, ਪਟੀ, ਪੰਨਾ 433)

96. ਆਦਿ ਗ੍ਰੰਥ, ਜਪੁ, ਪੰਨਾ 5

97. ਅਰਬਦ ਨਰਬਦ ਧੁੰਧੂਕਾਰਾ।।
... ...
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ।।
(ਮਾਰੂ ਮਹਲਾ 1, ਪੰਨਾ 1035-36)

ਸਵੀਕਾਰ ਕਰਦਿਆਂ ਇਹਨਾਂ ਦੀ ਅਲਗ ਸੱਤਾ ਜਾਂ ਹੋਂਦ ਤੋਂ ਇਨਕਾਰ ਕੀਤਾ। ਆਪ ਫੁਰਮਾਉਂਦੇ ਹਨ:

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।।[98]

ਪਰਮਾਤਮਾ ਨੇ ਆਪਣੇ ਇਕੋ ਵਾਕ ਦੁਆਰਾ ਸ੍ਰਿਸ਼ਟੀ ਦਾ ਪਸਾਰਾ ਕੀਤਾ। "ਕੀਤਾ ਪਸਾਉ ਏਕੋ ਕਵਾਉ"[99] ਅਤੇ ਫੇਰ ਜਲ ਅਗਨੀ ਪੌਣ ਤਿੰਨ ਤੱਤ ਪੈਦਾ ਕੀਤੇ ਅਤੇ ਉਹਨਾਂ ਤਿੰਨਾਂ ਦੇ ਸੁਮੇਲ ਦੁਆਰਾ ਬਾਕੀ ਰਚਨਾ ਦੀ ਉਤਪੱਤੀ ਸੰਭਵ ਹੋਈ।[100]

ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਕਥਨ ਆਧੁਨਿਕ ਵਿਗਿਆਨਿਕ ਧਾਰਣਾ ਦੇ ਬਿਲਕੁਲ ਅਨੁਕੂਲ ਹਨ। ਇਹ ਸਰਬ ਪ੍ਰਮਾਣਿਤ ਧਾਰਣਾ ਹੈ ਕਿ ਸ੍ਰਿਸ਼ਟੀ ਰਚਨਾ ਦੇ ਲੰਮੇ ਕਾਲ ਵਿਚ ਜਦੋਂ ਧਰਤੀ ਠੰਡੀ ਹੋਈ ਤਾਂ ਥਲ ਬਣਿਆ, ਜਿਸ ਦੇ ਦੁਆਲੇ ਗੈਸਾਂ ਠੰਢੀਆਂ ਹੋਣ ਨਾਲ ਜਲ ਤੇ ਪੌਣ ਬਣੇ। ਇਹਨਾਂ ਤਿੰਨਾਂ ਨਾਲ ਬ੍ਰਹਿਮੰਡੀ ਤਾਪ ਦੀ ਲੰਬੀ ਕ੍ਰਿਆ ਰਾਹੀਂ ਧਰਤੀ ਅਤੇ ਜਲ ਅੰਦਰ ਜੀਵਨ ਉਪਜਿਆ। ਜੁਗਾਂ ਜੁਗਾਂਤਰਾਂ ਦੇ ਵਿਕਾਸ ਨਾਲ ਇਕ ਸਾਧਾਰਣ ਮੂਲ ਕੋਸ਼ (Cell) ਤੋਂ ਪ੍ਰਗਤੀ ਕਰਕੇ ਜੀਵ, ਬਨਸਪਤੀ ਅਤੇ ਜੰਤੂਆਂ ਦੇ ਰੂਪ ਵਿਚ ਥਲ ਤੇ ਗਗਨ ਉਤੇ ਮਨੁੱਖੀ ਰੂਪ ਵਿਦਮਾਨ ਹੋਇਆ। ਇੰਜ ਸ੍ਰਿਸ਼ਟੀ ਦਾ ਸਮੁੱਚਾ ਸੰਚਾਲਨ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਵਰਤ ਰਿਹਾ ਹੈ।[101] ਇਹ ਹੁਕਮ ਜਾਂ ਭਾਣਾ ਦੈਵੀ ਵਿਧਾਨ ਦੇ ਅੰਤਰਗਤ ਹੀ ਸਰੂਪਿਤ ਹੋ ਰਿਹਾ ਹੈ। ਸ੍ਰਿਸ਼ਟੀ ਦੀ ਹਰ ਕ੍ਰਿਆ ਇਸ ਰਬੀ ਹੁਕਮ ਦੁਆਰਾ ਹੀ ਕਾਰਜਸ਼ੀਲ ਹੈ। ਜੀਵ ਸੰਬੰਧੀ ਆਪਣੇ ਵਿਚਾਰਾਂ ਨੂੰ ਪ੍ਰਸਤੁਤ ਕਰਦਿਆਂ ਗੁਰੂ ਸਾਹਿਬ ਜੀਵ ਨੂੰ ਮਨੁੱਖ ਦੇ ਮਹੱਤਵ ਨੂੰ ਉਜਾਗਰ ਕਰਨ ਹਿਤ ਜ਼ਿਆਦਾਤਰ ਅਲੰਕਾਰ ਰੂਪ ਵਿਚ ਅਲੋਚਨਾ ਵਜੋਂ ਹੀ ਵਿਅਕਤ ਕਰਦੇ ਹਨ। ਨਿਰਜੀਵਾਂ ਅਤੇ ਜੀਵਾਂ ਦੀ ਕੁਦਰਤੀ ਸੁੰਦਰਤਾ ਅਤੇ ਉਹਨਾਂ ਦੇ ਵਾਤਾਵਰਣ ਦਾ ਭੌਤਿਕ ਮਨੁੱਖ ਉਪਰ ਪ੍ਰਭਾਵਾਂ ਦਾ ਵਿਸਤ੍ਰਿਤ ਵਰਣਨ 'ਬਾਰਹਮਾਹ ਤੁਖਾਰੀ'

---

98. ਜਪੁ, ਪੰਨਾ 7

99. ਉਹੀ, ਪੰਨਾ 3

100. ਜਲੁ ਤਰੰਗ ਅਗਨੀ ਪਵਨੈ
ਫੁਨਿ ਤ੍ਰੈ ਮਿਲਿ ਜਗਤੁ ਉਪਾਇਆ।।
(ਪ੍ਰਭਾਤੀ ਮਹਲਾ 1, ਪੰਨਾ 1345)

101. ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ।।
ਜਪੁ, ਪੰਨਾ 1

ਆਦਿਕ ਬਾਣੀਆਂ ਵਿਚ ਪ੍ਰਾਪਤ ਹੁੰਦਾ ਹੈ।

ਮਨੁੱਖ ਅਤੇ ਮਨੁੱਖੀ ਜੀਵਨ ਗੁਰੂ ਨਾਨਕ ਦੇਵ ਜੀ ਅਨੁਸਾਰ ਉਤਮ ਅਤੇ ਦੁਰਲਭ ਹੈ।[102] ਸਮੁੱਚਾ ਮਨੁੱਖੀ ਜੀਵਨ ਲੌਕਿਕ ਜਗਤ ਦੀ ਛਿਣਭੰਗਰਤਾ ਦੇ ਤੀਬਰ ਅਹਿਸਾਸ ਵਿਚ ਵਿਆਕੁਲ ਪਰਾਲੌਕਿਕਤਾ ਦੀ ਖੋਜ ਲਈ ਵਿਆਕੁਲ ਰਹਿੰਦਾ ਹੈ। ਮਨੁੱਖ ਪ੍ਰਭੂ ਦੇ ਹੁਕਮ ਅਨੁਸਾਰ ਸੰਸਾਰ ਵਿਚ ਆਉਂਦਾ ਹੈ ਅਤੇ ਹੋਰਨਾਂ ਮਨੁੱਖਾਂ ਦੇ ਸੰਬੰਧਾਂ ਨਾਲ ਮਨੁੱਖੀ ਸਮਾਜ ਅਤੇ ਸੰਸਾਰ ਦਾ ਪ੍ਰਪੰਚ ਰਚਦਾ ਹੈ।[103]

ਮਨੁੱਖ ਦਾ ਸਮੁੱਚਾ ਜੀਵਨ ਚਕਰ ਬਾਲ, ਜੁਆਨੀ, ਅਧੇੜ ਅਤੇ ਬਿਰਧ ਅਵਸਥਾ ਵਿਚੋਂ ਲੰਘਦਾ ਹੋਇਆ ਮੌਤ ਦੀ ਗੋਦ ਵਿਚ ਸਮਾ ਜਾਂਦਾ ਹੈ। ਮਨੁੱਖ ਦੀ ਹੋਣੀ ਅਤੇ ਉਸਦੇ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਗੁਰੂ ਨਾਨਕ ਦੇਵ ਜੀ ਪਹਰੇ ਦੇ ਅੰਤਰਗਤ ਵਰਣਿਤ ਕਰਦੇ ਹਨ:

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ
ਮਿਤ੍ਰਾ ਬਾਲਕ ਬੁਧਿ ਅਚੇਤੁ।।
... ...
ਦੂਜੈ ਪਹਰੈ ਰੈਣਿ ਕੈ ਵਣਜਾਰਿਆ
ਮਿਤ੍ਰਾ ਭਰਿ ਜੋਬਨਿ ਮੈ ਮਤਿ।।
... ...
ਤੀਜੈ ਪਹਰੈ ਰੈਣਿ ਕੈ ਵਣਜਾਰਿਆ
ਮਿਤ੍ਰਾ ਸਰਿ ਹੰਸ ਉਲਥੜੇ ਆਇ।।
... ...

---

102. ਇਹੁ ਮਾਣਕੁ ਜੀਉ ਨਿਰਮੋਲੁ ਹੈ
ਇਉ ਕਉਡੀ ਬਦਲੈ ਜਾਇ।।
(ਸਿਰੀ ਰਾਗੁ ਮਹਲਾ 1, ਪੰਨਾ 22)

103. ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ
ਜੀਵਿ ਜੀਵਿ ਮੁਏ ਮੁਏ ਜੀਵੇ।।
ਕੇਤਿਆ ਕੇ ਬਾਪ ਕੇਤਿਆ ਕੇ ਬੇਟੇ
ਕੇਤੇ ਗੁਰ ਚੇਲੇ ਹੁਏ।।
(ਸਲੋਕ ਮਹਲਾ 1, ਸਾਰੰਗ ਕੀ ਵਾਰ, ਮਹਲਾ 4, ਪੰਨਾ 1238.)

ਚਉਥੈ ਪਹਰੈ ਰੈਣਿ ਕੈ ਵਣਜਾਰਿਆ
ਮਿਤ੍ਰਾ ਬਿਰਧਿ ਭਇਆ ਤਨੁ ਖੀਣੁ।।[104]

ਗੁਰੂ ਨਾਨਕ ਦੇਵ ਜੀ ਰਾਤ ਦੇ ਚਾਰ ਪਹਿਰਾਂ ਦੁਆਰਾ ਮਨੁੱਖੀ ਜੀਵਨ ਦੇ ਸਮਾਂ ਕਾਲ ਨੂੰ ਪ੍ਰਤੀਕ ਵਜੋਂ ਵਰਤਦੇ ਹੋਏ ਸਪਸ਼ਟ ਕਰਦੇ ਹਨ ਕਿ ਬਾਲ ਅਵਸਥਾ ਵਿਚ ਮਨੁੱਖ ਨਿਮਨ ਅਤੇ ਤੁੱਛ ਬੁੱਧੀ ਦੀ ਹੋਂਦ ਕਰਕੇ ਸੰਬੰਧੀਆਂ ਦੇ ਮੋਹ ਅਤੇ ਖੇਡ ਤਮਾਸ਼ੇ ਵਿਚ ਗੁਆਚ ਰਹਿੰਦਾ ਹੈ। ਇਸ ਸਮੇਂ ਮਨੁੱਖ ਪਿਛਲੇ ਜਨਮਾਂ ਦੇ ਕਰਮਾਂ ਤੋਂ ਬਣੇ ਆਪਣੇ ਸੁਭਾਅ ਅਨੁਸਾਰ ਕਰਮਾਂ ਰਾਹੀਂ ਭਵਿੱਖ ਨੂੰ ਖਤਰੇ ਵਿਚ ਪਾਉਂਦਾ ਹੈ। ਜਵਾਨੀ ਵਿਚ ਜੋਬਨ ਕਰਕੇ ਵਿਭਿੰਨ ਪ੍ਰਕਾਰ ਦੇ ਮਾਇਕ ਰਸਾਂ ਵਿੱਚ ਗਲਤਾਨ ਰਹਿੰਦਾ ਹੈ ਅਤੇ ਵਿਕਾਰਾਂ ਨੂੰ ਅੰਗੀਕਾਰ ਕਰਦਾ ਹੈ। ਅਧੇੜ ਅਵਸਥਾ ਦੌਰਾਨ ਆਪਣੇ ਸਰੀਰ ਨੂੰ ਢਿਲਕਦਾ ਜਾਣ ਕੇ ਅਤੇ ਉਮਰ ਬੀਤਦੀ ਵੇਖ ਕੇ ਦੁਨਿਆਵੀ ਮੋਹਮਾਇਆ ਦੀਆਂ ਕਮਾਈਆਂ ਨੂੰ ਇਕੱਤ੍ਰ ਕਰਨ ਦੀ ਕਾਹਲ ਵਿਚ ਮੰਦੇ ਕਰਮਾਂ ਪ੍ਰਤੀ ਰੁਚਿਤ ਹੋ ਜਾਂਦਾ ਹੈ। ਬਿਰਧ ਅਵਸਥਾ ਵਿੱਚ ਸਰੀਰਕ ਇੰਦ੍ਰੀਆਂ ਅਤੇ ਦੁਨਿਆਵੀ ਸੰਗੀਸਾਥੀ ਧੋਖਾ ਦੇਣ ਲਗ ਪੈਂਦੇ ਹਨ, ਮੌਤ ਨੇੜੇ ਦਿਸਦੀ ਹੈ ਇਸ ਕਰਕੇ ਮਨੁੱਖ ਦੁੱਖੀ ਤੇ ਚਿੰਤਾਗ੍ਰਸਤ ਹੁੰਦਾ ਹੈ ਪਰੰਤੂ ਗੁਰੂ ਸਾਹਿਬ ਕਹਿੰਦੇ ਹਨ ਕਿ ਜੇਕਰ ਮਨੁੱਖ ਸਦਗੁਣ ਅਤੇ ਸੰਜਮ ਦਾ ਆਸਰਾ ਲਵੇ ਤਾਂ ਉਸ ਨੂੰ ਜੀਵਨ ਦੇ ਅੰਤ ਦੀ ਦੁਰਦਸ਼ਾ ਵਾਲਾ ਦੁੱਖ ਸਹਿਣਾ ਨਹੀਂ ਪੈਂਦਾ ਅਤੇ ਨਾ ਹੀ ਉਸਨੂੰ ਮੌਤ ਤੋਂ ਡਰ ਆਉਂਦਾ ਹੈ ਸਗੋਂ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਜੀ ਮਨੁੱਖੀ ਹਸਤੀ ਦੇ ਦੋ ਅਧਾਰ ਤੱਤ 'ਸਰੀਰ' ਅਤੇ 'ਆਤਮਾ' ਮੰਨਦੇ ਹੋਏ ਕਹਿੰਦੇ ਹਨ ਕਿ ਸਰੀਰ ਨਾਸ਼ਵਾਨ ਹੈ ਪਰੰਤੂ ਆਤਮਾ ਨਹੀਂ। ਸਰੀਰ ਦੇ ਨੌ ਪ੍ਰਗਟ ਦਵਾਰ ਹਨ ਅਤੇ ਦਸਮ ਦਵਾਰ ਅਦ੍ਰਿਸ਼ਟ ਹੈ। ਇਥੇ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ।[105] ਮਨੁੱਖ ਦੇ ਪ੍ਰਗਟ ਦਵਾਰ ਉਸ ਦੀਆਂ ਕਰਮ ਤੇ ਗਿਆਨ ਇੰਦਰੀਆਂ ਹਨ ਜੋ ਕਿ ਆਪਣੇ ਸਮਿਲਿਤ ਅਤੇ ਸੰਯੁਕਤ ਰੂਪ ਰਾਹੀਂ ਮਨੁੱਖੀ ਜੀਵਨ ਦੇ ਸਮੁੱਚੇ ਕਾਰ-ਵਿਹਾਰ ਨੂੰ ਚਲਾਉਣ ਦੀ ਸਮਰੱਥਾ ਰਖਦੀਆਂ ਹਨ ਪਰੰਤੂ ਇਹਨਾਂ ਕਰਮ/ਗਿਆਨ ਇੰਦਰੀਆਂ ਨੂੰ ਮਨ ਦੇ ਨਿਯੰਤ੍ਰਣ ਦੁਆਰਾ ਬੰਨ੍ਹਿਆ ਗਿਆ ਹੁੰਦਾ ਹੈ ਕਿਉਂਜੋ ਮਨੁੱਖੀ ਅੰਤਹਕਰਣ ਦੀ ਇਹ ਦਸ਼ਾ ਮਨੁੱਖ ਵਿਚਲੇ ਵਿਕਾਰਾਂ ਨੂੰ ਜਨਮ ਦਿੰਦੀ ਹੈ। ਇਹ ਵਿਕਾਰ ਕਾਮ, ਕ੍ਰੋਧ, ਲੋਭ,ਮੋਹ,

---

104. <u>ਆਦਿ ਗ੍ਰੰਥ</u>, ਸਿਰੀ ਰਾਗ, ਮਹਲਾ 1, ਪੰਨਾ 75-76

105. ਨਉ ਦਰਵਾਜੇ ਦਸਵਾ ਦੁਆਰੁ
ਬੁਝੁ ਰੇ ਗਿਆਨੀ ਏਹੁ ਬੀਚਾਰੁ।।
(ਗਉੜੀ ਮਹਲਾ 1, ਪੰਨਾ 152)

ਹੰਕਾਰ ਹਨ। ਇਹ ਪੰਜੇ ਵਿਕਾਰ ਮਨੁੱਖ ਨੂੰ ਦੁੱਖ ਪ੍ਰਦਾਨ ਕਰਦੇ ਹਨ, ਪਰੰਤੂ ਮਨ ਇਹਨਾਂ ਸਾਰਿਆਂ ਦਾ ਸੰਚਾਲਕ ਹੈ।[106] ਜਦੋਂ ਮਨ ਸੱਚ ਦੇ ਮਾਰਗ ਤੇ ਤੁਰਦਿਆਂ ਪ੍ਰਭੂ ਭਗਤੀ ਵਿਚ ਲੀਨ ਹੋ ਜਾਂਦਾ ਹੈ, ਤਦ ਉਸ ਨੂੰ ਸਬਰ, ਸੰਤੋਖ ਅਤੇ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਦੀ ਇਹ ਅਵਸਥਾ 'ਸਰਮਖੰਡ' ਦੇ ਰੰਗ ਵਿਚ ਰੰਗੇ ਜਾਣ ਦੀ ਪ੍ਰਕ੍ਰਿਆ ਹੈ। ਤ੍ਰਿਸ਼ਨਾਵਾਂ ਨੂੰ ਤਿਆਗ ਕੇ ਮਨ ਵਿਚ ਪ੍ਰਭੂ ਪ੍ਰੇਮ ਦਾ ਵਾਸਾ ਹੋਣ ਨਾਲ ਮਨੁੱਖੀ ਮਨ ਸ਼ਾਂਤ ਤੇ ਸਥਿਰ ਹੋ ਜਾਂਦਾ ਹੈ।[107] ਮਨੁੱਖੀ ਤ੍ਰਿਸ਼ਨਾਵਾਂ ਦਾ ਮੂਲ ਅਧਾਰ 'ਅਰਥ' ਹੈ। ਅੱਜ ਦੇ ਯੁਗ ਵਿਚ ਅਰਥ (ਧਨ-ਸੰਪਤੀ-ਪਸ਼ੂ ਭੂਮੀ ਆਦਿ ਦੀ ਪ੍ਰਾਪਤੀ) ਦਾ ਬਹੁਤ ਮਹੱਤਵ ਹੈ। ਗੁਰੂ ਸਾਹਿਬ ਇਸ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਜੇ ਨੀਚ ਦੇ ਘਰਬੇਅੰਤ ਦੌਲਤ ਹੋਵੇ ਤਾਂ ਅਮੀਰ ਅਤੇ ਗਰੀਬ ਉਸ ਨੂੰ ਵੇਖ ਕੇ ਨਿੰਵਦੇ ਹਨ ਮਾਇਆ ਕਾਰਨ ਹੀ ਮੂਰਖ ਮਨੁੱਖ ਵੀ ਸਿਆਣਾ ਸਮਝਿਆ ਜਾਂਦਾ ਹੈ।[108] ਮਾਇਆ, ਲੋਭ, ਮੋਹ, ਅਹੰਕਾਰ, ਸਵਾਰਥ ਨੂੰ ਵਧਾ ਕੇ ਮਨੁੱਖ ਦੇ ਅੰਤਹਕਰਣ ਨੂੰ ਆਪਣੇ ਵਸ ਵਿਚ ਕਰ ਲੈਂਦੀ ਹੈ ਪਰੰਤੂ ਗੁਰੂ ਨਾਨਕ ਦੇਵ ਜੀ 'ਅਰਥ' ਦੇ ਸਹੀ ਸਰੂਪ ਦੀ ਪਹਿਚਾਣ ਕਰਾਉਦਿਆਂ ਅਪ੍ਰਤੱਖ ਰੂਪ ਵਿਚ ਇਸ ਦੀ ਚਰਚਾ ਕਰਦੇ ਹਨ ਬਾਣੀ ਵਿਚ ਥਾਂ ਪੁਰ ਥਾਂ ਖੇਤੀ, ਨੌਕਰੀ ਵਪਾਰ ਆਦਿ ਕਿੱਤਿਆਂ ਨੂੰ ਇਮਾਨਦਾਰੀ ਨਾਲ ਕਰਨ ਦੇ ਸੰਕੇਤ ਪ੍ਰਾਪਤ ਹੁੰਦੇ ਹਨ ਕੋਈ ਵੀ ਕਾਰਜ ਕਰਨ ਲਗਿਆਂ ਇਹ ਜਾਨਣਾ ਆਵਸ਼ਕ ਹੈ ਕਿ ਕਾਰਜ ਦਾ ਸੰਬੰਧ ਧਰਮ ਨਾਲ ਹੋਵੇ ਜੋ ਵਣਜ ਕਰਨ ਤੋ ਬਾਅਦ ਮਨੁੱਖ ਨੂੰ ਪਰਮਾਤਮਾ ਦੇ ਦਰ ਤੇ ਇਜ਼ਤ ਪ੍ਰਦਾਨ ਕਰਵਾਏ ਇਸੇ ਕਰਕੇ ਹੀ ਚੰਗੇ ਧੰਧੇ ਅਤੇ ਚੰਗੀ ਕਮਾਈ/ਕਿਰਤ ਦਾ ਸੁਨੇਹਾ ਆਪ ਦੇ ਵਿਚਾਰਾਂ

---

106. ਕਾਇਆ ਨਗਰੀ ਇਹੁ ਮਨੁ ਰਾਜਾ
ਪੰਚ ਵਸਹਿ ਵਿਚਾਰੀ।।
(ਰਾਮਕਲੀ ਮਹਲਾ 1, ਪੰਨਾ 907)

107. ਕਾਮੁ ਕ੍ਰੋਧ ਅਹੰਕਾਰੁ ਤਜੀਅਲੇ ਲੋਭ ਮੋਹ ਤਿਸ ਮਾਇਆ।।
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ।।
(ਗੁਜਰੀ ਮਹਲਾ 1, ਅਸਟਪਦੀਆਂ, ਪੰਨਾ 503)

108. ਆਥਿ ਸੈਲ ਨੀਚ ਘਰਿ ਹੋਇ।।
ਆਥਿ ਦੇਖਿ ਨਿਵੈ ਜਿਸ ਦੋਇ।।
ਆਥਿ ਹੋਇ ਤਾ ਮੁਗਧੁ ਸਿਆਨਾ।।
(ਰਾਮਕਲੀ ਮਹਲਾ 1, ਦਖਣੀ ਓਅੰਕਾਰ, ਪੰਨਾ 931)

ਵਿਚੋਂ ਪ੍ਰਤੱਖ ਰੂਪ ਵਿੱਚ ਸਪਸ਼ਟ ਹੁੰਦਾ ਹੈ।[109] ਗੁਰਬਾਣੀ ਅਨੁਸਾਰ ਮਨੁੱਖੀ ਜੀਵਨ ਦਾ ਮੁੱਖ ਮਨੋਰਥ ਤਾਂ ਪਰਮਾਤਮਾ ਦੀ ਪ੍ਰਾਪਤੀ ਹੈ ਜੇ 'ਅਰਥ' ਉਸ ਵਿਚ ਬਾਧਕ ਹੈ ਤਾਂ ਉਸ ਦੀ ਕੋਈ ਕੀਮਤ ਨਹੀਂ ਕਿਉਂਕਿ ਧਨਨੂੰ ਵੇਖ ਕੇ ਪਰਮਾਤਮਾ ਮਿਹਰ ਨਹੀਂ ਕਰਦਾ ਪ੍ਰਭੂ ਦਾ ਨਾਮ ਹੀ ਅਸਲੀ ਧਨ ਹੈ, ਨਾਮ ਰੂਪੀ ਧਨ ਨੂੰ ਜੀਵਨ ਵਿਚ ਸੰਜਿਅ ਕੇ ਪ੍ਰਭੂ/ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ।

2.4 ਨੈਤਿਕ ਕੀਮਤਾਂ: ਨੈਤਿਕ ਕੀਮਤਾਂ ਮਨੁੱਖ ਦੇ ਨੈਤਿਕ ਕਰਮਾਂ ਤੇ ਅਧਾਰਿਤ ਮਨੁੱਖ ਅਤੇ ਸਮਾਜ ਦੇ ਵਿਵਹਾਰਿਕ ਕ੍ਰਿਆਤਮਿਕ ਰੂਪ ਦਾ ਵਰਤਾਰਾ ਹੁੰਦੀਆਂ ਹਨ। ਜਿਸ ਦੇ ਅੰਤਰਗਤ ਦੇਸ਼ ਕਾਲ, ਵਿਅਕਤੀ ਦੇ ਅਨੁਸਾਰ ਸਮਾਜ ਦੇ ਕਲਿਆਣ ਲਈ ਉਚਿਤ ਅਤੇ ਸਹੀ ਆਚਾਰ ਵਿਉਹਾਰ ਦੇ ਨਿਯਮ ਸਿਧਾਂਤਾਂ ਆਦਿ ਦਾ ਵਿਵੇਚਨ ਪ੍ਰਸਤੁਤ ਕੀਤਾ ਜਾਂਦਾ ਹੈ। ਇਹ ਆਚਾਰ ਵਿਉਹਾਰ ਕਿਸੇ ਵੀ ਦੂਸਰੇ ਵਿਅਕਤੀ ਨੂੰ ਕਸ਼ਟ ਦਿਤੇ ਬਿਨਾਂ ਸਮੂਹ ਲਈ ਮੰਗਲਕਾਰੀ ਅਤੇ ਕਲਿਆਣਕਾਰੀ ਹੁੰਦੇ ਹੋਏ ਇੱਜ਼ਤ, ਸਨਮਾਨ ਅਤੇ ਸੁਭ ਅਮਲਾਂ ਦੇ ਧਾਰਣੀ ਹੁੰਦੇ ਹਨ।

'ਗੁਰੂ ਨਾਨਕ ਬਾਣੀ' ਵਿਚ 'ਕਰਮ' ਨੂੰ ਅਹਿਮ ਅਤੇ ਵਸ਼ਿਸ਼ਟ ਮਹੱਤਾ ਦਿਤੀ ਗਈ ਹੈ।

> ਮਤੁ ਕੁ ਜਾਣੈ ਜਾਇ ਅਗੈ ਪਾਇਸੀ।।
> ਜੇਹੇ ਕਰਮ ਕਮਾਇ ਤੇਹਾ ਹੋਇਸੀ।।[110]

'ਕਰਮ' ਸ਼ਬਦ ਦਾ ਪ੍ਰਯੋਗ ਤਿੰਨ ਰੂਪਾਂ ਵਿਚ ਹੋਇਆ ਮਿਲਦਾ ਹੈ। ਮਨੁੱਖੀ ਕਰਮ, ਮਨੁੱਖੀ ਭਾਗ ਅਤੇ ਪ੍ਰਭੂ ਨਦਰਿ। ਮਨੁੱਖ ਅਤੇ ਮਨੁੱਖੀ ਜਨਮ ਕਰਮਾਂ ਦਾ ਹੀ ਵਰਤਾਰਾ ਹੈ। ਜੀਵਨ ਵਿੱਚ ਚੰਗੇ ਮੰਦੇ ਕਰਮ ਹੀ ਉਸ ਦੀ ਜ਼ਿੰਦਗੀ ਨੂੰ ਨਿਸ਼ਚਿਤ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਵਾਉਂਦੇ ਹਨ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਫਲ ਹੀ ਉਹ ਭੁਗਤਦਾ ਹੈ। ਜੀਵਨ ਦੇ ਦੁੱਖ-ਸੁੱਖ

---

109. ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।।
(ਸਲੋਕ ਮਹਲਾ ੧, ਸਾਰੰਗ ਕੀ ਵਾਰ, ਮਹਲਾ 4, ਪੰਨਾ 1245)

110. ਆਦਿ ਗ੍ਰੰਥ, ਸੂਹੀ ਮਹਲਾ ੧, ਪੰਨਾ 730

ਇਸਦੇ ਕਾਰਣ ਵਜੋਂ ਉਪਜਦੇ ਹਨ ਕਿਉਂਜੋ ਸੁਭ ਕਰਮਾਂ ਦਾ ਫਲ ਸੁਭ ਹੁੰਦਾ ਹੈ ਅਤੇ ਮੰਦੇ (ਮਾੜੇ) ਕਰਮਾਂ ਦਾ ਫਲ ਵੀ ਮੰਦਾ ਹੁੰਦਾ ਹੈ।[111] ਮਨੁੱਖ ਦੇ ਸਮੂਹ ਕਰਮਾਂ ਦਾ ਲੇਖਾ ਜੋਖਾ ਪਰਮਾਤਮਾ ਦੇ ਦਰ ਉਸਦੀ ਹਜ਼ੂਰੀ ਵਿਚ ਕੀਤਾ ਜਾਂਦਾ ਹੈ। ਚੰਗੇ ਕਰਮ ਕਰਨ ਵਾਲਿਆਂ ਨੂੰ ਪ੍ਰਭੂ ਦੇ ਦਰ ਤੇ ਇਜ਼ਤ ਤੇ ਸਨਮਾਨ ਹਾਸਿਲ ਹੋਣ ਦੇ ਨਾਲ ਨਾਲ ਪ੍ਰਭੂ-ਨਦਰਿ ਦੀ ਬਖਸ਼ਿਸ਼ ਵੀ ਪ੍ਰਾਪਤ ਹੁੰਦੀ ਹੈ ਆਪਣੇ ਕਰਮਾਂ ਦੀ ਚੰਗਿਆਈ ਬੁਰਿਆਈ ਸਦਕਾ ਹੀ ਕੋਈ ਵਿਅਕਤੀ ਪਰਮਾਤਮਾ ਦੇ ਨੇੜੇ ਜਾਂ ਦੂਰ ਹੁੰਦਾ ਹੈ:

ਚਗਿਆਈਆ ਬੁਰਿਆਈਆ ਵਾਚੈ ਧਰਮ ਹਦੂਰਿ।।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।।[112]

ਸੁਭ ਕਰਮ ਜਾਂ ਨੈਤਿਕਤਾ ਹੀ ਮਨੁੱਖੀ ਜੀਵਨ ਨੂੰ ਉਸਦੇ ਸਰਵੋਤਮ ਲਕਸ਼ ਮੁਕਤੀ ਦੀ ਪ੍ਰਾਪਤੀ ਕਰਵਾਉਂਦੀ ਹੈ, ਕਿਉਂਕਿ ਜਿਹੜਾ ਮਨੁੱਖ ਨੈਤਿਕ ਕਦਰਾਂ ਕੀਮਤਾਂ ਦਾ ਲਖਾਇਕ ਹੈ; ਉਹੀ 'ਸਚਿਆਰ' ਹੈ। ਸਚਿਆਰ ਵਿਅਕਤੀ ਹੀ ਆਪਣੀ ਕਮਾਈ ਹੋਈ ਨੈਤਿਕਤਾ ਸਦਕਾ ਸੰਸਾਰਿਕ ਲਾਭ ਹੋਣ ਤੋਂ ਪਰੇ ਪ੍ਰਭੂ ਰਜ਼ਾ ਅਤੇ ਹੁਕਮ ਵਿਚ ਰਹਿੰਦਿਆਂ ਅਕੱਥ ਅਨੰਦ ਦੀ ਅਨੁਭੂਤੀ ਕਰਦਾ ਹੈ। 'ਸਚਿਆਰ' ਮਨੁੱਖ ਦੇ ਗੁਣ ਹੀ 'ਗੁਰੂ ਨਾਨਕ ਬਾਣੀ' ਦੀਆਂ ਨੈਤਿਕ ਕੀਮਤਾਂ ਦਾ ਆਧਾਰ ਰੂਪ ਹਨ। ਮਨੁੱਖ ਦੀਆਂ ਸਮੂਹ ਨੈਤਿਕ ਕੀਮਤਾਂ ਸਮਾਜਿਕ ਤੱਤਾਂ ਦੀਆਂ ਧਾਰਨੀ ਹਨ ਪਰੰਤੂ ਇਹਨਾਂ ਨੂੰ ਅਧਿਆਤਮਿਕਤਾ ਦੇ ਪ੍ਰਸੰਗ ਵਿਚ ਹੀ ਜਾਣਿਆ ਤੇ ਸਮਝਿਆ ਜਾ ਸਕਦਾ ਹੈ। ਇਸੇ ਕਰਕੇ ਅਸੀਂ ਇਹਨਾਂ ਦੀ ਸਹੀ ਤੇ ਸੁਨਿਸ਼ਚਿਤ ਪਹਿਚਾਣ ਹਿਤ ਨੈਤਿਕ ਕੀਮਤਾਂ ਨੂੰ ਚਾਰ ਵਰਗਾਂ ਵਿਚ ਵਿਭਾਜਤ ਕਰਾਂਗੇ: ਵਿਅਕਤੀਗਤ, ਸਾਮਾਜਿਕ, ਰਾਜਨੀਤਕ ਅਤੇ ਧਾਰਮਿਕ।

ਵਿਅਕਤੀਗਤ ਨੈਤਿਕਤਾ: ਮਨੁੱਖੀ ਜੀਵਨ ਦੇ ਆਚਾਰ ਵਿਉਹਾਰ/ਆਚਰਣ ਨੂੰ ਨਿਰਮਿਤ ਕਰਨ ਵਾਲੇ ਕੁਝ ਅਜਿਹੇ ਨਿਜੀ ਤੱਤ ਹਨ, ਜੋ ਵਿਅਕਤੀਗਤ ਨੈਤਿਕਤਾ ਦੇ ਅੰਤਰਗਤ ਆਉਂਦੇ ਹਨ। ਇਹਨਾਂ ਵਿਚ ਪ੍ਰੇਮ, ਸਬਰ, ਸੰਤੋਖ, ਸੰਜਮ, ਸਹਿਜ, ਨਿਮਰਤਾ ਸਤਿ ਉਚਾਰਣ ਅਤੇ ਸਤਿਸੰਗ ਆਦਿ ਪ੍ਰਮੁੱਖ

---

111. ਉਤਮ ਸੇ ਦਰਿ ਉਤਮ ਕਹੀਅਹਿ
ਨੀਚ ਕਰਮ ਬਹਿ ਰੋਇ।।
(ਸਿਰੀ ਰਾਗ ਮਹਲਾ ੧, ਪੰਨਾ 15)

112. ਆਦਿ ਗ੍ਰੰਥ, ਸਲੋਕ ਜਪੁ, ਪੰਨਾ 8

ਰੂਪ ਵਿਚ ਦ੍ਰਿਸ਼ਟਮਾਨ ਹੁੰਦੇ ਹਨ। ਮਨੁੱਖ ਦੇ ਆਧਾਰਮੂਲਕ ਤੱਤ ਮਨੁੱਖੀ ਚਰਿਤ੍ਰ ਦਾ ਨਿਰਮਾਤਾ ਹਨ। ਇਹ ਨੈਤਿਕ ਨਿਰਣਿਆਂ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਪ੍ਰਭਾਵਿਤ ਕਰਦੇ ਹਨ।) ਇਹਨਾਂ ਸਾਰੇ ਤੱਤਾਂ ਤੇ ਵਿਸਥਾਰ ਪੂਰਵਕ ਚਰਚਾ ਹੋ ਸਕਣੀ ਸਾਡੇ ਵਿਸ਼ੇ ਦੀ ਸੀਮਾ ਹੈ। ਪਰੰਤੂ ਫਿਰ ਵੀ ਇਹਨਾਂ ਦਾ ਸੰਖਿਪਤ ਵਿਸ਼ਲੇਸ਼ਣ ਕਰਦਿਆਂ ਅਸੀਂ ਵਿਅਕਤੀਗਤ ਨੈਤਿਕਤਾ ਦੇ ਜੀਵਨ ਮੁੱਲਾਂ ਨੂੰ ਪਛਾਣਨ ਦੀ ਕੋਸ਼ਿਸ਼ ਜ਼ਰੂਰ ਕਰਾਂਗੇ।

ਪ੍ਰੇਮ ਮਨੁੱਖ ਦਾ ਸਦਗੁਣ ਸਰੂਪ ਹੈ ਜਿਸ ਦੀ ਹੋਂਦ ਮਨੁੱਖ ਦੇ ਅੰਦਰ ਈਰਖਾ, ਕੂੜ, ਕਪਟ ਨਿੰਦਾ ਦਾ ਤਿਆਗ ਕਰਦੀ ਹੈ। ਜਿਸਦਾ ਦਿਸਦਾ ਰੂਪ ਤਾਂ ਕਿਸੇ ਵੀ ਵਿਅਕਤੀ ਵਸਤੂ ਪ੍ਰਤਿ ਮਨ ਦਾ ਕੋਮਲ ਤੇ ਸੁਹਜ ਭਾਵ ਹੈ ਜਦੋਂ ਕਿ ਇਹ ਦੂਜੇ ਅਰਥਾਂ ਵਿਚ ਈਸ਼ਵਰੀ ਤੱਤ ਦਾ ਹੀ ਵਿਕਸਿਤ ਤੇ ਵਿਸਤ੍ਰਿਤ ਰੂਪ ਹੈ। ਗੁਰਬਾਣੀ ਵਿਚ ਪ੍ਰੇਮ ਨੂੰ ਬਹੁਤ ਮਹੱਤਵ ਦਿਤਾ ਗਿਆ ਹੈ। ਗੁਰੂ ਬਾਣੀ ਅਨੁਸਾਰ ਪ੍ਰੇਮ ਨੂੰ ਬਹੁਤ **ਸਿਰਫ** ਉਹੀ ਜਾਣ ਸਕਦਾ ਹੈ ਜਿਸ ਦੇ ਅੰਦਰ ਵਿਛੋੜੇ ਦਾ ਦਰਦ ਮੌਜੂਦ ਹੈ। ਈਸ਼ਵਰੀ ਪ੍ਰੇਮ ਦੀ ਸੂਝ ਤੇ ਸਮਝ ਦੁਆਰਾ ਹੀ ਮਨੁੱਖੀ ਹਿਰਦੇ ਵਿਚ ਪ੍ਰੇਮ ਉਤਪੰਨ ਹੁੰਦਾ ਹੈ ਤੇ ਜਦੋਂ ਮਨੁੱਖ ਪ੍ਰਭੂ ਪ੍ਰੇਮ ਵਿਚ ਰੰਗਿਆ ਜਾਂਦਾ ਹੈ ਤਦ ਉਹ ਸਭਨਾਂ ਵਿਚ ਪ੍ਰਭੂ ਨੂੰ ਵਸਦਾ ਜਾਣਦਾ ਹੈ ਅਤੇ ਹਰ ਇਕ ਵਿਅਕਤੀ ਉਸ ਨੂੰ ਚੰਗਾ ਪ੍ਰਤੀਤ ਹੁੰਦਾ ਹੈ। ਇਸ ਪ੍ਰਕਾਰ ਪ੍ਰੇਮ ਹੀ ਸਭ ਤੋਂ ਵੱਡਾ ਸਦਗੁਣ ਹੈ। ਸਬਰ ਅਤੇ ਸੰਤੋਖ ਵਿਅਕਤੀ ਨੂੰ ਸੰਜਮ ਪ੍ਰਦਾਨ ਕਰਵਾਉਂਦੇ ਹਨ ਇਸ ਲਈ ਲਾਜ਼ਮੀ ਹੈ ਕਿ ਮਨੁੱਖ ਚੋਰੀ, ਰਿਸ਼ਵਤ, ਪਰ-ਇਸਤ੍ਰੀ, ਪਰ-ਧਨ, ਪਰਾਇਆ ਹਕ ਮਾਰਨ ਵਰਗੇ ਅਨੈਤਿਕ ਮੁੱਲਾਂ ਦਾ ਤਿਆਗ ਕਰੇ। ਸ਼ਬਦ ਰੂਪੀ ਨਾਮ ਨੂੰ ਮਨ ਵਿਚ ਵਸਾਇਆਂ ਤ੍ਰਿਸ਼ਨਾਵਾਂ ਦੂਰ ਹੁੰਦੀਆਂ ਹਨ ਤੇ ਮਨ ਵਿਚਸਬਰ ਤੇ ਸੰਤੋਖ ਆਉਂਦਾ ਹੈ। ਸਬਰ ਸੰਤੋਖ ਹੀ ਆਤਮ ਸੰਜਮ ਦੇ ਮੂਲ ਤੱਤ ਹਨ। ਇਸ ਦੁਆਰਾ ਹੀ ਹਉਮੈ ਮਰਦੀ ਹੈ ਅਤੇ ਮਨੁੱਖ ਸ਼ਬਦ ਸੁਰਤਿ ਗ੍ਰਹਿਣ ਕਰਦਾ ਹੋਇਆ ਆਤਮਿਕ ਆਨੰਦ ਦੀ ਅਨੁਭੂਤੀ ਨੂੰ ਪ੍ਰਾਪਤ ਹੁੰਦਾ ਹੈ। ਸੰਜਮ ਲਈ ਸਾਹਸ ਅਤੇ ਧੀਰਜ ਦੀ ਆਵਸ਼ਕਤਾ ਹੈ। ਮਨ ਦੀ ਦ੍ਰਿੜ੍ਹਤਾ ਅਤੇ ਸ਼ਕਤੀ ਅਜਿਹਾ ਤੱਤ ਹੈ ਜੋ ਮਨੁੱਖ ਨੂੰ ਵੱਡੇ ਤੋਂ ਵੱਡਾ ਔਖੇ ਤੋਂ ਔਖਾ ਕੰਮ ਕਰਨ ਦਾ ਸਾਹਸ ਦਿੰਦਾ ਹੈ। ਗੁਰੂ ਜੀ ਪਰਮਾਤਮਾ ਨੂੰ 'ਨਿਰਭਉ' ਮੰਨ ਕੇ ਸਾਹਸ ਨੂੰ ਮਹੱਤਵਪੂਰਨ ਸਦਗੁਣ ਰੂਪ ਵਜੋਂ ਵਿਅਕਤ ਕਰਦੇ ਹਨ ਇਵੇਂ ਹੀ ਇਹ ਸਾਹਸ ਸਤਿ ਪ੍ਰੇਮ ਦੇ ਮਾਰਗ ਉਤੇ ਬਲੀਦਾਨ ਤੇ ਕੁਰਬਾਨੀ ਦੇ ਰੂਪ ਵਿਚ ਉਜਾਗਰ ਹੁੰਦਾ ਹੈ।[113] ਇਸ ਦੇ ਨਾਲ ਨਾਲ ਹੀ ਨਿਮਰਤਾ ਸਹਿਤ ਰਹਿਣਾ,

---

113. ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।
(ਸਲੋਕ ਮਹਲਾ ੧, ਵਾਰਾਂ ਤੇ ਵਧੀਕ, ਪੰਨਾ 1412)

ਸਤਿ ਬੋਲਣਾ, ਖਿਮਾ ਦਇਆ ਵਰਗੇ ਨੈਤਿਕ ਗੁਣ ਮਨੁੱਖੀ ਹਉਮੈ ਨੂੰ ਦੂਰ ਕਰਕੇ ਉਸਦੇ ਸਚਿਆਰ ਸਰੂਪ ਨੂੰ ਸਰੂਪਿਤ ਕਰਦੇ ਹਨ। ਇਸ ਪ੍ਰਕਾਰ ਵਿਅਕਤੀਗਤ ਤੌਰ ਤੇ ਨੈਤਿਕ ਮੁੱਲਾਂ ਦਾ ਧਾਰਣੀ ਵਿਅਕਤੀ ਜਿਥੇ ਦ੍ਰਿੱਸ਼ ਰੂਪੀ ਜਗਤ ਵਿਚ ਇਜ਼ਤ ਕਮਾਉਂਦਾ ਹੈ ਉਥੇ ਪ੍ਰਭੂ ਦੀ ਦਰਗਾਹ ਵਿੱਚ ਪ੍ਰਭੂ ਪ੍ਰੇਮ ਅਤੇ ਪ੍ਰਭੂ ਨਦਰਿ ਦੀ ਪ੍ਰਾਪਤੀ ਵੀ ਕਰਦਾ ਹੈ।

ਸਮਾਜਿਕ ਨੈਤਿਕਤਾ: ਗੁਰੂ ਨਾਨਕ ਦੇਵ ਜੀ ਬਾਣੀ ਸੰਦੇਸ਼ ਵਿੱਚ ਅਜਿਹੀਆਂ ਸਮਾਜਿਕ ਕੀਮਤਾਂ ਵਲ ਮਨੁੱਖ ਦਾ ਧਿਆਨ ਦਿਵਾਉਂਦੇ ਹਨ ਜੋ ਸਮਾਜ ਵਿੱਚ ਨਾਬਰਾਬਰੀ ਅਤੇ ਅਸਮਾਨਤਾ ਦੀਆਂ ਸੂਚਕ ਹਨ। ਅਜਿਹੀਆਂ ਕੀਮਤਾਂ ਦੇ ਅੰਤਰਗਤ ਜਾਤਪਾਤ, ਛੂਆਛਾਤ, ਭ੍ਰਿਸ਼ਟਾਚਾਰ, ਬੇਈਮਾਨੀ ਆਦਿ ਅਜਿਹੀਆਂ ਸਮੱਸਿਆਵਾਂ ਹਨ ਜੋ ਸਾਮਾਜਿਕ ਕੀਮਤਾਂ ਦੇ ਨਾਲ ਨਾਲ ਨੈਤਿਕਤਾ ਦੀਆਂ ਵੀ ਧਾਰਣੀ ਹਨ। ਅਜਿਹੀਆਂ ਅਨੈਤਿਕ ਅਤੇ ਅਸਮਾਜਿਕ ਸਮੱਸਿਆਵਾਂ ਨੂੰ ਦੂਰ ਕਰਨ ਹਿਤ ਆਪ ਨੇ ਆਪਣੇ ਵਿਚਾਰ ਪ੍ਰਸਤੁਤ ਕੀਤੇ ਤਾਂ ਜੋ ਸਮੂਹ ਲੋਕਾਈ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦੇ ਇਕ ਬੰਧਨ ਵਿੱਚ ਬੰਨ੍ਹੀ ਜਾ ਸਕੇ। ਆਪਣੇ ਸੰਦੇਸ਼ ਵਿਚ ਉਹਨਾਂ ਨੇ ਸਾਰੇ ਮਨੁੱਖਾਂ ਨੂੰ ਇਕੋ ਪਰਮਾਤਮਾ ਦਾ ਅੰਸ਼ ਸਵੀਕਾਰਦੇ ਹੋਏ ਕਿਹਾ ਕਿ ਮਨੁੱਖ, ਮਨੁੱਖ ਵਿਚ ਅੰਤਰ ਕਰਨਾ ਉਚਿਤ ਨਹੀ ਕਿਉਂਕਿ ਸਭ ਜੀਵ ਉਸ ਪਰਮਾਤਮਾ ਦੇ ਬਣੇ ਹੋਏ ਹਨ ਅਤੇ ਸਭ ਦੇ ਵਿਚ ਇਕ ਹੀ ਜੋਤ ਦਾ ਪ੍ਰਗਟਾਵਾ ਹੋ ਰਿਹਾ ਹੈ।[114] ਇਸ ਲਈ ਜਾਤ, ਧਰਮ, ਪੇਸ਼ੇ ਆਰਥਿਕ, ਸਮਾਜਿਕ, ਰਾਜਨੈਤਿਕ ਤੌਰ ਤੇ ਅਸਮਾਨ ਜਾਣਨਾ ਠੀਕ ਨਹੀਂ। ਬਾਹਰੀ ਭੇਖ ਧਾਰਨ ਨਾਲ, ਰੂਪ ਬਦਲ ਲੈਣ ਨਾਲ, ਜਾਤਾਂ ਵਖੋ ਵਖਰੀਆਂ ਕਰ ਲੈਣ ਨਾਲ ਵਿਅਕਤੀ ਦੀ ਪਰਖ ਨਹੀਂ ਹੋਣੀ, ਵਿਅਕਤੀ ਤਾਂ ਆਪਣੇ ਕਰਮ ਦੁਆਰਾ ਹੀ ਜਾਣਿਆ ਜਾਣਾ ਹੈ। ਸਰੀਰ, ਨਾਮ, ਜਾਤ ਪ੍ਰਭੂ ਦੇ ਦਰਬਾਰ ਵਿਚ ਕੋਈ ਮਹੱਤਵ ਨਹੀਂ ਰਖਦੇ। ਪਰਮਾਤਮਾ ਦੀ ਦਰਗਾਹ ਵਿਚ ਤਾਂ ਪਰਮਾਤਮਾ ਦੀ ਬਖਸ਼ਿਸ਼ ਦਾ ਪ੍ਰਾਪਤ ਹੋਣਾ ਹੀ ਸਭ ਤੋਂ ਉੱਚੀ ਜ਼ਾਤ ਹੈ ਅਤੇ ਜਦੋਂ ਪਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਹੋ ਜਾਂਦੀ ਹੈ ਤਦ ਕੋਈ ਉਚਾ ਨੀਵਾਂ ਨਹੀਂ ਰਹਿ ਜਾਂਦਾ ਅਤੇ ਸਭ ਜਾਤ ਵਰਣ ਕੁਲ ਤੋਂ ਉਤਾਂਹ ਹੋ ਜਾਂਦਾ ਹੈ।[115] ਪਰਮਾਤਮਾ ਦੀ ਨਦਰਿ ਪ੍ਰਾਪਤ ਕਰਨ ਲਈ ਇਸ ਜਗਤ ਵਿੱਚ

---

114. ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥

(ਆਸਾ ਮਹਲਾ ੧, ਪੰਨਾ 349)

115. ਅਗੈ ਜਾਤਿ ਨ ਜੋਰੁ ਹੈ<br>ਅਗੈ ਜੀਉ ਨਵੇ॥<br>ਜਿਨਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥

(ਸਲੋਕ ਮਹਲਾ ੧, ਪੰਨਾ 469)

ਰਹਿੰਦਿਆਂ ਕਾਰ ਵਿਹਾਰ ਕਰਦਿਆਂ ਆਪਣੀਆਂ ਜ਼ਿੰਮੇਵਾਰੀਆਂ ਦੇ ਰੂਪ ਵਿਚ ਮਿਲੇ ਕਰਮ ਨੂੰ ਕਰਨਾ ਹੀ ਅਨਿਵਾਰਯ ਤੇ ਉਚਿਤ ਹੈ। ਇਸ ਲਈ ਮਨੁੱਖ ਨੂੰ ਘਰਬਾਰ ਤਿਆਗ ਕੇ ਤਪਸਵੀ ਬਣ ਕੇ ਵਣ ਵਣ ਭਟਕਣ ਦੀ ਵੀ ਜ਼ਰੂਰਤ ਨਹੀਂ, ਮਨੁੱਖ ਤਾਂ ਗ੍ਰਿਹਸਥ ਜੀਵਨ ਵਿਚ ਰਹਿੰਦਿਆਂ ਆਪਣੇ ਸਾਥੀ, ਬੱਚਿਆਂ ਸੰਗ, ਨਾਮ ਦਾਨ, ਇਸ਼ਨਾਨ ਦੀ ਰਹਿਣੀ ਨੂੰ ਪੱਕਿਆਂ ਕਰਦਿਆਂ ਗੁਰੂ ਦੀ ਮਤਿ ਅਨੁਸਾਰ ਚਲਦਿਆਂ ਹੀ ਉਚਤਮ ਕੀਮਤਾਂ ਦਾ ਧਾਰਣੀ ਹੋ ਜਾਂਦਾ ਹੈ।

ਸਮਾਜ ਵਿਚ ਇਸਤ੍ਰੀ ਦੇ ਉਚ ਅਤੇ ਸਨਮਾਨਯੋਗ ਸਥਾਨ ਪ੍ਰਤਿ ਵੀ ਆਪ ਨੇ ਸਮੂਹ ਲੋਕਾਂ ਨੂੰ ਸੁਚੇਤ ਕੀਤਾ। ਆਪ ਨੇ ਜਿਥੇ ਵੇਸ਼ਯਾ ਜਾਂ ਪਰਗਮਨ ਇਸਤ੍ਰੀ ਨੂੰ ਨਿੰਦਿਆ[116] ਉਥੇ ਗੁਣਵਾਣ ਇਸਤ੍ਰੀ ਦੀ ਸੋਭਾ ਕਰਦਿਆਂ ਉਸ ਨੂੰ ਘਰ, ਗ੍ਰਿਹਸਥ, ਸਮਾਜ ਵਿਚ ਉਚਿਤ ਤੇ ਵਡੇਰੇ ਸਥਾਨ ਦੇ ਸਨਮਾਨ ਦੀ ਭਾਗੀ ਕਰਾਰ ਕਰਦਿਆਂ ਪ੍ਰਭੂ ਦੇ ਦਰਬਾਰ ਵਿਚ ਇਜ਼ਤ ਤੇ ਪ੍ਰਤਿਸ਼ਠਾ ਦਿੰਦੇ ਹੋਏ ਸਲਾਹਿਆ।[117] ਪ੍ਰਭੂ ਨੂੰ ਪਤੀ ਅਤੇ ਉਸਦੇ ਭਗਤਾਂ ਨੂੰ ਜੀਵ ਆਤਮਾ ਪਤਨੀ ਦਾ ਅਲੰਕਾਰ ਦਾ ਸੰਕੇਤ ਦੇ ਕੇ ਜੁਗਾਂ ਜੁਗਾਂ ਤੋਂ ਇਸਤ੍ਰੀ ਲਈ ਪ੍ਰਯੁਕਤ ਨੀਚ ਸ਼ਬਦਾਂ ਦਾ ਪੁਰਜ਼ੋਰ ਖੰਡਨ ਵੀ ਕੀਤਾ। ਆਪ ਜੀ ਦੀ ਬਾਣੀ 'ਆਸਾ ਦੀ ਵਾਰ' ਵਿਚ ਇਸਤ੍ਰੀ ਪ੍ਰਤਿ ਆਪ ਦੇ ਉਚ ਵਿਚਾਰਾਂ ਦਾ ਪ੍ਰਗਟੀਕਰਣ ਵਿਸਥਾਰ ਪੂਰਵਕ ਵੇਖਿਆ ਜਾ ਸਕਦਾ ਹੈ।

---

116. (ੳ) ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ।।

(ਸਲੋਕ ਮਹਲਾ ੧, ਆਸਾ ਦੀ ਵਾਰ, ਪੰਨਾ 472)

(ਅ) ਪਰ ਘਰਿ ਚੀਤੁ ਮਨਮੁਖਿ ਡੋਲਾਇ।।
ਗਲਿ ਜੇਵਰੀ ਧੰਧੈ ਲਪਟਾਇ।।

(ਗਉੜੀ ਮਹਲਾ ੧, ਪੰਨਾ 226)

117. ਸੋ ਕਿਉ ਮੰਦਾ ਆਖੀਐ
ਜਿਤੁ ਜੰਮੈ ਰਾਜਾਨ।।

(ਸਲੋਕ ਮਹਲਾ ੧, ਆਸਾ ਦੀ ਵਾਰ, ਪੰਨਾ 473)

ਰਾਜਨੀਤਕ ਕੀਮਤਾਂ: ਨੈਤਿਕ ਕੀਮਤਾਂ ਦੀ ਅਸਲੀ ਸਾਰਥਿਕਤਾ 'ਨੈਤਿਕ ਸਿਧਾਂਤਾਂ' ਦਾ ਆਰਥਿਕ, ਸਭਿਆਚਾਰਕ, ਰਾਜਨੀਤਕ ਖੇਤਰਾਂ ਉਤੇ ਆਧਾਰਿਤ ਕਰਕੇ ਨਿਰਖਣ ਪਰਖਣ ਵਿਚ ਹੈ। ਰਾਜਸਤਾ ਅਤੇ ਲੋਕਰਾਜ ਦੇ ਪਰਸਪਰ ਵਿਰੋਧ ਵਿਚੋਂ ਉਪਜੇ ਹੋਏ ਮਸਲੇ ਨਿਰੋਲ ਰਾਜਨੀਤਕ ਹੀ ਨਹੀਂ ਬਲਕਿ ਨੈਤਿਕ ਵੀ ਹੁੰਦੇ ਹਨ।[118] ਇਸ ਲਈ ਨੈਤਿਕ ਕੀਮਤਾਂ ਦੇ ਅੰਤਰਗਤ ਰਾਜਨੀਤਕ ਪ੍ਰਸੰਗਾਂ ਦੀ ਚਰਚਾ ਕਰਨੀ ਆਵਸ਼ਕ ਪ੍ਰਤੀਤ ਹੁੰਦੀ ਹੈ। ਰਾਜਾ ਮਾਨਵੀ ਸੰਬੰਧਾਂ ਦਾ ਪਰਮ ਵਿਵਸਥਾਪਕ ਹੈ ਜਿਸ ਨੂੰ ਸਮਾਜ ਵਿਚ ਮਹੱਤਾ ਦਿਤੀ ਜਾਂਦੀ ਹੈ। ਰਾਜਸੱਤਾ ਪ੍ਰਾਪਤ ਕਰਤਾ ਦਾ ਇਹ ਕਰਤੱਵ ਹੈ ਕਿ ਉਹ ਨੈਤਿਕਤਾ ਦੇ ਆਧਾਰ ਤੇ ਆਪਣਾ ਕਾਰਜ ਕਰੇ। ਕਿਉਂਕਿ ਮਾਨਵ ਦਾ ਮੂਲ ਸੁਭਾਅ ਹੈ ਕਿ ਉਹ ਆਪਣਾ ਆਦਰਸ਼ ਰਾਜੇ ਨੂੰ ਮੰਨ ਕੇ ਉਸ ਅਨੁਸਾਰ ਸ਼ੀਲ, ਸੁਭਾਅ ਵੇਸ਼ ਧਰਮ ਅਤੇ ਆਚਰਣ ਅਪਣਾਉਂਦਾ ਹੈ। ਗੁਰੂ ਨਾਨਕ ਦੇਵ ਜੀ ਸਮੇਂ ਸਾਮੰਤਿਸ਼ਾਹੀ ਯੁਗ ਸੀ। ਹੁਕਮਰਾਨ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਲਾਂਭੇ ਕਰਕੇ ਵਿਸ਼ੇ ਵਿਕਾਰਾਂ ਅਤੇ ਭੋਗ ਵਿਲਾਸ ਵਿਚ ਲਿਪਤ ਸਨ। ਬਿਦੇਸ਼ੀ ਹੁਕਮਰਾਨ ਕਾਬਜ਼ ਹੋ ਰਹੇ ਸਨ ਅਤੇ ਸਮੁੱਚੀ ਰਿਆਇਆ (ਜਨਤਾ) ਉਹਨਾਂ ਦੇ ਜ਼ੁਲਮ ਦੀ ਸ਼ਿਕਾਰ ਸੀ। ਲੋਕਾਂ ਦੇ ਜਿਸਮ ਅਤੇ ਰੂਹ ਦੋਵੇਂ ਹੀ ਆਪਣਿਆਂ ਤੇ ਬੇਗਾਨਿਆਂ ਪਾਸੋਂ ਕੁਚਲੇ ਜਾ ਰਹੇ ਸਨ ਅਜਿਹੀ ਅਵਸਥਾ ਵਿਚ ਹਰ ਇਕ ਮਨੁੱਖ ਆਪਣੀ ਸੋਚ ਅਤੇ ਬੁਧ ਦੀ ਸਮਰੱਥਾ ਗੁਆ ਬੈਠਾ ਸੀ। ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਸਮਾਜਿਕ ਅਤੇ ਨੈਤਿਕ ਕੀਮਤਾਂ ਦੇ ਸੰਦਰਭ ਵਿਚ ਰਾਜਨੀਤਕ ਕੀਮਤਾਂ ਦੀ ਨਾ ਸਿਰਫ਼ ਚਰਚਾ ਕੀਤੀ ਬਲਕਿ ਆਪਣੀ ਬਾਣੀ ਦੇ ਸੰਦੇਸ਼ ਦੁਆਰਾ ਲੋਕਾਂ ਦੀ ਸੁਤੀ ਹੋਈ ਰੂਹ ਨੂੰ ਜਗਾਇਆ ਅਤੇ ਆਦਰਸ਼ ਰਾਜ ਵਲ ਧਿਆਨ ਦਵਾਇਆ। ਜਿਸ ਦਾ ਵਰਣਨ ਆਸਾ ਦੀ ਵਾਰ,[119] ਮਾਝ ਦੀ ਵਾਰ[120] ਅਤੇ ਮਲਾਰ ਦੀ ਵਾਰ[121] ਵਿਚ ਵਿਸਤ੍ਰਤ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਗੁਰੂ ਸਾਹਿਬ ਨੇ ਰਾਜਨੀਤਕ ਕੀਮਤਾਂ ਦੇ ਸੰਦਰਭ ਵਿਚ ਰਾਜਨੀਤਕ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹੋਏ 'ਪਰਮਾਤਮਾ' ਨੂੰ ਰਾਜਾ ਕਹਿ ਕੇ ਸੰਬੋਧਿਤ ਕੀਤਾ ਰਾਜ ਦੇ ਬਾਕੀ ਅੰਗ ਸੈਨਾ 'ਲਸ਼ਕਰ'[122]

---

118. ਵਜ਼ੀਰ ਸਿੰਘ, ਨੈਤਿਕ ਨਿਯਮ, ਪੰਨਾ 11

119. ਵੇਖੋ ਆਦਿ ਗ੍ਰੰਥ, ਪੰਨਾ 417

120. ਉਹੀ, ਪੰਨਾ 154

121. ਉਹੀ, ਪੰਨਾ 1288

122. ਉਹੀ, ਪੰਨਾ 936

'ਰਾਜ ਤਖਤਿ'[123] ਆਦਿ ਸ਼ਬਦਾਂ ਦਾ ਇਸਤੇਮਾਲ ਵੀ ਕੀਤਾ। ਸਮੁੱਚੀ ਰਾਜਨੀਤਕ ਵਿਵਸਥਾ ਨੂੰ ਸਮਝਾਉਂਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਇਸ ਦੁਨੀਆਂ ਉਤੇ ਜੋ ਰਾਜੇ ਹਨ ਬੇਸ਼ਕ ਉਹਨਾਂ ਕੋਲ ਬੇਅੰਤ ਫੌਜ ਹੋਵੇ, ਲੋਕ ਉਹਨਾਂ ਨੂੰ ਝੁਕ ਕੇ ਸਲਾਮਾਂ ਕਰਦੇ ਹੋਣ, ਸਤਿਕਾਰ ਦਿੰਦੇ ਹੋਣ, ਲੱਖਾਂ ਲੋਕਾਂ ਤੇ ਉਹਨਾਂ ਦਾ ਹੁਕਮ ਹੋਵੇ ਪਰੰਤੂ ਜੇ ਉਹਨਾਂ ਦੀ ਪ੍ਰਭੂ ਦੀ ਦਰਗਾਹ ਵਿਚ ਇਜ਼ਤ ਨਹੀਂ ਤਾਂ ਉਹਨਾਂ ਦੁਆਰਾ ਕੀਤਾ ਗਿਆ ਹਰ ਕਾਰਜ ਵਿਅਰਥ ਹੈ। ਰਾਜਨੀਤਕ ਸ਼ਕਤੀ ਅਤੇ ਉਸ ਨਾਲ ਸੰਬੰਧਿਤ ਸਮੂਹ ਕੀਮਤਾਂ ਤਾਂ ਛਿਨਭੰਗਰ[124] ਹਨ। ਗੁਣਵਾਣ ਤੇ ਉਚ ਨੈਤਿਕ ਕਦਰਾਂ ਕੀਮਤਾਂ ਦਾ ਧਾਰਣੀ ਵਿਅਕਤੀ ਹੀ ਰਾਜ ਕਰਨ ਯੋਗ ਹੈ ਅਤੇ ਉਹੀ ਤਖਤ ਤੇ ਜ਼ਿਆਦਾ ਦੇਰ ਟਿਕ ਸਕਦਾ ਹੈ ਜਿਸ ਨੂੰ ਚੁਣੇ ਹੋਏ ਵਿਦਵਾਨਾਂ ਦੀ ਸੰਮਤੀ ਹਾਸਿਲ ਹੁੰਦੀ ਹੈ। ਇਸ ਪ੍ਰਕਾਰ ਆਦਰਸ਼ ਗੁਣਾਂ ਦਾ ਧਾਰਣੀ ਵਿਅਕਤੀ ਹੀ ਆਦਰਸ਼ ਰਾਜ ਸਥਾਪਿਤ ਕਰ ਸਕਦਾ ਹੈ ਕਿਉਂਕਿ ਉਹ ਦੂਸਰੇ ਵਿਅਕਤੀਆਂ ਨੂੰ ਸਾਧਨ ਨਹੀਂ ਉਦੇਸ਼ ਮੰਨ ਕੇ ਚਲਦਾ ਹੈ ਉਹ ਸੁਤੰਤਰਤਾ ਸਮਾਨਤਾ ਅਤੇ ਨਿਆਂ ਆਦਿ ਗੁਣਾਂ ਨੂੰ ਧਾਰਣ ਕਰਦਿਆਂ ਸਭ ਮਨੁੱਖਾਂ ਨੂੰ ਬਰਾਬਰ ਜਾਣਦਾ ਹੈ।

ਧਾਰਮਿਕ ਕੀਮਤਾਂ: ਧਰਮ ਦੇ ਪ੍ਰਸੰਗ ਵਿੱਚ ਨੀਤੀ ਅਜਿਹਾ ਸਾਧਨ ਹੈ ਜਿਸ ਨੂੰ ਅਪਣਾ ਕੇ ਕੋਈ ਮਨੁੱਖ ਆਪਣੇ ਅੰਤਿਮ ਲਕਸ਼ ਦੀ ਪ੍ਰਾਪਤੀ ਲਈ ਯਤਨਸ਼ੀਲ ਹੁੰਦਾ ਹੈ। ਸਾਰੇ ਧਰਮਾਂ ਦੇ ਵਿਧੀ ਵਿਧਾਨ ਜਾਂ ਪਰੰਪਰਾਵਾਂ ਨੀਤੀਆਂ ਦੇ ਰੂਪ ਹੀ ਉਸ ਧਰਮ ਦਾ ਟੀਚਾ ਹੁੰਦੇ ਹਨ। ਪਰੰਤੂ ਕਈ ਵਾਰ ਧਰਮ ਵਿਚ ਧਰਮ ਨੀਤੀਆਂ ਹੀ ਪ੍ਰਮੁੱਖ ਹੋ ਜਾਂਦੀਆਂ ਹਨ ਅਤੇ ਧਰਮ ਅਲੋਪ ਹੋ ਜਾਂਦਾ ਹੈ ਧਾਰਮਿਕ ਆਗੂ ਆਪੋ ਆਪਣੀ ਦ੍ਰਿਸ਼ਟ ਅਨੁਸਾਰ ਧਰਮ ਨੀਤੀਆਂ ਦੇ ਆਲੇ ਦੁਆਲੇ ਉਪਚਾਰਿਕਤਾ, ਆਡੰਬਰ, ਢੋਂਗ ਅਤੇ ਬਾਹਰੀ ਵਿਖਾਵੇ ਦੀ ਲਪੇਟ ਵਿਚ ਇਹਨਾਂ ਦਾ ਪਾਲਣ ਕਰਨ ਲਈ ਪ੍ਰੇਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਧਰਮ ਕੇਵਲ ਦਿਖਾਵਾ ਮਾਤਰ ਸੀ। ਉਸ ਸਮੇਂ ਹਿੰਦੂ ਧਰਮ, ਮੁਸਲਿਮ ਧਰਮ ਅਤੇ ਜੋਗਮਤ ਦਾ ਪ੍ਰਚਲਣ ਵਧੇਰੇ ਸੀ। ਇਹ ਧਰਮ ਨਾ ਸਿਰਫ਼ ਆਪਣੇ ਮੂਲ ਆਦਰਸ਼ਾਂ ਤੋਂ ਡਿਗ ਚੁਕੇ ਸਨ ਬਲਕਿ ਇਹਨਾਂ ਵਿਚ ਕਰਮਕਾਂਡ, ਆਡੰਬਰ, ਭੇਖ, ਦਿਖਾਵੇ ਦਾ ਕੂੜ ਹੀ ਪ੍ਰਧਾਨ ਹੋ ਚੁੱਕਾ। ਗੁਰੂ ਸਾਹਿਬ ਨੇ ਜਿਥੇ ਇਹਨਾਂ ਧਰਮਾਂ ਦੇ ਦਾਰਸ਼ਨਿਕ ਵਿਚਾਰਾਂ ਨਾਲ ਆਪਣੀ ਸਹਿਮਤੀ ਪ੍ਰਗਟਾਈ ਉਥੇ ਤਰਕ ਅਤੇ ਦਲੀਲ ਸਹਿਤ ਇਹਨਾਂ ਵਿਚ ਆ ਚੁਕੇ ਵਿਕਾਰਾਂ ਦਾ ਸਪਸ਼ਟ ਸ਼ਬਦ ਸਹਿਤ ਵਿਰੋਧ ਕੀਤਾ।

---

123. ਉਹੀ, ਪੰਨਾ 936

124. ਰਾਜੁ ਮਾਲੁ ਜੋਬਨੁ ਸਭ ਛਾਂਵ॥
ਰਥਿ ਫਿਰੰਦੈ ਦੀਸਹਿਥਾਵ॥
(ਮਲਾਰ ਮਹਲਾ ੧, ਪੰਨਾ 1251)

ਹਿੰਦੂ ਧਰਮ ਨਾਲ ਪ੍ਰਚਲਿਤ ਸੰਸਕਾਰ ਸ੍ਰਧਾ, ਪਾਪ, ਪੁੰਨ ਨਾਲ ਸੰਬੰਧਿਤ ਰਿਵਾਜ, ਸੂਤਕ ਵਰਤ, ਜਨੇਊ, ਮੂਰਤੀ ਪੂਜਾ, ਹਵਨ, ਤੀਰਥ ਇਸ਼ਨਾਨ ਆਦਿ ਕਰਮਕਾਂਡਾਂ ਨੂੰ ਬਾਣੀ ਸੱਚ ਦੁਆਰਾ ਨਵੀਨ ਅਰਥ ਪ੍ਰਦਾਨ ਕੀਤੇ। ਆਪਣੇ ਸਮੂਹ ਭੇਖ ਆਡੰਬਰ ਨੂੰ ਦੂਰ ਕਰਕੇ ਪ੍ਰਭੂ ਨਾਮ, ਪ੍ਰਭੂ ਪ੍ਰੇਮ ਅਤੇ ਸਤਿ ਦੇ ਅਧਿਆਤਮਿਕ ਮਾਰਗ ਤੇ ਚਲਣ ਦਾ ਸੁਨੇਹਾ ਪ੍ਰਦਾਨ ਕੀਤਾ ਇਵੇਂ ਹੀ ਜੋਗ ਮਤ ਵਿਚ ਜੋਗੀਆਂ ਦੇ ਸਾਰੇ ਬਾਹਰੀ ਚਿੰਨ੍ਹ, ਭੇਖਧਾਰੀ ਪਹਿਰਾਵਾ, ਸਮਾਧੀ ਲਾਉਣਾ, ਦੇਸ਼ ਦਿਸ਼ਾਂਤਰਾਂ ਵਿਚ ਘੁੰਮਣਾ ਆਦਿ ਰੂਪਾਂ ਦੀ ਨਿਰੋਲ ਨਿਸ਼ੇਧੀ ਹੀ ਨਹੀਂ ਕੀਤੀ ਬਲਕਿ ਉਹਨਾਂ ਦੇ ਹੀ ਚਿੰਨ੍ਹਾਂ ਨੂੰ ਵਰਦਿਆਂ ਹੋਇਆਂ ਗੁਰਮਤਿ ਦੇ ਆਸ਼ੇ ਅਧੀਨ ਜੋਗ ਦੀ ਸਹੀ ਤੇ ਸੁਨਿਸ਼ਚਤ ਪਰਿਭਾਸ਼ਾ ਵੀ ਦਸੀ। ਗੁਰੂ ਸਾਹਿਬ ਦੀ ਬਾਣੀ ਜਪੁਜੀ ਵਿਚ ਇਸ ਦੀ ਉਦਾਹਰਣ ਪ੍ਰਤੱਖ ਵੇਖੀ ਜਾ ਸਕਦੀ ਹੈ। ਇਸਲਾਮ ਅਤੇ ਜੈਨ ਧਰਮ ਵਿਚ ਪ੍ਰਚਲਿਤ ਕੁਰੀਤੀਆਂ ਦਾ ਵੀ ਵਿਰੋਧ ਤੇ ਖੰਡਨ ਆਪ ਜੀ ਦੀ ਬਾਣੀ ਵਿਚ ਥਾਂ-ਪੁਰ-ਥਾਂ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਦਾ ਉਦੇਸ਼ ਕੋਈ ਵਖੋ ਵਖਰੇ ਧਰਮਾਂ ਦਾ ਵਿਰੋਧ ਕਰਕੇ ਆਪਣੇ ਵਿਚਾਰਾਂ ਜਾਂ 'ਧਰਮ' ਨੂੰ ਉਚਿਆਣਾ ਨਹੀਂ ਹੈ ਬਲਕਿ ਉਹ ਤਾਂ ਉਹਨਾਂ ਧਰਮਾਂ ਨੀਤੀਆਂ ਦੇ ਬਾਹਰੀ ਪੱਖਾਂ ਨਾਲ ਸਥਾਪਿਤ ਰੂੜ੍ਹੀਆਂ, ਪਰੰਪਰਾਵਾਂ ਜਾਂ ਸਥਾਪਨਾਵਾਂ ਦੇ ਵਿਰੋਧੀ ਸਨ ਜੋ ਉਸ ਧਰਮ ਦੇ ਅੰਤਰੀਵ ਭਾਵ ਨੂੰ ਸਮਝਣ ਅਤੇ ਧਰਮ ਦੇ ਵਿਕਾਸ ਦੇ ਰਾਹ ਦੀ ਰੁਕਾਵਟ ਸਨ। ਬਾਣੀ ਦੀ ਅਧਿਆਤਮਿਕ ਸਤਿ ਦੀ ਰੋਸ਼ਨੀ ਵਿਚ ਆਪ ਨੇ ਮਨੁੱਖ ਨੂੰ ਗਿਆਨ, ਕਰਮ ਅਤੇ ਭਗਤੀ ਦਾ ਸਮਨਵੈ ਰੂਪ ਪ੍ਰਦਾਨ ਕੀਤਾ ਜੋ ਮਨੁੱਖ ਦੇ ਸਮੁੱਚੇ ਵਿਉਹਾਰ ਵਿਚ ਉਸ ਦੀਆਂ ਸਮੂਹ ਨੈਤਿਕ ਕਦਰਾਂ ਕੀਮਤਾਂ ਵਿੱਚ ਸੰਤੁਲਨ ਪ੍ਰਦਾਨ ਕਰਦਾ ਹੈ। ਇਹੀ ਸੰਤੁਲਨ ਰੂਪ ਹੀ ਅਸਲੀ ਜੀਵਨ ਨੀਤੀ ਹੈ ਜਿਸ ਦੁਆਰਾ ਮਨੁੱਖ ਨੇ ਸ੍ਰਿਸ਼ਟੀ ਵਿਚ ਰਹਿੰਦਿਆਂ ਜੀਵਨ ਮੁਕਤ ਨੂੰ ਪ੍ਰਾਪਤ ਹੋਣਾ ਹੈ।

2.5 <u>ਬੌਧਿਕ ਕੀਮਤਾਂ</u> : ਜਿਸ ਪ੍ਰਕਾਰ ਇੰਦ੍ਰੀਗਤ ਗਿਆਨ ਦਾ ਖੇਤਰ ਭੌਤਿਕਤਾ ਹੈ ਅਤੇ ਅੰਤਰਬੋਧ ਦੀ ਅਨੁਭੂਤੀ ਦਾ ਪ੍ਰਕਾਸ਼ ਅਧਿਆਤਮਿਕ ਚੇਤਨਾ ਉਵੇਂ ਹੀ ਬੁਧੀ ਅਤੇ ਗਿਆਨ ਦੀ ਰੋਸ਼ਨੀ ਦੁਆਰਾ ਬੌਧਿਕ ਕੀਮਤਾਂ ਦੀ ਜਾਗਰੂਕਤਾ ਹਾਸਿਲ ਹੁੰਦੀ ਹੈ। ਗਿਆਨ, ਸਤਿ, ਸੁਹਜ ਨੈਤਿਕਤਾ ਬੌਧਿਕ ਗਿਆਨ ਦੇ ਖੇਤਰ ਦੇ ਵਿਸ਼ੇ ਹਨ ਚਾਹੇ ਇਹਨਾਂ ਵਿਸ਼ਿਆਂ ਦੀ ਆਪਣੀ ਤੌਰ ਤੇ ਵਿਲੱਖਣ ਤੇ ਵਿਸ਼ਿਸ਼ਟ ਪਹਿਚਾਣ ਹੈ ਪਰੰਤੂ ਬੁੱਧੀ ਦੀ ਚੇਤਨਤਾ ਇਹਨਾਂ ਨਾਲ ਸੰਬੰਧਿਤ ਹੈ।

ਮਨੁੱਖ ਦਿੱਖ ਜਗਤ ਵਿਚ ਭੌਤਿਕ ਪਸਾਰੇ ਦਾ ਅਨੁਭਵ ਪ੍ਰਥਮ ਰੂਪ ਵਿਚ ਇੰਦ੍ਰੀਗਤ ਗਿਆਨ ਦੁਆਰਾ ਪ੍ਰਾਪਤ ਕਰਦਾ ਹੈ ਉਪਰਾਂਤ ਬੌਧਿਕ ਗਿਆਨ ਅਤੇ ਫੇਰ ਇਸ ਤੋਂ ਉਪਜੇ ਸੁਹਜ ਦੀ ਸੋਝੀ ਕਰਦਿਆਂ ਵਿਸਮਾਦ ਤੇ ਆਨੰਦ ਦੀ ਅਵਸਥਾ ਨੂੰ ਪਹੁੰਚਦਾ ਹੈ। ਭੌਤਿਕ ਜਗਤ ਦੇ ਪਸਾਰੇ ਦੇ ਬੌਧਿਕ ਅਨੁਭਵ ਜਿਸ ਨੂੰ ਗਿਆਨ ਖੰਡ ਵੀ ਕਿਹਾ ਜਾ ਸਕਦਾ ਹੈ ਵਿਚ ਸ੍ਰਿਸ਼ਟੀ ਵਿਚਲੀ ਅਨੁਪਤਾ, ਅਸੀਮਤਾ ਅਤੇ ਬੇਅੰਤਤਾ ਦੀ ਉਚ ਕੀਮਤਾਂ ਦੀ ਸੋਝੀ ਹੁੰਦੀ ਹੈ।

ਗਿਆਨ ਵਾਸਤਵਿਕਤਾ ਨੂੰ ਜਾਣਨ ਜਾਂ ਕਿਸੇ ਵਸਤੂ ਜਾਂ ਅਨੁਭਵ ਦਾ ਠੀਕ ਠੀਕ ਸਰੂਪ ਨਿਰਧਾਰਤ ਕਰਨ ਦੀ ਕ੍ਰਿਆ ਮੰਨੀ ਜਾਂਦੀ ਹੈ। ਮੁਢਲਾ ਗਿਆਨ ਇੰਦ੍ਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ ਪਰੰਤੂ ਬਹੁਤੀ ਵੇਰ ਵਿਸ਼ੇ ਨਾਲ ਸੰਪੂਰਣ ਤੇ ਸਿੱਧਾ ਸੰਪਰਕ ਨਾ ਹੋਣ ਕਾਰਣ ਉਸ ਵਿਚਲੇ ਸਤਿ ਨੂੰ ਜਾਨਣ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਅਜਿਹੇ ਸਮੇ ਬੁਧੀ ਆਪਣੇ ਪਹਿਲੇ ਅਨੁਭਵ ਦੇ ਆਧਾਰ ਉਤੇ ਅਨੁਮਾਨ ਰਾਹੀਂ ਸਤਿ ਦਾ ਵਿਚਾਰ ਬਣਾਉਂਦੀ ਹੈ। ਪਰ ਕਈ ਖੇਤਰ ਅਜਿਹੇ ਹਨ ਜਿਥੇ ਗਿਆਨ ਬੁੱਧੀ ਦੀ ਸੀਮਾਂ ਤੋਂ ਉਤਾਂਹ ਹੈ ਉਥੇ ਗਿਆਨ ਅੰਤਰਬੋਧ ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਇਹੀ ਅੰਤਰਬੋਧ ਗਿਆਨ ਸਤਿ ਦੀ ਕਸਵਟੀ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਆਪਣੇ ਬਾਣੀ ਵਿਚ ਗਿਆਨ ਸੰਬੰਧੀ ਵਿਚਾਰਾਂ ਨੂੰ ਪ੍ਰਸਤੁਤ ਕਰਦਿਆਂ ਕਹਿੰਦੇ ਹਨ ਕਿ ਸਭ ਜੀਵਾਂ ਵਿਚ ਗਿਆਨ ਹੈ, ਪਰੰਤੂ ਇਹ ਜ਼ਰੂਰੀ ਨਹੀਂ ਕਿ ਗਿਆਨ ਦਾ ਪ੍ਰਕਾਸ਼ ਅਤੇ ਇਸਦੀ ਸੂਖਸ਼ਮ ਅਨੁਭਵਤਾ ਅਤੇ ਸੂਝ ਬੂਝ ਸਾਰਿਆਂ ਵਿਚ ਇਕ ਸਮਾਨ ਹੋਵੇ। ਇੰਦ੍ਰੀਆਂ ਤੋਂ ਪ੍ਰਾਪਤ ਹੋਣ ਵਾਲੇ ਪ੍ਰਤੱਖ ਗਿਆਨ ਦੀ ਸਹਾਇਤਾ ਦੁਆਰਾ ਹੀ ਬੌਧਿਕ ਗਿਆਨ ਦੀ ਸੂਝ ਹੁੰਦੀ ਹੈ ਪਰੰਤੂ ਬਾਣੀ ਵਿਚ ਪ੍ਰਥਮ ਰੂਪ ਵਿਚ ਪ੍ਰਾਪਤ ਹੋਣ ਵਾਲੇ ਇਸ ਗਿਆਨ ਨੂੰ ਮਹੱਤਵ ਨਹੀਂ ਦਿੱਤਾ ਗਿਆ ਕਿਉਂਜੋ ਇਹ ਸੀਮਾ-ਬਧ, ਅਲਪਕਾਲਿਕ ਅਤੇ ਵਾਸਤਵਿਕਤਾ ਤੋਂ ਦੂਰ ਹੁੰਦਾ ਹੈ। ਗਿਆਨਵਾਨ ਵਿਅਕਤੀ ਬਾਰੇ ਆਪ ਫੁਰਮਾਉਂਦੇ ਹਨ:

> ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ।।
> ਆਪੁ ਪਛਾਣੈ ਬੂਝੈ ਸੋਇ।।[125]

ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਦੀ ਪ੍ਰਕ੍ਰਿਤੀ ਦਾ ਸਰੂਪ ਅਧਿਆਤਮਿਕ ਗਿਆਨ ਦੇ ਮਾਰਗ ਵਾਲਾ ਹੈ। ਭੌਤਿਕ, ਨੈਤਿਕ ਜਾਂ ਬੌਧਿਕ ਗਿਆਨ ਇਸ ਦੇ ਅੰਤਰਗਤ ਸਾਧਨ ਰੂਪ ਵਜੋਂ

---

125. ਆਦਿ ਗ੍ਰੰਥ, ਸਿਰੀ ਰਾਗ ਮਹਲਾ ੧, ਪੰਨਾ 25

ਵਿਦਮਾਨ ਹਨ। ਪਰੰਤੂ ਜਦੋਂ ਵਿਅਕਤੀ ਗਿਆਨ ਦੇ ਇਹਨਾਂ ਰੂਪਾਂ ਨੂੰ ਹੀ ਸਤਿ ਕਰ ਜਾਣਦਾ ਹੈ ਤਾਂ ਉਹ ਹਉਮੈ ਦੇ ਵਿਚ ਗ੍ਰਸਿਆ ਜਾਂਦਾ ਹੈ। ਗਿਆਨ ਦੇ ਇਹ ਰੂਪ ਵਿਕਾਰਾਂ ਦੇ ਬੀਜ ਰੂਪ ਹਨ।[126] ਜਿਉਂਜੇ ਵਧੇਰੇ ਪੁਸਤਕਾਂ ਪੜ੍ਹ ਲੈਣਾ, ਕਿਤਾਬੀ ਗਿਆਨ ਹਾਸਿਲ ਕਰਨਾ ਅਤੇ ਪੜ੍ਹ ਪੜ੍ਹ ਕੇ ਉਮਰ ਲੰਘਾ ਲੈਣਾ ਹੀ ਗਿਆਨ ਨਹੀਂ ਕਿਉਂਕਿ ਜਿਹੜਾ ਗਿਆਨ 'ਪਰਮਤੱਤ' ਦੀ ਪਹਿਚਾਣ ਨਹੀਂ ਕਰਾਉਂਦਾ ਉਹ ਕੂੜ ਹੈ ਪੜ੍ਹਨ ਪੜ੍ਹਾਉਣਾ ਤਾਂ ਕੇਵਲ ਹਉਮੈ ਦਾ ਪ੍ਰਗਟਾਵਾ ਹੈ। ਅਸਲੀ ਗਿਆਨਵਾਨ ਤਾਂ ਉਹੀ ਹੈ ਜਿਸ ਦਾ ਪੜ੍ਹਿਆ ਹੋਇਆ ਪਰਵਾਨ ਹੁੰਦਾ ਹੈ[127] ਜੋ ਪੜ੍ਹੇ ਹੋਏ ਨੂੰ ਸਮਝਦਾ ਹੈ ਅਤੇ ਉਸ ਅਨੁਸਾਰ ਕਰਮ ਕਰਦਾ ਹੈ।

ਗੁਰੂ ਨਾਨਕ ਦੇਵ ਜੀ 'ਵਾਰ ਸੂਹੀ' ਵਿਚ ਗਿਆਨ ਦੀ ਮਹੱਤਾ ਨੂੰ ਦਰਸਾਉਂਦੇ ਹੋਏ ਕਹਿੰਦੇ ਹਨ ਜਿਸ ਪ੍ਰਕਾਰ ਦੀਵਾ ਅੰਧਕਾਰ ਨੂੰ ਨਾਸ਼ ਕਰਦਾ ਹੈਉਸ ਪ੍ਰਕਾਰ ਧਰਮ ਗ੍ਰੰਥ ਦੇ ਪਾਠ ਨਾਲ ਪਾਪਾਂ ਵਾਲੀ ਬੁਧੀ ਨਸ਼ਟ ਹੋ ਜਾਂਦੀ ਹੈ ਜਿਸ ਪ੍ਰਕਾਰ ਸੂਰਜ ਦੇ ਚੜ੍ਹਨ ਨਾਲ ਚੰਦ੍ਰਮਾ ਦਿਖਾਈ ਨਹੀਂ ਦਿੰਦਾ ਉਵੇਂ ਹੀ ਗਿਆਨ ਦੀ ਰੋਸ਼ਨੀ ਅੰਧਕਾਰ ਰੂਪੀ ਅਗਿਆਨ ਨੂੰ ਮਿਟਾ ਦਿੰਦਾਂ ਹੈ।[128] ਗਿਆਨ ਦੀ ਪ੍ਰਾਪਤੀ ਲਈ ਗੁਰੂ ਦਾ ਹੋਣਾ ਜ਼ਰੂਰੀ ਹੈ ਬਿਨਾਂ ਗੁਰੂ ਗਿਆਨ ਦੀ ਪ੍ਰਾਪਤੀ ਅਸੰਭਵ ਹੈ। ਆਪ ਫੁਰਮਾਉਂਦੇ ਹਨ:

> ਗਾਫਲ ਗਿਆਨ ਵਿਹੂਣਿਆ
> ਗੁਰ ਬਿਨੁ ਗਿਆਨੁ ਨ ਭਾਲਿ ਜੀਉ।।[129]

ਗੁਰੂ ਦੁਆਰਾ ਦਿਤਾ ਗਿਆ ਗਿਆਨ ਹੀ ਸਤਿ ਹੈ[130] ਸਤਿ ਰੂਪੀ ਗਿਆਨ ਲਈ ਗੁਰੂ ਦਾ ਹੋਣਾ

---

126. ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ।।
(ਸਿਰੀ ਰਾਗ ਮਹਲਾ 1, ਪੰਨਾ 61)

127. ਪੜਿਆ ਬੂਝੈ ਸੋ ਪਰਵਾਣੁ
ਜਿਸੁ ਸਿਰਿ ਦਰਗਹ ਕਾ ਨੀਸਾਣੁ।।
(ਧਨਾਸਰੀ ਮਹਲਾ 1, ਪੰਨਾ 662)

128. ਉਗਵੈ ਸੂਰੁ ਨ ਜਾਪੈ ਚੰਦੁ।।
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ।।
(ਸਲੋਕ ਮਹਲਾ 1, ਵਾਰ ਸੂਹੀ ਕੀ ਮਹਲਾ 3, ਪੰਨਾ 791)

129. ਸੂਹੀ ਮਹਲਾ 1, ਘਰ 9, ਪੰਨਾ 751

130. ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ
ਇਉ ਆਤਮ ਰਾਮੈ ਲੀਨਾ ਹੇ।।
(ਮਾਰੂ ਮਹਲਾ 1, ਪੰਨਾ 1028.)

ਲਾਜ਼ਮੀ ਹੈ, ਪਰੰਤੂ ਇਹ ਵੀ ਪਰਮਾਤਮਾ ਦੀ ਬਖਸ਼ਿਸ਼ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਪਰਮਾਤਮਾ ਦੀ ਨਦਰਿ ਅਤੇ ਗੁਰੂ ਦੀ ਸੇਧ ਗਿਆਨ ਦਾ ਸਤਿ ਸਰੂਪ ਹੈ। ਮਨੁੱਖ ਨੇ ਸਤਿ-ਸਰੂਪ ਨੂੰ ਕੇਵਲ ਵੇਖਣਾ ਹੀ ਨਹੀਂ ਬਲਕਿ ਪਛਾਣਨਾ ਵੀ ਹੈ। ਕਿਉਂਜੋ ਸਤਿ ਹੀ ਸਦੀਵੀ ਅਤੇ ਅਟਲ ਹੈ।[131] ਇਸੇ ਕਰਕੇ ਬਾਣੀ ਵਿਚ ਸਤਿ ਨੂੰ ਗਿਆਨ ਨਾਲੋਂ ਵਧੇਰੇ ਵਿਆਪਕ ਅਰਥਾਂ ਵਿਚ ਵਰਤਿਆ ਗਿਆ ਹੈ। ਭੌਤਿਕ ਤੋਂ ਲੈ ਕੇ ਅਧਿਆਤਮਿਕ ਖੇਤਰ ਸਾਰੇ ਵਰਗਾਂ ਵਿਚ ਸਤਿ ਦੀ ਬਹੁਭਾਂਤੀ ਵਰਤੋਂ ਹੋਈ ਹੈ। ਕਿਉਂਕਿ ਇਹ ਸਤਿ ਬਾਣੀ ਦਾ ਸਾਧਨ ਵੀ ਹੈ ਅਤੇ ਉਦੇਸ਼ ਵੀ। ਸੱਚ ਹੀ ਉਹ ਕਸਵੱਟੀ ਹੈ ਜਿਸ ਉਤੇ ਪਰਖ ਕੇ ਮਨ ਦੀ ਪਰੀਖਿਆ ਕੀਤੀ ਜਾਂਦੀ ਹੈ।[132] ਜਿਸ ਪ੍ਰਕਾਰ ਦਿੱਖ ਜਗਤ ਦੀਆਂ ਭੌਤਿਕ ਅਤੇ ਅਧਿਆਤਮਿਕ ਕੀਮਤਾਂ ਵਿਚ ਅੰਤਰ ਸਪਸ਼ਟ ਹੈ ਉਵੇਂ ਹੀ 'ਸਤਿ' ਦੇ ਵਿਭਿੰਨ ਰੂਪਾਂ ਦੀ ਪ੍ਰਸੰਗਿਕਤਾ ਅਸੀਮ ਹੈ। ਅਧਿਆਤਮਿਕ-ਸਤਿ ਹੀ ਅੰਤਿਮ ਸਤਿ ਹੈ ਇਹੀ ਬਾਣੀ ਦਾ ਉਦੇਸ਼ ਅਤੇ ਬਾਕੀ ਬਚ (ਸਤਿ) ਉਸਦੇ ਸਾਧਨ ਮਾਤਰ ਹਨ। 'ਆਸਾ ਦੀ ਵਾਰ' ਵਿਚੋਂ ਇਕ ਉਦਾਹਰਣ ਦੇ ਕੇ 'ਸਤਿ' ਸਰੂਪ ਨੂੰ ਵਧੇਰੇ ਸਪਸ਼ਟ ਕੀਤਾ ਜਾ ਸਕਦਾ ਹੈ:

> ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ।।
> ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹ ਕੇ ਹਿਰਦੈ ਸਚੁ ਵਸਾਇਆ।[133]

ਪਹਿਲੀ ਤੁਕ ਵਿਚ ਸੱਚ ਸਾਧਨ ਹੈ ਜਿਸ ਦੁਆਰਾ ਦੂਜੇ ਸੱਚ ਨੂੰ ਜੋ ਕਿ ਉਦੇਸ਼ ਹੈ, ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਦੂਸਰੀ ਤੁਕ ਵਿਚ ਗੁਰੂ ਦੀ ਮੱਤ ਦੁਆਰਾ ਸੱਚੇ ਪਰਮਾਤਮਾ ਨੂੰ ਮਨ

---

131. ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ।।

(ਸਲੋਕ ਮਹਲਾ ੧, ਰਾਮਕਲੀ ਕੀ ਵਾਰ, ਮਹਲਾ ੩, ਪੰਨਾ 955)

132. ਮਨੁ ਸਚ ਕਸਵਟੀ ਲਾਈਐ
ਤੁਲੀਐ ਪੂਰੈ ਤੋਲਿ।

(ਸਿਰੀ ਰਾਗ ਮਹਲਾ ੧, ਪੰਨਾ 22)

133. <u>ਆਦਿ ਗ੍ਰੰਥ</u>, [illegible] ਆਸਾ ਦੀ ਵਾਰ, ਪੰਨਾ 467

ਵਿਚ ਵਸਾਉਣਾ ਸਾਧਨ ਹੈ ਤੇ ਉਸ ਦੇ ਮਾਧਿਅਮ ਰਾਹੀ ਪਰਮਾਤਮਾ ਪ੍ਰਾਪਤੀ ਉਦੇਸ਼ ਹੈ। ਗੁਰੂ ਸਾਹਿਬ ਸਤਿ ਦੀ ਵਿਆਪਕ ਰੂਪ ਵਿਚ ਚਰਚਾ ਕਰਦਿਆਂ ਹੋਏ ਸਪਸ਼ਟ ਕਰਦੇ ਹਨ ਕਿ ਜਗਤ ਜੋ ਵਿਵਹਾਰਕ ਦ੍ਰਿਸ਼ਟ ਦਾ ਸਤਿ ਹੈ ਇਥੇ ਹਰ ਵਿਅਕਤੀ ਆਪੋ ਆਪਣੇ ਕਰਮਾਂ ਦਾ ਫਲ ਭੋਗਣ ਆਉਂਦਾ ਹੈ। ਵੱਖੋ ਵੱਖ ਜੀਵਾਂ ਦੇ ਅੰਤਿਹਕਰਣ ਪ੍ਰਵਿਰਤੀਆਂ, ਅਨੁਭਵ, ਸੰਸਕਾਰ, ਕਰਮ, ਕਰਮਫਲ ਇਥੇ ਵਖੋ ਵੱਖਰੇ ਹਨ। ਇਸੇ ਕਰਕੇ ਜਗਤ ਦਾ ਰੂਪ ਵੀ ਉਹਨਾਂ ਲਈ ਅਲਗ ਤੇ ਭਿੰਨ ਹੋਵੇਗਾ। ਜਗਤ ਦੇ ਸਤਿ ਪ੍ਰਤਿ ਹਰੇਕ ਦੀ ਆਪਣੀ ਸਮਰੱਥਾ ਤੇ ਸੀਮਾ ਹੋਵੇਗੀ ਪਰੰਤੂ ਇਹ ਸਤਿ ਵੀ ਸਤਿ ਨਹੀਂ ਕਿਉਂਜੋ ਜਗਤ ਦਾ ਤਾਂ ਮਿਥਿਆ ਰੂਪ ਹੈ। ਇਹ ਤਾਂ ਕੇਵਲ ਵਿਵਹਾਰਕ ਦ੍ਰਿਸ਼ਟ ਦਾ ਸਤਿ ਹੈ ਅੰਤਿਮ ਸਤਿ ਤਾਂ ਕੇਵਲ ਪਰਮਸਤਿ ਹੀ ਹੈ। ਪਰਮਸਤਿ ਗਿਆਨ ਦਾ ਵਿਸ਼ਾ ਨਹੀਂ ਇਹ ਤਾਂ ਅਨੁਭਵ ਦੁਆਰਾ ਅਨੁਭੂਤੀ ਦੇ ਪੱਧਰ ਤੇ ਵਿਚਰਦਾ ਹੈ ਪਰੰਤੂ ਜੇ ਬੁਧੀ ਅਤੇ ਗਿਆਨ ਨੂੰ ਪ੍ਰਭੂ ਪ੍ਰੇਮ ਵਿਚ ਸੰਜਿਅ ਕੇ ਪ੍ਰਭੂ ਪ੍ਰੇਮ ਅਤੇ ਪ੍ਰਭੂ ਨਦਰਿ ਦੀ ਬਖਸ਼ਿਸ਼ ਹਾਸਿਲ ਹੋਵੇ ਤਦ ਹੀ ਪਰਮਾਤਮਾ ਦੇ ਸਤਿ ਸਰੂਪ ਦਾ ਅਲੌਕਿਕ ਪ੍ਰਕਾਸ਼ ਨਸੀਬ ਹੁੰਦਾ ਹੈ।

2.6 <u>ਸੁਹਜਾਤਮਿਕ ਕੀਮਤਾਂ</u>: ਸੁਹਜ ਕਿਸੇ ਵਸਤੂ ਦਾ ਅਜਿਹਾ ਗੁਣ ਹੈ ਜੋ ਅਨੁਭੂਤੀ ਦੀ ਅਵਸਥਾ ਵਿਚ ਪ੍ਰਵਾਨਗੀ ਅਤੇ ਆਨੰਦ ਪੈਦਾ ਕਰਦਾ ਹੈ। ਮਨੁੱਖ ਆਪਣੇ ਮੂਲ ਸੁਭਾਅ ਅਤੇ ਮਨੋਵ੍ਰਿਤੀ ਅਨੁਸਾਰ ਆਪਣੇ ਆਲੇ ਦੁਆਲੇ ਦੀਆਂ ਵਸਤਾਂ ਪ੍ਰਤਿ ਕੇਵਲ ਉਹਨਾਂ ਦੀ ਵਿਵਹਾਰਕ ਉਪਯੋਗਤਾ ਜਾਂ ਲਾਜ਼ਮੀ ਗਿਆਨ ਪ੍ਰਾਪਤੀ ਕਰਨ ਹਿਤ ਆਕਰਸ਼ਿਤ ਨਹੀਂ ਹੁੰਦਾ, ਬਲਕਿ ਉਹ ਉਹਨਾਂ ਵਿਚੋਂ ਸੁਹਜ ਸੁਆਦ ਦਾ ਵੀ ਅਭਿਲਾਸ਼ੀ ਹੁੰਦਾ ਹੈ। ਅਜਿਹੀ ਸਥਿਤੀ ਵਿਚ ਉਸ ਦੀਆਂ ਮਨੋਸ਼ਕਤੀਆਂ ਵਸਤੂ ਦੇ ਰੂਪ ਨਾਲ ਇਕਸੁਰ ਹੋ ਅੰਤਰਕ੍ਰੀੜਾ ਵਿਚ ਲੀਨ ਹੋ ਕੇ ਇਕ ਖ਼ਾਸ ਕਿਸਮ ਦੀ ਆਨੰਦ ਅਨੁਭੂਤੀ ਕਰਾਉਂਦੀਆਂ, ਜੋ ਪ੍ਰਕ੍ਰਿਤੀ ਵਜੋਂ ਹੋਰ ਸਾਧਾਰਣ ਪ੍ਰਕਾਰ ਦੀਆਂ ਖੁਸ਼ੀਆਂ ਨਾਲੋਂ ਵਖਰਾ ਤੇ ਵਿਲੱਖਣ ਹੁੰਦਾ ਹੈ। ਅਨੁਭੂਤੀ ਦਾ ਵਿਸ਼ਾ ਹੋਣ ਕਰਕੇ ਇਹ ਕਲਾ ਸਾਹਿਤ ਅਤੇ ਦਰਸ਼ਨ ਵਿਚ ਭਿੰਨ ਭਿੰਨ ਧਾਰਨਾਵਾਂ ਤੇ ਸੰਕਲਪਾਂ ਦਾ ਧਾਰਣੀ ਹੈ। ਸਾਧਾਰਣ ਰੂਪ ਵਿਚ ਵੇਖਿਆਂ ਸੁਹਜ ਮਨੁੱਖੀ ਭਾਵਨਾ ਦੀ ਉਪਜ ਹੈ ਮਨੁੱਖ ਨੂੰ ਉਹੀ ਰੂਪ ਸੁੰਦਰ ਲਗਦਾ ਹੈ ਜੋ ਉਸ ਦੀਆਂ ਭਾਵਨਾਵਾਂ ਵਿਚ ਪ੍ਰਵਿਸ਼ਟ ਹੋ ਕੇ ਉਸਦੇ ਭਾਵਬੋਧ ਨੂੰ ਸੁਗਮ ਬਣਾਉਂਦਿਆਂ ਆਨੰਦ ਪ੍ਰਦਾਨ ਕਰਦਾ ਹੈ। ਅਧਿਆਤਮਿਕ ਪ੍ਰਸੰਗ ਵਿਚ ਇਸ ਦਾ ਸਰੂਪ ਵਿਲੱਖਣ ਤੇ ਵਿਸ਼ਿਸ਼ਟ ਹੈ ਜਿਥੇ ਸੁੰਦਰਤਾ ਦਾ ਬੋਧ, ਸੱਚ ਨੇਕੀ, ਗਿਆਨ ਆਦਿ ਉਚਤਮ ਕੀਮਤਾਂ ਦਾ ਧਾਰਣੀ ਹੈ।

ਇਹ ਕੀਮਤਾਂ ਕਿਸੇ ਵਸਤੂ ਨਾਲ ਇਕ ਰੂਪ ਨਹੀਂ ਕੀਤੀਆਂ ਜਾ ਸਕਦੀਆਂ ਇਹਨਾਂ ਦਾ ਆਪਣਾ ਅਸਤਿਤਵ ਮੰਨਿਆ ਜਾਂਦਾ ਹੈ। ਅਧਿਆਤਮਿਕ ਦ੍ਰਿਸ਼ਟ ਅਨੁਸਾਰ ਇਹ ਕੀਮਤਾਂ ਦੈਵੀ ਹਸਤੀ ਦੇ ਹੀ ਪੱਖ ਹਨ। ਦੈਵੀ ਹਸਤੀ ਦੀ ਅਪਾਰ ਤੇ ਅਕਹਿ ਸੁੰਦਰਤਾ ਦਾ ਹੋਣਾ ਮਨੁੱਖ ਦੀ ਅਧਿਆਤਮਿਕ ਜਗਿਆਸਾ ਹੈ। ਮਨੁੱਖੀ ਜੀਵਨ ਵਿਕਾਸ ਦੇ ਸੂਕਸ਼ਮ ਪਲਾਂ ਦੀ ਉਪਜ ਹੋਣ ਕਰਕੇ ਸੁੰਦਰਤਾ ਦਾ ਸ਼ਾਬਦਿਕ ਰੂਪ ਵਿਚ ਵਿਵੇਚਨ ਹੋ ਸਕਣਾ ਸਰਲਕਾਰਜ ਨਹੀਂ ਹੈ ਕਿਉਂਜੋ ਇਹ ਤਾਂ ਪਲ ਪਲ ਅਨੁਭਵ ਗ੍ਰਹਿਣ ਕਰਨ ਦੀ ਪ੍ਰਕ੍ਰਿਆ ਹੈ। ਮਨੁੱਖ ਜਦੋਂ ਸ੍ਰਿਸ਼ਟੀ ਦੇ ਵਿਭਿੰਨ ਪੱਖਾਂ ਪ੍ਰਤਿ ਜਾਗਰੂਕ ਹੁੰਦਾ ਹੈ ਤਾਂ ਉਸਦੀ ਵਿਵਸਥਾ ਸੰਚਾਲਨ ਦੇ ਹਰ ਪੱਖ ਵਿਚ ਉਸਨੂੰ ਸੁੰਦਰਤਾ ਦੀ ਸੋਝੀ ਦਾ ਵਿਸਮਾਦ ਅਤੇ ਉਸ ਤੋਂ ਪ੍ਰੇਰਿਤ ਨੈਤਿਕਤਾ ਦੀਆਂ ਉਚ ਕੀਮਤਾਂ ਆਪ ਮੁਹਾਰੇ ਹੀ ਅਧਿਆਤਮਿਕ ਖੇਤਰ ਦੇ ਪੰਧ ਦੀਆਂ ਰਾਹੀ ਹੋ ਨਿਬੜਦੀਆਂ ਹਨ। ਵਿਦਵਾਨ ਵਿਚਾਰਕਾਂ ਨੇ ਸੁੰਦਰਤਾ ਦੇ ਅਧਿਐਨ ਹਿਤ ਇਸ ਨੂੰ ਕਈ ਰੂਪਾਂ ਵਿਚ ਵਿਭਾਜਤ ਕੀਤਾ ਹੈ। ਸੁਹਜ ਸੰਬੰਧੀ ਕੀਮਤਾਂ ਦਾ ਮਨੁੱਖੀ ਜੀਵਨ ਮੁੱਲਾਂ ਨਾਲ ਸਿੱਧੇ ਤੌਰ ਤੇ ਸੰਬੰਧ ਹੋਣ ਕਾਰਣ ਅਸੀ ਇਹਨਾਂ ਨੂੰ ਮਨੁੱਖੀ ਅਨੁਭਵ ਅਨੁਸਾਰ ਹੀ ਵੰਡ ਕਰਕੇ ਅਧਿਐਨ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਅਨੁਸਾਰ ਇਹਨਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ: ਭੌਤਿਕ ਸੁਹਜ, ਬੌਧਿਕ ਸੁਹਜ ਅਤੇ ਅਧਿਆਤਮਿਕ ਸੁਹਜ।

ਭੌਤਿਕ ਸੁਹਜ: ਭੌਤਿਕ ਸੁਹਜ ਦੇ ਅੰਤਰਗਤ ਪ੍ਰਕ੍ਰਿਤੀ, ਮਨੁੱਖੀ ਜੀਵਨ ਦੇ ਭੌਤਿਕ ਜਾਂ ਪ੍ਰਕ੍ਰਿਤਕ ਖੇਤਰ ਦੀ ਸੁੰਦਰਤਾ ਸ਼ਮਿਲਿਤ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਮੰਤਵ ਜੀਵਨ ਦੀ ਵੰਨ ਸੁਵੰਨਤਾ ਨੂੰ ਦਰਸਾ ਕੇ ਮਾਇਕ ਸੁੰਦਰਤਾ ਪ੍ਰਤਿ ਮਨੁੱਖ ਦਾ ਰੁਝਾਨ ਪੈਦਾ ਕਰਨਾ ਨਹੀਂ ਸੀ ਬਲਕਿ ਉਹਨਾਂ ਨੇ ਤਾਂ ਭੌਤਿਕ ਸੁਹਜ ਦੇ ਵਿਭਿੰਨ ਪੱਖਾਂ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਸਾਧਨ ਵਜੋਂ ਇਸਤੇਮਾਲ ਕੀਤਾ ਤਾਂ ਜੋ ਅਧਿਆਤਮਿਕ-ਸਤਿ ਦੀ ਰੋਸ਼ਨੀ ਦਾ ਪ੍ਰਕਾਸ਼ ਲੋਕਾਈ ਸਾਹਮਣੇ ਦ੍ਰਿਸ਼ਟਮਾਨ ਹੋ ਸਕੇ। ਇਸੇ ਕਰਕੇ ਪ੍ਰਕ੍ਰਿਤੀ, ਕੁਦਰਤ, ਜੀਵ ਜੰਤੂਆਂ ਦੀ ਬਹੁਭਾਂਤੀ ਤੇ ਬਹੁਸੰਭਾਵੀ ਚਰਚਾ ਕੀਤੀ ਹੈ। ਆਪ ਨੇ ਪ੍ਰਕ੍ਰਿਤੀ ਦੇ ਵਿਭਿੰਨ ਰੂਪ ਰੰਗ ਤੇ ਨਾਮ ਦੇ ਆਧਾਰ ਤੇ ਇਸ ਦੇ ਵਿਵਿਧਪੱਖੀ ਸੌਂਦਰਯ ਨੂੰ ਬਿਆਨ ਕੀਤਾ। ਸੂਰਜ, ਚੰਦ, ਰੁਤਾਂ, ਧੁਪ, ਛਾਂ, ਬੱਦਲ, ਮੀਂਹ, ਪਹਾੜ, ਪੰਛੀ, ਮਨੁੱਖ ਅਤੇ ਉਹਨਾਂ ਦੇ ਦਿੱਖ ਜਾਂ ਅਦਿੱਖ ਸਦੀਵੀ ਪ੍ਰਭਾਵਾਂ ਨੂੰ ਵਿਸ਼ੇ ਦੇ ਅਨੁਰੂਪ ਢਾਲ ਕੇ ਵਿਅਕਤ ਕੀਤਾ ਹੈ। ਕੁਦਰਤ ਦੇ ਅਪਾਰ ਸੌਂਦਰਯ ਦਾ ਵਰਣਨ 'ਬਾਰਹਮਾਹ ਤੁਖਾਰੀ' ਵਿਚ ਵਿਸਤ੍ਰਿਤ ਰੂਪ ਵਿਚ ਕੀਤਾ ਗਿਆ ਹੈ ਜਿਸਦੇ 17 ਪਦਿਆਂ ਵਿਚੋਂ 12 ਪਦੇ ਕੇਵਲ ਬਾਰਾਂ ਮਹੀਨਿਆਂ ਦੀ ਸੁੰਦਰਤਾ ਦਾ ਨਿਰੂਪਣ ਕਰਦੇ ਹਨ। ਇਹਨਾਂ ਵਿਚ ਹੀ ਰੁਤਾਂ ਦੀ ਵਿਵਧਤਾ ਅਨੁਸਾਰ ਭੰਵਰ, ਕੋਇਲ, ਵਰਖਾ, ਬਿਜਲੀ, ਮੋਰ ਪਪੀਹੇ ਹਾਰ ਸ਼ਿੰਗਾਰ ਦੇ ਵਾਤਾਵਰਣ ਨੂੰ ਸੁਹਜ ਦਾ ਵਿਸ਼ਾ ਬਣਾਇਆ ਹੈ। ਕੁਦਰਤ

ਨੂੰ ਮਾਨਣ ਨਾਲ ਪੈਦਾ ਹੋਏ ਸੁਹਜ ਦੀ ਸੂਝ ਦੁਆਰਾ ਵਿਸਮਾਦ ਤੇ ਆਨੰਦ ਦਾ ਬੋਧ ਮਾਨਵ ਨੂੰ ਅਕਹਿ ਖੁਸ਼ੀ ਦੇ ਭਵਮੰਡਲ ਵਿਚ ਲੈ ਜਾਂਦਾ ਹੈ। ਜੀਵ ਕੁਦਰਤ ਦੀ ਸੁੰਦਰਤਾ ਮਾਣਦਿਆਂ ਆਪ ਵੀ ਸੁੰਦਰਤਾ ਦੀ ਵਿਵਧਤਾ ਪ੍ਰਤਿ ਆਕਰਸ਼ਤ ਹੁੰਦਾ ਹੈ ਇਸੇ ਲਈ ਜੀਵ ਰੂਪੀ ਇਸਤ੍ਰੀ ਆਪਣੇ ਬਾਹਰੀ ਸੁਹਪਣ, ਰੰਗ, ਰੂਪ, ਵੇਸਭੂਸ਼ਾ ਉਤੇ ਧਿਆਨ ਦਿੰਦੀ ਹੈ ਤਾਂ ਜੋ ਆਪਣੇ ਅਤਿ ਲੁਭਾਉਣੇ ਰੂਪ ਦੁਆਰਾ ਪਤੀ ਨੂੰ ਆਕਰਸ਼ਿਤ ਕਰ ਸਕੇ, ਪਰੰਤੂ ਇਹੀ ਸੁੰਦਰਤਾ ਜਿਥੇ ਪ੍ਰਤੀਕ ਵਜੋਂ ਬਾਣੀ ਦੇ ਸੰਦੇਸ਼ ਦੀ ਪ੍ਰਸਤੁਤੀ ਦਾ ਆਧਾਰ ਹੈ ਨੂੰ ਗੁਰੂ ਸਾਹਿਬ ਨਵੀਨ ਅਰਥਾਂ ਵਿਚ ਵਿਅਕਤ ਕਰਦੇ ਹਨ। ਜੀਵ ਰੂਪੀ ਇਸਤ੍ਰੀ ਦਾ ਸੁੰਦਰ ਪਤੀ ਬੰਕੇ ਨੈਣ, ਸੋਹਣੇ ਨੱਕ, ਸੋਹਣੇ ਦੰਦ, ਲੰਮੇ ਵਾਲ ਅਤੇ ਸੋਹਣੀ ਚਾਲ ਨਾਲ ਸਰੂਪਿਤ ਹੈ ਜਿਸ ਦੀ ਕੋਇਲ ਦੀ ਕੂਕ ਵਰਗੀ ਮਿੱਠੀ ਤੇ ਮਧੁਰ ਬੋਲੀ ਹੈ।[134]
ਏਥੇ ਗੁਰੂ ਸਾਹਿਬ ਜੀ ਦਾ ਮਕਸਦ ਕੋਈ ਇਸਤ੍ਰੀ ਤੇ ਪਤੀ ਪ੍ਰੇਮ ਦੇ ਪ੍ਰਸੰਗਾਂ ਨੂੰ ਦਰਸਾਉਣਾ ਨਹੀਂ ਬਲਕਿ ਉਹ ਤਾਂ ਜੀਵ ਰੂਪੀ ਆਤਮਾ ਦੇ ਪਤੀ ਰੂਪੀ ਪਰਮਾਤਮਾ ਦੀ ਭੌਤਿਕ ਸੁੰਦਰਤਾ ਦਾ ਬਖਾਨ ਕਰਦੇ ਹੋਏ ਸਪਸ਼ਟ ਕਰਦੇ ਹਨ ਕਿ ਦੁਨਿਆਵੀ ਸੁੰਦਰਤਾ ਤਾਂ ਛਿਣਭੰਗਰ ਹੈ ਇਹ ਤਾਂ ਕੇਵਲ ਕੁਝ ਪਲਾਂ ਛਿਣਾਂ ਦੀ ਹੀ ਅਨੁਭੂਤੀ ਕਰਵਾਉਂਦੀ ਹੈ ਜਦੋਂ ਕਿ ਪਰਮਾਤਮਾ ਰੂਪੀ ਨਾਮ ਦੀ ਸੁੰਦਰਤਾ ਦਾ ਸੁਹਜ ਮਨ ਨੂੰ ਸਦੀਵੀ ਅਲੌਕਿਕਤਾ ਦਾ ਖੇੜਾ ਪ੍ਰਦਾਨ ਕਰਦਾ ਹੈ। ਜਦੋਂ ਜੀਵ ਪ੍ਰਭੂ ਰੂਪੀ ਸੁੰਦਰਤਾ ਦੀ ਸਹੀ ਪਹਿਚਾਣ ਕਰ ਲੈਂਦਾ ਹੈ ਤਦ ਉਸਨੂੰ ਸੰਸਾਰ ਦੀਆਂ ਸਮੂਹ ਵਸਤਾਂ ਵੱਖ ਵੱਖ ਨਜ਼ਰ ਨਹੀਂ ਆਉਂਦੀਆਂ ਬਲਕਿ ਇਕੋ ਸੂਤਰ ਵਿਚ ਪਰੋਈਆਂ ਹੋਈਆਂ ਜਾਪਦੀਆਂ ਹਨ। ਅਨੇਕਤਾ ਵਿਚ ਏਕਤਾ ਵਿਖਾਈ ਦਿੰਦੀ ਹੈ ਇਹ ਏਕਤਾ ਦਾ ਭਾਵ ਸੁਹਜ ਪੈਦਾ ਕਰਦਾ ਹੈ ਜਿਸ ਨਾਲ ਪੈਦਾ ਹੋਏ ਵਿਸਮਾਦ ਦਾ ਸਰੂਪ ਉਚੇਰੀ ਸੂਝ ਦਾ ਲਖਾਇਕ ਹੈ।[135]

---

134. ਤੇਰੇ ਬੰਕੇ ਲੋਇਣ ਦੰਤ ਰੀਸਾਲਾ।।
ਸੋਵੰਨ ਵਾਲਾ ਕ੍ਰਿਸਨ ਮਾਲਾ।।
ਜਪਹੁ ਤੁਸੀ ਸਹੇਲੀਹੋ।।

.. ..
.. ..

ਬਿਨਵੰਤਿ ਨਾਨਕੁ ਦਾਸੁ ਹਰਿ ਕਾ
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।
(ਵਡਹੰਸ ਮਹਲਾ 1, ਪੰਨਾ 566)

135. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 463-64

ਬੌਧਿਕ ਸੁਹਜ: ਬੌਧਿਕ ਸੁਹਜ ਮਨੁੱਖ ਦੇ ਬੌਧਿਕ ਪ੍ਰਯਾਸ ਭਾਵ ਗਿਆਨ, ਨੈਤਿਕਤਾ ਅਤੇ ਕਲਾ ਆਦਿ ਦੀ ਸੁੰਦਰਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਗਿਆਨ ਅਤੇ ਨੈਤਿਕ ਗੁਣਾਂ ਦੀ ਸੁੰਦਰਤਾ ਹੀ ਮਨੁੱਖੀ ਜੀਵਨ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿਉਂਜੋ ਸੁੰਦਰ ਅਤੇ ਸਿਆਣਾ ਵਿਅਕਤੀ ਉਹੀ ਹੈ ਜੋ ਗਲ ਕਰਨੀ ਜਾਣਦਾ ਹੈ ਅਤੇ ਜਿਸ ਦੇ ਕਹੇ ਨੂੰ ਹਰ ਕੋਈ ਸਮਝਦਾ ਹੈ।[136] ਕੁਦਰਤ ਦਾ ਡੂੰਘਾ ਅਨੁਭਵ ਅਤੇ ਵਿਸਮਾਦ ਪ੍ਰਾਪਤ ਕਰਨ ਲਈ ਵੀ ਬੌਧਿਕ ਪੱਧਰ ਦੀ ਆਵਸ਼ਕਤਾ ਹੈ। ਇਹ ਪੱਧਰ ਮਨੁੱਖੀ ਅੰਤਹਕਰਣ ਦੀ ਚੇਤਨਾ ਦਾ ਉਚਤਮ ਵਿਕਾਸ ਰੂਪ ਹੈ ਜਿਸ ਵਿਚ ਸੁਰਤਿ, ਮਤਿ, ਮਨ ਬੁਧਿ ਨਵੇਂ ਸਿਰਿਓਂ ਘੜੇ ਜਾਂਦੇ ਹਨ ਅਤੇ ਰਿਸ਼ੀਆਂ ਸਿਧਾਂ ਦੀ ਸੂਝ ਬੂਝ ਵਿਚ ਪਰਵਰਤਿਤ ਹੋ ਜਾਂਦੇ ਹਨ।[137] ਗੁਰੂ ਸਾਹਿਬ ਦੀ ਸਮੂਹ ਬਾਣੀ ਨੂੰ ਵਿਚਾਰਦੇ ਇਹ ਪ੍ਰਤੱਖ ਹੋ ਚੁੱਕਾ ਹੈ ਕਿ ਆਪ 'ਸ਼ਬਦ' ਅਤੇ ਨਾਦ ਦੇ ਵਿਭਿੰਨ ਰੂਪਾਂ ਦੁਆਰਾ ਬਾਣੀ ਦੀ ਪ੍ਰਸਤੁਤੀ ਕਰ ਰਹੇ ਹਨ। ਸ਼ਬਦ ਆਪਣੇ ਵਿਭਿੰਨ ਸੌਂਦਰਯਾਤਮਿਕ ਅਸੀਮ ਗੁਣ ਲੱਛਣਾਂ ਸਹਿਤ ਬਾਣੀ ਵਿਚ ਵਿਦਮਾਨ ਹੈ। ਵਿਭਿੰਨ ਸ਼ਬਦ ਰੂਪਾਂ, ਬਿੰਬਾਂ, ਪ੍ਰਤੀਕ ਸ਼ਬਦ ਚਿਤਰਾਂ ਅਤੇ ਸ਼ਬਦ ਸ਼ਕਤੀਆਂ ਦੀ ਚੋਣ ਦੁਆਰਾ ਉਸਰਿਆ ਹੋਇਆ ਬਾਣੀ ਦਾ ਭਾਵਮੰਡਲ ਸੁਹਜ ਭਾਵ ਪੈਦਾ ਕਰਨ ਵਿਚ ਸਹਾਈ ਹੁੰਦਾ ਹੈ। ਨਾਦ ਦਾ ਸੰਗੀਤਕ ਰੂਪ ਬਾਣੀ ਦੇ ਦਰਸ਼ਨ ਨੂੰ ਹੋਰ ਵਧੇਰੇ ਗਹਿਰ ਗੰਭੀਰ ਕਰ ਦਿੰਦਾ ਹੈ ਜਿਥੇ ਗੁਰਬਾਣੀ ਸੰਗੀਤ (ਕੀਰਤਨ) ਬਾਣੀ ਭਾਵ ਨੂੰ ਸਰਲ ਤੇ ਸਪਸ਼ਟ ਰੂਪ ਵਿਚ ਪ੍ਰਸਤੁਤ ਕਰਨ ਵਿਚ ਸਹਾਈ ਹੈ ਉਥੇ ਇਸ ਦਾ ਸਰੋਤੇ ਤੇ ਤੀਬਰਤਮ ਪ੍ਰਭਾਵ ਸਦੀਵੀ ਸੁਹਜ ਅਨੁਭੂਤੀ ਦਾ ਲਖਾਇ ਹੈ।

ਅਧਿਆਤਮਿਕ ਸੁਹਜ: ਅਧਿਆਤਮਿਕ ਸੁਹਜ ਦੇ ਅੰਤਰਗਤ ਆਤਮਾ ਅਤੇ ਪਰਮਾਤਮਾ ਨਾਲ ਸੰਬੰਧਿਤ ਵਿਸ਼ਿਆਂ ਦੀ ਸੁੰਦਰਤਾ ਦਾ ਬੋਧ ਹੈ। ਜੋ ਭੌਤਿਕ ਅਤੇ ਬੌਧਿਕ ਸੁਹਜ ਨਾਲੋਂ ਉਚਤਮ ਤੇ ਗਹਿਰ ਗੰਭੀਰ ਹੁੰਦਾ ਹੋਇਆ ਵਧੇਰੇ ਨਿਤ ਅਤੇ ਸਦੀਵੀ ਹੈ। 'ਗੁਰੂ ਨਾਨਕ ਬਾਣੀ' ਵਿਚ ਜਿਸ ਪ੍ਰਕਾਰ ਪਰਮਾਤਮਾ ਗਿਆਨ ਤੇ ਸੱਚ ਦਾ ਸੋਮਾ ਹੈ ਉਵੇਂ ਹੀ ਸੁੰਦਰਤਾ ਦਾ ਸੋਮਾ ਵੀ ਹੈ। ਸਿਰਫ਼ ਪਰਮਾਤਮਾ ਨੂੰ ਹੀ

---

136. ਇਕਿ ਕਹਿ ਜਾਣਹਿ ਕਹਿਆ ਬੁਝਹਿ
ਤੇ ਨਰ ਸੁਘੜ ਸਰੂਪ
(ਸਲੋਕ ਮਹਲਾ ੧, ਸਾਰੰਗ ਕੀ ਵਾਰ, ਮਹਲਾ 4, ਪੰਨਾ 1246)

137. ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।
(ਜਪੁ, ਪੰਨਾ ੮)

ਸੁੰਦਰ ਕਿਹਾ ਜਾ ਸਕਦਾ ਹੈ।[138] ਉਸਦੀ ਸੁੰਦਰਤਾ ਅਪਾਰ ਹੈ ਜਿਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ[139] ਭੌਤਿਕ ਜਾਵੀਏ ਤੋਂ ਵੇਖਿਆ ਪ੍ਰਕ੍ਰਿਤੀ ਆਪਣੇ ਤੱਤਾ ਦੁਆਰਾ ਪਰਮਾਤਮਾ ਦੇ ਸਰੂਪ ਨੂੰ ਸੁੰਦਰਤਾ ਪ੍ਰਦਾਨ ਕਰ ਰਹੀ ਹੈ। ਚੰਦ, ਸੂਰਜ, ਹਵਾ ਅਗਨੀ ਜਲ ਆਦਿ ਉਸਦੇ ਗਹਿਣੇ ਹਨ।[140] ਉਸ ਦੀ ਸੁੰਦਰਤਾ ਮਨ ਨੂੰ ਮੋਹਣ ਵਾਲੀ ਹੈ ਜੋ ਹਰ ਸਮੇ ਨਵੀਨਤਮ ਪ੍ਰਭਾਵਾਂ ਦੁਆਰਾ ਮਨੁੱਖ ਨੂੰ ਸਰਸ਼ਾਰ ਕਰਦੀ ਹੈ। ਜਦੋਂ ਕਿ ਅਧਿਆਤਮਿਕ ਜ਼ਾਵੀਏ ਤੋਂ ਵੇਖਿਆ ਪਰਮਾਤਮਾ ਦਾ ਨਿਰਕਾਰ ਸਰੂਪ ਆਪਣੇ ਗੁਣਾ ਸਹਿਤ ਸੁਹਜ ਦਾ ਪਰਿਚਾਇਕ ਹੈ। ਪਰਮਾਤਮਾ ਦਾ ਸੁਧ, ਅਵਲ, ਸਦੀਵੀ, ਅਨੰਦ ਸਰਬਕਾਲਿਕ ਸਰੂਪ ਉਸ ਦੀ ਸੁੰਦਰਤਾ ਦੀ ਸਿਖ਼ਰ ਹੈ। ਜਿਨ੍ਹਾਂ ਦਾ ਅਨੁਭਵ ਕੀਤਾ ਮਨ ਤੇ ਬੁਧੀ ਦੋਵੇਂ ਹੀ ਅਨੂਠੀ ਪ੍ਰਸੰਨਤਾ ਦੁਆਰਾ ਖਿੜ ਉਠਦੇ ਹਨ। ਸੁੰਦਰਤਾ ਦਾ ਅਜਿਹਾ ਬੋਧ ਬਿਸਮਾਦ ਦੁਆਰਾ ਆਨੰਦ ਪੈਦਾ ਕਰਦਾ ਹੈ। ਵਿਸਮਾਦ ਦੁਆਰਾ ਪੈਦਾ ਹੋਏ ਅਨੰਦ ਦੀ ਅਨੁਭੂਤੀ ਮਨੁੱਖ ਦੀ ਪਰਮਾਤਮਾ ਨਾਲ ਅਭੇਦਤਾ ਦੀ ਦਸ਼ਾ ਵਿਚ ਪਹੁੰਚਾਉਂਦੀ ਹੈ। ਜਿਥੇ ਵਿਅਕਤੀ ਅਨਹਦ ਸ਼ਬਦ ਨੂੰ ਸੁਣਦਾ ਰਹਸ ਅਨੁਭੂਤੀ ਦੀ ਅਵਸਥਾ ਨੂੰ ਗ੍ਰਹਿਣ ਕਰਦਾ ਹੈ।[141] ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਪਰਮਾਤਮਾ ਦੀ ਅਨੂਪ ਸੁੰਦਰਤਾ ਦਾ ਵਰਨਣ ਕਰਦਿਆਂ ਹੋਇਆਂ ਉਸ ਦੀ ਹਰ ਵਸਤੂ ਨੂੰ ਸੁੰਦਰ

---

138. ਙਾੜੈ ਰੂੜਾ ਹਰਿ ਜੀਉ ਸੋਈ
ਤਿਸੁ ਬਿਨੁ ਰਾਜਾ ਅਵਰੁ ਨ ਕੋਈ।।
(ਰਾਮਕਲੀ ਰਾਗ 1, ਦਖਣੀ ਓਅੰਕਾਰ, ਪੰਨਾ 936)

139. ਤਾ ਕੇ ਰੂਪ ਨ ਕਥਨੇ ਜਾਹਿ।।
(ਜਪੁ, ਪੰਨਾ 8)

140. ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ।।
(ਸਲੋਕ ਮਹਲਾ 1, ਆਸਾ ਦੀ ਵਾਰ, ਪੰਨਾ 465)

141. ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ।।
ਮੇਰਾ ਮਨੋ ਮੇਰਾ ਮਨੁ ਰਤਾ ਲਾਲ ਪਿਆਰੇ ਰਾਮ।।
(ਆਸਾ ਮਹਲਾ 1, ਛੰਤ ਘਰ 1, ਪੰਨਾ 436.)

ਸਵੀਕਾਰਿਆ ਹੈ। ਪ੍ਰਭੂ ਦਾ ਸਥਾਨ ਸੋਹਣਾ ਹੈ। "ਹਰਿ ਕਾ ਮੰਦਿਰ ਸੋਹਣਾ ਕੀਆ ਕਰਣੈਹਾਰਿ" ਉਸ ਦੇ ਭਗਤ ਜਨ ਸੋਹਣੇ ਹਨ, ਜਿਸ ਜੀਵ ਤੇ ਪ੍ਰਭੂ ਦੀ ਬਖਸ਼ਿਸ਼ ਹੈ ਉਹ ਸੁੰਦਰ ਸਰੂਪ ਹੈ ਪ੍ਰਭੂ ਦਾ ਨਾਮ ਸੁੰਦਰ ਹੈ, ਸ਼ਬਦ ਸੁੰਦਰ ਹੈ ਇਥੋਂ ਤਕ ਕਿ ਪ੍ਰਭੂ ਦੇ ਸੁੰਦਰ ਰੂਪ ਦਾ ਵਰਨਣ ਕਰਨ ਵਾਲੀ ਬਾਣੀ ਵੀ ਸੁੰਦਰ ਹੈ।[142] ਗੁਰੂ ਸਾਹਿਬ ਮਲਾਰ ਦੀਆਂ ਅਸ਼ਟਪਦੀਆਂ ਵਿਚ ਪ੍ਰਭੂ ਦੇ ਸੁੰਦਰ ਸਰੂਪ ਦਾ ਵਰਨਨ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਵਿਅਕਤੀ ਸੁੰਦਰ ਬਾਣੀ ਨੂੰ ਵਿਚਾਰ ਕੇ ਮਨ ਵਿਚ ਵਸਾਉਂਦਾ ਹੈ ਤਦ ਹੀ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰਕਾਰ ਨਾਮ ਦੇ ਸੁੰਦਰ ਸਰੂਪ ਨਾਲ ਸੁਸ਼ੋਭਿਤ ਹੋ ਕੇ ਮਨੁੱਖ ਆਨੰਦ ਅਵਸਥਾ ਵਿਚ ਵਿਚਰਦੇ ਹੋਏ ਆਤਮਕ ਸੁਹਜ ਦੀ ਪ੍ਰਾਪਤੀ ਕਰਦਾ ਹੈ।

'ਗੁਰੂ ਨਾਨਕ ਬਾਣੀ' ਤੋਂ ਪ੍ਰਗਟ ਹੋਣ ਵਾਲੀਆਂ ਸਤਿਮਈ ਜੀਵਨ ਦੀ ਸਮੂਹ ਕੀਮਤਾਂ/ਮੁੱਲ ਇਹਨਾਂ ਦੇ ਪ੍ਰਸੰਗ ਵਿਚ ਦਿੱਖ ਜਗਤ ਦੇ ਯਥਾਰਥ ਦਾ ਪ੍ਰਕਾਸ਼ ਇਸ ਬਾਣੀ ਦਾ ਮੁੱਖ ਪ੍ਰਯੋਜਨ ਹੈ। ਇਹਨਾਂ ਜੀਵਨ ਮੁੱਲਾਂ ਦਾ ਧਾਰਣੀ ਹੋ ਕੇ ਮਨੁੱਖ ਨੇ 'ਸਚਿਆਰ' ਬਣਨਾ ਹੈ। ਅਧਿਆਤਮ-ਸਤਿ ਤੇ ਅਨੁਭਵ ਦੇ ਬੋਧ ਦੁਆਰਾ 'ਜੀਵਨ ਮੁਕਤਿ' ਹੋਣ ਦਾ ਇਹ ਮਾਰਗ ਇਸ ਦੁਨਿਆਵੀ ਸੰਸਾਰ ਤੋਂ ਅਛੂਤਾ ਨਹੀਂ, ਸਗੋਂ ਇਸ ਦੁਨਿਆਵੀ ਹਕੀਕਤ ਦਾ ਸਾਹਮਣਾ ਕਰਦਿਆਂ 'ਸਹਿਜ ਸਮਾਧ' ਵਿਚ ਲੀਨ ਹੋਣਾ ਹੈ। ਇਹ ਸਹਿਜ ਸੰਸਾਰੀ/ਗ੍ਰਿਹਸਥ ਮਾਰਗ ਦੀ ਕੇਂਦਰੀ ਸੁਰ ਵੀ ਹੈ 'ਜਿਸ ਦੇ ਅੰਤਰਗਤ "ਹਸੰਦਿਆ ਖੇਲੰਦਿਆ ਪਹਿਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ" ਦਾ ਸਹਿਜ ਮੰਤ੍ਰ ਸਾਨੂੰ ਗੁਰੂ ਬਾਣੀ ਦਰਸਾ ਰਹੀ ਹੈ। ਬਾਣੀ ਤੋਂ ਪ੍ਰਗਟ ਹੋਣ ਵਾਲੇ ਉਕਤ ਸਮੂਹ ਜੀਵਨ ਮੁੱਲਾਂ ਵਿਚ ਵਰਣਿਤ ਸੰਦੇਸ਼ ਇਸ ਸੰਸਾਰੀ ਜੀਵਨ ਲਈ ਅਤਿਅੰਤ ਕਲਿਆਣਕਾਰੀ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੂਹ ਲੋਕਾਈ ਸਾਹਵੇਂ 'ਵਾਦੀ' ਦੇ ਰੂਪ ਵਿਚ 'ਸ਼ਬਦ' ਦੇ ਪਸਾਰੇ ਦੁਆਰਾ ਬਿਨਾ ਕਿਸੇ ਕਾਵਿਕ, ਸੰਗੀਤਕ, ਕਲਾਤਮਿਕ, ਸਾਹਿਤਕ, ਦਾਰਸ਼ਨਿਕ ਆਡੰਬਰ ਜਾਂ ਪ੍ਰਲੋਭਨ ਦੇ ਪ੍ਰਸਤੁਤ ਕੀਤਾ ਹੈ।

ਗੁਰੂ ਨਾਨਕ ਬਾਣੀ ਦੇ ਸੰਦੇਸ਼ ਤੇ ਸੰਚਾਰ ਤੋਂ ਸਾਡੇ ਸਾਹਮਣੇ ਕੁਝ ਮਹੱਤਵਪੂਰਨ ਤੱਤ ਆਉਂਦੇ ਹਨ ਇਹ ਬਾਣੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਤਾਰੀ ਰਚਨਾ ਹੈ ਦਾ ਕਿਸੇ ਆਂਗਿਕ ਜਾਂ ਬੌਧਿਕ ਦ੍ਰਿਸ਼ਟੀ ਤੋਂ ਅਧਿਐਨ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਬਾਣੀ ਦੇ ਅੰਦਰ ਨਿਹਤ ਪਰਮਸਤਿ ਨਾਲ ਨਿਕਟਤਮ ਸਾਂਝ ਪਾਉਣ ਲਈ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਰਹੱਸਾਂ, ਤੱਥਾਂ, ਪ੍ਰਸੰਗਾਂ ਅਤੇ

---

142. ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ।।

(ਆਸਾ ਮਹਲਾ 1, ਪੰਨਾ 421.)

ਪ੍ਰਿਸ਼ਠਭੂਮੀ ਨੂੰ ਜਾਨਣਾ ਅਤਿ ਜ਼ਰੂਰੀ ਹੈ। ਬਾਣੀ ਕੇਵਲ ਲਿਖਤ ਕਾਵਿ ਰਚਨਾ ਜਾਂ ਮਹਿਜ਼ ਅੱਖਰ ਰੂਪ ਨਹੀ ਸਗੋਂ ਇਸ ਦੇ ਵਿਸ਼ਿਸ਼ਟ ਉਚਾਰਮੁੱਖਤਾ ਦੇ ਧਾਰਣੀ ਹੋਣ ਕਰਕੇ ਇਹ ਜੀਵੰਤ ਰੂਪ ਵਿਚ ਸੰਚਾਰ ਹਿਤ ਨਿਰੰਤਰ ਕਾਰਜਸ਼ੀਲ ਹੈ। ਬਾਣੀ ਦੇ ਇਸ ਸੰਚਾਰਮਈ ਗੁਣਾਂ ਕਰਕੇ ਇਸ ਦਾ ਅਧਿਐਨ ਇਸ ਦੀ ਵਿਸ਼ਿਸ਼ਟ ਉਚਾਰਮੁੱਖਤਾ ਜੀਵੰਤ ਸੰਚਾਰ ਰਚਨਾ ਦੇ ਸੰਦਰਭ ਵਿਚ ਹੀ ਹੋਣਾ ਅਨਿਵਾਰਯ ਹੈ। ਬਾਣੀ ਦੇ ਰੂਪ ਸੰਬੰਧੀ ਕੀਤੇ ਗਏ ਵਿਵਰਣ ਮਾਤਰ ਵਿਚਾਰ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਬਾਣੀ ਅਖੁੱਟ ਪਸਾਰੇ ਵਿਚ ਕਾਵਿ ਤੇ ਸੰਗੀਤ ਦਾ ਅਨਿਕ ਭਾਂਤੀ ਬਹੁਵਿਧ ਤੇ ਬਹੁਦਿਸ਼ਾਵੀ ਪ੍ਰਯੋਗ ਹੋਇਆ ਹੈ। ਬਾਣੀ ਦਾ ਇਹ ਸਰੂਪਗਤ ਪਸਾਰਾ ਗਿਣਾਤਮਿਕ ਜਾਂ ਗੁਣਾਤਮਿਕ ਆਡੰਬਰ ਨਹੀਂ ਸਗੋਂ ਪਰਾਲੌਕਿਕ ਤੇ ਲੌਕਿਕ ਜਗਤ ਦੀ ਵਾਸਤਵਿਕਤਾ ਨੂੰ 'ਗੁਰਮਤਿ' ਅਨੁਸਾਰ ਲੋਕਾਈ ਦੇ ਹਰ ਹਿਰਦੇ ਵਿਚ ਵਸਾਉਣ ਲਈ ਸੰਚਾਰ ਦਾ ਮਾਧਿਅਮ ਹੈ। ਇਸਦੇ ਵਿਭਿੰਨ ਰੂਪ ਪ੍ਰਤਿਰੂਪ ਅਤੇ ਖੁਲ੍ਹ ਦਿਲੀ ਨਾਲ ਪ੍ਰਯੋਗ ਕੀਤੇ ਗਏ ਸੰਚਾਰ ਉਪਕਰਣ, ਜੁਗਤਾਂ ਤੇ ਵਿਧੀਆਂ 'ਗੁਰੂ ਨਾਨਕ ਬਾਣੀ' ਦੇ ਵਿਸ਼ਾਲ ਬ੍ਰਹਿਮੰਡੀ ਕਲਾਵੇ ਦੀ ਵਡਿਆਈ ਹਨ। ਇਸ ਬਾਣੀ ਵਿਚ ਮਾਨਵ ਸਾਹਮਣੇ ਸਤਿ ਦੇ ਆਦਿ, ਜੁਗਾਦਿ ਤੇ ਅਨਾਦਿ ਸਰੂਪਾਂ ਦੀ ਵਿਵਧਤਾ ਨੂੰ ਵਿਵਧ ਤੇ ਬਹੁਰੰਗੀ ਨਾਲ ਪ੍ਰਕਾਸ਼ਮਾਨ ਕੀਤਾ ਗਿਆ ਹੈ। ਇਹ ਅਸਚਰਜਮਈ ਵਿਸਮਾਦੀ ਅਕੱਥ ਵਿਸ਼ਿਸ਼ਟਤਾ ਸਾਡੇ ਜਗਿਆਸੂ ਮਨ ਵਿਚ ਇਹ ਲਾਲਸਾ ਵੀ ਜਗਾਉਂਦੀ ਹੈ ਕਿ ਬਾਣੀ ਦੇ ਅਗਾਧ ਬੋਧ ਸਰੂਪ ਨੂੰ ਸੰਚਾਰਿਤ ਕਰਨ ਲਈ ਗੁਰੂ ਸਾਹਿਬ ਨੇ ਕਿਹੜੀਆਂ ਜੁਗਤਾਂ ਤੇ ਵਿਧੀਆਂ ਅਪਣਾਈਆਂ ਹਨ ਅਤੇ ਇਹਨਾਂ ਦੀ ਕਾਰਜ ਵਿਧੀ ਕੀ ਹੈ? ਇਸ ਅਨਿਕ ਵਿਧ ਸੰਚਾਰਮਈ ਸਰੂਪ ਤੇ ਸੰਚਾਰ ਪ੍ਰਕ੍ਰਿਆ ਦੇ ਅਨੁਸ਼ਾਸਨ ਸੰਬੰਧੀ ਜਾਨਣ ਦੀ ਇੱਛਾ ਵੀ ਸੁਭਾਵਿਕ ਹੀ ਹੈ। ਇਸ ਤਰ੍ਹਾਂ ਇਹ ਯਤਨ ਬਾਣੀ ਦੀ ਸੰਚਾਰਮੁਖੀ ਅਨੇਕਤਾ 'ਚੋਂ ਏਕਤਾ ਤੇ ਕੇਂਦਰੀ ਵਿਸ਼ਿਸ਼ਟਤਾ ਜਿਸ ਨੂੰ ਬਾਣੀ ਪ੍ਰਬੰਧ ਜਾਂ ਬਾਣੀ ਸ਼ਾਸਤਰ ਵਜੋ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਸੰਬੰਧੀ ਕੁਝ ਚਿਹਨ-ਚਕਰੀ ਵਿਸ਼ਲੇਸ਼ਣ ਪ੍ਰਸਤੁਤ ਕਰਨ ਵਲ ਵੀ ਰੁਚਿਤ ਹੁੰਦੀ ਹੈ। ਅਗਲੇ ਪੰਨਿਆਂ ਵਿਚ ਅਸੀ 'ਗੁਰੂ ਨਾਨਕ ਬਾਣੀ' ਦੀਆਂ ਵਿਭਿੰਨ ਸੰਚਾਰ ਜੁਗਤਾਂ ਨੂੰ ਉਹਨਾਂ ਦੀ ਮੂਲ ਪਹਿਚਾਣ ਤੇ ਬਾਣੀ ਵਿਚ ਉਹਨਾਂ ਦੇ ਪ੍ਰਯੋਗ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਵਾਂਗੇ।

****

# ਅਧਿਆਇ ਚੌਥਾ

## ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ

'ਗੁਰੂ ਨਾਨਕ ਬਾਣੀ' ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਅਨੁਭਵ ਅਤੇ ਪ੍ਰਕਾਸ਼ ਦਾ ਪ੍ਰਤੱਖ ਰੂਪ ਹੈ। ਇਸ ਅਧਿਆਤਮ ਸਤਿ ਦੇ ਪ੍ਰਕਾਸ਼ ਲਈ ਹੀ ਗੁਰੂ ਸਾਹਿਬ ਬਾਣੀ ਦੁਆਰਾ ਉਸ ਖਾਲਕ ਦੇ ਆਦੇਸ਼ ਨੂੰ ਸੰਚਾਰਿਤ ਕੀਤਾ। 'ਸ੍ਰੀ ਗੁਰੂ ਨਾਨਕ ਬਾਣੀ' ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਤੋਂ ਸਪਸ਼ਟ ਹੈ ਕਿ ਇਸ ਲੌਕਿਕ ਜਗਤ ਦੇ ਅਸਤਿ ਤੇ ਅਗਿਆਨ ਦੇ ਅੰਧੇਰੇ ਦੇ ਬਿਨਾਸ ਲਈ ਗੁਰੂ ਸਾਹਿਬ ਨੇ ਅਸਤਿ ਅਤੇ ਅਗਿਆਨ ਭਰੀਆਂ ਪਰਿਸਥਿਤੀਆਂ ਦਾ ਯਥਾਰਥ ਰੂਪ ਵਿਚ ਖੁਦ ਸਾਹਮਣਾ ਕੀਤਾ ਅਤੇ ਬਾਣੀ ਰੂਪੀ ਦੀਵੇ ਦਾ ਇਸਤੇਮਾਲ ਕਰਕੇ ਰੱਬੀ ਸਤਿ ਨੂੰ ਪ੍ਰਕਾਸ਼ਮਾਨ ਕੀਤਾ।[1] ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੇ ਸੰਚਾਰ ਦਾ ਮਾਧਿਅਮ ਬਾਣੀ ਸੀ ਜਿਸ ਨੂੰ ਆਪ ਨੇ 'ਖਸਮ ਕੀ ਬਾਣੀ' ਆਖਿਆ। ਉਹ ਖਸਮ ਜਿਹੜਾ ਇਕ, ਅਕਾਲ, ਅਜੋਨਿ ਅਤੇ ਅਮੂਰਤ ਹੈ।[2] ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੀ ਗਈ ਬਾਣੀ ਭੂਤ ਭਵਿੱਖ ਅਤੇ ਵਰਤਮਾਨ ਦਾ ਸਤਿ ਹੈ। ਇਹ ਬਾਣੀ ਮੂਲ ਰੂਪ ਵਿਚ ਕਾਵਿਕ ਜਾਮੇ ਵਿਚ ਵਿਦਮਾਨ ਹੈ ਅਤੇ ਜਿਸ ਨੂੰ ਰਾਗਬਧ ਕਰਕੇ ਗੁਰਮਤਿ ਸੰਗੀਤ ਦੇ ਅੰਤਰਗਤ ਅਨੁਸ਼ਾਸਨਬਧ ਕੀਤਾ ਗਿਆ ਹੈ। ਬਾਣੀ ਪ੍ਰਬੰਧ ਨੂੰ ਰਚਨਾਤਮਕ ਸਰੂਪ ਪ੍ਰਦਾਨ ਕਰਨ ਵਾਲੇ ਇਹ ਦੋਵੇਂ ਭਾਸ਼ਾਈ ਕਾਵਿਕ/ਸੰਗੀਤਕ ਤੱਤ ਜਿਥੇ ਇਸ ਦੇ ਅਨਿੱਖੜ ਤੱਤ ਵਜੋਂ ਕਾਰਜਸ਼ੀਲ ਹਨ ਉਥੇ ਇਹ ਸੰਚਾਰ ਦੀ ਦ੍ਰਿਸ਼ਟ ਤੋਂ ਸਸ਼ਕਤ ਸੰਚਾਰ ਜੁਗਤਾਂ ਵਜੋਂ ਮੂਰਤੀਮਾਨ ਹੋ ਰਹੇ ਹਨ। ਸੰਚਾਰ ਦੀਆਂ ਉਕਤ ਜੁਗਤਾਂ ਜਿਥੇ ਆਪੋ ਆਪਣੇ ਸੁਤੰਤਰ ਸੌਂਦਰਯਾਤਮਿਕ ਕਲਾਤਮਿਕ ਗੁਣਾਂ ਕਰਕੇ ਕਾਵਿਕ/ਸੰਗੀਤਕ ਪ੍ਰਬੰਧ ਦੀਆਂ ਧਾਰਣੀ ਹਨ ਉਥੇ ਵਿਸ਼ਿਸ਼ਟ ਬਾਣੀ ਪ੍ਰਬੰਧ ਦੇ ਅੰਤਰਗਤ ਇਹਨਾਂ ਦਾ ਸੰਯੁਕਤ ਤੇ ਸਮਿਲਿਤ ਸਰੂਪ ਬਾਣੀ ਦੀ ਪ੍ਰਕ੍ਰਿਤੀ ਅਨੁਸਾਰ ਕਾਰਜਸ਼ੀਲ ਰਹਿੰਦਾ ਹੈ। ਜਿਸ ਦੁਆਰਾ ਬਾਣੀ ਦੇ ਅੰਤਰ ਨਿਹਤ ਸਤਿ ਨੂੰ ਸਰਬਲੋਕਾਈ ਤਕ ਸੰਚਾਰਿਤ ਕਰਨ ਹਿਤ ਇਹ ਜੁਗਤਾਂ ਵਿਭਿੰਨ ਸੰਚਾਰਕ ਵਿਧੀਆਂ ਉਪਕਰਣਾਂ ਅਤੇ ਤੱਤਾਂ ਦੁਆਰਾ ਵਿਸ਼ਿਸ਼ਟ ਪ੍ਰਯੋਜਨ ਹਿਤ ਕਾਰਜਸ਼ੀਲ ਹੁੰਦੀਆਂ ਹਨ।

---

1. ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸ ਲੋਭੀ ਕਾ ਜੀਉ ਟਲਪਲੈ॥ 1॥
ਬਿਨੁ ਤੇਲ ਦੀਵਾ ਕਿਉ ਜਲੈ॥ 1॥ ਰਹਾਉ॥
ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥
ਸਚੁ ਬੂਝਣੁ ਆਣਿ ਜਲਾਈਐ॥ 2॥ ਇਹੁ ਤੇਲੁ ਦੀਵਾ ਇਉ ਜਲੈ॥
ਕਰ ਚਾਨਣੁ ਸਾਹਿਬ ਤਉ ਮਿਲੈ॥ 1॥ ਰਹਾਉ॥
(ਮਹਲਾ 1, ਪੰਨਾ 25)

2. ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥
ਆਦਿ ਗ੍ਰੰਥ, ਪੰਨਾ 1

'ਗੁਰੂ ਨਾਨਕ ਬਾਣੀ' ਦੀ ਸਮੁੱਚੀ ਸੰਚਾਰ ਪ੍ਰਕ੍ਰਿਆ ਦਾ ਕੇਂਦਰੀ ਧੁਰਾ ਸ਼ਬਦ ਹੈ। ਇਸ ਬਾਣੀ ਵਿਚ ਸ਼ਬਦ ਆਪਣੇ ਕਈ ਰੂਪਾਂ ਵਿਚ ਪ੍ਰਗਟ ਹੋਇਆ ਹੈ। ਬਾਣੀ ਦੇ ਅੰਤਰਗਤ ਸ਼ਬਦ ਆਪਣੀ ਵਿਵਿਧਾਤਮਿਕਤਾ ਦਾ ਧਾਰਨੀ ਹੈ। ਪ੍ਰਤੱਖ ਰੂਪ ਵਿਚ ਸ਼ਬਦ ਦੇ ਦੋ ਸਰੂਪ ਹਨ। ਪ੍ਰਥਮ ਇਸ ਦਾ ਅਧਿਆਤਮਿਕ ਅਨੁਭਵ ਅਤੇ ਦੂਸਰਾ ਭਾਸ਼ਾਈ ਅਥਵਾ ਅਭਿਵਿਅਕਤੀ। ਸ਼ਬਦਾਂ ਦਾ ਮੁਢਲਾ ਸਰੂਪ ਧੁਨੀ ਹੈ। ਜੋ ਨਾਦ, ਪ੍ਰਕਾਸ਼ ਸੱਦ, ਅਤੇ ਬਾਣੀ ਹੈ। ਇਹ ਸ਼ਬਦ ਦਾ ਸੂਖਮ ਸਰੂਪ ਹੈ ਜੋ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ ਏਹੋ ਸਰੂਪ ਅਨਾਹਤ ਨਾਦ/ਸ਼ਬਦ ਹੈ। ਜਿਸ ਦੀ ਪ੍ਰਾਪਤੀ ਦਾ ਅਨੁਭਵ ਸੁਰਤਿ ਦੁਆਰਾ ਅੰਤਰ ਆਤਮਾ ਵਿਚ ਬਿਰਾਜੀ ਸ਼ਬਦ ਦੀ ਧੁਨੀ ਨੂੰ ਜਗਾਉਣ ਉਪਰੰਤ ਸੰਚਲਿਤ ਧੁਨ ਦੇ ਚਲਾਨ ਦੀ ਵਿਵਸਥਾ ਹੈ। ਸ਼ਬਦ ਦਾ ਇਹ ਅਨਾਹਤ ਰੂਪ ਉਸ ਪਰਮਾਤਮਾ ਦਾ ਅਸੀਮੀ ਗੁਣ ਹੈ ਅਤੇ ਇਸ ਗੁਣ ਦੇ ਧਾਰਨੀ ਪ੍ਰਭੂ ਦੀ ਪ੍ਰਾਪਤੀ ਸ਼ਬਦ ਦੁਆਰਾ ਹੀ ਸੰਭਵ ਹੈ ਇਸ ਅਵਸਥਾ ਦਾ ਬਿਆਨ ਗੁਰੂ ਨਾਨਕ ਬਾਣੀ ਦੇ ਹੇਠ ਲਿਖੇ ਫੁਰਮਾਨਾਂ ਤੋਂ ਵੀ ਸਪਸ਼ਟ ਹੈ:

(1) ਅਨਹਦ ਸਬਦੁ ਵਜੈ ਦਿਨੁ ਰਾਤੀ॥[3]

(2) ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥[4]

(3) ਵਾਜੇ ਬਾਝਹੁ ਸਿੰਙੀ ਵਾਜੈ
ਭਉ ਨਿਰਭਉ ਪਦੁ ਪਾਈਐ॥[5]

(4) ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ
ਤ੍ਰਿਭਵਣ ਜੋਤਿ ਸੁ ਸਬਦਿ ਲਹੈ॥[6]

ਸ਼ਬਦ ਦਾ ਦੂਸਰਾ ਸਰੂਪ ਸਥੂਲ ਹੈ ਜਿਸ ਦਾ ਸਰੂਪ ਬੋਧ ਅਤੇ ਗਿਆਨਬੋਧ ਭਾਸ਼ਾਈ ਅੱਖਰ ਦੁਆਰਾ ਹੁੰਦਾ ਹੈ। ਜਪੁਜੀ ਵਿਚ ਗੁਰੂ ਨਾਨਕ ਸਾਹਿਬ ਦਾ ਅੱਖਰ ਸੰਬੰਧੀ ਫੁਰਮਾਨ ਹੈ:

---

3. <u>ਆਦਿ ਗ੍ਰੰਥ</u>, ਮਹਲਾ 1, ਪੰਨਾ 904
4. ਉਹੀ, ਪੰਨਾ 903
5. ਉਹੀ, ਪੰਨਾ 730
6. ਉਹੀ, ਪੰਨਾ 945

ਅਖਰੀ ਨਾਮੁ ਅਖਰੀ ਸਾਲਾਹ।।
ਅਖਰੀ ਗਿਆਨੁ ਗੀਤ ਗੁਣ ਗਾਹ।।
ਅਖਰੀ ਲਿਖਣੁ ਬੋਲਣੁ ਬਾਣਿ।।
ਅਖਰਾ ਸਿਰਿ ਸੰਜੋਗੁ ਵਖਾਣਿ।।

ਇਸ ਤਰ੍ਹਾਂ ਅੱਖਰ(ਭਾਸ਼ਾ) ਰਾਹੀਂ ਪ੍ਰਭੂ ਦੀ ਸਿਫ਼ਤ ਸਲਾਹ ਦਾ ਗੁਣ ਗਾਣ ਹੈ ਪਰੰਤੂ ਜਿਥੇ ਬਾਣੀ ਹੈ ਉਥੇ ਅੱਖਰ ਉਸ ਨੂੰ ਸਦੀਵਤਾ ਪ੍ਰਦਾਨ ਕਰਨ ਦਾ ਮਾਧਿਅਮ ਹਨ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਸ਼ਬਦ ਨੂੰ ਭਾਸ਼ਾਈ ਸਰੂਪ ਦਿਤਾ ਅਤੇ ਲੋਕ-ਭਾਸ਼ਾ ਦੇ ਮਾਧਿਅਮ ਰਾਹੀਂ ਦੈਵੀ ਸ਼ਬਦ ਨੂੰ ਜਨਸਾਧਾਰਣ ਤਕ ਪਹੁੰਚਾਇਆ। ਇਹ ਸ਼ਬਦ ਉਸ ਖ਼ਾਲਕ ਦੇ ਆਦੇਸ਼ ਦਾ ਪਾਸਾਰਾ ਹੈ ਜਿਸ ਦੀ ਪ੍ਰਾਪਤੀ ਗੁਰੂ ਦੀ ਨਦਰਿ ਦੁਆਰਾ ਹੁੰਦੀ ਹੈ। ਗੁਰੂ ਪਰਮਸਤਿ ਤਕ ਪਹੁੰਚਣ ਦਾ ਮਾਧਿਅਮ ਹੈ। ਗੁਰੂ ਏਥੇ ਸਰੀਰ ਨਹੀਂ ਬਲਕਿ 'ਸ਼ਬਦ' ਹੀ ਹੈ। ਇਸ ਤਰ੍ਹਾਂ ਗੁਰੂ ਸ਼ਬਦ ਰੂਪ ਹੋ ਕੇ ਮਨੁੱਖ ਦੇ ਅੰਦਰ ਵਸ ਰਿਹਾ ਹੈ। ਉਸ ਨੂੰ ਪਰਗਟ ਕਰਨ ਦੀ ਲੋੜ ਹੈ। ਪਰਗਟ ਕਰਨ ਦੇ ਮਾਰਗ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀ ਆਖਰੀ ਪਉੜੀ ਵਿੱਚ ਸਪਸ਼ਟ ਕੀਤਾ ਹੈ ਕਿ ਕਿਸ ਪ੍ਰਕਾਰ ਪਰਮਸਤਿ ਜੋ ਅੰਤਰਨਿਹਤ ਹੈ ਉਸ ਦੀ ਸ਼ਬਦ ਰੂਪ ਵਿੱਚ ਪ੍ਰਾਪਤ ਹੁੰਦੀ ਹੈ। ਮਨੁੱਖ ਆਪਣੇ ਅੰਦਰ ਵਸ ਰਹੇ ਸ਼ਬਦ ਦਾ ਅਨੁਭਵ ਤਦ ਹੀ ਕਰ ਸਕਦਾ ਹੈ ਜੇ ਉਹ ਆਪਣੇ ਭਰਮ ਦੂਰ ਕਰਕੇ ਗੁਰੂ ਨੂੰ ਅਨੁਭਵ ਵਿੱਚ ਉਤਾਰ ਲਵੇ।[9] ਪਰਮਸਤਿ ਨਾਲ ਇਕਸੁਰਤਾ ਜੋ ਦਾਰਸ਼ਨਿਕ ਵਿਚਾਰ ਅਨੁਸਾਰ ਮਨੁੱਖ ਨੇ ਮੌਤ ਪਿਛੋਂ ਪ੍ਰਾਪਤ ਕਰਨੀ ਹੈ ਨੂੰ ਗੁਰਮਤਿ ਵਿਚ ਆਪਣੇ 'ਅਹੰ' ਨੂੰ ਦੂਰ ਕਰਕੇ ਜਿਉਂਦਿਆਂ ਹੀ ਪ੍ਰਾਪਤ ਕਰ ਸਕਦਾ ਹੈ ਅਤੇ ਅਨਹਤ ਨਾਦ ਨੂੰ ਆਪਣੇ ਅੰਦਰ ਹੀ ਸੁਣ ਸਕਦਾ ਹੈ। ਇਥੇ ਪਰਮਸਤਿ 'ਨਾਦ' (Musical Sound) ਹੈ। ਅਜਿਹੀ ਸ੍ਵੈਚਲਿਤ ਧੁਨੀ ਜਿਸ ਨੂੰ ਮਨ ਅਤੇ ਕੰਨਾਂ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਸ਼ਬਦ ਪਰਮ-ਸਤਿ ਦਾ ਪ੍ਰਗਟਾਅ ਹੈ ਅਤੇ ਪਰਮ ਸਤਿ ਸ਼ਬਦ ਰੂਪ ਹੋ ਕੇ ਮਨੁੱਖੀ ਮਨ ਵਿੱਚ ਰਮ ਰਿਹਾ ਹੈ। ਇਹੀ ਸ਼ਬਦ ਸਤਿ ਦਾ ਸਾਧਨ

---

7. ਆਦਿ ਗ੍ਰੰਥ, ਪੰਨਾ 4

8. ਜਾ ਬੋਲਿ ਤਹ ਅਛਰ ਆਵਾ।।
   ਜਹ ਅਬੋਲ ਤਹ ਮਨੁ ਨ ਰਹਾਵਾ।।
   (ਕਬੀਰ ਗਉੜੀ, ਪੰਨਾ 340)

9. ਆਦਿ ਗ੍ਰੰਥ, ਮਹਲਾ ੧, ਪੰਨਾ 8

ਹੈ ਅਤੇ ਇਸ ਸਤਿ ਦੀ ਪ੍ਰਾਪਤੀ ਸ਼ਬਦ ਦੇ ਵੀਚਾਰ, ਗਿਆਨ, ਮਨਣ ਅਤੇ ਧਿਆਨ ਦੁਆਰਾ ਹੁੰਦੀ ਹੈ। ਪਰਮਸਤਿ ਦਾ ਰੱਹਸਾਤਮਿਕ ਅਨੁਭਵ ਸ਼ਬਦ ਰਾਹੀਂ ਹੀ ਪਰਗਟ ਹੋ ਸਕਦਾ ਹੈ ਅਤੇ ਜਦੋਂ ਮਨੁੱਖੀ ਮਨ ਪਰਮਸਤਿ ਦਾ ਅਨੁਭਵ ਪ੍ਰਾਪਤ ਕਰ ਲੈਂਦਾ ਹੈ ਤਾਂ ਪਰਮਸਤਿ ਅਨਹਦ ਨਾਦ/ਸ਼ਬਦ ਦੇ ਰੂਪ ਵਿੱਚ ਸੁਣਾਈ ਦਿੰਦਾ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਸ਼ਬਦ ਗੁਰੂ ਨਾਨਕ ਬਾਣੀ ਦਾ ਕੇਂਦਰੀ ਧੁਰਾ ਹੈ। ਜੋ ਬਾਣੀ ਵੀ ਹੈ ਤੇ ਪ੍ਰਕਾਸ਼ ਵੀ। ਇਸ ਗਿਆਨ ਦੇ ਪ੍ਰਕਾਸ਼ ਲਈ ਗੁਰੂ ਸਾਹਿਬ ਨੇ ਮੂਲ ਤੌਰ ਤੇ ਸ਼ਬਦ ਦੇ ਵਿਭਿੰਨ ਰੂਪਾਂ ਨੂੰ ਪ੍ਰਯੋਗ ਕੀਤਾ ਹੈ। ਸ਼ਬਦ ਦੇ ਇਹ ਰੂਪ ਬਾਣੀ ਦੇ ਸੰਦੇਸ਼ ਦੇ ਸੰਚਾਰ ਸਮੂਹ ਲੋਕ ਮਨ ਸੰਗ ਇਕ ਸੁਰ ਹੋ ਕੇ ਵਿਭਿੰਨ ਰੂਪਾਕਾਰਾਂ ਵਿਚ ਪਰਿਵਰਤਿਤ ਹੋ ਰਿਹਾ ਹੈ। ਸ਼ਬਦ ਭਾਸ਼ਾਈ ਪਾਸਾਰ ਅੱਖਰੀਂ ਰੂਪ ਵਿਚ ਕਾਵਿ ਜੁਗਤ ਵਜੋਂ ਅਤੇ ਪ੍ਰਸਤੁਤੀ ਵਿਧਾਨ ਸੰਗੀਤ ਜੁਗਤ ਵਜੋਂ ਤਾਂ ਸਹਿਜੇ ਹੀ ਦ੍ਰਿਸ਼ਟਮਾਨ ਹੁੰਦੇ ਹਨ ਜਦੋਂ ਕਿ ਲੋਕ ਚਿੰਤਨ, ਲੋਕ ਪਰੰਪਰਾ, ਲੋਕ ਮਨ ਅਤੇ ਲੋਕ ਅਭਿਵਿਅਕਤੀ ਨਾਲ ਜੁੜੀ ਹੋਈ ਸਮੂਹ ਲੋਕਧਾਰਾ ਵੀ ਸਸ਼ਕਤ ਤੇ ਸਮਰੱਥ ਸੰਚਾਰ ਵਿਧਾ ਵਜੋਂ ਕਾਰਜ-ਸ਼ੀਲ ਹੁੰਦੀ ਹੈ। ਇਸ ਪ੍ਰਕਾਰ ਗੁਰੂ ਸਾਹਿਬ ਕਾਵਿ, ਭਾਸ਼ਾ ਲੋਕਧਾਰਾ ਅਤੇ ਸੰਗੀਤ ਨੂੰ ਵਿਭਿੰਨ ਸੰਚਾਰ ਜੁਗਤਾਂ ਵਜੋਂ ਇਸਤੇਮਾਲ ਕਰ ਰਹੇ ਹਨ। ਜਿਨ੍ਹਾਂ ਦੇ ਅੰਤਰਗਤ ਇਹਨਾਂ ਉਕਤ ਜੁਗਤਾਂ ਦੀਆਂ ਵਿਭਿੰਨ ਸੰਚਾਰਕ ਵਿਧੀਆਂ ਉਪਕਰਣ ਅਤੇ ਤੱਤ ਬਾਣੀ ਸੰਚਾਰ ਹਿਤ ਅਹਿਮ ਰੂਪ ਵਿਚ ਅੰਤਰਨਿਹਤ ਹੋ ਕੇ ਕਾਰਜਸ਼ੀਲ ਹੁੰਦੇ ਹਨ। ਪ੍ਰਥਮ ਰੂਪ ਵਿਚ ਇਥੇ ਸ਼ਬਦ ਦੇ ਅੱਖਰੀਂ ਪਸਾਰੇ 'ਕਾਵਿ' ਦਾ ਅਧਿਐਨ ਪ੍ਰਸਤੁਤ ਕੀਤਾ ਜਾ ਰਿਹਾ ਹੈ।

1. ਕਾਵਿ: ਸੰਚਾਰ ਜੁਗਤ ਵਜੋਂ

ਗੁਰੂ ਨਾਨਕ ਬਾਣੀ ਦੀ ਸਿਰਜਨ ਪ੍ਰਕ੍ਰਿਆ ਸਾਧਾਰਣ ਕਾਵਿ ਨਾਲੋਂ ਭਿੰਨ ਹੈ। ਭਾਵੇਂ ਕਿ ਬਾਣੀ ਦਾ ਉਤਾਰਾ (ਆਵੇਸ਼ ਰੂਪ) ਕਾਵਿਕ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਹ ਭਿੰਨਤਾ ਜਿਥੇ ਅਨੁਭਵ ਦੀਆਂ ਉਚਤਮ ਸਿਖਰਾਂ ਦੀ ਹੈ ਉਥੇ ਇਸ ਅਨੁਭਵ ਦੀ ਅਭਿਵਿਅਕਤੀ ਆਪਣੇ ਆਪ ਵਿੱਚ ਮੌਲਿਕ ਤੇ ਵਿਲੱਖਣਪ੍ਰਕਾਰਜ ਹੈ। ਜਿਵੇਂ ਕਿ ਅਸੀਂ ਪਹਿਲਾਂ ਹੀ ਵਰਣਨ ਕਰ ਆਏ ਹਾਂ ਕਿ 'ਗੁਰੂ ਨਾਨਕ ਬਾਣੀ' ਨੂੰ 'ਖਸਮ ਕੀ ਬਾਣੀ' ਜਾਂ ਉਸ 'ਖਾਲਕ ਕਾ ਆਦੇਸ' ਆਖਦਿਆਂ ਇਸ ਨੂੰ ਧੁਰ ਦਰਗਾਹੋਂ ਆਉਣ ਵਾਲਾ ਸੰਦੇਸ਼ ਸਵੀਕਾਰਦੇ ਹਨ। ਇਹ ਸੰਦੇਸ਼ ਕਿਸੇ ਪੂਰਵ ਨਿਸ਼ਚਿਤ ਸੋਚ ਸਿਧਾਂਤ ਜਾਂ ਦਰਸ਼ਨ ਦਾ ਧਾਰਣੀ ਨਹੀ ਸਗੋਂ ਨਿਰੋਲ ਰੱਬੀ ਹੁਕਮ ਜਾਂ ਗੈਬੀ ਆਵੇਸ਼ ਦੀ ਅਭਿਵਿਅਕਤੀ

ਸੰਸਾਰੀ ਅਭਿਵਿਅੰਜਨ ਜੁਗਤਾਂ ਦੁਆਰਾ ਹੁੰਦਿਆਂ ਹੋਇਆਂ ਵੀ ਅਜਿਹਾ ਸੰਚਾਰ ਪ੍ਰਬੰਧ ਸਿਰਜਦੀ ਹੈ ਜਿਸ ਨੂੰ ਨਿਰੋਲ ਕਲਾਤਮਿਕ ਪ੍ਰਕ੍ਰਿਆ ਵਾਂਗ ਵਿਸ਼ਲੇਸ਼ਿਤ ਕਰ ਸਕਣਾ ਕਠਿਨ ਕਾਰਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਬਾਬੀ ਭਾਈ ਮਰਦਾਨੇ ਨੂੰ ਇਹ ਕਹਿਕੇ ਮੁਖ਼ਾਤਿਬ ਹੋਣਾ 'ਮਰਦਾਨਿਆ! ਸਬਦੁ ਚਿਤਿ ਕਰਿ, ਤਉ ਖਾਝਹੁ ਖਾਣੀ ਸਰਿ ਨਹੀਂ ਆਵਦੀ, ਮਰਦਾਨਿਆ ਰਬਾਬ ਵਜਾਇ।'[10] ਬਾਣੀ ਦੀ ਗੁਰੂ ਦੇ ਵਾਕੀ ਰੂਪ ਸਿਰਜਨ ਪ੍ਰਕ੍ਰਿਆ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ ਅਤੇ ਇਸੇ ਮਹੱਤਵਪੂਰਨ ਬਚਨ ਤੋਂ ਬਾਣੀ ਦੀ ਸਿਰਜਨ ਪ੍ਰਕ੍ਰਿਆ ਵਿਚ ਕਾਵਿ ਅਤੇ ਸੰਗੀਤ ਦੀ ਇਕ ਦੂਸਰੇ ਪ੍ਰਤਿ ਪੂਰਕ ਹਾਜ਼ਰੀ ਜਾਂ ਸੰਯੁਕਤ ਸਮਿਲਿਤ ਕਾਰਜਸ਼ੀਲਤਾ ਇਸ ਪ੍ਰਕਿਆ ਨੂੰ ਸੰਸਾਰੀ ਪਧਰ ਉਤੇ ਵਿਸ਼ਲੇਸ਼ਿਤ ਕਰਨ ਵਿਚ ਸਹਾਈ ਹੁੰਦੀ ਹੈ। ਬਾਣੀ ਆਪਣੇ ਕਾਵਿਕ ਜਾਮੇ ਵਿਚ ਪ੍ਰਗਟ ਹੁੰਦੀ ਹੈ ਅਤੇ ਇਹ ਕਾਵਿਕ ਸਰੂਪ ਅਨੇਕ ਸੰਚਾਰ ਜੁਗਤਾਂ ਤੱਤਾਂ ਅਤੇ ਵਿਧੀਆਂ ਸਹਿਤ ਵਿਦਮਾਨ ਹੈ। ਇਸ ਕਾਵਿ ਦੀ ਪ੍ਰਸਤੁਤੀ ਜਾਂ ਕਾਵਿ ਦਾ ਸੰਚਾਰ ਸੰਗੀਤ ਦੁਆਰਾ ਸੰਭਵ ਹੁੰਦਾ ਹੈ। 'ਸ਼ਬਦ' ਕਾਵਿ ਦੀ ਕੇਂਦਰੀ ਬਿੰਦੂ ਅਤੇ ਮੂਲ ਸੰਚਾਲਕ ਸ਼ਕਤੀ ਹੈ। ਭਾਰਤੀ ਸੰਸਕ੍ਰਿਤ ਆਚਾਰੀਆ ਕਾਵਿ ਨੂੰ ਸ਼ਬਦ ਅਤੇ ਅਰਥ ਦਾ ਮੇਲ ਦਸਦਿਆਂ ਇਸ ਨੂੰ ਸ਼ਬਦਾਰਥ ਗੁਣ ਸਵੀਕਾਰਦੇ ਹਨ। ਗੁਰੂ ਸਾਹਿਬ ਸ਼ਬਦ ਨੂੰ ਅਰਥਾਤਮਕ ਅਤੇ ਨਾਦਾਤਮਕ ਗੁਣਾਂ ਦੇ ਸੰਯੁਕਤ ਤੇ ਸੰਤੁਲਿਤ ਪ੍ਰਯੋਗ ਕਰ ਰਹੇ ਹਨ ਜੋ ਕਾਵਿ ਦੁਆਰਾ ਮੂਰਤੀਮਾਨ ਹੋ ਰਿਹਾ ਹੈ। ਜੋ 'ਜੈਸੀ ਮੈ ਆਵੈ' ਅਤੇ 'ਖਸਮ ਕੀ ਬਾਣੀ' ਉਪਰ ਆਧਾਰਿਤ ਹੈ। ਉਹ ਖਸਮ ਜਾਂ ਖ਼ਾਲਕ ਆਪਣੇ ਹੁਕਮ ਦਾ ਵਰਤਾਰਾ ਤੇ ਪਸਾਰਾ ਆਪ ਹੀ ਵੇਖਦਾ ਹੈ ਇਸ ਵਰਤਾਰੇ ਪ੍ਰਤੀ ਆਪਣਾ ਆਦੇਸ਼ ਜਾਂ ਹੁਕਮ ਵੀ ਭੇਜ ਰਿਹਾ ਹੈ।[11] ਗੁਰੂ ਨਾਨਕ ਤਾਂ ਆਪਣੇ ਆਪ ਨੂੰ ਇਸ ਆਦੇਸ਼ ਜਾਂ ਹੁਕਮ ਦੇ ਸ਼ਾਇਰ ਜਾਂ ਢਾਡੀ ਹੀ ਆਖ ਰਹੇ ਹਨ। ਉਹਨਾਂ ਦੁਆਰਾ ਵਰਣਿਤ ਇਹ ਸ੍ਵੈ-ਸਥਿਤੀ ਉਹਨਾਂ ਦੀ ਪਰਮਾਤਮਾ ਨਾਲ ਇਕਸੁਰਤਾ ਅਤੇ ਵਿਅਕਤਿਤ੍ਵ ਨੂੰ ਅਸੀਮ ਅਰਥਾਂ ਵਿਚ ਪ੍ਰਗਟ ਕਰ ਰਹੀ ਹੈ। ਇਹ ਇਕਸੁਰਤਾ ਅਤੇ ਅਸੀਮ ਅਰਥ ਕਾਲ ਅਤੇ ਸਥਾਨ ਦੇ ਸਾਧਾਰਣ ਪ੍ਰਸੰਗ ਅਤੇ ਸੰਦਰਭ ਤੋਂ ਮੁਕਤ ਅਕੱਥ ਦਾ ਕਥਨ ਜਾਂ ਰਹੱਸਾਤਮਿਕ ਪ੍ਰਗਟਾਅ ਹੈ। ਇਹ ਸਥਿਤੀ ਬਾਣੀ ਦੇ ਪ੍ਰਗਟ ਰੂਪ ਦੀ ਵਾਸਤਵਿਕਤਾ ਨੂੰ ਪਹਿਚਾਨਣ ਦਾ ਸੰਕੇਤ ਮਾਤਰ ਹੀ ਹੈ। ਬਾਣੀ ਦੇ ਏਸੇ ਮਹੱਤਵ ਨੂੰ ਕਾਇਮ ਰਖਦਿਆਂ ਏਸੇ ਦ੍ਰਿਸ਼ਟੀ ਤੋਂ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਸੰਦਰਭ ਵਿਚ ਕਾਵਿ ਨੂੰ ਵਿਸ਼ਿਸ਼ਟ ਜੁਗਤ ਵਜੋਂ ਵਾਚਣਾ ਅਨਿਵਾਰਯ ਹੈ। ਬਾਣੀ ਦੀ ਇਹ ਪ੍ਰਮੁੱਖ ਜੁਗਤ ਆਪਣੇ ਅਨੇਕ ਰੂਪਾਂ ਸੰਚਾਰ ਤੱਤਾਂ ਅਤੇ ਭਿੰਨ

---

10. ਪੁਰਾਤਨ ਜਨਮਸਾਖੀ (ਸੰਪਾ.) ਸਮਸ਼ੇਰ ਸਿੰਘ ਅਸ਼ੋਕ, ਪੰਨਾ 71

11. ਕਰਿ ਕਰਿ ਵੇਖੈ ਹੁਕਮੁ ਸਬਾਇਆ।।

ਮਾਰੂ ਮਹਲਾ ੧, ਪੰਨਾ 1036.

ਭਿੰਨ ਵਿਧੀਆਂ ਦੁਆਰਾ ਪ੍ਰਗਟ ਹੋ ਰਹੀ ਹੈ। ਪ੍ਰਥਮ ਰੂਪ ਇਸ ਦੇ ਕਾਵਿ-ਰੂਪਾਂ ਨਾਲ ਸਾਂਝ ਬਾਣੀ ਦੇ ਕਾਵਿਕ ਪਸਾਰੇ ਅਤੇ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਵਿੱਚ ਸਹਾਈ ਹੋਵੇਗੀ।

1.1 ਬਾਣੀ ਕਾਵਿ ਰੂਪ: ਸਰੂਪ ਤੇ ਕਾਰਜ ਪ੍ਰਕ੍ਰਿਆ: ਗੁਰੂ ਨਾਨਕ ਬਾਣੀ ਵਿਚ ਪੂਰਵ ਪ੍ਰਚਲਿਤ ਸਨਾਤਨੀ ਅਤੇ ਲੋਕ ਕਾਵਿ ਰੂਪਾਂ ਦਾ ਇਸਤੇਮਾਲ ਕੀਤਾ ਗਿਆ ਹੈ, ਪਰੰਤੂ ਇਹ ਪ੍ਰਯੋਗ ਮੌਲਿਕ ਬਾਣੀ ਅਨੁਸ਼ਾਸਨ ਦਾ ਧਾਰਣੀ ਹੈ। ਸਨਾਤਨੀ ਕਾਵਿ ਰੂਪ ਭਾਰਤੀ ਕਾਵਿ ਦੇ ਪ੍ਰਾਚੀਨ ਤੇ ਵਿਸ਼ਿਸਟਤਮ ਲੱਛਣਾਂ ਵਾਲਾ ਸਾਹਿਤ ਰੂਪ ਹੈ। ਇਸ ਕਾਵਿ ਦੇ ਮੂਲ ਲੱਛਣ ਜਿਥੇ ਇਸ ਦੇ ਚਿਰਸਥਾਈ ਅਤੇ ਚਿਰਜੀਵੀ ਹੋਣ ਨਾਲ ਸੰਬੰਧ ਰਖਦੇ ਹਨ ਉਥੇ ਰਚਨਾ ਦੀ ਪੱਧਰ ਉਤੇ ਇਨ੍ਹਾਂ ਦੇ ਆਪਣੇ ਵਿਸ਼ਿਸ਼ਟ ਨਿਯਮ ਵੀ ਹਨ ਜੋ ਕਿ ਅਨੁਸ਼ਾਸਨਬੱਧਤਾ ਦੇ ਧਾਰਣੀ ਹਨ। ਲੋਕ ਕਾਵਿ-ਰੂਪ ਆਪਣੇ ਮੂਲ ਗੁਣਾਂ ਕਰਕੇ ਲੋਕ ਮਾਨਸ ਦੀ ਅਭਿਵਿਅਕਤੀ ਅਤੇ ਸਵੀਕ੍ਰਿਤੀ ਨਾਲ ਜੁੜੇ ਹੋਏ ਹਨ। ਇਹਨਾਂ ਦਾ ਆਪਣਾ ਵਿਸ਼ਾਲ ਅਤੇ ਵਿਸਤ੍ਰਿਤ ਪਸਾਰਾ ਹੈ, ਜੋ ਆਪਣੇ ਵਿਸ਼ਿਸ਼ਟ ਕਾਵਿਕ ਅਤੇ ਗੀਤਕ ਗੁਣਾਂ ਅਤੇ ਲੱਛਣਾਂ ਦਾ ਧਾਰਣੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਾਵਿ ਦੇ ਉਪਰੋਕਤ ਇਹਨਾਂ ਦੋਹਾਂ ਰੂਪਾਂ ਨੂੰ ਕਾਵਿ ਦੀ ਜੁਗਤ ਹਿਤ ਪ੍ਰਯੋਗ ਕਰ ਰਹੇ ਹਨ, ਪਰੰਤੂ ਜਿਥੇ ਗੁਰੂ ਸਾਹਿਬ ਸਨਾਤਨੀ ਕਾਵਿ-ਰੂਪਾਂ ਦੀ ਸ਼ਾਸਤਰੀਅਤਾ ਦੀ ਕੱਟੜਤਾ ਨੂੰ ਨਵੀਨ ਖੁਲ੍ਹ ਦੇ ਰਹੇ ਹਨ ਉਥੇ ਲੋਕ ਕਾਵਿ-ਰੂਪਾਂ ਦੇ ਆਪਹੁਦਰੇਪਣ ਤੇ ਖੁਲ੍ਹ ਤੇ ਗੁਰਮਤਿ ਦਾ ਅੰਕੁਸ਼ ਵੀ ਲਗਾ ਰਹੇ ਹਨ। ਇਸ ਪ੍ਰਕਾਰ 'ਗੁਰੂ ਨਾਨਕ ਬਾਣੀ' ਅੰਤਰ ਨਿਹਤ ਪ੍ਰਯੋਗ ਹੋਣ ਵਾਲੇ ਕਾਵਿ-ਰੂਪ ਵਿਸ਼ੇਸ਼ ਅਨੁਸ਼ਾਸਨ-ਬੱਧਤਾ ਦੇ ਧਾਰਣੀ ਹਨ। ਇਹ ਅਨੁਸ਼ਾਸਨ ਕੋਈ ਪਰੰਪਰਿਕ ਸਨਾਤਨੀ ਜਾਂ ਕਾਵਿ ਨੇਮ ਜਾਂ ਨਿਯਮ ਦਾ ਨਹੀਂ ਬਲਕਿ ਬਾਣੀ ਪ੍ਰਬੰਧ ਵਿਚੋਂ ਉਤਪੰਨ ਗੁਰਮਤਿ ਦੇ ਵਿਸ਼ੇਸ਼ ਸੰਕੇਤਾਂ ਦਾ ਅਨੁਸ਼ਾਸਨ ਹੈ ਜੋ ਬਾਣੀ ਦੇ ਸੰਦੇਸ਼ ਦੇ ਸੰਚਾਰ ਨੂੰ ਸਹਿਜ ਅਤੇ ਸੁਭਾਵਿਕ ਰੂਪ ਵਿੱਚ ਪ੍ਰਗਟ ਕਰਨ ਦਾ ਵਿਗਿਆਨਿਕ ਵਿਧਾਨ ਹੈ। ਗੁਰੂ ਨਾਨਕ ਬਾਣੀ ਦੇ ਕਾਵਿ-ਰੂਪਾਂ ਦੀ ਮੌਲਿਕ ਵਿਲੱਖਣਤਾ ਅਤੇ ਇਸਦੇ ਵਿਸ਼ੇਸ਼ ਪ੍ਰਬੰਧ ਨੂੰ ਜਾਨਣ ਲਈ ਗੁਰੂ ਨਾਨਕ ਬਾਣੀ ਵਿਚ ਆਏ ਕਾਵਿ-ਰੂਪਾਂ ਦਾ ਅਧਿਐਨ ਤੇ ਵਿਸ਼ਲੇਸ਼ਣ ਪ੍ਰਸਤੁਤ ਹੈ।

1.1.1 ਪਦੇ: 'ਪਦਾ' ਸਨਾਤਨੀ ਕਾਵਿ ਦਾ ਪੁਰਾਤਨ ਅਤੇ ਵਿਸ਼ਿਸਟਤਮ ਗੁਣਾਂ ਵਾਲਾ ਕਾਵਿ-ਰੂਪ ਹੈ। ਇਸ ਕਾਵਿ ਦੇ ਮੂਲ ਲੱਛਣ ਜਿਥੇ ਇਸਦੇ ਚਿਰਸਥਾਈ ਅਤੇ ਚਿਰਜੀਵੀ ਹੋਣ ਨਾਲ ਸੰਬੰਧਿਤ ਹਨ ਉਥੇ ਰਚਨਾ ਦੀ ਪੱਧਰ ਉਤੇ ਇਸ ਦੇ ਵਿਸ਼ਿਸ਼ਟ ਨਿਯਮ ਹਨ। ਵੈਦਿਕ ਅਤੇ ਪੌਰਾਣਿਕ ਕਾਵਿ ਦੇ ਵਿਭਿੰਨ ਮੰਤਰਾਂ ਦੇ ਰੂਪ ਵਿੱਚ ਉਚਾਰਣ ਪਦ-ਕਾਵਿ-ਰੂਪ ਦਾ ਆਰੰਭ ਮੰਨਿਆ ਜਾਂਦਾ ਹੈ। ਪਦ ਨੂੰ ਛੰਦ ਦੇ ਸਮਾਨਰਥਕ ਅਰਥਾਂ ਵਿੱਚ ਪ੍ਰਯੋਗ ਕਰਦਿਆਂ ਇਸ ਨੂੰ ਵਿਸ਼ਿਸ਼ਟ ਪ੍ਰਕਾਰ ਦੀ ਰਚਨਾ ਸਵੀਕਾਰ ਕੀਤਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ ਜੋ ਕਾਵਯ, ਵਰਣ ਗਣ ਮਾਤ੍ਰਾ ਦੇ ਨਿਯਮ ਵਿੱਚ ਆ ਜਾਵੇ

ਉਸ ਦਾ 'ਪਦ' ਸੰਗਯਾ ਹੈ।[12] ਮਾਤ੍ਰਾ, ਵਰਣ, ਸੰਖਿਆ, ਲਯ, ਵਿਸ੍ਰਾਮ ਅਤੇ ਤੁਕ ਦੇ ਨਿਯਮ ਅਨੁਸਾਰ ਕੀਤੀ ਗਈ ਰਚਨਾ 'ਪਦ' ਅਖਵਾਉਂਦੀ ਹੈ। ਪਦੇ ਦਾ ਸੰਬੰਧ ਸਰੋਦੀ ਕਵਿਤਾ ਨਾਲ ਮੰਨਿਆ ਜਾਂਦਾ ਹੈ। ਜਿਸ ਵਿੱਚ ਵੈਰਾਗ ਦੀ ਪੀੜ ਅਤੇ ਬਿਰਹੋਂ ਦੇ ਵਿਛੋੜੇ ਨੂੰ ਨਿਜੀ ਅੰਤਰਮਨ ਦੇ ਭਾਵਾਂ ਦੀ ਹੂਕ ਸੰਗ ਪ੍ਰੀਤਮ ਦੇ ਮਿਲਾਪ ਦੀ ਤਾਂਘ ਦਰਸਾਉਂਦਾ ਹੈ। ਇਹਨਾਂ ਪਦਿਆਂ ਵਿਚ ਵਰਣ, ਤੋਲ, ਤੁਕਾਂਤ, ਮਾਤਰਾ ਦਾ ਪਿੰਗਲ ਦੇ ਨਿਯਮਾਂ ਅਨੁਸਾਰ ਕਾਵਿ ਵਿਚ ਵਰਤੋਂ ਕੀਤੀ ਗਈ ਹੈ। ਪਦ ਦੇ ਸਰੂਪ ਅਤੇ ਸੌਂਦਰਯ ਨੂੰ ਸਥਿਰ ਰਖਣ ਲਈ ਯਤਿ (ਵਿਸ੍ਰਾਮ) ਦਾ ਨਿਯਮ ਲਾਗੂ ਹੋਇਆ। ਜਿਵੇਂ ਜਿਵੇਂ ਇਹਨਾਂ ਦਾ ਪ੍ਰਯੋਗ ਹੋਣ ਲਗਾ ਇਹਨਾਂ ਦਾ ਵਧੇਰੇ ਵਿਸਤਾਰ ਹੋਇਆ ਅਤੇ ਇਹ ਕਾਵਿ ਵਿੱਚ ਵਿਸ਼ੇਸ਼ ਅਨੁਸ਼ਾਸਨ-ਬੱਧਤਾ ਦੇ ਧਾਰਣੀ ਬਣਦੇ ਗਏ। ਕਾਵਿ ਦੀ ਅਨੁਸ਼ਾਸਨਬੱਧਤਾ ਦਾ ਲੱਛਣ ਅਰਥ ਦੇ ਪ੍ਰਕਾਸ਼ ਹਿਤ ਵਿਸ਼ੇਸ਼ ਰੂਪ ਵਿਚ ਸਹਾਇਕ ਸਿੱਧ ਹੋਇਆ।

'ਗੁਰੂ ਨਾਨਕ ਬਾਣੀ' ਵਿਚ 'ਪਦ' ਦਾ ਪ੍ਰਯੋਗ ਬਹੁਅਰਥਕ ਰੂਪ ਵਿਚ ਉਪਲਬੱਧ ਹੈ। ਪ੍ਰਥਮ ਰੂਪ ਵਿਚ ਬਾਣੀ ਦੇ ਕਾਵਿ-ਰੂਪ ਵਜੋਂ ਅਤੇ ਇਸ ਦੇ ਸਮਾਨਾਂਤਰ ਕਾਵਿ-ਛੰਦ ਦੇ ਅਰਥਾਂ ਵਿਚ। ਜਦੋਂ ਬਾਣੀ ਸਿਰਲੇਖ ਨੂੰ ਇਕਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ ਅਤੇ ਛੇਪਦਾ ਆਦਿ ਸੰਕੇਤਾਂ ਦੁਆਰਾ ਸੂਚਿਤ ਕੀਤਾ ਜਾਂਦਾ ਹੈ, ਤਾਂ ਸਪਸ਼ਟ ਹੈ ਕਿ ਇਹ ਸਿਰਲੇਖ ਸੰਕੇਤ ਕਾਵਿ-ਛੰਦ ਦੇ ਸੂਚਕ ਹਨ। ਇਹਨਾਂ ਪਦ ਰਚਨਾਵਾਂ ਨੂੰ ਰਾਗ, ਰਹਾਉ ਅੰਕ, ਘਰ ਆਦਿ ਸੰਕੇਤਾਂ ਨਾਲ ਵਿਸ਼ਿਸ਼ਟ ਸਰੰਚਨਾ ਪ੍ਰਦਾਨ ਕੀਤੀ ਗਈ ਹੈ। 'ਪਦ' ਕਾਵਿ-ਰੂਪ ਦੀ ਇਹ ਰਚਨਾ ਜਿਥੇ ਗਾਇਨ ਦੇ ਵਿਵਹਾਰਕ ਰੂਪ ਵਿੱਚ ਸਹਾਈ ਹੁੰਦੀ ਹੈ ਉਥੇ ਭਾਵਾਂ ਦੇ ਸੰਚਾਰ ਨੂੰ ਸਹਿਜ ਰੂਪ ਵਿਚ ਵਿਅਕਤ ਕਰਦੀ ਹੈ। ਗੁਰੂ ਨਾਨਕ ਬਾਣੀ ਦੇ ਸੰਦਰਭ ਵਿਚ 'ਪਦ' ਦੇ ਕਾਵਿ-ਰੂਪ ਸੰਬੰਧੀ ਵਿਚਾਰ ਉਪਰਾਂਤ ਸਾਡੇ ਸਾਹਮਣੇ 'ਪਦ ਗਾਇਨ' ਜਾਂ ਪਦਿਆਂ ਦਾ ਵਿਸ਼ੇਸ਼ ਸੰਗੀਤਾਤਮਿਕ ਸਰੂਪ ਵੀ ਉਘੜਦਾ ਹੈ ਜਿਸ ਦੀ ਪ੍ਰਤੱਖ ਉਦਾਹਰਣ ਇਹਨਾਂ ਦਾ ਰਾਗਬੱਧ ਹੋਣਾ, ਤੇ ਫੇਰ ਇਹਨਾਂ ਦਾ ਸੁਨਿਸ਼ਚਿਤ ਸੰਗੀਤ ਪ੍ਰਬੰਧ ਦਾ ਧਾਰਣੀ ਹੋਣਾ ਹੈ। 'ਗੁਰੂ ਨਾਨਕ ਬਾਣੀ' ਵਿਚ ਹਰੇਕ ਪਦਾ ਰਾਗ-ਯੁਕਤ ਹੈ। ਰਾਗ ਦਾ ਅੰਕਣ ਕਿਸੇ ਪ੍ਰਚਲਿਤ ਧਾਰਣਾ ਦੇ ਸਾਧਾਰਣ ਅਨੁਸਰਣ ਦਾ ਧਾਰਣੀ ਨਹੀਂ ਸਗੋਂ 'ਪਦ' ਦੇ ਸਿਰਲੇਖ ਵਜੋਂ ਅੰਕਿਤ ਹੋਣਾ ਇਸ ਦੇ ਗਾਏ ਜਾਣ ਦਾ ਸੂਚਕ ਹੈ। 'ਗੁਰੂ ਨਾਨਕ ਬਾਣੀ' ਅਧੀਨ ਪਦਿਆਂ ਦੀ ਰਚਨਾ ਲਗਭਗ ਸਾਰੇ ਰਾਗਾਂ ਵਿਚ ਕੀਤੀ ਗਈ ਹੈ। ਇਸ ਕਾਵਿ-ਰੂਪ ਨੂੰ ਕੀਰਤਨ ਵਿੱਚ ਵੀ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਇਹ ਕਾਵਿ-ਰੂਪ ਮਧਕਾਲੀਨ ਭਗਤਾਂ ਦੀਆਂ ਰਚਨਾਵਾਂ ਦਾ ਵੀ ਅਹਿਮ ਹਿੱਸਾ ਰਿਹਾ ਹੈ। 'ਪਦੇ' ਧਰੁਪਦ

---

12. ਗੁਰੂ ਛੰਦ ਦਿਵਾਕਰ, ਪੰਨਾ 147

ਗਾਇਨ ਸ਼ੈਲੀ ਦੇ ਅੰਗ ਤੋਂ ਗਾਏ ਜਾਂਦੇ ਹਨ। ਧਰੁਪਦ ਦਾ ਅਰਥ ਹੀ ਧਰੁਵ+ਪਦ ਹੈ। ਭਾਵ ਉਹ ਪਦ ਜੋ ਧਰੁਵ ਅਟੱਲ ਜਾਂ ਅਚਲ ਹੈ। ਇਹਨਾਂ ਅਰਥਾਂ ਵਿਚ ਕੇਵਲ ਈਸ਼ਵਰ ਹੀ ਧਰੁਵ ਹੈ ਅਤੇ ਉਸ ਦਾ ਗੁਣ ਕੀਰਤਨ ਸੂਚਕ ਪਦ ਨੂੰ ਧਰੁਪਦ ਕਿਹਾ ਜਾਂਦਾ ਹੈ। ਈਸਵਰ ਦੀ ਗੁਣਗਾਥਾ ਵਿਚ ਧਰੁਪਦ ਦਾ ਵਿਵਹਾਰ ਪ੍ਰਾਚੀਨ ਕਾਲ ਤੋਂ ਹੀ ਵੇਦ ਮੰਤਰਾਂ ਦੇ ਉਚਾਰਣ ਦੀ ਵਿਸ਼ਿਸ਼ਟ ਵਿਧੀ ਦੇ ਗਾਇਨ ਸਰੂਪ ਦਾ ਪ੍ਰਤੱਖ ਪ੍ਰਮਾਣ ਹੈ। ਗਾਇਨ ਵਿਚ ਧਰੁਪਦ ਦੇ ਤਾਲਾਂ ਵਿਚ ਵੀ ਗੰਭੀਰਤਾ ਹੈ। ਲਘੂ ਪ੍ਰਕ੍ਰਿਤੀ ਦੇ ਤਾਲ ਧਰੁਪਦ ਵਿਚ ਪ੍ਰਯੋਗ ਨਹੀਂ ਹੁੰਦੇ ਧਰੁਪਦ ਨਰਪਤਿਗਣ ਦੇ ਗੁਣ ਕੀਰਤਨ ਦੇ ਰੂਪ ਵਿੱਚ ਰਚੇ ਗਏ ਹਨ।[13] ਭਾਵੇਂ ਕੁਝ ਰਚਨਾਵਾਂ ਵਿਚ ਰਾਜਿਆਂ ਮਹਾਰਾਜਿਆਂ ਦੀ ਉਸਤਤੀ ਦੇ ਗੁਣਗਾਣ ਵੀ ਹਨ ਪਰੰਤੂ ਇਸ ਦੀ ਗਾਇਨ ਸ਼ੈਲੀ ਦਾ ਮੁੱਖ ਅਧਾਰ ਈਸ਼ਵਰੀ ਗੁਣ ਕੀਰਤਨ ਹੀ ਹੈ।

'ਗੁਰੂ ਨਾਨਕ ਬਾਣੀ' ਵਿਚ ਪਦਿਆਂ ਨਾਲ ਅੰਕਿਤ ਵਿਭਿੰਨ ਸੰਕੇਤ ਇਸਦੇ ਵਿਸ਼ੇਸ਼ ਗਾਇਨ ਪ੍ਰਬੰਧ ਦੇ ਸੂਚਕ ਹਨ। ਪਦ ਗਾਇਨ ਕਿਉਂਜੋ ਮਧਕਾਲੀਨ ਧਰੁਪਦ ਅੰਗ ਤੋਂ ਗਾਇਨ ਕੀਤਾ ਜਾਂਦਾ ਸੀ। ਇਸ ਦਾ ਗੁਰਬਾਣੀ ਵਿੱਚ ਵੀ ਵਿਧਾਨਕ ਅੰਸ਼ ਉਪਲੱਬਧ ਹੁੰਦਾ ਹੈ। ਰਹਾਉ (ਜੋ ਸ਼ਬਦ ਦੀ ਕੇਂਦਰੀ ਤੁਕ ਜਾਂ ਪੰਕਤੀ ਹੈ) ਬਾਣੀ ਦੇ ਪਦਿਆਂ ਵਿਚ ਧਰੁਪਦ ਦੇ ਧਰੁਵ ਵਾਂਗੂ ਕਾਰਜਸ਼ੀਲ ਰਹਿੰਦੀ ਹੈ। ਇਸੇ ਤਰ੍ਹਾਂ ਕਿਸੇ ਪਦ ਰਚਨਾ ਦੀਆਂ ਤੁਕਾਂ ਦੇ ਅੰਤ ਵਿਚ,, 1,2,3,4 ਆਦਿ ਦਾ ਅੰਕਣ ਇਹਨਾਂ ਤੁਕਾਂ ਦੇ ਵਿਭਿੰਨ ਅੰਤਰੇ ਹੋਣ ਦਾ ਸੂਚਕ ਹੈ। ਧਰੁਪਦ ਵਿਚ ਇਹ ਅੰਤਰੇ ਸਥਾਈ, ਅੰਤਰਾ, ਸੰਚਾਰੀ ਅਭੋਗ ਦੇ ਸਮਾਨਾਂਤਰ ਹਨ। ਬਾਣੀ ਵਿੱਚ ਕਿਉਂਜੋ ਪਦਿਆਂ ਦਾ ਗਾਇਨ ਧਰੁਪਦ ਗਾਇਨ ਦੀ ਕਲਾਤਮਿਕਤਾ ਅਤੇ ਨਿਰੋਲ ਸ਼ਾਸਤਰੀ ਰੂਪਗਤ ਪ੍ਰਤਿਬੱਧਤਾ ਦਾ ਧਾਰਨੀ ਨਹੀਂ ਇਸ ਕਰਕੇ ਧਰੁਪਦ ਗਾਇਨ ਦੇ ਸ਼ਾਸਤਰੀ ਨਿਯਮਾਂ ਦਾ ਪਾਲਣ ਬਾਣੀ ਵਿਚ ਪੂਰਣ ਤੌਰ ਤੇ ਦ੍ਰਿਸ਼ਟੀਗੋਚਰ ਨਹੀਂ ਹੁੰਦਾ, ਸਗੋਂ ਬਾਣੀ ਦੇ ਭਾਵ ਸੰਚਾਰ ਲਈ ਕਿਤੇ ਕਿਤੇ ਇਸ ਗਾਇਨ ਵਿਧਾਨ ਤੋਂ ਖੁਲ੍ਹ ਲੈ ਲਈ ਜਾਂਦੀ ਹੈ। ਇਸ ਤਰ੍ਹਾਂ ਅਸੀਂ ਗੁਰਬਾਣੀ ਵਿਚ ਅੰਕਿਤ ਪਦਿਆਂ ਦੇ ਗਾਇਨ ਨੂੰ ਨਿਰੋਲ ਧਰੁਪਦ ਗਾਇਨ ਅਨੁਸਾਰ ਨਾ ਮੰਨ ਕੇ ਧਰੁਪਦ ਅੰਗ (ਅੰਦਾਜ਼) ਤੋਂ ਗਾਏ ਜਾਣ ਵਾਲੀ ਰਚਨਾ ਸਵੀਕਾਰ ਕਰਾਂਗੇ। ਮਧਕਾਲੀਨ ਸੰਦਰਭ ਵਿੱਚ ਵਾਚੀਏ ਤਾਂ ਉਸ ਸਮੇਂ ਗਾਇਨ ਪੱਖ ਤੋਂ ਧਰੁਪਦ ਅੰਗ ਦਾ ਹੀ ਵਧੇਰੇ ਪ੍ਰਚਾਰ ਸੀ। ਇਸ ਕਰਕੇ ਬਾਣੀ ਦੇ ਇਸ ਰੂਪ ਦੀ ਸੰਗੀਤਕ ਸੰਰਚਨਾ ਕੇਵਲ ਚਉਪਦਿਆਂ ਤੇ ਪੰਚਪਦਿਆਂ 'ਤੇ ਹੀ ਲਾਗੂ ਨਹੀਂ ਹੁੰਦੀ ਸਗੋਂ ਦੁਪਦੇ ਤਿਪਦੇ ਆਦਿ ਦਾ ਗਾਇਨ ਵੀ ਇਸੇ ਅੰਗ ਤੋਂ ਸਥਾਈ ਅੰਤਰੇ ਦੇ ਵਿਭਾਜਨ ਅਨੁਸਾਰ ਕਰ ਲਿਆ ਜਾਂਦਾ ਹੈ।

---

13. ਚੌਧਰੀ ਵਿਮਲਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 65

ਪਦਿਆਂ ਦੇ ਉਪਰੋਕਤ ਕਾਵਿ ਅਤੇ ਗਾਇਨਮਈ ਸਰੂਪ ਸੰਬੰਧੀ ਪ੍ਰਸਤੁਤ ਚਰਚਾ ਤੋਂ ਇਹ ਤੱਤ ਸਹਿਜੇ ਹੀ ਨਿਖੜ ਕੇ ਸਾਹਮਣੇ ਆ ਜਾਂਦਾ ਹੈ ਕਿ ਪਦੇ 'ਗੁਰੂ ਨਾਨਕ ਬਾਣੀ' ਦੀ ਪ੍ਰਚਲਿਤ, ਸਮਰੱਥ ਤੇ ਸ਼ਕਤੀਵਾਨ-ਸੰਚਾਰ ਰਚਨਾ ਹੈ। ਜਿਸ ਦਾ ਸੁਨਿਸ਼ਚਿਤ ਸੰਗੀਤ ਪ੍ਰਬੰਧ 'ਗੁਰੂ ਨਾਨਕ ਬਾਣੀ' ਦੇ ਵਡੇਰੇ ਹਿੱਸੇ ਨੂੰ ਸੰਚਾਰ ਹਿਤ ਕਲਾਵੇ ਵਿਚ ਲੈ ਰਿਹਾ ਹੈ।

1.1.2 ਅਸ਼ਟਪਦੀ: ਅਸ਼ਟਪਦੀ ਮਧਕਾਲੀਨ ਕਾਵਿ ਦੀ ਵਿਸ਼ਿਸ਼ਟ ਰਚਨਾ ਹੈ। ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਰਤੀ ਅਧਿਆਤਮਿਕ ਚਿੰਤਨ ਧਾਰਾ ਦੇ ਸੰਤ ਭਗਤ ਕਵੀਆਂ ਨੇ ਆਪਣੀ ਬਾਣੀ ਦੇ ਸੰਚਾਰ ਲਈ ਪ੍ਰਯੋਗ ਕੀਤਾ ਹੈ। ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਇਹ (ਅਸ਼ਟ+ ਪਦ) ਭਾਵ ਅੱਠ ਬੰਦਾਂ ਦੀ ਕਾਵਿ ਰਚਨਾ ਹੈ। ਜੋ ਕਿ ਸਨਾਤਨੀ ਕਾਵਿ ਦਾ ਉਤਕ੍ਰਿਸ਼ਟ ਨਮੂਨਾ ਹੋਣ ਦੇ ਨਾਲ ਨਾਲ ਮਧਕਾਲ ਵਿਚ ਪ੍ਰਚਲਿਤ ਕਾਵਿ ਅਤੇ ਸੰਗੀਤ ਦੀ ਸੰਯੁਕਤ ਪਰੰਪਰਾ 'ਪ੍ਰਬੰਧ' ਗਾਇਨ ਦਾ ਵੀ ਪ੍ਰਤਿਨਿਧ ਰੂਪ ਸਵੀਕਾਰਿਆ ਜਾਂਦਾ ਹੈ। ਇਸ ਕਰਕੇ ਅਸ਼ਟਪਦੀ ਸੰਬੰਧੀ ਜਦੋਂ ਵੀ ਵਿਚਾਰ ਚਰਚਾ ਕਰਨੀ ਹੋਵੇ ਇਸ ਨੂੰ ਕੇਵਲ ਕਾਵਿਕ ਜਾਂ ਸੰਗੀਤਕ ਦ੍ਰਿਸ਼ਟੀਕੋਣ ਤੋਂ ਅਲਗ ਅਲਗ ਨਹੀਂ ਪਹਿਚਾਣਿਆ ਜਾ ਸਕਦਾ ਸਗੋਂ ਇਸ ਉਤੇ ਸੰਯੁਕਤ ਰੂਪ ਵਿਚ ਚਰਚਾ ਕਰਨੀ ਉਚਿਤ ਹੈ।

ਅਸ਼ਟਪਦੀ ਨੂੰ ਸਨਾਤਨੀ ਕਾਵਿ ਦੀ ਪ੍ਰਮੁੱਖ ਰਚਨਾ ਸਵੀਕਾਰਿਆ ਜਾਂਦਾ ਹੈ ਇਸ ਦੇ ਕਾਵਿਕ ਸਰੂਪ ਨੂੰ ਵਾਚੀਏ ਤਾਂ ਕਿਸੇ ਇਕ ਤੋਲ ਤੁਕਾਂਤ ਦੇ ਅੱਠ ਪਦਿਆਂ ਦੀ ਸੰਯੁਕਤ ਰੂਪ ਵਿਚ ਰਚਨਾ ਅਸ਼ਟਪਦੀ ਅਖਵਾਉਂਦੀ ਹੈ। ਆਮ ਕਰਕੇ ਇਸ ਰਚਨਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਸੰਬੰਧਿਤ ਵਿਚਾਰ ਨੂੰ ਵਿਭਿੰਨ ਪਹਿਲੂਆਂ ਤੋਂ ਪ੍ਰਸਤੁਤ ਕੀਤਾ ਜਾਂਦਾ ਹੈ। ਮੱਧਕਾਲ ਦੇ ਅੰਤਰਗਤ ਕਾਵਿ ਵਿਚ ਅਸ਼ਟਪਦੀ ਦੇ ਇਕ ਬੰਦ (ਆਮ ਕਰਕੇ ਪਹਿਲਾ ਬੰਦ) ਨੂੰ ਧਰੁਵ ਵਜੋਂ ਅੰਕਿਤ ਕੀਤਾ ਜਾਂਦਾ ਸੀ। ਜਿਸ ਨੂੰ ਸਥਾਈ ਪਦ ਕਿਹਾ ਜਾਂਦਾ ਹੈ। ਇਸੇ ਸਥਾਈ ਪਦ ਨੂੰ ਸੰਤ ਭਗਤ ਕਵੀਆਂ ਨੇ 'ਟੇਕ' ਅਤੇ ਗੁਰੂ ਸਾਹਿਬਾਨ ਨੇ 'ਰਹਾਉ' ਦਾ ਨਾਮ ਦਿੱਤਾ ਹੈ। ਲੌਕਿਕ ਅਤੇ ਪਰਾਲੌਕਿਕ ਜਗਤ ਨਾਲ ਸੰਬੰਧਿਤ ਗੰਭੀਰ, ਰਹਸਮਈ ਵਿਚਾਰਾਂ ਨੂੰ ਵਿਸਤਾਰ ਸਹਿਤ ਕਾਵਿਕ ਪ੍ਰਸਤੁਤੀ ਪ੍ਰਦਾਨ ਕਰਨ ਲਈ ਇਹ ਰਚਨਾ ਵਿਸ਼ੇਸ਼ ਤੌਰ ਤੇ ਢੁਕਵੀਂ ਹੈ। ਇਸ ਰਚਨਾ ਦੇ ਪਰੰਪਰਾਗਤ ਪ੍ਰਚਲਨ ਤੋਂ ਇਸ ਦੇ ਸਰੂਪ ਵਿਚ ਕਈ ਵਿਭਿੰਨਤਾਵਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਸਰਵਪ੍ਰਥਮ ਅਸ਼ਟਪਦੀ ਰਚਨਾਵਾਂ ਵਿਚ ਕਿਸੇ ਇਕ ਵਿਸ਼ੇਸ਼ ਛੰਦ ਦਾ ਪ੍ਰਯੋਗ ਨਹੀ ਕੀਤਾ ਜਾਂਦਾ ਸਗੋਂ ਵੱਖ ਵੱਖ ਅਸ਼ਟਪਦੀਆਂ ਵਿਚ ਵੱਖ ਵੱਖ ਤੋਲ ਤੁਕਾਂਤ ਵਾਲੇ ਛੰਦ ਵੀ ਉਪਲਬੱਧ ਹੁੰਦੇ ਹਨ। ਇਸ ਤਰ੍ਹਾਂ ਇੱਕੋ ਤੋਲ ਤੁਕਾਂਤ ਵਾਲੇ ਅੱਠ ਬੰਦਾਂ ਦੀ ਕਾਵਿ ਇਕਾਈ ਅਸ਼ਟਪਦੀ ਸਵੀਕਾਰੀ ਜਾਂਦੀ ਹੈ। ਜਿਵੇਂ ਕਿ ਅਸੀਂ ਉਪਰ ਵਰਣਨ ਕਰ ਆਏ ਹਾਂ ਕਿ ਮੱਧਕਾਲ ਵਿੱਚ ਇਸ ਕਾਵਿ ਰਚਨਾ ਦਾ ਕਾਫੀ ਪ੍ਰਚਾਰ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵਲੇ ਬੰਗਾਲ ਦੇ

ਸੰਤ ਭਗਤ ਕਵੀ 'ਜੈਦੇਵ' ਦੀ ਪ੍ਰਸਿੱਧ ਰਚਨਾ 'ਗੀਤ ਗੋਵਿੰਦ' ਇਸ ਕਾਵਿ ਰਚਨਾ ਦਾ ਸੁਪ੍ਰਸਿੱਧ ਕਾਵਿ ਸੰਗ੍ਰਿਹ ਹੈ। 'ਗੀਤ ਗੋਵਿੰਦ' ਵਿਚ ਅੰਕਿਤ ਜੈਦੇਵ ਦੀਆਂ ਅਸਟਪਦੀਆਂ ਭਗਤ ਸਾਹਿਤ ਦੀਆਂ ਮਹੱਤਵਪੂਰਣ ਰਚਨਾਵਾਂ ਹਨ। ਜੈਦੇਵ ਦੀਆਂ ਇਹ ਰਚਨਾਵਾਂ ਕਾਵਿਕ ਅਤੇ ਸੰਗੀਤਕ ਦੋਹਾਂ ਪੱਖਾਂ ਤੋਂ ਉੱਤਮ ਤੇ ਅਮਰ ਹਨ। ਜਿਨ੍ਹਾਂ ਦਾ ਗਾਇਨ ਬੰਗਾਲ ਵਿਚ ਪ੍ਰਚਲਿਤ ਹੈ। ਇਹਨਾਂ ਰਚਨਾਵਾਂ ਨੂੰ 'ਪ੍ਰਬੰਧ' ਗਾਇਨ ਦਾ ਉਤਮ ਨਮੂਨਾ ਸਵੀਕਾਰਿਆ ਜਾਂਦਾ ਹੈ, ਕਿਉਂਜੋ ਅਸ਼ਟਪਦੀ ਆਪਣੇ ਕਾਵਿਕ ਅਤੇ ਸੰਗੀਤਕ ਸੰਯੁਕਤ ਸਰੂਪ ਸਦਕਾ ਹੀ ਸੰਪੂਰਨ ਰਚਨਾ ਵਜੋਂ ਮੂਰਤੀਮਾਨ ਹੁੰਦੀ ਹੈ। ਇਸ ਕਰਕੇ ਅਸ਼ਟਪਦੀ ਦੇ ਕਾਵਿਕ ਸਰੂਪ ਸੰਬੰਧੀ ਵਿਚਾਰ ਉਪਰਾਂਤ ਇਸ ਦੇ ਸੰਗੀਤਕ ਸਾਰਥਕਤਾ ਦੀ ਪਹਿਚਾਣ ਹਿਤ 'ਪ੍ਰਬੰਧ ਗਾਇਨ' ਸ਼ੈਲੀ ਸੰਬੰਧੀ ਜਾਣਨਾ ਆਵਸ਼ਕ ਪ੍ਰਤੀਤ ਹੁੰਦਾ ਹੈ।

'ਪ੍ਰਬੰਧ' ਗਾਇਨ ਪੂਰਵ ਮੱਧ ਯੁਗ ਦੀ ਵਿਸ਼ੇਸ਼ ਪਰੰਪਰਾ ਰਹੀ ਹੈ।ਜਿਸਦਾ ਪ੍ਰਯੋਗ ਭਗਤੀ ਸੰਗੀਤ ਦਾ ਅਹਿਮ ਹੈ। 'ਪ੍ਰਬੰਧ' ਦੇ ਸ਼ਾਬਦਿਕ ਅਰਥ ਨੂੰ ਵਾਚੀਏ ਤਾਂ 'ਪ੍ਰ' ਤੋਂ ਭਾਵ ਹੈ 'ਵਿਸ਼ੇਸ਼ ਰੂਪ ਵਿਚ' ਅਤੇ ਬੰਧ ਤੋ ਭਾਵ ਹੈ ਬੰਨ੍ਹਿਆ ਹੋਇਆ। ਇਸ ਤਰ੍ਹਾਂ ਪ੍ਰਬੰਧ ਦੇ ਸ਼ਾਬਦਿਕ ਅਰਥ ਹਨ ਵਿਸ਼ੇਸ਼ ਰੂਪ ਵਿਚ ਨਿਬੱਧ ਰਚਨਾ। ਪ੍ਰਬੰਧ ਗਾਇਨ ਦਾ ਸਿੱਧਾ ਸੰਬੰਧ ਗੀਤ ਨਾਲ ਹੈ। 'ਮਾਰਗ' ਅਤੇ 'ਗਾਨ' ਗੀਤ ਦੇ ਦੋ ਭੇਦ ਹਨ। 'ਨਿਬੱਧ' ਅਤੇ ਅਨਿਬੱਧ' ਦੋ ਗਾਨ-ਪ੍ਰਕਾਰ ਹਨ। ਇਨ੍ਹਾਂ ਵਿਚੋਂ ਨਿਬੱਧ ਗਾਨ ਦੀਆਂ ਤਿੰਨ ਸੰਗਿਆਵਾਂ ਹਨ। ਪ੍ਰਬੰਧ, ਵਸਤੂ ਅਤੇ ਰੂਪਕ। ਪ੍ਰਬੰਧ ਦੇ ਚਾਰ ਧਾਤੂ ਹਨ। (1) ਉਦਗ੍ਰਾਹ 2. ਮੇਲਾਪਕ, 3. ਧਰੁਵ, 4. ਆਭੋਗ। ਉਦਗ੍ਰਾਹ ਕਿਸੇ ਗੀਤ ਦਾ ਪ੍ਰਵੇਸ਼ ਭਾਗ ਜਾਂ ਆਰੰਭਿਕ ਭਾਗ ਹੈ। ਮੇਲਾਪਕ ਪ੍ਰਵੇਸ਼ ਭਾਗ 'ਉਦਗ੍ਰਾਹ' ਅਤੇ 'ਧਰੁਵ' ਦਾ ਆਪਸੀ ਮੇਲ ਭਾਗ ਹੁੰਦਾ ਹੈ। 'ਧਰੁਵ' ਪ੍ਰਬੰਧ ਦਾ ਤੀਸਰਾ ਭਾਗ ਹੈ ਜੋ ਸਥਾਈ ਜਾਂ ਟੇਕ ਵਜੋਂ ਗਾਇਨ ਵਿਚ ਧੁਰੇ ਵਾਂਗੂ ਕਿਰਿਆ ਕਰਦਾ ਹੈ। ਆਭੋਗ ਪ੍ਰਬੰਧ ਦਾ ਅੰਤਿਮ ਤੇ ਚੌਥਾ ਭਾਗ ਹੈ ਜੋ ਪ੍ਰਬੰਧ ਗਾਇਨ ਨੂੰ ਸੰਪੂਰਨਤਾ ਵਲ ਲਿਜਾਂਦਾ ਹੈ। ਪ੍ਰਬੰਧ ਗਾਇਨ ਦਾ ਇਕ ਪ੍ਰਕਾਰ 'ਸਾਲਸ ਗੂੜ' ਹੈ ਜਿਸ ਵਿਚ ਪ੍ਰਬੰਧ ਦੇ ਉਪਰੋਕਤ ਚਾਰ ਭਾਗਾਂ ਤੋਂ ਬਿਨਾਂ 'ਅੰਤਰਾ' ਨਾਮਕ ਪੰਜਵਾਂ ਭਾਗ ਵੀ ਮੰਨਿਆ ਜਾਂਦਾ ਹੈ। ਪ੍ਰਬੰਧ ਦੀ ਰਚਨਾ ਸੰਬੰਧੀ ਇਹ ਮੱਤ ਪ੍ਰਚਲਿਤ ਹੈ ਕਿ ਇਸਦੇ ਸਾਰੇ ਅੰਗਾਂ ਦਾ ਹੋਣਾ ਜ਼ਰੂਰੀ ਨਹੀਂ ਇਸੇ ਕਰਕੇ ਪ੍ਰਬੰਧ ਦਵੰਗ, ਵਅੰਗ, ਚਤੁਰੰਗ ਅਤੇ ਪਚਾਂਗ ਆਦਿ ਵੀ ਹੁੰਦੇ ਹਨ।[14] ਅਸ਼ਟਪਦੀ 'ਪ੍ਰਬੰਧ' ਗਾਇਨ ਦਾ ਉਤਕ੍ਰਿਸ਼ਟ ਨਮੂਨਾ ਹੈ। ਜਿਨ੍ਹਾਂ ਵਿੱਚ 'ਉਦਗ੍ਰਾਹ' ਅਤੇ ਧਰੁਵ ਤਾਂ ਹਨ ਪਰੰਤੂ ਮੇਲਾਪਕ ਨਹੀਂ।

---

14. ਨਿਬੰਧ ਸੰਗੀਤ (ਸੰਪਾ.) ਲਕਸ਼ਮੀ ਨਾਰਾਇਣ ਗਰਗ, ਪੰਨਾ 57

ਗੁਰੂ ਨਾਨਕ ਬਾਣੀ ਵਿਚ ਅਸ਼ਟਪਦੀ ਕਾਵਿ-ਰੂਪ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਚਉਪਦੇ, ਪੰਚਪਦਿਆਂ ਆਦਿ ਤੋਂ ਬਾਅਦ ਅਸ਼ਟਪਦੀ ਕਾਵਿ-ਰੂਪ ਹੀ ਦਰਜ ਕੀਤਾ ਗਿਆ ਹੈ। ਅਸ਼ਟਪਦੀ ਕਾਵਿ-ਰੂਪ ਦੇ ਅੰਤਰਗਤ ਦਰਜ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਭਿੰਨ ਅਧਿਆਤਮਿਕ ਵਿਚਾਰਾਂ ਨੂੰ ਸਰਬ ਸਾਧਾਰਣ ਸਾਹਵੇ ਪ੍ਰਕਾਸ਼ਮਾਨ ਕਰਨ ਲਈ ਵਿਸਤ੍ਰਿਤ ਰੂਪ ਵਿੱਚ ਕਾਵਿਕ ਅਭਿਵਿਅੰਜਨਾ ਕੀਤੀ ਹੈ। 'ਗੁਰੂ ਨਾਨਕ ਬਾਣੀ' ਵਿਚ ਅਸ਼ਟਪਦੀ ਦਾ ਪ੍ਰਯੋਗ ਭਾਰਤੀ ਸਨਾਤਨੀ ਕਾਵਿ ਨਾਲੋਂ ਜਿਥੇ ਭਿੰਨਤਾ ਰਖਦਾ ਹੈ ਉਥੇ ਇਸ ਵਿੱਚ ਕਈ ਨਵੇਂ ਪ੍ਰਯੋਗ ਵੀ ਕੀਤੇ ਗਏ ਹਨ। ਗੁਰੂ ਨਾਨਕ ਸਾਹਿਬ ਦੁਆਰਾ ਰਚਿਤ ਅਸ਼ਟਪਦੀਆਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਕੇਂਦਰੀ ਅਤੇ ਮੂਲ ਵਿਚਾਰਾਂ ਵਾਲੀਆਂ ਪੰਕਤੀਆਂ ਨੂੰ ਰਹਾਉ ਦੇ ਤੌਰ ਤੇ ਅੰਕਿਤ ਕੀਤਾ ਗਿਆ ਹੈ। ਇਹ ਪੰਕਤੀਆਂ ਅਸ਼ਟਪਦੀ ਦੇ ਬਾਕੀ ਬੰਦਾਂ ਨਾਲੋਂ ਵਿਸ਼ੇਸ਼ ਕੇਂਦਰੀ ਮਹੱਤਵ ਰਖਦੀਆਂ ਹਨ ਅਤੇ ਇਹਨਾਂ ਪੰਕਤੀਆਂ ਵਿਚ ਪ੍ਰਗਟਾਏ ਗਏ ਬੁਨਿਆਦੀ ਵਿਚਾਰ ਦੇ ਦੁਆਲੇ ਬਾਕੀ ਦੇ ਬੰਦ ਜਾਂ ਪਦ ਵਿਚਰਦੇ ਹਨ। ਇਸ ਪ੍ਰਕ੍ਰਿਆ ਨੂੰ ਅਸ਼ਟਪਦੀ ਦੇ ਸੰਗੀਤਕ ਸਰੂਪ ਦੇ ਸੰਦਰਭ ਵਿਚ ਹੋਰ ਜ਼ਿਆਦਾ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ, ਜਿਸ ਸੰਬੰਧੀ ਅਸੀਂ ਅਗੇ ਵਿਚਾਰ ਕਰ ਰਹੇ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਵਿਭਿੰਨ ਰਾਗਾਂ ਵਿਚ 102 ਅਸ਼ਟਪਦੀਆਂ ਅੰਕਿਤ ਹਨ। ਇਹਨਾਂ ਅਸ਼ਟਪਦੀਆਂ ਦੇ ਬੰਦਾਂ ਦੇ ਕਈ ਰੂਪ ਵਿਦਮਾਨ ਹਨ। ਕੁਝ ਅਸ਼ਟਪਦੀਆਂ ਵਿਚ ਇਕ ਬੰਦ ਵਿਚ ਤੁਕਾਂ ਦੀ ਗਿਣਤੀ ਇਕ, ਦੋ, ਤਿੰਨ ਅਤੇ ਚਾਰ[15] ਵੀ ਹੈ । ਇਸ ਪ੍ਰਕਾਰ ਪਦਿਆਂ ਦੀ ਗਿਣਤੀ ਵੀ ਅੱਠ ਤੋਂ ਘੱਟ ਵਧਕੇ 7,9 ਅਤ 10 ਪਾਈ ਜਾਂਦੀ ਹੈ। ਗੁਰੂ ਨਾਨਕ ਬਾਣੀ ਦੇ ਸੰਦਰਭ ਵਿਚ ਅਸ਼ਟਪਦੀ ਵਿਚਲੇ ਪਦਿਆਂ ਦਾ ਵਿਭਿੰਨ ਪ੍ਰਯੋਗ ਇਸ ਪ੍ਰਕਾਰ ਹੈ। ਰਾਗ ਸਿਰੀ ਦੀ ਪਹਿਲੀ, ਰਾਗ ਆਸਾ ਦੀ ਚੌਥੀ, ਅਤੇ ਰਾਗ ਮਾਰੂ ਦੀ ਗਿਆਰਵੀਂ ਪਉੜੀ ਸਤ ਪਦਾਂ ਦੀ ਹੈ। ਰਾਗ ਗਉੜੀ ਵਿਚ ਅੱਠਵੀ, ਚੌਧਵੀਂ, ਪੰਦਰਵੀਂ, ਰਾਗ ਆਸਾ ਵਿਚ ਅੱਠਵੀਂ, ਰਾਗ ਸਿਰੀ ਵਿਚ ਤੇਰ੍ਹਵੀਂ, ਰਾਗ ਰਾਮਕਲੀ ਵਿਚ ਚੌਥੀ, ਰਾਗ ਮਾਰੂ ਵਿਚ ਸਤਵੀਂ, ਰਾਗ ਮਲਾਰ ਵਿਚ ਦੂਸਰੀ ਅਤੇ ਰਾਗ ਭੈਰਉ ਵਿੱਚ ਪਹਿਲੀ ਆਦਿਕ ਅਸ਼ਟਪਦੀਆਂ ਨੌ ਪਦਾਂ ਦੀਆਂ ਹਨ। ਇਸੇ ਪ੍ਰਕਾਰ ਰਾਗ ਸਿਰੀ ਦੀ ਗਿਆਰਵੀਂ ਅਤੇ ਰਾਗ ਆਸਾ ਦੀ ਸਤਵੀਂ ਅਸ਼ਟਪਦੀ ਦਸ ਪਦਾਂ ਦੀ ਹੈ। ਇਹਨਾਂ ਵਿਚ ਰਹਾਉ ਦੀਆਂ ਦੋ ਤੁਕਾਂ ਸ਼ਾਮਿਲ ਨਹੀਂ ਹਨ।

---

15. ਇਕ ਤੁਕੀ: ਆਸਾ ਰਾਗ ਦੀ 10ਵੀਂ ਅਸਟਪਦੀ, ਰਾਮਕਲੀ ਦੀਅਠਵੀਂ ਅਤੇ ਨੌਵੀਂ
ਦੋ ਤੁਕੀ: ਗਉੜੀ ਗੁਆਰੇਰੀ ਦੀ 16ਵੀਂ ਅਸ਼ਟਪਦੀ
ਤਿੰਨ ਤੁਕੀ: ਸਿਰੀ ਰਾਗ ਦੀਆਂ ਅਸ਼ਟਪਦੀਆਂ
ਚਾਰ ਤੁਕੀ: ਗਉੜੀ ਅਤੇ ਵਡਹੰਸ ਰਾਗ ਵਿਚ

ਵਿਦਵਾਨ ਵਿਚਾਰਕਾਂ ਨੇ ਅਸ਼ਟਪਦੀ ਨੂੰ ਇਕ ਕਾਵਿ ਰਚਨਾ ਵਜੋਂ ਹੀ ਸਵੀਕਾਰਿਆ ਹੈ। ਗੁਰੂ ਨਾਨਕ ਬਾਣੀ ਵਿਚ ਇਸ ਦੇ ਅਨੇਕ ਛੰਦ ਦ੍ਰਿਸ਼ਟੀਗੋਚਰ ਹੁੰਦੇ ਹਨ। ਉਦਾਹਰਣ ਦੇ ਤੌਰ ਤੇ ਰਾਗ ਗਉੜੀ ਦੀ ਅਸ਼ਟਪਦੀ ਚੌਪਈ ਛੰਦ ਵਿਚ[16] ਰਾਗ ਮਾਰੂ ਦੀ ਅਸ਼ਟਪਦੀ ਨਿਸ਼ਾਨੀ ਛੰਦ[17] ਅਤੇ ਰਾਗ ਮਲਾਰ ਵਿਚ ਦਰਜ ਅਸ਼ਟਪਦੀ ਵਿਚ 'ਸਾਰ ਛੰਦ'[18] ਦ੍ਰਿਸ਼ਟਮਾਨ ਹੁੰਦਾ ਹੈ। ਮਾਤ੍ਰਿਕ ਪੱਖ ਤੋਂ ਵੀ ਅਸ਼ਟਪਦੀ ਵਿਲੱਖਣਤਾ ਦੀ ਧਾਰਣੀ ਹੈ।ਅਸ਼ਟਪਦੀ ਦੀਆਂ ਤੁਕਾਂ ਵਿਚ ਮਾਤ੍ਰਾਵਾਂ ਦੀ ਭਿੰਨਤਾ ਇਤਨੀ ਅਧਿਕ ਹੈ ਕਿ ਕਈ ਵੇਰ ਅਸ਼ਟਪਦੀਆਂ ਦਾ ਤੋਲ ਬਾਕੀ ਕਾਵਿ-ਰੂਪਾਂ ਨਾਲ ਜਾ ਮਿਲਦਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਦੀਆਂ ਰਾਗ ਸੂਹੀ ਵਿਚ ਅੰਕਿਤ ਦੂਜੀ ਅਸ਼ਟਪਦੀ ਦੀਆਂ ਤੁਕਾਂ 'ਦੋਹਰੇ' ਦੇ ਰੂਪ ਵਿਚ ਹਨ ਅਤੇ ਅਖੀਰਲੀਆਂ ਤਿੰਨ ਤੁਕਾਂ 'ਅੜਿਲ' ਨਾਲ ਮਿਲਦੀਆਂ ਹਨ। ਰਾਗ ਰਾਮਕਲੀ ਵਿਚ ਅਠਵੀਂ ਅਤੇ ਨੌਵੀਂ ਅਸ਼ਟਪਦੀ ਇਕ ਤੁਕ ਵਿਚ ਸੰਕਲਿਤ ਹੈ ਪਰ ਤੋਲ ਦਵੱਈਏ ਨਾਲ ਮਿਲਦਾ ਹੈ।[19] ਗੁਰੂ ਨਾਨਕ ਦੇਵ ਜੀ ਨੇ ਅਸ਼ਟਪਦੀ ਦੇ ਪਰੰਪਰਾਗਤ ਸਰੂਪ ਦੇ ਗੁਣਾਂ ਨੂੰ ਆਪਣੀ ਅਸ਼ਟਪਦੀ ਵਿਚ ਸਮੋਇਆ ਤਾਂ ਹੈ ਪਰੰਤੂ ਇਸ ਦੇ ਨਾਲ ਹੀ ਉਹ ਇਸ ਪਰੰਪਰਾਗਤ ਅਨੁਸਰਣ ਦੇ ਧਾਰਣੀ ਨਹੀ ਰਹੇ ਸਗੋਂ ਸਹਿਜ ਰੂਪ ਵਿਚ ਹਰੇਕ ਅਸ਼ਟਪਦੀ ਦੀ ਕੇਂਦਰੀ ਵਿਚਾਰ ਸੁਰ ਦੇ ਮੁਤਾਬਿਕ ਹੀ ਇਸ ਦਾ ਅਕਾਰ ਸਿਰਜਿਆ ਹੈ। ਗੁਰੂ ਨਾਨਕ ਬਾਣੀ ਵਿਚ ਅੰਕਿਤ ਅਸ਼ਟਪਦੀਆਂ ਆਪਣੇ ਕਾਵਿਕ ਸਰੂਪ ਦੀ ਵਿਸ਼ਿਸ਼ਟਤਾ ਤੋਂ ਬਿਨਾਂ ਇਕ ਨਿਸ਼ਚਿਤ ਸੰਗੀਤ ਪ੍ਰਬੰਧ ਦੀਆਂ ਵੀ ਧਾਰਣੀ ਹਨ। ਇਹਨਾਂ ਅਸ਼ਟਪਦੀਆਂ ਨੂੰ ਭਿੰਨ ਭਿੰਨ ਰਾਗਾਂ ਅਧੀਨ ਅੰਕਿਤ ਕੀਤਾ ਗਿਆ ਹੈ। ਵਧੇਰੇ ਕਰਕੇ ਇਸ ਕਾਵਿ ਰਚਨਾ ਵਿਚ ਪਰੰਪਰਾਗਤ ਤੌਰ ਤੇ ਸਥਾਪਿਤ ਰਾਗਾਂ ਦਾ ਹੀ ਪ੍ਰਯੋਗ ਕੀਤਾ ਗਿਆ ਹੈ। ਵਰਤਮਾਨ ਸਮੇਂ

---

16. ਨ ਮਨੁ ਮਰੈ ਨ ਕਾਰਜੁ ਹੋਇ।।
ਮਨੁ ਵਸਿ ਦੂਤਾ ਦੁਰਮਤਿ ਦੋਇ।।
<u>ਆਦਿ ਗ੍ਰੰਥ</u>, ਪੰਨਾ 222

17. ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ।।
ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ।।
<u>ਆਦਿ ਗ੍ਰੰਥ</u>, ਪੰਨਾ 1012

18. ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰੁ ਨੀਦ ਨ ਪਾਈ।।
ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ।।
<u>ਆਦਿ ਗ੍ਰੰਥ</u>, ਪੰਨਾ 1273

19. ਹਰਬੰਸ ਸਿੰਘ, <u>ਗੁਰੂ ਨਾਨਕ ਦੇਵ ਦੀ ਕਾਵਿ ਕਲਾ</u>, ਪੰਨਾ 235

ਭਾਵੇਂ ਅਸਟਪਦੀ ਦੇ ਗਾਇਨ ਸਰੂਪ 'ਪ੍ਰਬੰਧ' ਦਾ ਪ੍ਰਚਲਨ ਨਹੀਂ ਰਿਹਾ ਪਰ ਗੁਰਬਾਣੀ ਵਿੱਚ ਦਰਜ ਅਸਟਪਦੀਆਂ ਇਸੇ ਗਾਇਨ ਵਿਧਾਨ ਦੇ ਅੰਤਰਗਤ ਆਉਂਦੀਆਂ ਹਨ ਜਿਸ ਵਿੱਚ ਰਹਾਉ ਦੀਆਂ ਪੰਕਤੀਆਂ ਨੂੰ ਸਥਾਈ ਰੂਪ ਅਤੇ ਬਾਕੀ ਬੰਦਾਂ ਨੂੰ ਭਿੰਨ ਭਿੰਨ ਅੰਤਰਿਆਂ ਦੇ ਰੂਪ ਵਿਚ ਗਾਇਨ ਕਰਨਾ ਹੁੰਦਾ ਹੈ। ਅਸਟਪਦੀਆਂ ਦਾ ਇਹ ਗਾਇਨ ਸਰੂਪ ਗੁਰੂ ਨਾਨਕ ਬਾਣੀ ਦੇ ਸਮੁੱਚੇ ਸੰਗੀਤ ਅਨੁਸਾਸ਼ਨ ਦੇ ਅੰਤਰਗਤ ਕਾਰਜਸ਼ੀਲ ਰਹਿੰਦਾ ਹੈ। ਜਿਸ ਨੂੰ ਇਸ ਬਾਣੀ ਦੀ ਸਮੁੱਚੀ ਸੰਚਾਰ ਪ੍ਰਕ੍ਰਿਆ ਦੇ ਸੰਦਰਭ ਵਿਚ ਹੀ ਜਾਣਿਆ ਜਾ ਸਕਦਾ ਹੈ। ਜਿਸ ਸੰਬੰਧੀ ਅਸੀਂ ਅਗਾਂਹ ਵਿਚਾਰ ਕਰਾਂਗੇ।

1.1.3 ਸਲੋਕ: ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਵਿਚ ਸਲੋਕ ਦਾ ਪਸਾਰਾ ਸਭ ਤੋਂ ਅਧਿਕ ਹੈ। 'ਸਲੋਕ' ਸੰਸਕ੍ਰਿਤ ਕਾਵਿ ਵਿਚ ਪ੍ਰਚਲਿਤ ਤੇ ਪ੍ਰਮਾਣਿਤ ਕਾਵਿ-ਰੂਪ ਹੈ। ਜਿਸ ਦੇ ਸ਼ਾਬਦਿਕ ਅਰਥ ਪ੍ਰਸ਼ੰਸਾ, ਉਸਤਤਿ ਤਾਰੀਫ਼ ਲਏ ਜਾਂਦੇ ਹਨ। ਇਸ ਨੂੰ ਯਸ਼ ਦਾ ਗੀਤ ਵੀ ਸਵੀਕਾਰ ਕੀਤਾ ਜਾਂਦਾ ਹੈ।[20] ਜਿਸ ਵਿਚ ਵਿਸ਼ਾਲ ਅਤੇ ਬਹੁਅਰਥੀ ਵਿਚਾਰਾਂ ਨੂੰ ਸੰਖਿਪਤ ਰੂਪ ਵਿੱਚ ਪ੍ਰਸਤੁਤ ਕੀਤਾ ਜਾਂਦਾ ਹੈ। ਰਚਨਾ ਪੱਖ ਤੋਂ ਇਹ ਇਕ ਅਲਪ ਅਕਾਰਿਕ ਰਚਨਾ ਰੂਪ ਹੈ। ਜਿਸ ਨੂੰ ਵਰਣਿਕ ਛੰਦ ਦਾ 'ਅਨੁਸ਼ਟਪ ਛੰਦ' ਰੂਪ ਕਿਹਾ ਜਾਂਦਾ ਹੈ। ਇਹ ਛੰਦ ਸੋਲਾਂ ਸੋਲਾਂ ਅਖਰਾਂ ਦੀਆਂ ਦੋ ਤੁਕਾਂ ਜਾਂ ਅੱਠ ਅੱਠ ਅੱਖਰ ਦੇ ਚਾਰ ਪਦਾਂ ਦਾ ਰੂਪ ਹੈ। ਇਸ ਦੇ ਕੁਲ ਬੱਤੀ (32) ਅੱਖਰ ਹੁੰਦੇ ਹਨ। ਹਰੇਕ ਪਦ ਦਾ ਪੰਜਵਾਂ ਅੱਖਰ ਲਘੂ ਅਤੇ ਛੇਵਾਂ ਗੁਰੂ ਹੁੰਦਾ ਹੈ ਜਦੋਂ ਕਿ ਦੂਜੇ ਅਤੇ ਚੌਥੇ ਪਦ ਵਿੱਚ ਸਤਵਾਂ ਅੱਖਰ ਲਘੂ ਹੋਣਾ ਜ਼ਰੂਰੀ ਹੈ।[21] ਸੰਸਕ੍ਰਿਤ ਸਾਹਿਤ ਤੋਂ ਬਾਅਦ ਪ੍ਰਕ੍ਰਿਤਾਂ ਤੇ ਅਪ੍ਰੰਭਸ਼ਾਂ ਵਿਚ 'ਦੋਹਾ' ਅਤੇ 'ਦੋਹੜਾ' ਨਾਲ ਜਾਣੇ ਜਾਣ ਵਾਲਾ ਇਹ ਕਾਵਿ ਰੂਪ ਮੱਧਕਾਲ ਵਿੱਚ 'ਸਲੋਕ' ਦੇ ਨਾਮ ਨਾਲ ਪ੍ਰਚਲਿਤ ਹੋਇਆ ਜਿਸ ਨੂੰ ਸੰਤ ਭਗਤਾਂ, ਨਾਥਾਂ ਸੂਫ਼ੀਆਂ ਨੇ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ।

'ਗੁਰੂ ਨਾਨਕ ਬਾਣੀ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਲੋਕ ਬਹੁ-ਗਿਣਤੀ ਵਿਚ ਦ੍ਰਿਸ਼ਟੀਮਾਨ ਹੁੰਦੇ ਹਨ। ਆਪ ਜੀ ਦੇ ਵਧੇਰੇ ਸਲੋਕ ਬਾਕੀ ਗੁਰੂ ਸਾਹਿਬਾਨ ਦੁਆਰਾ ਰਚਿਤ ਵਾਰਾਂ ਅਧੀਨ ਅੰਕਿਤ ਕੀਤਾ ਗਿਆ ਹੈ ਅਤੇ ਜਿਹੜੇ ਸਲੋਕ ਵਧ ਗਏ ਉਹਨਾਂ ਨੂੰ 'ਸਲੋਕ ਵਾਰਾਂ ਤੇ ਵਧੀਕ' ਵਾਲੇ ਖੰਡ ਵਿਚ ਸੰਪਾਦਿਤ ਕੀਤਾ ਗਿਆ ਹੈ। ਇਸ ਤੋਂ ਬਿਨਾਂ 'ਸਲੋਕ ਸਹਿਸਕ੍ਰਿਤੀ' ਦੇ ਅੰਤਰਗਤ ਵੀ ਦਰਜ ਸਲੋਕ ਪ੍ਰਾਪਤ ਹੁੰਦੇ ਹਨ। ਗੁਰੂ ਸਾਹਿਬ ਨੇ ਵਿਭਿੰਨ ਵਿਸ਼ਿਆਂ ਨਾਲ ਸੰਬੰਧਿਤ, ਸਮਾਜਿਕ ਕੁਰੀਤੀਆਂ ਦੇ ਖੰਡਨ, ਧਾਰਮਿਕ ਕਰਮਕਾਂਡ ਦੀ ਨਿਰਸਾਰਤਾ, ਰਾਜਨੀਤਕ ਭ੍ਰਿਸ਼ਟਾਚਾਰ ਅਤੇ

---

20. ਮਹਾਨ ਕੋਸ਼, ਪੰਨਾ 172
21. ਉਹੀ, ਪੰਨਾ 62

ਸਦਾਚਾਰਕ ਉਪਦੇਸ਼ਾਤਮਿਕ ਭਾਵਾਂ ਨੂੰ ਪ੍ਰਮੁੱਖ ਰੂਪ ਵਿਚ ਉਜਾਗਰ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਲੋਕ ਭਾਵੇਂ ਸਨਾਤਨੀ ਕਾਵਿ-ਰੂਪ ਹਨ ਪਰੰਤੂ ਬਾਣੀ ਵਿਚ ਇਸ ਦਾ ਸਰੂਪ ਪਰੰਪਰਾਗਤ ਨਾ ਹੋ ਕੇ ਬਾਣੀ ਦੇ ਵਿਸ਼ੇ ਦੇ ਅਨੁਸਾਰ ਹੀ ਪਰਿਵਰਤਿਤ ਹੁੰਦਾ ਰਿਹਾ ਹੈ। ਇਸੇ ਕਰਕੇ ਇਹਨਾਂ ਸਲੋਕਾਂ ਦਾ ਕੋਈ ਛੰਦ ਰੂਪ ਨਿਸ਼ਚਿਤ ਨਹੀ ਹੈ ਅਤੇ ਨਾ ਹੀ ਪੰਕਤੀਆਂ ਦੀ ਗਿਣਤੀ ਨਿਸ਼ਚਿਤ ਹੈ। 'ਗੁਰੂ ਨਾਨਕ ਬਾਣੀ' ਵਿਚ ਪ੍ਰਾਪਤ ਹੋਣ ਵਾਲੇ ਸਲੋਕ ਇਕ ਪੰਕਤੀ[22] ਦੋ ਪੰਕਤੀ[23] ਤਿੰਨ ਪੰਕਤੀਆਂ[24] ਆਦਿ ਵਿਚ ਰਚਿਤ ਮਿਲਦੇ ਹਨ। ਇਹਨਾਂ ਸਲੋਕਾਂ ਵਿਚ ਮਾਤ੍ਰਾਂ ਤੁਕਾਂ ਲਘੂ ਗੁਰੂ ਅਨੁਪ੍ਰਾਸ ਆਦਿ ਤੋਂ ਭਿੰਨਤਾ ਹੈ ਕਿਉਂਜੋ ਗੁਰੂ ਸਾਹਿਬ ਇਸ ਦੇ ਅੰਤਰਗਤ ਆਉਣ ਵਾਲੇ ਵਿਭਿੰਨ ਛੰਦਾਂ ਦੀ ਕਿਸੇ ਵੀ ਪ੍ਰਕਾਰ ਦੇ ਨਿਯਮ ਦੀ ਕਟੜਤਾ ਨੂੰ ਨਹੀਂ ਸਵੀਕਾਰਿਆ। ਇਸ ਤਰ੍ਹਾਂ ਇਹ ਕੇਵਲ ਤੁਕ ਸਮੂਹ ਹੋ ਨਿਬੜਦਾ ਹੈ। ਜਿਸ ਵਿਚ ਇਕੋ ਭਾਵ ਜਾਂ ਵਿਚਾਰ ਦੀ ਪ੍ਰਧਾਨਤਾ ਆਰੰਭ ਤੋਂ ਅੰਤ ਤਕ ਰਹਿੰਦੀ ਹੈ। ਜਿੰਨੀ ਦੇਰ ਤਕ ਵਿਚਾਰ ਜਾਂ ਭਾਵ ਦੀ ਪੂਰੀ ਤਰ੍ਹਾਂ ਅਭਿਵਿਅਕਤੀ ਸੰਪੂਰਨ ਨਹੀਂ ਹੋ ਜਾਂਦੀ ਓਨੀ ਦੇਰ ਤਕ ਸਲੋਕ ਦੀ ਰਚਨਾ ਪ੍ਰਕ੍ਰਿਆ ਚਲਦੀ ਰਹਿੰਦੀ ਹੈ ਭਾਵੇਂ ਕਿੰਨੀਆਂ ਹੀ ਪੰਕਤੀਆਂ ਦਾ ਵਿਸਥਾਰ ਕਿਉਂ ਨਾ ਹੋ ਜਾਵੇ। ਇਸ ਪ੍ਰਕਾਰ ਇਹ ਇਕ ਸ਼ੈਲੀਗਤ ਕਾਵਿ-ਰੂਪ ਬਣ ਜਾਂਦਾ ਹੈ ਜੋ ਕਿ ਵਿਚਾਰ ਨੂੰ ਕ੍ਰਮਵਾਰ ਪੇਸ਼ ਕਰਨ ਹਿਤ ਕਾਰਜਸ਼ੀਲ ਰਹਿੰਦਾ ਹੈ।

1.1.4 ਪਹਰੇ: ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਪਹਰੇ' ਸਿਰੀ ਰਾਗ ਵਿਚ ਦਰਜ ਹਨ। ਪਹਰੇ ਨੂੰ ਦਿਨ ਦੇ ਚਾਰ ਪਹਿਰਾਂ ਅਨੁਸਾਰ ਬਤੀਤ ਹੋ ਜਾਣ ਦੀ ਬਾਹਰਗਤ ਕਿਰਿਆ ਨੂੰ ਅੰਤਰਚੇਤਨਾ ਦੇ ਪ੍ਰਸੰਗ ਵਿਚ ਰਚਿਆ ਗਿਆ ਹੈ। ਇਹ ਲੋਕ ਕਾਵਿ-ਰੂਪ ਵਣਜਾਰਿਆ ਨਾਲ ਸੰਬੰਧਿਤ ਹੈ। ਜਿਸ ਵਿਚ ਜੀਵ ਆਤਮਾ ਨੂੰ ਵਣਜਾਰੇ ਦੇ ਰੂਪ ਵਿਚ ਪਹਰੇ ਦੇ ਸਮੇਂ ਨੂੰ ਨਾਮ ਦੇ ਆਸਰੇ ਕਟਣ ਦਾ ਸੰਕੇਤ ਹੈ। ਪਹਰੇ ਓਪਰੇ ਤੇ ਬੇਗਾਨੇ ਪਿੰਡ/ਸ਼ਹਿਰ ਵਿਚ ਰਾਤ ਕਟ ਰਹੇ ਵਣਜਾਰੇ ਦੇ ਰਾਤ ਸਮੇਂ ਪੂੰਜੀ ਲੁਟਣ ਦੇ ਡਰ ਨੂੰ ਚਿਤਰਦੇ ਹਨ। ਜੋ ਸ਼ਾਮ (ਰਾਤ ਦੇ ਪਹਿਲੇ ਪਹਿਰ) ਤੋਂ ਸ਼ੁਰੂ ਹੁੰਦਾ ਹੈ। ਗੁਰੂ ਸਾਹਿਬ

---

22. ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ।।
ਆਦਿ ਗ੍ਰੰਥ, ਪੰਨਾ 1412.

23. ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ।।
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ।।
ਆਦਿ ਗ੍ਰੰਥ, ਪੰਨਾ 1411,12

24. ਉਹੀ, ਪੰਨਾ 1353

ਇਸ ਦਾ ਅਧਿਆਤਮਿਕ ਰੂਪਾਂਤਰਣ ਕਰਦੇ ਹੋਏ ਮਨੁੱਖੀ ਜੀਵਨ ਦੀਆਂ ਚਾਰ ਅਵਸਥਾਵਾਂ ਨੂੰ ਚਾਰ ਪਹਿਰਾਂ ਵਿਚ ਵੰਡ ਕੇ ਪੇਸ਼ ਕਰਦੇ ਹਨ। ਪਹਿਲੀ ਬਾਲਪਨ, ਦੂਜੀ ਜਵਾਨੀ, ਤੀਜੀ ਅਧਖੜ ਅਤੇ ਚੌਥੀ ਬੁਢਾਪਾ। ਇਹ ਅਵਸਥਾ ਮਨੁੱਖ ਦੀ ਉਮਰ ਅਤੇ ਪਹਰੇ ਦੇ ਸਮੇਂ ਦੇ ਪ੍ਰਤੀਕ ਹਨ ਜਿਨ੍ਹਾਂ ਨੇ ਨਿਰੰਤਰ ਤੁਰਦੇ ਰਹਿਣਾ ਹੈ। ਇਹਨਾਂ ਦੀ ਸੰਯੁਕਤਤਾ ਵਿਚਾਰ ਦੇ ਪ੍ਰਭਾਵ ਦੀ ਏਕਤਾ ਨੂੰ ਪ੍ਰਗਟਾਉਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਦੇ ਪਹਰੇ' ਇਸ ਬਾਣੀ ਅਧੀਨ ਰਚੇ ਹਨ ਪਹਿਲੇ ਪਹਿਰੇ ਨੂੰ ਚਾਰ ਕਾਵਿ ਬੰਦਾਂ ਅਤੇ ਦੂਜੇ ਵਿਚ ਪੰਜ ਕਾਵਿ ਬੰਦਾਂ ਵਿਚ ਰਖਿਆ ਹੈ। ਹਰ ਬੰਦ ਦੀਆਂ ਛੇ ਤੁਕਾਂ ਹਨ। ਤੁਕਾਂਤ ਦੋ ਤੁਕਾਂ ਦਾ ਹੈ ਅਤੇ 27 ਮਾਤ੍ਰਾਵਾਂ[25] ਤੋਂ ਲੈ ਕੇ 37 ਮਾਤ੍ਰਾਵਾਂ[26] ਤਕ ਇਹਨਾਂ ਦਾ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹਨਾਂ ਦੁਆਰਾ ਕਾਵਿ ਦੀ ਲੈਆਤਮਿਕਤਾ ਦਾ ਪ੍ਰਭਾਵ ਬਣਿਆ ਰਹਿੰਦਾ ਹੈ। 'ਪਹਰੇ' ਬਾਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀ ਰਾਗ ਵਿਚ ਅੰਕਿਤ ਕਰ ਰਹੇ ਹਨ। ਸਿਰੀ ਰਾਗ ਸ਼ਾਮ ਸਮੇਂ ਦਾ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਜੋ ਭਾਵਾਂ ਦੀ ਤੀਖਣਤਾ ਤੇ ਗੰਭੀਰਤਾ ਨੂੰ ਪ੍ਰਗਟਾਉਣ ਦੇ ਸਮਰੱਥ ਹੈ। ਇਸ ਪ੍ਰਕਾਰ ਇਹ ਨਿਰੰਤਰ ਕ੍ਰਮ ਵਿਚ ਗਾਏ ਜਾਣ ਵਾਲੀ ਰਚਨਾ ਹੈ। ਜਿਸ ਵਿਚ ਕਾਵਿ ਦੀ ਮੂਲ ਧਾਰਣਾ ਨੂੰ ਕਾਇਮ ਰਖਦਿਆਂ ਹੀ ਗਾਇਆ ਜਾਣਾ ਹੈ।

1.1.5 ਛੰਤ: ਗੁਰੂ ਨਾਨਕ ਬਾਣੀ ਵਿਚ 'ਛੰਤ' ਨਾਮਕ ਲੋਕ-ਕਾਵਿ-ਰੂਪ ਭਿੰਨ ਭਿੰਨ ਰਾਗਾਂ ਵਿਚ ਅੰਕਿਤ ਹੈ। 'ਛੰਤ' ਲੋਕ ਕਾਵਿ ਦੇ ਸ਼ਬਦ ਰੂਪ 'ਛੰਦ' ਦਾ ਸਮਾਨਾਰਥੀ ਹੈ ਜਿਹੜਾ ਕਿ ਸੰਸਕ੍ਰਿਤ ਦੇ ਸ਼ਬਦ 'ਛੰਦਸ' ਦਾ ਤਦਭਵ ਰੂਪ ਹੈ। ਜਿਸ ਦਾ ਪ੍ਰਚਲਨ ਲੋਕ-ਕਾਵਿ ਵਿਚ ਹੋਇਆ। ਛੰਤ ਵਿਆਹ ਸ਼ਾਦੀ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤ ਹਨ ਜੋ ਸ਼ਿੰਗਾਰ ਕਾਵਿ ਦਾ ਉਤਕ੍ਰਿਸ਼ਟ ਨਮੂਨਾ ਹਨ। ਇਹਨਾਂ ਦੀ ਪ੍ਰਕ੍ਰਿਤੀ ਪ੍ਰਸੰਸਾਤਮਿਕ ਅਤੇ ਮੰਗਲਮਈ ਹੁੰਦੀ ਹੈ। ਛੰਤ ਚਾਰ ਪਦਿਆਂ (ਬੰਦਾਂ) ਦੀ ਰਚਨਾ ਹੁੰਦੀ ਹੈ ਅਤੇ ਹਰ ਪਦੇ ਦੀਆਂ ਛੇ ਸਤਰਾਂ ਹੁੰਦੀਆਂ ਹਨ। ਇਹਨਾਂ ਦੀ ਬੋਲੀ ਸਾਧਾਰਣ ਸਪਸ਼ਟ ਤੇ ਤਜ਼ਰਬੇ ਵਾਲੀ ਹੁੰਦੀ ਹੈ ਜਿਸ ਵਿਚ ਸ਼ਬਦਾਂ ਤੇ ਸਤਰਾਂ ਦੇ ਭਾਗ ਨੂੰ ਮੁੜ ਮੁੜ ਭਾਵਾਂ ਦੀ ਤੀਬਰਤਮ ਪ੍ਰਭਾਵ ਲਈ ਦੁਹਰਾਇਆ ਜਾਂਦਾ ਹੈ।

---

25. ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ।।
(ਸਿਰੀ ਰਾਗ ਮਹਲਾ 1, ਪੰਨਾ 74)

26. ਓੜਕੁ ਆਇਆ ਤਿਨ ਸਾਹਿਆ ਵਣਜਾਰਿਆ
ਮਿਤ੍ਰਾ ਜਰੁ ਜਰਵਾਣਾ ਕੰਨਿ।।
(ਸਿਰੀ ਰਾਗ ਮਹਲਾ 1, ਪਹਰੇ ਦੂਜਾ (ਪੰਜਵਾਂ ਬੰਦ), ਪੰਨਾ 76)

ਗੁਰੂ ਨਾਨਕ ਬਾਣੀ ਵਿਚ ਛੰਤ ਕਾਵਿ-ਰੂਪ ਗਉੜੀ, ਗਉੜੀ ਪੂਰਬੀ, ਆਸਾ, ਵਡਹੰਸ, ਧਨਾਸਰੀ, ਬਿਲਾਵਲ, ਬਿਲਾਵਲ ਦਖਣੀ ਅਤੇ ਤੁਖਾਰੀ ਰਾਗਾਂ ਅਧੀਨ ਸੰਕਲਿਤ ਹਨ। ਇਹ ਛੰਤ ਵਿਆਹ ਸ਼ਾਦੀ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤ ਹਨ। ਜਿਸ ਦੇ ਅਧੀਨ ਜੀਵ ਰੂਪੀ ਇਸਤ੍ਰੀ ਦੇ ਆਪਣੇ ਪਤੀ ਪਰਮੇਸ਼ਵਰ ਨਾਲ ਮਿਲਾਪ ਸੰਬੰਧੀ ਭਾਵਾਂ ਦਾ ਚਿਤਰਣ ਹੈ। ਇਹਨਾਂ ਛੰਤਾਂ ਵਿਚਪਦਿਆਂ ਦੇ ਅੰਤਰਗਤ ਤੁਕਾਂ ਦੀ ਗਿਣਤੀ ਵੱਧ-ਘੱਟ ਕੇ ਸੱਤ (7) ਜਾਂ ਪੰਜ (5) ਹੋ ਜਾਂਦੀ ਹੈ। ਛੰਤ ਵਿਚ ਪੰਕਤੀਆਂ ਦੇ ਵਾਧੇ ਘਾਟੇ ਤੋਂ ਬਿਨਾਂ ਮਾਤ੍ਰਾਂ ਦੀ ਗਿਣਤੀ ਨੂੰ ਵੀ ਘੱਟ-ਵਧ ਕੀਤਾ ਗਿਆ ਹੈ। ਉਦਾਹਰਣ ਦੇ ਤੌਰ ਤੇ ਧਨਾਸਰੀ ਰਾਗ ਵਿਚ ਛੰਤ ਦੀ ਪਹਿਲੀ ਤੁਕ ਵਿਚ 20 ਮਾਤ੍ਰਾਂ ਹਨ ਅਤੇ ਛੰਤ ਦੀ ਅਖ਼ੀਰਲੀ ਤੁਕ ਵਿਚ 29 ਮਾਤ੍ਰਾਂ ਹਨ।[27] ਇਹ ਛੰਤ ਲੋਕ ਕਾਵਿ ਦੇ ਰੂਪ, ਸ਼ਬਦਾਵਲੀ, ਬਿੰਬਾਂ ਪ੍ਰਤੀਕਾਂ ਦੇ ਧਾਰਣੀ ਹਨ। ਗੁਰੂ ਸਾਹਿਬ ਲੋਕ-ਕਾਵਿ-ਰੂਪ ਦੀ ਇਸ ਜੁਗਤ ਨੂੰ ਲੋਕ ਕਾਵਿ ਦੇ ਗੁਣ ਲੱਛਣਾਂ ਸਹਿਤ ਹੀ ਰੂਪਮਾਨ ਕਰ ਰਹੇ ਹਨ। ਇਸ ਦੀ ਧੁਨ ਲੋਕ ਗੀਤਾਂ ਵਾਂਗੂ ਹੀ ਹੈ ਜਿਸ ਦੇ ਸਰੋਦੀਪਣ ਨੂੰ ਕਾਇਮ ਰਖਣ ਲਈ ਤੁਕਾਂਤ ਤੋਂ ਇਲਾਵਾ ਰਾਮ, ਸਹੇਲੀਹੋ, ਸਹੇਲੜੀਏ ਸੂਤੜੀਏ ਵਰਗੇ ਸ਼ਬਦ ਇਸ ਦੀ ਲੋਕ ਧੁਨ ਨੂੰ ਕਾਇਮ ਰਖਣ ਵਿੱਚ ਸਹਾਈ ਹੁੰਦੇ ਹਨ। 'ਏ' ਅਤੇ 'ਐ' ਨਾਲ ਖ਼ਤਮ ਹੋਣ ਵਾਲੀਆਂ ਪੰਕਤੀਆਂ ਵੀ ਉਪਰੋਕਤ ਪ੍ਰਯੋਜਨ ਦੀ ਸਿਧੀ ਕਰਦੀਆਂ ਹਨ। ਰਾਗ ਵਡਹੰਸ ਵਿਚ ਗੁਰੂ ਨਾਨਕ ਦੇਵ ਜੀ ਦਾ ਹੇਠ ਲਿਖਿਆ 'ਛੰਤ' ਉਤਕ੍ਰਿਸ਼ਟ ਕਾਵਿ-ਰੂਪ ਹੈ।

> ਤੇਰੇ ਬੰਕੇ ਲੋਇਣ ਦੰਤ ਰੀਸਾਲਾ।।
> ਸੋਹਣੇ ਨਕ ਜਿਨ ਲੰਮੜੇ ਵਾਲਾ।।
> ਕੰਚਨ ਕਾਇਆ ਸੁਇਨੇ ਕੀ ਢਾਲਾ।।
> ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ।।[28]

ਛੰਤ ਦੇ ਉਪਰੋਕਤ ਵਿਵੇਚਨ ਤੋਂ ਸਪਸ਼ਟ ਹੈ ਕਿ ਪੰਜਾਬੀ ਲੋਕ ਸੰਗੀਤ ਵਿਚ ਪ੍ਰਚਲਿਤ ਛੰਦ ਦੇ ਕਾਵਿ-ਰੂਪ ਵਾਂਗ ਹੀ ਇਹਨਾਂ ਦੇ ਲੈਅ ਅਤੇ ਪੈਟਰਨ ਲੰਮੇਰੇ ਤੇ ਟਿਕਵੇਂ ਹਨ। ਛੰਦ ਦੀ ਇਕ ਪੰਕਤੀ ਨੂੰ ਦੋ ਭਾਗਾਂ ਵਿਚ ਵਿਭਾਜਤ ਕਰਕੇ ਇਹਨਾਂ ਦੋਵੇਂ ਖੰਡਾਂ ਦੇ ਅਖੀਰਲੇ ਸ਼ਬਦ ਨੂੰ ਲਮਕਾਇਆ ਜਾਂਦਾ ਹੈ। ਛੰਤ ਦੀਆਂ ਤੁਕਾਂ ਨੂੰ ਕ੍ਰਮਵਾਰ ਗਾਉਣ ਦੀ ਰੀਤ ਹੋਣ ਕਰਕੇ ਇਸ ਦੀ ਗਾਇਨ ਸ਼ੈਲੀ ਨੂੰ

---

27. ਆਦਿ ਗ੍ਰੰਥ, ਪੰਨਾ 687
28. ਉਹੀ, ਪੰਨਾ 567

ਸਥਾਈ ਜਾਂ ਅੰਤਰੇ ਵਿਚ ਵਿਭਾਜਤ ਕਰਨ ਲਈ ਰਹਾਉ ਦਾ ਸੰਕੇਤ ਨਹੀਂ ਦਿਤਾ ਗਿਆ ਇਸ ਪ੍ਰਕਾਰ ਇਹ ਆਪਣੇ ਪਰੰਪਰਾਗਤ ਰੂਪ ਤੋਂ ਭਿੰਨ ਹੋ ਜਾਂਦਾ ਹੈ। ਸੋ ਬਾਣੀ ਵਿਚ 'ਛੰਤ' ਆਪਣੇ ਵਿਸ਼ਿਸ਼ਟ ਪ੍ਰਕਾਰੀ ਕਲਾਤਮਿਕ ਗੁਣ ਸਦਕਾ ਆਪਣੀ ਵਖਰੀ ਪਹਿਚਾਣ ਵਜੋਂ ਜਾਣਿਆ ਜਾਂਦਾ ਹੈ।

1.1.6 ਵਾਰ: ਵਾਰ ਇਕ ਪ੍ਰਸਿਧ ਲੋਕ-ਕਾਵਿ-ਰੂਪ ਹੈ। ਇਸ ਕਾਵਿ ਦੀ ਲੋਕਪ੍ਰਿਯਤਾ ਅਤੇ ਪ੍ਰਮਾਣਿਕਤਾ ਸਦਕਾ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਕਾਵਿ-ਰੂਪ ਵਜੋਂ ਅਪਣਾਇਆ ਅਤੇ ਬਾਕੀ ਦੇ ਗੁਰੂ ਸਾਹਿਬਾਨ ਨੇ ਵੀ ਇਸ ਨੂੰ ਵਿਚਾਰਾਂ ਦੀ ਪ੍ਰਸਤੁਤੀ ਦਾ ਮਾਧਿਅਮ ਬਣਾਇਆ। ਇਹ ਕਾਵਿ-ਰੂਪ ਜਨਸਾਧਾਰਣ ਵਿਚ ਮਕਬੂਲ ਹੋਣ ਕਰਕੇ ਵਿਸ਼ਿਸ਼ਟ ਪਰੰਪਰਾ ਦਾ ਧਾਰਣੀ ਹੈ। ਇਹ ਪਰੰਪਰਾ ਲੋਕ ਕਾਵਿ/ਸੰਗੀਤ ਦੇ ਅੰਤਰਗਤ ਰਹਿੰਦਿਆਂ ਹੋਇਆਂ ਵੀ ਸੁਤੰਤਰ ਮਹੱਤਵ ਦੀ ਧਾਰਣੀ ਹੈ। ਇਸ ਦਾ ਸੰਬੰਧ ਜੁੱਧ, ਯੋਧੇ ਅਤੇ ਯਸ਼ ਨਾਲ ਸੰਬੰਧਿਤ ਹੈ।[29] ਜੁਧ ਵਿਚ ਸੂਰਮਿਆਂ ਦੀ ਬਹਾਦਰੀ ਦੇ ਕਾਰਨਾਮਿਆਂ ਅਤੇ ਉਹਨਾਂ ਦੀ ਸਿਫ਼ਤ ਸਲਾਹ ਨੂੰ ਸੰਗੀਤਮਈ ਪ੍ਰਸਤੁਤੀ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਇਸਦੇ ਗਾਇਕਾਂ ਨੂੰ ਵਾਰ੍ਹੀ ਕਿਹਾ ਜਾਂਦਾ ਹੈ। ਜਿਹੜੇ ਵਾਰਾਂ ਨੂੰ ਸੰਬੰਧਿਤ ਇਲਾਕਾਈ ਧੁਨਾਂ ਅਨੁਸਾਰ ਗਾਇਨ ਕਰਦੇ ਹਨ। 'ਵਾਰ' ਸ਼ਬਦ ਵਿਵਿਧ ਅਰਥਾਂ ਦਾ ਧਾਰਣੀ ਹੈ ਜਿਵੇਂ ਸਾਹਮਣਾ ਕਰਨਾ, ਪਿਛੇ ਧਕਣਾ, ਪਰੇ ਹਟਣਾ, ਰੋਕਣਾ ਆਦਿ। ਇਸ ਨੂੰ ਸੰਸਕ੍ਰਿਤ ਦੇ ਵ੍ਰਿ ਧਾਤੂ ਤੋਂ ਉਤਪੰਨ ਤੇ ਵਾਰਣ ਸ਼ਬਦ ਦਾ ਤਦਭਵ-ਸਵੀਕਾਰ ਕੀਤਾ ਜਾਂਦਾ ਹੈ। 'ਵਾਰ' ਸ਼ਬਦ ਨੂੰ ਘਟਨਾ ਦੇ ਵਾਰ ਵਾਰ ਗਾਉਣ, ਬਾਰ (ਦਰਵਾਜ਼ੇ) ਵਰਗੇ ਸਥਾਨ ਤੇ ਗਾਉਣ, ਸਿਫ਼ਤ ਸਲਾਹ ਕਰਨ, ਸਹਾਇਤਾ ਲਈ ਪੁਕਾਰ, ਜਸ ਕਰਨਾ, ਵਾਰੇ ਜਾਣਾ ਜਾਂ ਵਾਰ ਕਰਨਾ ਦੇ ਅਰਥ ਵੀ ਦਿਤੇ ਜਾਂਦੇ ਹਨ। ਵਾਰ ਦੀ ਰਚਨਾ 'ਪਉੜੀ' ਸੰਬੰਧੀ ਅਸੀਂ ਅਗਾਂਹ ਵਿਚਾਰ ਕਰਾਂਗੇ।

ਗੁਰੂ ਨਾਨਕ ਬਾਣੀ ਵਿਚ ਮਾਝ, ਆਸਾ ਤੇ ਮਲਾਰ ਰਾਗ ਅਧੀਨ ਤਿੰਨ ਵਾਰਾਂ ਦੀ ਰਚਨਾ ਉਪਲੱਬਧ ਹੁੰਦੀ ਹੈ। ਇਹਨਾਂ ਵਾਰਾਂ ਦਾ ਵਿਸ਼ਾ ਮਨੁੱਖ ਨੂੰ ਸਾਮਾਜਿਕ ਸਦਾਚਾਰਿਕ ਪਰਿਪੇਖ ਅਧੀਨ ਅਧਿਆਤਮਿਕ ਅਨੁਭਵ ਦਾ ਬੋਧ ਕਰਾਉਣਾ ਹੈ। ਇਨ੍ਹਾਂ ਅਧੀਨ ਦੁਨਿਆਵੀ ਮੋਹ ਮਾਇਆ ਅਤੇ ਵਿਸ਼ੈ ਵਿਕਾਰਾਂ ਨਾਲ ਯੁਧ ਦੁਆਰਾ ਜੀਵ ਆਤਮਾ ਪਰਮਸਤਿ ਦੇ ਅਨੁਭਵ ਤਕ ਪਹੁੰਚਦੀ ਹੈ। ਇਸ ਯੁੱਧ ਵਰਣਨ ਵਿਚ ਗੁਰਮੁੱਖ ਅਤੇ ਮਨਮੁੱਖ ਵਿਅਕਤੀ ਵਿਚਲੇ ਟਕਰਾਓ ਤੇ ਵਿਰੋਧ ਨੂੰ ਦਰਸਾਇਆ ਗਿਆ ਹੈ ਅਤੇ ਅਧਿਆਤਮਿਕ ਸਿਧਾਂਤ ਦੁਆਰਾ ਵਿਵਿਧਾਤਮਿਕ ਦ੍ਰਿਸ਼ਟੀ ਤੋਂ ਜੀਵ ਆਤਮਾ ਨੂੰ ਸੇਧ ਦਿਤੀ ਹੈ।

---

29. ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ 237.

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਵਾਰਾਂ ਵਿਚ ਸਲੋਕ ਅਤੇ ਪਉੜੀਆਂ ਨੂੰ ਸੰਕਲਿਤ ਕੀਤਾ ਗਿਆ ਹੈ ਅਤੇ ਇਹਨਾਂ ਨੂੰ ਨਿਸ਼ਚਿਤ ਧੁਨਾਂ ਤੇ ਗਾਉਣ ਦੇ ਸੰਕੇਤ ਹਨ। ਇਹ ਧੁਨਾਂ ਜਨ-ਸਾਧਾਰਣ ਵਿਚ ਕਈ ਸਦੀਆਂ ਪਹਿਲਾਂ ਹੀ ਪ੍ਰਚਲਿਤ ਤੇ ਪ੍ਰਮਾਣਿਤ ਹਨ ਇਸ ਦਾ ਪ੍ਰਤੱਖ ਰੂਪ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਦੀ ਵਾਰ' ਵਿਚੋਂ ਸਹਿਜੇ ਹੀ ਦ੍ਰਿਸ਼ਟਮਾਨ ਹੁੰਦਾ ਹੈ। 'ਆਸਾ ਦੀ ਵਾਰ' ਜਿਸ ਦਾ ਗਾਇਨ ਅੰਮ੍ਰਿਤ ਵੇਲੇ ਕੀਰਤਨ ਰੂਪ ਵਿਚ ਕਰਨ ਦੀ ਪ੍ਰਥਾ ਹੈ। ਇਸ ਵਾਰ ਨੂੰ 'ਟੁੰਡੇ ਅਸਰਾਜੇ ਦੀ ਵਾਰ' ਦੀ ਧੁਨ ਤੇ ਗਾਉਣ ਦਾ ਸੰਕੇਤ ਹੈ। 'ਟੁੰਡੇ ਅਸਰਾਜੇ ਦੀ ਵਾਰ' ਲਗਭਗ ਹਜ਼ਾਰ ਸਾਲ ਪੁਰਾਣੀ ਵਾਰ ਹੈ। ਇਹ 'ਅਸ' ਦੇਸ ਦੇ ਟੁੰਡੇ ਰਾਜੇ ਦੀ ਬਹਾਦਰੀ ਦੀ ਵਾਰ ਹੈ। ਜਿਸ ਨੂੰ ਰਾਗ 'ਆਸਾ' ਦੇ ਅਧੀਨ ਅੰਕਿਤ ਕੀਤਾ ਗਿਆ ਹੈ। ਰਾਗ 'ਆਸਾ' 'ਅਸ' ਦੇਸ ਦੀ ਧੁਨ ਤੋਂ ਹੀ ਵਿਕਸਿਤ ਹੋਇਆ ਰਾਗ ਮੰਨਿਆ ਜਾਂਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ 'ਅਸ' ਦੇਸ ਦੀ ਪ੍ਰਚਲਿਤ ਤੇ ਪ੍ਰਮਾਣਿਤ ਧੁਨ ਟੁੰਡੇ ਅਸਰਾਜੇ ਦੀ ਵਾਰ ਹੋਵੇਗੀ ਜੋ ਸੀਨਾ-ਬ-ਸੀਨਾ ਢਾਡੀਆਂ ਅਤੇ ਰਬਾਬੀਆਂ ਕੋਲ ਅੱਜ ਵੀ ਸੁਰੱਖਿਅਤ ਪਈ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਦੀ ਵਾਰ' ਦਾ ਗਾਇਨ ਗੁਰਮਤਿ ਸੰਗੀਤ ਵਿਚ ਆਰੰਭ ਤੋਂ ਹੀ ਇਸ ਵਾਰ ਦੀ ਪਉੜੀ ਲਗਾਉਣ ਦਾ ਢੰਗ ਵੀ ਪਰੰਪਰਾਗਤ ਤੇ ਵਿਸ਼ਿਸ਼ਟ ਹੈ ਜੋ ਟੁੰਡੇ ਅਸਰਾਜੇ ਦੀ ਵਾਰ ਦੀ ਧੁਨ ਉਪਰ ਆਧਾਰਿਤ ਹੈ।[30]

ਵਾਰ ਦੇ ਉਪਰੋਕਤ ਵਿਚਾਰ ਉਪਰੰਤ ਕਿਹਾ ਜਾ ਸਕਦਾ ਹੈ ਕਿ ਵਾਰ ਕਾਵਿ-ਰੂਪ ਬਾਣੀ ਵਿਚ ਉਤਕ੍ਰਿਸ਼ਟ ਕਾਵਿ ਰੂਪ ਅਤੇ ਸੰਗੀਤਕ ਸਰੂਪ ਦੀ ਵਿਲੱਖਣ ਸੰਰਚਨਾ ਦੇ ਅੰਤਰਗਤ ਵਿਸ਼ੇ ਦੀ ਮੌਲਿਕਤਾ, ਵੱਖਰਤਾ ਅਤੇ ਅਧਿਆਤਮਿਕਤਾ ਸਹਿਤ ਕਾਰਜਸ਼ੀਲ ਰਹਿੰਦਾ ਹੈ।

1.1.7 ਪਉੜੀ: ਪਉੜੀ ਕਾਵਿ ਰੂਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਰਥਸੰਚਾਰ ਦੇ ਪੱਖ ਤੋਂ ਇਕ ਸਸ਼ਕਤ ਸੰਚਾਰ ਵਿਧਾ ਵਜੋਂ ਇਸਤੇਮਾਲ ਕੀਤਾ ਹੈ। ਕਾਵਿ ਰੂਪ ਵਜੋਂ ਪਉੜੀ ਦਾ ਵੱਖਰਾ ਸਰੂਪ ਹੈ, ਜਿਸ ਦੇ ਅੰਤਰਗਤ ਵਿਚਾਰ ਦੀ ਉਸਾਰੀ ਪੌੜੀ ਦੇ ਡੰਡਿਆਂ ਅਨੁਸਾਰ ਹੁੰਦੀ ਹੈ। ਇਕ ਖਿਆਲ ਤੋਂ ਬਾਅਦ ਦੂਜਾ ਖਿਆਲ ਲੜੀਵਾਰ ਉਸਰਦਾ ਹੈ। ਇਸੇ ਹੀ ਜੁਗਤ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਸਿਧ ਗੋਸਟਿ, ਓਅੰਕਾਰ, ਬਾਵਨ ਅਖਰੀ, ਪਟੀ ਅਤੇ ਜਪੁਜੀ ਆਦਿ ਬਾਣੀਆਂ ਵਿਚ ਕੀਤੀ ਹੈ। ਜਿਨ੍ਹਾਂ ਵਿਚ 'ਜਪੁਜੀ' ਨੂੰ ਅਸੀਂ ਪਉੜੀ ਦੇ ਅੰਤਰਗਤ ਹੀ ਵਿਚਾਰਾਂਗੇ।

ਜਪੁਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਆਰੰਭਿਕ ਬਾਣੀ ਹੈ। 'ਜੀ' ਸ਼ਬਦ ਸਨਮਾਨ ਸੂਚਕ ਹੈ ਜਦੋਂ ਕਿ ਜਪੁ ਤੋਂ ਪਹਿਲਾਂ ਮੂਲ ਮੰਤ੍ਰ ਹੈ ਜੋ ੧ੴ ਤੋ ਸ਼ੁਰੂ ਹੋ ਕੇ 'ਗੁਰਪ੍ਰਸਾਦਿ' ਤੇ

30. Gurnam Singh, A Musicological Study of Guru Nanak Bani, (Thesis), pp. 227–28.

ਮੁਕ ਜਾਂਦਾ ਹੈ। ਆਦਿ ਗ੍ਰੰਥ ਤਤਕਰੇ ਵਿਚ 'ਜਪੁ' ਨੂੰ 'ਜਪੁ ਨੀਸਾਣੁ' ਕਰਕੇ ਦਰਜ ਕੀਤਾ ਗਿਆ ਹੈ। ਨਿਸਾਣ ਵਿਸ਼ੇਸ਼ ਹੈ ਭਾਵ ਨਿਸ਼ਾਨ ਰੂਪ ਜਪੁ, ਇਸੇ ਕਰਕੇ ਇਸ ਬਾਣੀ ਨੂੰ ਮੂਲ ਮੰਨਿਆ ਜਾਂਦਾ ਹੈ। ਵਿਚਾਰ ਅਤੇ ਪ੍ਰਗਟਾਅ ਦੇ ਪੱਖ ਤੋਂ ਇਹ ਇਕ ਉਤਕ੍ਰਿਸ਼ਟ ਰਚਨਾ ਹੈ। ਜਪੁਜੀ ਦਾ ਬਾਹਰੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਮੂਹ ਬਾਣੀ ਰੂਪਾਂ ਨਾਲੋ ਭਿੰਨ ਹੈ। ਬਾਣੀ ਦੇ ਆਰੰਭ ਵਿਚ ਸਲੋਕ ਹੈ ਜੋ ਕਿ ਬਾਣੀ ਦਾ ਮੂਲ ਮੰਤ੍ਰ ਹੈ ਅਤੇ ਅੰਤ ਵਿਚ ਵੀ ਸਲੋਕ ਹੈ ਜੋ ਬਾਣੀ ਦਾ ਸਾਰੰਸ਼ ਹੈ। ਬਾਣੀ ਰੂਪ 38 ਪਉੜੀਆਂ ਵਿਚ ਸੰਕਲਿਤ ਹੈ। ਹਰ ਪਉੜੀ ਵਿਚ ਕ੍ਰਮਵਾਰ ਭਾਵਾਂ ਦੀ ਲੜੀ ਉਸਰਦੀ ਹੈ। ਜਿਸ ਦਾ ਪ੍ਰਤੱਖ ਪ੍ਰਮਾਣ, ਸੁਣੀਐ, ਮੰਨੀਐ ਅਤੇ ਅਸੰਖ ਦੀਆਂ ਪਉੜੀਆਂ ਹਨ। ਪਉੜੀ 'ਵਾਰ' ਰੂਪ ਦਾ ਕਾਵਿ ਛੰਦ ਹੈ। 'ਵਾਰ' ਦੇ ਉਪਰੋਕਤ ਵਰਣਨ ਵਿਚ ਸਪਸ਼ਟ ਹੈ ਕਿ 'ਵਾਰ' ਦੇ ਅੰਤਰਗਤ ਯੁੱਧ ਦਾ ਵਰਣਨ ਅਤੇ ਯੋਧਿਆਂ ਨੂੰ ਹਲਾਸ਼ੇਰੀ ਦੇਣ ਹਿਤ ਢਾਡੀ ਇਸ ਦਾ ਗਾਇਨ ਕਰਦੇ ਹਨ। ਪਉੜੀ ਇਸ ਦਾ ਛੰਦ ਰੂਪ ਹੈ ਜਿਸ ਵਿਚ ਵਾਰ ਦਾ ਸਾਰ ਤੱਤ ਮੌਜੂਦ ਹੁੰਦਾ ਹੈ। ਏਸੇ ਕਰਕੇ 'ਪਉੜੀ' ਨਾਮ ਵਿਸ਼ਰਾਮ ਦਾ ਹੈ।[31] ਛੰਦ ਪੱਖ ਤੋਂ ਵੀ 'ਜਪੁਜੀ' ਵਿਚ ਵੰਨ ਸੁਵੰਨਤਾ ਹੈ। ਕਿਉਂਜੋ ਜਪੁਜੀ ਵਿਚ ਇਕੋ ਛੰਦ ਦੀ ਵਰਤੋਂ ਨਾ ਹੋ ਕੇ ਇਕ ਛੰਦ ਦੂਜੇ ਛੰਦ ਵਿਚ ਪਰਿਵਰਤਿਤ ਹੋ ਜਾਂਦਾ ਹੈ। ਜਿਵੇਂ 'ਸੋਚੈ ਸੋਚਿ ਨ ਹੋਵਈ, ਜੇ ਸੋਚੀ ਲਖ ਵਾਰ' ਦੋਹੇ ਜਾਂ ਸਲੋਕ ਦਾ ਰੂਪ, ਹੁਕਮੀ ਹੋਵਨਿ ਆਕਾਰ ਹੁਕਮ ਨ ਕਹਿਆ ਜਾਈ' ਵਾਰ ਦਾ ਰੂਪ ਅਤੇ ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ' ਫਾਰਸੀ ਮਸਨਵੀ ਦੀ ਛੋਟੀ ਬਹਿਰ ਵਿਚ ਛੰਦ ਪ੍ਰਵਾਹ ਢਲ ਗਿਆ ਹੈ।[32] ਛੰਦ ਦੀ ਅਜਿਹੀ ਵਿਵਿਧਤਾ ਕਾਵਿ-ਰੂਪ ਦਾ ਵਿਲੱਖਣ ਗੁਣ ਹੋ ਨਿਬੜਦੀ ਹੈ।

ਗੁਰੂ ਨਾਨਕ ਦੇਵ ਜੀ ਨੇ 'ਪਉੜੀ' ਨੂੰ ਛੰਦ ਰੂਪ ਵਿਚ ਮਾਝ, ਆਸਾ ਅਤੇ ਮਲਾਰ ਰਾਗ ਦੀਆਂ ਵਿਭਿੰਨ ਵਾਰਾਂ ਲਈ ਪ੍ਰਯੋਗ ਕੀਤਾ ਹੈ। ਇਸ ਛੰਦ ਦੀਆਂ ਤੁਕਾਂ ਦੀ ਗਿਣਤੀ ਪਉੜੀ ਛੰਦ ਦੇ ਪਰੰਪਰਿਕ ਤੁਕਾਂ ਦੀ ਗਿਣਤੀ ਨਾਲੋਂ ਭਿੰਨ ਹੈ ਜਿਵੇਂ ਕਿ ਬਾਣੀ ਵਿਚ ਇਹ ਗਿਣਤੀ ਪੰਜ[33] ਛੇ [34]

---

31. ਗੁਰੂ ਛੰਦ ਦਿਵਾਕਰ, ਪੰਨਾ 140

32. ਵਿਸਤਾਰ ਲਈ ਵੇਖੋ: ਡਾ. ਮੋਹਨ ਸਿੰਘ, ਪੰਜਾਬੀ ਭਾਖਾ ਤੇ ਛੰਦਾਬੰਦੀ, ਪੰਨਾ 79

33. ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥
(ਵਾਰ ਆਸਾ ਮਹਲਾ 1, ਪੰਨਾ 463)

34. ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥
(ਵਾਰ ਆਸਾ ਮਹਲਾ 1, ਪੰਨਾ 474)

ਅਤੇ ਅੱਠ[35] ਆਦਿ ਰੂਪਾਂ ਵਿਚ ਪ੍ਰਾਪਤ ਹੁੰਦੀ ਹੈ। ਤੁਕਾਂ ਵਿਚ ਮਾਤ੍ਰਾਂ ਦੀ ਵੀ ਅਨੇਕ ਪ੍ਰਕਾਰੀ ਵਿਭਿੰਨਤਾ ਭਾਵਾਂ ਨੂੰ ਤੀਖਣ ਅਤੇ ਲੈਅ ਨੂੰ ਤੀਬਰ ਕਰਨ ਹਿਤ ਪ੍ਰਯੋਗ ਵਿਚ ਲਿਆਇਆ ਗਿਆ ਹੈ। ਇਸਦੇ ਗਾਇਨ ਸਰੂਪ ਵਿਚ ਵੀ ਇਹ ਤੁਕਾਂ ਨਿਸ਼ਚਿਤ ਸਰੂਪ ਦੀਆਂ ਧਾਰਨੀ ਹਨ। ਜੋ ਸਥਾਈ ਅੰਤਰੇ ਦੇ ਰੂਪ ਵਿਚ ਨਹੀਂ ਗਾਈਆਂ ਜਾਂਦੀਆਂ ਸਗੋਂ ਇਕ ਨਿਸ਼ਚਿਤ ਧੁਨ ਅਧੀਨ ਇਸ ਦੀ ਨਿਰੰਤਰਤਾ ਨੂੰ ਕਾਇਮ ਰਖਿਆ ਜਾਂਦਾ ਹੈ ਜੋ ਬਿਆਨ ਦੀ ਰਵਾਨਗੀ ਨੂੰ ਤੀਬਰਤਾ ਪ੍ਰਦਾਨ ਕਰਦੀ ਹੈ। ਇਸ ਪ੍ਰਕਾਰ ਪਉੜੀ ਕਾਵਿ-ਰੂਪ ਅਤੇ ਛੰਦ ਰੂਪ ਦੀ ਵਿਸ਼ਿਸ਼ਟ ਸੰਯੁਕਤਤਾ ਦੁਆਰਾ ਬਾਣੀ ਦੇ ਅਰਥ ਸੰਚਾਰ ਨੂੰ ਸਹਿਜ ਰੂਪ ਵਿਚ ਪ੍ਰਗਟ ਕਰਨ ਵਿਚ ਕਾਰਜਸ਼ੀਲ ਰਹਿੰਦੀ ਹੈ।

1.1.8 ਪਟੀ: ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਪਟੀ' ਰਾਗ 'ਆਸਾ' ਵਿਚ ਹੈ। ਪਟੀ ਦੇ ਅੰਤਰਗਤ ਗੁਰੂ ਸਾਹਿਬ ਨੇ ਜਿਸ ਕਾਵਿ-ਰੂਪ ਦੀ ਵਰਤੋਂ ਕੀਤੀ ਉਸ ਨੂੰ ਫਾਰਸੀ ਵਿਚ ਸਿਹਰਫ਼ੀ ਤੇ ਸੰਸਕ੍ਰਿਤ ਵਿਚ ਬਾਵਨ ਅੱਖਰੀ ਕਿਹਾ ਜਾਂਦਾ ਹੈ। ਗੁਰਮੁਖੀ ਵਿਚ ਇਸ ਕਾਵਿ-ਰੂਪ ਨੂੰ ਪੈਂਤੀ ਜਾਂ ਪਟੀ ਕਿਹਾ ਜਾਂਦਾ ਹੈ। ਪੈਂਤੀ ਤੋਂ ਭਾਵ ਗੁਰਮੁਖੀ ਵਰਣਮਾਲਾ ਦੇ ਕੁਲ ਅੱਖਰਾਂ ਤੋਂ ਹੈ ਜੋ ਵਿਦਿਆ ਸਿਖਣ ਸਮੇਂ ਬੱਚੇ ਨੂੰ ਸਿਖਾਏ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਉਹ ਕਾਵਯ ਜਿਸ ਦੇ ਆਦਿ ਅਥਵਾ ਅੰਤ ਅੱਖਰ ਯਥਾਕ੍ਰਮ ਰਖੇ ਜਾਣ ਪੈਂਤੀ ਅਖਵਾਉਂਦੀ ਹੈ।"[36] ਗੁਰੂ ਨਾਨਕ ਦੇਵ ਜੀ ਨੇ 'ਪਟੀ' ਬਾਣੀ ਨੂੰ ਗੁਰਮੁਖੀ ਅੱਖਰਾਂ ਦੇ ਕ੍ਰਮ ਅਨੁਸਾਰ ਲੈ ਕੇ ਰਚੀ ਹੈ। ਆਮ ਤੌਰ ਤੇ ਇਸ ਬਾਣੀ ਦਾ ਸੰਬੰਧ ਗੁਰੂ ਸਾਹਿਬ ਦਾ ਪਾਠਸ਼ਾਲਾ ਵਿਚ ਵਿਦਿਆ ਸਿਖਣ ਦੀ ਸਾਖੀ ਨਾਲ ਜੋੜਿਆ ਜਾਂਦਾ ਹੈ। ਇਸ ਪ੍ਰਕਾਰ ਪਟੀ ਪਾਂਧੇ ਨੂੰ ਪ੍ਰਤੀਕਾਤਮਿਕ ਰੂਪ ਵਿਚ ਅੱਖਰਾਂ ਦਾ ਅਧਿਆਤਮਿਕ ਰਹੱਸ ਦਰਸਾਉਣ ਵਾਲਾ ਕਾਵਿ-ਪੈਰਾਣਿਕ ਰਚਨਾ ਰੂਪ ਹੈ। ਗੁਰੂ ਨਾਨਕ ਦੇਵ ਜੀ ਇਸ ਕਾਵਿ-ਰੂਪ ਵਿੱਚ ਗੁਰਮੁਖੀ ਵਰਣਮਾਲਾ ਦੇ ਅੱਖਰਾਂ ਦੀ ਤਰਤੀਬ ਸ, ੲ, ੳ, ਙ, ਕ, ਖ, ਗ, ਘ, ਚ, ਛ, ਜ, ਞ, ਟ, ਠ, ਡ, ਢ, ਣ, ਤ ,ਥ, ਦ, ਧ, ਨ, ਪ, ਫ, ਬ, ਭ, ਮ, ਯ, ਰ, ਲ, ਵ, ੜ, ਹ ਅਤੇ ਅ ਦੀ ਹੈ। ਇਹ ਕ੍ਰਮ ਪੂਰਨ ਰੂਪ ਵਿੱਚ ਗੁਰਮੁਖੀ ਪੈਂਤੀ ਅੱਖਰਾਂ ਵਾਲਾ ਨਹੀਂ ਕਿਉਂਜੋ ਇਸ ਦਾ ਆਦਿ ਸ, ੲ ਅਤੇ ਅੰਤ ਹ, ਅ ਲਿਖਿਆ ਗਿਆ ਹੈ ਙ ਦੀ ਵਰਤੋਂ ਵੀ ਕਵਰਗ ਤੋ ਪਹਿਲਾਂ ਹੀ ਹੋਈ ਹੈ। ਪੈਂਤੀ ਅੱਖਰਾਂ ਲਈ ਦੋ ਤੁਕਾਂ ਦਾ ਇਕ ਬੰਦ ਹੈ ਜਿਸ ਵਿਚ ਰਹਾਉ ਦੀਆਂ ਪੰਕਤੀਆਂ ਤੋਂ

---

35. ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ।।

ਵਾਰ ਮਾਝ, ਪੰਨਾ 138

36. ਗੁਰੂ ਛੰਦ ਦਿਵਾਕਰ, ਪੰਨਾ 156

ਜਿਨਾਂ ਕੁਲ 70 ਪੰਕਤੀਆਂ ਹਨ। ਤੁਕਾਂ ਦੇ ਅੱਖਰ ਵੀ ਰਹਾਉ ਦੀਆਂ ਪੰਕਤੀਆਂ ਵਿਚ ਬਾਕੀ ਬੰਦਾਂ ਨਾਲੋਂ ਭਿੰਨ ਹਨ। ਪਟੀ ਦਾ ਸੰਗੀਤਕ ਨਿਭਾਓ ਇਸ ਦੇ ਧੁਨੀ ਅਨੁਕੂਲ ਹੈ ਜਿਵੇਂ ਸਸੈ ਸੋਇ ਸ੍ਰਿਸਟਿ, ਗਗੈ ਗੋਇ ਗਾਇ, ਚਚੈ ਚਾਰਿ ਜਾਂ ਛਛੈ ਛਾਇਆ ਆਦਿ ਪਰੰਤੂ 'ਈਵੜੀ ਆਦਿ' 'ਵੰਞੈ ਨਦਰਿ' 'ਣਾਣੈ ਰਵਤੁ' ਆਦਿ ਦਾ ਤਰਤੀਬ ਭੇਦ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਵਿਭਿੰਨਤਾ ਕਾਵਿ ਦੀ ਲੈਅ ਜਾਂ ਤੁਕਾਂਤ ਵਿਚ ਕਿਸੇ ਤਰ੍ਹਾਂ ਵੀ ਕੋਈ ਫ਼ਰਕ ਨਹੀਂ ਪਾਉਂਦੀ। ਪੱਟੀ ਦਾ ਭਾਵ ਮੰਡਲ ਗਿਆਨ ਅਧਾਰਿਤ ਹੈ ਜਿਸ ਵਿਚ ਬਾਹਰਲੀ ਵਿਦਿਆ ਅਤੇ ਪਰਮਸਤਿ ਸੰਬੰਧਿਤ ਪਰਾਭੌਤਿਕ ਵਿਦਿਆ ਵਿਚਕਾਰ ਮਨੁੱਖ ਦੀ ਪਈ ਹੋਈ ਵਿਥ ਦੇ ਰੱਹਸ ਨੂੰ ਖੋਲ੍ਹਿਆ ਹੈ। ਇਸ ਪ੍ਰਕਾਰ ਵਿਭਿੰਨ ਪ੍ਰਕਾਰੀ ਗਿਆਨ ਬਿੰਬਾਂ ਅਤੇ ਧੁਨੀ ਬਿੰਬਾਂ ਦੀ ਸੰਯੁਕਤਤਾ ਦਾ ਕਲਾਤਮਿਕ ਕਾਵਿ-ਰੂਪ ਬਾਣੀ ਦੀ ਵਿਲੱਖਣ ਪਹਿਚਾਣ ਹੈ।

1.1.9 ਅਲਾਹੁਣੀਆਂ: ਅਲਾਹੁਣੀਆਂ ਗੁਜ਼ਰ ਚੁਕੇ (ਮਰ ਚੁਕੇ) ਸਨਬੰਧੀ ਨੂੰ ਅਲਾਹੁਣ (ਸਲਾਹੁਣ) ਹਿਤ ਪ੍ਰਯੋਗ ਹੋਣ ਵਾਲਾ ਕਾਵਿ-ਰੂਪ ਹੈ। ਲੋਕ-ਕਾਵਿ ਪਰੰਪਰਾ ਵਿਚ ਇਸ ਦਾ ਪ੍ਰਚਲਨ ਆਮ ਹੈ।ਇਹ ਇਕ ਮਹੱਤਵਪੂਰਨ ਲੋਕ-ਕਾਵਿ ਵੰਨਗੀ ਹੈ ਜਦੋਂ ਕਿਸੇ ਦਾ ਕੋਈ ਸਕਾ ਸੰਬੰਧੀ ਜਾਂ ਮਿਤਰ ਪਿਆਰਾ ਮਰ ਜਾਂਦਾ ਹੈ ਤਾਂ ਉਸ ਮਰ ਗਏ ਵਿਅਕਤੀ ਦਾ ਵਿਰਲਾਪ ਕਰਨ ਲਈ ਤੀਵੀਆਂ ਇਕੱਠੀਆਂ ਹੁੰਦੀਆਂ ਹਨ। ਨਾਇਣ ਜਾਂ ਮਰਾਸਣ ਜਾਂ ਕੋਈ ਵਡੇਰੀ ਉਮਰ ਦੀ ਤੀਵੀ ਅਲਾਹੁਣੀ ਦੀ ਤੁਕ ਨੂੰ ਇਕ ਖ਼ਾਸ ਸੁਰ ਵਿਚ ਉਚਾਰਦੀ ਹੈ ਅਤੇ ਬਾਕੀ ਸਾਰੀਆਂ ਉਵੇਂ ਹੀ ਉਸ ਦੇ ਮਗਰ ਪੁਕਾਰਦੀਆਂ ਹੋਈਆਂ ਰੋਂਦੀਆਂ ਤੇ ਪਿਟਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਲਾਹੁਣੀ ਦੀ ਰੀਤ ਅਪਣਾਉਂਦੇ ਹੋਏ ਮੌਤ ਨੂੰ ਅਟਲ ਸਚਾਈ ਬਿਆਨਦਿਆਂ ਜੀਵ ਨੂੰ ਜੀਵਨ ਦੌਰਾਨ ਉਤਮ ਕਰਮ ਕਰਨ, ਮੌਤ ਨੂੰ ਯਾਦ ਰਖਣ ਅਤੇ ਪ੍ਰਭੂ ਦਾ ਨਾਮ ਸਿਮਰਨ ਕਰਨ ਦੀ ਸਿਖਿਆ ਦਿਤੀ। ਇਸ ਦੇ ਨਾਲ ਹੀ ਸੰਸਾਰ ਦੀ ਨਾਸ਼ਮਾਨਤਾ ਦਾ ਭਾਵ ਸਮਝਾ ਕੇ ਰਬ ਦੇ ਹੁਕਮ ਅਤੇ ਰਜ਼ਾ ਵਿਚ ਰਹਿਣ, ਉਸ ਦੇ ਭਾਣੇ ਨੂੰ ਮੰਨਣ ਅਤੇ ਆਤਮਿਕ ਸ਼ਾਂਤੀ ਦਾ ਉਪਦੇਸ਼ ਦਿਤਾ:

ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ।।
ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ।।
ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ।।
ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ।।
ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ।।

ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ।।[37]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਲਾਹੁਣੀਆਂ ਨੂੰ ਰਾਗ ਵਡਹੰਸ ਅਧੀਨ ਅੰਕਿਤ ਕੀਤਾ ਹੈ। ਅਲਾਹੁਣੀਆਂ ਦੀਆਂ ਚਾਰ ਚਾਰ ਪਉੜੀਆਂ ਹਨ ਹਰ ਪਉੜੀ ਛੇ ਤੁਕਾਂ ਦੀ ਹੈ। ਪਰੰਤੂ ਭਸੀਤੀਸਰੀ ਅਲਾਹੁਣੀ ਵਿਚ 4 ਤੁਕਾਂ ਦਾ ਪ੍ਰਯੋਗ ਵੀ ਕੀਤਾ ਹੈ। ਤੁਕਾਂਤ ਦੋ ਤੁਕਾਂ ਵਾਲਾ ਹੈ। ਛੇ ਛੇ ਤੁਕਾਂ ਦੀ ਸਮਾਪਤੀ ਉਪਰਾਂਤ 1,2,3,4, ਅੰਕਾਂ ਨੂੰ ਸੰਕੇਤ ਦੁਆਰਾ ਦਰਸਾਇਆ ਗਿਆ ਹੈ ਪਰੰਤੂ ਇਸ ਨੂੰ ਸਥਾਈ ਅੰਤਰੇ ਵਿਚ ਵਿਭਾਜਤ ਨਹੀਂ ਕੀਤਾ ਗਿਆ ਬਲਕਿ ਇਸਨੂੰ ਕ੍ਰਮਵਾਰ ਹੀ ਗਾਇਆਜਾਣਾ ਹੈ। ਜਦੋਂ ਕਿ 4 ਤੁਕਾਂ ਵਾਲੀ ਅਲਾਹੁਣੀ ਵਿਚ ਰਹਾਉ ਦਾ ਪ੍ਰਯੋਗ ਹੋਣਾ ਇਸ ਨੂੰ ਗੁਰਮਤਿ ਸੰਗੀਤ ਪ੍ਰਬੰਧ ਹਿਤ ਗਾਉਣ ਦਾ ਸੰਕੇਤ ਹੈ। ਗੁਰੂ ਸਾਹਿਬ ਨੇ ਮੌਤ ਦੇ ਸੋਗੀ ਵਾਤਾਵਰਣ ਦੇ ਚਿਤਰਣ ਲਈ ਭਾਸ਼ਾ ਦੀ ਜੁਗਤ ਵਰਤਦਿਆਂ ਜਿਥੇ ਰੋਵਣ, ਮਰਣ, ਰੋਈਐ, ਵੇਛੋੜਾ, ਮਿਰਤਕੜਾ, ਪਛੁਤਾਏ ਆਦਿ ਲਮਕਾਅ ਵਾਲੇ ਸ਼ਬਦਾਂ ਨੂੰ ਵਰਤਿਆ ਉਥੇ ਇਹਨਾਂ ਵਿਚਲੀ ਲੈਅ ਤੇ ਹੇਕ ਸੁਭਾਵਿਕ ਹੀ ਇਸ ਦੀ ਸੰਗੀਤਕ ਵਿਲੱਖਣਤਾ ਨੂੰ ਉਘਾੜਦੀ ਹੈ। ਇਸ ਬਾਣੀ ਵਿਚਲਾ ਅਨੁਪ੍ਰਾਸ ਅਤੇ ਸ਼ਬਦ ਸੰਵਾਦ ਵੀ ਅਲਾਹੁਣੀਆਂ ਦੇ ਗਾਇਨ ਦੀ ਮੂਲ ਭਾਵਨਾ ਤੇ ਸਰੂਪ ਨੂੰ ਕਾਇਮ ਰਖਣ ਵਿਚ ਸਹਾਈ ਹੁੰਦਾ ਹੈ।

1.1.10 ਆਰਤੀ: ਆਰਤੀ ਲੋਕ ਧਰਮ ਦੀ ਪ੍ਰਸਿੱਧ ਰੀਤ ਹੈ ਜਿਸ ਅਧੀਨ ਥਾਲ ਵਿਚ ਧੂਪ ਦੀਪ ਚਵਰ ਫੁੱਲ, ਗੰਧ ਆਦਿ ਵਸਤਾਂ ਪਾ ਕੇ ਅਰਾਧਨਾਮਈ ਗੀਤਾਂ ਦਾ ਗਾਇਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਨਨਾਥ ਪੁਰੀ ਦੇ ਮੰਦਿਰਾਂ ਵਿਚ (ਉਦਾਸੀ ਦੌਰਾਨ) ਹੁੰਦੀ ਪਰੰਪਰਿਕ ਆਰਤੀ ਨੂੰ ਇਕ ਫੋਕੀ ਰਸਮ ਮੰਨਦਿਆਂ ਆਪਣੀ ਸ਼ਬਦ ਰਚਨਾ 'ਆਰਤੀ' ਦੁਆਰਾ ਆਰਤੀ ਦਾ ਸੰਕਲਪ ਹੀ ਬਦਲ ਦਿਤਾ। ਜਿਸ ਅਧੀਨ ਆਪ ਨੇ ਸੰਪੂਰਨ ਬ੍ਰਹਿਮੰਡ ਵਿਚ ਹੋ ਰਹੀ ਪਰਮਾਤਮਾ ਦੀ ਆਰਤੀ ਦਾ ਬਿੰਬਾਤਮਕ ਚਿਤਰਣ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਹ ਆਪਣੀ ਤਰ੍ਹਾਂ ਦਾ ਨਵੀਨ ਛੰਦ ਰੂਪ ਹੈ ਜਿਸ ਦੀਆਂ ਤੁਕਾਂ ਰਾਗਾਤਮਿਕ, ਲੈਆਤਮਿਕ, ਭਾਵਮੰਡਲ ਉਸਾਰਦੀਆਂ ਹਨ। ਭਾਸ਼ਾ ਦਾ ਵਿਰੋਧਾਭਾਸ, ਅਤਿਕਥਨੀ ਅਤੇ ਅਲੌਕਿਕ ਬਿੰਬਾਕਣ ਇਸ ਨੂੰ ਵਿਲੱਖਣ ਕਲਾਤਮਿਕਤਾ ਪ੍ਰਦਾਨ ਕਰਵਾਉਂਦਾ ਹੈ। ਜਦੋਂ ਕਿ ਲੌਕਿਕ ਜਗਤ ਦੇ ਵਿਭਿੰਨ ਚਿੰਨ ਤੇ ਪ੍ਰਤੀਕ (ਗਗਨ, ਮੰਡਲ, ਚੰਦ, ਸੂਰਜ ਤਾਰੇ ਪਰਬਤ, ਬਨਸਪਤੀ ਆਦਿ) ਅਦਿੱਖ ਨਿਰਾਕਾਰ ਪਰਮਸਤਿ ਨੂੰ ਸਾਕਾਰ ਕਰਨ ਹਿਤ

---

37. ਆਦਿ ਗ੍ਰੰਥ, ਵਡਹੰਸ ਮਹਲਾ 1, ਪੰਨਾ 579

ਪ੍ਰਯੋਗ ਵਿਚ ਲਿਆਏ ਗਏ ਹਨ। ਗੁਰੂ ਸਾਹਿਬ ਨੇ ਇਸ ਦੇ ਗਾਇਨ ਲਈ ਇਸ ਨੂੰ ਰਾਗ ਧਨਾਸਰੀ ਅਧੀਨ ਅੰਕਿਤ ਕੀਤਾ ਹੈ। ਸੰਪੂਰਨ ਰਚਨਾ ਵਿਚ 'ਰਹਾਉ' (ਸਥਾਈ) ਅਤੇ ਅੰਕ (ਅੰਤਰੇ) ਦੇ ਸੰਕੇਤ ਉਪਲੱਬਧ ਹਨ ਜਿਹਨਾਂ ਦੁਆਰਾ ਇਸ ਦਾ ਗਾਇਨ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਕੀਤਾ ਜਾਂਦਾ ਹੈ।

1.1.11 ਕੁਚਜੀ: ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਕੁਚਜੀ' ਸਿਰਲੇਖ ਅਧੀਨ ਰਚਿਤ ਬਾਣੀ ਸੂਹੀ ਰਾਗ ਵਿਚ ਦਰਜ ਮੌਲਿਕ ਅਤੇ ਵਿਲੱਖਣ ਬਾਣੀ ਰਚਨਾ ਹੈ। 'ਕੁਚਜੀ' ਸ਼ਬਦ ਭੈੜੇ ਜਾਂ ਮੰਦੇ ਆਚਰਣ ਵਾਲੀ ਇਸਤ੍ਰੀ ਲਈ ਵਰਤਿਆ ਜਾਂਦਾ ਹੈ। ਸਾਮਾਜਿਕ ਸਭਿਆਚਾਰਿਕ ਪਰਿਪੇਖ ਵਿਚ ਇਸਤ੍ਰੀ ਦੀ ਆਪਣੇ ਪੇਕਿਆਂ ਵਿਚ ਕੀਤੀ ਚੰਗੀ ਜਾਂ ਮੰਦੀ ਪ੍ਰਾਪਤੀ ਦਾ ਸਹੀ ਅੰਦਾਜ਼ਾ ਉਸ ਦੇ 'ਸਹੁਰੇ' ਵਿਚ ਪ੍ਰਵੇਸ਼ ਉਪਰਾਂਤ ਲਗਾਇਆ ਜਾਂਦਾ ਹੈ। ਨਿਸ਼ੇਧਾਤਮਿਕ ਪ੍ਰਾਪਤੀ ਵਾਲੀ ਇਸਤ੍ਰੀ ਕੁਚਜੀ ਹੋਵੇਗੀ। ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੇ ਇਸੇ ਪ੍ਰਤੀਕ ਨੂੰ ਜੀਵਆਤਮਾ ਦੇ ਰੂਪ ਵਿਚ ਪ੍ਰਗਟ ਕੀਤਾ ਹੈ। ਇਸ ਦੀ ਪ੍ਰਸਤੁਤੀ ਲਈ ਉਹਨਾਂ ਨੇ ਸਾਮਾਜਿਕ ਪ੍ਰਬੰਧ ਵਿਚੋਂ ਹੀ ਸ਼ਬਦਾਂ ਦਾ ਅਜਿਹਾ ਭਾਵ ਮੰਡਲ ਸਿਰਜਿਆ ਜਿਸ ਦੁਆਰਾ ਜੀਵ ਰੂਪੀ ਇਸਤ੍ਰੀ ਨੂੰ ਆਚਰਣਹੀਣ ਇਸਤ੍ਰੀ ਦੇ ਰੂਪ ਵਿਚ ਪ੍ਰਸਤੁਤ ਕੀਤਾ ਜੋ ਆਪਣੇ ਅਹੰ ਵਿਚ ਗੁੰਮ ਹੋ ਕੇ ਪ੍ਰਭੂ ਪਰਮਾਤਮਾ ਪਾਸੋਂ ਵਿਛੜੀ ਹੋਈ ਹੈ। ਵਿਭਿੰਨ ਪ੍ਰਤੀਕਾਤਮਕ ਸ਼ਬਦ ਇਸ ਭਾਵ ਮੰਡਲ ਨੂੰ ਸਿਰਜਣ ਵਿਚ ਸਹਾਈ ਹੁੰਦੇ ਹਨ ਜਿਵੇਂ ਸਾਹੁਰਾ (ਪਰਮਸਤਿ) ਡੋਹਾਗਣਿ (ਜੀਵ ਆਤਮਾ) ਆਦਿ। ਇਸ ਬਾਣੀ ਦੀਆਂ ਸੋਲਾਂ (16) ਤੁਕਾਂ ਹਨ ਅਤੇ ਹਰ ਤੁਕ ਦਾ ਤੁਕਾਂਤ 'ਜੀਉ' ਹੋਣ ਕਰਕੇ ਸੁਭਾਵਿਕ ਹੀ ਲੈਅ ਅਤੇ ਸੰਗੀਤਕ ਧੁਨੀ ਪੈਦਾ ਹੋ ਜਾਂਦੀ ਹੈ। ਭਾਵ ਅਤੇ ਰਾਗ ਅਨੁਸਾਰ ਇਸ ਦੀਆਂ ਮਾਤ੍ਰਾਵਾਂ ਦੀ ਗਿਣਤੀ ਵਿਚ ਘਾਟਾ ਵਾਧਾ ਦ੍ਰਿਸ਼ਟੀਗੋਚਰ ਹੁੰਦਾ ਹੈ ਪਰੰਤੂ ਇਸ ਨਾਲ ਭਾਵ ਅਤੇ ਲੈਅ ਮੰਡਲ ਵਿਚ ਕੋਈ ਫਰਕ ਨਹੀਂ ਪੈਂਦਾ। ਵਾਸਤਵ ਵਿਚ ਇਹ ਆਪਣੇ ਪ੍ਰਕਾਰ ਦੀ ਮੌਲਿਕ ਤੇ ਵਿਲੱਖਣ ਰਚਨਾ ਹੈ।ਜਿਸ ਵਿਚ ਸਮਾਜਿਕ ਜੀਵਨ ਵਿਚਲੇ ਪ੍ਰਤੀਕ ਨੂੰ ਕਲਾਤਮਿਕਤਾ ਦੁਆਰਾ ਅਧਿਆਤਮਿਕ ਮਾਰਗ ਦੇ ਸੁਨੇਹੇ ਨੂੰ ਦਰਸਾਇਆ ਗਿਆ ਹੈ।

1.1.12 ਸੁਚਜੀ: ਕੁਚਜੀ ਤੋਂ ਉਲਟ 'ਸੁਚਜੀ' ਬਾਣੀ ਵਿਚ ਇਕ ਸੁਲਖਣੀ (ਸੁਚਜੀ) ਇਸਤ੍ਰੀ ਨੂੰ ਪ੍ਰਤੀਕਾਤਮਕ ਰੂਪ ਵਜੋਂ ਪ੍ਰਸਤੁਤ ਕੀਤਾ ਗਿਆ ਹੈ । ਜੋ ਇਸਤ੍ਰੀ ਸੰਸਾਰਕ ਪਦਾਰਥਾਂ ਤੋਂ ਨਿਰਲੇਪ ਹੋ ਕੇ ਪਰਮਾਤਮਾ ਦੇ ਨਾਮ ਨਾਲ ਜੁੜਦੀ ਹੈ ਅਤੇ ਉਸ ਦੇ ਭਾਣੇ ਨੂੰ ਮੰਨਦੀ ਹੈ। ਕੁਚਜੀ ਤੋਂ ਬਾਅਦ ਇਕਦਮ ਇਸੇ ਬਾਣੀ ਨੂੰ ਅੰਕਿਤ ਕਰਕੇ ਦੋਹਾਂ ਦਾ ਆਪਸੀ ਤੁਲਨਾਤਮਕ ਅੰਤਰ ਸਪਸ਼ਟ ਕਰਦਿਆਂ 'ਸੁਚਜੀ' ਦੇ ਪ੍ਰਤੀਕਾਤਮਿਕ ਅਰਥਾਂ ਦਾ ਮਹੱਤਵ ਦਰਸਾਇਆ ਗਿਆ ਹੈ। ਇਸ ਕਾਵਿ ਬੰਦ ਨੂੰ 10 ਪੰਕਤੀਆਂ

ਵਿਚ ਰਚਿਆ ਗਿਆ ਹੈ। ਜਿਸਦਾ ਤੋਲ ਤੁਕਾਂਤ ਵੀ ਕੁਚਜੀ ਵਾਂਗੂ ਹੀ ਅਤੇ ਅੰਤ ਵਿਚ 'ਜੀਉ' ਦੁਆਰਾ ਵਿਸ਼ੇਸ਼ ਲੈਆਤਮਿਕਤਾ ਦਾ ਪ੍ਰਭਾਵ ਪਾਇਆ ਗਿਆ ਹੈ। ਭਾਸ਼ਾ ਦੇ ਪੱਖ ਤੋਂ ਇਸ ਵਿਚ ਲਹਿੰਦੀ ਸ਼ਬਦਾਂ ਦੀ ਭਰਮਾਰ ਹੈ ਜੋ ਕਿ ਵਿਸ਼ੇਸ਼ ਸਮਾਜਿਕ ਭਾਵ ਮੰਡਲ ਨੂੰ ਸਿਰਜਦਾ ਹੈ। ਇਹ ਦੋਵੇਂ ਰਚਨਾਵਾਂ ਲੋਕ ਮੁਹਾਵਰੇ ਦੀ ਰੰਗਤ ਰਖਦੀਆਂ ਹਨ ਅਤੇ ਇਸ ਦੁਆਰਾ ਅਧਿਆਤਮਿਕ ਅਰਥਾਂ ਨੂੰ ਮੂਰਤੀਮਾਨ ਕਰਦੀਆਂ ਹਨ।

1.1.13 ਥਿਤੀ: ਥਿਤੀ ਕਾਵਿ ਰਚਨਾ ਰੂਪ ਚੰਦ੍ਰਮਾ ਦੀਆਂ ਤਿਥਾਂ ਨਾਲ ਸੰਬੰਧਿਤ ਹੈ। ਇਹ ਇਕ ਪੁਰਾਤਨ ਪਰੰਪਰਾ ਹੈ ਜਿਸ ਦੇ ਅੰਤਰਗਤ ਚੰਦ੍ਰਮਾ ਦੇ ਘਟਣ ਵਧਣ ਅਨੁਸਾਰ ਚਾਨਣ ਅਤੇ ਹਨੇਰੇ ਪੱਖ ਅਧੀਨ ਕੀਤੇ ਗਏ ਕਾਰਜ ਦੀ ਵਿਸ਼ੇਸ਼ਤਾ ਦਰਸਾਈ ਗਈ ਹੁੰਦੀ ਹੈ। ਕਿਉਂਜੋ ਭਾਰਤੀ ਲੋਕ ਪਰੰਪਰਾ ਵਿਚ ਥਿਤਾਂ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ਼ ਤੇ ਵਹਿਮ ਭਰਮ ਜੁੜੇ ਹੋਏ ਹਨ ਇਸ ਕਰਕੇ ਲੋਕ ਜਨਜੀਵਨ ਵਿਚ ਇਹ ਸਰਬ ਪ੍ਰਵਾਨਿਤ ਤੇ ਪ੍ਰਚਲਿਤ ਹੈ। ਚੰਦ੍ਰਮਾ ਦੀਆਂ ਤਾਰੀਖਾਂ ਨਾਲ ਏਕਮ ਤੋਂ ਅਮਾਵਸ ਤਕ ਪੰਦਰਾਂ ਰਾਤਾਂ ਦੇ ਅਧਾਰ ਤੇ ਇਸ ਨੂੰ ਪੰਦਰਾਂ ਛੰਦਾਂ ਜਾਂ ਪਦਾਂ ਵਿੱਚ ਲਿਖਿਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਬਿਲਾਵਲ ਵਿਚ ਥਿਤੀ ਦੇ ਸਿਰਲੇਖ ਅਧੀਨ 20 ਪਉੜੀਆਂ ਰਚੀਆਂ ਹਨ। ਹਰ ਪਉੜੀ 6 ਤੁਕਾਂ ਦੀ ਹੈ। ਜਿਸ ਵਿਚ ਆਮ ਤੌਰ ਤੇ ਸੋਲਾਂ ਮਾਤ੍ਰਾਂ ਦੀ ਤੁਕ ਅਤੇ ਦੋ ਤੁਕਾਂ ਦੇ ਤੁਕਾਂਤ ਦੁਆਰਾ ਕਾਵਿ ਲੈਅ ਨੂੰ ਪ੍ਰਗਟਾਇਆ ਗਿਆ ਹੈ। ਗੁਰੂ ਨਾਨਕ ਦੇਵ ਜੀ ਇਸ ਵਿਚ ਸਰਲ ਸਾਧਾਰਣ ਭਾਸ਼ਾ ਵਿਚ ਬਿਨਾਂ ਕਿਸੇ ਆਡੰਬਰ ਤੋਂ ਪਰਮਾਤਮਾ ਦੇ ਨਿਰਾਕਾਰ ਸਰੂਪ ਅਤੇ ਸ੍ਰਿਸ਼ਟੀ ਰਚਨਾ ਤਕ ਦੇ ਸੰਪੂਰਨ ਇਤਿਹਾਸ ਨੂੰ ਸਰੂਪਿਤ ਕਰ ਰਹੇ ਹਨ। ਕਾਵਿ-ਪੱਖ ਜਿਥੇ ਇਸ ਦੇ ਕਾਵਿ-ਛੰਦਾਂ ਵਿਚ ਲੈਆਤਮਿਕ ਸੰਕੇਤ ਮਿਲਦੇ ਹਨ ਉਥੇ ਇਸ ਨੂੰ 'ਜਤਿ' ਦਾ ਸੰਕੇਤ ਵੀ ਦਿਤਾ ਗਿਆ ਹੈ। 'ਜਤਿ' ਦਾ ਸੰਬੰਧ ਜੋੜੀ ਵਜਾਉਣ ਦੀ ਇਕ ਗਤ ਨਾਲ ਦਰਸਾਇਆ ਜਾਂਦਾ ਹੈ।[38] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਗੀਤ ਦੀ ਧਾਰਣਾ ਦਾ ਨਾਉਂ ਜਤਿ (ਯਤਿ) ਹੈ ਅਤੇ ਮ੍ਰਿਦੰਗ ਦੇ ਬੋਲ ਜਿਥੇ ਵਿਸ਼੍ਰਾਮ ਹੋਵੇ ਉਥੇ ਵੀ ਜਤਿ ਸੰਗਯਾ ਹੈ।[39] ਯਤਿ ਲੈਅ ਦੀ ਨਿਰੰਤਰ ਗਤੀ ਦੇ ਠਹਿਰਾਵ ਦੀਆਂ ਭਿੰਨ ਭਿੰਨ ਅਵਸਥਾਵਾਂ ਦਾ ਪ੍ਰਤੀਕ ਹੈ। ਯਤਿ ਦੁਆਰਾ ਕਿਸੇ ਤਾਲ ਨੂੰ ਵਿਭਿੰਨ ਛੰਦਾਂ ਵਿਚ ਪਰਣਿਤ ਕੀਤਾ ਜਾਂਦਾ ਹੈ।[40] ਇਸ ਤੋਂ ਸਪਸ਼ਟ ਹੈ ਕਿ ਜਤਿ ਤਾਲ ਦੀ ਲੈਅ ਦੇ

---

38. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ), ਪੰਨਾ 229
39. ਮਹਾਨ ਕੋਸ਼, ਪੰਨਾ 502
40. ਬੰਧੋਪਾਧਿਆਇ, ਸ੍ਰੀਪਦ, ਸੰਗੀਤ ਭਾਸ਼੍ਯ, ਪੰਨਾ 287

ਨਿਰੰਤਰ ਪ੍ਰਵਾਹ ਅਧੀਨ ਪ੍ਰਯੋਗ ਕੀਤੇ ਜਾਣ ਵਾਲੇ ਵਿਸ੍ਰਾਮ ਤੋਂ ਭਾਵ ਹੈ। ਥਿਤੀ ਕਾਵਿ-ਰੂਪ ਵਿੱਚ ਜਤਿ ਦਾ ਸੰਕੇਤ ਹੋਣਾ ਇਹ ਸਪਸ਼ਟ ਕਰਦਾ ਹੈ ਕਿ ਇਸ ਨੂੰ ਰਾਗ ਬਿਲਾਵਲ ਅਧੀਨ ਵਿਸ਼ਿਸ਼ਟ ਵਿਸ੍ਰਾਮਾਂ ਸਹਿਤ ਗਾਇਨ ਕਰਨਾ ਹੈ। ਇਸ ਪ੍ਰਕਾਰ ਇਹ ਕਾਵਿ-ਰੂਪ ਕਾਵਿਕ ਅਤੇ ਸੰਗੀਤਕ ਪੱਖਾਂ ਤੋਂ ਵਿਲੱਖਣਤਾ ਦਾ ਧਾਰਣੀ ਹੋ ਨਿਬੜਦਾ ਹੈ।

1.1.14 ਓਅੰਕਾਰ: ਓਅੰਕਾਰ ਸ਼ਬਦ ਭਾਰਤੀ ਦਰਸ਼ਨ ਵਿਚ ਨਿਰਾਕਾਰ ਪਰਮਾਤਮਾ ਦਾ ਭਾਸ਼ਾਤਮਿਕ ਪ੍ਰਤੀਕ ਰੂਪ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰਲੇਖ ਅਧੀਨ ਦਰਜ ਕੀਤਾ ਹੈ। ਇਸ ਦੇ ਅੰਤਰਗਤ ਰਚਿਤ ਬਾਣੀ ਰਚਨਾ 'ਪਟੀ' ਵਾਂਗੂ ਹੀ ਬਾਵਨ ਅਖਰੀ ਦੇ ਕਾਵਿ-ਰੂਪ ਤੇ ਅਧਾਰਿਤ ਹੈ। ਇਹ ਬਾਣੀ ਦਖਣੀ ਤਰਜ਼ ਵਾਲੇ ਰਾਮਕਲੀ ਰਾਗ ਵਿਚ ਅੰਕਿਤ ਕੀਤੀ ਗਈ ਹੈ। ਜਿਸ ਦੇ ਅੰਤਰਗਤ ਗੁਰੂ ਸਾਹਿਬ ਨੇ ਅਧਿਆਤਮਿਕ ਅਤੇ ਪਰਾਭੌਤਿਕ ਵਿਸ਼ਿਆਂ ਸੰਬੰਧੀ ਵਿਚਾਰਾਂ ਦਾ ਵਿਸਤ੍ਰਿਤ ਰੂਪ ਪੇਸ਼ ਕੀਤਾ ਹੈ। ਓਅੰਕਾਰ ਜੋ ਪਰਮਸਤਿ ਦਾ ਵਿਸ਼ੇਸ਼ ਪ੍ਰਤੀਕ ਹੈ ਦੀ ਵਿਆਖਿਆ ਵਿਭਿੰਨ ਅੰਗਾਂ (ਦ੍ਰਿਸ਼ਟੀਕੋਣ) ਤੋਂ ਕਰਦਿਆਂ ਲੌਕਿਕ ਅਤੇ ਪਰਾਲੌਕਿਕ ਜਗਤ ਦੇ ਰਹੱਸ ਨੂੰ ਉਜਾਗਰ ਕੀਤਾ ਹੈ। ਸਮੁੱਚੀ ਬਾਣੀ ਕੁਲ ਚੁਰੰਜਾ (54) ਬੰਦਾਂ ਵਿੱਚ ਹੈ। ਪਹਿਲਾ ਅਤੇ ਅੰਤਿਮ ਬੰਦ ਮੰਗਲਾਚਰਣ ਵਜੋਂ ਲਿਆ ਗਿਆ ਹੈ। ਹਰ ਬੰਦ ਦੀ ਪਹਿਲੀ ਸਤਰ ਦਾ ਪਹਿਲਾ ਅੱਖਰ ਪੈਂਤੀ ਦੇ ਕਿਸੇ ਅੱਖਰ ਤੇ ਅਧਾਰਿਤ ਹੈ ਪਰੰਤੂ ਅੱਖਰਾਂ ਦਾ ਕ੍ਰਮ ਬੰਦਾਂ ਵਿਚ ਅੱਗੇ ਪਿਛੇ ਰਖਿਆ ਗਿਆ ਹੈ। ਇਕੋ ਅੱਖਰ ਦੇ ਦੁਆਲੇ ਦੋ ਦੋ ਤਿੰਨ ਤਿੰਨ ਬੰਦ ਲਿਖੇ ਵੀ ਪ੍ਰਾਪਤ ਹੁੰਦੇ ਹਨ। ਆਮ ਤੌਰ ਤੇ ਬੰਦ ਅੱਠ ਤੁਕਾਂ ਦਾ ਰਖਿਆ ਹੈਪਰੰਤੂ ਤੀਜਾ, ਚੌਥਾ, ਪੰਜਵਾਂ, ਛੇਵਾਂ ਬੰਦ ਚਾਰ ਚਾਰ ਤੁਕਾਂ ਦੇ ਵੀ ਰਖੇ ਹਨ। ਕਈ ਬੰਦਾਂ ਵਿਚ 9 ਤੁਕਾਂ ਵੀ ਹਨ। ਤੁਕਾਂਤ ਦੋ ਤੁਕਾਂ ਵਾਲਾ ਹੀ ਮੇਲਿਆ ਗਿਆ ਹੈ ਤੁਕ ਦਾ ਆਰੰਭ ਪੱਟੀ ਵਾਂਗ 'ਸਸੈ ਸੁਭ' ਧਧੈ ਧਰਮੁ ਆਦਿ ਅੱਖਰਾਂ ਤੋਂ ਹੀ ਹੁੰਦਾ ਹੈ।ਕਾਵਿ ਵਿਸ਼ੇ ਦੇ ਪੱਖ ਤੋਂ ਇਸ ਵਿਚ ਵਿਭਿੰਨ ਪ੍ਰਤੀਕਾਂ ਅਤੇ ਬਿੰਬਾਂ ਦੀ ਵਰਤੋਂ ਦੁਆਰਾ ਗਹਿਰ ਗੰਭੀਰ ਭਾਵਾਂ ਨੂੰ ਸਪਸ਼ਟ ਰੂਪ ਵਿੱਚ ਪ੍ਰਸਤੁਤ ਕੀਤਾ ਗਿਆ ਹੈ:

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ।।
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ।।[41]

ਗੁਰੂ ਨਾਨਕ ਦੇਵ ਜੀ ਨੇ ਇਸ ਬਾਣੀ ਨੂੰ ਰਾਮਕਲੀ ਰਾਗ ਵਿਚ ਨਿਬੱਧ ਕੀਤਾ ਹੈ ਰਾਮਕਲੀ ਜੋਗੀਆਂ ਦਾ ਪ੍ਰਿਯ ਰਾਗ ਹੈ ਇਥੇ ਨਾਲ ਹੀ ਦਖਣੀ ਸ਼ਬਦ ਦਾ ਪ੍ਰਯੋਗ ਰਾਮਕਲੀ ਅਤੇ ਦਖਣੀ ਦੇ ਵਿਚਕਾਰ

41. ਆਦਿ ਗ੍ਰੰਥ, ਪੰਨਾ 938

ਹੋਇਆ ਹੈ ਜਿਸ ਤੋਂ ਆਮ ਕਰਕੇ ਇਹ ਭੁਲੇਖਾ ਲਗ ਜਾਂਦਾ ਹੈ ਕਿ ਇਹ ਬਾਣੀ ਦਖਣੀ ਓਅੰਕਾਰ ਹੈ ਪਰੰਤੂ ਦਖਣੀ ਸ਼ਬਦ ਰਾਗ ਨਾਲ ਸੰਬੰਧਿਤ ਹੈ ਇਸ ਪ੍ਰਕਾਰ ਇਸ ਬਾਣੀ ਨੂੰ ਦਖਣੀ ਤਰਜ਼ ਵਾਲੇ ਰਾਮਕਲੀ ਰਾਗ ਤੇ ਗਾਉਣ ਦਾ ਸੰਕੇਤ ਹੈ। ਬਾਣੀ ਦੇ ਕਾਵਿ-ਰੂਪ ਵਿਚ ਵਰਣਿਤ ਭਾਵ ਮੰਡਲ ਅਤੇ ਉਸੇ ਪ੍ਰਕਾਰ ਦੇ ਰਾਗ ਦੀ ਇਕਸੁਰਤਾ ਇਸ ਕਾਵਿ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ।

1.1.15 ਸਿਧ ਗੋਸਟਿ: ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਗੋਸਟਿ ਵਿਸ਼ਿਸ਼ਟ ਪ੍ਰਕਾਰ ਦਾ ਰਚਨਾ ਰੂਪ ਹੈ। ਇਹ ਪੁਰਾਤਨ ਤੇ ਪਰੰਪਰਿਕ ਸਾਹਿਤ ਰੂਪ ਹੈ ਜਿਸ ਨੂੰ ਉਪਨਿਸ਼ਦਾਂ ਤੋਂ ਪਹਿਲਾਂ ਵੀ ਸਵੀਕਾਰ ਕੀਤਾ ਜਾਂਦਾ ਹੈ। ਜਿਸ ਦੇ ਅਰਥ ਵਾਦ ਵਿਵਾਦ, ਵਾਰਤਾਲਾਪ, ਵਿਚਾਰ ਵਟਾਂਦਰੇ ਦਾ ਆਦਾਨ ਪ੍ਰਦਾਨ ਆਦਿ ਲਏ ਜਾਂਦੇ ਹਨ। ਗੋਸਟਿ ਦੇ ਅੰਤਰਗਤ ਦਾਰਸ਼ਨਿਕ ਅਧਿਆਤਮਿਕ ਵਿਚਾਰਾਂ ਨੂੰ ਸੰਖਿਪਤ ਦਲੀਲ ਸਹਿਤ ਪੇਸ਼ ਕੀਤਾ ਜਾਂਦਾ ਹੈ। ਦੋ ਭਿੰਨ ਭਿੰਨ ਵਿਚਾਰਾਂ, ਮਤਾਂ ਦੀ ਆਪਸੀ ਭਿੰਨਤਾ ਅਤੇ ਸਮੱਸਿਆ ਦਾ ਆਦਾਨ ਪ੍ਰਦਾਨ ਕਰਦਿਆਂ ਸ਼ੰਕੇ ਦੀ ਨਿਵਰਤੀ ਕੀਤੀ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿਧ ਗੋਸਟਿ' ਅਚਲ ਵਟਾਲੇ ਵਿਖੇ ਸਿਧਾਂ ਨਾਲ ਹੋਈ ਗੋਸ਼ਟੀ ਦਾ ਪਰਿਣਾਮ ਹੈ। "ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ।"[42] ਇਸ ਦੇ ਅੰਤਰਗਤ ਪਰੰਪਰਿਕ ਰਵਾਇਤ ਅਨੁਸਾਰ ਦਾਰਸ਼ਨਿਕ ਵਿਚਾਰਾਂ ਨੂੰ ਪ੍ਰਸ਼ਨੋਤਰੀ ਦੁਆਰਾ ਪੇਸ਼ ਕੀਤਾ ਗਿਆ ਹੈ। ਇਹ ਤਹੇਤਰ (73) ਪਉੜੀਆਂ ਵਿਚ ਨਿਬੱਧ ਕੀਤੀ ਗਈ ਹੈ। ਆਮ ਤੌਰ ਤੇ ਹਰ ਪਉੜੀ ਚਾਰ(4) ਤੁਕਾਂ ਦੀ ਹੈ ਪਰੰਤੂ ਕਿਧਰੇ ਕਿਧਰੇ 6 ਤੁਕਾਂ ਦੀ ਵੀ ਵਰਤੋਂ ਕੀਤੀ ਗਈ ਹੈ।[43] ਜਿਨ੍ਹਾਂ ਵਿਚ ਮਾਤਰਾਵਾਂ ਦੀ ਵਿਭਿੰਨਤਾ ਤੇ ਤੁਕਾਂਤ ਦੀ ਇਕਸਾਰਤਾ ਕਾਵਿਕ ਗੁਣਾਂ ਨੂੰ ਕਲਾਤਮਿਕਤਾ ਪ੍ਰਦਾਨ ਕਰਦੀ ਹੈ। ਗੰਭੀਰ ਬੌਧਿਕ ਅਤੇ ਦਾਰਸ਼ਨਿਕ ਵਿਸ਼ੇ ਉਤੇ ਪ੍ਰਸ਼ਨਾਂ ਦੇ ਉਤਰ ਇਸ ਕਾਵਿ-ਰੂਪ ਦੁਆਰਾ ਵਾਰਤਾਲਾਪੀ ਸ਼ੈਲੀ ਦੁਆਰਾ ਪ੍ਰਗਟ ਹੋਏ ਹਨ। ਭਾਸ਼ਾਈ ਪੱਖ ਤੋਂ ਵਿਭਿੰਨ ਪ੍ਰਤੀਕ ਰੂਪ, ਗਿਆਨ ਬਿੰਬ, ਨਾਦ ਬਿੰਬ ਆਦਿ ਜੁਗਤਾਂ ਦਾ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਬਾਣੀ ਨੂੰ ਸਿਧਾਂ ਦੇ ਪ੍ਰਿਯ ਰਾਗ ਰਾਮਕਲੀ ਅਧੀਨ ਦਰਜ ਕੀਤਾ ਗਿਆ ਹੈ ਅਤੇ ਇਸੇ ਵਿਚ ਗਾਏ ਜਾਣ ਦਾ ਸੰਕੇਤ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਦਿਤਾ ਗਿਆ ਹੈ।

---

42. ਭਾਈ ਗੁਰਦਾਸ, ਵਾਰ 1, ਪਉੜੀ, ਪੰਨਾ 39-44

43. ਆਦਿ ਗ੍ਰੰਥ, ਸਿਧ ਗੋਸਟਿ, ਪੰਨਾ ੯੪੦

1.1.16 ਸੋਲਹੇ: ਗੁਰੂ ਨਾਨਕ ਬਾਣੀ ਵਿਚ ਸੋਲਹੇ ਕਾਵਿ-ਰੂਪ ਦਾ ਪ੍ਰਯੋਗ ਵਿਸ਼ੇਸ਼ ਹੈ। ਚਉਪਦਿਆਂ ਅਤੇ ਅਸਟਪਦੀਆਂ ਵਾਂਗ ਸੋਲਹੇ ਵੀ ਇਕ ਪਰੰਪਰਾਗਤ ਕਾਵਿ ਭੇਦ ਹੈ ਜਿਸ ਵਿਚ ਸੋਲਾਂ ਪਦੇ ਸੰਕਲਿਤ ਹੁੰਦੇ ਹਨ। ਹਰ ਪਦਾ ਚਾਰਤੁਕਾਂ ਦਾ ਹੁੰਦਾ ਹੈ ਹਰ ਤੁਕ ਲਗਭਗ ਸੋਲਾਂ (16) ਮਾਤ੍ਰਾਂ ਦੀ ਪਾਈ ਜਾਂਦੀ ਹੈ ਤੇ ਕੁਝ ਮਾਤ੍ਰਾਵਾਂ ਚੌਂਹਠ (64) ਹੁੰਦੀਆਂ ਹਨ। ਮਾਤ੍ਰਾਵਾਂ ਦੀ ਇਹ ਗਿਣਤੀ ਘੱਟ-ਵੱਧ ਵੀ ਹੋ ਸਕਦੀ ਹੈ ਇਸ ਦਾ ਛੰਦ ਰੂਪ ਘਨਕਲਾ ਜਾਂ ਚਿਤਰਕਲਾ ਹੈ। ਸੋਲਹਾ ਕਾਵਿ-ਰੂਪ ਦੀ ਰਵਾਨਗੀ ਹੋਰ ਕਾਵਿ-ਰੂਪਾਂ ਨਾਲੋਂ ਕਿਤੇ ਜ਼ਿਆਦਾ ਹੈ। ਹਰ ਇਕ ਬੰਦ ਵਿਚ ਸਮਾਪਤੀ ਵਜੋਂ ਕਿਸੇ ਲੰਮੇਰੇ ਅਤੇ ਟਿਕਾਅ ਭਰਪੂਰ ਸ਼ਬਦ ਦਾ ਪ੍ਰਯੋਗ ਇਸ ਕਾਵਿਰੂਪ ਨੂੰ ਵਿਸ਼ੇਸ਼ ਸਰੋਦੀ ਅੰਸ਼ ਪ੍ਰਦਾਨ ਕਰਦਾ ਹੈ। ਇਸ ਦਾ ਲਮਕਾਅ ਅਤੇ ਠਹਿਰਾਅ ਦੋਵੇਂ ਹੀ ਇਸ ਦੀ ਸੰਗੀਤਾਤਮਿਕਤਾ ਲਈ ਵਿਸ਼ੇਸ਼ ਹਨ। ਇਸ ਕਾਵਿ-ਰੂਪ ਦਾ ਸਨਾਤਨੀ ਨਾਮ ਭਾਵੇਂ ਸੋੜਸ਼ਪਦੀ ਵੀ ਹੈ ਪਰ ਸੋਲਹੇ ਵਿਚ ਇਸ ਨੂੰ ਸੋਲਹੇ ਦਾ ਨਾਮ ਪ੍ਰਦਾਨ ਕਰਵਾਇਆ ਹੈ ਅਤੇ ਇਹੀ ਇਸਦਾ ਪ੍ਰਚਲਨ ਹੈ।

ਗੁਰੂ ਨਾਨਕ ਬਾਣੀ ਵਿਚ ਇਸ ਕਾਵਿ-ਰੂਪ ਨੂੰ ਰਾਗ ਮਾਰੂ ਅਧੀਨ ਅੰਕਿਤ ਕੀਤਾ ਗਿਆ ਹੈ। ਆਪ ਦੁਆਰਾ ਰਚਿਤ ਸੋਲਹੇ ਰਾਗ ਮਾਰੂ ਅਧੀਨ ਅੰਕਿਤ ਕੀਤੇ ਗਏ ਹਨ ਜਿਸ ਦੇ ਅੰਤਰਗਤ 22 ਸੋਲਹੇ ਪ੍ਰਾਪਤ ਹੁੰਦੇ ਹਨ। ਜੋ ਕਿ ਵਿਸ਼ੇ ਭਾਵ ਅਤੇ ਲਯ ਨੂੰ ਸੰਪੂਰਨ ਰੂਪ ਵਿਚ ਪ੍ਰਗਟ ਕਰਨ ਹਿਤ 16 ਬੰਦਾਂ ਦੀ ਬੰਦਿਸ਼ ਤੋਂ ਮੁਕਤ ਹਨ। ਇਸੇ ਕਾਰਨ ਬਾਣੀ ਵਿਚ ਪ੍ਰਾਪਤ ਹੋਏ ਸੋਲਹੇ 15 ਅਤੇ 17 ਪਦਿਆਂ ਵਿਚ ਵੀ ਦ੍ਰਿਸ਼ਟਮਾਨ ਹੁੰਦੇ ਹਨ। ਜਿਨ੍ਹਾਂ ਵਿਚ ਆਮ ਤੌਰ ਤੇ ਇਕ ਬੰਦ ਵਿਚ ਤਿੰਨ ਤੁਕਾਂ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਤੀਸਰੀ ਤੁਕ ਪਹਿਲੀਆਂ ਦੋ ਤੁਕਾਂ ਦੇ ਮੁਕਾਬਲੇ ਵਧੇਰੇ ਲੰਬੀ ਹੁੰਦੀ ਹੈ ਅਤੇ ਅੰਤ ਵਿਚ 'ਹੇ' ਸ਼ਬਦ ਦੀ ਵਰਤੋ ਕੀਤੀ ਗਈ ਹੈ। ਇਵੇਂ ਹੀ ਮਲਾਇਦਾ, ਪਾਇਦਾ, ਪਾਇਆ, ਚਲਾਇਆ, ਸਬਾਇਆ ਆਦਿ ਵਿਸ਼ੇਸ਼ ਸ਼ਬਦਾਵਲੀ ਦੁਆਰਾ ਰਾਗਾਤਮਿਕ ਲੈਅ ਸਿਰਜਣਾ ਨੂੰ ਸਿਰਜਿਆ ਹੈ। ਇਸ ਕਾਵਿ-ਰੂਪ ਦੇ ਅੰਤਰਗਤ ਦਾਰਸ਼ਨਿਕ ਸਿਧਾਂਤਾਂ ਦੇ ਰਸ ਨੂੰ ਸੁਲਝਾਉਣ ਅਤੇ ਬੌਧਿਕ ਭਾਵਾਂ ਦਾ ਬਹੁ-ਪ੍ਰਭਾਵੀ ਵਰਨਣ ਰਾਗਾਤਮਿਕਤਾ ਅਤੇ ਲੈਆਤਮਿਕਤਾ ਸੰਗ ਸੰਯੁਕਤ ਰੂਪ ਵਿਚ ਅਭਿਵਿਅਕਤ ਹੁੰਦਾ ਹੈ। ਇਹ ਕਾਵਿ-ਰੂਪ ਸਨਾਤਨੀ ਕਾਵਿ-ਰੂਪ ਦੀ ਕਟੜਤਾ ਤੋਂ ਮੁਕਤ ਗੁਰਮਤਿ ਵਿਧਾਨ ਦੇ ਅੰਤਰਗਤ ਆਪਣੀ ਮੌਲਿਕ ਤੇ ਵਿਲੱਖਣ ਪਹਿਚਾਣ ਬਣ ਦ੍ਰਿਸ਼ਟਮਾਨ ਹੁੰਦਾ ਹੈ।

1.1.17 ਬਾਰਹਮਾਹ: ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿਚ ਬਾਰਮਾਹ ਦੀ ਰਚਨਾ ਕੀਤੀ। ਇਹ ਕਾਵਿ-ਰੂਪ ਭਾਰਤੀ ਲੋਕ ਕਾਵਿ ਦਾ ਰੁਤਾਂ ਤੇ ਅਧਾਰਿਤ ਤੇ ਪ੍ਰਚਲਿਤ ਕਾਵਿ-ਰੂਪ ਹੈ।ਜਿਸ ਨੂੰ ਵਰਖਾ ਰੁਤ ਵਿਚ ਗਾਏ ਜਾਣ ਵਾਲਾ ਗੀਤ ਵੀ ਕਹਿੰਦੇ ਹਨ। ਇਸ ਵਿਚ ਬਾਰਾਂ ਮਹੀਨਿਆਂ ਦੇ

ਪ੍ਰਕ੍ਰਿਤੀ ਚਿਤਰਣ ਦਾ ਸਹਿਜ ਸੁਭਾਵਿਕ ਵਰਣਨ ਹੁੰਦਾ ਹੈ ਜਿਸ ਦੇ ਅੰਤਰਗਤ ਬਿਰਹਾ ਅਤੇ ਵਿਛੋੜੇ ਦੇ ਭਾਵਾਂ ਨੂੰ ਪ੍ਰਕ੍ਰਿਤੀ ਦੀ ਵਿਵਿਧ ਪੱਖੀ ਵੰਨਸੁਵੰਨਤਾ ਦੀ ਚਿਤਰਾਤਮਿਕਤਾ ਦੁਆਰਾ ਪੇਸ਼ ਕੀਤਾ ਗਿਆ ਹੁੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ 'ਛੰਤ' ਰੂਪ ਵਿੱਚ ਰਚਿਆ ਹੈ। ਬਾਰਾਂ ਮਹੀਨਿਆਂ ਨਾਲ ਸੰਬੰਧਿਤ ਬਾਰਾਂ ਛੰਤਾਂ ਤੋਂ ਬਿਨਾਂ ਪ੍ਰਥਮ ਚਾਰ ਛੰਤਾਂ ਵਿਚਸਮੁੱਚੇ ਭਾਵ-ਪ੍ਰਭਾਵ ਅਤੇ ਮਹੱਤਵ ਦਾ ਵਰਨਨ ਹੈ ਅਤੇ ਅੰਤਿਮ ਛੰਤ ਵਿਚ ਸਾਰੀਆਂ ਰੁਤਾਂ ਅਤੇ ਕਾਲ ਚਕਰ ਅਧੀਨ ਪਤੀ ਪਰਮੇਸ਼ਵਰ ਦੇ ਵਿਚ 'ਸੋਹਾਗਣ' ਰਹਿਣ ਦੀ ਅਭਿਲਾਸ਼ਾ ਦਾ ਪ੍ਰਗਟੀਕਰਣ ਕੀਤਾ ਗਿਆ ਹੈ। ਇਸ ਕਾਵਿ-ਰੂਪ ਵਿਚ 'ਛੰਤ' ਅਤੇ 'ਬਾਰਹਮਾਹ' ਦੋਹਾਂ ਦਾ ਸੁਮੇਲ ਹੈ। ਇਹਨਾਂ ਦਾ ਸੁਮਿਲਿਤ ਤੇ ਸੰਯੁਕਤ ਸਰੂਪ ਇਸ ਕਾਵਿ-ਰੂਪ ਨੂੰ ਵਿਲੱਖਣਤਾ ਪ੍ਰਦਾਨ ਕਰਵਾਉਂਦਾ ਹੈ। ਛੰਤ ਜੋ ਕਿ ਸ਼ਿੰਗਾਰ ਕਾਵਿ ਦਾ ਰੂਪ ਹੈ ਅਤੇ ਬਾਰਹਮਾਹ ਵਿਯੋਗ ਦਾ ਰੂਪ ਹੈ ਪਰੰਤੂ ਗੁਰੂ ਸਾਹਿਬ ਨੇ ਇਸ ਕਾਵਿ-ਰੂਪ ਵਿਚ ਵਿਯੋਗ ਅਤੇ ਮਿਲਾਪ ਦੋਹਾਂ ਦਾ ਸੁਮਿਲਤ ਪ੍ਰਯੋਗ ਕਰਕੇ ਇਸ ਨੂੰ ਕਾਵਿ ਦਾ ਉਤਕ੍ਰਿਸ਼ਟ ਰੂਪ ਬਣਾਇਆ ਹੈ। ਗੁਰੂ ਸਾਹਿਬ ਨੇ ਇਸ ਕਾਵਿ ਰੂਪ ਨੂੰ ਤੁਖ਼ਾਰੀ ਰਾਗ ਵਿਚ ਅੰਕਿਤ ਕੀਤਾ ਹੈ। ਤੁਖਾਰੀ ਰਾਗ ਸ਼ਾਂਤ ਸੀਤ, ਬਿਰਹਾ, ਵਿਛੋੜੇ, ਲੰਮੀ ਉਦਾਸੀ ਅਤੇ ਖ਼ਾਮੋਸ਼ੀ ਦੇ ਭਾਵਾਂ ਨੂੰ ਉਜਾਗਰ ਕਰਨ ਵਾਲਾ ਹੈ ਇਸ ਦੇ ਸੁਰਾਤਮਕ ਸਰੂਪ ਵਿਚ ਉਤਸੁਕਤਾ ਪ੍ਰਬਲ ਰੂਪ ਵਿਚ ਪ੍ਰਧਾਨ ਰਹਿੰਦੀ ਹੈ। ਕਾਵਿ-ਰੂਪ ਦੇ ਅੰਤਰਗਤ ਆਤਮਾ ਦੀ ਪਰਮਾਤਮਾ ਤੋਂ ਵਿਛੋੜੇ ਦੀ ਸਥਿਤੀ ਨੂੰ ਪ੍ਰਗਟਾਇਆ ਗਿਆ ਹੈ ਬਿਰਹੋਂ ਅਤੇ ਵਿਯੋਗ ਨੂੰ ਰਾਗ ਦੇ ਭਾਵਾਂ ਦੀ ਇਕਮਿਕਤਾ ਹੋਰ ਵੀ ਤੀਬਰਤਮ ਕਰ ਦਿੰਦੀ ਹੈ। ਇਸ ਪ੍ਰਕਾਰ ਇਹ ਕਾਵਿ ਰੂਪ ਆਪਣੇ ਕਾਵਿਕ ਅਤੇ ਸੰਗੀਤਕ ਗੁਣਾਂ ਦਾ ਧਾਰਣੀ ਹੋਣ ਕਰਕੇ ਵਿਲੱਖਣ ਕਾਵਿ-ਰੂਪ ਵਜੋਂ ਉਜਾਗਰ ਹੁੰਦਾ ਹੈ।

'ਗੁਰੂ ਨਾਨਕ ਬਾਣੀ' ਦੇ ਅੰਤਰਗਤ ਕਾਵਿ-ਰੂਪਾਂ ਦੇ ਉਪਰੋਕਤ ਵਿਵੇਚਨ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੇ ਉਦੇਸ਼ ਦੀ ਪੂਰਤੀ ਹਿਤ ਵਿਭਿੰਨ ਕਾਵਿ-ਰੂਪਾਂ ਨੂੰ ਮੌਲਿਕ ਵਿਧਾਨ ਦੇ ਅੰਤਰਗਤ ਪ੍ਰਯੋਗ ਕਰ ਰਹੇ ਹਨ। ਇਹ ਕਾਵਿ-ਰੂਪ ਨਾ ਤਾਂ ਸਨਾਤਨੀ ਕੱਟੜਤਾ ਦੇ ਧਾਰਣੀ ਹਨ ਅਤੇ ਨਾ ਹੀ ਲੋਕ ਕਾਵਿ ਦੀ ਸੁਤੰਤਰਤਾ ਦੇ ਪ੍ਰਤੀਕ। ਬਲਕਿ ਇਹਨਾਂ ਕਾਵਿ-ਰੂਪਾਂ ਵਿਚ ਗੁਰੂ ਸਾਹਿਬ ਦੀ ਤੀਬਰ ਸੰਵੇਦਨਾ ਅਨੁਭਵ ਤੇ ਅਭਿਵਿਅਕਤੀ ਇਹਨਾਂ ਨੂੰ ਨਵੀਨ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਨ ਵਿਚ ਸਹਾਈ ਹੁੰਦੀ ਹੈ। ਇਹ ਕਾਵਿ-ਰੂਪ ਕਾਵਿ ਦੇ ਵਿਵਧਅਕਾਰੀ ਵੰਨਸੁਵੰਨਤਾ ਦੇ ਧਾਰਣੀ ਜ਼ਰੂਰ ਹਨ, ਪਰੰਤੂ ਇਹਨਾਂ ਦਾ ਸਮੁੱਚਾ ਕਾਰਜ ਵਿਧਾਨ ਗੁਰਮਤਿ ਆਸ਼ੇ ਅਧੀਨ ਹੀ ਕਾਰਜਸ਼ੀਲ ਰਹਿੰਦਾ ਹੈ। ਗੁਰੂ ਸਾਹਿਬ ਨੇ ਤਾਂ ਇਸ ਦੁਆਰਾ ਸੰਚਾਰ ਨੂੰ ਸਹਿਜ ਰੂਪ ਵਿਚ ਪ੍ਰਵਾਹਿਤ ਕੀਤਾ ਹੈ। ਇਹ ਸੰਚਾਰ ਕਾਵਿ ਦੇ ਵਿਭਿੰਨ ਤੱਤਾਂ ਦੁਆਰਾ ਵੀ ਸੰਚਾਰਿਤ ਹੋ ਰਿਹਾ ਹੈ ਕਿਉਂਜੋ ਕਾਵਿ ਆਪਣੇ ਆਪ ਵਿਚ ਇਕ

ਸੁਤੰਤਰ ਵਿਧਾ ਹੈ ਜੋ ਕਿ ਵਿਭਿੰਨ ਤੱਤਾਂ ਦੀ ਧਾਰਣੀ ਹੈ। ਇਹ ਤੱਤ ਹੀ ਜਦੋਂ ਸਮਿਲਿਤ ਰੂਪ ਵਿੱਚ ਕ੍ਰਿਆਸ਼ੀਲ ਹੁੰਦੇ ਹਨ ਤਦ ਹੀ ਕੋਈ ਰਚਨਾ ਰੂਪਾਕਾਰ ਗ੍ਰਹਿਣ ਕਰਦੀ ਹੈ। ਬਾਣੀ ਵਿੱਚ ਕਾਵਿ ਜਿਥੇ ਬਾਣੀ ਦੇ ਅੰਤਰਨਿਹਤ ਜੁਗਤ ਵਜੋਂ ਕਾਰਜਸ਼ੀਲ ਹੈ ਉਥੇ ਆਪਣੇ ਸੁਤੰਤਰ ਹੋਂਦ ਅਤੇ ਵਿਭਿੰਨ ਸੌਂਦਰਯਾਤਮਕ ਤੱਤਾਂ ਦੀ ਵਿਸ਼ਿਸ਼ਟਤਾ ਦਾ ਵੀ ਧਾਰਣੀ ਹੈ। ਇਹਨਾਂ ਵਿਭਿੰਨ ਕਾਵਿਕ ਤੱਤਾਂ ਦਾ ਪ੍ਰਯੋਗ ਅਨੁਸ਼ਾਸਨਬੱਧ ਨੇਮ, ਨਿਯਮ ਜਾਂ ਸਿਧਾਂਤ ਦੇ ਅੰਤਰਗਤ ਨਾ ਹੋ ਕੇ ਗੁਰੂ ਸਾਹਿਬ ਦੀ ਨਵੀਨ ਦ੍ਰਿਸ਼ਟਿ ਦੁਆਰਾ ਸਾਕਾਰ ਹੋਇਆ ਹੈ। ਇਥੇ ਇਹ ਤੱਤ ਸੰਚਾਰ ਪ੍ਰਕ੍ਰਿਆ ਵਿਚੋਂ ਸੰਚਾਰ ਉਪਕਰਣ ਵਜੋਂ ਦ੍ਰਿਸ਼ਟਮਾਨ ਹੁੰਦੇ ਹਨ। ਇਹਨਾਂ ਤੱਤਾਂ ਦੀ ਕਾਰਜਸ਼ੀਲਤਾ ਅਤੇ ਮਹੱਤਵ ਅਤੇ ਪ੍ਰਯੋਜਨ ਦੀ ਸਾਰਥਕਤਾ ਨੂੰ ਅਧਿਐਨ ਅਤੇ ਵਿਸ਼ਲੇਸ਼ਣ ਉਪਰਾਂਤ ਹੀ ਜਾਣਿਆ ਜਾ ਸਕਦਾ ਹੈ।

1.2 <u>ਰਸ</u>: ਗੁਰੂ ਨਾਨਕ ਬਾਣੀ ਕਿਉਂਜੋ ਕਾਵਿਕ ਜਾਮੇ ਵਿਚ ਹੈ ਇਸ ਲਈ ਰਸ ਇਸ ਵਿੱਚ ਕਾਵਿਕ ਉਪਕਰਣ ਵਜੋਂ ਵਿਦਮਾਨ ਹੈ। ਕਾਵਿ ਪ੍ਰਕ੍ਰਿਆ ਅਤੇ ਕਾਵਿ ਸੰਚਾਰ ਦੌਰਾਨ ਰਸ ਦੀ ਕਾਰਜਸ਼ੀਲਤਾ ਅਤੇ ਰਸ ਦਾ ਬਹੁਪਰਤੀ ਬਹੁਦਿਸ਼ਾਵੀ ਅਤੇ ਬਹੁਮੁਖੀ ਸੌਂਦਰਯਾਤਮਿਕ ਪ੍ਰਕਾਸ਼ਨ ਸਾਧਾਰਣ ਦ੍ਰਿਸ਼ਟੀ ਤੋਂ ਕਿਸੇ ਵੀ ਕਾਵਿ ਵਿਦਵਾਨ/ਆਲੋਚਕ ਨੂੰ ਮਾਣ ਤੇ ਗਰਿਮਾ ਦਾ ਆਭਾਸ ਕਰਵਾ ਦਿੰਦਾ ਹੈ ਕਿ ਬਾਣੀ ਵਿਚ ਰਸ ਵਿਉਤਪਤੀ ਦਾ ਅਜਬ ਤੇ ਗਜਬ ਕਾਵਿ ਪਾਸਾਰਾ ਹੈ। ਵਾਸਤਵ ਵਿਚ ਇਹ ਸਾਡਾ ਹੀ ਲੋਭ ਹੈ ਕਿ ਅਸੀਂ ਬਾਣੀ ਨੂੰ ਕਾਵਿ ਦੇ ਪੱਧਰ ਉਤੇ ਪਰਖਣ ਤੇ ਨਿਰਖਣ ਦੀ ਮਜ਼ਬੂਰੀ ਵਸ ਰਸ ਪ੍ਰਯੋਗ ਦੇ ਸਹੀ ਸੰਦਰਭ ਤੇ ਪ੍ਰਯੋਜਨ ਨੂੰ ਨਹੀਂ ਵੇਖ ਸਕਦੇ।ਇਸ ਵਿਚ ਰਤੀ ਭਰ ਵੀ ਸੰਦੇਹ ਨਹੀਂ ਕਿ ਕਾਵਿ ਦੀ ਦ੍ਰਿਸ਼ਟੀ ਤੋਂ ਬਾਣੀ ਦਾ ਰਸ ਸੰਸਾਰ ਕਾਵਿ ਦੇ ਇਤਿਹਾਸ ਵਿਚ ਪ੍ਰਮੁੱਖਤਮ ਸਥਾਨ ਰਖਦਾ ਹੈ। ਪਰ ਬਾਣੀ ਦੀ ਵਾਸਤਵਿਕਤਾ ਅਤੇ ਵਾਸਤਵਿਕ ਸਰੂਪ ਦੀ ਪਹਿਚਾਣ ਸਮੇਂ ਸਾਨੂੰ ਇਸਨੂੰ ਕਾਵਿ ਵਰਗੀ ਕਲਾਤਮਿਕ ਅਤੇ ਸੌਂਦਰਯਾਤਮਿਕ ਪਹਿਚਾਣ ਤੋਂ ਗੁਰੇਜ਼ ਕਰਨਾ ਪਵੇਗਾ। ਬਾਣੀ ਵਿਚ ਵਿਭਿੰਨ ਰਸਾਂ ਦਾ ਪ੍ਰਯੋਗ ਅਤੇ ਰਸ ਸਿਰਜਣ ਪ੍ਰਕ੍ਰਿਆ ਮਾਨਵੀ ਜੀਵਨ ਦੇ ਰਸਾਤਮਕ ਚਿਤ੍ਰਣ ਦੁਆਰਾ ਉਸ ਪਰਮਸਤਿ ਦੀ ਅਨੁਭੂਤੀ ਤੇ ਆਨੰਦ ਅਵਸਥਾ ਦੁਆਰਾ ਸਹਿਜ ਬੋਧ ਕਰਾਉਣਾ ਹੈ। ਸਤਚਿਤ ਪਾਰਬ੍ਰਹਮ ਦੇ ਰਹਸ ਨੂੰ ਜਾਨਣ ਅਤੇ ਸਮੂਹ ਲੋਕਾਈ ਤਕ ਪਹੁੰਚਾਣ ਲਈ ਮਾਨਵੀ ਉਪਕਰਣਾਂ ਦਾ ਇਸਤੇਮਾਲ ਸੁਭਾਵਿਕ ਹੀ ਇਹਨਾਂ ਮਾਨਵੀ ਕਲਾਤਮਿਕ ਉਪਕਰਣਾਂ ਦੀ ਮੌਲਿਕ ਗਰਿਮਾ ਨੂੰ ਰੂਪਾਇਤ ਕਰਦਾ ਹੈ। ਇਸੇ ਕਰਕੇ ਰਸ ਦੇ ਸੰਬੰਧ ਵਿਚ ਆਪ-ਮੁਹਾਰੇ ਹੀ ਸਥਾਈ ਭਾਵ, ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਰਸ ਨਿਸ਼ਪਤੀ ਦਾ ਆਧਾਰ ਬਣਦੇ ਹਨ। ਰਸ ਨਿਸ਼ਪਤੀ ਵਿਚ ਨਾਇਕ ਦਾ ਆਪਣਾ ਕੋਈ ਅਲੰਬਨ ਅਨਿਵਾਰਯ ਹੈ। ਪਰ ਕਿਉਂਜੋ ਬਾਣੀ

ਦਾ ਮੂਲ ਆਲੰਬਨ ਪਰਮਾਤਮਾ ਹੈ ਤੇ ਪਰਮਾਤਮਾ ਨਿਰਾਕਾਰ ਨਿਰਗੁਣ ਸਰੂਪ ਹੈ। ਇਸ ਲਈ ਇਥੇ ਰਸ ਨਿਸ੍ਪਤੀ ਦਾ ਪ੍ਰਯੋਜਨ ਕਿਸੇ ਸਥਾਈ ਭਾਵ ਦੀ ਅਭਿਵਿਅਕਤੀ ਨਹੀਂ ਸਗੋਂ ਵਿਭਿੰਨ ਵਿਭਾਵਾਂ ਸਹਿਤ ਸਾਧਾਰਣ ਬੁਧ ਪ੍ਰਤਿ ਸਤਿ ਚਿਤ ਪਾਰਬ੍ਰਹਮ ਦੇ ਰੱਹਸਮਈ ਨਿਰਾਕਾਰ ਨਿਰਗੁਣ ਸਰੂਪ ਦੀ ਵਾਸਤਵਿਕਤਾ ਦਾ ਪ੍ਰਕਾਸ਼ਨ ਹੈ।

ਵਿਭਿੰਨ ਰਸਾਂ ਦੇ ਸੰਦਰਭ ਵਿਚ ਸੰਖੇਪ ਰੂਪ ਵਿਚ ਵਾਚੀਏ ਤਾਂ ਰਸਾਨਭੂਤੀ ਦੇ ਅੰਤਰਗਤ ਸ਼ਿੰਗਾਰ ਰਸ, ਬੀਰ ਰਸ, ਹਾਸ ਰਸ, ਵੀਭਤਸ ਰਸ ਅਦਭੁਤ ਰਸ ਅਤੇ ਸ਼ਾਂਤ ਰਸ ਆਦਿ ਵਿਭਿੰਨ ਪ੍ਰਕਾਰੀ ਰਸ ਰੂਪ ਹਨ। ਜਿਨ੍ਹਾਂ ਦਾ ਸੰਖੇਪ ਵਿਵਰਣ ਕਾਵਿ ਉਪਕਰਣ ਵਜੋ ਕਰਦਿਆਂ ਇਹਨਾਂ ਦੀ ਵਿਲੱਖਣ ਮੌਲਿਕ ਪਹਿਚਾਣ ਨੂੰ ਰੂਪਾਇਤ ਕਰਨ ਦਾ ਯਤਨ ਹੈ।

ਸ਼ਿੰਗਾਰ ਜੋ ਕਿ ਪ੍ਰੇਮ ਦਾ ਪ੍ਰੇਰਕ ਜਜ਼ਬਾ ਹੈ ਅਤੇ ਪ੍ਰੇਮ ਸਰਬ ਵਿਆਪੀ ਮਨੁੱਖ ਦਾ ਭਾਵ। ਬਾਣੀ ਵਿਚ ਪ੍ਰੇਮ ਭਗਤੀ ਦਾ ਆਥਾਹ ਸਮੁੰਦਰ ਹੈ ਕਿਉਂਜੋ ਪਰਮਾਤਮਾ ਨਾਲ ਜੀਵਾਤਮਾ ਦਾ ਸੰਬੰਧ ਪ੍ਰੇਮ ਭਗਤੀ ਦੁਆਰਾ ਹੀ ਸੰਭਵ ਹੈ। ਪ੍ਰੇਮ ਦਾ ਨਿਰੂਪਣ ਸ਼ਿੰਗਾਰ ਦੇ ਅੰਤਰਗਤ ਨਾਇਕ ਅਤੇ ਨਾਇਕਾ ਦੁਆਰਾ ਸੰਭਵ ਹੈ ਜਦੋਂ ਕਿ ਸਮੁੱਚੀ ਬਾਣੀ ਵਿਚ ਪ੍ਰਸਤੁਤ ਹੋਇਆ ਸ਼ਿੰਗਾਰ, ਸ਼ਿੰਗਾਰ ਰਸ ਦਾ ਨਿਰੂਪਣ ਨਹੀਂ ਕਰਦਾ ਬਲਕਿ ਦੁਨਿਆਵੀ ਸੰਬੰਧਾਂ ਤੋਂ ਅਧਿਆਤਮਿਕ ਸੰਬੰਧਾਂ ਦੇ ਰੂਪਾਂਤਰਣ ਵਿਚ ਕਾਵਿ ਦੀ ਸ਼ਿੰਗਾਰਾਤਮਕ ਵਿਧਾ ਵਜੋਂ ਕਾਰਜਸ਼ੀਲ ਰਹਿੰਦਾ ਹੈ । ਗੁਰੂ ਨਾਨਕ ਦੇਵ ਦੁਨਿਆਵੀ ਸੰਬੰਧਾਂ ਨਾਲ ਸੰਬੰਧਿਤ ਅਨੇਕ ਤਰ੍ਹਾਂ ਦੇ ਸੰਬੰਧਾਂ ਦਾ ਜ਼ਿਕਰ ਕਰਦੇ ਹਨ ਜਿਵੇਂ ਮਾਤਾ ਪਿਤਾ ਅਤੇ ਪੁੱਤਰ ਦਾ ਸੰਬੰਧ, ਪਤੀ ਅਤੇ ਪਤਨੀ ਦਾ ਸੰਬੰਧ, ਦਾਤਾ ਅਤੇ ਭਿਖਾਰੀ ਦਾ ਸੰਬੰਧ, ਮਿੱਤਰ ਮਿੱਤਰ ਦਾ ਸੰਬੰਧ ਅਤੇ ਸੁਆਮੀ ਸੇਵਕ ਦਾ ਸੰਬੰਧ। ਇਹਨਾਂ ਸਾਰਿਆਂ ਵਿਚੋਂ ਪਤੀ ਤੇ ਪਤਨੀ ਦੇ ਸੰਬੰਧ ਵਿੱਚ ਸਭ ਤੋਂ ਵਧੇਰੇ ਇਕਰੂਪਤਾ ਅਤੇ ਲੀਨਤਾ ਦਾ ਅਹਿਸਾਸ ਹੁੰਦਾ ਹੈ। ਕਿਉਂਜੋ ਇਸ ਭਗਤੀ ਵਿਚ ਆਪਾਸਮਰਪਣ ਸਭ ਤਰ੍ਹਾਂ ਦੇ ਦ੍ਵੈਤ ਭਾਵਾਂ ਨੂੰ ਮਿਟਾ ਦਿੰਦਾ ਹੈ। ਜਦੋਂ ਪਤੀ ਰੂਪੀ ਅਦਿੱਖ ਪਰਮਾਤਮਾ ਦੇ ਪ੍ਰਤੱਖ ਦਰਸ਼ਨਾਂ ਦੀ ਤਾਂਘ ਜੀਵ ਰੂਪੀ ਇਸਤ੍ਰੀ ਦੇ ਮਨ ਵਿਚ ਸਨੇਹ ਦੇ ਭਾਵ ਨੂੰ ਪੈਦਾ ਕਰਦੀ ਹੈ ਜਿਸ ਦਾ ਸਥਾਈ ਭਾਵ ਰਤੀ ਹੋ ਨਿਬੜਦਾ ਹੈ। ਸ਼ਿੰਗਾਰ ਰਸ ਦੀਆਂ ਪ੍ਰਧਾਨ ਉਕਤੀਆਂ ਗਿਲਾ, ਸ਼ੰਕਾ, ਚਿੰਤਾ, ਮੋਹ, ਵਿਸ਼ਾਦ, ਭੈਅ, ਉਤਕੰਠਾ, ਸੁਪਨ ਨਿਦ੍ਰਾ ਅਤੇ ਸਮ੍ਰਿਤੀ ਆਦਿ ਸੰਚਾਰੀ ਭਾਵਾਂ ਨਾਲ ਸੰਬੰਧਿਤ ਹੁੰਦੀਆਂ ਹਨ। ਵਰਖਾ ਰੁੱਤ ਅਤੇ ਪ੍ਰਕ੍ਰਿਤਕ ਵਾਤਾਵਰਣ ਇਸਦੇ ਉਦੀਪਨ ਵਿਭਾਵ ਹੈ ਜਿਥੇ ਸੰਜੋਗ ਹੈ ਉਥੇ ਅਨੁਕੂਲ ਉਦੀਪਨ ਰੂਪ ਵਿੱਚ ਆਉਂਦੇ ਹਨ ਅਤੇ ਜਿਥੇ ਵਿਯੋਗ ਹੈ ਉਥੇ ਪ੍ਰਤਿਕੂਲ ਉਦੀਪਨ ਰੂਪ ਵਿਚ।

ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਜੀਵਆਤਮਾ ਿ
ਚਿਤ੍ਰਣ ਕੀਤਾ। ਪਹਿਲੀ ਅਵਸਥਾ ਜੀਵ ਰੂਪੀ ਇਸਤ੍ਰੀ ਪਰਮਾਤਮਾ ਰੂ
ਉਸਦੇ ਟਿਕਾਣੇ ਦਾ ਪਤਾ ਨਹੀਂ, ਦੂਜੀ ਅਵਸਥਾ ਵਿਚ ਉਸ ਨੂੰ ਪਤਾ ...
ਇਕ ਹੈ ਜੋ ਕਿ ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੋ ਸਕਦਾ ਹੈ। ਤੀਸਰੀ ਅਵਸਥਾ ਵਿਚ ਉਸਨੂੰ ਸਹੁਰੇ ਪਹੁੰਚ ਕੇ ਪ੍ਰੀਤਮ ਦਾ ਪੂਰਾ ਗਿਆਨ ਪ੍ਰਾਪਤ ਹੁੰਦਾ ਹੈ। ਗੁਰੂ ਦੀ ਕਿਰਪਾ ਹੁੰਦੀ ਹੈ ਅਤੇ ਜੀਵ ਰੂਪੀ ਇਸਤ੍ਰੀ ਪਰਮਾਤਮਾ ਰੂਪੀ ਪਤੀ ਨੂੰ ਚੰਗੀ ਲਗਦੀ ਹੈ। ਚੌਥੀ ਤੇ ਆਖ਼ਰੀ ਅਵਸਥਾ ਉਹ ਹੈ ਜਦੋਂ ਭੈ ਅਤੇ ਭਾਵ ਦਾ ਸ਼ਿੰਗਾਰ ਕਰਕੇ ਉਹ ਪ੍ਰੀਤਮ ਪਾਸ ਜਾਂਦੀ ਹੈ ਅਤੇ ਪ੍ਰੀਤਮ ਉਸਦੇ ਸ਼ਿੰਗਾਰ ਅਤੇ ਹਾਵ ਭਾਵ ਉਤੇ ਮੋਹਿਤ ਹੋ ਕੇ ਉਸ ਨੂੰ ਸਦਾ ਲਈ ਆਪਣੀ ਬਣਾ ਲੈਂਦਾ ਹੈ ਅਤੇ ਚਰਨਾਂ ਵਿਚ ਵਾਸ ਦਿੰਦਾ ਹੈ:

ਪੇਵਕੜੈ ਧਨ ਖਰੀ ਇਆਣੀ॥
ਤਿਸੁ ਸਹ ਕੀ ਮੈ ਸਾਰ ਨ ਜਾਣੀ॥
ਸਹੁ ਮੇਰਾ ਏਕੁ ਦੂਜਾ ਨਹੀ ਕੋਈ॥
ਨਦਰਿ ਕਰੇ ਮੇਲਾਵਾ ਹੋਈ॥[44]

ਉਪਰੋਕਤ ਸਤਰਾਂ ਅਤੇ ਸ਼ਬਦ ਦੇ ਪ੍ਰਸੰਗ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਸ਼ਿੰਗਾਰ ਦਾ ਜਿਹੜਾ ਵਰਨਣ ਕਰ ਰਹੇ ਹਨ ਉਹ ਵਾਸਤਵ ਵਿੱਚ ਅਧਿਆਤਮਿਕ ਰਹੱਸਵਾਦ ਦੀਆਂ ਅਵਸਥਾਵਾਂ ਦਾ ਗਿਆਨ ਹੈ। ਜੀਵ ਰੂਪੀ ਇਸਤ੍ਰੀ ਦਾ ਪਰਮਾਤਮਾ ਪਤੀ ਤੋਂ ਵਿਛੜੇ ਹੋਣ ਦਾ ਵਿਯੋਗ ਦਾ ਦੁੱਖ, ਬਿਰਹਾ, ਉਡੀਕ, ਮਿਲਾਪ ਦੀ ਸਿਕ ਆਦਿ ਭਾਵਾਂ ਦਾ ਵਰਨਨ ਬਹੁਤ ਥਾਂਵਾਂ ਤੇ ਪ੍ਰਾਪਤ ਹੁੰਦਾ ਹੈ। ਬਸੰਤ ਮਹੀਨੇ ਦਾ ਸੁਖਦ ਵਾਤਾਵਰਣ,[45] ਸਾਵਣ ਮਹੀਨੇ ਦੀ ਹਰਿਆਲੀ, ਬਦਲਾਂ ਦਾ ਸ਼ੋਰ, ਬਿਜਲੀ ਦੀ ਚਮਕ[46] ਆਦਿ ਵਾਤਾਵਰਣ ਵਿਚ ਤੜਪਦੀ ਇਸਤ੍ਰੀ ਮਰ ਰਹੀ ਹੈ। ਇਕੱਲ ਅਵਸਥਾ ਉਸ ਨੂੰ ਦੁੱਖੀ ਕਰ ਰਹੀ ਪਤੀ ਮਿਲਾਪ ਲਈ ਤਰਲੇ ਲੈ ਰਹੀ ਹੈ।[47] ਜਦੋਂ ਉਹ ਹੋਰਾਂ ਨੂੰ ਮਿਲਣ ਦੀ ਅਵਸਥਾ ਵਿਚ ਵੇਖਦੀ ਹੈ ਤਾਂ ਉਸਦੀ ਤੜਪ ਹੋਰ ਵੀ ਤੀਬਰ ਹੋ ਜਾਂਦੀ ਹੈ:

---

44. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 357
45. ਆਦਿ ਗ੍ਰੰਥ, ਪੰਨਾ 1108
46. ਉਹੀ
47. ਉਹੀ

ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ।।[48]

ਪਰਮਾਤਮਾ ਦੇ ਵਿਯੋਗ ਨੂੰ ਪ੍ਰਗਟ ਕਰਨ ਵਾਲੀ ਜੀਵ ਰੂਪੀ ਨਾਇਕਾ ਦੀ ਭਾਵ ਅਭਿਵਿਅਕਤੀ ਗੁਰੂ ਨਾਨਕ ਦੇਵ ਜੀ ਦੀ ਸ਼੍ਰਿੰਗਾਰ ਰਸੀ ਕਲਾਤਮਿਕਤਾ ਦਾ ਬੇਮਿਸਾਲ ਰੂਪ ਹੈ। ਇਸ ਤੜਪ ਤੇ ਵਿਯੋਗ ਪਿਛੋਂ ਪਰਮਾਤਮਾ ਦੇ ਮਿਹਰ ਦੁਆਰਾ ਪ੍ਰਾਪਤ ਜੀਵ ਇਸਤ੍ਰੀ ਦੀ ਖੁਸ਼ੀ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਚਿਤਰਿਆ ਗਿਆ ਹੈ। ਜਿਸ ਇਸਤ੍ਰੀ ਨੂੰ ਦੁਖਦਾਈ ਵਿਛੋੜੇ ਪਿਛੋਂ ਪਤੀ ਮਿਲਦਾ ਹੈ ਉਸ ਲਈ ਸਭੇ ਘੜੀਆਂ ਰੁਤਾਂ ਮਹੀਨੇ ਥਿਤਾਂ ਵਾਰ, ਮਹੂਰਤ ਪਲ ਆਦਿ ਸਭ ਸੁਖਾਵੇਂ ਹੋ ਜਾਂਦੇ ਹਨ।[49] ਇਸੇ ਮਿਲਨ ਕਰਕੇ ਜੀਵ ਰੂਪ ਇਸਤ੍ਰੀ ਦੇ ਹਿਰਦੇ ਵਿੱਚ ਵਿਛੀ ਸੇਜਾ ਸੋਭਨੀਕ ਹੋ ਗਈ ਹੈ। ਗੁਰੂ ਨਾਨਕ ਦੇਵ ਜੀ ਪ੍ਰਭੂ ਮਿਲਨ ਦੀ ਇਸ ਅਲੌਕਿਕ ਅਵਸਥਾ ਨੂੰ ਚਿਰ ਸੁਹਾਗ ਦੇ ਲੌਕਿਕ ਬਿੰਬ ਨਾਲ ਪ੍ਰਸਤੁਤ ਕਰਦੇ ਹਨ:

ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ।।[50]

ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਲੌਕਿਕ ਜਗਤ ਦੇ ਵਿਭਿੰਨ ਪ੍ਰਤੀਕਾਂ ਦੁਆਰਾ ਸ਼੍ਰਿੰਗਾਰਮਈ ਕਾਵਿ ਦੀ ਅਭਿਵਿਅਕਤੀ ਕਰਦੇ ਹਨ। ਕਾਵਿ ਦੀ ਇਹ ਸ਼੍ਰਿੰਗਾਰਮਈ ਪ੍ਰਸਤੁਤੀ ਮਨ ਅਤੇ ਬੁੱਧੀ ਨੂੰ ਆਕਰਸ਼ਣ, ਖਿਚ ਪ੍ਰਭਾਵ ਅਤੇ ਤੀਬਰਤਮ ਅਹਿਸਾਸ ਵਿਚ ਡਬੋ ਕੇ ਮਨੋਵਿਗਿਆਨਿਕ ਪ੍ਰਭਾਵ ਪਾਉਂਦੀ ਹੋਈ ਪਰਾਭੌਤਿਕ ਸਤਿ ਨਾਲ ਸਾਂਝ ਸਥਾਪਿਤ ਕਰਦੀ ਹੈ ਜਿਸ ਦੁਆਰਾ ਰਸ ਨਿਸ਼ਪਤੀ ਦਾ ਆਭਾਸ ਹੁੰਦਾ ਹੈ ਪਰੰਤੂ ਪੈਦਾ ਹੋਇਆ ਇਹ ਰਸ ਨਿਰੋਲ ਸ਼੍ਰਿੰਗਾਰ ਨਾ ਹੋ ਕੇ ਅਧਿਆਤਮਿਕ ਅਨੰਦ ਅਨੁਭੂਤੀ ਦੀ ਸਦੀਵਤਾ ਨੂੰ ਨਿਰੂਪਤ ਕਰਦਾ ਹੈ।

ਇਸ ਪ੍ਰਕਾਰ ਹੀ ਕਰੁਣਾ ਰਸ, ਹਾਸ ਰਸ, ਅਦਭੁਤ ਰਸ, ਵੀਭਤਸ ਰਸ, ਘੋਰ ਰਸ ਅਤੇ ਸ਼ਾਂਤ ਰਸ ਆਦਿ ਨੂੰ ਗੁਰੂ ਨਾਨਕ ਕਾਵਿ ਜੁਗਤ ਦੇ ਅੰਤਰਗਤ ਉਪਕਰਣ ਵਜੋਂ ਇਸਤੇਮਾਲ ਕਰ ਰਹੇ ਹਨ। ਬਾਣੀ ਵਿਚ ਪੈਦਾ ਹੋਏ ਇਹਨਾਂ ਰਸਾਂ ਦਾ ਮੂਲ ਮਨੋਰਥ ਰਸ ਅਸਵਾਦ ਹਰਗਿਜ਼ ਨਹੀਂ ਬਲਕਿ ਸੰਚਾਰ ਉਪਕਰਣ ਵਜੋਂ ਕਾਰਜ ਕਰਦਿਆਂ ਕਾਵਿ ਸੰਚਾਰ ਨੂੰ ਵਧੇਰੇ ਪ੍ਰਮਾਣਿਕ ਬਣਾਉਣਾ ਹੈ। ਇਹ

---

48. ਆਦਿ ਗ੍ਰੰਥ, ਵਡਹੰਸ ਮਹਲਾ 1, ਪੰਨਾ 558

49. ਆਦਿ ਗ੍ਰੰਥ, ਪੰਨਾ 1109

50. ਉਹੀ, ਪੰਨਾ 1110

ਉਕਤ ਕਾਵਿ ਰਸ ਗੁਰੂ ਨਾਨਕ ਬਾਣੀ ਦੀਆਂ ਭਿੰਨ ਭਿੰਨ ਉਕਤੀਆਂ/ਸ਼ਬਦਾਂ ਵਿਚੋਂ ਦ੍ਰਿਸ਼ਟਮਾਨ ਹੁੰਦੇ ਵੇਖੇ ਜਾ ਸਕਦੇ ਹਨ।

ਜਦੋਂ ਮਾਇਆ ਗ੍ਰਸਤ ਵਿਅਕਤੀ ਸੱਚੇ ਸਾਹਿਬ ਤੋਂ ਬਿਨਾਂ ਪਰਦੇਸੀ ਜੀਅੜੇ ਦਾ ਅਨੁਭਵ ਕਰਦਾ ਹੈ ਤਾਂ ਉਹ ਸੰਸਾਰ ਦੀ ਛਿਨਭੰਗਰਤਾ ਮਾਇਆ ਗ੍ਰਸਤ ਵਿਸ਼ੇ ਵਾਸ਼ਨਾਵਾਂ ਵਿਚ ਲਿਪਤ ਹੋ ਕੇ ਸ਼ੋਕਗ੍ਰਸਤ ਹੁੰਦਾ ਹੈ। ਹਿਰਦੇ ਵਿਚ ਸ਼ੋਕ ਦੇ ਭਾਵਾਂ ਦੀ ਉਪਜ ਹੀ ਕਰੁਣ ਰਸ ਅਖਵਾਉਂਦੀ ਹੈ। ਮਨੁੱਖ ਦਾ ਇਹੀ ਸ਼ੋਕ ਮਨੁੱਖ ਦੇ ਆਤਮ ਤਕ ਪਸਰਨ ਕਰਕੇ ਆਤਮਿਕ ਸ਼ੋਕ ਭਾਵ ਨੂੰ ਉਤੇਜਿਤ ਕਰਦਾ ਹੈ ਅਤੇ ਆਤਮ ਚੇਤਨਾ ਨੂੰ ਜਗਾਉਂਦਾ ਹੈ। ਆਤਮਿਕ ਸ਼ੋਕ ਭਾਵ ਦਾ ਅਨੁਭਵ ਅਤੇ ਆਤਮਕ ਚੇਤਨਾ ਦਾ ਆਨੰਦ ਵਾਸਤਵ ਵਿਚ ਕਾਵਿ ਦੀ ਕਲਾਤਮਿਕ ਅਭਿਵਿਅਕਤੀ ਦਾ ਹੀ ਗੁਣ ਹੈ ਜੋ ਗੁਰਮਤਿ ਦੇ ਮਾਇਆ ਅਤੇ ਬ੍ਰਹਮ ਦੇ ਦਾਰਸ਼ਨਿਕ ਸੰਕਲਪ ਨੂੰ ਅਭਿਵਿਅਕਤ ਕਰ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਬਾਣੀ ਸੰਦੇਸ਼ ਦੀ ਪ੍ਰਸਤੁਤੀ ਲੋਕਾਈ ਸਨਮੁਖ ਕਰਦਿਆਂ ਕਾਵਿ ਵਿੱਚ ਅਭਿਵਿਅਕਤੀ ਦੀ ਪੱਧਰ ਤੇ ਅਤਿਕਥਨੀ, ਵਾਕ ਚਤੁਰਾਈ ਵਿਅੰਗ ਆਦਿ ਦੀ ਸੁਯੋਗ ਵਰਤੋਂ ਕਰਦੇ ਹਨ। ਜੋ ਸਿੱਧੇ ਰੂਪ ਵਿਚ ਲੋਕ ਮਾਨਸਿਕਤਾ ਦੀ ਚੇਤਨਾ ਤੇ ਪ੍ਰਭਾਵ ਪਾਉਂਦੀ ਹੈ। ਜਿਵੇਂ ਧਨਾਸਰੀ ਰਾਗ ਵਿੱਚ ਰਾਸਧਾਰੀਆਂ ਅਤੇ ਪਖੰਡੀ ਭਗਤਾਂ ਦੀ ਕਾਰਜ ਵਿਧੀ ਨੂੰ ਆਪ ਵਿਅੰਗਮਈ ਨਾਟਕੀਅਤਾ ਦੁਆਰਾ ਬਿੰਬਾਕਣ ਕਰਦੇ ਹਨ ਜਿਥੋਂ ਹਾਸਰਸ ਉਤਪਾਦਕ ਭਾਵਾਂ ਦੀ ਉਤਪਤੀ ਦਾ ਆਭਾਸ ਹੁੰਦਾ ਹੈ[51] ਪਰੰਤੂ ਇਥੇ ਉਤਪੰਨ ਹੋਇਆ ਹਾਸ ਰਸ ਕੋਈ ਸਾਧਾਰਣ ਹਾਸਾ ਜਾਂ ਮਖੌਲ ਨਹੀ ਹੈ ਬਲਕਿ ਸੂਖਸ਼ਮ ਵਿਅੰਗ ਦੀ ਪੱਧਰ ਤੇ ਪੈਦਾ ਹੋਏ ਇਸ਼ ਹਾਸ ਰਸ ਵਿਚ ਕਾਵਿਕ ਅਭਿਵਿਅਕਤੀ ਦੀ ਉਤਕ੍ਰਿਸ਼ਟਤਾ ਰੂਪਮਾਨ ਹੁੰਦੀ ਹੈ।

ਪਰਮਾਤਮਾ ਦਾ ਅਸਚਰਜ ਰੂਪ, ਉਸਦੀ ਅਸ਼ਚਰਜਮਈ ਸ੍ਰਿਸ਼ਟੀ ਅਤੇ ਸੰਪੂਰਨ ਅਸਚਰਜ ਵਿਧਾਨ ਦੀ ਅਸਚਰਜਤਾ ਨੂੰ 'ਸੋਦਰ'[52] ਸਿਰਲੇਖ ਹੇਠ ਦਰਜ ਬਾਣੀ ਦੇ ਅੰਤਰਗਤ ਰੂਪਮਾਨ ਕਰਦੇ ਹਨ। ਜਿਸ

---

51. ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ।। ਰਹਾਉ।।
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ।।
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ।।2।।
(ਧਨਾਸਰੀ ਮਹਲਾ ੧, ਪੰਨਾ 662-63)

52. ਆਦਿ ਗ੍ਰੰਥ, ਪੰਨਾ 8

ਦੁਆਰਾ ਅਸਚਰਜਮਈ ਭਾਵ ਦਾ ਆਸਵਾਦਨ ਸਹਿਜ ਸੁਭਾਵਕ ਹੀ ਹੋ ਜਾਂਦਾ ਹੈ ਭਾਵੇਂ ਕਿ ਇਹ ਲਕਸ਼ ਨਹੀਂ ਹੈ ਸਗੋਂ ਇਹ ਵਿਸਮਤਾ ਦਰਸਾਉਣ ਦਾ ਮੋਤਿਵ ਉਸ 'ਸੁੰਦਰ' ਦਾ ਕਾਵਿਕ ਨਿਰੂਪਣ ਅਤੇ ਅਗੰਮੀ ਬੋਧ ਹੈ।

ਗੁਰੂ ਨਾਨਕ ਬਾਣੀ ਵਿਚ ਧੀਰ ਰਸ ਦੇ ਸਥਾਈ ਭਾਵ ਉਤਸਾਹ ਦਾ ਪ੍ਰਯੋਗ ਸਾਧਕ ਨੂੰ ਅਧਿਆਤਮਿਕ ਮਾਰਗ ਉਤੇ ਚਲਣ ਲਈ ਉਤਸਾਹਿਤ ਕਰਦਾ ਹੈ। ਇਸ ਪ੍ਰਕ੍ਰਿਆ ਦੇ ਅੰਤਰਗਤ ਕਦੇ ਸੱਚਾ ਸਾਧਕ ਪ੍ਰੇਮ ਖੇਲਣ ਦੇ ਚਾਉ ਹਿਤ ਸਿਰ ਤਲੀ ਤੇ ਧਰਦਾ ਹੈ[53] ਅਤੇ ਕਦੇ ਦਸਵੇਂ ਦੁਆਰਾ ਵਿਚ ਸ਼ਬਦ ਰੂਪੀ ਧਨੁਖ ਨੂੰ ਚੜ੍ਹਾ ਕੇ ਪੰਚ ਬਾਣ ਦੁਆਰਾ ਜਮਰਾਜ ਰੂਪੀ ਵੈਰੀ ਨੂੰ ਮਾਰ ਦਿੰਦਾ ਹੈ।[54]

ਸ਼ਾਂਤ ਰਸ ਗੁਰੂ ਨਾਨਕ ਬਾਣੀ ਦੇ ਗਿਆਨ ਵੈਰਾਗ ਭਗਤੀ ਆਦਿ ਨਾਲ ਸੁਮੇਲ ਰਸੀ ਹੋ ਨਿਬੜਿਆ ਹੈ। ਅੰਮ੍ਰਿਤ ਕੀਰਤਨ, ਈਸ਼ਵਰੀ ਚਿੰਤਨ ਆਦਿ ਵਰਗੇ ਵਿਸ਼ੇ ਆਲੰਬਨ ਭਾਵ ਅਤੇ ਬਿਰਧ ਅਵਸਥਾ, ਮਰਨ, ਸਤਿਸੰਗ ਵਰਗੇ ਵਿਸ਼ੇ ਉਦੀਪਨ ਵਿਭਾਵ ਵਜੋਂ ਦ੍ਰਿਸ਼ਟਮਾਨ ਹੁੰਦੇ ਹਨ। ਈਸ਼ਵਰੀ ਭਗਤੀ ਵਿਚ ਲੀਨਤਾ, ਮਨ ਦੀ ਇਕਾਗਰਤਾ ਅਤੇ ਸੰਸਾਰ ਤੋਂ ਬੇਮੁਖਤਾ ਇਹਨਾਂ ਦੇ ਅਨੁਭਵ ਹਨ। ਸਮੁੱਚੀ ਬਾਣੀ ਵਿਚਲਾ ਬੋਧ ਕਿਉਂਜੋ ਸ਼ਾਂਤ ਰਸ ਵਾਲਾ ਹੈ ਇਸ ਲਈ ਰਤੀ ਭਾਵ ਸਾਤਵਿਕ ਰੁਚੀਆਂ ਨਾਲ ਭਰਪੂਰ ਸ਼ਾਂਤ ਰਸ ਦਾ ਅਸਵਾਦਨ ਕਰਵਾਉਂਦਾ ਹੈ। ਉਦਾਹਰਣ ਹਿਤ ਹੇਠ ਲਿਖੀਆਂ ਤੁਕਾਂ ਵਿਚਾਰਣ ਹਿਤ ਹਨ:

---

53. ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।
ਆਦਿ ਗ੍ਰੰਥ, ਪੰਨਾ 1412

54. ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ।।
ਅੰਤਰ ਕੀ ਦੁਬਿਧਾ ਅੰਤਰਿ ਜਰੀਐ।।
ਪੰਚ ਬਾਣ ਲੇ ਜਮ ਕਉ ਮਾਰੈ
ਗਗਨੰਤਰਿ ਧਣਖੁ ਚੜਾਇਆ।।
ਆਦਿ ਗ੍ਰੰਥ, ਪੰਨਾ 1042

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇਰੈ ਨਾਮਿ ਵਾਸਾ॥[55]

ਉਪਰੋਕਤ ਵਿਭਿੰਨ ਰਸਾਂ ਦੇ ਸੰਦਰਭ ਵਿਚ ਸਾਡੀ ਉਕਤ ਧਾਰਣਾ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਜੋ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਸੰਦਰਭ ਵਿੱਚ ਕਾਵਿ ਦੇ ਅੰਤਰਗਤ ਰਸ ਦਾ ਸਹੀ ਸਥਾਨ ਨਿਸ਼ਚਿਤ ਕਰਵਾਉਣ ਵਿੱਚ ਸਹਾਈ ਹੁੰਦੀ ਹੈ।

1.3 <u>ਅਲੰਕਾਰ</u>: ਬਾਣੀ ਦੇ ਸੰਚਾਰ ਹਿਤ ਕਿਉਂਜੋ ਕਾਵਿ ਨੂੰ ਪ੍ਰਮੁੱਖ ਜੁਗਤ ਵਜੋਂ ਇਸਤੇਮਾਲ ਕੀਤਾ ਗਿਆ ਹੈ ਇਸ ਲਈ ਕਾਵਿ ਦੀ ਸੰਪੂਰਨ ਅਭਿਵਿਅਕਤੀ, ਪ੍ਰਯੋਜਨ ਦੀ ਸਾਰਥਕਤਾ, ਅਨੰਤ ਅਨੁਭੂਤੀ ਅਤੇ ਚਮਤਕਾਰ-ਪੂਰਨ ਸੌਂਦਰਯ ਦੀ ਪ੍ਰਸਤੁਤੀ ਹਿਤ ਪ੍ਰਯੋਗ ਹੋਣ ਵਾਲਾ ਕਾਵਿ ਦਾ ਵਿਲੱਖਣ ਵਿਸ਼ਿਸ਼ਟ ਉਪਕਰਣ 'ਅਲੰਕਾਰ' ਗੁਰੂ ਨਾਨਕ ਬਾਣੀ ਦੇ ਸੰਚਾਰ ਵਿਧਾਨ ਦਾ ਅਹਿਮ ਅੰਗ ਹੈ। ਇਥੇ ਅਲੰਕਾਰ ਦਾ ਪ੍ਰਯੋਗ ਸ਼ਬਦ ਤੇ ਅਰਥ ਦੋਹਾਂ ਰੂਪਾਂ ਵਿਚ ਪ੍ਰਾਪਤ ਹੁੰਦਾ ਹੈ ਅਤੇ ਪ੍ਰਯੋਗ ਦੇ ਇਸ ਪ੍ਰਯੋਜਨ ਵਿਚ ਕਾਵਿ ਦਾ ਅਲੰਕਰਣ ਨਾ ਹੋ ਕੇ ਬਾਣੀ ਦੇ ਓਸੇ ਲਕਸ਼ ਦੀ ਪ੍ਰਾਪਤੀ ਹੈ ਜਿਸਦਾ ਜ਼ਿਕਰ ਅਸੀਂ ਬਾਰ ਬਾਰ ਕਰ ਆਏ ਹਾਂ। ਫਿਰ ਵੀ ਬਾਣੀ ਦੇ ਵਿਸ਼ਾਲ ਗਗਨ ਉਤੇ ਸੁਸਜਿਤ ਸੌਂਦਰਯਮਈ ਕਾਵਿ ਉਪਕਰਣ ਵਜੋਂ ਵਿਭਿੰਨ ਅਲੰਕਾਰ ਜਗਮਗਾ ਰਹੇ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਅਲੰਕਾਰ ਸੰਖੇਪ ਵਿਵੇਚਨ ਸਹਿਤ ਇਸ ਪ੍ਰਕਾਰ ਹਨ।

ਗੁਰੂ ਨਾਨਕ ਬਾਣੀ ਵਿਚ ਅਲੰਕਾਰ ਸ਼ਬਦ ਤੇ ਅਰਥ ਆਪਣੇ ਦੋਹਾਂ ਰੂਪਾਂ ਵਿਚ ਪ੍ਰਾਪਤ ਹੁੰਦਾ ਹੈ। ਅਲੰਕਾਰ ਕਿਉਂਕਿ ਨਿਸ਼ਚਿਤ ਗਿਣਤੀ ਵਿੱਚ ਨਹੀ ਹੁੰਦਾ ਇਸ ਕਰਕੇ ਇਹਨਾਂ ਵਿਚੋਂ ਪ੍ਰਮੁੱਖ ਅਲੰਕਾਰ ਵਿਵੇਚਨ ਅਧੀਨ ਪ੍ਰਸਤੁਤ ਹਨ:

1.3.1 ਸ਼ਬਦ ਅਲੰਕਾਰ: ਸ਼ਬਦ ਅਲੰਕਾਰ ਵਿਚ ਪ੍ਰਸਿੱਧ ਤੇ ਮਹੱਤਵਪੂਰਣ 'ਅਨੁਪ੍ਰਾਸ ਅਲੰਕਾਰ' ਹੈ। ਜਿਸ ਵਿਚ ਵਰਣਾਂ ਅਰਥਾਤ ਅੱਖਰਾਂ ਦੀ ਸਮਾਨਤਾ ਹੁੰਦੀ ਹੈ ਪਦਾਂ ਦੇ ਵਜ਼ਨ ਨੂੰ ਕਈ ਵਾਰ ਵਰਤਿਆ ਜਾਂਦਾ ਹੈ। ਅੱਖਰਾਂ ਦਾ ਇਕ ਦੂਸਰੇ ਦੇ ਨਿਕਟ ਹੋਣਾ ਅਤੇ ਬਾਰ ਬਾਰ ਵਰਤੇ ਜਾਣ ਨਾਲ ਕਾਵਿ ਵਿੱਚ ਸੰਗੀਤਾਤਮਕ ਲੈਅ ਉਤਪੰਨ ਹੁੰਦੀ ਹੈ। ਬਾਣੀ ਵਿੱਚ ਇਸ ਅਲੰਕਾਰ ਦੀ ਬਹੁਤ ਥਾਂਵਾਂ ਤੇ ਵਰਤੋਂ ਹੋਈ ਹੈ:

---

55. <u>ਆਦਿ ਗ੍ਰੰਥ</u>, ਪੰਨਾ 663

- ਸੁਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ।।[56]

- ਗਗਨ ਗੰਭੀਰ ਗਗਨੰਤਰਿ ਵਾਸੁ।।[57]

- ਪਾਰਸੁ ਪਰਸਿ ਪਰਮ ਪਦੁ ਪਾਵੈ।।[58]

- ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ।।[59]

1.3.2 ਅਰਥ ਅਲੰਕਾਰ: ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਲੰਕਾਰਾਂ ਦੀਆਂ ਜਿਹੜੀਆਂ ਕਿਸਮਾਂ ਉਪਲੱਬਧ ਹੁੰਦੀਆਂ ਹਨ ਉਹ ਆਮ ਕਰਕੇ ਅਰਥ ਅਲੰਕਾਰ ਦੇ ਵਰਗ ਅਧੀਨ ਆਉਂਦੇ ਹਨ ਜਿਸ ਵਿਚੋਂ ਪ੍ਰਮੁੱਖ ਤੌਰ ਤੇ ਉਪਮਾ ਅਤੇ ਰੂਪਕ ਅਲੰਕਾਰਾਂ ਦੀ ਵਰਤੋਂ ਬਹੁਤਾਤ ਵਿੱਚ ਪ੍ਰਾਪਤ ਹੁੰਦੀ ਹੈ।

ਉਪਮਾ ਅਲੰਕਾਰ: ਉਪਮਾ ਅਲੰਕਾਰ 'ਸਦ੍ਰਿਸ਼ਤਾਮੂਲਕ ਅਲੰਕਾਰ' ਦੇ ਕਿਸਮ ਦੇ ਅੰਤਰਗਤ ਆਉਣ ਵਾਲਾ ਅਲੰਕਾਰ ਹੈ ਜੋ ਸਮਾਨਤਾ ਸਧਰਮਤਾ ਜਾਂ ਸਾਦ੍ਰਿਸ਼ਦਤਾ ਦੇ ਲਛਣਾਂ ਤੇ ਨਿਰਭਰ ਹੁੰਦਾ ਹੈ। ਉਪਮਾ ਅਲੰਕਾਰ ਵਿਚ ਚਾਰ ਅੰਗ ਉਪਮਾਨ, ਉਪਮੇਯ, ਧਰਮ ਅਤੇ ਵਾਚਕ ਹੁੰਦੇ ਹਨ। ਉਪਮਾਨ ਤੋਂ ਭਾਵ ਹੈ ਕਿ ਜਿਸ ਦੀ ਤੁਲਨਾ ਕਿਸੇ ਨਾਲ ਕੀਤੀ ਜਾਵੇ, ਉਪਮੇਯ ਤੋਂ ਭਾਵ ਹੈ ਜਿਸ ਨੂੰ ਤੁਲਨਾ ਦੇਈਏ। 'ਧਰਮ' ਤੋਂ ਭਾਵ ਸਾਧਾਰਣ ਧਰਮ ਜੋ ਉਪਮਾਨ ਤੇ ਉਪਮੇਯ ਵਿਚ ਸਾਂਝਾ ਹੁੰਦਾ ਹੈ ਅਤੇ ਵਾਚਕ ਉਪਮਾਨ ਤੇ ਉਪਮੇਯ ਦੇ ਸਾਧਾਰਣ ਧਰਮ ਨੂੰ ਤੁਲਯ ਬੋਧਨ ਕਰਦਾ ਹੈ। ਜਿਵੇਂ 'ਜੈਸਾ', 'ਜਿਉਂ', 'ਤਿਉਂ' ਆਦਿ। ਉਪਮਾ ਅਲੰਕਾਰ ਵਿਚ ਆਮ ਤੌਰ ਤੇ ਚਾਰ ਗੁਣ ਪ੍ਰਾਪਤ ਹੁੰਦੇ ਹਨ ਪਰੰਤੂ ਕਈ ਵਾਰ ਇਕ ਗੁਣ ਦੇ ਲੁਪਤ ਹੋਣ ਨਾਲ ਉਪਮਾ ਦੀ ਸਾਰਥਕਤਾ ਕਾਇਮ ਰਹਿੰਦੀ ਹੈ। ਗੁਰੂ ਨਾਨਕ ਬਾਣੀ ਦੇ ਅੰਤਰਗਤ ਉਪਮਾ ਅਲੰਕਾਰ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਬਿੰਬਿਤ ਮਿਲਦਾ ਹੈ:

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ।।
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।।[60]

---

56. ਆਦਿ ਗ੍ਰੰਥ, ਪੰਨਾ 991
57. ਉਹੀ, ਪੰਨਾ 932
58. ਉਹੀ, ਪੰਨਾ 411
59. ਆਦਿ ਗ੍ਰੰਥ, ਜਪੁ, ਪੰਨਾ 1
60. ਆਦਿ ਗ੍ਰੰਥ, ਸਿਰੀ ਰਾਗ ਮਹਲਾ 1, ਪੰਨਾ 23

ਉਪਰੋਕਤ ਪੰਕਤੀਆਂ ਵਿਚ ਕੌਲ ਫੁੱਲ ਦੇ ਬੂਟੇ ਰਾਹੀਂ ਜਵਾਨੀ ਅਤੇ ਹੁਸਨ ਦੀ ਨਾਸ਼ਮਾਨਤਾ ਨੂੰ ਉਪਮਾ ਅਲੰਕਾਰ ਦੁਆਰਾ ਦਰਸਾਇਆ ਗਿਆ ਹੈ।

ਰੂਪਕ ਅਲੰਕਾਰ: ਸਰੂਪ ਅਤੇ ਗੁਣ ਕਰਕੇ ਕਿਸੇ ਜਿਹਾ ਰੂਪ ਧਾਰਣ ਕਰਨ ਵਾਲਾ ਰੂਪਕ ਅਲੰਕਾਰ। ਜਿਸ ਵਿਚ ਉਪਮੇਯ ਅਤੇ ਉਪਮਾਨ ਅੰਦਰ ਇਕ ਸਾਂਝ ਹੁੰਦੀ ਹੈ। ਰੂਪਕ ਅਲੰਕਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਬਹੁਤ ਖੂਬਸੂਰਤ ਬਿੰਬਾਕਣ ਹਿਤ ਵਰਤਿਆ ਹੈ:

ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।।[61]

ਏਥੇ ਗਗਨ ਜਿਵੇਂ ਥਾਲ, ਸੂਰਜ ਅਤੇ ਚੰਦਰਮਾ ਦੀਪਕ ਦੇ ਸਮਾਨ ਅਤੇ ਤਾਰੇ ਮੋਤੀਆਂ ਵਾਂਗੂੰ ਹੋਣ ਕਰਕੇ ਰੂਪਕ ਦਾ ਪ੍ਰਭਾਵਸ਼ਾਲੀ ਨਿਰਮਾਣ ਹੋਇਆ ਹੈ।

ਦ੍ਰਿਸ਼ਟਾਂਤ ਅਲੰਕਾਰ: ਦ੍ਰਿਸ਼ਟਾਂਤ ਅਲੰਕਾਰ ਦੁਆਰਾ ਭਾਵਾਂ ਦੀ ਅਭਿਵਿਅਕਤੀ ਸਰਲ ਤੇ ਸਹਿਜ ਹੀ ਦ੍ਰਿਸ਼ਟਮਾਨ ਹੋ ਜਾਂਦੀ ਹੈ ਕਿਉਂਜੋ ਕਿਸੇ ਵਸਤੂ ਜਾਂ ਉਸ ਦੇ ਪ੍ਰਸੰਗ ਦਾਗਿਆਨ ਕਰਵਾਉਣ ਲਈ ਕਿਸੇ ਸਮਾਨ ਧਰਮ ਵਾਲੀ ਵਸਤੂ ਦਾ ਕਥਨ ਦ੍ਰਿਸ਼ਟਾਂਤ ਅਲੰਕਾਰ ਹੈ। ਜਿਵੇਂ ਗੁਰੂ ਸਾਹਿਬ ਮੌਤ ਨੂੰ ਅਚਾਨਕ ਆ ਜਾਣ ਵਾਲੀ ਦਸ ਕੇ ਦ੍ਰਿਸ਼ਟਾਂਤ ਅਲੰਕਾਰ ਦਾ ਤੀਬਰ ਪ੍ਰਭਾਵ ਪਾਉਂਦੇ ਹਨ:

ਭਾਈ ਰੇ ਇਉ ਸਿਰਿ ਜਾਣਹੁ ਕਾਲੁ।।<br>
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾਜਾਲੁ।।[62]

ਕਾਵਯਲਿੰਗ ਅਲੰਕਾਰ: ਕਾਵਯ ਲਿੰਗ ਤਰਕਮੂਲਕ ਅਲੰਕਾਰ ਦਾ ਪ੍ਰਮੁੱਖ ਰੂਪ ਹੈ। ਇਸ ਅਲੰਕਾਰ ਦੀ ਵਰਤੋਂ ਉਸ ਸਮੇਂ ਹੁੰਦੀ ਹੈ ਜਦੋਂ ਯੁਕਤੀ (ਵਿਉਂਤ) ਨਾਲ ਅਰਥਾਂ ਦੀ ਪੁਸ਼ਟੀ ਕੀਤੀ ਜਾਵੇ ਜਿਵੇਂ:

ਅਸੰਖ ਜੋਗ ਮਨਿ ਰਹਹਿ ਉਦਾਸ।।<br>
ਅਸੰਖ ਭਗਤ ਗੁਣ ਗਿਆਨ ਵੀਚਾਰ।।<br>
ਅਸੰਗ ਸਤੀ ਅਸੰਖ ਦਾਤਾਰ।।

---

61. ਆਦਿ ਗ੍ਰੰਥ, ਪੰਨਾ 663

62. ਆਦਿ ਗ੍ਰੰਥ, ਸਿਰੀ ਰਾਗ, ਮਹਲਾ 1, ਪੰਨਾ 55

ਅਸੰਖ ਸੂਰਮੁਹ ਭਖ ਸਾਰ।।
ਅਸੰਖ ਮੋਨਿ ਲਿਵ ਲਾਇ ਤਾਰ।।[63]

ਉਪਰੋਕਤ ਪੰਕਤੀਆਂ ਵਿਚ ਜੋਗੀ ਦੀ ਪੁਸ਼ਟੀ ਉਦਾਸ ਰਹਿਣ ਨਾਲ, ਮੁਨੀ ਦੀ ਲਿਵ ਲਗਾ ਕੇ ਬੈਠਣ ਨਾਲ, ਭਗਤ ਦੇ ਵੀਚਾਰ ਦੁਆਰਾ ਆਦਿ ਦੀ ਪੁਸ਼ਟੀ ਹੁੰਦੀ ਹੈ।

ਵਕ੍ਰੋਕਤੀ ਅਲੰਕਾਰ: ਇਹ ਅਲੰਕਾਰ ਗੂੜ ਅਰਥ ਪ੍ਰਤੀਤ ਮੂਲਕ ਅਲੰਕਾਰਾਂ ਦੀ ਪ੍ਰਮੁੱਖ ਕਿਸਮ ਹੈ। ਇਹ ਅਜਿਹਾ ਅਲੰਕਾਰ ਹੈ ਜਿਸ ਵਿਚ ਪ੍ਰਤੱਖ ਰੂਪ ਵਿਚ ਟੋਕ ਜਾਂ ਵਿਅੰਗ ਹੁੰਦਾ ਹੈ ਪਰੰਤੂ ਅਰਥਾਂ ਦੀ ਪ੍ਰਤੀਤੀ ਭਿੰਨ ਹੁੰਦੀ ਹੈ। ਕਹਿਣ ਤੋਂ ਭਾਵ ਕਿ ਦਿਸਦੇ ਅਰਥਾਂ ਨਾਲੋਂ ਅਰਥਾਂ ਦਾ ਪ੍ਰਭਾਵ ਵਧੇਰੇ ਡੂੰਘਾ ਤੇ ਗਹਿਰ ਗੰਭੀਰ ਹੁੰਦਾ ਹੈ ਜਿਵੇਂ:

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।।
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ।।[64]

ਸ੍ਰਿੰਖਲਾਮੂਲਕ ਅਲੰਕਾਰ: ਇਹ ਚਾਰ ਪ੍ਰਕਾਰ ਦੇ ਅਲੰਕਾਰ ਹਨ ਜਿਨ੍ਹਾਂ ਵਿਚੋਂ ਕਾਰਣਮਾਲਾ, ਏਕਾਵਲੀ ਸਾਰ ਤੇ ਮਾਲਾਦੀਪਕ ਹਨ। ਕਾਰਣਮਾਲਾ ਅਲੰਕਾਰ ਵਿਚ ਕਾਰਜ ਕਾਰਜ ਦੀ ਪਰੰਪਰਾ ਅਭਿਵਿਅਕਤ ਹੁੰਦੀ ਹੈ ਜਿਵੇਂ ਗੁਰੂ ਨਾਨਕ ਬਾਣੀ ਵਿਚਲੇ ਇਹ ਵਿਚਾਰ:

ਸੁਣਿਆ ਮੰਨਿਆ ਮਨਿ ਕੀਤਾ ਭਾਉ।।
ਅੰਤਰਗਤਿ ਤੀਰਥਿ ਮਲਿ ਨਾਉ।।[65]

ਸ੍ਰਵਣ ਅਤੇ ਮਨਨ ਦੁਆਰਾ ਕਾਰਣ ਕਾਰਜ ਦੀ ਪਰੰਪਰਾ ਨੂੰ ਅਭਿਵਿਅਕਤ ਕਰਦਿਆਂ ਕਾਰਣਮਾਲਾ ਅਲੰਕਾਰ ਪ੍ਰਯੁਕਤ ਕੀਤਾ ਗਿਆ ਹੈ।

---

63. ਆਦਿ ਗ੍ਰੰਥ, ਜਪੁ, ਪੰਨਾ 4
64. ਆਦਿ ਗ੍ਰੰਥ, ਆਸਾ ਮਹਲਾ 1, ਛੰਤ, ਪੰਨਾ 438
65. ਆਦਿ ਗ੍ਰੰਥ, ਜਪੁ, ਪੰਨਾ 4

ਵਿਰੋਧਮੂਲਕ ਅਲੰਕਾਰ: ਇਹਨਾਂ ਅਲੰਕਾਰਾਂ ਦਾ ਮੂਲ ਸੁਰ ਵਿਰੋਧ ਹੁੰਦਾ ਹੈ ਜੋ ਉਪਰੋਂ ਵੇਖਣ ਨੂੰ ਤਾਂ ਵਿਰੋਧ ਹੁੰਦਾ ਹੈ ਪਰੰਤੂ ਅੰਤਰ ਵਿਚ ਅਸਲੀ ਵਿਰੋਧ ਨਹੀਂ ਹੁੰਦਾ। ਇਹਨਾਂ ਵਿਚੋਂ ਵਿਰੋਧਾਭਾਸ, ਵਿਭਾਵਨਾ, ਅਸੰਗਤੀ ਵਿਸਮ ਆਦਿ ਪ੍ਰਮੁੱਖ ਹਨ:

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ
ਕਵਣੁ ਬੂਝੈ ਬਿਧਿ ਜਾਣੈ।।[66]

ਇਹਨਾਂ ਸਤਰਾਂ ਵਿਚ ਬੂੰਦ ਵਿਚ ਸਾਗਰ ਹੈ ਜਾਂ ਸਾਗਰ ਵਿਚ ਬੂੰਦ ਇਹ ਵਿਰੋਧੀ ਕਥਨ ਦਿਸਦਾ ਹੈ ਪਰੰਤੂ ਮੂਲ ਰੂਪ ਵਿਚ ਭਾਵਾਤਮਿਕ ਪੱਖ ਤੋਂ ਏਕਤਾ ਹੈ।

ਅਲੰਕਾਰਾਂ ਦਾ ਉਪਰੋਕਤ ਸੰਖਿਪਤ ਵਿਵੇਚਨ ਕੇਵਲ ਅਲੰਕਾਰ ਦੀ ਕਾਵਿ ਤੱਤ ਵਜੋਂ ਮਹੱਤਾ ਨੂੰ ਸਵੀਕਾਰਦਿਆਂ ਕੀਤਾ ਗਿਆ ਹੈ ਕਿਉਂਜੋ ਬਾਣੀ ਦੀ ਭਾਸ਼ਾ ਅਭਿਵਿਅਕਤੀ ਦਿਖਾਵਟ ਅਤੇ ਆਡੰਬਰ ਦੀ ਧਾਰਣੀ ਨਹੀਂ ਬਲਕਿ ਸਹਿਜ ਸੁਭਾਵਿਕ ਅਭਿਵਿਅਕਤੀ ਹੈ ਪਰੰਤੂ ਕਾਵਿ ਦਾ ਇਹ ਤੱਤ ਕਾਵਿ ਦੀ ਕਾਰਜ ਪ੍ਰਕ੍ਰਿਆ ਵਿਚ ਆਪਣੇ ਵਿਭਿੰਨਾਤਮਿਕ ਸੌਂਦਰਯਮਈ ਲੱਛਣਾਂ ਸਹਿਤ ਵਿਦਮਾਨ ਹੁੰਦਾ ਹੈ ਇਸ ਕਰਕੇ ਕਾਵਿ ਦੇ ਇਸ ਸੌਂਦਰਯਮੂਲਕ ਗੁਣ ਨੂੰ ਬਾਣੀ ਦੇ ਸੰਚਾਰ ਹਿਤ ਕਾਰਜਸ਼ੀਲ ਵੇਖਿਆ ਜਾ ਸਕਦਾ ਹੈ।

1.4 ਪ੍ਰਤੀਕ: ਗੁਰੂ ਨਾਨਕ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ-ਸਤਿ ਦੇ ਪ੍ਰਗਟਾਅ ਹਿਤ ਪ੍ਰਤੀਕ ਵਿਧਾਨ ਨੂੰ ਸਸ਼ਕਤ ਮਾਧਿਅਮ ਵਜੋਂ ਇਸਤੇਮਾਲ ਕੀਤਾ ਹੈ। ਪ੍ਰਤੀਕ ਕਿਸੇ ਅਦਿੱਖ ਜਾਂ ਅਵਿਅਕਤ ਸੱਤਾ ਦਾ ਦਿੱਖ ਜਾਂ ਵਿਅਕਤ ਰੂਪ ਹੈ। ਇਹੀ ਗੁਣ ਬਿੰਬ ਦਾ ਵੀ ਹੁੰਦਾ ਹੈ। ਪ੍ਰਤੀਕ ਦਾ ਵਿਕਾਸ ਸਾਧਾਰਣ ਤੋਂ ਵਿਸ਼ੇਸ਼ ਦਾ ਵਿਕਾਸ ਹੈ। ਆਰੰਭ ਵਿਚ ਉਹ ਵਸਤੂਆਂ ਦਾ ਨਾਮ ਮਨੁੱਖੀ ਭਾਵਾਂ, ਅਨੁਭਵਾਂ, ਨਾਵਾਂ ਅਤੇ ਪਰਿਸਥਿਤੀਆਂ ਨਾਲ ਸਾਧਾਰਣ ਰੂਪ ਵਿਚ ਪ੍ਰਗਟ ਹੁੰਦਾ ਹੈ ਪਰੰਤੂ ਸਮੇਂ ਦੇ ਨਿਰੰਤਰ ਪ੍ਰਵਾਹ ਅਧੀਨ ਇਹ ਭਾਵ ਅਨੁਭਵ ਪਰਿਸਥਿਤੀ ਦਾ ਵਿਸ਼ੇਸ਼ ਸੂਚਕ ਬਣ ਜਾਂਦੇ ਹਨ। ਪਰਮਾਤਮਾ ਜੋ ਨਿਰਾਕਾਰ, ਅਦਿਖ, ਅਮੂਰਤ ਅਤਾਰਕਿਕ ਹੈ ਦਾ ਸਮੂਰਤਨ ਪ੍ਰਤੀਕ ਵਿਧਾਨ ਦਾ ਧਾਰਣੀ ਹੈ। ਇਸੇ ਤਰ੍ਹਾਂ ਭੌਤਿਕ ਜਗਤ ਦੀ ਵਾਸਤਵਿਕਤਾ ਅਤੇ ਪਰਾਭੌਤਿਕ ਜਗਤ ਦੇ ਰਹੱਸ ਦੇ ਗਿਆਨ ਨੂੰ ਅਰਥਪੂਰਵਕ

---

66. ਆਦਿ ਗ੍ਰੰਥ, ਰਾਮਕਲੀ ਮਹਲਾ 1, ਪੰਨਾ 878

ਪ੍ਰਸਤੁਤ ਕਰਨ ਹਿਤ ਪ੍ਰਤੀਕ ਵਿਧਾਨ ਦਾ ਪ੍ਰਯੋਗ ਅਨਿਵਾਰਯ ਹੈ। ਕਿਉਂਕਿ ਅਦਿੱਖ, ਰਹੱਸਮਈ ਸਤਿ ਦਾ ਗਿਆਨ ਭਾਸ਼ਾ ਦੇ ਸਾਧਾਰਣ ਪ੍ਰਗਟਾਅ ਤੋਂ ਨਾ ਹੋ ਕੇ ਪ੍ਰਤੀਕ ਸਿਰਜਣਾ ਅਤੇ ਪ੍ਰਕ੍ਰਿਆ ਦੁਆਰਾ ਸਪਸ਼ਟ ਰੂਪ ਵਿਚ ਉਜਾਗਰ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰੰਪਰਾ ਤੋਂ ਚਲੇ ਆ ਰਹੇ ਅਤੇ ਵਿਕਸਤ ਪ੍ਰਤੀਕਾਂ ਨੂੰ ਵਰਤਿਆ ਜ਼ਰੂਰ ਪਰੰਤੂ ਆਪ ਨੇ ਇਹਨਾਂ ਪਰੰਪਰਾਗਤ ਪ੍ਰਤੀਕਾਂ ਦੇ ਨਵ ਅਰਥ ਸਿਰਜ ਕੇ ਮੌਲਿਕ ਅਭਿਵਿਅਕਤੀ ਦੁਆਰਾ ਇਹਨਾਂ ਨੂੰ ਵੱਖਰਤਾ ਅਤੇ ਵਿਸ਼ਿਸ਼ਟਤਾ ਪ੍ਰਦਾਨ ਕੀਤੀ।

ਪਰਮਸਤਿ ਜੋ ਨਿਰਾਕਾਰ, ਅਦਿੱਖ ਅਮੂਰਤ ਅਦ੍ਰਿਸ਼ ਹੈ ਨੂੰ ਸਦ੍ਰਿਸ਼ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਕਿਸੇ ਸੰਕਲਪਾਤਮਿਕ ਸਰਗੁਣ ਸਰੂਪ ਨੂੰ ਆਧਾਰ ਨਹੀਂ ਬਣਾਇਆ ਬਲਕਿ ਵਿਭਿੰਨ ਪ੍ਰਤੀਕਾਂ ਦੀ ਜੁਗਤ ਦੁਆਰਾ ਭਾਵਾਂ ਨੂੰ ਬਿੰਬ ਵਿਧਾਨ ਦੁਆਰਾ ਮੂਰਤੀਮਾਨ ਕੀਤਾ ਹੈ। ਇਸ ਦੀ ਸਪਸ਼ਟਤਾ 'ਆਰਤੀ' ਦੇ ਵਿਸ਼ਲੇਸ਼ਣ ਉਪਰਾਂਤ ਹੋਰ ਵੀ ਪ੍ਰਤੱਖ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।।
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।।
ਅਨਹਤਾ ਸਬਦ ਵਾਜੰਤ ਭੇਰੀ।।ਰਹਾਉ।।
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋਹੀ।।

... ...
... ...

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ
ਤੇਰੈ ਨਾਮਿ ਵਾਸਾ।।[67]

ਗੁਰੂ ਨਾਨਕ ਦੇਵ ਜੀ ਨੇ ਏਥੇ ਪਰਮਸਤਿ ਨੂੰ ਪ੍ਰਤੀਕਾਤਮਿਕ ਪੱਖ ਤੋਂ ਪ੍ਰਗਟਾਇਆ ਹੈ ਅਤੇ ਅਜਿਹੇ ਪ੍ਰਤੀਕ ਦੀ ਉਸਾਰੀ ਕਿਸੇ ਸੰਕਲਪਾਤਮਿਕ ਸ਼ਬਦ ਜਾਂ ਤਰਕ ਨਾਲੋਂ ਬਿੰਬ ਵਿਧੀ ਦੁਆਰਾ ਕੀਤੀ ਹੈ। ਸਮੁੱਚਾ ਬ੍ਰਹਿਮੰਡ ਹੀ ਆਰਤੀ ਦਾ ਬਿੰਬ ਹੈ। ਥਾਲ, ਧੂਪ, ਨੈਣ, ਮੂਰਤਿ, ਗੰਧ, ਕੰਵਲ, ਮਕਰੰਦ,

---

67. ਆਦਿ ਗ੍ਰੰਥ, ਧਨਾਸਰੀ ਮਹਲਾ 1, ਪੰਨਾ 663

ਜਲ ਸਾਰਿੰਗ ਆਦਿ ਸਮੂਹ ਵਸਤਾਂ ਸੰਵੇਦਨਾਵਾਂਤੇ ਅਧਾਰਿਤ ਹੋਣ ਕਰਕੇ ਸੰਕਲਪ ਨਾਲੋਂ ਅਨੁਭਵ ਜਗਤ ਦੇ ਵਧੇਰੇ ਸਮੀਪ ਹਨ। ਸਾਰਾ ਬ੍ਰਹਿਮੰਡ ਏਕਤਾ ਦੇ ਸੂਤ੍ਰ ਵਿਚ ਪਰਮਾਤਮਾ ਦੀ ਆਰਤੀ ਉਤਾਰ ਰਿਹਾ ਹੈ। ਆਰਤੀ ਇਕ ਪਰੰਪਰਿਕ ਪ੍ਰਤੀਕ ਹੈ ਜੋ ਨਵ ਅਰਥ ਸੰਚਾਰ ਰਿਹਾ ਹੈ। ਇਸ ਨਾਲ ਆਰਤੀ ਦੀ ਸੰਕੀਰਣਤਾ ਅਤੇ ਪੁਰਾਤਨ ਪੌਰਾਣਿਕ ਸੰਕਲਪ ਨੂੰ ਵੀ ਤੋੜਿਆ ਗਿਆ ਹੈ। ਕਾਵਿ ਕਲਾ ਦੀ ਇਸ ਉਤਕ੍ਰਿਸ਼ਟ ਜੁਗਤ ਦੀ ਵਰਤੋਂ ਕਰਦਿਆਂ ਗੁਰੂ ਸਾਹਿਬ ਕੇਵਲ ਬਾਹਰਗਤ ਸਥੂਲਤਾ ਤਕ ਹੀ ਸੀਮਿਤ ਨਹੀਂ ਰਹਿੰਦੇ ਬਲਕਿ "ਸਭ ਮਹਿ ਜੋਤਿ ਜੋਤਿ ਹੈ ਸੋਇ" ਆਖਕੇ ਹਰ ਸਥੂਲ ਵਸਤ ਵਿਚ ਅੰਤ੍ਰੀਵ ਅਰਥ ਉਤਪੰਨ ਕਰ ਦਿਤੇ ਹਨ। ਸਾਰੀਆਂ ਵਸਤਾਂ ਦੀ ਸਥੂਲਤਾ ਟੁਟ ਕੇ ਵਸਤਾਂ ਅੰਦਰ ਹੀ 'ਜੋਤਿ' ਰੂਪ ਵਿਚ ਪ੍ਰਗਟ ਹੋ ਰਹੀ ਹੈ। ਇਸ ਪ੍ਰਕਾਰ ਸਮੁੱਚਾ ਬ੍ਰਹਿਮੰਡ ਹੀ ਕਾਵਿ-ਬਿੰਬ ਦੁਆਰਾ ਨਵ ਪ੍ਰਤੀਕ ਦੀ ਸਿਰਜਨਾ ਕਰ ਰਿਹਾ ਹੈ, ਜਿਸ ਦੁਆਰਾ ਪਰਮਸਤਿ ਦੀ ਆਰਤੀ ਹੋ ਰਹੀ ਹੈ।

ਪਰਮਸਤਿ ਜਿਸ ਨੂੰ ਗਗਨ, ਚੰਦ, ਸੂਰਜ, ਤਾਰੇ ਆਦਿ ਵਿਚ ਵਿਆਪਕ ਦਰਸਾਇਆ ਗਿਆ ਹੈ ਉਹੀ ਮਨੁੱਖੀ ਜਗਤ ਦੇਵੀ ਦੇਵਤੇ, ਸਿਧ ਨਾਥ, ਪਉਣ ਪਾਣੀ, ਈਸਰ, ਬਰ੍ਹਮਾ ਇੰਦ੍ਰ , ਜਤੀ, ਸਤੀ, ਪੰਡਿਤ ਜੋਧੇ ਭਗਤ ਆਦਿ ਵਿਚ ਵੀ ਵਿਦਮਾਨ ਹੈ ਏਸੇ ਕਰਕੇ ਇਹ ਸਾਰੇ ਪਰਮ-ਸਤਿ ਦੇ ਦਰ ਤੇ ਗਾਇਨ ਕਰ ਰਹੇ ਹਨ।[68] ਏਥੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਸਮੂਹ ਸੰਕਲਪਾਤਮਿਕ ਸ਼ਬਦਾਂ ਨੂੰ ਏਕਤਾ ਵਿਚ ਪ੍ਰੋਅ ਰਹੇ ਹਨ। ਇਕ ਪਾਸੇ ਪਉਣ ਪਾਣੀ, ਪੰਡਿਤ, ਜੋਧੇ ਆਦਿ ਦਾ ਯਥਾਰਥ ਹੈ ਦੂਜੇ ਪਾਸੇ ਪਰਮਸਤਿ ਦੀ ਵਾਸਤਵਿਕਤਾ ਹੈ। ਇਹਨਾਂ ਦੋਹਾਂ ਦੇ ਅਰਥ ਜਦੋਂ ਇਕ ਦੂਜੇ ਨਾਲ ਜੁਰਬ ਖਾਂਦੇ ਹਨ ਤਾਂ ਕੋਸ਼ਗਤ ਅਰਥਾਂ ਦੇ ਘੇਰੇ ਤੋਂ ਬਾਹਰ ਪ੍ਰਤੀਕਾਤਮਕ ਜਗਤ ਦੀ ਉਤਪਤੀ ਹੁੰਦੀ ਹੈ ਅਤੇ ਇਕ 'ਦਰ' ਜੋ ਆਪਣੇ ਆਪ ਵਿਚ ਵੀ ਪ੍ਰਤੀਕਾਤਮਕ ਹੈ ਕੋਲ ਖੜੇ ਕੇ ਗਾਇਨ ਕਰਨਾ ਹੈ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਕਲਾਤਮਿਕ ਕਾਵਿ ਵਿਧੀ ਦੁਆਰਾ ਵਾਸਤਵਿਕ ਜਗਤ ਨੂੰ ਪ੍ਰਤੀਕਾਤਮਿਕ ਕਰਕੇ ਪਰਮਸਤਿ ਨਾਲ ਅਭੇਦ ਦਰਸਾ ਰਹੇ ਹਨ। ਗੁਰੂ ਸਾਹਿਬ ~~ਪ੍ਰਤੀਕਾਤਮਿਕ~~ ਪਰਮਸਤਿ ਦੇ ਸਰੂਪ ਨੂੰ ਵੀ ਵਿਭਿੰਨ ਪ੍ਰਤੀਕਾਂ ਦੁਆਰਾ ਅਭਿਵਿਅਕਤ ਕਰਦੇ ਹਨ। ਇਹ ਪ੍ਰਤੀਕ ਰਾਜਨੀਤਕ, ਸਦਾਚਾਰਿਕ, ਧਾਰਮਿਕ ਅਤੇ ਸਾਮਾਜਿਕ ਜਨਜੀਵਨ ਵਿਚੋਂ ਲਏ ਗਏ ਹਨ। ਉਪਰੋਕਤ ਪ੍ਰਤੀਕ ਜਿਸ ਪ੍ਰਕਾਰ ਸੰਕੀਰਣ ਅਰਥਾਂ ਨੂੰ ਪਾਰ ਕਰਕੇ ਪਰਮਸਤਿ ਦੇ ਅਦਵੈਤਮਈ ਅਰਥਾਂ ਦੇ ਧਾਰਣੀ ਹੋ ਉਚਤਾ ਨੂੰ ਪ੍ਰਾਪਤ ਹੁੰਦੇ ਹਨ ਉਸੇ ਪ੍ਰਕਾਰ ਰਾਜਨੀਤਕ ਸ਼ਬਦਾਵਲੀ ਵਿਚੋਂ ਲਏ ਗਏ ਸ਼ਬਦ ਆਪਣੇ ਕੋਸ਼ਗਤ ਅਰਥ ਅਤੇ ਤਾਰਕਿਕ ਸੀਮਾਵਾਂ ਤੋਂ ਪਾਰ ਹੋ ਕੇ ਪਰਾਭੌਤਿਕ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ।

---

68. ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ।।

ਆਦਿ ਗ੍ਰੰਥ, ਪੰਨਾ 8

ਰਾਜਨੀਤਕ ਪੱਖ ਤੋਂ ਸਾਰੀ ਸ਼ਕਤੀ ਦਾ ਸੋਮਾ ਰਾਜਾ (ਬਾਦਸ਼ਾਹ) ਸੀ। ਇਹ ਰਾਜਾ ਰਾਜਨੀਤਕ, ਸਦਾਚਾਰਿਕ, ਨਿਆਇਕ ਪ੍ਰਬੰਧਕੀ, ਧਾਰਮਿਕ ਆਦਿ ਸਭ ਪੱਖਾਂ ਤੋਂ ਸਭ ਤੇ ਹਾਵੀ ਸੀ ਅਤੇ ਸ਼ਕਤੀ ਦਾ ਪ੍ਰਤੀਕ ਸੀ। ਸਰਬ-ਸਾਧਾਰਣ ਦੇ ਮਨ ਵਿੱਚ ਰਾਜਾ ਸਰਬ ਸ਼ਕਤੀਮਾਨ ਸੀ। ਗੁਰੂ ਨਾਨਕ ਦੇਵ ਜੀ ਨੇ ਇਸੇ ਪ੍ਰਤੀਕ ਨੂੰ ਵਰਤਕੇ ਸਰਬ ਲੋਕਾਈ ਨੂੰ ਚੇਤਨਾ ਪ੍ਰਦਾਨ ਕਰਵਾਈ। ਜ਼ੁਲਮ ਜਬਰ ਦੇ ਪ੍ਰਤੀਕ ਤਾਨਾਸ਼ਾਹੀ ਰਾਜਸੀ ਲੋਕਾਂ ਲਈ ਕੀਤਾ ਅਤੇ ਰਾਜੇ, ਬਾਦਸ਼ਾਹ, ਪਾਤਸ਼ਾਹ ਆਦਿ ਨੂੰ ਪਰਮਸਤਿ ਦੇ ਪ੍ਰਤੀਕ ਅਰਥਾਂ ਵਿੱਚ ਵਰਤਿਆ ਅਤੇ ਸਰਬ ਸ਼ਕਤੀਮਾਨ ਦਰਸਾਇਆ। ਗੁਰੂ ਨਾਨਕ ਬਾਣੀ ਵਿੱਚ ਆਏ ਵਿਭਿੰਨ ਪ੍ਰਤੀਕਾਂ ਦੀ ਉਦਾਹਰਣ ਅਸੀਂ ਨਿਮਨ ਲਿਖਤ ਪੰਕਤੀਆਂ ਦੁਆਰਾ ਦੇ ਰਹੇ ਹਾਂ:

ਪਾਤਸ਼ਾਹ:

- ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ।।[69]
- ਏਕੋ ਤਖਤੁ ਏਕੋ ਪਾਤਿਸਾਹੁ।।[70]
- ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।।[71]
- ਜਿਥੈ ਵਸੈ ਮੇਰਾ ਪਾਤਸਾਹੁ ਸੋ ਕੇਵਡ ਹੈ ਥਾਉ।।[72]

ਸਦਾਚਾਰਿਕ ਪ੍ਰਤੀਕ:

- ਤੂੰ ਦਾਤਾ ਕਰਣਹਾਰੁ ਕਰਤਾਰੁ।।[73]
- ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ।।[74]

ਧਾਰਮਿਕ ਪ੍ਰਤੀਕ:

- ਤੂੰ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ।।[75]

---

69. ਆਦਿ ਗ੍ਰੰਥ, ਵਡਹੰਸ ਮਹਲਾ 1, ਪੰਨਾ 579
70. ਆਦਿ ਗ੍ਰੰਥ, ਬਸੰਤ ਮਹਲਾ 1, ਪੰਨਾ 1188
71. ਆਦਿ ਗ੍ਰੰਥ, ਬਿਲਾਵਲ ਮਹਲਾ 1, ਪੰਨਾ 795
72. ਆਦਿ ਗ੍ਰੰਥ, ਸਿਰੀ ਰਾਗ ਮਹਲਾ 1, ਪੰਨਾ 53
73. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 354
74. ਆਦਿ ਗ੍ਰੰਥ, ਮਾਝ ਮਹਲਾ 1, ਪੰਨਾ 109
75. ਆਦਿ ਗ੍ਰੰਥ, ਤਿਲੰਗ ਮਹਲਾ 1, ਪੰਨਾ 726

ਸਮਾਜਿਕ ਜਨਜੀਵਨ:

ਐਸਾ ਸਾਹੁ ਸਰਾਫੀ ਕਰੈ।।ਸਾਚੀ ਨਦਰਿ ਏਕਲਿਵ ਤਰੈ।।
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰ।।
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ।।[77]

ਗੁਰੂ ਨਾਨਕ ਬਾਣੀ ਦੇ ਉਪਰੋਕਤ ਵਿਅਕਤ ਕੀਤੇ ਪ੍ਰਤੀਕ ਪਰਮ-ਸਤਿ ਦੇ ਅਥਾਹ ਨੂੰ ਦਰਸਾਉਣ ਲਈ ਕਿਸੇ ਨਾ ਕਿਸੇ ਤਰ੍ਹਾਂ ਸੰਕਲਪ ਆਧਾਰੀ ਹੀ ਕਹੇ ਜਾ ਰਹੇ ਹਨ ਕਿਉਂਜੋ ਪਰਮਾਤਮਾ ਦਾ 'ਦਾਨੀ' 'ਧਨੀ' 'ਬਾਜੀਗਰ' 'ਵਣਜਾਰਾ' 'ਸਰਫ' 'ਠਾਕੁਰ' ਹੋਣਾ ਆਪਣੇ ਆਪ ਵਿੱਚ ਕਿਸੇ ਰਾਜਨੀਤਕ ਸਮਾਜਿਕ, ਸਦਾਚਾਰਿਕ ਵਿਚਾਰਾਂ ਨੂੰ ਪ੍ਰਿਸ਼ਠਭੂਮੀ ਵਿਚ ਰਖ ਰਿਹਾ ਜਿਸ ਤੋਂ ਸਪਸ਼ਟ ਹੈ ਕਿ ਇਹ ਪ੍ਰਤੀਕ ਸੰਕਲਪਨਾਤਮਿਕ ਹੋਣ ਦੇ ਨਾਲ ਨਾਲ ਨਵਅਰਥਾਂ ਦੇ ਵੀ ਸੂਚਕ ਹਨ। ਗੁਰੂ ਨਾਨਕ ਦੇਵ ਜੀ ਨੇ ਪਰਮਸਤਿ ਦੇ ਪ੍ਰਤੀਕਾਂ ਤੋਂ ਬਿਨਾਂ ਜਗਤ, ਗੁਰੂ, ਗਿਆਨ, ਮਨੁੱਖ, ਇਸਤ੍ਰੀ ਸੰਬੰਧਿਤ ਵਿਭਿੰਨ ਪ੍ਰਤੀਕ ਵਰਤੇ ਹਨ ਜਿਨ੍ਹਾਂ ਦਾ ਸੰਕੇਤਮਈ ਵੇਰਵਾ ਨਿਮਨਲਿਖਤ ਹੈ:

ਜਗਤ ਸੰਬੰਧੀ:

ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ।।
ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ।।[78]

ਆਤਮਾ ਸੰਬੰਧੀ:

ਉਡਰਿ ਹੰਸੁ ਚਲਿਆਫੁਰਮਾਇਆ ਭਸਮੈ ਭਸਮ ਸਮਾਣੀ।।
ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ।।[79]

ਮਨੁੱਖ ਸੰਬੰਧੀ:

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹੁਕਮਿ ਪਾਇਆ ਗਰਭਾਸਿ।।[80]

---

76. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 413
77. ਆਦਿ ਗ੍ਰੰਥ, ਸੂਹੀ ਮਹਲਾ 1, ਪੰਨਾ 731
78. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 422
79. ਆਦਿ ਗ੍ਰੰਥ, ਤੁਖਾਰੀ ਮਹਲਾ 1, ਪੰਨਾ 1111
80. ਆਦਿ ਗ੍ਰੰਥ, ਸਿਰੀ ਰਾਗ ਮਹਲਾ 1, ਪੰਨਾ 74

ਇਸਤ੍ਰੀ ਸੰਬੰਧੀ:

- ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ
  ਰਲੀਆਲਾ ਰਾਮ।।[81]
- ਭਰਮਿ ਭੁਲੀ ਡੋਹਾਗਣੀ ਨ ਪਿਰ ਅੰਕਿ ਸਮਾਇ।।[82]

ਇਸ ਪ੍ਰਕਾਰ ਗੁਰੂ ਸਾਹਿਬ ਸਮਾਜਿਕ ਸਭਿਆਚਾਰਕ ਜਨ ਜੀਵਨ ਵਿਚੋਂ ਜਾਣੇ ਪਹਿਚਾਣੇ ਪ੍ਰਤੀਕਾਂ ਦੀ ਵਰਤੋਂ ਦੁਆਰਾ ਜਨਸਾਧਾਰਣ ਨਾਲ ਵਧੇਰੇ ਨਿਕਟ ਅਤੇ ਗੂੜ੍ਹੀ ਸਾਂਝ ਪਾਉਂਦੇ ਹਨ। ਇਹਨਾਂ ਪ੍ਰਤੀਕਾਂ ਦਾ ਸਾਰਾ ਪਾਸਾਰਾ ਸਥੂਲ ਤਾਰਕਿਕਤਾ ਨਾਲੋਂ ਅਗੇ ਲੰਘ ਕੇ ਅਸਥੂਲ ਅਤਾਰਕਿਕ ਹੋ ਗਿਆ ਹੈ ਜਿਸ ਦੁਆਰਾ ਕਾਵਿ ਦੀ ਕਲਾਤਮਿਕਤਾ ਅਤੇ ਇਸ ਦੀ ਕਾਰਜਸ਼ੀਲਤਾ ਵਧੇਰੇ ਤੀਖਣ ਅਤੇ ਪ੍ਰਭਾਵਸ਼ਾਲੀ ਹੋ ਜਾਂਦੀ ਹੈ।

1.5 ਬਿੰਬ ਵਿਧਾਨ: ਕਾਵਿ ਵਿਚ ਬਿੰਬ ਇਕ ਮਹੱਤਵਪੂਰਨ ਤੱਤ ਵਜੋਂ ਦ੍ਰਿਸ਼ਟਮਾਨ ਹੁੰਦਾ ਹੈ। ਜਿਸ ਦੁਆਰਾ ਯਥਾਰਥ ਦੇ ਬਾਹਰਗਤ ਜਗਤ ਨਾਲ ਅੰਤ੍ਰੀਵ ਜਗਤ ਦੀ ਸਿਰਜਣਾ, ਮਨੁੱਖ ਦੇ ਅਵਚੇਤਨ ਦੀਆਂ ਪਰਿਸਥਿਤੀਆਂ ਦਾ ਪ੍ਰਗਟਾਵਾ ਅਤੇ ਪ੍ਰਤੇਯਕ ਪ੍ਰਕਾਰ ਦੇ ਰਚਨਾਤਮਕ ਵਿਚਾਰਾਂ ਦਾ ਸਮੂਰਤਨ ਸੰਭਵ ਹੁੰਦਾ ਹੈ। ਗੁਰੂ ਨਾਨਕ ਬਾਣੀ ਵਿਚ 'ਬਿੰਬ ਵਿਧਾਨ' ਦਾ ਪ੍ਰਯੋਗ ਜਿਥੇ ਕਾਵਿ ਦੀ ਜੁਗਤ ਦਾ ਵਿਸ਼ਿਸ਼ਟ ਰੂਪ ਹੈ ਉਥੇ ਗੁਰੂ ਨਾਨਕ ਦੇਵ ਜੀ ਦੀ ਗਹਿਰ ਗੰਭੀਰ ਬਾਣੀ ਅਤੇ ਮਹਾਨ ਵਿਅਕਤਿਤ ਨੂੰ ਸਮਝਣ ਦਾ ਸਫਲ ਮਾਧਿਅਮ ਵੀ ਹੈ। ਗੁਰੂ ਨਾਨਕ ਦੇਵ ਜੀ ਨੇ ਅਨੁਭਵ ਦੀ ਥਾਹ, ਵਿਚਾਰਾਂ ਦੀ ਸਪਸ਼ਟਤਾ, ਸਰਲਤਾ ਅਤੇ ਭਾਵਾਂ ਦੀ ਜੁਬਾਨ ਨੂੰ ਬਿੰਬ ਦਰਪਣ ਵਾਂਗ ਮੂਰਤੀਮਾਨ ਕਰਦੇ ਹਨ ਜਿਨ੍ਹਾਂ ਨੂੰ ਅਸਾਨੀ ਹਿਤ ਅਸੀਂ ਨਿਮਨਲਿਖਤ ਚਾਰ ਵਰਗਾਂ ਵਿੱਚ ਵਿਭਾਜਿਤ ਕਰ ਸਕਦੇ ਹਾਂ:

| | |
|---|---|
| 1.5.1 ਵਸਤੂ ਸੰਬੰਧੀ | 1.5.2 ਭਾਵ ਸੰਬੰਧੀ |
| 1.5.3 ਅਨੁਭਵ ਆਧਾਰਿਤ | 1.5.4 ਅਭਿਵਿਅਕਤੀ ਆਧਾਰਿਤ |

---

81. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 435
82. ਆਦਿ ਗ੍ਰੰਥ, ਸਿਰੀ ਰਾਗ 1, ਪੰਨਾ 60

1.5.1 ਵਸਤੂ ਸੰਬੰਧੀ: ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੀਆਂ ਸਮੂਹ ਵਸਤਾਂ ਨੂੰ ਬਿੰਬਾਂ ਦਾ ਆਧਾਰ ਬਣਾਇਆ ਹੈ ਜਿਨ੍ਹਾਂ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿਚ ਵਿਭਾਜਤ ਕੀਤਾ ਜਾ ਸਕਦਾ ਹੈ। ਪ੍ਰਕ੍ਰਿਤੀ ਨਾਲ ਸੰਬੰਧਿਤ ਅਤੇ ਜੀਵਨ ਨਾਲ ਸੰਬੰਧਿਤ। ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ-ਸਤਿ ਦੇ ਰਹੱਸ ਨੂੰ ਅਭਿਵਿਅਕਤ ਕਰਨ ਅਤੇ ਲੋਕ ਜਨਜੀਵਨ ਨੂੰ ਸਮਝਾਉਣ ਹਿਤ ਪ੍ਰਕ੍ਰਿਤੀ ਨੂੰ ਵਿਸ਼ੇਸ਼ ਤੌਰ ਤੇ ਬਿੰਬਾਕਣ ਹਿਤ ਵਰਤਿਆ ਜਿਸ ਦੀ ਪੇਸ਼ਕਾਰੀ 'ਬਾਰਹਮਾਹ ਤੁਖਾਰੀ' ਵਿਚੋਂ ਸਪਸ਼ਟ ਹੈ। ਪ੍ਰਕ੍ਰਿਤੀ ਦੀ ਅਥਾਹ ਡੂੰਘਾਈ, ਉਸ ਦੀ ਸਰਬਵਿਆਪੀ ਹੋਂਦ ਨੂੰ ਸਭ ਪਾਸੇ ਮਹਿਸੂਸ ਤੇ ਅਨੁਭਵ ਕਰਨਾ ਅਤੇ ਉਸ ਦਾ ਪ੍ਰਗਟਾਵਾ ਨਿਮਨਲਿਖਤ ਪੰਕਤੀਆਂ ਤੋਂ ਸਪਸ਼ਟ ਹੁੰਦਾ ਹੈ:

> ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।।
> ਕੁਦਰਤ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।। [83]

ਮਨੁੱਖੀ ਜਨਜੀਵਨ ਦੇ ਖੇਤਰ ਨਾਲ ਸੰਬੰਧਿਤ ਬਿੰਬਾਂ ਦਾ ਖੇਤਰ ਵਿਸ਼ਾਲ ਤੇ ਵਿਸਤ੍ਰਿਤ ਹੈ। ਜਿਨ੍ਹਾਂ ਵਿਚੋਂ ਸਾਮਾਜਿਕ, ਰਾਜਨੀਤਕ ਅਤੇ ਧਾਰਮਿਕ ਜਨਜੀਵਨ ਵਿਚੋਂ ਸੰਬੰਧਿਤ ਬਿੰਬ ਜੀਵਨ ਦੀ ਵਾਸਤਵਿਕਤਾ ਨੂੰ ਦਰਸਾਉਣ ਦਾ ਸਫਲ ਮਾਧਿਅਮ ਹਨ। ਗੁਰੂ ਨਾਨਕ ਬਾਣੀ ਦਾ ਮੂਲ ਸੁਰ ਭਾਵੇਂ ਰਹੱਸਵਾਦ ਅਧਿਆਤਮਵਾਦ ਹੈ ਪਰੰਤੂ ਇਸਦਾ ਸੰਦੇਸ਼ ਸਮੂਹ ਲੋਕਾਈ ਨੂੰ ਸੰਬੰਧਿਤ ਹੈ ਜਿਥੇ ਮਨੁੱਖ ਨੂੰ ਹਸੰਦਿਆਂ, ਖੇਲੰਦਿਆਂ, ਪਹਿਨੰਦਿਆਂ ਵਿੱਚ ਮੁਕਤੀ ਦੇ ਮਾਰਗ ਵਲ ਤੋਰਨਾ ਹੈ। ਸਾਮਾਜਿਕ ਜਨਜੀਵਨ ਵਿਚ ਵਿਆਪਕ ਝੂਠੇ ਰਸਮੋ ਰਿਵਾਜ, ਪਾਖੰਡ ਆਡੰਬਰ ਦਾ ਵਰਣਨ, ਜਨਜੀਵਨ ਦੇ ਹੀ ਰੂਪਕਾਂ ਦੁਆਰਾ ਬਿੰਬਕਣ ਗੁਰੂ ਸਾਹਿਬ ਦੀ ਕਲਾਤਮਿਕ ਜੁਗਤ ਹੈ। ਜਿਵੇਂ:

- ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।।
  ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।। [84]

- ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।
  ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।। [85]

ਰਾਜਨੀਤਕ ਜਨਜੀਵਨ ਵਿਚੋਂ ਲਏ ਗਏ ਬਿੰਬ ਕਲਯੁਗ ਦੀ ਰਾਜਸੀ ਅਵਸਥਾ ਨੂੰ ਬੜੇ ਵਿਅੰਗਮਈ

---

83. ਆਦਿ ਗ੍ਰੰਥ, ਆਸਾ ਮਹਲਾ 1 (ਵਾਰ), ਪੰਨਾ 464
84. ਉਹੀ, ਪੰਨਾ 466
85. ਉਹੀ, ਪੰਨਾ 471

ਢੰਗ ਨਾਲ ਚਿਤਰਣ ਕਰਦੇ ਹਨ ਜਿਸ ਦਾ ਪ੍ਰਭਾਵਮਈ ਵਰਨਨ ਬਾਬਰਵਾਣੀ ਵਿਚ ਹੋਇਆ ਹੈ।[86] ਇਸੇ ਪ੍ਰਕਾਰ ਸਮਕਾਲੀਨ ਧਾਰਮਿਕ ਜਨਜੀਵਨ, ਵਿਕਾਰਗ੍ਰਸਤ ਧਾਰਮਿਕ ਪਾਖੰਡਾਂ, ਆਡੰਬਰਾਂ ਤੇ ਵਹਿਮਾਂ ਭਰਮਾਂ ਦੇ ਵਿਚ ਲਿਪਤ ਸਮੁੱਚੇ ਜਨਜੀਵਨ ਤੇ ਕੁਪ੍ਰਭਾਵ ਪਾ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਵੱਖ ਵੱਖ ਉਦਾਸੀਆਂ ਦੌਰਾਨ ਸੰਪਰਕ ਵਿਚ ਆਏ ਵੱਖ ਵੱਖ ਮੱਤਾਂ, ਧਰਮਾਂ ਦੇ ਅਨੇਕ ਲੋਕਾਂ ਨੇ ਵਿਚਾਰ ਸਾਂਝੇ ਕੀਤੇ ਕਿਧਰੇ ਗੁਰੂ ਜੀ ਦੀ ਸਿਧਾਂ ਨਾਲ ਗੋਸਟਿ ਜਾਂ ਬਹਿਸ ਹੋਈ ਅਤੇ ਕਿਤੇ ਕਾਜੀਆਂ ਨਾਲ। ਗੁਰੂ ਜੀ ਉਹਨਾਂ ਸਾਰੇ ਧਰਮਾਂ ਦੇ ਚੰਗੇ ਪੱਖਾਂ ਦਾ ਵਰਨਨ ਕੀਤਾ ਅਤੇ ਉਹਨਾਂ ਦੇ ਪਾਖੰਡਾਂ ਤੇ ਆਡੰਬਰਾਂ ਨੂੰ ਤਿਆਗਣ ਦਾ ਸੁਨੇਹਾ ਦਿੱਤਾ ਇਸ ਦੀ ਪ੍ਰਤੱਖ ਉਦਾਹਰਣ ਬਾਣੀ ਵਿਚਲੇ ਸਜੀਵ ਬਿੰਬਾਂ ਦੁਆਰਾ ਸਹਿਜੇ ਹੀ ਦ੍ਰਿਸ਼ਟਮਾਨ ਹੁੰਦੀ ਹੈ:

ਗਲਿ ਮਾਲਾ ਤਿਲਕੁ ਲਿਲਾਟੰ॥
ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥
ਸਭਿ ਫੋਕਟ ਨਿਸਚਉ ਕਰਮੰ॥[87]

1.5.2 ਭਾਵ ਸੰਬੰਧੀ: ਭਾਵ ਹਿਰਦੇ ਦੀ ਜਟਿਲ ਅਤੇ ਮਿਸ਼੍ਰਿਤ ਜਿਹੀ ਅਵਸਥਾ ਦਾ ਨਾਮ ਹੈ। ਭਾਵ ਨੂੰ ਅਭਿਵਿਅਕਤ ਕਰਨਾ ਅਤੇ ਸੰਚਾਰ ਯੋਗ ਬਨਾਉਣਾ ਹੀ ਹਰ ਰਚੈਤਾ ਦਾ ਪ੍ਰਮੁੱਖ ਕਾਰਜ ਹੈ। ਭਾਵਾਂ ਦੀ ਗਹਿਰ ਗੰਭੀਰਤਾ ਅਤੇ ਗੂੜ੍ਹ ਅਰਥਾਂ ਤਕ ਪਹੁੰਚ ਸਾਧਾਰਣ ਪ੍ਰਸਤੁਤੀ ਦੁਆਰਾ ਸੰਭਵ ਨਹੀਂ ਹੋ ਸਕਦੀ। ਇਸ ਲਈ ਰਚੈਤਾ ਰੂਪਕਾਂ ਜਾਂ ਬਿੰਬਾਂ ਦੇ ਮਾਧਿਅਮ ਦਾ ਪ੍ਰਯੋਗ ਕਰਦਾ ਹੈ ਕਿਉਂਜੋ ਭਾਵ ਅਤੇ ਬਿੰਬ ਦਾ ਸੰਬੰਧ ਬਹੁਤ ਨਿਕਟ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਭਾਵ ਆਵੇਸ਼ ਰਾਹੀਂ ਉਚਾਰਣ ਕੀਤੀ ਬਾਣੀ ਹੈ। ਇਹ ਆਵੇਸ਼ ਉਸ ਖਾਲਕ ਦਾ ਹੈ ਤੇ ਬਾਣੀ ਉਸ ਇਲਾਹੀ ਪ੍ਰੇਮ ਅਭਿਵਿਅਕਤੀ ਦਾ ਸੰਚਾਰ। ਗੁਰੂ ਸਾਹਿਬ ਦੀ ਸਮੁੱਚੀ ਬਾਣੀ ਵਿੱਚ ਭਾਵ ਪ੍ਰਧਾਨ ਹੈ ਇਸੇ ਕਰਕੇ ਬਹੁਤ ਸਾਰੇ ਰਸ ਆਪਮੁਹਾਰੇ ਪ੍ਰਗਟ ਹੁੰਦੇ ਹਨ। ਇਹ ਰਸ ਸੁਭਾਵਕ ਹੀ ਪਾਠਕਾਂ ਤੇ ਸ੍ਰੋਤਿਆਂ ਨੂੰ ਖਿੱਚ ਪਾਉਂਦੇ ਹਨ। ਸ਼੍ਰਿੰਗਾਰ ਰਸ ਦੇ ਸੰਜੋਗ ਤੇ ਵਿਯੋਗ ਭਾਵਾਂ ਦਾ ਵਰਨਣ 'ਬਾਰਹਮਾਹ ਤੁਖਾਰੀ' ਵਿਚੋਂ ਉਤਸਾਹ ਅਤੇ ਸ਼ੋਕ ਆਦਿ ਦੇ ਭਾਵ ਦੀ ਅਭਿਵਿਅਕਤੀ ਬਾਬਰਵਾਣੀ ਵਿਚੋਂ ਸਾਦ੍ਰਿਸ਼ ਹੁੰਦੀ ਹੈ। ਇਸ ਤੋਂ ਬਿਨਾਂ ਭੈ, ਅਸਚਰਜ, ਕ੍ਰੋਧ ਆਦਿ ਭਾਵਾਂ ਨੂੰ ਵੀ ਬਾਣੀ ਵਿੱਚ ਚਿਤ੍ਰਤ ਕੀਤਾ

---

86. ਕਲਿ ਕਾਤੀ ਰਾਜੇ ਕਸਾਈ ਧਰਮੁ ...
(ਸਿਰੀ ਰਾਗ ਮਹਲਾ 1, ਪੰਨਾ 145 )

87. ਆਦਿ ਗ੍ਰੰਥ, ਆਸਾ ਮਹੱਲਾ 1 (ਵਾਰ), ਪੰਨਾ 470

ਗਿਆ ਹੈ। ਇਸ ਸੰਬੰਧਿਤ ਵਿਸਥਾਰਪੂਰਵਕ ਵਿਸ਼ਲੇਸ਼ਣ 'ਰਸ' ਦੇ ਅੰਤਰਗਤ ਕੀਤਾ ਜਾ ਚੁੱਕਾ ਹੈ। ਸਮੁੱਚੇ ਤੌਰ ਤੇ ਇਸ ਸੰਬੰਧ ਵਿਚ ਇਹ ਕਹਿਣਾ ਵਧੇਰੇ ਉਚਿਤ ਹੈ ਕਿ ਭਾਵਾਂ ਦੇ ਪ੍ਰਗਟਾਅ ਲਈ ਗੁਰੂ ਸਾਹਿਬ ਖਾਸ ਤੌਰ ਤੇ ਸ੍ਰੇਸ਼ਠ ਅਤੇ ਪ੍ਰਭਾਵਸ਼ਾਲੀ ਬਿੰਬਾਂ ਨੂੰ ਸਫਲ ਮਾਧਿਅਮ ਵਜੋਂ ਵਰਤਦੇ ਹੋਏ ਬਾਣੀ ਦੀ ਸਹਿਜ ਪ੍ਰਸਤੁਤੀ ਕਰਦੇ ਹਨ।

1.5.3 ਅਨੁਭਵ ਆਧਾਰਿਤ: ਰਚੈਤਾ ਦੇ ਬਿੰਬ ਵਿਧਾਨ ਦਾ ਪ੍ਰਗਟਾਅ ਉਸ ਦੀਆਂ ਸੰਵੇਦਨਾਵਾਂ ਨੂੰ ਵੀ ਪ੍ਰਗਟ ਕਰਦਾ ਹੈ। ਜਿਤਨੀ ਤੀਬਰ ਰਚੈਤਾ ਦੀ ਸੰਵੇਦਨਾ ਹੋਵੇਗੀ ਉਤਨੀ ਹੀ ਵਧੇਰੇ ਸੂਖ਼ਮ ਅਤੇ ਪ੍ਰਭਾਵਸ਼ਾਲੀ ਬਿੰਬਾਂ ਦੀ ਸਿਰਜਣਾ ਹੋਵੇਗੀ। ਸੰਵੇਦਨਾ ਪ੍ਰਦਾਨ ਕਰਨਾ ਬਿੰਬ ਦਾ ਇਕ ਮੁੱਖ ਕਾਰਜ ਹੈ। ਬਿੰਬਾਂ ਦੀ ਵਰਤੋਂ ਹੀ ਭਾਵਾਂ ਨੂੰ ਸੰਵੇਦਨਯੋਗ ਬਣਾਉਣ ਲਈ ਕੀਤੀ ਜਾਂਦੀ ਹੈ। ਕਾਵਿ ਵਿੱਚ ਬਿੰਬ ਇੰਦ੍ਰਿਆਵੀ ਵਰਨਨ ਦੁਆਰਾ ਸੰਵੇਦਨਾ ਨੂੰ ਜਾਗ੍ਰਿਤ ਕਰਦਾ ਹੈ ਜਿਸ ਵਿੱਚ ਸਭ ਤੋਂ ਵੱਧ ਗਿਣਤੀ ਦ੍ਰਿਸ਼ਟੀਗਤ ਬਿੰਬਾਂ ਦੀ ਹੁੰਦੀ ਹੈ। ਦ੍ਰਿਸ਼ਟੀਗਤ ਬਿੰਬ ਵਧੇਰੇ ਸੂਖ਼ਮ ਸੰਪੂਰਣ ਅਤੇ ਤੀਬਰ ਸੰਵੇਦਨਾ ਦੇ ਸੂਚਕ ਹਨ। ਕੁਦਰਤ ਦੇ ਸਾਰੇ ਦ੍ਰਿਸ਼ਮਾਨ ਅੰਸ਼ ਨੂੰ ਪਰਮਾਤਮਾ ਦਾ ਸਰੂਪ ਸਮਝ ਕੇ ਅਨੁਭਵ ਕਰਦੇ ਹੋਏ ਅਭਿਵਿਅਕਤ ਹਨ:

> ਕੁਦਰਤਿ ਦਿਸੈ ਕੁਦਰਤਿ ਸੁਣੀਐ
> ਕੁਦਰਤਿ ਭਉ ਸੁਖ ਸਾਰੁ।।[88]

ਅਧਰਮੀ ਪੁਰਖ ਦੀ ਤਸਵੀਰ ਦਾ ਵਰਨਨ ਮੱਥੇ ਤੇ ਟਿੱਕਾ ਲਗਾ ਕੇ, ਤੇੜ ਭਗਵੀਂ ਧੋਤੀ ਬੰਨ੍ਹ ਕੇ, ਵੈਸ਼ਨਵ ਬਣੇ ਹੋਣ ਅਤੇ ਬਗਲ ਵਿਚ ਛੁਰੀ ਮੂੰਹ ਵਿਚ ਰਾਮ ਰਾਮ ਵਾਲੀ ਹੈ।[89] 'ਗੰਗਨ ਮੈ ਥਾਲ' ਅਤੇ 'ਵਾਇਨ ਚੇਲੇ ਨਚਨਿ ਗੁਰ' ਵਿਚ ਆਏ ਬਿੰਬ ਦ੍ਰਿਸ਼ਟੀਗਤ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਵਿਭਿੰਨ ਪ੍ਰਕਾਰ ਦੇ ਇੰਦ੍ਰਿਆਵੀ ਬਿੰਬਾਂ ਦਾ ਪ੍ਰਯੋਗ ਅਤਿ ਪ੍ਰਭਾਵਸ਼ਾਲੀ ਤੇ ਮਹੱਤਵਪੂਰਣ ਹੈ ਜਿਸ ਵਿਚੋਂ ਕੁਝ ਉਦਾਹਰਣਾਂ ਪ੍ਰਸਤੁਤ ਹਨ:

ਸਪਰਸ਼ ਬਿੰਬ:

> ਭਉ ਖਲਾ ਅਗਨਿ ਤਪ ਤਾਉ।।[90]
> (ਡਰ ਰੂਪੀ ਧੌਂਕਣੀ ਤੋਂ ਤਪ ਦੀ ਅਗ ਦਾ ਸੇਕ ਅਨੁਭਵ ਹੁੰਦਾ ਹੈ ਜਿਸ ਨਾਲ ਸਪਰਸ਼ ਬਿੰਬ ਦੀ ਸਿਰਜਣਾ ਹੁੰਦੀ ਹੈ)

---

88. ਆਦਿ ਗ੍ਰੰਥ, ਪੰਨਾ 464
89. ਉਹੀ, ਪੰਨਾ 471,72
90. ਆਦਿ ਗ੍ਰੰਥ, ਜਪੁ, ਪੰਨਾ 8

ਧੁਨੀ ਬਿੰਬ :

ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ
ਕੋਕਲਿ ਸਬਦਿ ਸੁਹਾਵੈ॥[91]

(ਚਿਤ ਨੂੰ ਪਪੀਹਾ ਅਤੇ ਜੀਭ ਨੂੰ ਕੋਇਲ ਮਿਥ ਕੇ ਉਨ੍ਹਾਂ ਦੀ ਪੀਅ ਪੀਅ ਅਤੇ ਮਧੁਰ ਕੂਕ ਦੇ ਨਾਦ ਉਤੇ ਅਧਾਰਿਤ ਬਿੰਬਾਂ ਦੀ ਪ੍ਰਸਤੁਤੀ ਹੈ)

ਸੁਆਦ ਬਿੰਬ :

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥[92]

(ਅਨੁਚਿਤ ਰਸ ਗ੍ਰਹਿਣ ਕਰਨ ਤੋਂ ਪੈਦਾ ਹੋਏ ਵਿਕਾਰ ਵਾਲੇ ਰੋਗੀ ਦਾ ਬਿੰਬ ਚਿਤ੍ਰਣ ਹੈ)

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥ . . [93]

(ਅਨੇਕ ਪ੍ਰਕਾਰ ਦੇ ਖਾਸ ਪਦਾਰਥਾਂ ਦੇ ਸੁਆਦ ਚਿੱਤਰਾਂ ਦੁਆਰਾ ਸਿਰਜਣਾ ਕੀਤੀ ਗਈ ਹੈ)

ਸੁੰਘਣ ਤੇ ਆਧਾਰਿਤ :

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿਆਵੈ ਚਾਉ॥[94]

ਸ੍ਰਵਣ ਤੇ ਆਧਾਰਿਤ :

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥[95]

---

91. ਆਦਿ ਗ੍ਰੰਥ, ਪੰਨਾ 1107.
92. ਉਹੀ, ਪੰਨਾ 16
93. ਉਹੀ
94. ਉਹੀ, ਪੰਨਾ 14
95. ਉਹੀ, ਪੰਨਾ 6

ਗੁਰੂ ਨਾਨਕ ਬਾਣੀ ਦੀਆਂ ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਅਤਿਅੰਤ ਸੰਵੇਦਨਸ਼ੀਲ ਭਾਵ ਅਭਿਵਿਅਕਤੀ ਨੂੰ ਦ੍ਰਿਸ਼, ਸਪਰਸ਼, ਸੁਆਦ, ਨਾਦ ਆਦਿ ਵਿਭਿੰਨ ਬਿੰਬਾਂ ਨੂੰ ਵਿਸ਼ਿਸ਼ਟ ਪ੍ਰਯੋਗ ਅਧੀਨ ਸਿਰਜਿਆ ਗਿਆ ਹੈ। ਇਹ ਬਿੰਬਾਤਮਕ ਚਿਤ੍ਰਣ ਸ੍ਰੋਤਿਆਂ ਦੀ ਮਤਿ, ਮਨ, ਬੁਧੀ ਤੇ ਤੀਬਰ ਪ੍ਰਭਾਵ ਪਾਉਂਦਾ ਹੋਇਆ ਬਾਣੀ ਦੇ ਸੰਦੇਸ਼ ਨਾਲ ਉਹਨਾਂ ਦੀ ਇਕਸੁਰਤਾ ਜੋੜਨ ਵਿਚ ਸਹਾਇਕ ਹੁੰਦਾ ਹੈ।

1.5.4 **ਅਭਿਵਿਅਕਤੀ ਆਧਾਰਿਤ:** ਅਭਿਵਿਅਕਤੀ ਦੇ ਆਧਾਰ ਤੇ ਕਾਵਿ ਵਿਚ ਬਿੰਬਾਂ ਦਾ ਭਾਸ਼ਾਈ ਸਰੂਪ ਤੇ ਅਧਿਐਨ ਕਵੀ ਦੀ ਭਾਸ਼ਾ ਅਤੇ ਸ਼ੈਲੀ ਦੀ ਵਿਸ਼ਿਸ਼ਟਤਾ ਤੇ ਨਿਰਭਰ ਹੈ। ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਸੰਚਾਰ ਧਰਮੀ ਹੋਣ ਕਰਕੇ ਭਾਸ਼ਾ ਤੇ ਸ਼ੈਲੀ ਪੱਖੋਂ ਮੌਲਿਕ ਵਿਲੱਖਣਤਾ ਦੀ ਧਾਰਣੀ ਹੈ। ਸਮੂਹ ਲੋਕਾਂ ਨੂੰ ਸੰਬੋਧਿਤ ਬਾਣੀ ਵਿਚ ਭਾਸ਼ਾ ਦਾ ਸੁਨਿਸ਼ਚਿਤ, ਉਚਿਤ ਤੇ ਪ੍ਰਭਾਵਸ਼ਾਲੀ ਵਰਤੋਂ ਪ੍ਰਤਿ ਗੁਰੂ ਸਾਹਿਬ ਪੂਰਨ ਤੌਰ ਤੇ ਸੁਚੇਤ ਸਨ। ਆਪ ਦਾ ਬਿੰਬ ਵਿਧਾਨ ਬਾਣੀ ਦੀ ਪ੍ਰਸਤੁਤੀ ਦਾ ਵਿਸ਼ੇਸ਼ ਮਾਧਿਅਮ ਹੈ। ਇਹੀ ਕਾਰਣ ਹੈ ਕਿ ਆਪਣੇ ਅਭਿਧਾ, ਲਕਸ਼ਣਾ, ਵਿਅੰਜਣਾ, ਪ੍ਰਤੀਕ ਅਲੰਕਾਰ ਮੁਹਾਵਰੇ ਆਦਿ ਸਭ ਦੁਆਰਾ ਸ੍ਰੇਸ਼ਠ ਬਿੰਬਾਂ ਨੂੰ ਪ੍ਰਸਤੁਤ ਕੀਤਾ ਹੈ। ਮੁਹਾਵਰਿਆਂ ਅਤੇ ਅਖਾਉਤਾਂ ਆਦਿ ਵਿਚ ਪੇਸ਼ ਬਿੰਬ ਸਹਿਜ ਸੁਭਾਵਿਕ ਦ੍ਰਿਸ਼ਟਮਾਨ ਹੁੰਦੇ ਹਨ ਜਿਵੇਂ:

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।।[96]

ਏਥੇ ਅਜੇਹੇ ਮਨੁੱਖ ਦੀ ਕਿਸੇ ਕਥਾ ਜਾਂ ਘਟਨਾ ਦਾ ਬਿੰਬ ਸਪਸ਼ਟ ਹੁੰਦਾ ਹੈ ਜੋ ਆਪਣੇ ਕੰਮ ਸੁਆਰਨ ਵਾਸਤੇ ਬਿਨਾ ਕਿਸੇ ਦੀ ਸਹਾਇਤਾ ਤੋਂ ਅਗੇ ਵਧਿਆ ਅਤੇ ਸਫਲ ਹੋਇਆ ਹੈ। ਇਸ ਪ੍ਰਕਾਰ ਵਿਭਿੰਨ ਸ਼ਕਤੀਆਂ ਦੁਆਰਾ ਵਿਅਕਤ ਬਿੰਬ ਭਾਵਾਂ ਨੂੰ ਤੀਖਣ ਤੇ ਤੀਬਰਤਮ ਕਰਨ ਵਿਚ ਸਹਾਇਕ ਹੁੰਦੇ ਹਨ। ਵਿਸਥਾਰ ਤੋਂ ਗੁਰੇਜ਼ ਕਰਦਿਆਂ ਇਥੇ ਕੇਵਲ ਵਿਅੰਜਨਾ ਸ਼ਕਤੀ ਦੀ ਇਕ ਉਦਾਹਰਣ ਦੇ ਕੇ ਸਪਸ਼ਟ ਕਰਦੇ ਹਾਂ:

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ।।
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ।।
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ।।1।।[97]

---

96. ਆਦਿ ਗ੍ਰੰਥ, ਪੰਨਾ 474

97. ਉਹੀ, ਪੰਨਾ 55

ਬਿੰਬ ਵਿਧਾਨ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਬਾਣੀ ਵਿਚ ਬਿੰਬਾਂ ਦਾ ਪ੍ਰਯੋਗ ਬਾਣੀ ਦੀ ਪ੍ਰਕ੍ਰਤੀ ਦੀ ਅਹਿਮ ਜੁਗਤ ਵਜੋਂ ਦ੍ਰਿਸ਼ਟਮਾਨ ਹੈ ਜੋ ਵਿਸ਼ੇਸ਼ ਪਰਿਪੇਖ ਅਧੀਨ ਬਾਣੀ ਦੇ ਅਤਿ ਗੰਭੀਰ ਭਾਵਾਂ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਸਹਿਜ ਸੰਚਾਰ ਦੀ ਧਾਰਣੀ ਬਣਾਉਂਦਾ ਹੈ।

1.6 ਛੰਦ ਵਿਧਾਨ: ਕਾਵਿ ਦੇ ਵਿਭਿੰਨ ਤੱਤਾਂ ਵਿਚੋਂ 'ਛੰਦ' ਇਕ ਮਹੱਤਵਪੂਰਨ ਤੱਤ ਵਜੋਂ ਕਾਵਿ ਦੇ ਅੰਤਰਗਤ ਕਾਰਜਸ਼ੀਲ ਹੁੰਦਾ ਹੈ। ਜੋ ਆਪਣੀ ਕਲਾਤਮਿਕਤਾ ਦੁਆਰਾ ਕਾਵਿ ਰੂਪ ਵਿਧਾਨ ਵਿਚ ਆਪਣਾ ਵਿਲੱਖਣ ਤੇ ਵਿਸ਼ਿਸ਼ਟ ਸਥਾਨ ਰਖਦਾ ਹੈ। ਛੰਦਯੁਕਤ ਹੋ ਕੇ ਕਾਵਿ ਵਧੇਰੇ ਸਜੀਵ, ਜੀਵੰਤ, ਪ੍ਰੇਰਣਾਦਾਇਕ ਅਤੇ ਸੁਹਜ ਸੌਂਦਰਯ ਭਰਪੂਰ ਹੁੰਦਾ ਹੈ। ਇਸ ਵਿਚਲਾ ਸੁਹਜ ਲੈਅ ਕਾਰਣ ਉਤਪੰਨ ਹੁੰਦਾ ਹੈ। 'ਗੁਰੂ ਨਾਨਕ ਬਾਣੀ' ਵਿਚ ਛੰਦ ਦੀ ਵਰਤੋਂ ਜਿਥੇ ਕਾਵਿ ਦਾ ਸ੍ਰੇਸ਼ਠ ਗੁਣ ਹੈ ਉਥੇ ਬਾਣੀ ਵਿਚ ਇਸ ਦਾ ਪ੍ਰਯੋਗ ਸੰਗੀਤ ਦੇ ਪੱਖ ਤੋਂ ਵੀ ਆਪਣੀ ਸੁਤੰਤਰ ਪਹਿਚਾਣ ਦਾ ਲਖਾਇਕ ਹੈ। 'ਗੁਰੂ ਨਾਨਕ ਬਾਣੀ' ਵਿਚ ਛੰਦਾਂ ਦੀਆਂ ਤੁਕਾਂ ਦਾ ਕਈ ਥਾਵਾਂ ਤੇ ਘੱਟ-ਵੱਧ ਹੋਣ ਦਾ ਕਾਰਣ ਹੈ ਕਿ ਗਾਇਨ ਦੇ ਪੱਖ ਤੋਂ ਰਾਗ ਦਾ ਅਲਾਪ, ਟੇਕ, ਅੰਤਰਾ, ਭੋਗ ਆਦਿ ਨਿਯਮਾਂ ਨੂੰ ਮੁੱਖ ਰਖਕੇ ਹੀ ਸ਼ਬਦ ਦੀ ਰਚਨਾ ਕੀਤੀ ਗਈ ਹੈ।[98] ਗੁਰੂ ਨਾਨਕ ਬਾਣੀ ਵਿਚ ਵਰਣਿਕ ਅਤੇ ਮਾਤ੍ਰਿਕ ਦੋਵੇਂ ਪ੍ਰਕਾਰ ਦੇ ਛੰਦ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਛੰਦ ਰੂਪਾਂ ਨੂੰ ਉਦਾਹਰਣ ਸਹਿਤ ਪੇਸ਼ ਕੀਤਾ ਜਾ ਰਿਹਾ ਹੈ:

1.6.1 ਦੋਹਾ: ਦੋਹਾ ਇਕ ਪ੍ਰਚਲਿਤ ਤੇ ਪ੍ਰਿਯ ਛੰਦ ਰੂਪ ਹੈ ਜਿਸ ਦੇ ਦੋ ਚਰਣ ਹੁੰਦੇ ਹਨ ਤੇ ਪ੍ਰਤਿ ਚਰਣ 24 ਮਾਤ੍ਰਾਂ (13+11) ਅਤੇ ਅੰਤ ਵਿਚ ਗੁਰੂ ਲਘੂ ਹੁੰਦਾ ਹੈ। ਗੁਰੂ ਨਾਨਕ ਬਾਣੀ ਵਿਚ ਦੋਹਾ ਛੰਦ ਦਾ ਪ੍ਰਯੋਗ ਕਾਫੀ ਮਾਤ੍ਰਾ ਵਿਚ ਕੀਤਾ ਗਿਆ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਆਰੰਭਿਕ ਰਚਨਾ ਜਪੁਜੀ ਵਿਚ ਦੋਹਾ ਛੰਦ ਮੌਜੂਦ ਹੈ ਜੋ (13+12) ਮਾਤ੍ਰਾਂ ਦਾ ਹੈ।[99] ਆਸਾ ਦੀ ਵਾਰ ਦੀਆਂ 24 ਪਉੜੀਆਂ ਦਾ ਮੂਲ ਛੰਦ (13+11) ਮਾਤ੍ਰਾ ਵਾਲਾ ਦੋਹਾ ਛੰਦ ਹੈ ਪਰੰਤੂ ਕਿਧਰੇ ਕਿਧਰੇ ਪਿਛਲੇ ਚਰਣ ਵਿਚ ਅਗੇ ਜਾਂ ਪਿਛੇ ਦੋ ਦੋ ਮਾਤ੍ਰਾਵਾਂ ਵਧਾ ਕੇ ਇਹਨਾਂ ਦੀ ਗਿਣਤੀ 15 ਕਰ ਦਿਤੀ ਗਈ ਹੈ ਇਸ ਪ੍ਰਕਾਰ ਅੰਤਿਮ ਪੰਕਤੀ ਪੰਦਰਾਂ (15) ਮਾਤ੍ਰਾਂ ਦੀ ਹੋ ਗਈ ਹੈ:

---

98. ਕਾਨ੍ਹ ਸਿੰਘ, ਛੰਦ ਦਿਵਾਕਰ, ਪੰਨਾ 26

99. ਸੋਚੈ ਸੋਚਿ ਨ ਹੋਵਈ ...

ਆਦਿ ਗ੍ਰੰਥ, ਪੰਨਾ 1

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ 13+2+13
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ 13+2+13 100

1.6.2 ਚੌਪਾਈ: ਇਹ ਸਮ ਮਾਤ੍ਰਿਕ ਛੰਦ ਦੇ ਵਰਗ ਵਿਚ ਆਉਣ ਵਾਲਾ ਛੰਦ ਰੂਪ ਹੈ। ਗੁਰੂ ਨਾਨਕ ਬਾਣੀ ਵਿਚ ਦੋਹੇ ਤੋਂ ਬਾਅਦ ਜੇ ਕਿਸੇ ਛੰਦ ਦੀ ਬਹੁਲਤਾ ਹੈ ਤਾਂ ਉਹ ਚੌਪਾਈ ਹੈ। 'ਗੁਰੂ ਨਾਨਕ ਬਾਣੀ' ਵਿਚ ਪ੍ਰਯੁਕਤ ਚੌਪਾਈ ਸਰੂਪ ਛੰਦ ਅਨੁਸਾਸ਼ਨ ਨਿਯਮਾਂ ਦਾ ਧਾਰਣੀ ਨਹੀਂ ਹੈ। ਸੁਵਿਧਾ ਤੇ ਸੌਖ ਅਨੁਸਾਰ ਗੁਰੂ ਸਾਹਿਬ ਨੇ ਇਸ ਨੂੰ ਸੁਤੰਤਰ ਰੂਪ ਵਿਚ ਪ੍ਰਯੋਗ ਕੀਤਾ ਹੈ। ਆਪ ਦੀ ਬਾਣੀ ਜਪੁਜੀ ਦੀ ਆਰੰਭਿਕ ਦੋ ਪਉੜੀਆਂ ਦਾ ਛੰਦ ਦੋਹਾ ਅਤੇ ਤੀਸਰੀ ਪਉੜੀ ਦਾ ਛੰਦ ਚੌਪਾਈ ਹੈ। ਇਸ ਪ੍ਰਕਾਰ 'ਸੁਣੀਐ ਸਿਧ ਪੀਰ ਸੁਰਨਾਥ' ਤੋਂ ਆਰੰਭ ਹੋਣ ਵਾਲੀ (8-11) ਮੰਨੈ ਕੀ ਗਤਿ ਕਹੀ ਨ ਜਾਇ (12-15) ਵਾਲੀਆਂ ਚਾਰ ਪਉੜੀਆਂ ਚੌਪਾਈ ਛੰਦ ਵਿਚ ਹਨ ਇਸੇ ਹੀ ਪ੍ਰਕਾਰ ਪਉੜੀ (16-20) 24, 25, 26, 31 ਅਤੇ 33 ਤੋਂ 38 ਤਕ ਸਭ ਚੌਪਾਈ ਛੰਦ ਵਿੱਚ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿਧ ਗੋਸਟਿ ਅਤੇ ਦਖਣੀ ਓਅੰਕਾਰ ਵਿੱਚ ਵੀ ਚੌਪਾਈ ਛੰਦ ਦਾ ਪ੍ਰਯੋਗ ਹੋਇਆ ਹੈ। ਰਾਗ ਆਸਾ, ਰਾਗ ਸੂਹੀ, ਬਿਲਾਵਲ ਅਤੇ ਰਾਮਕਲੀ ਰਾਗ ਦੀਆਂ ਅਸਟਪਦੀਆਂ ਵਿਚ ਵੀ ਚੌਪਾਈ ਛੰਦ ਪ੍ਰਯੁਕਤ ਮਿਲਦਾ ਹੈ। ਗੁਰੂ ਸਾਹਿਬ ਦੁਆਰਾ ਲਿਖਤ ਸਹਿਸਕ੍ਰਿਤੀ ਸਲੋਕ ਵੀ ਚੌਪਾਈ ਛੰਦ ਵਿਚ ਹਨ। ਜਿਵੇਂ:

ਪੜ੍ਹਿ ਪੁਸਤਕ ਸੰਧਿਆ ਬਾਦੰ।।
ਸਿਲ ਪੂਜਸਿ ਬਗੁਲ ਸਮਾਧੰ।।
ਮੁਖਿ ਝੂਠੁ ਬਿਭੂਖਨ ਸਾਰੰ।।
ਤ੍ਰੈਪਾਲ ਤਿਹਾਲ ਬਿਚਾਰੰ।। 101

1.6.3 ਸੋਰਠਾ: ਗੁਰੂ ਨਾਨਕ ਬਾਣੀ ਵਿਚ ਦੋਹੇ ਅਤੇ ਚੌਪਾਈਆਂ ਤੋਂ ਬਾਅਦ ਸੋਰਠੇ ਦਾ ਪ੍ਰਯੋਗ ਕਾਫ਼ੀ ਮਾਤ੍ਰਾ ਵਿਚ ਹੋਇਆ ਹੈ। ਸੋਰਠਾ ਦੋਹੇ ਦਾ ਵਿਪਰੀਤ ਰੂਪ ਹੈ। ਜਿਸ ਦੇ ਦੋ ਚਰਣ ਹੁੰਦੇ ਹਨ। ਪ੍ਰਤਿ ਚਰਣ ਦੋ ਪਾਦ, ਪਹਿਲੇ ਪਾਦ ਵਿਚ 11 ਮਾਤ੍ਰਾਂ ਦੂਜੇ ਵਿਚ 13 ਮਾਤ੍ਰਾਂ। ਗਿਆਰਾਂ (11) ਮਾਤ੍ਰਾਂ ਵਾਲਾ ਵਿਸ੍ਰਾਮ ਲਘੂ ਅੱਖਰ ਦੇ ਅਤੇ ਇਸ ਥਾਂ ਅਨੁਪ੍ਰਾਸ ਦਾ ਮੇਲ ਹੈ। ਤੇਰਾਂ ਮਾਤ੍ਰਾ ਤੇ ਵਿਸ੍ਰਾਮ ਗੁਰੂ ਦਾ

---

100. ਆਦਿ ਗ੍ਰੰਥ (ਆਸਾ ਦੀ ਵਾਰ, ਮਹਲਾ 1), ਪੰਨਾ 463
101. ਆਦਿ ਗ੍ਰੰਥ, ਪੰਨਾ 1355

ਅਤੇ ਤੁਕਾਂਤ ਬੇਮੇਲ ਹੁੰਦਾ ਹੈ।[102] ਜਪੁਜੀ ਦੀ 22ਵੀਂ ਪਉੜੀ ਸੋਰਠਾ ਛੰਦ ਤੋਂ ਆਰੰਭ ਹੁੰਦੀ ਹੈ "ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ।। ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ।।[103] ਸੋਰਠੇ ਦੇ ਪਹਿਲੇ ਚਰਣ ਵਿਚ ਅਨੁਪ੍ਰਾਸ ਹੁੰਦਾ ਹੈ ਜਿਵੇਂ ਉਪਰੋਕਤ ਸੋਰਠੇ ਵਿਚ 'ਸਾਲਾਹ' ਅਤੇ 'ਅਤੇਵਾਹ' ਪਰੰਤੂ ਕਿਧਰੇ ਕਿਧਰੇ ਗੁਰੂ ਸਾਹਿਬ ਏਸ ਨੂੰ ਸੁਤੰਤਰ ਵਿਧੀ ਵਜੋਂ ਇਸਤੇਮਾਲ ਕਰਦੇ ਹੋਏ ਅਨੁਪ੍ਰਾਸ ਦਾ ਤਿਆਗ ਕਰਦੇ ਹਨ ਕਿਉਂਜੋ ਬਾਣੀ ਵਿਚ ਸੰਗੀਤ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ ਇਸ ਕਰਕੇ ਗਾਇਨ ਦੇ ਤੋਲ ਤੁਕਾਂਤ ਦੀ ਪ੍ਰਧਾਨਤਾ ਹੈ:

1.6.4 ਛੱਪੇ ਛੰਦ: ਇਹ ਛੇ ਚਰਣ ਦਾ ਵਿਸ਼ਮ ਮਾਤ੍ਰਿਕ ਛੰਦ ਹੈ ਜਿਸ ਦੇ ਤਿੰਨ ਵਰਗ ਮਸ਼ਹੂਰ ਹਨ:

(1) ਪਹਿਲੇ ਰੋਲਾ ਅੰਤ ਵਿਚ ਦੋ ਚਰਣ ਦੋਹੇ ਦਾ।

(2) ਪਹਿਲੇ ਰੋਲਾ ਅੰਤ ਵਿਚ ਦੋ ਚਰਣ ਉਲਾਲਾ ਜਿਸ ਦੀ ਪ੍ਰਤਿਚਰਣ 26 ਮਾਤ੍ਰਾਵਾਂ ਹੁੰਦੀਆਂ ਹਨ।

(3) ਪਹਿਲੀਆਂ ਚਾਰ ਪੰਕਤੀਆਂ ਰੋਲਾ, ਪ੍ਰਤਿ ਚਾਰ 24 ਮਾਤ੍ਰਾਵਾਂ 11,13 ਤੇ ਵਿਸ਼ਰਾਮ, ਅੰਤ ਦੀਆਂ 2 ਪੰਕਤੀਆਂ ਉਲਾਲਾ ਛੰਦ ਜਿਸ ਵਿਚ ਪ੍ਰਤਿ ਚਰਣ 28 ਮਾਤ੍ਰਾਵਾਂ 15-13 ਤੇ ਵਿਸ਼ਰਾਮ ਕੁਲ ਮਾਤ੍ਰਾਵਾਂ 152 ਛਪੈ ਦੀ ਇਹ ਜਾਤੀ ਪਹਿਲੇ ਦੋਵਾਂ ਨਾਲੋਂ ਜ਼ਿਆਦਾ ਸਰਬਪ੍ਰਿਯ ਹੈ।

ਗੁਰੂ ਲਘੂ ਅੱਖਰ ਦੇ ਘੱਟ-ਵੱਧ ਹੋਣ ਕਰਕੇ ਛਪੈ ਦੇ 71 ਭੇਦ ਹਨ। ਗੁਰੂ ਨਾਨਕ ਬਾਣੀ ਵਿੱਚ ਇਸ ਦਾ ਪ੍ਰਯੋਗ ਪਰੰਪਰਾ ਨੂੰ ਛੱਡ ਕੇ ਨਵੀਨ ਤੇ ਮੌਲਿਕ ਰੂਪ ਵਿਚ ਵਰਤਿਆ ਗਿਆ ਹੈ ਜਿਵੇਂ:

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ।।[104]

ਇਨ੍ਹਾਂ ਤੋਂ ਬਿਨਾਂ ਗੁਰੂ ਨਾਨਕ ਬਾਣੀ ਵਿਚ ਕੁਝ ਹੋਰ ਛੰਦਾਂ ਦੇ ਵੀ ਉਦਾਹਰਣ ਉਪਲਬੱਧ ਹਨ ਜਿਵੇਂ "ਮੋਤੀ ਤੇ ਮੰਦਰ ਊਸਰਹਿ" ਸ੍ਰੀ ਰਾਗ ਦਾ ਸ਼ਬਦ ਗੀਤਿਕ ਛੰਦ ਵਿਚ 'ਸੋਲਹੇ' ਘਨਕਲਾ

---

102. ਗੁਰੂ ਛੰਦ ਦਿਵਾਕਰ, ਪੰਨਾ 80

103. ਆਦਿ ਗ੍ਰੰਥ, ਜਪੁ, ਪੰਨਾ 5

104. ਆਦਿ ਗ੍ਰੰਥ, ਪੰਨਾ 1109

ਆਦਿ ਵਿਚ ਮਿਲਦੇ ਹਨ। ਵਰਣਿਕ ਛੰਦਾਂ ਵਿਚ 'ਕਬਿਤ' ਦੀ ਵਰਤੋਂ ਵੀ ਬਹੁਤ ਕੀਤੀ ਗਈ ਹੈ। ਬਾਣੀ ਵਿਚ ਛੰਦ ਦਾ ਪ੍ਰਯੋਗ ਬਹੁਪੱਖੀ ਹੋਇਆ ਹੈ। ਪਰੰਤੂ ਛੰਦਬੱਧਤਾ ਨੂੰ ਨਿਯਮਨੇਮ ਪੂਰਨ ਤੌਰ ਤੇ ਸਵੀਕਾਰ ਨਹੀਂ ਕੀਤਾ ਗਿਆ। ਇਹ ਤਾਂ ਸਪਸ਼ਟ ਹੀ ਹੈ ਕਿ ਬਾਣੀ ਸ੍ਰੋਤਾਮੁਖ ਰਚਨਾ ਹੈ। ਸ੍ਰੋਤੇ ਦੇ ਸਰਲ ਸਾਧਾਰਣ ਰੂਪ ਵਿਚ ਪਹੁੰਚ ਦਾ ਕਾਰਣ ਬਨਾਉਣ ਹਿਤ ਗੁਰੂ ਸਾਹਿਬ ਨੇ ਜਿਥੇ ਵਿਸ਼ੇਸ਼ ਰਾਗ ਨੂੰ ਮਹੱਤਵ ਦਿਤਾ ਹੈ ਉਥੇ ਤੁਕ ਲੈਅ ਨੂੰ ਖਾਸ ਅਹਿਮੀਅਤ ਦਿਤੀ ਹੈ। ਤੁਕ-ਲੈਅ ਦਾ ਸਪਸ਼ਟ ਸੰਕੇਤ 'ਰਹਾਉ' ਦੀ ਜੁਗਤ ਰਾਹੀਂ ਵੀ ਸਾਹਮਣੇ ਆਇਆ ਹੈ। 'ਰਹਾਉ' ਰਾਗ ਦਾ ਸਥਾਈ/ਟੇਕ ਸੰਕੇਤ ਹੈ ਪਰੰਤੂ ਇਸਦੇ ਨਾਲ ਛੰਦ ਦੀ ਵਰਤੋਂ ਕਰਦੇ ਸਮੇਂ ਰਾਗ ਅਤੇ ਤਾਲ ਉਸਦੇ ਠਹਿਰਾਓ ਨੂੰ ਧਿਆਨ ਵਿਚ ਰਖਣਾ ਛੰਦ ਵਿਧਾਨ ਦਾ ਅਸਲੋਂ ਮੌਲਿਕ ਤੱਤ ਹੈ।

ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਛੰਦ ਵਿਧਾਨ ਪਿੰਗਲ ਸ਼ਾਸਤ੍ਰ ਦੇ ਨਿਯਮਾਂ ਨਾਲੋਂ ਸੰਗੀਤ ਸ਼ਾਸਤ੍ਰ ਦਾ ਧਾਰਣੀ ਹੈ। ਇਸ ਦੀ ਛੰਦ ਪ੍ਰਬੰਧ ਮਾਤ੍ਰਾ ਪ੍ਰਬੰਧ ਨਾਲੋਂ ਲੈਅ ਪ੍ਰਬੰਧ ਦਾ ਅਨੁਸਾਰੀ ਹੈ। ਕੋਈ ਵੀ ਛੰਦ ਕਿਸੇ ਵਿਸ਼ੇਸ਼ ਕਾਵਿ-ਰੂਪ ਵਿਚ ਨਿਬੱਧ ਨਹੀਂ ਹੈ। ਇਕੋ ਕਾਵਿ-ਰੂਪ ਅਨੇਕ ਛੰਦਾਂ ਵਿਚ ਮੂਰਤੀਮਾਨ ਹੋਇਆ ਹੈ। ਅਸ਼ਟਪਦੀ, ਸਲੋਕ, ਦੁਪਦੇ, ਤਿਪਦੇ, ਚਉਪਦੇ ਆਦਿ ਉਪ-ਸੰਕੇਤਾਂ ਦੇ ਸੰਕੇਤ ਤੋਂ ਲਗਦਾ ਹੈ ਕਿ ਜਿਵੇਂ ਇਹ ਛੰਦ ਵਿਸ਼ੇਸ਼ ਦੇ ਅਨੁਸਾਰੀ ਹੋਣ ਪਰੰਤੂ ਵਿਵੇਚਨ ਉਪਰਾਂਤ ਇਹਨਾਂ ਦੇ ਛੰਦਾਂ ਵਿਚ ਵੰਨਸੁਵੰਨਤਾ ਦਿਖਾਈ ਦਿੰਦੀ ਹੈ ਜਿਹੜੀ ਆਪਣੇ ਆਪ ਵਿਚ ਸੁਤੰਤਰ ਤੇ ਮੌਲਿਕ ਹੈ। ਗੁਰੂ ਨਾਨਕ ਦੇਵ ਜੀ ਦਾ ਬਾਣੀ ਦੇ ਅੰਤਰਗਤ ਛੰਦ ਵਿਧਾਨ ਨੂੰ ਸੁਤੰਤਰ ਤੇ ਕਲਾਤਮਿਕ ਮੌਲਿਕ ਵਿਧੀ ਦੁਆਰਾ ਪ੍ਰਯੋਗ ਕਰਨਾ ਕਾਵਿਕ ਵਿਲੱਖਣਤਾ ਦਾ ਸੂਚਕ ਹੈ। ਗੁਰੂ ਨਾਨਕ ਬਾਣੀ ਦੇ ਅੰਤਰਗਤ ਕਾਵਿ ਦੇ ਉਕਤ ਅਧਿਐਨ ਤੋਂ ਵਿਭਿੰਨ ਕਾਵਿ-ਰੂਪਾਂ ਅਤੇ ਕਾਵਿ ਤੱਤਾਂ ਦੀ ਸੰਯੁਕਤ ਤੇ ਸਮਿਲਿਤ ਕਾਰਜ ਪ੍ਰਕ੍ਰਿਆ ਦੀ ਕਾਰਜਸ਼ੀਲਤਾ ਦਾ ਪ੍ਰਗਟਾਵਾ ਹੁੰਦਾ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਆਡੰਬਰ ਰਹਿਤ ਸਹਿਜ ਰੂਪ ਵਿਚ ਪ੍ਰਯੋਗ ਕਰ ਰਹੇ ਹਨ। ਕਾਵਿ ਦਾ ਉਕਤ ਸਰੂਪ ਜਿਥੇ ਬਾਣੀ ਦੀ ਸੰਚਾਰ ਸ਼ੀਲਤਾ ਨੂੰ ਤੀਬਰ ਗਤੀ ਪ੍ਰਦਾਨ ਕਰਦਾ ਹੈ ਉਥੇ ਵਿਸ਼ਿਸ਼ਟ ਪ੍ਰਬੰਧਕ ਅਨੁਸ਼ਾਸਨ ਅਧੀਨ ਇਹਨਾਂ ਦੀ ਸੌਂਦਰਯਾਤਮਿਕ ਵਿਸ਼ਿਸ਼ਟਤਾ ਵਿੱਚ ਉਲੇਖਨੀਯ ਵਾਧਾ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

## 2. ਭਾਸ਼ਾ: ਸੰਚਾਰ ਜੁਗਤ ਵਜੋਂ

ਅਭਿਵਿਅਕਤੀ ਤੇ ਅਧਾਰਿਤ ਭਾਸ਼ਾ ਦਾ ਪ੍ਰਯੋਗ ਗੁਰੂ ਨਾਨਕ ਬਾਣੀ ਸੰਚਾਰ ਦਾ ਮੌਲਿਕ ਵਿਧਾਨ ਹੈ। ਭਾਸ਼ਾ ਮਨੁੱਖੀ ਸੰਚਾਰ ਅਤੇ ਅਭਿਵਿਅੰਜਨ ਦਾ ਸਸ਼ਕਤ ਮਾਧਿਅਮ ਹੈ। ਅਭਿਵਿਅੰਜਨ

ਦੀ ਇਹ ਸਸ਼ਕਤ ਵਿਧਾ ਬਾਣੀ ਦੇ ਸੰਦੇਸ਼ ਨੂੰ ਸਰਬ ਲੋਕਾਈ ਹਿਤ ਸੰਚਾਰਿਤ ਕਰਨ ਲਈ ਕਾਵਿ ਅਤੇ ਸੰਗੀਤ ਵਿਚ ਆਪਣੇ ਵਿਸ਼ਿਸ਼ਟਤਮ ਸਰੂਪ ਦੀ ਧਾਰਣੀ ਹੁੰਦੀ ਹੈ।

2.1 ਭਾਸ਼ਾ ਦਾ ਕਾਵਿਕ ਮਹੱਤਵ: ਕਾਵਿ ਦੇ ਅੰਤਰਗਤ ਭਾਸ਼ਾ ਕਾਵਿ ਕਲਾ ਦਾ ਅਤਿਅੰਤ ਮਹੱਤਵਪੂਰਨ ਪੱਖ ਹੈ ਕਿਉਂਜੋ ਪ੍ਰਤੀਕ, ਬਿੰਬ, ਅਲੰਕਾਰ, ਰਸ ਆਦਿ ਕਾਵਿ-ਸਮਗਰੀ ਭਾਸ਼ਾ ਦੇ ਮਾਧਿਅਮ ਦੁਆਰਾ ਹੀ ਪ੍ਰਗਟ ਹੁੰਦੀ ਹੈ। ਇਥੇ ਇਸ ਦ ਅਧਿਐਨ ਦੇ ਦੋ ਜ਼ਾਵੀਏ ਹਨ। ਪ੍ਰਥਮ ਰੂਪ ਵਿਚ ਇਸ ਦੀ ਅਭਿਵਿਅੰਜਨ ਦੀ ਕਲਾਤਮਿਕਤਾ ਸ਼ਬਦ ਸ਼ਕਤੀਆਂ ਦੀ ਵਿਲੱਖਣ ਕਾਵਿ ਕੌਸ਼ਲਤਾ ਨੂੰ ਪ੍ਰਗਟ ਕਰਦੀ ਹੋਈ ਇਸ ਦੇ ਸੰਦਰਭਿਕ ਪਿਛੋਕੜ ਤੇ ਸਮਕਾਲੀਨ ਇਤਿਹਾਸਿਕ ਸੰਬੰਧਾਂ ਨੂੰ ਰੂਪਮਾਨ ਕਰਦੀ ਹੈ ਜਦੋਂ ਕਿ ਇਸ ਦੇ ਅਧਿਐਨ ਦਾ ਦੂਸਰਾ ਪੱਖ ਇਸਦੀ ਸ਼ੈਲੀਗਤ ਵਿਸ਼ਿਸ਼ਟਤਾ ਹੈ। ਜੋ ਅਭਿਵਿਅਕਤੀ ਦੇ ਪੱਧਰ ਤੇ ਅਨੇਕ ਸੰਚਾਰਕ ਵਿਧੀਆਂ ਦੀ ਧਾਰਣੀ ਹੈ।

ਬਾਣੀ ਦੇ ਅੰਤਰਗਤ ਬਾਣੀ ਦੇ ਗਹਿਰ ਗੰਭੀਰ ਰਹੱਸਮਈ ਭਾਵਾਂ ਦੀ ਅਭਿਵਿਅਕਤੀ ਲਈ ਗੁਰੂ ਨਾਨਕ ਦੇਵ ਜੀ ਨੇ ਲੋਕ ਮਾਨਸਿਕਤਾ ਲੋਕ ਬੁਧ ਅਤੇ ਸਮੇਂ ਦੀਆਂ ਸਮਕਾਲੀਨ ਪਰਿਸਥਿਤੀਆਂ ਨੂੰ ਸਨਮੁਖ ਰਖਦੇ ਹੋਏ ਵਿਭਿੰਨ ਕਾਵਿ ਰੂਪਾਂ ਵਿਚ ਭਾਸ਼ਾ ਦੀਆਂ ਵਿਭਿੰਨ ਸ਼ਕਤੀਆਂ ਅਭਿਧਾ, ਲਕਸ਼ਣਾ, ਵਿਅੰਜਨਾ ਦਾ ਪ੍ਰਯੋਗ ਕੀਤਾ।

2.1.1 ਅਭਿਧਾ: ਅਭਿਧਾ ਸ਼ਕਤੀ ਗੁਰੂ ਨਾਨਕ ਦੇਵ ਜੀ ਦੀ ਅਭਿਵਿਅਕਤੀ ਦਾ ਪ੍ਰਮੁੱਖ ਸਾਧਨ ਰਹੀ ਹੈ। 'ਜਪੁਜੀ' ਦੀ ਭਾਸ਼ਾ ਅਭਿਧਾ ਸ਼ਕਤੀ ਨਾਲ ਸੰਪੰਨ ਹੈ। ਜਿਵੇਂ:

ਥਾਪਿਆ ਨਾ ਜਾਇ ਕੀਤਾ ਨ ਹੋਇ
ਆਪੇ ਆਪਿ ਨਿਰੰਜਨੁ ਸੋਇ।[105]

---

105. ਆਦਿ ਗ੍ਰੰਥ, ਪੰਨਾ 2

ਇਹਨਾਂ ਸਤਰਾਂ ਤੋਂ ਸਪਸ਼ਟ ਹੈ ਕਿ ਬ੍ਰਹਮ (ਨਿਰੰਜਨ) ਨਾ ਤਾਂ ਸਿਰਜਿਆ ਜਾਂਦਾ ਹੈ ਨਾ ਰਚਿਆ ਜਾਂਦਾ ਹੈ ਉਹ ਤਾਂ ਖੁਦ ਪ੍ਰਕਾਸ਼ਮਾਨ ਹੈ। ਏਥੇ ਵਰਤੇ ਗਏ ਸਾਰੇ ਸ਼ਬਦਾਂ ਤੋਂ ਉਹਨਾਂ ਦੇ ਅਰਥ ਦ੍ਰਿਸ਼ਟਮਾਨ ਹੁੰਦੇ ਹਨ। ਇਸ ਪ੍ਰਕਾਰ ਹੀ 'ਬਾਰਹਮਾਹ ਤੁਖਾਰੀ' ਵਿਚ ਪ੍ਰਕ੍ਰਿਤੀ ਦਾ ਚਿਤਰਣ: ਤਾਲ ਸਰੋਵਰ, ਬਦਲ, ਸਾਵਣ, ਬਸੰਤ ਆਦਿ ਰੁਤਾਂ ਦਾ ਪ੍ਰਯੋਗ ਅਭਿਧਾ ਸ਼ਕਤੀ ਦੁਆਰਾ ਹੋਇਆ ਹੈ।

2.1.2 ਲਕਸ਼ਣਾ: ਲਕਸ਼ਣਾ ਭਾਸ਼ਾ ਦੀ ਦੂਸਰੀ ਸ਼ਕਤੀ ਹੈ ਜਿਸ ਦੇ ਮੂਲ ਵਿਚ ਅਭਿਧਾ ਦਾ ਹੋਣਾ ਮੰਨਿਆ ਜਾਂਦਾ ਹੈ। ਅਭਿਧਾ ਦੁਆਰਾ ਕਾਵਿ ਸ਼ਬਦਾਂ ਦੇ ਅਰਥਾਂ ਨੂੰ ਗ੍ਰਹਿਣ ਕੀਤਾ ਜਾਂਦਾ ਹੈ। ਪਰੰਤੂ ਜਦੋਂ ਇਹ ਅਰਥ ਤਰਕ ਅਤੇ ਬੁਧੀ ਦੀ ਪਧਰ ਤੇ ਢੁਕਵੇਂ ਨਹੀਂ ਜਾਪਦੇ ਤਦ ਹੋਰ ਢੁਕਵੇਂ ਅਰਥਾਂ ਲਈ ਨਵੀਂ ਸ਼ਕਤੀ ਦੀ ਲੋੜ ਪੈਂਦੀ ਹੈ। ਗੁਰੂ ਨਾਨਕ ਦੇਵ ਜੀ ਲਕਸ਼ਣਾ ਸ਼ਕਤੀ ਦੇ ਮਾਧਿਅਮ ਦੁਆਰਾ ਅਨੇਕਾਂ ਰੂਪਕ ਪੇਸ਼ ਕਰਦੇ ਹਨ:

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ।।<br>
ਜੁਗ ਜੁਗ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ।।[106]

ਏਥੇ ਗੁਰੂ ਸਾਹਿਬ ਰੱਥ ਦੇ ਰੂਪ ਨੂੰ ਪੇਸ਼ ਕਰਕੇ ਉਸ ਦੇ ਲਛੱਣਾਂ ਨੂੰ ਮਨੁੱਖ ਦੇ ਸਰੀਰ ਰੂਪੀ ਰੱਥ ਤੇ ਆਰੋਪਿਤ ਕਰਦੇ ਹੋਏ ਅਰਥਾਂ ਦੀ ਪ੍ਰਤੀਤੀ ਕਰਵਾ ਰਹੇ ਹਨ।

2.1.3 ਵਿਅੰਜਨਾ: ਵਿਅੰਜਨਾ ਗੁਰੂ ਨਾਨਕ ਦੇਵ ਜੀ ਦੀ ਭਾਸ਼ਾ ਅਭਿਵਿਅਕਤੀ ਦਾ ਇਕ ਹੋਰ ਪ੍ਰਧਾਨ ਜੁਗਤ ਹੈ। ਬਾਣੀ ਵਿਚ ਵਿਅੰਜਨਮਈ ਉਕਤੀਆਂ ਬਿੰਬਾਤਮਕ ਸਰੂਪ ਵਿਚ ਵਧੇਰੇ ਪ੍ਰਭਾਵਸ਼ਾਲੀ ਰੂਪ

---

106. ਆਦਿ ਗ੍ਰੰਥ, ਪੰਨਾ 470

ਵਿਚ ਕਾਰਜਸ਼ੀਲ ਰਹਿੰਦੀਆਂ ਹਨ ਕਿਉਂਜੋ ਗੱਲ ਸਿਧੇ ਲਫ਼ਜ਼ਾਂ ਵਿਚ ਨਾ ਕਹਿ ਕੇ ਇਕ ਅਜਿਹੇ ਵਿਅੰਗਮਈ ਤਰੀਕੇ ਦੀ ਵਰਤੋਂ ਨਾਲ ਕੀਤੀ ਜਾਵੇ ਜਿਸ ਨਾਲ ਪ੍ਰਭਾਵ ਵਧੇਰੇ ਤਿੱਖਾ ਤੇ ਤੀਬਰ ਪਵੇ। ਗੁਰੂ ਨਾਨਕ ਦੇਵ ਜੀ ਨੇ ਸਮਕਾਲੀਨ ਧਾਰਮਿਕ ਸਾਮਾਜਿਕ ਕੁਰੀਤੀਆਂ ਵਿਚ ਫਸੇ ਹੋਏ ਲੋਕਾਂ ਨੂੰ ਸਿਧੇ ਲਫ਼ਜ਼ਾਂ ਵਿਚ ਤਾੜਨਾ ਕਰਨ ਦੀ ਬਜਾਏ ਤਰਕ ਯੁਕਤ ਵਿਧੀ ਨੂੰ ਅਪਣਾਇਆ:

(1) ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ।।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।।[107]

(2) ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ।।
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ।।[108]

ਉਪਰੋਕਤ ਪਹਿਲੀਆਂ ਤੁਕਾਂ ਵਿੱਚ ਕਲਜੁਗ ਦਾ ਦਿਸਦਾ ਸਮਾਂ ਛੁਰੀ ਵਰਗਾ ਹੈ ਅਤੇ ਰਾਜੇ ਕਸਾਈਆਂ ਵਾਂਗ ਜ਼ਾਲਮ ਹਨ। ਧਰਮ ਖੰਭ ਲਗਾ ਕੇ ਉਡ ਗਿਆ ਹੈ ਕੂੜ ਦੀ ਮਸਿਆ ਵਿਚ ਸੱਚ ਦਾ ਚੰਦ੍ਰਮਾ ਦਿਸਦਾ ਹੀ ਨਹੀਂ ਕਿ ਕਿਥੇ ਚੜ੍ਹਿਆ ਹੈ ਏਥੇ ਦੇਖਣ ਵਿਚ ਤਾਂ ਹਰ ਅੱਖਰ ਅਭਿਧਾ ਅਰਥ ਨੂੰ ਪ੍ਰਗਟਾਅ ਰਿਹਾ ਹੈ, ਪਰੰਤੂ ਕਾਤੀ, ਕਸਾਈ, ਅਮਾਵਸ, ਚੰਦ੍ਰਮਾ (ਉਪਮਾਨ) ਲਕਸ਼ਣਾਂ ਦੇ ਪ੍ਰਤੀਕ ਹਨ। ਇਹਨਾਂ ਸਾਰੇ ਅਰਥਾਂ ਤੋਂ ਬਾਅਦ ਕਲਪਨਾ ਦੀ ਸੋਝੀ ਹੋਰ ਅਰਥਾਂ ਪ੍ਰਤਿ ਸੁਚੇਤ ਹੁੰਦੀ ਹੈ ਕਿ ਧਰਮ ਦਾ ਜ਼ੋਰ ਖਤਮ ਹੋਣ ਨਾਲ ਲੋਕ ਪਾਪ ਅਤਿਆਚਾਰ ਅਤੇ ਅਧਰਮ ਕਮਾਉਂਦੇ ਹਨ। ਰਾਜਿਆਂ ਨੂੰ 'ਕਸਾਈ' ਕਹਿਣਾ ਵਿਅੰਗਾਰਥ ਵਿਅੰਜਨਾਂ ਦੀ ਕਾਵਿ ਕੌਸ਼ਲਤਾ ਦਾ ਕਮਾਲ ਹੈ। ਦੂਸਰੀਆਂ ਪੰਕਤੀਆਂ ਵਿਚ ਧਾਰਮਿਕ ਵਾਤਾਵਰਣ ਵਿੱਚ ਝੂਠੀ ਆਸ ਲਗਾ ਬੈਠੇ ਵਿਅਕਤੀਆਂ ਨੂੰ ਸਮਝਾਇਆ ਹੈ ਕਿ ਕਾਲ ਦੀ ਗਤੀ ਅਟਲ ਹੈ ਜੋ ਇਸ ਸੰਸਾਰ ਦੀਆਂ ਵਸਤਾਂ ਵਿਚ ਮਨ ਲਗਾ ਕੇ ਬੈਠੇਗਾ ਉਹ ਨਿਸਚੈ ਹੀ ਧੋਖਾ ਖਾਵੇਗਾ ਇਸ ਗਲ ਨੂੰ ਮਛਲੀ ਅਤੇ ਜਾਲ ਵਾਲੇ ਵਿਅੰਜਨਾ ਸ਼ਕਤੀ ਤੇ ਅਧਾਰਿਤ ਬਿੰਬ ਦਾ ਪ੍ਰਯੋਗ ਹੈ। ਇਸ ਪ੍ਰਕਾਰ ਅਭਿਧਾ, ਲਕਸ਼ਣਾ, ਵਿਅੰਜਨਾ ਆਦਿ ਸ਼ਬਦ ਸ਼ਕਤੀਆਂ ਸੰਚਾਰ ਦੇ ਮਾਧਿਅਮ ਵਜੋਂ ਕਾਰਜਸ਼ੀਲ ਰਹਿੰਦੀਆਂ ਹਨ। ਭਾਸ਼ਾ ਦੀ ਅਜਿਹੀ ਕਲਾਤਮਿਕਤਾ ਕੇਵਲ ਭਾਸ਼ਾ ਦੀ ਚੇਤਨਤਾ ਤਕ ਹੀ ਸੀਮਤ ਨਹੀਂ ਹੁੰਦੀ ਸਗੋਂ ਭਾਸ਼ਾ ਦੇ ਵਿਵਿਧ ਪੱਖਾਂ ਦਾ ਅਨੁਭਵ ਕਰਨਾ ਵੀ ਆਵਸ਼ਕ ਹੁੰਦਾ ਹੈ।

---

107. ਆਦਿ ਗ੍ਰੰਥ, ਪੰਨਾ 145

108. ਉਹੀ, ਪੰਨਾ 55

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਸਾਨੂੰ ਉਸ ਯੁੱਗ ਵਿਚ ਪ੍ਰਵਾਹਿਤ ਵਿਭਿੰਨ ਗਿਆਨ ਪ੍ਰਣਾਲੀਆਂ (ਵੇਦ ਉਪਨਿਸ਼ਦ ਗੀਤਾ ਮਹਾਂਭਾਰਤ ਰਮਾਇਣ ਖਟਸ਼ਾਸਤ੍ਰ) ਵਿਭਿੰਨ ਧਰਮਾਂ (ਹਿੰਦੂ ਜੈਨ, ਬੁਧ ਆਦਿ) ਵਿਭਿੰਨ ਸੰਪਰਦਾਵਾਂ (ਵੈਸ਼ਨਵ ਯੋਗੀ ਸਿਧ ਨਾਥ) ਆਦਿ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਦੇ ਨਾਲ ਹੀ ਬਾਹਰੋਂ ਆਏ ਇਸਲਾਮਿਕ ਅਤੇ ਸੂਫ਼ੀ ਧਰਮ ਸੰਬੰਧੀ ਵੀ ਵਿਚਾਰ ਪ੍ਰਾਪਤ ਹੁੰਦੇ ਹਨ। ਸਮੁੱਚੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਭਾਸ਼ਾ ਸਭਿਆਚਾਰਕ ਚਿਤ੍ਰਣ ਨਾਲ ਭਰਪੂਰ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਪੈਦਲ ਘੁੰਮ ਘੁੰਮ ਕੇ ਸਾਰੇ ਭਾਰਤ, ਕੁਝ ਕੁ ਅਰਬ ਦੇਸ ਮੱਕਾ ਤੇ ਮਦੀਨਾ ਸ਼ਹਿਰਾਂ, ਅਫ਼ਗਾਨਿਸਤਾਨ ਬਲੋਚਸਤਾਨ ਅਤੇ ਲੰਕਾ ਦੇਸ ਦੀ ਵੀ ਯਾਤਰਾ ਕੀਤੀ। ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਨੇ ਸੁਮੇਰ ਪਰਬਤ ਦੇ ਸਿਧਾਂ ਅਤੇ ਜੋਗੀਆਂ ਨਾਲ ਗੋਸ਼ਟਾਂ ਕੀਤੀਆਂ, ਸੁਲਤਾਨਪੁਰ ਵਿਖੇ ਮੁਲਾਂ ਕਾਜ਼ੀਆਂ ਨਾਲ, ਹਰਿਦਾਰ ਅਤੇ ਬਨਾਰਸ ਵਿਚ ਪੰਡਤਾਂ ਨਾਲ, ਦੱਖਣ ਵਲ ਸਜਣ ਠਗ, ਨਰਬਦਾ ਨਦੀ ਦੇ ਸੰਨਿਆਸੀ ਨਾਲ, ਰਾਜਪੂਤਾਨੇ ਅਤੇ ਬੀਕਾਨੇਰ ਵਲ ਵੈਸ਼ਨਵਾਂ ਨਾਲ ਅਤੇ ਜਗਨਨਾਥਪੁਰੀ ਵਿਚ ਆਰਤੀ ਸੰਬੰਧੀ ਹਿੰਦੂ ਧਰਮ ਦੇ ਆਗੂਆਂ ਨਾਲ ਵਾਦ ਵਿਵਾਦ, ਵਾਰਤਾਲਾਪ ਅਤੇ ਗੋਸ਼ਟਾਂ ਕੀਤੀਆਂ। ਇਹਨਾਂ ਯਾਤਰਾਵਾਂ ਜਾਂ ਭਿੰਨ ਭਿੰਨ ਗੋਸ਼ਟਾਂ ਦੁਆਰਾ ਉਹਨਾਂ ਨੂੰ ਵਖੋ ਵੱਖਰੇ ਦੇਸ਼ਾਂ ਲੋਕਾਂ ਦੇ ਧਾਰਮਿਕ ਰਾਜਨੀਤਕ, ਆਰਥਿਕ ਸਭਿਆਚਾਰਕ ਪੱਖਾਂ ਦਾ ਗਿਆਨ ਹੀ ਨਹੀਂ ਪ੍ਰਾਪਤ ਹੋਇਆ ਬਲਕਿ ਉਹਨਾਂ ਲੋਕਾਂ ਵਿਚ ਰਹਿਣ ਨਾਲ ਸੁਭਾਵਿਕ ਹੀ ਉਹਨਾਂ ਦੀ ਭਾਸ਼ਾ ਦਾ ਗਿਆਨ ਵੀ ਹੋਇਆ ਵੱਖੋ ਵਖਰੀ ਭਾਸ਼ਾ ਦਾ ਗਿਆਨ ਹੋਣਾ ਗੁਰੂ ਜੀ ਦੀ ਸਹਿਜ ਸੁਭਾਵਕ ਪ੍ਰਕ੍ਰਿਆ ਸੀ ਉਹਨਾਂ ਨੇ ਵਿਭਿੰਨ ਲੋਕਾਂ, ਦੇਸਾਂ, ਧਰਮਾਂ, ਮਤਾਂ ਦੇ ਲੋਕਾਂ ਨਾਲ ਉਹਨਾਂ ਦੀ ਭਾਸ਼ਾ ਵਿਚ ਹੀ ਵਿਚਾਰ ਸਾਂਝੇ ਕੀਤੇ ਇਸੇ ਕਰਕੇ ਬਾਣੀ ਵਿਚ ਵਿਭਿੰਨ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਆਉਣਾ ਸਹਿਜ ਸੁਭਾਵਕ ਹੀ ਹੈ।

ਗੁਰੂ ਨਾਨਕ ਦੇਵ ਜੀ ਨੇ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ ਅਪਭ੍ਰੰਸ਼ ਜਾਂ ਫਾਰਸੀ ਆਦਿ ਭਾਸ਼ਾਵਾਂ ਦੀ ਥਾਂ ਲੋਕ ਭਾਸ਼ਾ ਜਾਂ ਮਾਤ ਭਾਸ਼ਾ ਨੂੰ ਹੀ ਭਾਵ ਪ੍ਰਗਟਾਅ ਦਾ ਮਾਧਿਅਮ ਬਣਾਇਆ। ਜਿਸ ਨੂੰ ਵਿਦਵਾਨ ਖੜੀ ਬੋਲੀ ਜਾਂ ਮਿਸੀ ਭਾਸ਼ਾ ਵੀ ਆਖਦੇ ਹਨ। ਇਹ ਭਾਸ਼ਾ ਜਟਿਲਤਾ ਤੋਂ ਦੂਰ ਸਿਧੀ ਸਾਦੀ ਅਤੇ ਸਪਸ਼ਟ ਸੀ। ਡਾ. ਮੋਹਨ ਸਿੰਘ ਦੇ ਸ਼ਬਦਾਂ ਅਨੁਸਾਰ ਆਮ ਲੋਕਾਂ ਦੀ ਬੋਲੀ ਜਿਹੜੀ ਮਲੇਛ ਭਾਸ਼ਾਵਾਂ ਤੇ ਜਾਤੀਆਂ ਦੇ ਉਚਾਰਣ ਨਾਲ ਮਿਲਕੇ ਦੇਸੀਪੁਣੇ ਵਿਚ ਬਹੁਤ ਅਗੇ ਵਧ ਚੁਕੀ . . . ਨੂੰ ਆਪਣੀ ਬਾਣੀ ਵਿਚ ਗੁਰੂ ਸਾਹਿਬ ਨੇ ਵਰਤਿਆ।[109] ਗੁਰੂ ਨਾਨਕ ਦੇਵ ਜੀ ਦਾ

---

109. ਡਾ. ਮੋਹਨ ਸਿੰਘ, ਪੰਜਾਬੀ ਭਾਖਾ ਤੇ ਛੰਦਾਬੰਦੀ, ਓਰੀਐਂਟਲ ਕਾਲਜ ਲਾਹੌਰ, 1937 ਪੰਨਾ 130.

ਉਸ ਸਮੇਂ ਦੀ ਸ਼ਾਸਤ੍ਰਬੱਧ ਭਾਸ਼ਾ ਨੂੰ ਲੋਕ ਭਾਸ਼ਾ ਦੀ ਸ਼ਬਦਾਵਲੀ ਵਿਚ ਪਰਿਵਰਤਿਤ ਕਰ ਦੇਣਾ ਭਾਸ਼ਾ ਦੇ ਪੱਖ ਤੋਂ ਇਕ ਮਹੱਤਵਪੂਰਣ ਅਤੇ ਮੌਲਿਕ ਦੇਣ ਸੀ। ਉਦਾਹਰਣ ਦੇ ਤੌਰ ਤੇ ਜਿਵੇਂ ਸੰਸਕ੍ਰਿਤ ਗ੍ਰੰਥਾਂ ਉਪਨਿਸ਼ਦਾਂ ਗੀਤਾ ਅਤੇ ਬ੍ਰਹਮਸੂਤਰ ਵਿਚ 'ਜਗਤ' ਨੂੰ ਦਾਰਸ਼ਨਿਕ ਪੱਖ ਤੋਂ 'ਮਾਇਆ' ਆਖਿਆ ਗਿਆ ਹੈ ਉਥੇ ਗੁਰੂ ਸਾਹਿਬ ਸ਼ਾਸਤ੍ਰਬਧ ਦਾਰਸ਼ਨਿਕ ਸ਼ਬਦਾਵਲੀ ਮਾਇਆ ਸ਼ਬਦ ਨੂੰ ਲੋਕ ਭਾਸ਼ਾ ਦੀ ਸ਼ਬਦਾਵਲੀ ਨਾਲ ਪ੍ਰਗਟਾਇਆ ਤਾਂ ਜੋ ਲੋਕ ਸਪਸ਼ਟ ਰੂਪ ਵਿਚ ਅਰਥਾਂ ਨੂੰ ਆਪਣੀ ਬੌਧਿਕਤਾ ਦੇ ਅਨੁਭਵ ਵਿਚ ਪਸਾਰ ਸਕਣ:

- ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ।।
  ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ।।
  ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ।।[110]

- ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ।।[111]

ਏਥੇ 'ਸੰਸਾਰ' ਬਾਜੀ ਪਾਸਾ ਚਉਪੜਿ ਆਦਿ ਸੰਵੇਦਨਸ਼ੀਲ ਸ਼ਬਦਾਂ ਦੀ ਵਰਤੋ ਨਾ ਕੇਵਲ ਦਾਰਸ਼ਨਿਕ ਸ਼ਬਦਾਵਲੀ ਦਾ ਲੋਕਭਾਸ਼ਿਕ ਪਰਿਵਰਤਨ ਹੈ ਬਲਕਿ ਕਾਵਿ ਦੀ ਕਲਾਤਮਿਕਤਾ ਦੀ ਵੀ ਉਚਤਮ ਮਿਸਾਲ ਹੈ। ਗੁਰੂ ਨਾਨਕ ਦੇਵ ਜੀ ਦੀ ਭਾਸ਼ਾ ਦੇ ਪੱਖ ਤੋਂ ਵਿਲੱਖਣਤਾ ਇਹਨਾਂ ਦੀ ਭਾਸ਼ਾ ਦਾ ਪ੍ਰਯੋਗ ਵਿਸ਼ੇ ਦੇ ਅਨੁਕੂਲ ਹੋਣਾ ਹੈ। ਬਾਣੀ ਦੇ ਵੱਖੋ ਵੱਖਰੇ ਵਿਚਾਰ/ਵਿਸ਼ੇ ਹਿਤ ਆਪ ਨੇ ਬੋਲੀ ਵੀ ਉਸ ਦੇ ਅਨੁਕੂਲ ਹੀ ਵਰਤੀ ਜਿਵੇਂ ਜਪੁਜੀ ਦਾ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਦਾ ਦਾਰਸ਼ਨਿਕ ਵਿਸ਼ੈ ਦਾਰਸ਼ਨਿਕ ਸ਼ਬਦਾਵਲੀ ਦੁਆਰਾ ਹੀ ਪ੍ਰਸਤੁਤ ਹੋਇਆ ਜਿਵੇਂ: ੧ੴ ਸਤਿਨਾਮ, ਕਰਤਾਪੁਰਖ, ਅਕਾਲ, ਅਜੂਨੀ, ਸੈਭੰ, ਹੁਕਮੁ ਨਦਰਿ, ਵੇਦੰ, ਈਸਰ, ਗੋਰਖ, ਬਰਮਾ, ਪਾਰਬਤੀ ਮਾਈ, ਨਵਖੰਡਾ, ਸਿਧ, ਪੀਰ, ਸੁਰਨਾਥ, ਜੋਗ ਸਾਸਤ, ਸਤੁ ਸੰਤੋਖ ਗਿਆਨ ਸੇਖ, ਪੀਰ, ਨਿਰੰਕਾਰ, ਜਪ, ਤਪ ਅਨਾਦਿ ਅਨਾਹਤਿ ਅਨੰਦ ਆਦਿ।[112] ਇਸੇ ਤਰ੍ਹਾਂ ਹੀ ਰਾਮਕਲੀ ਦਖਣੀ ਓਅੰਕਾਰ ਦਾ "ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ਲਿਖ ਰਾਮ ਨਾਮ ਗੁਰਮੁਖ ਗੋਪਾਲਾ" ਦਾ ਦਾਰਸ਼ਨਿਕ ਵਿਸ਼ੇ ਦਾਰਸ਼ਨਿਕ ਸ਼ਬਦਾਵਲੀ ਅਨੁਕੂਲ ਹੀ ਪ੍ਰਗਟਾਇਆਹੈ। ਜਦੋਂ ਕਿ 'ਆਸਾ ਦੀ ਵਾਰ' ਦਾ ਵਿਸ਼ੇ

---

110. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 422

111. ਉਹੀ, ਪੰਨਾ 434

112. ਆਦਿ ਗ੍ਰੰਥ, ਪੰਨਾ 1-8

ਸਮਾਜਿਕ ਅਤੇ ਇਹਨਾਂ ਨੂੰ ਆਪਣੇ ਸਮਾਜਿਕ ਸ਼ਬਦਾਵਲੀ ਦੇ ਬਿੰਬ ਦੁਆਰਾ ਹੀ ਮੂਰਤੀਮਾਨ ਕੀਤਾ ਹੈ ਜਿਵੇਂ: ਗਿਆਨ ਵਿਹੂਣੀ, ਜਮਕਾਲ, ਚੇਲੇ, ਲੋ, ਹਸੈ, ਘਰਿ, ਰੋਟੀਆ, ਗੋਪੀਆ, ਕਾਨ, ਚਰਖਾ ਚਕੀ, ਲਾਟੂ, ਮਧਾਣੀਆਂ, ਮੁਸਲਮਾਨਾਂ, ਸੁਹੋਅਤ, ਹਿੰਦੂ, ਤੀਰਥਿ, ਕੁਮਿਆਰ, ਘੜ, ਭਾਂਡੇ, ਮੰਡਪ, ਮਾੜੀ, ਕੂੜ, ਰਾਜਾ, ਪਰਜਾ, ਮਿਠਾ, ਮਾਖਿਓ, ਅੰਨੁ ਦੇਵਤਾ, ਦ ਵਾਨ, ਚਾਕਰ, ਚਾਕਰੀ ਆਦਿ।[113] ਗੁਰੂ ਨਾਨਕ ਦੇਵ ਜੀ ਨੇ ਮਨੁੱਖ ਪ੍ਰਕ੍ਰਿਤੀ, ਬ੍ਰਹਮ ਆਦਿ ਵਿਸ਼ਿਆਂ ਨਾਲ ਸੰਬੰਧਿਤ ਰਾਗ ਮਾਰੂ ਅਧੀਨ ਰਚਿਤ ਵਿਚਾਰਾਂ ਦੇ ਅੰਤਰਗਤ ਇਸ ਵਿਸ਼ੇ ਨੂੰ ਵੀ ਮਨੁੱਖੀ ਪ੍ਰਕ੍ਰਿਤੀ ਵਾਤਾਵਰਣ ਨਾਲ ਸੰਬੰਧਿਤ ਸ਼ਬਦਾਵਲੀ ਦੁਆਰਾ ਪ੍ਰਗਟਾਇਆ। ਜੇਕਰ ਆਪ ਰਾਮਕਲੀ ਰਾਗ ਵਿਚ ਯੋਗੀਆਂ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਲੈ ਰਹੇ ਹਨ ਤਾਂ ਸ਼ਬਦਾਵਲੀ ਵਿਚ ਉਹਨਾਂ ਦੇ ਸ਼ਬਦਾਂ ਦੀ ਹੀ ਵਰਤੋ ਕਰ ਰਹੇ ਹਨ। ਜਿਵੇਂ ਕਵਨ ਤੁਮੇ ਕਿਆ ਨਾਉ ਤੁਮਾਰਾ, ਕਉਨੁ ਮਾਰਗੁ ਕਉਨੁ ਸੁਆਓ, ਕਿਆ ਤੁਮਰਾ ਰਾਹੋ, ਚਰਪਟ ਬੋਲੈ, ਜੋਗੀ ਗਿਰਹੀ ਜਟਾ ਬਿਭੂਤਿ, ਅਲਖੰ, ਮਸੁੰਨੰ, ਮੁਦ੍ਰਾ ਪਾਈ, ਨਉਨਿਧਿ ਕਿੰਗੁਰੀ ਵਾਈ ਆਦਿ।

ਉਪਰੋਕਤ ਵਿਵੇਚਨ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਸੁਚੇਤ ਰੂਪ ਵਿਚ ਵਿਸ਼ੇ, ਵਿਅਕਤੀ, ਸਮੇਂ, ਸਥਾਨ, ਅਨੁਕੂਲ ਭਾਸ਼ਾ ਦਾ ਪ੍ਰਯੋਗ ਕਰ ਰਹੇ ਹਨ। ਉਹਨਾਂ ਨੇ ਇਹਨਾਂ ਸ਼ਬਦਾਂ ਨੂੰ ਤਤਸਮ ਤੇ ਤਦਭਵ ਦੋਹਾਂ ਰੂਪਾਂ ਵਿਚ ਇਸਤੇਮਾਲ ਕੀਤਾ ਹੈ। ਕਾਵਿ-ਵਿਸ਼ੈ, ਕਾਵਿ-ਵਸਤੂ, ਕਾਵਿ-ਭਾਵ, ਕਾਵਿ-ਰੂਪ ਅਤੇ ਰਾਗਾਂ ਦੀ ਪ੍ਰਕ੍ਰਿਤੀ ਅਨੁਸਾਰ ਸ਼ਬਦਾਂ ਦੀ ਚੋਣ ਕਰਨੀ ਅਤੇ ਫੇਰ ਵਿਸ਼ੇ ਵਿਚ ਉਸ ਨੂੰ ਇਵੇਂ ਪ੍ਰਯੁਕਤ ਕਰਨਾ ਕਿ ਉਹ ਸ਼ਬਦ ਆਪਣੇ ਸਾਧਾਰਣ ਵਿਅਕਤਿਤ ਨਾਲੋ ਵਧੇਰੇ ਸਜੀਵ ਜੀਵੰਤ ਅਤੇ ਸੌਂਦਰਿਆਤਮਿਕ ਲੱਛਣਾਂ ਦੇ ਧਾਰਣੀ ਬਣੇ। ਇਸੇ ਕਾਰਨ ਕਈ ਵਾਰ ਸ਼ਬਦਾਂ ਵਿਚ ਥੋੜ੍ਹੀ ਜਿਹੀ ਅੱਖਰਾਂ ਦੀ ਤਬਦੀਲੀ ਜਾਂ ਕਿਸੇ ਅੱਖਰ ਦੀ ਜ਼ਿਆਦਾ ਬਹੁਲਤਾ ਅਨੁਪ੍ਰਾਸ ਦੀ ਬਹੁਲਤਾ ਕਾਵਿ ਨੂੰ ਵਧੇਰੇ ਸਜੀਵ ਤੇ ਸੰਗੀਤਕ ਗੁਣਾਂ ਦਾ ਧਾਰਣੀ ਬਣਾਉਂਦੀ ਹੈ। ਜਿਵੇਂ: ਰੁਣ ਝੁਣ, ਲੋਭੀ ਲੋਭ ਲੁਭਾਇਆ, ਝਲੇ ਝਿਮਕੰਨਿ ਪਾਸਿ, ਮੋਹਨਿ ਮੋਹਿ ਲੀਆ ਮਨ ਮੇਰਾ, ਭਵਰਾ ਫੂਲਿ ਭਵੰਤਿਆ ਆਦਿ। 'ੜ' ਸ਼ਬਦ ਦੀ ਵਧੇਰੇ ਵਰਤੋਂ ਰਾਗਾਤਮਿਕ ਪ੍ਰਭਾਵ ਕਾਇਮ ਕਰਨ ਵਿਚ ਸਹਾਈ ਹੁੰਦੀ ਹੈ: ਬਾਲੜੀਏ, ਉਚੜੀਏ, ਆਪਨੜੇ, ਰੰਗੀਲੜੇ, ਦੁਹੇਲੜੀਆ, ਸਹੇਲੜੀਹੋ, ਸਚੜਾ, ਏਕਲੜੀ, ਸਦੜੇ, ਇਆਨੜੀਏ, ਵੰਣਜਾਰਿਆ, ਸੋਹਿਲੜਾ, ਲਿਖਿਅੜਾ ਆਦਿ।

ਭਾਸ਼ਾ ਦੀ ਇਹ ਵਿਲਖਣਤਾ ਵਧੇਰੇ ਅਸਰ, ਤੀਖਣ ਤੇ ਤੀਬਰ ਪ੍ਰਭਾਵ ਪਾਉਂਦੀ ਹੋਈ ਭਾਵਾਂ ਦਾ ਸੰਚਾਰ ਕਰਦੀ ਹੈ। ਗੁਰੂ ਸਾਹਿਬ ਭਾਸ਼ਾ ਨੂੰ ਸਰਲ ਤੇ ਸਾਦੇ ਢੰਗ ਨਾਲ ਵਰਤਦੇ ਹਨ ਇਹੀ ਕਾਰਣ ਹੈ ਕਿ ਜਦੋਂ ਉਹ ਵਿਚਾਰ ਸ਼ੁਰੂ ਕਰਦੇ ਹਨ ਤਾਂ ਸਭ ਤੋਂ ਪਹਿਲਾਂ ਸਿਧਾ ਸੰਬੰਧ ਸੰਬੋਧਨ ਕਰਤਾ

113. ਆਦਿ ਗ੍ਰੰਥ, ਪੰਨਾ 463 - 74

ਨੂੰ ਸੰਬੋਧਨ ਕਰਕੇ ਇਕ ਪ੍ਰਕਾਰ ਦਾ ਇਕਮਿਕਤਾ ਤੇ ਸਾਂਝ ਦਾ ਵਾਤਾਵਰਣ ਪੈਦਾ ਕਰਦੇ ਹਨ ਜਿਵੇਂ ਤੂ ਮੁਲਾ, ਕਾਜੀ ਸੁਣਾ, ਬਾਬਾ, ਭਾਈ ਰੇ, ਮਨ ਰੇ, ਰੇ ਮਨ, ਨਾਨਕ ਏਵ ਕਹਿਤ ਹੈ ਆਦਿ। ਇਸੇ ਵਾਤਾਵਰਣ ਅਤੇ ਸਾਂਝ ਨੂੰ ਹੋਰ ਤੀਖਣ ਕਰਨ ਹਿਤ ਆਪ ਬਾਣੀ ਦੇ ਵਿਚਾਰਾਂ ਨੂੰ ਲੋਕ ਮੁਹਾਵਰੇ ਤੇ ਅਖਾਉਤਾਂ ਵਿੱਚ ਪਰਿਵਰਤਿਤ ਕਰ ਦਿੰਦੇ ਹਨ। ਲੋਕਾਂ ਸੰਗ ਸਿਧੀ ਤੇ ਸਪਸ਼ਟ ਸਾਂਝ ਅਤੇ ਉਹਨਾਂ ਨੂੰ ਟੁੰਬਣ ਅਤੇ ਖਿਚਣ ਦੀ ਅਥਾਹ ਸਮਰੱਥਾ ਭਾਸ਼ਾ ਦੀ ਇਸ ਜੁਗਤ ਵਿਚੋਂ ਪ੍ਰਤੱਖ ਹੁੰਦੀ ਹੈ। ਗੁਰੂ ਨਾਨਕ ਬਾਣੀ ਵਿੱਚ ਲੋਕ ਭਾਵਾਂ ਨੂੰ ਪ੍ਰਗਟਾਉਣ ਵਾਲੇ ਕੁਝ ਲੋਕ ਮੁਹਾਵਰੇ ਇਸ ਪ੍ਰਕਾਰ ਹਨ:

| | |
|---|---|
| ਕੀਆ ਗਰਬੁ ਨ ਆਵੈ ਰਾਸਿ | (ਰਾਸ ਨਾ ਆਉਣਾ) |
| ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ | (ਮੂੰਹ ਤੇ ਥੁਕਣਾ) |
| ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ | (ਫਿਕਾ ਬੋਲਣਾ) |
| ਦਹਦਿਸਿ ਸਾਖ ਹਰੀਆਵਲੀ ਸਹਿਜ ਪਕੈ ਸੋ ਮੀਠਾ | (ਸਹਿਜ ਪਕੈ ਸੋ ਮੀਠਾ) |
| ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ | (ਛਾਈਂ ਮਾਈਂ ਹੋਣਾ) |

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੇ ਭਾਸ਼ਾ ਮੁਹਾਵਰੇ ਵਿਚੋਂ ਉਹਨਾਂ ਦੀ ਸ਼ਾਬਦਿਕ ਜੁਗਤ ਨੂੰ ਅਪਣਾਇਆ ਬਲਕਿ ਆਪਣੀ ਬਾਣੀ ਰਚਨਾ ਦੇ ਭਾਵਾਂ ਨੂੰ ਜਨਸਾਧਾਰਣ ਦੀ ਪਧਰ ਤਕ ਲੈ ਗਏ ਜਿਸ ਨਾਲ ਬਾਣੀ ਦੀਆਂ ਤੁਕਾਂ ਇੰਨੀਆਂਮਕਬੂਲ ਤੇ ਲੋਕਪ੍ਰਿਯ ਹੋਈਆਂ ਕਿ ਉਹ ਜਨਸਾਧਾਰਣ ਵਿਚ ਲੋਕ ਕਹਾਵਤਾਂ ਵਾਂਗੂ ਜਾਣੀਆਂ ਜਾਣ ਲਗ ਪਈਆਂ। ਜਿਵੇਂ: ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈ ਤਤ, ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ, ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ, ਕਰਿ ਅਉਗਣ ਪਛੋਤਾਵਣਾ, ਗਲੀ ਅਸੀ ਚੰਗੀਆ ਆਚਾਰੀ ਬੁਰੀਆਹ, ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ ਆਦਿ।

ਉਕਤ ਭਾਸ਼ਾਈ ਵਿਵੇਚਨ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਭਾਵੇਂ ਸੰਸਕ੍ਰਿਤ ਪਾਲੀ ਪ੍ਰਾਕ੍ਰਿਤ ਅਪ੍ਰਭੰਸ , ਸੰਤ ਭਾਸ਼ਾ, ਫਾਰਸੀ ਆਦਿ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ ਪਰ ਫੇਰ ਵੀ ਪ੍ਰਧਾਨ ਰੂਪ ਵਿਚ ਭਾਸ਼ਾ ਦਾ ਮੁਹਾਦਰਾ ਲੋਕ ਭਾਸ਼ਾ ਵਾਲਾ ਹੈ ਅਤੇ ਮੂਲ ਰੂਪ ਵਿਚ ਇਹ ਮਾਤ ਭਾਸ਼ਾ ਪੰਜਾਬੀ ਭਾਸ਼ਾ ਦਾ ਹੀ ਹੈ ਜਿਸ ਦਾ ਪ੍ਰਭਾਵ ਬਾਕੀ ਦੇ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਪੂਰਨ ਰੂਪ ਵਿਚ ਕਬੂਲ ਕੀਤਾ। ਕਿਉਂਜੋ ਇਹ ਭਾਸ਼ਾ ਕਾਵਿ ਦੀ ਵਿਸ਼ਿਸ਼ਟ

ਕਲਾਤਮਿਕਤਾ ਸੰਗ ਲੋਕ ਮਨ ਦੇ ਅਤਿ ਨਿਕਟ ਹੈ ਉਥੇ ਇਸ ਦੁਆਰਾ ਸਮਕਾਲੀਨ ਯੁੱਗ ਚਿੰਤਨ ਦਾ ਬੋਧ ਸਹਿਜੇ ਹੀ ਹੋ ਜਾਂਦਾ ਹੈ।

2.2 ਭਾਸ਼ਾਈ ਅਭਿਵਿਅਕਤੀ ਦੀਆਂ ਵਿਭਿੰਨ ਵਿਧੀਆਂ: ਗੁਰੂ ਨਾਨਕ ਬਾਣੀ ਦੀ ਮੁੱਖ ਸੰਚਾਰ ਜੁਗਤ ਕਾਵਿ ਦੇ ਭਾਸ਼ਾਗਤ ਵਿਵੇਚਨ ਦੇ ਅੰਤਰਗਤ ਕਾਵਿ ਅਭਿਵਿਅਕਤੀ ਹਿਤ ਵਿਵਹਾਰਕ ਰੂਪ ਵਿੱਚ ਕੁੱਝ ਹੋਰ ਵਿਭਿੰਨ ਵਿਧੀਆਂ ਵੀ ਪ੍ਰਯੋਗ ਕੀਤੀਆਂ ਗਈਆਂ ਹਨ। ਭਾਸ਼ਾ ਆਪਣੇ ਭਾਸ਼ਾਈ ਗੁਣਾਂ ਅਤੇ ਭਾਸ਼ਾਈ ਸ਼ਕਤੀ ਤੋਂ ਬਿਨਾਂ ਅਭਿਵਿਅਕਤੀ ਦੇ ਪੱਧਰ ਤੇ ਭਿੰਨ ਭਿੰਨ ਵਿਧੀਆਂ ਦੀ ਧਾਰਣੀ ਹੁੰਦੀ ਹੈ। ਜਿਸ ਦੁਆਰਾ ਇਹ ਸਸ਼ਕਤ ਮਾਧਿਅਮ ਆਪਣੇ ਵਿਅਕਤੀਗਤ ਅੰਤਰ ਵਿਹਾਰ ਕਾਰਨ ਵਕਤਾ ਤੋਂ ਸ੍ਰੋਤਾ ਤਕ ਦਾ ਸੰਦੇਸ਼ ਸੰਚਾਰਣ ਕਰਦਾ ਹੈ। ਭਾਸ਼ਾ ਦੀ ਇਹ ਅਭਿਵਿਅਕਤੀ ਅਭਿਵਿਅਕਤਾ ਦੇ ਸ੍ਵੈ ਵਿਅਕਤਿਤ ਨਾਲ ਜੁੜੀ ਹੋਈ ਹੈ। ਜਿਸ ਨੂੰ ਅਸੀਂ ਅਭਿਵਿਅਕਤੀ ਦੀ ਮੌਲਿਕਤਾ ਵਜੋਂ ਪਹਿਚਾਣਦੇ ਹਾਂ। ਇਹੀ ਮੌਲਿਕਤਾ ਸੰਚਾਰ ਪ੍ਰਕ੍ਰਿਆ ਵਿਚ ਭਾਸ਼ਾ ਦੀ ਵਿਲੱਖਣ ਸ਼ੈਲੀ ਦਾ ਆਭਾਸ ਕਰਾਉਂਦੀ ਹੈ। ਗੁਰੂ ਨਾਨਕ ਬਾਣੀ ਦੇ ਭਾਸ਼ਾਈ ਅਧਿਐਨ ਤੋਂ ਇਸਦੇ ਬਹੁਪੱਖੀ ਭਾਸ਼ਾਤਮਿਕ ਗੁਣਾਂ ਤੇ ਲੱਛਣਾਂ ਦਾ ਵਿਸਤ੍ਰਿਤ ਤੇ ਵਿਆਪਕ ਖੇਤਰ ਵੀ ਮੂਰਤੀਮਾਨ ਹੁੰਦਾ ਹੈ।

ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਭਿੰਨ ਭਿੰਨ ਸੰਚਾਰ ਜੁਗਤਾਂ, ਇਹਨਾਂ ਜੁਗਤਾਂ ਦੇ ਭਿੰਨ ਭਿੰਨ ਉਪਕਰਣ ਅਤੇ ਇਹਨਾਂ ਉਪਕਰਣਾਂ ਵਿਚਲੇ ਭਿੰਨ ਭਿੰਨ ਤੱਤ ਕਾਰਜਸ਼ੀਲ ਹਨ। ਇਸ ਕਾਰਜਸ਼ੀਲਤਾ ਦੇ ਪ੍ਰਬੰਧ ਅਤੇ ਮੌਲਿਕਤਾ ਨੂੰ ਪਛਾਣਨ ਲਈ ਅਸੀਂ ਆਪਣੇ ਹਥਲੇ ਕਾਰਜ ਵਿਚ ਯਤਨ ਕਰ ਰਹੇ ਹਾਂ। ਭਾਸ਼ਾ ਕਿਉਂਜੋ ਇਕ ਸਸ਼ਕਤ ਸੰਚਾਰ ਜੁਗਤ ਹੈ ਅਤੇ ਇਹ ਜੁਗਤ ਕਾਵਿ ਅਤੇ ਸੰਗੀਤ ਨਾਲ ਸਮਿਲਤ ਹੋ ਕੇ ਬਾਣੀ ਪ੍ਰਬੰਧ ਵਜੋਂ ਮੂਰਤੀਮਾਨ ਹੁੰਦੀ ਹੈ। ਬਾਣੀ ਵਿਚ ਭਾਸ਼ਾ ਦਾ ਪ੍ਰਯੋਗ ਮੂਲ ਤੱਤ ਵਜੋਂ ਕੀਤਾ ਗਿਆ ਹੈ ਅਤੇ ਉਕਤ ਵਰਣਿਤ ਬਾਣੀ ਦੇ ਭਾਸ਼ਾਈ ਗੁਣਾਂ ਤੋਂ ਇਲਾਵਾ ਇਸ ਦੀ ਅਭਿਵਿਅਕਤੀ ਦੀਆਂ ਭਿੰਨ ਭਿੰਨ ਵਿਧੀਆਂ ਜਿਨ੍ਹਾਂ ਦਾ ਇਸਤੇਮਾਲ ਗੁਰੂ ਨਾਨਕ ਬਾਣੀ ਵਿੱਚ ਹੋਇਆ ਹੈ, ਬਾਣੀ ਦੇ ਭਿੰਨ ਭਿੰਨ ਕਾਵਿ-ਰੂਪਾਂ ਅਤੇ ਨਿਸ਼ਚਿਤ ਸੰਗੀਤ ਪ੍ਰਬੰਧ ਦੁਆਰਾ ਸੰਚਾਰ ਹਿਤ ਕਾਰਜਸ਼ੀਲ ਹੁੰਦੀਆਂ ਹਨ। ਇਹ ਭਾਸ਼ਾਈ ਵਿਧੀਆਂ ਭਾਸ਼ਾ ਦੀ ਜੁਗਤ ਦੇ ਅੰਤਰਗਤ ਆਪਣੇ ਸਰੋਤੇ ਤਕ ਸੰਚਾਰ ਦੀ ਪ੍ਰਕ੍ਰਿਆ ਨੂੰ ਹੋਰ ਸੁਖੈਨ ਸਪਸ਼ਟ ਸਸ਼ਕਤ ਸਮਰੱਥ ਅਤੇ ਸ਼ਕਤੀਸ਼ਾਲੀ ਬਣਾਉਣ ਵਿਚ ਸਹਾਈ ਹੁੰਦੀਆਂ ਹਨ। ਇਹਨਾਂ ਭਾਸ਼ਾਈ ਵਿਧੀਆਂ ਦੀ ਇਹ ਮੌਲਿਕਤਾ ਵੀ ਹੈ ਕਿ ਇਹ ਬਾਣੀ ਵਿਚਲੇ ਸੰਦੇਸ਼ ਨੂੰ ਸਿੱਧੇ, ਸਪਸ਼ਟ, ਸੰਬੋਧਨ/ਸੰਪਰਕ ਦੁਆਰਾ ਜਿਥੇ ਸਰੋਤੇ/ਪਾਠਕ ਨੂੰ ਬਾਣੀ ਦਾ ਬੋਧ ਕਰਵਾਉਂਦੀਆਂ ਹਨ ਉਥੇ ਬਾਣੀ ਅਤੇ ਸਰੋਤੇ/ਪਾਠਕ ਵਿਚ ਇਕ ਅਟੁੱਟ ਸਾਂਝ ਵੀ ਕਾਇਮ ਕਰਦੀਆਂ

ਹਨ। ਅਭਿਵਿਅਕਤੀ ਦੇ ਪੱਧਰ ਤੇ ਭਾਸ਼ਾ ਦੀਆਂ ਇਹ ਵਿਧੀਆਂ ਇਕ ਦੂਸਰੇ ਨਾਲ ਇਸ ਤਰ੍ਹਾਂ ਅੰਤਰ ਸੰਬੰਧਿਤ ਅਤੇ ਸਮਿਲਿਤ ਰੂਪ ਵਿਚ ਕਾਰਜਸ਼ੀਲ ਹਨ ਕਿ ਸਾਧਾਰਣ ਦ੍ਰਿਸ਼ਟ ਤੋਂ ਇਹਨਾਂ ਦਾ ਨਿਖੇੜਾ ਕਰ ਸਕਣਾ ਅਤਿ ਕਠਿਨ ਕਾਰਜ ਹੈ ਪਰੰਤੂ ਬਾਣੀ ਅਭਿਵਿਅਕਤੀ ਦੀ ਇਹ ਸੰਚਾਰਕ ਮੌਲਿਕਤਾ ਨੂੰ ਪਛਾਨਣਾ ਅਤਿ ਜ਼ਰੂਰੀ ਹੈ ਕਿਉਂਜੋ ਇਹ ਭਾਸ਼ਾਈ ਸੰਚਾਰ ਦਾ ਵਿਸ਼ਿਸ਼ਟ ਸੁਰ ਅਤੇ ਵਿਲੱਖਣ ਅੰਦਾਜ਼ ਹੈ। ਭਾਸ਼ਾ ਦੀਆਂ ਇਹ ਵਿਧੀਆਂ ਸਮੁੱਚੀ ਬਾਣੀ ਦੇ ਸੰਦਰਭ ਵਿਚ ਵਿਚਾਰ ਦਾ ਵਿਸਤ੍ਰਿਤ ਤੇ ਵਿਆਪਕ ਖੇਤਰ ਰਖਦੀਆਂ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਵਿਧੀਆਂ ਦੇ ਨਾਮ ਇਸ ਪ੍ਰਕਾਰ ਹਨ:

1. ਸੰਵਾਦਾਤਮਕ ਵਿਧੀ
2. ਸੰਬੋਧਨ ਵਿਧੀ
3. ਪ੍ਰਸ਼ਨੋਤਰ ਵਿਧੀ

2.2.1 ਸੰਵਾਦਾਤਮਕ ਵਿਧੀ: ਸੰਵਾਦਤਮਕ ਵਿਧੀ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਲੌਕਿਕ ਅਤੇ ਪਰਾਲੌਕਿਕ ਜਗਤ ਨਾਲ ਸੰਬੰਧਿਤ ਅਧਿਆਤਮਿਕ ਰੱਹਸਾਤਮਿਕ ਵਰਤਾਰੇ ਨੂੰ ਸਾਧਾਰਣ ਲੋਕਾਈ ਤਕ ਪਹੁੰਚਾਣ ਲਈ ਕਰਦੇ ਹਨ। ਸੰਵਾਦ, ਗੱਲਬਾਤ ਜਾਂ ਵਾਰਤਾਲਾਪ ਅਜਿਹੀ ਸੰਚਾਰਕ ਸ਼ਕਤੀ ਹੈ ਜੋ ਵਿਸ਼ੇਸ਼ ਪ੍ਰਸੰਗਿਕ ਪ੍ਰਕਰਣ ਦੇ ਅੰਤਰਗਤ ਵਕਤਾ ਤੇ ਸ੍ਰੋਤਾ ਵਿਚਕਾਰ ਅਟੁੱਟ ਤੇ ਸਦੀਵੀ ਸਾਂਝ ਦਾ ਰਿਸ਼ਤਾ ਸਥਾਪਤ ਕਰਦੇ ਹੋਏ ਸੰਚਾਰ ਪ੍ਰਕ੍ਰਿਆ ਨੂੰ ਸਹਿਜ ਤੇ ਸੁਖੈਨ ਬਣਾ ਦਿੰਦਾ ਹੈ। ਬਾਣੀ ਵਿਚ ਇਸ ਵਿਧੀ ਦਾ ਪ੍ਰਯੋਗ ਭਿੰਨ ਭਿੰਨ ਰੂਪਾਂ ਵਿਚ ਹੋਇਆ ਮਿਲਦਾ ਹੈ। ਜਿਸ ਨੂੰ ਸੁਖੈਨਤਾ ਹਿਤ ਚਾਰ ਹਿੱਸਿਆਂ ਵਿਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਭਾਵੇਂ ਕਿ ਸਮੁੱਚੇ ਰੂਪ ਵਿਚ ਬਾਣੀ ਸੰਚਾਰ ਦੀ ਦ੍ਰਿਸ਼ਟੀ ਤੋਂ ਕਿਸੇ ਨਾ ਕਿਸੇ ਰੂਪ ਵਿਚ ਪ੍ਰਤੱਖ ਜਾਂ ਅਪ੍ਰਤੱਖ, ਸ੍ਵੈਚਾਲਤ ਨਿਰੰਤਰ ਸੰਵਾਦ ਦਾ ਹੀ ਪਾਸਾਰਾ ਹੈ। ਇਹ ਸੰਵਾਦ ਆਪਣੇ ਅੰਦਰ ਹੋਰ ਵਿਧਾਵਾਂ ਨੂੰ ਵੀ ਸਮੋਈ ਬੈਠੀ ਹੈ ਪਰੰਤੂ ਇਥੇ ਇਸ ਦੇ ਨਿਰੋਲ ਸੰਵਾਦਮਈ ਵਰਤਾਰੇ ਦਾ ਹੀ ਅਧਿਐਨ ਕੀਤਾ ਜਾ ਰਿਹਾ ਹੈ।

ਸੰਵਾਦ ਦੇ ਪ੍ਰਥਮ ਰੂਪ ਵਿਚ ਵਕਤਾ ਗੁਰੂ ਨਾਨਕ ਦੇਵ ਜੀ ਪਰਮਾਤਮਾ, ਅਧਿਆਤਮਿਕ ਰੱਹਸਾਂ ਅਤੇ ਇਸ ਲੋਕਾਈ ਤੇ ਜਗਤ ਦੇ ਚਰਿਤਰ ਨੂੰ ਪ੍ਰਗਟਾਉਣ ਲਈ ਸ੍ਵੈ ਨਾਲ ਸੰਵਾਦ ਰਚਾਉਂਦੇ ਹਨ। ਜਿਸ ਦੀਆਂ ਕਈ ਉਦਾਹਰਣਾਂ ਸਾਨੂੰ ਬਾਣੀ ਵਿਚੋਂ ਪ੍ਰਾਪਤ ਹੁੰਦੀਆਂ ਹਨ:

- ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ।।[114]

- ਰੇ ਮਨ ਐਸੀ ਹਰ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ।।[115]

- ਨਾਨਕ ਦੁਨੀਆ ਕੈਸੀ ਹੋਈ
  ਸਾਲਕੁ ਮਿਤੁ ਨ ਰਹਿਓ ਕੋਈ।।[116]

- ਮਨ ਰੇ ਅਹਿਨਿਸਿ ਹਰਿ ਗੁਣ ਸਾਰਿ।।[117]

- ਜਾ ਹਉ ਨਾਹੀ ਤਾ ਕਿਆ ਆਖਾ
  ਕਿਹੁ ਨਾਹੀ ਕਿਆ ਹੋਵਾ।।[118]

ਉਪਰੋਕਤ ਤੁਕਾਂ ਵਿਚ ਗੁਰੂ ਸਾਹਿਬ ਮੈ ਨੂੰ ਸੰਬੋਧਿਤ ਹੋ ਕੇ ਆਪਣੇ ਆਪ ਨਾਲ ਵਾਰਤਾਲਾਪ ਕਰਦੇ ਹਨ। ਜਿਸ ਵਿਚ ਆਪ ਵਿਭਿੰਨ ਗੰਭੀਰ ਵਿਸ਼ਿਆਂ ਨੂੰ ਸਰਲੀਕ੍ਰਿਤ ਕਰਦੇ ਹੋਏ ਸ੍ਰੋਤੇ ਤਕ ਇਨ੍ਹਾਂ ਦੇ ਸੰਚਾਰਣ ਨੂੰ ਸੁਖੈਨ ਬਣਾ ਦਿੰਦੇ ਹਨ। ਜਦੋਂ ਕਿ ਇਸ ਦਾ ਦੂਸਰਾ ਰੂਪ ਪਰਮਾਤਮਾ ਨਾਲ ਸੰਵਾਦ ਦਾ ਹੈ। ਇਸ ਸੰਵਾਦ ਵਿਧਾ ਦੇ ਅੰਤਰਗਤ ਉਹ ਆਪ ਵਕਤਾ ਦੀ ਥਾਂ ਜਗਿਆਸੂ ਹੋ ਪਰਮਾਤਮਾ ਨਾਲ ਸੰਵਾਦ ਰਚਾਉਂਦੇ ਹਨ। ਜਿਥੇ ਜਗਤ, ਜਗਤ ਦੇ ਵਰਤਾਰੇ, ਜੀਵਨ ਮੁੱਲਾਂ ਅਤੇ ਮਨੁੱਖੀ ਕਦਰਾਂ ਕੀਮਤਾਂ ਪ੍ਰਤਿ ਜਾਣਨ ਦੀ ਜਗਿਆਸਾ ਹੈ ਅਤੇ ਇਸ ਦਾ ਨਾਲ ਆਪ ਸ੍ਰੋਤਾ/ਪਾਠਕ ਨੂੰ ਵੀ ਜਗਤ ਅਤੇ ਪਰਮਾਤਮਾ ਦੇ ਸਤਿ ਦਾ ਗਿਆਨ ਵਿਭਿੰਨ ਬਾਣੀ ਰੂਪਾਂ ਦੁਆਰਾ ਕਰਵਾ ਦਿੰਦੇ ਹਨ। ਇਥੇ ਗੁਰੂ ਨਾਨਕ ਕਦੇ ਵਕਤਾ ਹੋ ਅਤੇ ਕਦੇ ਸ੍ਰੋਤਾ ਹੋ ਪਰਮਾਤਮਾ ਦੇ ਸਨਮੁਖ ਵਿਚਰਦੇ ਹਨ ਅਤੇ ਸੰਵਾਦ ਰਚਾਉਂਦੇ ਹੋਏ ਅਧਿਆਤਮਿਕ-ਸਤਿ ਦਾ ਬੋਧ ਕਰਵਾ ਦਿੰਦੇ ਹਨ:

---

114. ਆਦਿ ਗ੍ਰੰਥ, ਸਿਰੀ ਰਾਗ ਮਹਲਾ ੧, ਪੰਨਾ 20
115. ਉਹੀ, ਪੰਨਾ 59
116. ਆਦਿ ਗ੍ਰੰਥ, ਸਲੋਕ ਮਹਲਾ ੧, ਪੰਨਾ 1410
117. ਆਦਿ ਗ੍ਰੰਥ, ਸਿਰੀ ਰਾਗ ਮਹਲਾ ੧, ਪੰਨਾ 21
118. ਆਦਿ ਗ੍ਰੰਥ, ਮਾਝ ਵਾਰ ੧, ਪੰਨਾ 140

ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ।।
ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ।।
ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ।।[119]

ਗੁਰੂ ਨਾਨਕ ਜਦੋਂ ਨਿਰਾਕਾਰ ਜੋਤਿ ਦਾ ਜੋਤਿ ਸਰੂਪ ਬਣ ਕੇ ਸਮੂਹ ਲੋਕਾਈ ਨੂੰ ਖਾਲਕ ਦਾ ਆਦੇਸ ਦੇਣ ਜਗਤ ਵਿਚ ਆਉਂਦੇ ਹਨ ਤਾਂ ਆਪਣੀ ਸਮਰੱਥਾ ਦਾ ਪ੍ਰਗਟਾਵਾ ਵੀ ਪਰਮਾਤਮਾ ਦੇ ਹੁਕਮ ਵਿਚ ਕਰਦੇ ਹੋਏ ਉਸ ਨਾਲ ਸੰਵਾਦ ਰਚਾ ਜਗਿਆਸੂ ਦੀ ਜਗਿਆਸਾ ਦੀ ਨਵ੍ਰਿਤੀ ਕਰਦੇ ਹਨ:

- ਹਉ ਢਾਢੀ ਵੇਕਾਰੁ ਕਾਰੈ ਲਾਇਆ।।
  ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।।[120]

- ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ ਹਉ ਨਾਹੀ ਤੂ ਹੋਵਹਿ।।
  ਆਪੇ ਸਕਤਾ ਆਪੇ ਸੁਰਤਾ ਸਕਤੀ ਜਗਤੁ ਪਰੋਵਹਿ।।
  ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ।।
  ਨਾਨਕ ਸਚਾ ਸਚੀ ਨਾਂਈ ਸਚੁ ਪਾਵੈ ਧੁਰਿ ਲੇਖੈ।।[121]

ਅਭਿਵਿਅਕਤੀ ਦੇ ਇਸ ਵਿਸ਼ਿਸ਼ਟ ਸੰਵਾਦਮਈ ਰੂਪ ਦਾ ਪਾਸਾਰਾ ਉਦੋਂ ਪ੍ਰਤੱਖ ਨਜ਼ਰੀ ਆਉਂਦਾ ਹੈ ਜਦੋਂ ਗੁਰੂ ਨਾਨਕ ਕਲਜੁਗ ਦੇ ਵਰਤਾਰੇ ਦਾ ਸਮੁੱਚਾ ਹਾਲ ਪਰਮਾਤਮਾ ਨੂੰ ਸੰਬੋਧਿਤ ਹੋ ਕੇ ਦਸਦੇ ਹਨ। ਇਹ ਵਾਰਤਾਲਾਪ ਕਿਤੇ ਕਿਤੇ ਨਾਟਕੀਅਤਾ ਪ੍ਰਦਾਨ ਵੀ ਕਰਦਾ ਹੈ ਪਰੰਤੂ ਵਿਸ਼ੇ ਦੀ ਗੰਭੀਰਤਾ ਅਤੇ ਅੰਤਰੀਵ ਕਥਨ ਨੂੰ ਅਤਿ ਸੁਖੈਨ ਰੂਪ ਵਿਚ ਸਜੀਵ ਕਰ ਦਿੰਦਾ ਹੈ। ਕਾਬਲ ਦੇ ਬਾਦਸ਼ਾਹ ਬਾਬਰ ਦੁਆਰਾ ਹਿੰਦੁਸਤਾਨ ਤੇ ਹੋਏ ਹਮਲੇ ਅਤੇ ਉਸ ਦਾ ਅਤਿ ਜ਼ੁਲਮ ਭਰੇ ਵਰਤਾਰੇ ਦੇ ਦ੍ਰਿਸ਼ਾਂ ਨੂੰ ਜਿਥੇ ਗੁਰੂ ਸਾਹਿਬ ਨੇ ਅਖੀਂ ਵੇਖਿਆ ਉਥੇ ਦੀਨ ਦੁਨੀਆਂ ਦੇ ਦਰਦ ਨੂੰ ਨਿਵਾਰਣ ਹਿਤ ਆਪ ਸਿਧੇ ਪਰਮਾਤਮਾ ਨੂੰ ਸੰਬੋਧਿਤ ਹੋ ਸੰਵਾਦ ਰਚਾਉਂਦੇ ਹਨ:

---

119. ਆਦਿ ਗ੍ਰੰਥ, ਮਾਝ ਮਹਲਾ ੧, ਪੰਨਾ 140
120. ਆਦਿ ਗ੍ਰੰਥ, ਮਾਝ ਵਾਰ ਮਹਲਾ ੧, ਪੰਨਾ 150
121. ਆਦਿ ਗ੍ਰੰਥ, ਸਲੋਕ ਮਹਲਾ ੧, ਪੰਨਾ 1242

- ਕਰਤਾ ਤੂੰ ਸਭਨਾ ਕਾ ਸੋਈ।।
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ।।ਰਹਾਉ।।
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।।[122]

- ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।।
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ।।
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ।।੧।।
ਆਦੇਸੁ ਬਾਬਾ ਆਦੇਸੁ।।
ਆਦਿ ਪੁਰਖ ਤੇਰਾ ਅੰਤੁ ਨਾ ਪਾਇਆ ਕਰਿ ਕਰਿ ਦੇਖਹਿ ਵੇਸ।।1।।[123]

ਸ੍ਵੈ ਅਤੇ ਪਰਮਾਤਮਾ ਨਾਲ ਸੰਵਾਦ ਵਿਧਾ ਦਾ ਉਕਤ ਪ੍ਰਯੋਗ ਜਿਸ ਸਹਿਜਤਾ ਨਾਲ ਬਾਣੀ ਦੇ ਅੰਤਰਗਤ ਦ੍ਰਿਸ਼ਟਮਾਨ ਹੁੰਦਾ ਹੈ ਉਸੇ ਪ੍ਰਕਾਰ ਇਸ ਦਾ ਤੀਸਰਾ ਅਤਿ ਮਹੱਤਵਪੂਰਨ ਰੂਪ ਸਮਕਾਲੀਨ ਫਿਰਕਿਆਂ, ਜਾਤਾਂ, ਧਰਮਾਂ ਅਤੇ ਸੰਪਰਦਾਵਾਂ ਦੇ ਆਗੂਆਂ ਨਾਲ ਉਦਾਸੀਆਂ ਸਮੇਂ ਰਚਾਏ ਸੰਵਾਦ ਦਾ ਬਾਣੀ ਰੂਪ ਹੈ। ਸੰਵਾਦ ਦੀ ਇਹ ਪ੍ਰਕ੍ਰਿਆ ਕਿਧਰੇ ਤੇ ਸਪਸ਼ਟ ਰੂਪ ਵਿਚ ਸੰਬੰਧਿਤ ਵਿਅਕਤੀ ਵਿਸ਼ੇਸ਼ ਨਾਲ ਹੋਈ ਗੱਲਬਾਤ ਦਾ ਪ੍ਰਗਟਾਵਾ ਹੈ ਅਤੇ ਕਿਧਰੇ ਵਸਤੂਗਤ ਵਿਸ਼ੇਸ਼ਤਾ ਦੁਆਰਾ ਇਸਦਾ ਆਭਾਸ ਹੁੰਦਾ ਹੈ ਇਸ ਨਾਲ ਸੰਬੰਧਿਤ ਅਨੇਕਾਂ ਸ਼ਬਦ ਵੇਖੇ ਜਾ ਸਕਦੇ ਹਨ। ਜੋਗੀਆਂ ਨਾਲ ਹੋਏ ਸੰਵਾਦ ਰਾਗ ਰਾਮਕਲੀ ਦੇ ਅੰਤਰਗਤ ਆਉਣ ਵਾਲੀ ਸ਼ਬਦ ਰੂਪਾਂ ਵਿਚ ਪ੍ਰਤੱਖ ਹਨ ਜਦੋਂ ਕਿ ਵਿਭਿੰਨ ਬਾਣੀ ਤੁਕਾਂ ਵੀ ਇਸ ਨੂੰ ਪ੍ਰਮਾਣਿਤ ਕਰਦੀਆਂ ਹਨ ਕਿ ਉਕਤ ਸ਼ਬਦ ਵਿਚ ਆਏ ਵਿਚਾਰ. ਵਿਅਕਤੀ ਵਿਸ਼ੇਸ਼ ਨਾਲ ਹੋਏ ਸੰਵਾਦ ਦਾ ਹੀ ਰੂਪ ਹਨ। ਜਿਵੇਂ:

- ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੀ।।[124]

- ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ।।[125]

---

122. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 360
123. ਉਹੀ, ਪੰਨਾ 417
124. ਉਹੀ, ਪੰਨਾ 360
125. ਉਹੀ, ਪੰਨਾ 360

- ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥[126]

ਉਪਰੋਕਤ ਤੁਕਾਂ ਦੇ ਜੇ ਸ਼ਾਬਦਿਕ ਪ੍ਰਸੰਗ ਨੂੰ ਵਾਚੀਏ ਤਾਂ ਇਹ ਸੰਬੰਧਿਤ ਵਿਅਕਤੀ 'ਵਿਸ਼ੇਸ਼' ਨਾਲ ਹੋਏ ਸੰਵਾਦ ਪ੍ਰਯੋਜਨ ਨੂੰ ਸਾਰਥਕਤਾ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਮੁਸਲਮਾਨ ਹਿੰਦੂ ਬ੍ਰਾਹਮਣ ਪੰਡਿਤ ਆਦਿ ਦੇ ਸੰਬੋਧਨਯੁਕਤ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦੀ ਬਾਣੀ ਵਿੱਚ ਉਕਤ ਵਿਅਕਤੀ ਵਿਸ਼ੇਸ਼ ਨਾਲ ਸੰਵਾਦ ਪ੍ਰਯੁਕਤ ਸੰਵਾਦ ਵਿਧਾ ਦਾ ਸਸ਼ਕਤ ਅਤੇ ਮੌਲਿਕ ਰੂਪ ਹੈ:

- ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ
  ਮੁਸਲਮਾਣੁ ਕਹਾਵੈ॥
  ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ
  ਮਾਲੁ ਮੁਸਾਵੈ॥[127]

- ਹਿੰਦੂ ਕੈ ਘਰਿ ਹਿੰਦੂ ਆਵੈ॥
  ਸੂਤੁ ਜਨੇਊ ਪੜਿ ਗਲਿ ਪਾਵੈ॥
  ਸੂਤੁ ਪਾਇ ਕਰੇ ਬੁਰਿਆਈ॥
  ਨਾਤਾ ਧੋਤਾ ਥਾਇ ਨ ਪਾਈ॥[128]

- ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
  ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
  ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
  ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥੧॥[129]

- ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
  ਇਕੁ ਭਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥

---

126. ਆਦਿ ਗ੍ਰੰਥ, ਰਾਮਕਲੀ ਮਹਲਾ 1, ਪੰਨਾ 877
127. ਆਦਿ ਗ੍ਰੰਥ, ਵਾਰ ਮਾਝ ਕੀ ਸਲੋਕ ਮਹਲਾ 1, ਪੰਨਾ 141
128. ਆਦਿ ਗ੍ਰੰਥ, ਸਲੋਕ ਮਹਲਾ 1, ਪੰਨਾ 951
129. ਆਦਿ ਗ੍ਰੰਥ, ਆਸਾ ਦੀ ਵਾਰ, ਮਹਲਾ 1, ਪੰਨਾ 471

ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।।
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ।।[130]

ਸੰਵਾਦ ਦੇ ਉਕਤ ਸੰਚਾਰ ਰੂਪਾਂ ਤੋਂ ਇਲਾਵਾ ਗੁਰੂ ਨਾਨਕ ਸੰਸਾਰਕ ਰਿਸ਼ਤਿਆਂ, ਸਾਮਾਜਿਕ ਜੀਵਨ ਅਤੇ ਸਾਧਾਰਣ ਲੋਕਾਂ ਨਾਲ ਸਿੱਧੇ ਤੌਰ ਤੇ ਸੰਪਰਕ ਕਰਦੇ ਹੋਏ ਸੰਵਾਦ ਰਚਾਉਂਦੇ ਹਨ। ਜਿਸ ਦੁਆਰਾ ਸਾਂਝ ਤੇ ਇਕਮਿਕਤਾ ਦਾ ਅਜਿਹਾ ਸੰਬੰਧ ਸਥਾਪਿਤ ਕਰਦੇ ਹਨ ਕਿ ਬਾਣੀ ਸੰਦੇਸ਼ ਦਾ ਜਟਿਲ ਤੇ ਗੰਭੀਰ ਵਿਸ਼ਾ ਅਤਿ ਸੂਖਮ ਤੇ ਸਰੂਪ ਰੂਪ ਕੋ ਸ੍ਰੋਤਾ ਤਕ ਗੱਲਬਾਤ ਦੇ ਵਿਚ ਹੀ ਸੰਚਾਰਿਤ ਹੋ ਜਾਂਦਾ ਹੈ:

- ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ।।[131]
- ਬਾਬਾ ਮਾਇਆ ਭਰਮਿ ਭੁਲਾਇ।।[132]
- ਭਾਈ ਰੇ ਰਾਮ ਨਾਮਿ ਚਿਤੁ ਲਾਈ।।[133]
- ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ।।[134]
- ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ।।[135]

ਉਪਰੋਕਤ ਤੁਕਾਂ ਵਿਚ ਸਮੂਹ ਲੋਕਾਈ ਦੇ ਭਿੰਨ ਭਿੰਨ ਪ੍ਰਤੀਕਾਤਮਿਕ ਸੰਬੋਧਨਾਂ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਸਿੱਧੇ ਤੇ ਸਪਸ਼ਟ ਰੂਪ ਨਾਲ ਸਾਧਾਰਣ ਵਿਅਕਤੀ ਨੂੰ ਸੰਬੋਧਿਤ ਹੋ ਸੰਵਾਦ ਰਚਾਉਂਦੇ ਹਨ। ਆਪ ਦੁਆਰਾ ਰਚਿਤ ਕੁਝ ਸ਼ਬਦ ਅਜਿਹੇ ਵੀ ਹਨ ਜੋ ਕਿਸੇ ਨਾ ਕਿਸੇ ਪਰথਾਇ ਉਚਾਰੇ

---

130. ਆਦਿ ਗ੍ਰੰਥ, ਸੂਹੀ ਵਾਰ 3, ਸਲੋਕ ਮਹਲਾ 1, ਪੰਨਾ 789
131. ਆਦਿ ਗ੍ਰੰਥ, ਵਡਹੰਸ ਮਹਲਾ 1, ਪੰਨਾ 579
132. ਆਦਿ ਗ੍ਰੰਥ, ਸਿਰੀਰਾਗ ਮਹਲਾ 1, ਪੰਨਾ 60
133. ਆਦਿ ਗ੍ਰੰਥ, ਗੂਜਰੀ ਮਹਲਾ 1, ਪੰਨਾ 504
134. ਆਦਿ ਗ੍ਰੰਥ, ਸੂਹੀ ਰਾਗ ਮਹਲਾ 1, ਪੰਨਾ 729
135. ਆਦਿ ਗ੍ਰੰਥ, ਵਡਹੰਸ ਮਹਲਾ 1, ਪੰਨਾ 557

ਗਏ ਹਨ। ਜੇਕਰ ਸ਼ਬਦ ਦੇ ਅੰਤਰੀਵ ਤੇ ਉਸ ਦੇ ਪ੍ਰਸੰਗਿਕ ਪਿਛੋਕੜ ਨੂੰ ਵੇਖਿਆ ਜਾਵੇ ਤਾਂ ਸਪਸ਼ਟ ਹੈ ਕਿ ਗੁਰੂ ਸਾਹਿਬ ਨੇ ਵਿਭਿੰਨ ਉਦਾਸੀਆਂ ਦੌਰਾਨ ਸੰਪਰਕ ਵਿਚ ਆਉਣ ਵਾਲੇ ਵਿਭਿੰਨ ਵਿਅਕਤੀ ਵਿਸ਼ੇਸ਼ ਨਾਲ ਵਿਭਿੰਨ ਵਿਸ਼ਿਆਂ ਦੇ ਸੰਵਾਦ ਰਚਾਏ ਹੋਣਗੇ ਜਿਸਦੇ ਸੰਕੇਤ ਸਾਨੂੰ ਬਾਣੀ ਵਿਚੋਂ ਉਪਲੱਬਧ ਹੁੰਦੇ ਹਨ:

ਗਾਛਹੁ ਪੁਤ੍ਰੀ ਰਾਜ ਕੁਆਰਿ।।
ਨਾਮੁ ਭਣਹੁ ਸਚੁ ਦੋਤੁ ਸਵਾਰਿ।।[136]

ਬਸੰਤ ਰਾਗ ਵਿਚ ਉਕਤ ਇਹ ਬਾਣੀ ਉਕਤੀਆਂ ਦੇ ਪ੍ਰਸੰਗਿਕ ਹਵਾਲੇ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਯਾਤ੍ਰਾ ਦੌਰਾਨ ਸ਼ਿਵ ਨਾਭ ਦੀ ਪੁਤ੍ਰੀ ਨਾਲ ਇਹ ਸੰਵਾਦ ਰਚਾਇਆ ਜਿਸ ਦੇ ਪ੍ਰਮਾਣ ਸਾਨੂੰ ਜਨਮਸਾਖੀਆਂ ਵਿਚੋਂ ਮਿਲਦੇ ਹਨ। ਜੇਕਰ ਜਨਮਸਾਖੀ ਦੇ ਪ੍ਰਸੰਗਾਂ ਪ੍ਰਤਿ ਅਨਿਸ਼ਚਤਾ ਵੀ ਹੋਵੇ ਤਦ ਵੀ ਇਹ ਕਿਸੇ ਰਾਜ ਕੰਨਿਆ ਦੇ ਵਿਚਾਰਾਂ ਦੀ ਸ਼ੰਕਾ ਨਵਿਰਤੀ ਉਪਰਾਂਤ ਉਸਨੂੰ ਪਰਮਾਤਮਾ ਦੇ ਨਾਮ ਜਪਣ ਅਤੇ ਸੱਚੀ ਸੁੰਦਰਤਾ ਦਾ ਸੁਨੇਹਾ ਹੈ।

ਇਸ ਪ੍ਰਕਾਰ ਲਾਲੋ, ਸਜਣ, ਮੂਲੇ ਕਿਰਾੜ, ਭਰਥਰੀ ਜੋਗੀ, ਸ਼ੇਖ ਬ੍ਰਹਮ ਆਦਿ ਦੇ ਪ੍ਰਸੰਗ ਨਾਲ ਸੰਬੰਧਿਤ ਬਾਣੀ ਤੋਂ ਸਪਸ਼ਟ ਹੁੰਦਾ ਹੈ ਕਿ ਉਕਤ ਵਰਣਿਤ ਇਹਨਾਂ ਵਿਅਕਤੀਆਂ ਨਾਲ ਗੁਰੂ ਸਾਹਿਬ ਨੇ ਸੰਵਾਦ ਰਚਾਏ ਹੋਣਗੇ ਜਿਸਦੇ ਇਤਿਹਾਸਕ ਪ੍ਰਸੰਗਿਕ ਪ੍ਰਕਰਣ ਇਸ ਦੇ ਪ੍ਰਤੱਖ ਪ੍ਰਮਾਣ ਹਨ। ਸੰਵਾਦ ਦੀ ਇਸ ਵਿਧਾ ਤੋਂ ਸਪਸ਼ਟ ਰੂਪ ਵਿਚ ਸਾਡੇ ਸਾਹਮਣੇ ਭਾਸ਼ਾਈ ਅਭਿਵਿਅਕਤੀ ਦਾ ਇਕ ਹੋਰ ਅਹਿਮ ਰੂਪ ਦ੍ਰਿਸ਼ਟਮਾਨ ਹੁੰਦਾ ਹੈ, ਉਹ ਹੈ ਭਿੰਨ ਭਿੰਨ ਲੋਕਾਂ ਨਾਲ ਹੋਏ ਵਾਰਤਾਲਾਪ ਦੁਆਰਾ ਉਪਜੇ ਹੋਏ ਭਿੰਨ ਭਿੰਨ ਸੰਬੋਧਨੀ ਰੂਪਾਂ ਦਾ। ਇਹ ਸੰਬੋਧਨੀ ਰੂਪ ਆਪਣੇ ਆਪ ਵਿਚ ਇਕ ਵਖਰੀ ਸੰਚਾਰਕ ਸ਼ਕਤੀ ਵਜੋਂ ਕਾਰਜਸ਼ੀਲ ਰਹਿੰਦੇ ਹਨ। ਇਹਨਾਂ ਸੰਬੋਧਨੀ ਰੂਪਾਂ ਨੂੰ ਸੁਤੰਤਰ ਰੂਪ ਵਿਚ ਵਿਚਾਰਨਾ ਅਭਿਵਿਅਕਤੀ ਦੀ ਮੌਲਿਕਤਾ ਦੀ ਇਕ ਵਿਲੱਖਣ ਪਹਿਚਾਣ ਹੈ।

2.2.2 ਸੰਬੋਧਨ ਵਿਧੀ: ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਵੱਖ ਵੱਖ ਸੰਬੋਧਨਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਸੰਬੋਧਨ ਬਾਣੀ ਪ੍ਰਬੰਧ ਦੀ ਅਭਿਵਿਅਕਤੀ ਦੀ ਮੌਲਿਕਤਾ ਦੇ ਵਿਸ਼ਿਸ਼ਟ ਲੱਛਣ ਵਜੋਂ ਉਜਾਗਰ ਹੋ ਰਹੇ ਹਨ। ਜਿਨ੍ਹਾਂ ਦਾ ਆਧਾਰ 'ਸਾਂਝੀ ਸਗਲ ਜਹਾਨੇ' ਵਾਲੇ ਨੁਕਤੇ ਤੇ ਆਧਾਰਿਤ ਹੈ।

---

136. ਆਦਿ ਗ੍ਰੰਥ, ਬਸੰਤ ਮਹਲਾ 1, ਪੰਨਾ 1187

ਸਰਬਲੋਕਾਈ ਨੂੰ ਸੰਬੋਧਿਤ ਹੋਣ ਤੋਂ ਇਲਾਵਾ ਗੁਰੂ ਨਾਨਕ ਆਪਣੇ ਆਪ ਭਾਵ ਸ੍ਵੈ ਨੂੰ ਸੰਬੋਧਿਤ ਹੋ ਕੇ ਮਨੁੱਖੀ ਮਨ ਵਿਚ ਉਠਣ ਵਾਲੇ ਸ਼ੰਕਿਆਂ ਦੀ ਨਵਿਰਤੀ ਕਰਦੇ ਹਨ:

- ਐ ਜੀ ਜਨਮਿ ਮਰੈ ਆਵੈ ਫੁਨਿ ਜਾਵੈ ਬਿਨੁ
  ਗੁਰ ਗਤਿ ਨਹੀ ਕਾਈ।।[137]

- ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ।।[138]

- ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।।[139]

- ਨਾਨਕ ਦੁਨੀਆ ਕੈਸੀ ਹੋਈ।।
  ਸਾਲਕੁ ਮਿਤੁ ਨ ਰਹਿਓ ਕੋਇ।।[140]

ਸ੍ਵੈ ਸੰਬੋਧਨ ਦੀਆਂ ਉਕਤ ਤੁਕਾਂ ਸੰਬੋਧਨ ਵਿਧਾ ਦੇ ਅੰਤਰਗਤ ਜਿਥੇ ਅਨੇਕ ਥਾਈਂ ਕਾਰਜਸ਼ੀਲ ਰਹਿੰਦੀਆਂ ਹਨ, ਉਥੇ ਗੁਰੂ ਨਾਨਕ ਜਦੋਂ ਆਪਣੇ ਆਪ ਨੂੰ ਲੋਕਾਈ ਸੰਗ ਇਕਮਿਕ ਕਰਕੇ ਪਰਮਾਤਮਾ ਨੂੰ ਸੰਬੋਧਨ ਹੁੰਦੇ ਹਨ ਤਾਂ ਸੰਬੋਧਨ ਦੀ ਇਹ ਵਿਧਾ ਅਤਿ ਸਸ਼ਕਤ ਰੂਪ ਧਾਰਨ ਕਰ ਲੈਂਦੀ ਹੈ। ਉਸ ਵਕਤ ਗੁਰੂ ਨਾਨਕ ਆਪ ਵਕਤਾ ਵੀ ਹੈ ਤੇ ਸ੍ਰੋਤਾ ਵੀ ਹੋ ਪਰਮਾਤਮਾ ਨੂੰ ਸੰਬੋਧਨ ਕਰਦੇ ਹੋਏ ਅਨੇਕ ਵਿਸ਼ਿਆਂ ਸੰਬੰਧੀ ਪ੍ਰਸ਼ਨ ਕਰਦੇ ਹਨ:

- ਕਤ ਕੀ ਮਾਈ ਬਾਪੁ ਕਤ ਕੇਰਾ
  ਕਿਦੂ ਥਾਵਹੁ ਹਮ ਆਏ।।
  ਅਗਨਿ ਬਿੰਬ ਜਲ ਭੀਤਰਿ ਨਿਪਜੇ
  ਕਾਹੇ ਕੰਮਿ ਉਪਾਇ।।1।।
  ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ।।[141]

---

137. ਆਦਿ ਗ੍ਰੰਥ, ਗੂਜਰੀ ਮਹਲਾ 1, ਪੰਨਾ 504
138. ਆਦਿ ਗ੍ਰੰਥ, ਸਿਰੀ ਰਾਗ, ਪੰਨਾ 20
139. ਆਦਿ ਗ੍ਰੰਥ, ਆਸਾ ਮਹਲਾ 1, ਛੰਤ, ਪੰਨਾ 438
140. ਆਦਿ ਗ੍ਰੰਥ, ਸਲੋਕ ਮਹਲਾ 1, ਪੰਨਾ 1410
141. ਆਦਿ ਗ੍ਰੰਥ, ਗਉੜੀ ਚੇਤੀ ਮਹਲਾ 1, ਪੰਨਾ 156

- ਸੁਣਿ ਸੁਣਿ ਬੂਝੈ ਮਾਨੈ ਨਾਉ॥<br>ਤਾ ਕੈ ਸਦ ਬਲਿਹਾਰੈ ਜਾਉ॥<br>ਆਪਿ ਭੁਲਾਏ ਠਉਰ ਨ ਠਾਉ॥<br>ਤੂੰ ਸਮਝਾਵਹਿ ਮੇਲ ਮਿਲਾਉ॥[142]

- ਤੂ ਦਰੀਆਉ ਦਾਨਾ ਬੀਨਾ ਮੈਂ ਮਛੁਲੀ ਕੈਸੇ ਅੰਤੁ ਲਹਾ॥[143]

- ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ॥[144]

- ਤੂੰ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਣ ਵਡਾਈ॥[145]

ਜਦੋਂ ਕਿ ਆਪ ਸਰੋਤੇ/ਜਗਿਆਸੂ ਨੂੰ ਸੰਬਿਧਿਤ ਹੁੰਦੇ ਹਨ ਤਾਂ ਆਪਣੇ ਸਰੋਤੇ ਨਾਲ ਉਸਦੀ ਮਾਨਸਿਕ ਬਣਤਰ, ਉਸਦੇ ਚੇਤਨ ਅਵਚੇਤਨ ਪਿਛੋਕੜ ਦੇ ਸੰਪੂਰਨ ਸੰਦਰਭ ਨੂੰ ਪਛਾਣਦਿਆਂ ਭਿੰਨ ਭਿੰਨ ਸੰਬਿਧਨ ਸਿਰਜਦੇ ਹਨ। ਇਹ ਵਿਭਿੰਨ ਪ੍ਰਕਾਰੀ ਸੰਬਿਧਨ ਆਪਣੇ ਜਗਿਆਸੂ ਸਰੋਤੇ ਨਾਲ ਸਹਿਜ, ਸੁਖੈਨ ਤੇ ਸਦੀਵੀ ਸਾਂਝ ਸਥਾਪਿਤ ਕਰਨ ਵਿਚ ਸਹਾਈ ਹੁੰਦੇ ਹਨ। ਜਿਨ੍ਹਾਂ ਦੁਆਰਾ ਬਾਣੀ ਸੰਦੇਸ਼ ਦਾ ਸੰਚਾਰ ਸਰੋਤੇ ਤਕ ਸਿੱਧਾ ਤੇ ਸਪਾਟ ਧੁਰ ਅੰਤਰੀਵ ਤਕ ਸੰਚਾਰਿਤ ਹੋ ਕੇ ਆਪਣੇ ਪ੍ਰਯੋਜਨ ਦੀ ਸਿਧੀ ਕਰਦਾ ਹੈ। ਇਹਨਾਂ ਸੰਬਿਧਨਾਂ ਦੇ ਵਿਭਿੰਨ ਰੂਪ ਇਸ ਪ੍ਰਕਾਰ ਹਨ:

- ਸੋ ਕਿਉ ਵਿਸਰੈ ਮੇਰੀ ਮਾਇ॥[146]

- ਬਾਬਾ ਮਾਇਆ ਸਾਥਿ ਨ ਹੋਇ॥[147]

---

142. ਆਦਿ ਗ੍ਰੰਥ, ਗਉੜੀ ਮਹਲਾ ੧, ਦਖਣੀ, ਪੰਨਾ 152
143. ਆਦਿ ਗ੍ਰੰਥ, ਸਿਰੀ ਰਾਗ ਮਹਲਾ ੧, ਪੰਨਾ 25
144. ਆਦਿ ਗ੍ਰੰਥ, ਸੋਰਠ ਮਹਲਾ ੧, ਪੰਨਾ 596
145. ਆਦਿ ਗ੍ਰੰਥ, ਬਿਲਾਵਲ ਮਹਲਾ ੧, ਪੰਨਾ 795
146. ਆਦਿ ਗ੍ਰੰਥ, ਰਾਗ ਆਸਾ ਮਹਲਾ ੧, ਪੰਨਾ 349
147. ਆਦਿ ਗ੍ਰੰਥ, ਸੋਰਠਿ ਮਹਲਾ ੧, ਪੰਨਾ 595

- ਨਉ ਦਰਵਾਜੇ ਦਸਵਾ ਦੁਆਰੁ।।
  ਬੁਝੁ ਰੇ ਗਿਆਨੀ ਏਹੁ ਬੀਚਾਰੁ।।[148]

- ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ।।
  ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਪਾਰੁ।।[149]

- ਸੁਣਿ ਪਾਡੇ ਕਿਆ ਲਿਖਹੁ ਜੰਜਾਲਾ।।
  ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ।।1।।[150]

- ਸੁਣਿ ਪੰਡਿਤ ਕਰਮਾ ਕਾਰੀ
  ਜਿਤੁ ਕਰਮਿ ਸੁਖੁ ਉਪਜੈ ਸੁ ਆਤਮ ਤਤੁ ਬੀਚਾਰੀ।।[151]

ਵਿਭਿੰਨ ਪ੍ਰਕਾਰੀ ਉਕਤ ਸੰਬੋਧਨ ਜਿਥੇ ਵਿਅਕਤੀ ਵਿਸ਼ੇਸ਼ ਨੂੰ ਸੰਬੋਧਨ ਹੋ ਰਹੇ ਹਨ ਉਥੇ ਸਮੂਹ ਜਾਤੀ ਪਰੰਪਰਾ ਨੂੰ ਵੀ ਆਪਣੇ ਕਲਾਵੇ ਵਿਚ ਲੈ ਰਹੇ ਹਨ। ਇਹਨਾਂ ਸੰਬੋਧਨਾਂ ਨੂੰ ਹੋਰ ਘਨੇਰਾ ਤੇ ਘਨਿਸ਼ਠ ਬਣਾਉਣ ਲਈ ਗੁਰੂ ਨਾਨਕ ਸ਼ਬਦਾਂ ਦਾ ਅਜਿਹਾ ਚਮਤਕਾਰ ਸਿਰਜਦੇ ਹਨ ਕਿ ਇਕ ਵਿਅਕਤੀ ਨੂੰ ਹੀ ਕਈ ਵਾਰ ਅਪਣੱਤ ਤੇ ਮੋਹ ਭਿਜੇ ਬੋਲਾਂ ਨਾਲ ਇੰਝ ਸੰਬੋਧਿਤ ਹਨ ਕਿ ਸੁਣਨ ਵਾਲਾ ਇਸ ਮੋਹ ਭਰੀ ਅਣਭਿਜਤਾ ਤੋਂ ਵਾਂਝਿਆ ਨਹੀਂ ਰਹਿ ਸਕਦਾ ਤੇ ਜਦੋਂ ਸੰਬੋਧਨ ਇਸ ਪ੍ਰਕਾਰ ਦੇ ਹੋਣਗੇ ਤਾਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹਨਾਂ ਵਿਚਲਾ ਸੰਦੇਸ਼ ਕਿੱਡਾ ਸਾਰਥਕ ਹੋ ਸ੍ਰੋਤੇ ਤਕ ਸੰਚਾਰਿਤ ਹੋਵੇਗਾ। ਨਿਮਨਲਿਖਤ ਤੁਕਾਂ ਇਸ ਦੀਆਂ ਪ੍ਰਤੱਖ ਉਦਾਹਰਣਾਂ ਹਨ:

- ਸਖੀ ਸਹੇਲੀ ਗਰਬਿ ਗਹੇਲੀ
  ਸੁਣਿ ਸਹ ਕੀ ਇਕ ਬਾਤ ਸੁਹੇਲੀ।।[152]

---

148. ਆਦਿ ਗ੍ਰੰਥ, ਗਉੜੀ ਮਹਲਾ 1, ਪੰਨਾ 152
149. ਆਦਿ ਗ੍ਰੰਥ, ਸਲੋਕ ਮਹਲਾ 1, ਪੰਨਾ 1410
150. ਆਦਿ ਗ੍ਰੰਥ, ਰਾਮਕਲੀ ਮਹਲਾ 1, ਪੰਨਾ 930
151. ਆਦਿ ਗ੍ਰੰਥ, ਸੋਰਠਿ ਮਹਲਾ 1, ਆਦਿ ਗ੍ਰੰਥ, ਪੰਨਾ 635
152. ਆਦਿ ਗ੍ਰੰਥ, ਮਾਰੂ ਮਹਲਾ 1, ਪੰਨਾ 990

- ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੇ।।[153]

ਉਪਰੋਕਤ ਸੰਬੋਧਨਾਂ ਤੋਂ ਗੁਰੂ ਨਾਨਕ ਤੇ ਲੋਕਾਂ ਵਿਚਕਾਰ ਅਟੁੱਟ ਸਾਂਝ ਦਾ ਅਜਿਹਾ ਰਿਸ਼ਤਾ ਪ੍ਰਤੀਤ ਹੁੰਦਾ ਹੈ ਜੋ ਸੰਚਾਰ ਕਰਮ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਦਾ ਹੈ। ਸੰਚਾਰ ਦੀ ਇਸ ਵਿਧਾ ਦੇ ਅੰਤਰਗਤ ਜਦੋਂ ਆਪ ਸਿੱਧੇ ਤੌਰ ਤੇ ਕਿਸੇ ਧਾਰਮਿਕ ਆਗੂ ਕਾਜੀ, ਬ੍ਰਾਹਮਣ, ਮੁਸਲਮਾਨ, ਜੋਗੀ, ਸ਼ੇਖ ਆਦਿ ਸੰਬੋਧਿਤ ਹੋ ਕੇ ਸਿੱਧਾ ਵਾਰਤਾਲਾਪ ਕਰਦੇ ਹਨ ਤਾਂ ਆਪਣੇ ਖਿਆਲਾਂ/ਵਿਚਾਰਾਂ ਨੂੰ ਤਰਕ ਤੇ ਦਲੀਲ ਦੀ ਅਜਿਹੀ ਜਕੜ ਵਿਚ ਬਣਾ ਦਿੰਦੇ ਹਨ ਕਿ ਸਾਹਮਣੇ ਸੰਬੋਧਿਤ ਹੋ ਰਿਹਾ ਵਿਅਕਤੀ ਇੰਜ ਪ੍ਰਭਾਵਿਤ ਹੋ ਜਾਂਦਾ ਹੈ ਕਿ ਬਿਨਾਂ ਕਿਸੇ ਪ੍ਰਤਿਕਰਮ ਤੋਂ ਉਹ ਨਤਮਸਤਕ ਹੋ ਸੰਦੇਸ਼ ਨੂੰ ਆਪਣੇ ਅੰਗੀਕਾਰ ਕਰ ਲੈਂਦਾ ਹੈ। ਉਕਤ ਜੁਗਤ ਨੂੰ ਆਪਨੇ ਵਿਭਿੰਨ ਸਮਾਜਿਕ ਧਾਰਮਿਕ ਆਡੰਬਰਾਂ ਅਤੇ ਫੋਕੇ ਰਸਮਾਂ ਰਿਵਾਜਾਂ ਨੂੰ ਦੂਰ ਕਰਨ ਹਿਤ ਪ੍ਰਯੁਕਤ ਕੀਤਾ। ਰਾਗ ਆਸਾ ਵਿਚ ਨਿਬੱਧ ਆਪ ਦਾ ਨਿਮਨਲਿਖਤ ਸ਼ਬਦ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ।।
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ।।
ਲੋਕਾ ਮਤ ਕੋ ਫਕੜਿ ਪਾਇ।।
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।।੧।।ਰਹਾਉ।।
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ।।
ਐਥੇ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ।।੨।।[154]

ਉਪਰੋਕਤ ਦਾ ਅਧਿਐਨ ਕਰੀਏ ਤਾਂ ਸਪਸ਼ਟ ਹੈ ਕਿ ਗੁਰੂ ਨਾਨਕ ਕਿਸੇ ਪਿੰਡ ਭਰਾਉਣ ਲਈ ਪਾਂਡੇ ਜਾਂ ਹੋਰ ਕਿਸੇ ਨੂੰ ਸੰਬੋਧਿਤ ਹੋ ਕੇ ਬਚਨ ਕਰ ਰਹੇ ਹਨ ਕਿ ਅਸਲ ਸੰਸਕਾਰ ਤਾਂ ਪਰਮਾਤਮਾ ਦਾ ਨਾਮ ਹੈ ਉਹੀ ਸਤਿ ਹੈ। ਸੰਬੋਧਿਨ ਦੀਆਂ ਉਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਇਹ ਸੰਬੋਧਨ ਆਪਣੇ ਸਰੋਤਾ/ਜਗਿਆਸੂ ਨਾਲ ਸਿੱਧੇ ਤੌਰ ਤੇ ਜਾਤੀਗਤ ਲੱਛਣਾਂ, ਗੁਣਾਂ ਸਹਿਤ ਸਦੀਵੀ ਹੋ

153. ਆਦਿ ਗ੍ਰੰਥ, ਗਉੜੀ ਮਹਲਾ ੧, ਪੰਨਾ 243

154. ਆਦਿ ਗ੍ਰੰਥ, ਰਾਗ ਆਸਾ ਮਹਲਾ ੧, ਪੰਨਾ 358

ਨਿਬੜਦੇ ਹਨ। ਇਹਨਾਂ ਵਿਚੋਂ ਵਿਸ਼ੇਸ਼ ਜਾਤੀ, ਵਿਅਕਤੀ ਦੀ ਪ੍ਰਤਿਨਿਧਤਾ ਕਰਨ ਵਾਲੇ ਅਨੇਕਾਂ ਅਜਿਹੇ ਸੰਬਿਧਨ ਵੀ ਹਨ ਜੋ ਆਪ ਦੇ ਜੀਵਨ ਸੰਗ ਜੁੜੀਆਂ ਹੋਈਆਂ ਵਿਭਿੰਨ ਘਟਨਾਵਾਂ ਨੂੰ ਪ੍ਰਮਾਣਿਕ ਵੀ ਕਰਦੇ ਹਨ। ਇਹਨਾਂ ਦੇ ਸੰਦਰਭਿਕ ਪਿਛੋਕੜ ਨੂੰ ਜਾਣਿਆਂ ਪਤਾ ਲਗਦਾ ਹੈ ਕਿ ਇਸ ਸੰਬਿਧਨ ਵਿਧਾ ਦੁਆਰਾ ਆਪ ਨੇ ਜਿਥੇ ਸੰਬੰਧਿਤ ਵਿਅਕਤੀ ਵਿਸ਼ੇਸ਼ ਦੀ ਸ਼ੰਕਾ ਨਿਵਰਤੀ ਕਰਦਿਆਂ ਕਰਦਿਆਂ ਬਾਣੀ ਦਾ ਸੰਦੇਸ਼ ਦਿੱਤਾ ਉਥੇ ਵਰਤਮਾਨ ਸਮੇਂ ਬਾਣੀ ਵਿਚ ਇਹ ਸੰਬਿਧਨ ਅੱਜ ਵੀ ਪਾਠਕ ਸਰੋਤੇ ਜਾਂ ਜਗਿਆਸੂ ਨਾਲ ਸਿੱਧਾ ਸੰਪਰਕ ਕਰਨ ਵਿਚ ਸਮਰੱਥ ਹਨ:

- ਜੈਸੀ ਮੈ ਆਵੈ ਖਸਮ ਕੀ ਬਾਣੀ
  ਤੈਸੜਾ ਕਰੀ ਗਿਆਨੁ ਵੇ ਲਾਲੋ ।।[155]

- ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ
  ਮਰਣੁ ਨਾ ਜਾਪੈ ਮੂਲਿਆ ਆਵੈ ਕਿਤੈ ਥਾਇ।।[156]

- ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।।
  ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।।
  ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍।।[157]

---

155. ਆਦਿ ਗ੍ਰੰਥ, ਤਿਲੰਗ ਮਹਲਾ ੧, ਪੰਨਾ 722

ਲਾਲੋ ਘਟਓੜਾ ਜਾਤੀ ਦਾ ਇਕ ਤਰਖਾਣ ਸਿੱਖ ਜੋ ਗੁਰੂ ਨਾਨਕ ਦਾ ਅਨਿਨ ਸਿੱਖ ਹੋਇਆ। ਜੋ ਇਸ ਜਾਤੀ ਦੀ ਪ੍ਰਤਿਨਿੱਧਤਾ ਕਰ ਰਿਹਾ ਹੈ।

156. ਆਦਿ ਗ੍ਰੰਥ, ਸਲੋਕ ਮਹਲਾ ੧, ਪੰਨਾ 1412

ਸਿਆਲਕੋਟ ਦਾ ਵਸਨੀਕ ਮੂਲਾ ਕਿਰਾੜ ਜਿਸ ਨੇ ਮਰਦਾਨੇ ਨੂੰ ਟਕੇ ਦਾ ਸੌਦਾ ਦਿੱਤਾ ਸੀ "ਕਿ ਮਰਣਾ ਸੱਚ ਅਤੇ ਜਿਊਣਾ ਝੂਠ ਹੈ।"

157. ਆਦਿ ਗ੍ਰੰਥ, ਸੂਹੀ ਮਹਲਾ ੧, ਪੰਨਾ 729

ਤੁਲੰਭਾ ਪਿੰਡ ਦਾ ਵਸਨੀਕ ਇਕ ਠੱਗ ਜੋ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਦੁਆਰਾ ਸੱਚਾ ਸਜਣ ਬਣਿਆ।

ਸੰਬੋਧਨ ਦੀਆਂ ਉਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਇਹ ਸੰਬੋਧਨ ਸਿੱਧੇ ਤੌਰ ਤੇ ਆਪਣੇ ਸਰੋਤਾ/ਜਗਿਆਸੂ ਨਾਲ ਸਹਿਜ ਤੇ ਘਨੇਰਾ ਸੰਬੰਧ ਸਥਾਪਿਤ ਕਰ ਰਿਹਾ ਹੈ। ਮਾਨਵੀ ਜੀਵਨ ਦੀ ਸਮਾਜੀ ਬਣਤਰ, ਸਮਾਜੀ ਰਿਸ਼ਤੇ ਅਤੇ ਭਿੰਨ ਭਿੰਨ ਵਿਅਕਤਿਤਵਾਂ ਦੇ ਨਿਜੀ ਮੌਲਿਕ ਤੇ ਸਾਂਝੇ (ਜਾਤੀਗਤ) ਸਦੀਵੀ ਗੁਣਾਂ ਤੇ ਲੱਛਣਾਂ ਨੂੰ ਸੰਬੰਧਿਤ ਬਾਣੀ ਵਿਚ ਇਸ ਤਕਨੀਕ ਨਾਲ ਪ੍ਰਯੋਗ ਕੀਤਾ ਗਿਆ ਹੈ ਕਿ ਇਹ ਸੰਬੋਧਨ ਬਾਣੀ ਦਾ ਵਿਸ਼ਿਸ਼ਟ ਅੰਗ ਹੋ ਨਿਬੜੇ ਹਨ। ਜੋ ਬਾਣੀ ਸੰਦੇਸ਼ ਨੂੰ ਪ੍ਰਗਟ ਕਰਨ ਵਿਚ ਅਤਿ ਸਹਾਈ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ।

2.2.3 ਪ੍ਰਸ਼ਨੋਤਰੀ ਵਿਧੀ: ਭਾਸ਼ਾ ਦੀਆਂ ਉਕਤ ਵਰਣਿਤ ਭਾਸ਼ਾਈ ਸੰਚਾਰ ਵਿਧੀਆਂ ਤੋਂ ਬਿਨਾਂ ਇਕ ਹੋਰ ਸਮਰੱਥ ਵਿਧੀ ਗੁਰੂ ਨਾਨਕ ਬਾਣੀ ਵਿਚ ਅਨੇਕ ਥਾਈਂ ਵਿਦਮਾਨ ਹੈ। ਇਸ ਵਿਧੀ ਦਾ ਨਾਮ ਪ੍ਰਸ਼ਨੋਤਰੀ ਵਿਧੀ ਹੈ। ਸਾਧਾਰਣ ਤੌਰ ਤੇ ਇਸ ਦੇ ਅਰਥ 'ਉਹ ਵਿਧੀ ਜਿਸ ਵਿਚ ਪ੍ਰਸ਼ਨ ਉਤਰ ਦਾ ਪ੍ਰਯੋਗ ਹੋਵੇ।' ਹੀ ਹੋਵੇਗਾ। ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਾਣੀ ਵਿਚ ਪ੍ਰਯੁਕਤ ਇਸ ਵਿਧੀ ਦੇ ਭਿੰਨ ਭਿੰਨ ਸਸ਼ਕਤ ਤੇ ਸਮਰੱਥ ਰੂਪ ਅਧਿਐਨ ਕਰਨ ਤੇ ਪ੍ਰਾਪਤ ਹੁੰਦੇ ਹਨ। ਜਿਸ ਤੋਂ ਇਸ ਵਿਧਾ ਦਾ ਵਿਸਤ੍ਰਿਤ ਰਚਨਾ ਪ੍ਰਬੰਧ ਅਤੇ ਵਿਸ਼ਾਲ ਪ੍ਰਯੋਗਾਤਮਕ ਸਮਰੱਥਾ ਦ੍ਰਿਸ਼ਟਮਾਨ ਹੁੰਦੀ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਇਹਨਾਂ ਵਿਭਿੰਨ ਪ੍ਰਸ਼ਨੋਤਰੀ ਵਿਧੀਆਂ ਦੇ ਰੂਪਾਂ ਨੂੰ ਅਸੀਂ ਨਿਮਨਲਿਖਤ ਅਨੁਸਾਰ ਵਰਗੀ-ਕ੍ਰਿਤ ਕਰ ਸਕਦੇ ਹਾਂ:

- ਇਕ ਤੁਕੀ ਪ੍ਰਸ਼ਨੋਤਰ
- ਤਰਕ ਯੁਕਤ ਪ੍ਰਸੰਗਿਕ ਪ੍ਰਸ਼ਨੋਤਰ
- ਤਰਕ ਤੇ ਉਦਾਹਰਣ ਯੁਕਤ ਪ੍ਰਸ਼ਨੋਤਰ
- ਵਿਅਕਤੀ ਵਿਸ਼ੇਸ਼ ਨਾਲ ਪ੍ਰਸ਼ਨੋਤਰ

ਇਕ ਤੁਕੀ ਪ੍ਰਸ਼ਨੋਤਰ: ਪ੍ਰਸ਼ਨੋਤਰੀ ਵਿਧਾ ਦੇ ਅੰਤਰਗਤ ਆਉਣ ਵਾਲੇ ਇਸ ਰੂਪ ਵਿਚ ਤੁਕ/ਤੁਕਾਂ ਦੀ ਸੰਖੇਪ ਬਣਤਰ ਹੈ ਜਿਸ ਦੇ ਅੰਤਰੀਵ ਵਿਚ ਸੰਖੇਪ ਤੋਂ ਸੰਖੇਪ ਉਦਾਹਰਣਾਂ ਸੂਖਮ ਰੂਪ ਵਿਚ ਅਦ੍ਰਿਸ਼ਟ ਰੂਪ ਵਿੱਚ ਦ੍ਰਿਸ਼ਟਮਾਨ ਹਨ। ਇਨ੍ਹਾਂ ਵਿੱਚ ਕੁੱਝ ਸ਼ਬਦਾਂ ਦੁਆਰਾ ਪ੍ਰਸ਼ਨ ਕਰਕੇ ਉਸ ਦਾ ਸਿੱਧਾ ਤੇ ਸਪਸ਼ਟ ਉਤਰ ਪ੍ਰਗਟ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁਜੀ' ਦੇ ਵਿਚ ਇਸ ਵਿਧੀ ਦਾ ਪ੍ਰਯੋਗ ਵੇਖਿਆ ਜਾ ਸਕਦਾ ਹੈ ਜਦੋਂ ਆਪ ਸਤਿ ਰੂਪ ਪਰਮਾਤਮਾ ਨੂੰ ਪਾਉਣ ਲਈ ਪ੍ਰਸ਼ਨ ਕਰਦੇ ਹਨ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।[158]

ਉਕਤ ਤੁਕ ਦਾ ਅਗਲੀ ਪੰਕਤੀ ਵਿਚ ਹੀ ਉਤਰ ਦਿੰਦੇ ਹਨ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।[159]

ਜਦੋਂ ਕਿ ਇਸ ਤੋਂ ਬਾਅਦ ਹੁਕਮ ਦੀ ਵਿਆਖਿਆ ਆਪ ਸ੍ਰੋਤੇ/ਜਗਿਆਸੂ ਦੀ ਚੇਤਨਾ ਵਿੱਚ ਉਪਜਣ ਵਾਲੀ ਸ਼ੰਕਾ ਦੀ ਨਵਿਰਤੀ ਨੂੰ ਸਨਮੁੱਖ ਰਖਦਿਆਂ ਵਿਸਤ੍ਰਿਤ ਰੂਪ ਵਿੱਚ ਕਰ ਦਿੰਦੇ ਹਨ। ਇਸ ਪ੍ਰਕਾਰ ਵਿਭਿੰਨ ਰਾਗਾਂ ਵਿੱਚ ਉਚਾਰਿਤ ਕੀਤੇ ਆਪ ਦੇ ਬਹੁਤ ਸਾਰੇ ਸਲੋਕਪ੍ਰਸ਼ਨੋਤਰ ਵਿਧਾ ਦੇ ਅੰਤਰਗਤ ਆਉਂਦੇ ਹਨ ਜਿਸ ਵਿੱਚ ਸਲੋਕ ਦੇ ਆਰੰਭ ਵਾਲੀਆਂ ਤੁਕਾਂ ਪ੍ਰਸ਼ਨ ਰੂਪ ਵਿੱਚ ਹਨ ਅਤੇ ਅੰਤ ਵਾਲੀਆਂ ਤੁਕਾਂ ਉਸੇ ਪ੍ਰਸ਼ਨ ਦਾ ਨਿਵਾਰਣ ਉਤਰ ਰੂਪ ਵਿੱਚ ਕਰਦੀਆਂ ਹਨ। ਸਿਰੀ ਰਾਗ ਵਿੱਚ ਉਚਾਰਿਤ ਕੀਤਾ ਗਿਆ ਗੁਰੂ ਨਾਨਕ ਦੇਵ ਜੀ ਦਾ ਨਿਮਨਲਿਖਤ ਸਲੋਕ ਇਸ ਦੀ ਪ੍ਰਮੁੱਖ ਉਦਾਹਰਣ ਹੈ:

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ
ਮੁਠੀ ਕ੍ਰੋਧਿ ਚੰਡਾਲਿ।।
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ।।
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ।।
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ।।[160]

ਉਕਤ ਵਰਣਿਤ ਸਲੋਕ ਜੋ ਕੇ ਪ੍ਰਸੰਗਾਂ ਅਤੇ ਹਵਾਲੇ ਸਹਿਤ ਬਾਣੀ ਵਿਚ ਦਰਜ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਕ ਦਿਨ ਸਵੇਰ ਸਾਰ ਭਾਈ ਮਰਦਾਨੇ ਨੂੰ ਇਕ ਵੈਸ਼ਨੋ ਪਾਸ ਲਕੜਾਂ ਲੈਣ ਭੇਜਿਆ। ਉਹ ਅੱਗੋ ਚੌਕਾ ਭਾਂਡਾ ਕਰ ਰਿਹਾ ਸੀ। ਮਰਦਾਨੇ ਨੂੰ ਦੇਖ ਕੇ ਉਹਨੂੰ ਰੋਹ ਚੜ੍ਹ ਗਿਆ ਕਿ ਨੀਚ ਜਾਤ ਮੱਥੇ ਆਣ ਲਗਾ ਤੇ ਚਉਕੇ ਦੀ ਪਵਿਤ੍ਰਤਾ ਜਾਂਦੀ ਰਹੀ। ਗੁਰੂ ਜੀ ਉਸ ਦੀ ਪਰਥਾਇ ਇਹ

---

158. ਆਦਿ ਗ੍ਰੰਥ, ਪੰਨਾ 1

159. ਉਹੀ

160. ਆਦਿ ਗ੍ਰੰਥ, ਸਿਰੀ ਵਾਰ, ਸਲੋਕ ਮਹਲਾ 1, ਪੰਨਾ 91

ਸਲੋਕ ਉਚਾਰਣ ਕੀਤਾ ਜਿਸਦਾ ਪ੍ਰਥਮ ਚਰਣ ਪ੍ਰਸ਼ਨ ਰੂਪ ਹੈ ਅਤੇ ਦੂਸਰਾ ਚਰਣ ਉਸ ਪ੍ਰਸ਼ਨ ਦੀ ਨਵਿਰਤੀ ਦਾ ਉਤਰ ਰੂਪ ਹੈ। ਇਕ ਤੁਕੀ ਪ੍ਰਸ਼ਨੋਤਰ ਤੇ ਸਲੋਕ ਵਿਚ ਪ੍ਰਸ਼ਨੋਤਰ ਦੀ ਇਸ ਵਿਧਾ ਦਾ ਅਗਲਾ ਪੜਾਅ ਹੈ ਜਦੋਂ ਬਾਣੀ ਦੇ ਅੰਤਰਗਤ ਇਕ ਇਕਾਈ/ਸ਼ਬਦ ਵਿਚ ਪ੍ਰਸ਼ਨੋਤਰ ਦਾ ਰੂਪ ਵੇਖਣ ਵਿਚ ਆਉਂਦਾ ਹੈ। ਗੁਰੂ ਨਾਨਕ ਪ੍ਰਸ਼ਨੋਤਰ ਦੀ ਇਸ ਵਿਧਾ ਵਿਚ ਰਹਾਈ ਵਾਲੀ ਤੁਕ ਨੂੰ ਪ੍ਰਸ਼ਨ ਬਣਾਉਂਦੇ ਹਨ। ਉਪਰਾਂਤ ਵਿਭਿੰਨ ਦਲੀਲਾਂ ਅਤੇ ਵਿਚਾਰਾਂ ਦੁਆਰਾ ਸੰਬੰਧਿਤ ਵਿਸ਼ੇ ਨੂੰ ਸ੍ਰੋਤਾ/ਜਗਿਆਸੂ ਦੇ ਮਨ ਵਿਚ ਦ੍ਰਿੜ ਕਰਵਾਉਂਦੇ ਹਨ।

> ਅਫਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ।।
> ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ।।
> ਬਿਨੁ ਤੇਲ ਦੀਵਾ ਕਿਉ ਜਲੈ।।1।।ਰਹਾਉ।।[161]

ਉਪਰੋਕਤ ਸ਼ਬਦ ਵਿਚ ਰਹਾਉ ਵਾਲੀ ਤੁਕ 'ਬਿਨ ਤੇਲ ਦੀਵਾ ਕਿਉ ਜਲੈ' ਪ੍ਰਸ਼ਨਯੁਕਤ ਹੈ ਜਿਸ ਵਿਚ ਤੇਲ ਤੋਂ ਬਿਨਾਂ ਦੀਵਾ ਕਿਵੇਂ ਜਲਾਇਆ ਜਾ ਸਕਦਾ ਦਾ ਵਿਸ਼ੇਸ਼ ਪ੍ਰਸੰਗ ਹੈ। ਜਿਸ ਦਾ ਉਤਰ ਅਗਲੀਆਂ ਤੁਕਾਂ ਵਿਚ ਦਿੰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ:

> ਪੋਥੀ ਪੁਰਾਣ ਕਮਾਈਐ।।
> ਭਉ ਵਟੀ ਇਤੁ ਤਨਿ ਪਾਈਐ
> ਸਚੁ ਬੂਝਣ ਆਣਿ ਜਲਾਈਐ।।
> ਇਹੁ ਤੇਲੁ ਦੀਵਾ ਇਉ ਜਲੈ।।[162]

ਇਸ ਪ੍ਰਕਾਰ ਉਕਤ ਸ਼ਬਦ ਪ੍ਰਸ਼ਨੋਤਰ ਵਿਧਾ ਦੀ ਇਸ ਜੁਗਤ ਦੁਆਰਾ ਜਿਥੇ ਭਾਸ਼ਾਈ ਅਭਿਵਿਅਕਤੀ ਦੀ ਵਿਲੱਖਣਤਾ ਦਾ ਆਭਾਸ ਕਰਾਉਂਦਾ ਹੈ ਉਥੇ ਗੰਭੀਰ ਵਿਸ਼ੇ ਦੀ ਅਜਿਹੀ ਸਰਲ ਬੁਣਤ ਪਾਠਕ/ਸ੍ਰੋਤੇ ਦੇ ਚੇਤਨ ਵਿਚ ਸੌਖਿਆਂ ਹੀ ਵਸ ਕੇ ਸੰਦੇਸ਼ ਦੇ ਪ੍ਰਯੋਜਨ ਸਿਧੀ ਕਰਾਉਣ ਵਿਚ ਅਤਿ ਸਹਾਇਕ ਰੂਪ ਵਿਚ ਕਾਰਜਸ਼ੀਲ ਹੋ ਨਿਬੜਦੀ ਹੈ।

---

161. ਆਦਿ ਗ੍ਰੰਥ, ਸਿਰੀ ਰਾਗ ਮਹਲਾ 1, ਪੰਨਾ 25

162. ਉਹੀ, ਪੰਨਾ 25

ਤਰਕਯੁਕਤ ਪ੍ਰਸੰਗਿਕ ਪ੍ਰਸ਼ਨੋਤਰ: ਪ੍ਰਸ਼ਨੋਤਰ ਵਿਧੀ ਦਾ ਦੂਸਰਾ ਮਹੱਤਵਪੂਰਨ ਰੂਪ ਤਰਕਯੁਕਤ ਪ੍ਰਸੰਗਿਕ ਪ੍ਰਸ਼ਨੋਤਰ ਵਿਧਾ ਹੈ। ਇਸ ਵਿਧਾ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਸਮਕਾਲੀਨ ਇਤਿਹਾਸਿਕ, ਸਮਾਜਿਕ, ਧਾਰਮਿਕ ਪਰਿਪੇਖ ਦੇ ਸੰਦਰਭ ਵਿਚ ਉਨ੍ਹਾਂ ਵਿਸ਼ਿਆਂ ਨਾਲ ਸਿਧੇ ਸੰਬੰਧਿਤ ਹੁੰਦੇ ਹਨ ਜੋ ਲੋਕ ਸਮੂਹ ਨਾਲ ਅਤਿ ਗੰਭੀਰ ਰੂਪ ਵਿਚ ਜੁੜੇ ਹੋਏ ਹਨ।ਗੁਰੂ ਸਾਹਿਬ ਦੇ ਸਮੇਂ ਪੂਰਬੀ ਬਿਹਾਰ, ਬੰਗਾਲ, ਉੜੀਸਾ ਆਦਿ ਵਿਚ ਵੈਸ਼ਨੋ ਮੱਤ ਦਾ ਪ੍ਰਚਲਨ ਜ਼ੋਰਾਂ ਤੇ ਸੀ। ਵੈਸ਼ਨੋ ਮੱਤ ਵਾਲਿਆਂ ਦਾ ਸ਼ਿਰੋਮਣੀ ਤੇ ਪ੍ਰਸਿੱਧ ਮੰਦਿਰ ਜਗਨਨਾਥ ਪੁਰੀ ਹੈ। ਆਪ ਆਪਣੀ ਯਾਤ੍ਰਾ ਦੇ ਦੌਰਾਨ ਜਦੋਂ ਜਗਨਨਾਥ ਪੁਰੀ ਪਹੁੰਚਦੇ ਹਨ ਤਾਂ ਉਹਨਾਂ ਦੁਆਰਾ ਆਰਤੀ ਦੀ ਹੁੰਦੀ ਰਸਮ ਨੂੰ ਵੇਖ ਕੇ ਆਪਣੇ 'ਨਿਰਾਕਾਰ' ਦੀ ਆਰਤੀ ਕੁਦਰਤ ਦੇ ਦੁਆਰਾ ਸਾਕਾਰ ਕੀਤੀ ਤੇ ਇਸ ਆਰਤੀ ਦੀ ਸਿਰਜਣਾ ਕਰਦਿਆਂ ਆਪਣੇ ਵੈਸ਼ਣਵ ਮੱਤ ਵਾਲਿਆਂ ਦੀ ਆਰਤੀ ਨੂੰ ਨਾ ਤੇ ਨਿੰਦਿਆ ਅਤੇ ਨਾ ਹੀ ਕੋਈ ਫੋਕੀ ਰਸਮਪ੍ਰਸਤੀ ਜਾਂ ਆਡੰਬਰ ਜਾਣ ਕੇ ਉਪਦੇਸ਼ ਕੀਤਾ ਬਲਕਿ ਅਤਿ ਗੰਭੀਰ ਅਤੇ ਜਟਿਲ ਧਾਰਮਿਕ ਰਸਮ ਵਿਚ ਉਪਜੇ ਇਸ ਰੂਪ ਦਾ ਨਿਵਾਰਣ ਆਮ ਪ੍ਰਸ਼ਨੋਤਰ ਵਿਧਾ ਦੁਆਰਾ ਸਹਿਜ ਹੀ ਕੁਦਰਤ ਨਾਲ ਇਕਸੁਰ ਹੋ ਕੇ ਕਰ ਦਿੰਦੇ ਹਨ। ਜਦੋਂ ਆਪ 'ਰਹਾਉ' ਵਾਲੀ ਤੁਕ ਵਿਚ ਫੁਰਮਾਉਂਦੇ ਹਨ:

ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ
ਅਨਹਤਾ ਸਬਦ ਵਾਜੰਤ ਭੇਰੀ।।

ਉਕਤ ਪ੍ਰਸ਼ਨ ਦੇ ਉਤਰ ਵਿਚ ਕੁਦਰਤ ਦੁਆਰਾ ਚਿਤ੍ਰਤ ਕਾਦਰ ਦੀ ਆਰਤੀ ਦਾ ਦ੍ਰਿਸ਼ ਚਿਤਰਣ "ਗਗਨ ਮੈ ਥਾਲ ਰਵਿ ਚੰਦ ਦੀਪਕ ਬਣੇ ਤਾਰਿਕਾ ਮੰਡਲ ਮੋਤੀ" ਅਤਿ ਬੇਮਿਸਾਲ ਵੀ ਹੈ ਅਤੇ ਆਪ ਦੁਆਰਾ ਪ੍ਰਯੁਕਤ ਵਿਧਾ ਦਾ ਵਿਗਿਆਨਕ ਪਾਸਾਰਾ ਵੀ। ਇਸ ਪ੍ਰਕਾਰ ਇਹ ਵਿਧਾ ਅਹਿਮ ਗੰਭੀਰ ਤੇ ਅਤਿ ਸੂਖਮ ਵਿਸ਼ਿਆਂ ਨੂੰ ਸ਼ਬਦਾਂ ਦੇ ਸੰਕੁਚਿਤ ਤੀਬਰ ਤੇ ਵੇਗਪੂਰਨ ਪ੍ਰਵਾਹ ਦੁਆਰਾ ਚਮਤਕਾਰੀ (ਇਕਦਮ ਬਿਜਲੀ ਦੇ ਲਿਸ਼ਕਾਰੇ ਵਾਂਗੂ) ਪ੍ਰਕਾਸ਼ਨ ਕਰ ਦਿੰਦੀ ਹੈ।

ਤਰਕ ਤੇ ਉਦਾਹਰਣ ਯੁਕਤ ਪ੍ਰਸ਼ਨੋਤਰ: ਬਾਣੀ ਤੋਂ ਪ੍ਰਗਟ ਹੋਣ ਵਾਲੀ ਪ੍ਰਸ਼ਨੋਤਰ ਵਿਧਾ ਦਾ ਅਗਲੇਰਾ ਗੁਣ ਜਗਿਆਸੂ ਤੇ ਸਾਧਾਰਣ ਜੀਵ ਦੇ ਮਨ ਵਿਚ ਕਦਮ ਕਦਮ ਪੌੜੀ ਪੌੜੀ ਵਿਚਾਰਾਂ/ ਖਿਆਲਾਂ ਦੀ ਇਕ ਧਰਾਤਲ (platform) ਸਿਰਜਣਾ ਹੈ। ਵਿਚਾਰਾਂ ਦੀਆਂ ਵਿਭਿੰਨ ਦਲੀਲਾਂ ਦੁਆਰਾ ਇਸ ਧਰਾਤਲ ਦੀ ਸਿਰਜਣਾ ਕਰਦੇ ਹੋਏ ਗੁਰੂ ਨਾਨਕ ਮਨੁੱਖੀ ਮਨ ਵਿਚ ਸੰਬੰਧਿਤ ਵਿਚਾਰ ਦੀ ਸਤਿ ਜੋਤੀ ਇਕ ਦਮ ਪ੍ਰਜਵਲਿਤ ਕਰਦੇ ਹਨ। 'ਆਸਾ ਦੀ ਵਾਰ' ਵਿਚ ਇਸ ਦੀਆਂ ਕੁਝ ਉਦਾਹਰਣਾਂ ਸਪਸ਼ਟ ਹਨ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ।।
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ।।
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ।।
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।।
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ।।
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।।[163]

ਉਕਤ ਵਿਧੀ ਵਿਚ ਕਈ ਵਾਰ ਅਹਿਮ ਨੁਕਤਾ ਪ੍ਰਗਟ ਕਰਨ ਲਈ ਪ੍ਰਸ਼ਨਾਂ ਦੀ ਇਕ ਝੜੀ ਜਿਹੀ ਲਗਾ ਕੇ ਤਰਕ ਉਸਾਰਦੇ ਜਾਂਦੇ ਹਨ:

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।।
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ।।
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ।।
ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ।।
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।।
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰ।।[164]

ਵਿਅਕਤੀ ਵਿਸ਼ੇਸ਼ ਨਾਲ ਸੰਬੰਧਤ ਪ੍ਰਸ਼ਨੋਤਰ: ਬਾਣੀ ਵਿਚ ਪ੍ਰਸ਼ਨੋਤਰ ਵਿਧਾ ਦਾ ਇਹ ਰੂਪ ਅਭਿਵਿਅਕਤੀ ਦਾ ਵਿਸ਼ਿਸ਼ਟ ਅੰਦਾਜ਼ਾ ਹੈ। ਵਿਅਕਤੀ ਵਿਸ਼ੇਸ਼ ਨਾਲ ਪ੍ਰਸ਼ਨੋਤਰ ਦਾ ਜਿਹੜਾ ਸਰੂਪ ਸਾਡੇ ਸਾਹਮਣੇ ਆਉਂਦਾ ਹੈ ਉਸ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਵਿਭਿੰਨ ਧਾਰਮਿਕ ਆਗੂਆਂ, ਸੰਪਰਦਾਵਾਂ ਦੇ ਮੁਖੀਆਂ ਅਤੇ ਪ੍ਰਤਿਨਿਧੀਆਂ ਨਾਲ ਹੋਏ ਅਧਿਆਤਮਿਕ ਵਿਸ਼ਿਆਂ ਤੇ ਸੰਵਾਦ ਦਾ ਰੂਪ ਹੈ। ਇਸ ਦੁਆਰਾ ਵਿਅਕਤੀ ਵਿਸ਼ੇਸ਼ ਨਾਲ ਗੋਸ਼ਟ ਰਚਾ ਕੇ ਅਧਿਆਤਮਿਕ ਚਿੰਤਨ ਦਾ ਬੋਧ ਕਰਾਉਣਾ ਹੈ। ਜਿਸ ਦਾ ਪ੍ਰਮੁੱਖ ਰੂਪ 'ਸਿਧ ਗੋਸ਼ਟਿ' ਨਾਮਕ ਬਾਣੀ ਹੈ। ਗੁਰੂ ਨਾਨਕ ਬਾਣੀ ਵਿੱਚ ਦਰਜ

163. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 472
164. ਆਦਿ ਗ੍ਰੰਥ, ਆਸਾ ਦੀ ਵਾਰ, ਪੰਨਾ 468

ਸਿਧ ਗੋਸ਼ਟਿ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨਾਲ ਅਚਲ ਵਟਾਲੇ ਵਿਖੇ ਹੋਏ ਵਿਚਾਰਾਤਮਕ ਸੰਵਾਦ ਦਾ ਸਾਰੰਸ਼ ਰੂਪ ਹੈ। ਗੁਰੂ ਜੀ ਅਤੇ ਸਿਧਾਂ ਦੇ ਆਸਣ ਉਤੇ ਆ ਕੇ ਬੈਠਣਾ ਅਤੇ ਉਥੇ ਵਿਚਾਰਾਂ ਦਾ ਪ੍ਰਸ਼ਨੋਤਰ ਰਾਹੀ ਨਿਵਾਰਣ ਹੋਣਾ ਬਾਣੀ ਦੇ ਆਰੰਭ ਤੋਂ ਹੀ ਵੇਖਿਆ ਜਾ ਸਕਦਾ ਹੈ:

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ।।
ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ।।[165]

ਇਸ ਤੋਂ ਅਗੇ ਪ੍ਰਸ਼ਨ ਉਤਰ ਸ਼ੁਰੂ ਹੁੰਦੇ ਹਨ:

ਕਵਨ ਤੁਮੇ ~~ਕਵਨ~~ ਕਿਆ ਨਾਉ ਤੁਮਾਰਾ
ਕਉਨੁ ਮਾਰਗੁ ਕਉਨੁ ਸੁਆਓ।।[166]

ਉਪਰਾਂਤ ਬਹਿਸ ਆਰੰਭ ਹੋ ਜਾਂਦੀ ਹੈ ਜਿਸ ਵਿਚ ਗੁਰੂ ਸਾਹਿਬ ਹਠ ਜੋਗ ਦੇ ਕਸ਼ਟ ਤਪਾਂ ਦੀ ਥਾਂ ਪਰਮਾਤਮਾ ਦਾ ਇਕ ਨਾਮ, ਇਕ ਚਿਤ, ਇਕ ਸਤਿ, ਇਕ ਜੋਤਿ ਨਾਲ ਲਿਵ ਲਾਉਣ ਦਾ ਸੁਨੇਹਾ ਦਿੰਦੇ ਹਨ। ਸਿਧ ਗੋਸਟਿ ਵਿਚ ਪ੍ਰਸ਼ਨੋਤਰ ਦੀ ਇਹ ਵਿਧਾ ਦਾ ਪ੍ਰਯੋਗ ਸਿਧਾਂਤ ਵਿਸ਼ਿਆਂ ਦੇ ਭਿੰਨ ਭਿੰਨ ਸ਼ੰਕਿਆਂ ਦਾ ਨਿਵਾਰਣ ਹੈ, ਜਿਸ ਉਪਰਾਂਤ ਅੰਤ ਵਿਚ ਗੁਰੂ ਸਾਹਿਬ ਫਰਮਾਉਂਦੇ ਹਨ:

ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ।।
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ।।
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ।।
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ।।[167]

ਇਸੇ ਪ੍ਰਕਾਰ ਰਾਗ ਰਾਮਕਲੀ ਵਿਚ ਅਨੇਕ ਥਾਈ ਜੋਗੀਆਂ ਨਾਲ ਹੋਏ ਪ੍ਰਸ਼ਨੋਤਰ ਵੇਖਣ ਵਿੱਚ ਆਉਂਦੇ ਹਨ ਜਿਨ੍ਹਾਂ ਵਿੱਚ ਭਰਥਰੀ, ਮਛਿੰਦ੍ਰ, ਚਰਪਟ ਲੋਹਾਰੀਆ ਆਦਿ ਜੋਗੀਆਂ ਦੇ ਨਾਮ ਵਿਸ਼ੇਸ਼ ਰੂਪ ਵਿੱਚ

---

165. ਆਦਿ ਗ੍ਰੰਥ, ਰਾਮਕਲੀ ਮਹਲਾ 1, ਪੰਨਾ 938

166. ਆਦਿ ਗ੍ਰੰਥ, ਰਾਮਕਲੀ ਮਹਲਾ 1, ਪੰਨਾ 938

167. ਉਹੀ, ਪੰਨਾ 946

ਆਉਂਦੇ ਹਨ। 'ਗੋਸ਼ਟ' ਦੇ ਸਿਰਲੇਖ ਅਧੀਨ ਮਿਲਦੀ ਬਾਣੀ ਦੇ ਉਕਤ ਵਰਣਨ ਤੋਂ ਬਿਨਾਂ ਇਸ ਵਿਧਾ ਦੇ ਅੰਤਰਗਤ ਪਰਮੋ ਧਰਮ ਮੰਨਣ ਵਾਲੇ ਪਾਂਡੇ ਨਾਲ ਗੁਰੂ ਸਾਹਿਬ ਦੀ ਗੋਸ਼ਟ ਦਾ ਅੰਦਾਜ਼ਾ ਮਲਾਰ ਰਾਗ ਦੇ ਅੰਤਰਗਤ ਮਿਲਦਾ ਹੈ। ਇਹ ਪੰਡਿਤ (ਕਾਨ੍ਹ) ਮਾਸ ਨਾ ਖਾਣ ਨੂੰ ਹੀ ਮੁਕਤੀ ਦਾ ਮਾਰਗ ਸਮਝਦਾ ਹੈ। ਪੁਰਾਤਨ ਜਨਮਸਾਖੀ ਅਨੁਸਾਰ ਇਸ ਦਾ ਪ੍ਰਸੰਗ ਇਸ ਪ੍ਰਕਾਰ ਹੈ: ਜਦੋਂ ਕੁਰਖੇਤ੍ਰ ਤੀਰਥ ਤੇ ਗੁਰੂ ਸਾਹਿਬ ਨੇ ਮਾਸ ਰਿੰਨ੍ਹਿਆ ਤਾਂ ਪਾਂਡੇ ਨਰਾਜ਼ ਹੋ ਕੇ ਗੁਰੂ ਜੀ ਤੇ ਹਮਲਾ ਕਰਨ ਆਏ। ਉਥੇ ਗੁਰੂ ਨੇ ਬੜੇ ਧੀਰਜ ਸੰਜਮ ਤੇ ਤਰਕ ਦੁਆਰਾ ਉਹਨਾਂ ਦੇ ਵਿਚਾਰਾਂ ਦਾ ਉਤਰ ਨਿਮਨਲਿਖਤ ਸਲੋਕ ਵਿਚ ਦਿੰਦੇ ਹਨ:

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।।
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ।।
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ।।
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਮਾਸੁ।।
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ।।
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ।।
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ।।[168]

ਉਕਤ ਸ਼ੰਕੇ ਦੀ ਨਿਵਿਰਤੀ ਲਈ ਆਪ ਇਸ ਤੋਂ ਵਧੀਕ ਅਨੇਕ ਹੋਰ ਉਦਾਹਰਣਾਂ ਦਿੰਦੇ ਹੋਏ ਪਾਂਡੇ ਨੂੰ ਸੰਬੋਧਿਤ ਹੁੰਦੇ ਹਨ:

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ।।[169]

ਸਪਸ਼ਟ ਹੈ ਕਿ ਉਪਰੋਕਤ ਬਾਣੀ ਪਾਂਡੇ ਨਾਲ ਹੋਈ ਗੋਸ਼ਟ ਦਾ ਹੀ ਰੂਪ ਹੈ। ਇਸ ਪ੍ਰਕਾਰ 'ਦਖਣੀ ਓਅੰਕਾਰ' ਬਾਣੀ ਚਾਹੇ ਵਰਣਮਾਲਾ ਤੇ ਅਧਾਰਿਤ ਹੈ ਪਰੰਤੂ ਇਸ ਦਾ ਸਮੁੱਚਾ ਸਾਰੰਸ਼

---

168. ਆਦਿ ਗ੍ਰੰਥ, ਮਹਲਾ 1, ਪੰਨਾ 1289
169. ਉਹੀ, ਪੰਨਾ 1290

ਇਹੀ ਦਸਦਾ ਹੈ ਕਿ ਇਹ ਵੀ ਪਾਂਡੇ ਨਾਲ ਚਰਚਾ ਹੈ। ਉਹ ਪਾਂਡਾ ਜੋ ਕੇਵਲ ਤੀਰਥਾਂ ਦਾ ਪ੍ਰੋਹਿਤ ਹੀ ਨਹੀਂ ਸਗੋਂ ਬਾਲਕਾਂ ਨੂੰ ਸਿਖਿਆ ਵੀ ਦਿੰਦਾ ਹੈ। ਜਿਸ ਦੇ ਆਰੰਭ ਵਿਚ ਆਪੇ ਸੰਬੋਧਨ ਕਰਦੇ ਹੋਏ ਕਹਿੰਦੇ ਹਨ 'ਸੁਣਿ ਪਾਂਡੇ' ਅਤੇ ਅੰਤ ਵਿਚ ਦਸਦੇ ਹਨ 'ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ।' ਇਸ ਬਾਣੀ ਦੇ ਅੰਤਰਗਤ ਅਧਿਆਤਮਿਕ ਅਤੇ ਪਰਾਭੌਤਿਕ ਵਿਸ਼ਿਆਂ ਸੰਬੰਧੀ ਵਿਚਾਰਾਂ ਦਾ ਵਿਸਤ੍ਰਿਤ ਚਿਤ੍ਰਣ ਕੀਤਾ ਹੋਇਆ ਮਿਲਦਾ ਹੈ ਜੋ ਨਿਰਸੰਦੇਹ ਕਿਸੇ ਨਾਲ ਹੋਈ ਗੋਸ਼ਟ ਦਾ ਰੂਪ ਹੈ।

ਬਾਣੀ ਵਿਚ ਪ੍ਰਗਟ ਹੋਣ ਵਾਲੀਆਂ ਸੰਚਾਰ ਦੀਆਂ ਉਕਤ ਉਦਾਹਰਣਾਂ ਤੇ ਉਹਨਾਂ ਦੇ ਗੁਣਾਂ ਦਾ ਵਰਣਨ ਵਿਸ਼ੇ ਦੀ ਸੀਮਾ ਨੂੰ ਮੁੱਖ ਰੱਖ ਕੇ ਸੰਖੇਪ ਰੂਪ ਵਿਚ ਹੀ ਕੀਤਾ ਗਿਆ ਹੈ। ਨਿਸ਼ਚੈ ਹੀ ਇਹ ਵਿਧੀ ਭਾਸ਼ਾਈ ਸੰਚਾਰ ਦੇ ਅੰਤਰਗਤ ਵਿਸਤ੍ਰਿਤ ਤੇ ਵਿਗਿਆਨਿਕ ਵਿਆਖਿਆ ਦੀਆਂ ਬਹੁ-ਸੰਭਾਵਨਾਵਾਂ ਰਖਦੀ ਹੈ। ਸੰਚਾਰ ਦੀ ਪ੍ਰਕ੍ਰਿਆ ਦੇ ਅੰਤਰਗਤ ਇਹਨਾਂ ਵਿਧਾਵਾਂ ਦਾ ਪ੍ਰਯੋਗ ਇਕ ਕ੍ਰਮ ਅਤੇ ਲੜੀ ਵਿਚ ਹੁੰਦਾ ਹੈ ਜਿਨ੍ਹਾਂ ਦਾ ਵਿਸ਼ੇਸ਼ ਪ੍ਰਸੰਗ ਅਤੇ ਪਿਛੋਕੜ ਹੈ। ਵਰਤਮਾਨ ਬਾਣੀ ਰੂਪ ਵਿਚ ਚਾਹੇ ਸਮੇਂ ਸਥਾਨ ਦਾ ਮਹੱਤਵ ਨਹੀਂ ਹੈ ਪਰੰਤੂ ਵਕਤਾ ਅਤੇ ਸ੍ਰੋਤੇ ਦੇ ਜਿਸ ਸੰਦਰਭ ਦੇ ਅੰਤਰਗਤ ਇਹ ਵਿਧੀਆਂ ਕਾਰਜਸ਼ੀਲ ਰਹਿੰਦੀਆਂ ਹਨ।

ਨਾਟਕੀਅਤਾ ਪ੍ਰਸੰਗਿਕ ਸੰਦਰਭ ਵਿਚ: ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਵਿਭਿੰਨ ਸੰਚਾਰ ਵਿਧੀਆਂ ਦਾ ਪ੍ਰਸੰਗਿਕ ਪਿਛੋਕੜ ਵੇਖਿਆਂ ਪਤਾ ਲਗਦਾ ਹੈ ਕਿ ਸੰਚਾਰ ਦੇ ਕਾਰਜ ਨੂੰ ਸਹਿਲ ਬਣਾਉਣ ਲਈ ਨਾਟਕੀਅਤਾ ਦੀ ਅਹਿਮ ਜੁਗਤ ਇਸੇ ਦੇ ਪਿਛੇ ਅਦਿੱਖ ਰੂਪ ਵਿਚ ਕਾਰਜਸ਼ੀਲ ਹੈ। ਬਾਣੀ ਵਿਚ ਪ੍ਰਯੁਕਤ ਇਸ ਨਾਟਕੀਅਤਾ ਦਾ ਆਭਾਸ ਸਹਿਜੇ ਹੀ ਪਾਠਕ ਤੇ ਸਰੋਤੇ ਨੂੰ ਹੁੰਦਾ ਹੈ। ਵੱਖ ਵੱਖ ਸਮਕਾਲੀਨ ਘਟਨਾਵਾਂ, ਉਹਨਾਂ ਘਟਨਾਵਾਂ ਦੇ ਦ੍ਰਿਸ਼ ਚਿਤ੍ਰਣ ਜਿਥੇ ਮਾਨਵੀ ਮਨ ਉਤੇ ਪਏ ਅਗਿਆਨ ਦੇ ਹਨੇਰੇ ਦੀਆਂ ਪਰਤਾਂ ਲਾਹੁਣ ਦੀ ਕਿਰਿਆ ਕਰਦੇ ਹਨ ਉਥੇ ਪਾਠਕ/ਸਰੋਤੇ ਦੇ ਮਨ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਆਪਣੇ ਸਮਕਾਲੀਨ ਪਰਿਸਥਿਤੀਆਂ ਉਤੇ ਉਕਤ ਵਿਧੀਆਂ ਦੁਆਰਾ ਕੀਤੀ ਗਈ ਚੋਟ ਤੇ ਸਤਿ ਦੇ ਪ੍ਰਗਟਾਅ ਸੰਬੰਧੀ ਹੋਰ ਜਾਨਣ ਦੀ ਲਾਲਸਾ ਵੀ ਜਾਗਦੀ ਹੈ। ਇਹੀ ਕਾਰਨ ਹੈ ਕਿ ਅਸੀਂ ਬਾਣੀ ਦੇ ਪ੍ਰਸੰਗ ਨੂੰ ਬਾਣੀ ਤੋਂ ਅਲੱਗ ਕਰਕੇ ਨਹੀਂਵੇਖ ਸਕਦੇ। ਗੁਰੂ ਨਾਨਕ ਦੇਵ ਜੀ ਦੇ ਆਰੰਭਲੇ ਜੀਵਨ ਤੇ ਝਾਤ ਮਾਰੀਏ ਤਾਂ ਉਹਨਾਂ ਦੀ ਪਰਮਾਤਮਾ ਪ੍ਰਤਿ ਲੀਨਤਾ ਤੇ ਇਕਸੁਰਤਾ ਦਾ ਲੋਕਾਂ ਵਲੋਂ ਹੋਏ ਪ੍ਰਤਿਕਰਮ ਦਾ ਜਿਹੜਾ ਰੂਪ ਸਾਡੇ ਸਾਹਮਣੇ ਉਜਾਗਰ ਹੁੰਦਾ ਉਸ ਵਿਚੋਂ ਨਾਟਕੀਅਤਾ ਦਾ ਆਭਾਸ ਹੋ ਜਾਂਦਾ ਹੈ:

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।।

ਕੋਈ ਆਖੈ ਆਦਮੀ ਨਾਨਕੁ ਵੇਚਾਰਾ।।
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ।।[170]

ਗੁਰੂ ਨਾਨਕ ਦੇਵ ਜੀ ਦੀ ਉਕਤ ਅਵਸਥਾ ਤੋਂ ਅਭਿੱਜ ਹੋ ਕੇ ਬਿਮਾਰ ਸਮਝਦੇ ਹੋਏ ਵੈਦ ਨੂੰ ਸਦਿਆ ਗਿਆ ਤਾਂ ਉਸ ਵੈਦ ਨੂੰ ਸੰਬੋਧਿਤ ਹੋ ਆਪ ਨੇ ਫੁਰਮਾਇਆ:

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।।
ਭੋਲਾ ਵੈਦੁ ਨਾ ਜਾਣਈ ਕਰਕ ਕਲੇਜੇ ਮਾਹਿ।।1।।[171]

ਵੈਦ ਪਰਥਾਇ ਉਚਾਰਿਆ ਗਿਆ ਇਹ ਸ਼ਬਦ ਬੇਸ਼ਕ ਪਰਮਾਤਮਾ ਦੇ ਸਤਿ-ਰੂਪ ਦਾ ਬੋਧ ਕਰਾਉਣ ਦਾ ਯਤਨ ਹੈ ਪਰੰਤੂ ਇਸ ਪਿਛੇ ਕਾਰਜ ਕਰ ਰਹੀ ਨਾਟਕੀਅਤਾ ਦਾ ਆਭਾਸ ਹੁੰਦਾ ਹੈ। ਜਿਨ੍ਹਾਂ ਦੁਆਰਾ ਪਰਿਸਥਿਤੀਆਂ ਦਾ ਦੁਨਿਆਵੀ ਰੂਪਾਂਤਰਣ ਤੋਂ ਅਧਿਆਤਮੀਕਰਨ ਹੁੰਦਾ ਹੈ। ਇਸ ਪ੍ਰਸੰਗਿਕ ਸੰਦਰਭਾਂ ਦੇ ਆਤਮਸਾਤ ਹੋ ਕੇ ਚਲਣ ਵਾਲੀਆਂ ਵਿਭਿੰਨ ਭਾਸ਼ਾਈ ਵਿਧਾਵਾਂ ਸੰਵਾਦ, ਸੰਬੋਧਨ, ਪ੍ਰਸ਼ਨੋਤਰ ਆਦਿ ਲਗਾਤਾਰ ਇਸ ਵਿਚਲੇ ਪ੍ਰਸੰਗ ਦੇ ਅਧਿਐਨ ਵਲ ਪਰਤਾਉਂਦੀਆਂ ਤੇ ਪ੍ਰੇਰਦੀਆਂ ਹਨ।

ਜਨੇਊ ਦੀ ਰਸਮ ਸਮੇਂ ਜਨੇਊ ਪਾਉਣ ਦੀ ਪਰੰਪਰਾ ਦਾ ਵਿਰੋਧ ਕਰਦਿਆਂ ਆਪ ਦਾ ਨਿਮਨਲਿਖਤ ਸਲੋਕ ਧਿਆਨਯੋਗ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।।
ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ।।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।।[172]

ਉਪਰੋਕਤ ਤੁਕਾਂ ਵਿਚ ਜਿਸ ਪ੍ਰਕਾਰ ਆਪ ਨੇ ਸੰਤੋਖ, ਜਤ, ਸਤ ਆਦਿ ਸ਼ੁਭ ਗੁਣਾਂ ਰੂਪੀ ਜਨੇਊ ਧਾਰਣ ਕਰਨ ਦਾ ਸੁਨੇਹਾ ਦਿੱਤਾ ਹੈ ਉਸ ਨਾਲ ਜੁੜਿਆ ਪ੍ਰਸੰਗਿਕ ਪ੍ਰਕਰਣ ਸਾਖਿਆਤ ਕਰਦਾ ਹੈ ਕਿ

---

170. ਆਦਿ ਗ੍ਰੰਥ, ਮਾਰੂ ਮਹਲਾ 1, ਪੰਨਾ 991
171. ਆਦਿ ਗ੍ਰੰਥ, ਮਲਾਰ ਵਾਰ, ਮਹਲਾ 1, ਪੰਨਾ 1279
172. ਆਦਿ ਗ੍ਰੰਥ, ਆਸਾ ਦੀ ਵਾਰ, ਮਹਲਾ 1, ਪੰਨਾ 471

ਆਪ ਬਚਪਨ ਰੂਪ ਵਿਚ ਜਦੋਂ ਇਹ ਸੰਵਾਦ ਰਚਾਉਂਦੇ ਹੋਏ ਪਾਂਡੇ ਨੂੰ ਸੰਬੋਧਿਤ ਹੋ ਰਹੇ ਹੋਣਗੇ 'ਇਹ ਜਨੇਊ ਜੀਅ ਕਾ ਹਈ ਤਾਂ ਪਾਡੇ ਘਤੁ' ਤਾਂ ਉਸ ਸਮੇਂ ਦੇ ਬ੍ਰਾਹਮਣੀ ਸਮਾਜ ਵਿਚਲੇ ਧਾਰਮਿਕ ਪ੍ਰਭਾਵ ਵਾਲੀ ਇਸ ਰਸਮ ਤੋਂ ਲੋਕਾਂ ਨੂੰ ਮੁਕਤੀ ਕਰਾਉਣ ਹਿਤ ਆਪ ਸਮੇਂ ਤੇ ਪਰਿਸਥਿਤੀਆਂ ਨੂੰ ਜਿਸ ਨਾਟਕੀਅਤਾ ਦੁਆਰਾ ਪਰਿਵਰਤਿਤ ਕਰਦੇ ਹੋਏ ਆਪਣੇ ਵਿਚਾਰਾਂ ਨੂੰ ਸਹਿਜ ਰੂਪ ਵਿੱਚ ਪਰਿਭਾਸ਼ਿਤ ਕਰ ਰਹੇ ਹੋਣਗੇ ਉਸ ਸਥਿਤੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਹੀ ਨਹੀਂ ਕਈ ਵਾਰ ਤਾਂ ਆਪ ਬਾਣੀ ਵਿੱਚ ਵੀ ਗ਼ਲਤ ਕਦਰਾਂ ਕੀਮਤਾਂ, ਪਾਖੰਡਾਂ ਜਾਂ ਰਸਮਾਂ ਦਾ ਖੰਡਨ ਕਰਦਿਆਂ ਵਿਅੰਗਮਈ ਨਾਟਕੀ ਬਿਆਨ ਕਰਦੇ ਹਨ:

ਵਾਇਨਿ ਚੇਲੇ ਨਚਨਿ ਗੁਰ।।
ਪੈਰ ਹਲਾਇਨਿ੍ ਫੇਰਨਿ੍ ਸਿਰ।।
ਉਡਿ ਉਡਿ ਰਾਵਾ ਝਾਟੈ ਪਾਇ।।
ਵੇਖੈ ਲੋਕੁ ਹਸੈ ਘਰਿ ਜਾਇ।।[173]

ਉਪਰੋਕਤ ਵਿਭਿੰਨ ਪ੍ਰਸੰਗਿਕ ਨਾਟਕੀ ਹਵਾਲਿਆਂ ਤੋਂ ਆਭਾਸ ਹੁੰਦਾ ਹੈ ਕਿ ਬਾਣੀ ਵਿਚ ਇਹ ਅਦਿੱਖ ਰੂਪ ਵਿਚ ਸਹਿ ਜੁਗਤ ਵਜੋਂ ਕਿਸੇ ਨਾ ਕਿਸੇ ਵਿਧਾ ਰਾਹੀਂ ਕਾਰਜਸ਼ੀਲ ਹੁੰਦੇ ਹਨ। ਇਹਨਾਂ ਪ੍ਰਸੰਗਿਕ ਸਰੋਤਾਂ ਦੀ ਸੰਪੂਰਨ ਪ੍ਰਮਾਣਿਕਤਾ ਸੰਬੰਧੀ ਕਈ ਸੰਦੇਹ ਹੋ ਸਕਦੇ ਹਨ ਫਿਰ ਵੀ ਉਹ ਪ੍ਰਸੰਗ ਜੋ ਕੇਵਲ ਅਤੇ ਕੇਵਲ ਬਾਣੀ ਸਤਿ ਨੂੰ ਪ੍ਰਕਾਸ਼ਮਾਨ ਕਰਨ ਵਿਚ ਸਹਾਈ ਹੁੰਦੇ ਹਨ ਦਾ ਭਾਸ਼ਾਈ ਅਭਿਵਿਅਕਤੀ ਵਿਚ ਅਹਿਮ ਸਥਾਨ ਹੈ।

2.3 <u>ਭਾਸ਼ਾ ਦਾ ਸੰਗੀਤਕ ਮਹੱਤਵ:</u> ਸੰਚਾਰ ਦੀ ਦ੍ਰਿਸ਼ਟੀ ਤੋ ਬਾਣੀ ਪ੍ਰਬੰਧ ਦੇ ਅੰਤਰਗਤ ਉਕਤ ਵਰਣਿਤ ਭਿੰਨ ਭਿੰਨ ਭਾਸ਼ਾਈ ਸੰਚਾਰ ਵਿਧੀਆਂ ਦਾ ਮਹੱਤਵ ਸਿੱਧੇ ਤੌਰ ਤੇ ਬਾਣੀ ਦੀ ਸੰਚਾਰ ਪ੍ਰਸਤੁਤੀ ਨਾਲ ਜੁੜਿਆ ਹੋਇਆ ਹੈ ਅਤੇ ਇਹ ਸੰਚਾਰ ਪ੍ਰਸਤੁਤੀ ਦਾ ਮੁੱਖ ਆਧਾਰ ਇਸ ਦਾ ਸੰਗੀਤ ਪ੍ਰਬੰਧ ਹੈ ਜਿਸ ਨੂੰ ਅਸੀਂ ਇਕ ਵਖਰੀ ਜੁਗਤ ਵਜੋਂ ਵੀ ਵਿਸ਼ਲੇਸ਼ਿਤ ਕਰ ਰਹੇ ਹਾਂ। ਉਕਤ ਵਰਣਿਤ ਭਾਸ਼ਾਈ ਵਿਧੀਆਂ ਆਪਣੀਆਂ ਮੂਲ ਵਿਸ਼ਿਸ਼ਟਤਾਵਾਂ ਅਤੇ ਕਾਰਜ ਵਿਧੀ ਸਹਿਤ ਮੂਲ ਰੂਪ ਵਿਚ ਬਾਣੀ ਪਾਠ ਵਿਚੋਂ ਉਜਾਗਰ ਹੁੰਦੀਆਂ ਹਨ, ਜਿਨ੍ਹਾਂ ਦਾ ਕਾਵਿਕ ਦ੍ਰਿਸ਼ਟੀਕੋਣ ਤੋ ਮਹੱਤਵ ਅਸੀ ਵਰਣਨ ਕਰ ਆਏ ਹਾਂ, ਪਰੰਤੂ

---

173. <u>ਆਦਿ ਗ੍ਰੰਥ</u>, ਆਸਾ ਦੀ ਵਾਰ, ਮਹਲਾ 1, ਪੰਨਾ 465

ਇਹਨਾਂ ਜੁਗਤਾਂ ਦਾ ਸੰਗੀਤ ਦੀ ਦ੍ਰਿਸ਼ਟੀ ਤੋਂ ਮਹੱਤਵ ਕਿਤੇ ਜ਼ਿਆਦਾ ਹੈ ਤੇ ਬਾਣੀ ਦੀ ਸੰਚਾਰ ਪ੍ਰਸਤੁਤੀ ਲਈ ਇਹ ਸਿੱਧੇ ਤੌਰ ਤੇ ਸੰਗੀਤ ਨਾਲ ਕਾਰਜਸ਼ੀਲ ਹੁੰਦੀਆਂ ਹਨ। ਇਹ ਭਾਸ਼ਾਈ ਸੰਚਾਰ ਵਿਧੀਆਂ ਕਾਵਿ ਵਿਚ ਜਿਥੇ ਬਿਰਾਜਮਾਨ ਹਨ, ਉਥੇ ਇਹ ਬਾਣੀ ਸੰਗੀਤ ਦੇ ਪ੍ਰਬੰਧ ਦੁਆਰਾ ਆਪਣੀਆਂ ਸੰਪੂਰਨ ਸਮਰਥਾਵਾਂ ਸਹਿਤ ਸਜੀਵ ਰੂਪ ਵਿਚ ਕਾਰਜਸ਼ੀਲ ਹੁੰਦੀਆਂ ਹਨ।

ਸੰਗੀਤ ਦੀ ਦ੍ਰਿਸ਼ਟੀ ਤੋਂ ਵਾਚੀਏ ਤਾਂ ਕਿਸੇ ਵੀ ਗਾਇਨ ਪ੍ਰਸਤੁਤੀ ਵਿਚ ਕਾਵਿ ਭਾਸ਼ਾ ਅਤੇ ਭਾਸ਼ਾ ਵਿਚ ਪ੍ਰਯੁਕਤ ਵਿਭਿੰਨ ਅਭਿਵਿਅੰਜਨ ਵਿਧੀਆਂ ਕਲਾਤਮਿਕ ਦ੍ਰਿਸ਼ਟੀ ਤੋਂ ਅਤਿ ਮਹੱਤਵਪੂਰਨ ਹਨ। ਹਰ ਗਾਇਨ ਸ਼ੈਲੀ ਆਪਣੀ ਮੌਲਿਕ ਤੇ ਨਿਜੀ ਪ੍ਰਕ੍ਰਿਤੀ ਅਨੁਸਾਰ ਵਿਸ਼ੇਸ਼ ਕਿਸਮ ਦੀ ਕਾਵਿ ਭਾਸ਼ਾ ਤੇ ਭਾਸ਼ਾ ਦੀਆਂ ਅਭਿਵਿਅੰਜਨ ਵਿਧੀਆਂ ਦੀ ਧਾਰਣੀ ਹੈ। ਉਦਾਹਰਣ ਦੇ ਤੌਰ ਤੇ ਧਰੁਪਦ ਆਪਣੇ ਪ੍ਰਾਚੀਨ ਰੂਪ ਵਿਚ ਪਰਮਾਤਮਾ ਦੇ ਗੁਣ ਗਾਉਣ ਨਾਲ ਜੁੜੇ ਕਾਵਿ ਦਾ ਧਾਰਣੀ ਹੈ[174] ਅਤੇ ਇਸ ਦੀ ਭਾਸ਼ਾ ਗੰਭੀਰ ਭਾਵੀ ਹੈ। ਇਸ ਦੇ ਸਮਾਨਾਂਤਰ ਖਿਆਲ ਵਿਚਲੇ ਭਾਵ ਨਾਇਕ ਨਾਇਕਾ ਦੇ ਆਪਸੀ ਸੰਬੰਧਾਂ ਨਾਲ ਜਾੜ ਜੁੜਦੇ ਹਨ। ਠੁਮਰੀ ਦੀ ਭਾਸ਼ਾ ਨਾਇਕ ਨਾਇਕਾ ਦੇ ਆਪਸੀ ਅੰਤਰੀਵੀ ਸੰਬੰਧਾਂ ਦੀ ਲੁਪਤ ਤੇ ਗੁਪਤ ਭਾਵਾਤਮਿਕ ਸੰਵੇਦਨਾ ਦਾ ਵਰਣਨ ਕਰਦੀ ਹੈ। ਧਮਾਰ ਸ਼ੈਲੀ ਵਿਚ ਕ੍ਰਿਸ਼ਨ ਦੀਆਂ ਲੀਲਾਵਾਂ ਦਾ ਵਰਨਣ ਹੈ ਅਤੇ ਗ਼ਜ਼ਲ ਦੀ ਭਾਸ਼ਾ ਕਿਸੇ ਖਿਰਹੋਂ ਤੋਂ ਪ੍ਰੇਮ ਕੁਠੇ ਮਨ ਦੇ ਭਾਵਾਂ ਦਾ ਪ੍ਰਗਟਾਅ। ਇਸ ਤਰ੍ਹਾਂ ਹਰੇਕ ਗਾਇਨ ਸ਼ੈਲੀ ਆਪੋ ਆਪਣੀ ਪ੍ਰਕ੍ਰਿਤੀ ਅਨੁਸਾਰ ਕਾਵਿ ਦੇ ਭਿੰਨ ਭਿੰਨ ਸਰੂਪਾਂ ਦੀ ਧਾਰਣੀ ਹੈ। ਜਿਵੇਂ ਕਾਵਿ ਦੇ ਭਿੰਨ ਭਿੰਨ ਸਰੂਪਾਂ ਵਿਚ ਭਾਸ਼ਾ ਦੀ ਵੱਖਰਤਾ ਸਾਹਮਣੇ ਆਉਂਦੀ ਹੈ ਉਸੇ ਤਰ੍ਹਾਂ ਸੰਗੀਤ ਵਿਚ ਗਾਇਨ ਦੀ ਦ੍ਰਿਸ਼ਟੀ ਤੋਂ ਉਕਤ ਵਖਰਤਾ ਲਾਜ਼ਮੀ ਹੈ। ਇਸ ਤਰ੍ਹਾਂ ਭਾਸ਼ਾ ਦੇ ਅੰਤਰਗਤ ਉਕਤ ਵਰਣਿਤ ਸੰਚਾਰ ਵਿਧੀਆਂ ਦਾ ਸੰਗੀਤ ਦੀ ਦ੍ਰਿਸ਼ਟੀ ਤੋਂ ਗਾਇਨ ਦੇ ਪੱਖ ਤੋਂ ਵਿਸ਼ਿਸ਼ਟ ਮਹੱਤਵ ਹੈ। ਉਦਾਹਰਣ ਦੇ ਤੌਰ ਤੇ ਸੰਬਧਨੀ ਤੇ ਪ੍ਰਸ਼ਨੋਤਰੀ ਵਿਧੀ ਵਿਚੋਂ ਕੁਝ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ। ਜਦੋਂ ਬਾਣੀ ਵਿਚ ਬਾਬਾ, ਏਮਨ, ਸੁਣ ਮਨਿ ਮਿਤਰਾ ਪਿਆਰਿਆ, ਭਾਈ ਰੇ ਆਦਿ ਸੰਬੋਧਨ ਆਉਂਦੇ ਹਨ ਤਾਂ ਇਹ ਸੰਬੋਧਨ ਵਧੇਰੇ ਕਰਕੇ ਰਹਾਉ ਦੀ ਪੰਕਤੀ ਵਿਚ ਹੀ ਉਜਾਗਰ ਹੁੰਦੇ ਹਨ ਅਤੇ ਇਸ ਰਹਾਉ ਦੀ ਪੰਕਤੀ ਦਾ ਗਾਇਨ ਵਿਚ ਸਥਾਈ ਵਜੋਂ ਬਾਰ ਬਾਰ ਗਾਇਨ ਕਰਨਾ ਹੈ, ਜਿਸ ਦੁਆਰਾ ਸਰੋਤੇ ਦੇ ਮਨ ਵਿਚ ਉਕਤ ਸੰਬੋਧਨਾਂ ਦੁਆਰਾ ਸੰਬੋਧਿਤ ਤੁਕਵਿਚ ਵਰਣਿਤ ਭਾਵ ਸਥਾਈ ਤੌਰ ਤੇ ਦ੍ਰਿੜ ਹੋ ਜਾਂਦੇ ਹਨ। ਸ੍ਰੋਤਾ ਇਹਨਾਂ ਭਾਵਾਂ ਨਾਲ ਇਕਸੁਰ ਤੇ ਇਕ ਭਾਵੀ ਹੋ ਜਾਂਦਾ ਹੈ। ਜਦੋਂ ਇਹ ਸੰਬੋਧਨ ਦੇ ਦ੍ਰਿੜਾਉਣ ਦੀ ਪ੍ਰਕ੍ਰਿਆ ਚਲ ਰਹੀ ਹੁੰਦੀ ਹੈ ਤਾਂ ਅੰਤਰਿਆਂ ਦੇ ਰੂਪ ਵਿੱਚ ਸ਼ਬਦ ਦੇ

---

174. ਵਿਮਲ ਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰਨਾ 65

ਬਾਕੀ ਹਿੱਸੇ ਵਿਚ ਵਰਣਿਤ ਉਦਾਹਰਣ ਦਲੀਲ ਤੇ ਉਪਦੇਸ਼ ਆਦਿ ਦੁਆਰਾ ਸ਼ਬਦ ਵਿੱਚ ਵਰਣਿਤ ਭਾਵ ਸਪਸ਼ਟ ਤੇ ਸਥਿਰ ਰੂਪ ਵਿਚ ਸਥਾਪਿਤ ਕਰਨ ਦੀ ਪ੍ਰਕ੍ਰਿਆ ਜਾਰੀ ਰਹਿੰਦੀ ਹੈ। ਇਸ ਤਰ੍ਹਾਂ ਹੀ ਪ੍ਰਸ਼ਨੋਤਰੀ ਵਿਧੀ ਵਿਚ ਗਾਇਕ ਰਹਾਉ ਦੀ ਤੁਕ ਵਿਚ ਵਰਣਿਤ ਪ੍ਰਸ਼ਨ ਨੂੰ ਬਾਰ ਬਾਰ ਦੁਹਰਾ ਕੇ ਸਰੋਤੇ ਦੇ ਮਨ ਵਿਚ ਸੰਬੰਧਿਤ ਪ੍ਰਸ਼ਨ ਤੇ ਉਸ ਪ੍ਰਸ਼ਨ ਦਾ ਉਤਰ ਜਾਣਨ ਦੀ ਲਾਲਸਾ ਨੂੰ ਚਰਮ ਸੀਮਾ ਤੇ ਪਹੁੰਚਾਂਦਾ ਹੈ ਅਤੇ ਅੰਤਰਿਆਂ ਦੇ ਰੂਪ ਵਿਚ ਅੰਕਿਤ ਉਦਾਹਰਣਾਂ ਦਲੀਲਾਂ ਉਕਤੀਆਂ ਆਦਿ ਤੇ ਉਪਦੇਸ਼ ਦੁਆਰਾ ਪ੍ਰਸ਼ਨ ਵਿਚ ਉਪਜੀ ਜਗਿਆਸਾ ਅਤੇ ਸਤਿ ਦਾ ਪ੍ਰਕਾਸ਼ ਕਰਵਾਉਂਦਾ ਹੈ। ਇਸ ਤਰ੍ਹਾਂ ਕਾਵਿ ਵਿਚ ਇਹਨਾਂ ਸੰਚਾਰ ਵਿਧੀਆਂ ਦੀ ਭਾਵਾਤਮਕ ਪ੍ਰਸਤੁਤੀ ਸੰਗੀਤ ਜਿੰਨੀ ਸਮਰੱਥ ਤੇ ਸ਼ਕਤੀਸ਼ਾਲੀ ਨਹੀਂ ਜਾਪਦੀ ਕਿਉਂਕਿ ਸੰਗੀਤ ਵਿਚ ਸੰਬੰਧਿਤ ਭਾਵ ਅਨੁਕੂਲ ਰਾਗ ਦੇ ਸੁਰਾਤਮਕ ਵਾਤਾਵਰਣ ਅਤੇ ਗਾਇਨ ਦੇ ਭਾਵਮਈ ਪਾਸਾਰੇ ਦਾ ਇਕ ਵਿਸ਼ਾਲ ਚਿੱਤਰਪਟ ਮੌਜੂਦ ਹੁੰਦਾ ਹੈ। ਜਿਸ ਉਤੇ ਗਾਇਕ ਸੰਗੀਤ ਦੁਆਰਾ ਸੰਬੰਧਿਤ ਭਾਵਾਂ ਨੂੰ ਚਰਮ ਸੀਮਾ ਤਕ ਪ੍ਰਗਟ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਇਸ ਵਿਚ ਰਾਗ, ਸੁਰ, ਲੈਅ, ਤਾਲ ਅਲਾਪ ਅਤੇ ਸਭ ਤੋਂ ਜ਼ਿਆਦਾ ਆਵਾਜ਼ ਦਾ ਕਾਕੂ ਭੇਦ (ਆਵਾਜ਼ ਦਾ ਉਤਰਾਅ ਚੜ੍ਹਾਅ ਅਤੇ ਸੰਬੋਧਨ, ਪ੍ਰਸ਼ਨ ਜਾਂ ਕਾਵਿ ਵਿਚ ਪ੍ਰਯੁਕਤ ਭਾਸ਼ਾ ਦਾ ਭਾਵਾਂ ਦੇ ਅਨੁਕੂਲ ਆਵਾਜ਼ ਉਤਪੰਨ ਕਰਨਾ) ਸਿੱਧੇ ਤੌਰ ਤੇ ਕਾਰਜਸ਼ੀਲਰਹਿੰਦੇ ਹਨ।

ਭਾਸ਼ਾ ਦੀਆਂ ਉਕਤ ਵਰਣਿਤ ਸੰਚਾਰਜੁਗਤਾਂ ਅਤੇ ਕਾਵਿ ਅਤੇ ਸੰਗੀਤ ਦੀ ਦ੍ਰਿਸ਼ਟੀ ਤੋ ਇਹਨਾਂ ਦਾ ਮਹੱਤਵ ਬਾਣੀ ਪ੍ਰਬੰਧ ਦੇ ਅਧਿਐਨ ਨੂੰ ਇਕ ਨਵੀਨ ਪਹੁੰਚ ਵਜੋਂ ਉਜਾਗਰ ਕਰ ਰਿਹਾ ਹੈ। ਇਹ ਜੁਗਤਾਂ ਜਿਥੇ ਸੁਤੰਤਰ ਤੌਰ ਤੇ ਬਾਣੀ ਪ੍ਰਬੰਧ ਲਈ ਆਪੋ ਆਪਣੇ ਅਸਤਿਤ੍ਵ ਦੀਆਂ ਧਾਰਣੀ ਹਨ, ਉਥੇ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਇਨ੍ਹਾਂ ਦਾ ਆਪੋ ਆਪਣੇ ਤੌਰ ਤੇ ਅਤਿ ਮਹੱਤਵਪੂਰਨ ਰੋਲ ਹੈ। ਇਹ ਸੰਚਾਰ ਵਿਧੀਆਂ ਇਕ ਦੂਸਰੇ ਨਾਲ ਸਮਿਲਿਤ ਤੇ ਸੰਯੁਕਤ ਰੂਪ ਵਿਚ ਕਾਰਜਸ਼ੀਲ ਹਨ। ਜਿਨ੍ਹਾਂ ਨੂੰ ਕੇਵਲ ਪਹਿਚਾਣਨ ਲਈ ਹੀ ਅੱਡੋ ਅਡਰੇ ਕੀਤਾ ਜਾ ਸਕਦਾ, ਪਰ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਇਹਨਾਂ ਦੀ ਕਾਰਜ ਪ੍ਰਕ੍ਰਿਆ ਨੂੰ ਅਲਗ ਅਲਗ ਰੂਪ ਵਿਚ ਨਹੀਂ ਦਰਸਾਇਆ ਜਾ ਸਕਦਾ, ਠੀਕ ਉਸੇ ਤਰ੍ਹਾਂ ਜਿਵੇਂ ਕਿਸੇ ਵਿਗਿਆਨਿਕ ਪਾਸਾਰੇ ਵਿਚ ਹਰ ਇਕ ਉਪਕਰਣ ਇਕਾਈ ਤੱਤ ਆਪੋ ਆਪਣੇ ਨਿਯਤ ਸਥਾਨ ਤੇ ਮਹੱਤਵਪੂਰਨ ਹੁੰਦਾ ਹੈ ਅਤੇ ਇਹਨਾਂ ਵਿਚੋਂ ਕਿਸੇ ਦੀ ਹੋਂਦ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ। ਉਸੇ ਤਰ੍ਹਾਂ ਬਾਣੀ ਪ੍ਰਬੰਧ ਦੇ ਅੰਤਰਗਤ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਉਕਤ ਵਰਣਿਤ ਸੰਚਾਰ ਵਿਧੀਆਂ ਮਹੱਤਵਪੂਰਨ ਸਥਾਨ ਰਖਦੀਆਂ ਹਨ। ਇਹਨਾਂ ਦੀ ਕਾਰਜ ਪ੍ਰਕ੍ਰਿਆ ਨੂੰ ਅਸੀਂ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਵਿਵਹਾਰਕ ਰੂਪ ਵਿਚ ਵਿਸ਼ਲੇਸ਼ਿਤ ਕਰਨ ਦਾ ਯਤਨ ਕਰਾਂਗੇ।

### 3. ਲੋਕਧਾਰਾ: ਸੰਚਾਰ ਜੁਗਤ ਵਜੋਂ

ਗੁਰੂ ਨਾਨਕ ਬਾਣੀ ਦੇ ਅੰਤਰਗਤ ਬਾਣੀ ਸੰਦੇਸ਼ ਦੇ ਸੰਚਾਰ ਹਿਤ ਲੋਕਧਾਰਾ ਦਾ ਪਾਸਾਰਾ ਸਭ ਤੋਂ ਅਧਿਕ ਹੈ। ਅਜਿਹਾ ਕਿਉਂ ਹੈ ਇਸ ਦੇ ਕਈ ਕਾਰਨ ਹਨ। ਸਭ ਤੋਂ ਵਡੇਰਾ ਕਾਰਨ ਤਾਂ ਇਹ ਹੈ ਕਿ ਬਾਣੀ "ਹਸੰਦਿਆਂ ਖੇਲੰਦਿਆ ਪਹਿਨੰਦਿਆ ਵਿਚੇ ਹੋਵੈ ਮੁਕਤਿ" ਦੇ ਸਿਧਾਂਤ ਦਾ ਪਾਲਣ ਕਰਦੀ ਹੈ। ਇਸ ਸਿਧਾਂਤ ਅਧੀਨ ਮਨੁੱਖ ਨੂੰ ਦੁਨਿਆਵੀ ਕਾਰ ਵਿਹਾਰ ਅਤੇ ਸਮਾਜ ਨੂੰ ਤਿਆਗ ਕੇ ਕਿਸੇ ਜੰਗਲ ਵਿਚ ਭਟਕਣ ਦੀ ਲੋੜ ਨਹੀਂ। ਨਾ ਹੀ ਕਿਸੇ ਕੰਦਰ ਜਾਂ ਗੁਫਾ ਵਿਚ ਬੈਠ ਕੇ ਨਾਮ ਸਿਮਰਨ ਕਰਨ ਦੀ ਆਵਸ਼ਕਤਾ ਹੈ ਸਗੋਂ ਗੁਰਬਾਣੀ ਅਨੁਸਾਰ ਸਮਾਜ ਵਿਚ ਵਿਚਰਦਿਆਂ ਸਮੂਹ ਕਾਰ ਵਿਹਾਰ ਕਰਦਿਆਂ ਮੁਕਤੀ ਵਲ ਸਦੈਵ ਅਗ੍ਰਸ਼ੀਲ ਰਹਿਣਾ ਹੀ ਨਿਸ਼ਾਨਾ ਮਿਥਿਆ ਗਿਆ ਹੈ। ਗੁਰੂ ਨਾਨਕ ਬਾਣੀ ਅਨੁਸਾਰ ਸਾਤਵਿਕ ਦ੍ਰਿਸ਼ਟੀਕੋਣ ਤੋਂ ਨੇਪਰੇ ਚਾੜ੍ਹਦਿਆਂ ਕੰਵਲ ਵਾਂਗੂ ਨਿਰਲੇਪ ਰਹਿ ਕੇ ਅਧਿਆਤਮਿਕ ਬੋਧ ਦੁਆਰਾ ਪਰਮਸਤਿ ਦੀ ਪ੍ਰਾਪਤੀ ਕਰਨੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਸੰਸਾਰ ਤੋਂ ਟੁਟਣਾ ਅਨਿਵਾਰਯ ਨਹੀਂ ਸਗੋਂ ਜੀਵਨ ਮੁਕਤ ਹੋਣਾ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇਕਰ ਮਾਨਵ ਨਿਰੰਤਰ ਸਮਾਜ ਨਾਲ ਜੁੜਿਆ ਰਹੇ ਅਤੇ ਸਦੈਵ ਕਾਰਜਸ਼ੀਲ ਰਹੇ। ਗੁਰੂ ਨਾਨਕ ਬਾਣੀ ਦੇ ਦਰਸ਼ਨ ਅਨੁਸਾਰ ਮਾਨਵ ਦੀ ਸਮਾਜ ਨਾਲ ਅਟੁੱਟ ਸਾਂਝ ਸਦਕਾ ਹੀ ਵਿਭਿੰਨ ਲੋਕਧਾਨਿਕ ਤੱਤਾਂ ਨੂੰ ਜੀਵਨ ਮੁਕਤ ਦੇ ਸਿਧਾਂਤ ਨੂੰ ਪੂਰਿਆਂ ਕਰਨ ਲਈ ਇਥੇ ਲੋਕਯਾਨਕ ਵਿਧੀਆਂ ਲੋਕਧਾਰਾਈ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਅਧਿਆਤਮਿਕ ਦ੍ਰਿਸ਼ਟੀਕੋਣ ਤੋਂ ਸਮਝਣ ਅਤੇ ਬੁਝਣ ਵਿਚ ਸਹਾਈ ਹੁੰਦੀਆਂ ਹਨ।

ਗੁਰੂ ਨਾਨਕ ਬਾਣੀ ਵਿਚ ਲੋਕਧਾਰਾਈ ਸੰਚਾਰ ਜੁਗਤ ਦਾ ਅਗਲੇਰਾ ਅਹਿਮ ਤੇ ਵਡੇਰਾ ਕਾਰਨ ਇਹ ਹੈ ਕਿ ਬਾਣੀ ਕਿਸੇ ਜਾਤਪਾਤ, ਗੁਣ ਜਾਂ ਵਿਅਕਤੀ ਵਿਸ਼ੇਸ਼ ਦੇ ਹਿਤਾਂ ਨੂੰ ਸਾਹਮਣੇ ਰੱਖ ਕੇ ਨਹੀਂ ਰਚੀ ਗਈ ਅਤੇ ਨਾ ਹੀ ਇਹ ਸਿੱਧੇ ਤੌਰ ਤੇ ਕਿਸੇ ਸ਼੍ਰੇਣੀ ਜਾਂ ਜਮਾਤ ਨੂੰ ਮੁਖ਼ਾਤਿਬ ਹੈ। ਇਸ ਦਾ ਉਦੇਸ਼ ਤਾਂ ਚੌਹ ਵਰਣਾਂ ਲਈ ਸਾਂਝਾ ਹੈ।[175] ਇਸ ਤਰ੍ਹਾਂ ਸਮੂਹ ਸ਼੍ਰੇਣੀਆਂ ਜਾਤਾਂ ਅਤੇ ਵਿਭਿੰਨ ਸਾਂਸਕ੍ਰਿਤਕ ਜਮਾਤਾਂ ਨਾਲ ਸਾਂਝ ਪਾਉਣ ਲਈ ਬਾਣੀ 'ਲੋਕਧਾਰਾਈ ਸੰਚਾਰ ਜੁਗਤ' ਦਾ ਪ੍ਰਯੋਗ ਕਰਦੀ ਹੈ। ਕਿਉਂਜੋ ਲੋਕਧਾਰਾ ਲੋਕ ਸੰਸਕ੍ਰਿਤੀ ਲੋਕ ਪਰੰਪਰਾ ਅਤੇ ਲੋਕ ਮਨ ਨਾਲ ਸਿੱਧੇ ਤੌਰ ਤੇ ਜੁੜੀ ਹੁੰਦੀ ਹੈ। ਲੋਕਧਾਰਾ ਦਾ ਪ੍ਰਮੁੱਖ ਗੁਣ ਇਹ ਹੈ ਕਿ ਇਸ ਵਿਚ ਲੋਕ ਮਨ ਦੀ ਅਭਿਵਿਅਕਤੀ ਹੁੰਦੀ ਹੈ ਅਤੇ

---

175. ਖਤ੍ਰੀ ਬ੍ਰਾਹਮਣੁ ਸੂਦੁ ਵੈਸ ਉਪਦੇਸੁ ਚਹੁ ਵਰਨਾ ਕੋ ਸਾਰਾ।।
ਗੁਰਮੁਖਿ ਨਾਮੁ ਜਪੈ ਸੋ ਉਧਰੈ ਕਲਿ ਮਹਿ ਘਟਿ ਘਟਿ ਨਾਨਕ ਮਾਨਾ।।
ਆਦਿ ਗ੍ਰੰਥ, ਸੂਹੀ ਮਾਹਲਾ ੧, ਪੰਨਾ 747.

ਇਸ ਅਭਿਵਿਅਕਤੀ ਨੂੰ ਬਾਣੀ ਦੇ ਅੰਤਰਗਤ ਅਧਿਆਤਮਿਕ ਬੋਧ ਲਈ ਪ੍ਰਯੋਗ ਕੀਤਾ ਗਿਆ ਹੈ।

ਗੁਰੂ ਨਾਨਕ ਬਾਣੀ ਜੋ ਖਾਲਕ ਦਾ ਆਵੇਸ਼ ਹੈ। ਜਿਸ ਨੂੰ ਲੋਕਾਈ ਤਕ ਪਹੁੰਚਾਣ ਹਿਤ ਗੁਰੂ ਨਾਨਕ ਦੇਵ ਜੀ ਦੇਸ ਦੇਸਾਂਤਰਾਂ ਵਿਖੇ ਘੁੰਮ ਕੇ ਸਿੱਧਾ ਲੋਕਾਂ ਨਾਲ ਸੰਪਰਕ ਕੀਤਾ। ਆਪਣੇ ਆਪ ਨੂੰ ਇਕ ਸਾਇਰ[176] ਤੇ ਢਾਡੀ[177] ਦੇ ਰੂਪ ਵਿਚ ਪ੍ਰਸਤੁਤ ਕੀਤਾ। ਢਾਡੀ ਨੇ ਕੇਵਲ ਖਸਮ ਦੀ ਬਾਣੀ ਦਾ ਸੰਚਾਰ ਕਰਨਾ ਹੈ। ਖਸਮ ਦੀ ਬਾਣੀ ਜੋ ਖਾਲਕ ਦਾ ਆਦੇਸ ਹੁਕਮ ਹੈ। ਜੇਕਰ ਢਾਡੀ ਦੀ ਗਾਇਨ ਪ੍ਰਕ੍ਰਿਆ ਨੂੰ ਵਾਚੀਏ ਤਾਂ ਢਾਡੀ ਨੇ ਕਿਸੇ ਪੂਰਵ ਨਿਰਧਾਰਤ ਕਥਾ ਨੂੰ ਹੀ ਮੌਲਿਕ ਗਾਇਨ ਵਿਧੀ ਅਨੁਸਾਰ ਪ੍ਰਸਤੁਤ ਕਰਨਾ ਹੁੰਦਾ ਹੈ। ਇਸ ਤਰ੍ਹਾਂ ਅਧਿਆਤਮਿਕ ਅਨੁਭਵ ਦੇ ਆਧਾਰ ਤੇ ਉਸ ਪਰਮਾਤਮਾ ਦੇ ਰੱਬੀ ਸੰਦੇਸ਼ ਨੂੰ ਸਰਬ ਲੋਕਾਈ ਸਾਹਮਣੇ ਪ੍ਰਸਤੁਤ ਕਰਨਾ ਢਾਡੀ ਦਾ ਉਦੇਸ਼ ਹੈ। ਗੁਰੂ ਨਾਨਕ ਦੇਵ ਜੀ ਦਾ ਆਪਣੇ ਆਪ ਨੂੰ ਢਾਡੀ ਕਹਿਣਾ ਤੇ ਬਾਣੀ ਪ੍ਰਸਤੁਤੀ ਲਈ ਲੋਕਯਾਨਿਕ ਗਾਇਨ ਪ੍ਰਕ੍ਰਿਆ ਦਾ ਇਸਤੇਮਾਲ ਕਰਨਾ ਬਾਣੀ ਵਿਚ ਲੋਕਧਾਰਾਈ ਸੰਚਾਰ ਵਿਧੀ ਦੇ ਪ੍ਰਭਾਵਸ਼ਾਲੀ ਸਥਾਨ ਨੂੰ ਸਾਡੇ ਸਾਹਮਣੇ ਪ੍ਰਤੱਖ ਕਰਦਾ ਹੈ। ਲੋਕਧਾਰਾਈ ਦ੍ਰਿਸ਼ਟੀ ਤੋਂ ਬਾਣੀ ਦੀ ਇਹ ਪ੍ਰਸਤੁਤੀ ਅਹਿਮ ਤੇ ਵਿਸ਼ਿਸ਼ਟ ਹੈ।

ਗੁਰੂ ਨਾਨਕ ਬਾਣੀ ਦਾ ਲੋਕ ਜਨਜੀਵਨ ਨਾਲ ਸਿੱਧਾ ਤੇ ਅਟੁੱਟ ਸੰਬੰਧ ਹੈ। ਮੱਧਕਾਲੀਨ ਪਰਿਸਥਿਤੀਆਂ ਭਗਤੀ ਲਹਿਰ ਦੇ ਸਮਾਨੰਤਰ ਗੁਰੂ ਨਾਨਕ ਬਾਣੀ ਨੂੰ ਵਾਚੀਏ ਤਾਂ ਸਾਡੇ ਸਾਹਮਣੇ ਬਾਣੀ ਵਿਚਲਾ ਸੰਦੇਸ਼ ਭਗਤੀ ਲਹਿਰ ਦੇ ਸਮਾਨ ਬ੍ਰਾਹਮਣਵਾਦ ਦੇ ਵਿਰੁਧ ਇਕ ਵਡੇਰਾ ਜਹਾਦ ਹੈ। ਗੁਰੂ ਸਾਹਿਬ ਨੇ ਲੋਕਾਂ ਨੂੰ ਬ੍ਰਾਹਮਣਵਾਦੀ ਦੀ ਕੱਟੜ ਸ਼ਾਸਤਰੀ ਪਕੜ ਤੋਂ ਮੁਕਤ ਕਰਾਉਣ ਲਈ ਰੱਬੀ ਸੰਦੇਸ਼ ਅਧਿਆਤਮਕ ਅਨੁਭਵ ਅਧਿਆਤਮਕ ਬੋਧ ਅਤੇ ਪਰਮਸਤਿ ਦੀਆਂ ਅਕਥ ਬਾਤਾਂ ਨੂੰ ਜੀਵਨ ਦੇ ਵਿਭਿੰਨ ਪ੍ਰਗਟਾਅ ਮਾਧਿਅਮਾਂ ਦੁਆਰਾ ਦਰਸਾਇਆ। ਮੱਧਕਾਲੀਨ ਬ੍ਰਾਹਮਣਵਾਦ ਅਤੇ ਪੂਰਵ ਪ੍ਰਚਲਿਤ ਸਮੂਹ ਧਰਮਾਂ ਦੇ ਕਰਮ ਧਰਮ ਪਖੰਡਾਂ ਅਤੇ ਕੱਟੜਤਾ ਦੇ ਮੁਕਾਬਲੇ ਵਿਚ ਬਾਣੀ ਸੰਦੇਸ਼ ਦੇ ਪ੍ਰਚਾਰ ਲਈ ਵਿਭਿੰਨ ਸਭਿਆਚਾਰਕ ਇਕਾਈਆਂ ਨੂੰ ਬਾਣੀ ਪ੍ਰਬੰਧ ਦੀ ਪ੍ਰਕ੍ਰਿਤੀ ਅਨੁਸਾਰ ਢਾਲਿਆ ਗਿਆ ਹੈ। ਇਸ ਤਰ੍ਹਾਂ ਬਾਣੀ ਦੇ ਸੰਦੇਸ਼ ਨੂੰ ਲੋਕਾਈ ਤਕ ਪਹੁੰਚਾਣ ਲਈ ਲੋਕਧਾਰਾਈ ਸੰਚਾਰ ਜੁਗਤ ਦਾ ਪ੍ਰਯੋਗ ਜਿਥੇ ਇਕ ਸਸ਼ਕਤ ਵਿਧਾ ਵਜੋਂ ਮੂਰਤਮਾਨ ਹੋ ਰਿਹਾ ਉਥੇ ਇਹ ਅਤਿ ਪ੍ਰਭਾਵਸ਼ਾਲੀ ਸਮਕਾਲੀਨ ਪਰਿਸਥਿਤੀਆਂ ਦੇ ਅਤਿ ਅਨੁਕੂਲ ਹੈ।

---

176. 'ਨਾਨਕੁ ਸਾਇਰੁ ਏਵ ਕਹਿਤ ਹੈ' ਆਦਿ ਗ੍ਰੰਥ, ਪੰਨਾ 660

177. ਢਾਢੀ ਕਥੇ ਅਕਥੁ ਸਬਦਿ ਸਵਾਰਿਆ।।
ਆਦਿ ਗ੍ਰੰਥ, ਵਾਰ ਮਾਝ ਪਉੜੀ 23, ਪੰਨਾ 149

ਗੁਰੂ ਨਾਨਕ ਬਾਣੀ ਦੇ ਅੰਤਰਗਤ ਲੋਕਧਾਰਾ ਦੇ ਬੁਨਿਆਦੀ ਤੱਤ ਲੋਕ ਤੱਤ ਨੂੰ ਸਿੱਧੇ ਤੌਰ ਤੇ ਸੰਚਾਰ ਵਿਧਾ ਵਜੋਂ ਇਸਤੇਮਾਲ ਕੀਤਾ ਗਿਆ ਹੈ। ਲੋਕ ਤੱਤਾਂ ਦਾ ਖੇਤਰ ਬਹੁਤ ਹੀ ਵਿਆਪਕ ਵਿਸਤ੍ਰਤ ਤੇ ਵਿਸ਼ਾਲ ਸਵੀਕਾਰ ਕੀਤਾ ਜਾਂਦਾ ਹੈ। ਇਹਨਾਂ ਲੋਕ ਤੱਤਾਂ ਦਾ ਸਿੱਧਾ ਸੰਬੰਧ ਲੋਕ ਮਨ ਨਾਲ ਹੁੰਦਾ ਹੈ। ਇਹ ਲੋਕ ਮਨ ਸਮੁੱਚੀ ਜਾਤੀ ਦਾ ਲੋਕ ਮਨ ਹੁੰਦਾ ਹੈ। ਜਿਸ ਦਾ ਅਕਸ ਸਾਡੇ ਵਿਅਕਤਿਤਵ ਸੰਗ ਲੀਨ ਹੁੰਦਾ ਹੈ। ਜੋ ਵਿਅਕਤੀ ਦੀ ਸਾਰੀ ਸੁਖਸਾਂਅਤ ਨੂੰ ਪ੍ਰੇਰਿਤ ਤੇ ਨਿਰਮਿਤ ਕਰਨ ਵਿਚ ਸਹਾਈ ਹੁੰਦਾ ਹੈ। ਲੋਕ ਮਨ ਦਾ ਸਿੱਧਾ ਸੰਬੰਧ ਮਨ ਦੀ ਅਵਚੇਤਨ ਅਵਸਥਾ ਨਾਲ ਹੁੰਦਾ ਹੈ। ਅਵਚੇਤਨ ਮਨ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ: ਪਹਿਲਾ ਸਹਿਜ ਅਵਚੇਤਨ ਅਤੇ ਦੂਸਰਾ ਅਰਜਿਤ ਅਵਚੇਤਨ। ਇਹ ਸਹਿਜ ਅਵਚੇਤਨ ਲੋਕ ਮਾਨਸ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਹਰੇਕ ਵਿਅਕਤੀ ਦੇ ਸਮੇਂ ਅਨੁਸਾਰ ਉਸ ਦੀ ਮਾਨਸਿਕ ਸਥਿਤੀ ਦੇ ਰੂਪ ਵਿਚ ਅਵਚੇਤਨ ਤੋਂ ਚੇਤਨ ਵਿਚ ਉਭਰਦਾ ਹੈ। ਇਹੀ ਲੋਕ ਮਾਨਸ ਜਾਂ ਲੋਕ ਮਨ ਲੋਕ ਧਾਰਾ ਦਾ ਬੁਨਿਆਦੀ ਤੱਤ ਹੈ। ਜਦੋਂ ਕਿ ਲੋਕ ਮਨ ਦਾ ਦੂਜਾ ਅਰਜਿਤ ਅਵਚੇਤ ਮਨੁੱਖੀ ਜੀਵਨ ਵਿਚ ਮਹੱਤਵਪੂਰਨ ਸਥਾਨ ਰਖਦਾ ਹੈ। ਮਨੁੱਖ ਆਪਣੀਆਂ ਸਮਕਾਲੀਨ ਪਰੰਪਰਾ ਰੂੜ੍ਹੀਆਂ ਵਿਸ਼ਵਾਸ਼ਾਂ ਵਿਚ ਵਿਚਰਦਾ ਹੈ। ਇਹ ਸਭ ਕੁੱਝ ਉਸ ਦਾ ਆਪਣਾ ਬਣਾਇਆ ਨਹੀਂ ਹੁੰਦਾ ਸਗੋਂ ਉਹ ਸਾਮੂਹਿਕ ਚੇਤਨਾ ਵਿਸ਼ੇਸ਼ ਵਿਚੋਂ ਗ੍ਰਹਿਣ ਕਰਦਾ ਹੈ। ਅਜਿਹੇ ਲੋਕ ਜੀਵਨ ਦੀ ਅਭਿਵਿਅਕਤੀ ਵਿਚ ਜੋ ਕੁਝ ਵੀ ਪ੍ਰਤਿਬਿੰਬਤ ਹੁੰਦਾ ਹੈ,ਉਹੀ ਉਸ ਦਾ ਅਰਜਿਤ ਅਵਚੇਤਨ ਹੈ। ਇਸ ਦਾ ਦੂਸਰਾ ਨਾਮ ਲੋਕ ਤੱਤ ਹੈ। ਇਹ ਲੋਕ ਤੱਤ ਗੁਰੂ ਨਾਨਕ ਬਾਣੀ ਦਾ ਅਹਿਮ ਵਿਸ਼ਾ ਹੈ। ਕਿਧਰੇ ਤਾਂ ਇਹ ਤੱਤ ਇਤਨਾ ਪ੍ਰਤੱਖ ਹੈ ਕਿ ਸਹਿਜੇ ਹੀ ਦ੍ਰਿਸ਼ਟਮਾਨ ਹੋ ਜਾਂਦਾ ਹੈ ਪਰੰਤੂ ਕਿਧਰੇ ਇਤਨਾ ਸੂਖਮ ਤੇ ਅਦ੍ਰਿਸ਼ਟ ਹੈ ਕਿ ਇਸ ਨੂੰ ਅਨੁਭਵ ਕਰਨ ਲਈ ਤਿੱਖੀ ਨੀਝ ਤੇ ਸੂਝ ਦੀ ਜ਼ਰੂਰਤ ਪੈਂਦੀ ਹੈ। ਭਾਵੇਂ ਲੋਕ ਤੱਤ ਅਤੇ ਬੌਧਿਕ ਤੱਤ ਦੋ ਭਿੰਨ ਭਿੰਨ ਮਾਨਸਿਕ ਸਥਿਤੀਆਂਦੀ ਉਪਜ ਹਨ ਪਰ ਗੁਰੂ ਨਾਨਕ ਬਾਣੀ ਵਿਚਲੇ ਬੌਧਿਕ ਰਹੱਸਾਂ ਨੂੰ ਖੋਲ੍ਹਦਿਆਂ ਲੋਕਧਾਰਾ ਦੀਆਂ ਅਭਿਵਿਅੰਜਨ ਵਿਧੀਆਂ ਨੂੰ ਹੀ ਅਪਣਾਇਆ ਗਿਆ ਹੈ। ਜਿਸ ਕਾਰਨ ਰਚਨਾ ਸਿਧਾਂਤਕ ਹੁੰਦਿਆਂ ਹੋਇਆਂ ਵੀ ਹਲਕੀ ਫੁਲਕੀ ਲਗਣ ਲਗ ਪਈ। ਜਿੰਨੀ ਵੀ ਕੋਈ ਰਚਨਾ ਮਨੁੱਖੀ ਜੀਵਨ ਸੰਗ ਓਤਪੋਤ ਹੁੰਦੀ ਹੈ ਉੱਨੀ ਹੀ ਉਹ ਵਧੇਰੇ ਸਜੀਵ, ਸਦੀਵੀ ਅਤੇ ਮਕਬੂਲ ਹੁੰਦੀ ਹੈ। ਗੁਰੂ ਨਾਨਕ ਬਾਣੀ ਦੇ ਅਤਿ ਲੋਕਪ੍ਰਿਯ ਅਤੇ ਸਜੀਵ ਹੋਣ ਦਾ ਇਕ ਕਾਰਣ ਇਸ ਵਿਚਲੇ ਲੋਕ-ਤੱਤ ਹਨ। ਇਹਨਾਂ ਲੋਕ-ਤੱਤਾਂ ਦੇ ਵਿਭਿੰਨ ਰੂਪ (ਮਿਥਕ ਕਥਾਵਾਂ, ਲੋਕ ਵਿਸ਼ਵਾਸ਼, ਰੀਤੀ ਰਿਵਾਜ, ਧਾਰਮਿਕ ਵਿਧੀ ਵਿਧਾਨ ਆਦਿ) ਵਿੱਚ

ਵਿਦਮਾਨ ਹੈ। ਇਹ ਤੱਤ ਸੰਚਾਰ ਦੀ ਸਸ਼ਕਤ ਵਿਧਾ ਵਜੋਂ ਵਿਸ਼ੇਸ਼ ਪ੍ਰਯੋਜਨ ਹਿਤ ਬਾਣੀ ਵਿਚ ਕਾਰਜਸ਼ੀਲ ਹੁੰਦੇ ਹਨ।

3.1 ਮਿਥਕ ਕਥਾਵਾਂ: ਮਿਥਕ ਕਥਾਵਾਂ ਲੋਕ ਮਨ ਦੀ ਅਭਿਵਿਅਕਤੀ ਹੁੰਦੀ ਹੈ। ਮਿਥਕ ਕਥਾ ਦਾ ਕਰਤਾ ਨਹੀਂ ਹੁੰਦਾ। ਇਹਨਾਂ ਕਥਾਵਾਂ ਵਿਚ ਪ੍ਰਕ੍ਰਿਤੀ ਵਿਚ ਵਿਆਪਕ ਅਨੇਕ ਰਹੱਸਾਂ ਦਾ ਮਾਨਵੀ ਸਪਸ਼ਟੀਕਰਣ ਹੁੰਦਾ ਹੈ। ਸੰਸਾਰ ਦੀ ਉਤਪਤੀ, ਸੰਸਾਰ ਦਾ ਪਸਾਰਾ, ਲੋਕ ਪਰਲੋਕ, ਨਰਕ ਸਵਰਗ, ਸੂਰਜ ਚੰਨ ਤਾਰੇ ਗ੍ਰਹਿਣ ਆਦਿ ਦੇ ਕਾਰਣਾਂ ਦੀ ਜਾਂਚ ਇਹਨਾਂ ਕਥਾਵਾਂ ਦਾ ਮੂਲ ਹੈ। ਮਿਥਕ ਕਥਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਮੂਲ ਸਥਿਰ ਰਹਿੰਦਾ ਹੈ।[178] ਇਸ ਦੇ ਮੂਲ ਤੱਤ ਇਸ ਵਿਚਲੇ ਬਿਰਤਾਂਤਕ ਰਸ ਕਰਕੇ ਜਾਣੇ ਜਾਂਦੇ ਹਨ। ਮਿਥਕ ਕਥਾ ਵਿਚ ਧਰਮ ਦਾ ਅਹਿਮ ਰੋਲ ਹੈ ਇਸੇ ਕਰਕੇ ਇਹ ਸਾਡੇ ਧਾਰਮਿਕ ਗ੍ਰੰਥਾਂ, ਪੈਰਾਣਾਂ ਆਦਿ ਵਿਚੋਂ ਵੀ ਉਪਲੱਬਧ ਹੁੰਦੀਆਂ ਹਨ। ਧਰਮ ਨਾਲ ਜੁੜੀਆਂ ਹੋਣ ਕਰਕੇ ਇਹਨਾਂ ਕਥਾਵਾਂ ਵਿਚ ਸ਼ਰਧਾ ਅਤੇ ਵਿਸ਼ਵਾਸ਼ ਹੁੰਦਾ ਹੈ। ਜਿਸ ਕਰਕੇ ਇਹਨਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਅਜਿਹਾ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਹਨਾਂ ਦੇ ਸੁਣਨ ਨਾਲ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਆਦਿ ਕਾਲ ਤੋਂ ਮਨੁੱਖੀ ਵਿਸ਼ਵਾਸ਼ਾਂ ਨੂੰ ਵਧੇਰੇ ਪ੍ਰਮਾਣਿਕ, ਪ੍ਰਵਾਣਿਤ ਬਣਾਉਣ ਅਤੇ ਸਭਿਆਚਾਰਕ ਵਿਰਸੇ ਨੂੰ ਗਤੀਸ਼ੀਲ ਰੱਖ ਕੇ ਵਿਭਿੰਨ ਪਰਿਸਥਿਤੀਆਂ ਅਨੁਕੂਲ ਲਾਗੂ ਕਰਨ ਦੀ ਸਮਰੱਥਾ ਰਖਦੀਆਂ ਹੋਈਆਂ ਮਨੁੱਖ ਦੀ ਅਗਵਾਈ ਲਈ ਠੋਸ ਸਿਧਾਂਤ ਅਰਪਿਤ ਕਰਨ ਵਿਚ ਸਹਾਇਤਾ ਕਰਦੀਆਂ ਆ ਰਹੀਆਂ ਹਨ। ਬਿਨਾਂ ਸ਼ੱਕ ਇਹ ਸਾਡੀ ਪਰੰਪਰਾ ਅਤੇ ਸਾਂਸਕ੍ਰਿਤਕ ਗਤੀ ਨੂੰ ਬਲਵਾਨ ਬਣਾਉਂਦੀਆਂ ਹਨ। ਮਿਥਕ ਕਥਾਵਾਂ ਜਿਥੇ ਸਾਡੇ ਸਭਿਆਚਾਰ ਦਾ ਗੌਰਵਸ਼ਾਲੀ ਵਿਰਸਾ ਹੈ ਉਥੇ ਬਾਣੀ ਸਾਡੀ ਸੰਸਕ੍ਰਿਤੀ ਦਾ ਮਹਾਨ ਖਜ਼ਾਨਾ। ਇਸ

---

178. Claude, Levistrauss, Structural Anthropology, p.219.

ਲਈ ਗੁਰੂ ਨਾਨਕ ਬਾਣੀ ਦੇ ਅੰਤਰਗਤ ਇਹਨਾਂ ਦਾ ਵਿਭਿੰਨ ਪ੍ਰਯੋਗ ਵੇਖਣ ਨੂੰ ਮਿਲਦਾ ਹੈ। ਬਾਣੀ ਵਿਚ ਮਿਥਕ ਕਥਾਵਾਂ ਦੀ ਸਿੱਧੀ ਵਰਤੋਂ ਘੱਟ ਕੀਤੀ ਗਈ ਹੈ ਪਰੰਤੂ ਅਧਿਆਤਮਿਕ ਰਮਜ਼ ਨੂੰ ਜਾਣਨ ਲਈ ਇਹਨਾਂ ਕਥਾਵਾਂ ਨੂੰ ਪ੍ਰਤੀਕਾਤਮਕ ਅਤੇ ਦ੍ਰਿਸ਼ਟਾਂਤ ਰੂਪ ਵਿਚ ਵਰਤਿਆ ਗਿਆ ਹੈ। ਇਹਨਾਂ ਦ੍ਰਿਸ਼ਟਾਂਤਾਂ ਦੁਆਰਾ ਦਿਤੇ ਗਏ ਸੰਕੇਤ ਦੇ ਪ੍ਰਸੰਗ ਨੂੰ ਸਮਝੇ ਬਿਨਾਂ ਸ਼ਬਦ ਦੀ ਮੂਲ ਭਾਵਨਾ ਅਤੇ ਸੁਨਿਸ਼ਚਤ ਭਾਵ ਅਰਥ ਤਕ ਪਹੁੰਚ ਸਕਣਾ ਸੰਭਵ ਨਹੀਂ ਹੈ। ਜਿਵੇਂ:

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ।।
ਬੇਦ ਕੀ ਬਿਪਤਿ ਪੜੀ ਪਛੁਤਾਨਿਆ।।
ਜਿਸੁ ਸੁਰਿ ਮਿਲੈ ਤਿਸੁ ਗਰਬੁ ਨਿਵਾਰੈ।।1।।ਰਹਾਉ।।
ਬਲਿ ਰਾਜਾ ਮਾਇਆ ਹੰਕਾਰੀ।।੨।।

ਹਰੀ ਚੰਦੁ ਦਾਨੁ ਕਰੈ ਜਸੁ ਲੇਵੈ।।
ਬਿਨੁ ਗੁਰ ਪੂਛੈ ਜਾਇ ਪਇਆਰੀ।।੨।।

ਹਰੀ ਚੰਦੁ ਦਾਨੁ ਕਰੈ ਜਸੁ ਲੇਵੈ।।
ਬਿਨੁ ਗੁਰ ਅੰਤੁ ਨ ਪਾਇ ਅਭੇਵੈ।।
ਆਪਿ ਭੁਲਾਇ ਆਪੇ ਮਤਿ ਦੇਵੈ।।੩।।

ਦੁਰਮਤਿ ਹਰਣਾਖਸੁ ਦੁਰਾਚਾਰੀ।।
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ।।
ਪ੍ਰਹਲਾਦ ਉਧਾਰੇ ਕਿਰਪਾ ਧਾਰੀ।।੪।।[179]

ਉਪਰੋਕਤ ਸ਼ਬਦ ਵਿਚ ਬ੍ਰਹਮਾ, ਬਲਿਰਾਜਾ, ਹਰੀ ਚੰਦ, ਹਰਣਾਖਸ਼, ਪ੍ਰਹਲਾਦ ਆਦਿ ਪੌਰਾਣਿਕ ਕਥਾਵਾਂ ਦੇ ਪਾਤਰਾਂ ਦੇ ਸੰਕੇਤ ਆਏ ਹਨ। (1) ਬ੍ਰਹਮਾ ਦੀ ਕਥਾ ਅਨੁਸਾਰ ਉਹ ਸਰਸਵਤੀ ਦੇ

---

179. ਆਦਿ ਗ੍ਰੰਥ, ਪੰਨਾ 224

ਰੂਪ ਤੇ ਮੋਹਿਤ ਹੋ ਕੇ ਚਾਰੇ ਵੇਦ ਗੁਆ ਬੈਠਦਾ ਹੈ। (2) ਬਲ ਇਕ ਵੱਡਾ ਪ੍ਰਤਾਪੀ ਰਾਜਾ ਹੋਇਆ। ਵਿਸ਼ਨੂੰ ਜੀ ਇਸ ਨੂੰ ਛਲਣ ਲਈ ਬਾਵਨ ਰੂਪ ਧਾਰ ਕੇ ਆਏ ਤੇ ਇਸ ਤੋਂ ਢਾਈ ਕਰੂ ਜ਼ਮੀਨ ਮੰਗੀ। ਬਾਵਨ ਨੇ ਰੂਪ ਵਧਾ ਕੇ ਦੋ ਕਦਮ ਨਾਲ ਪ੍ਰਿਥਵੀ ਤੇ ਆਕਾਸ਼ ਮਿਣ ਲਏ ਤੇ ਤੀਜੇ ਅਧ ਵਿਚ ਬਲ ਸਰੀਰ ਲੈ ਲਿਆ। ਬਲ ਆਪਣੇ ਗੁਰੂ ਦੇ ਕਹਿਣ ਤੇ ਵੀ ਛਲਿਆ ਗਿਆ। ਵਿਸ਼ਨੂੰ ਨੇ ਬਲ ਨੂੰ ਪਾਤਾਲ ਦਾ ਰਾਜਾ ਥਾਪਿਆ ਤੇ ਆਪ ਉਸ ਦੀ ਭਗਤੀ ਤੇ ਖੁਸ਼ ਹੋ ਕੇ ਦੁਆਰਪਾਲ ਹੋ ਗਿਆ। (3) ਰਾਜਾ ਹਰੀਸ਼ਚੰਦਰ ਸਤਿਯੁਗ ਦਾ ਬਹੁਤ ਪ੍ਰਤਾਪੀ ਸਤਿਵਾਦੀ ਅਤੇ ਦਾਨੀ ਰਾਜਾ ਹੋਇਆ ਜਿਹੜਾ ਇੰਦ੍ਰ ਦੀ ਈਰਖਾ ਦਾ ਸ਼ਿਕਾਰ ਹੋ ਕੇ ਪਰਿਵਾਰ ਸਮੇਤ ਰਾਜ ਭਾਗ ਤਿਆਗ ਕੇ ਅਨੇਕਾਂ ਕਸ਼ਟ ਸਹਿ ਕੇ ਗੁਲਾਮ ਬਣ ਵਿਸ਼ਵਾਮਿਤਰ ਦੁਆਰਾ ਕੀਤੀ ਗਈ ਪ੍ਰੀਖਿਆ ਵਿਚ ਸਫਲ ਰਿਹਾ। (4) ਹਰਣਾਖਸ਼ ਰਾਜਾ ਦੈਤ ਸੀ ਜੋ ਆਪਣੇ ਆਪ ਨੂੰ ਰੱਬ ਕਹਿੰਦਾ ਸੀ ਉਸ ਦਾ ਪੁੱਤਰ ਪ੍ਰਹਿਲਾਦ ਉਸ ਤੋਂ ਬਾਗੀ ਹੋ ਗਿਆ। ਰਾਜੇ ਨੇ ਪੁੱਤਰ ਉਤੇ ਅਸਹਿ ਜ਼ੁਲਮ ਕੀਤੇ, ਤੱਤੇ ਥੰਮ ਨਾਲ ਬੰਨ੍ਹਿਆ ਪਰ ਵਾਹਿਗੁਰੂ ਨੇ ਭਗਤ ਦੀ ਰਖਿਆ ਕੀਤੀ ਅਤੇ ਭਗਵਾਨ ਨਰ ਸਿੰਘ ਰੂਪ ਧਾਰ ਕੇ ਥੰਮ ਪਾੜ ਕੇ ਨਿਕਲਿਆ ਤੇ ਹਰਨਾਖਸ਼ ਨੂੰ ਨੌਹਾਂ ਨਾਲ ਮਾਰਿਆ। (5) ਖੀਰ ਮੰਥਨ ਅਥਵਾ ਚੌਦਾਂ ਰਤਨਾਂ ਦੀ ਕਥਾ ਅਨੁਸਾਰ ਦੁੱਧ ਦਾ ਇਕ ਅਜਿਹਾ ਸਮੁੰਦਰ ਕਲਪਿਤ ਕੀਤਾ ਗਿਆ ਜਿਸ ਵਿਚ ਵਿਸ਼ਨੂੰ ਵਿਸ਼ਰਾਮ ਕਰਦਾ ਹੈ। ਵਿਸ਼ਨੂੰ ਦੀ ਸਹਾਇਤਾ ਨਾਲ ਦੈਤਾਂ ਤੇ ਦੇਵਤਿਆਂ ਨੇ ਇਸ ਸਮੁੰਦਰ ਨੂੰ ਰਿੜਕਿਆ ਜਿਸ ਵਿੱਚ ਮਧਾਣੀ ਦੀ ਥਾਂ 'ਮੰਦਰਾਚਲ ਪਰਬਤ' ਅਤੇ ਨੇਤ੍ਰੇ ਵਜੋਂ ਨਾਗ ਦੀ ਵਰਤੋਂ ਕੀਤੀ ਗਈ। ਜਦੋਂ ਪਹਾੜ ਡੁੱਬਣ ਲਗਾ ਤਾਂ ਵਿਸ਼ਨੂੰ ਨੇ ਕਛੂਕੁੰਮੇ ਦਾ ਰੂਪ ਧਾਰਨ ਕਰਕੇ ਇਸ ਨੂੰ ਥੰਮ੍ਹਿਆ। ਇਸ ਸਮੁੰਦਰ ਵਿਚੋਂ ਚੌਦਾਂ ਰਤਨ ਨਿਕਲੇ ਜੋ ਦੇਵਤਿਆਂ ਤੇ ਦੈਤਾਂ ਵਿਚ ਵੰਡੇ ਗਏ।

ਇਸ ਪ੍ਰਕਾਰ ਸ਼ਬਦ ਦੇ ਉਪਰੋਕਤ ਸੰਕੇਤ ਦੇ ਪ੍ਰਸੰਗ ਜਾਣ ਕੇ ਇਸ ਦੇ ਅਰਥਾਂ ਤੇ ਭਾਵਾਂ ਨੂੰ ਸਮਝਿਆ ਜਾਵੇ ਤਾਂ ਨਿਸਚੇ ਹੀ ਇਹ ਅਰਥ ਸੰਚਾਰ ਦੇ ਪਧਰ ਤੇ ਸਰਵੋਤਮਤਾ ਦੇ ਧਾਰਣੀ ਹੋਣਗੇ। ਅਜਿਹੇ ਅਨੇਕਾਂ ਪ੍ਰਸੰਗ ਹਨ ਜਿਹੜੇ ਬਾਣੀ ਦੇ ਅੰਤਰਗਤ ਕਿੰਨੇ ਹੀ ਮਿਥਕ ਅੰਸ਼ ਲੁਕਾਈ ਬੈਠੇ ਹਨ। ਜਿਵੇਂ ਗੌਤਮ ਅਹਿਲਿਆ ਪ੍ਰਸੰਗ,[181] ਅਜਰਾਜ,[182] ਪਰਸਰਾਮ,[183] ਨਾਰਦ,[184]

---

181. ਆਦਿ ਗ੍ਰੰਥ, ਪੰਨਾ 1343-44

182. ਉਹੀ, ਪੰਨਾ 953

183. ਉਹੀ ਪੰਨਾ 1353

184. ਉਹੀ, ਪੰਨਾ 349

ਰਾਹੁਕੇਤੁ,[185] ਅਠਸਠਿ ਤੀਰਥ[186] ਆਦਿ। ਰਾਮ ਅਤੇ ਰਾਮਾਇਣ ਨਾਲ ਸੰਬੰਧਿਤ ਕਥਾ ਦੇ ਦ੍ਰਿਸਟਾਂਤ ਵੀ ਦ੍ਰਿਸਟਮਾਨ ਹੁੰਦੇ ਹਨ। ਰਾਮਾਇਣ ਭਾਰਤ ਦਾ ਮਹਾਂਕਾਵਿ ਹੈ ਅਤੇ ਰਾਮ ਇਕ ਸਤਵਾਦੀ ਰਾਜੇ ਦੇ ਰੂਪ ਵਿਚ ਅਵਤਾਰ ਵਜੋਂ ਅਤੇ ਪਰਮੇਸੁਵਰ ਜਾਂ ਪਾਰਬ੍ਰਹਮ ਦੇ ਚਿੰਨ੍ਹ ਵਜੋਂ ਜਾਣਿਆ ਜਾਂਦਾ ਹੈ। ਗੁਰੂ ਨਾਨਕ ਦੇਵ ਨੇ ਇਹਨਾਂ ਕਥਾਵਾਂ ਦੇ ਪਾਤਰਾਂ ਨੂੰ ਪ੍ਰਸੰਗਿਕ ਅਰਥ ਵਿਚ ਵਰਤ ਕੇ ਬਾਣੀ ਨਾਲ ਜਨਸਾਧਾਰਣ ਦੀ ਸਾਂਝ ਵਧੇਰੇ ਘਨੇਰੀ ਕੀਤੀ ਹੈ।[187] ਮਹਾਂਭਾਰਤ ਨਾਲ ਸੰਬੰਧਿਤ ਕਥਾਵਾਂ ਵਿਚੋ ਵਿਭਿੰਨ ਘਟਨਾਵਾਂ ਅਤੇ ਪਾਤਰਾਂ ਦੇ ਸੰਕੇਤ ਅਤੇ ਹਵਾਲੇ ਵੀ ਉਪਲਬੱਧ ਹੁੰਦੇ ਹਨ। ਮਹਾਂਭਾਰਤ ਅਜਿਹਾ ਮਹੱਤਵਪੂਰਨ ਗ੍ਰੰਥ ਹੈ, ਜਿਸ ਦੀਆਂ ਕਥਾਵਾਂ ਵਿਚ ਇਤਿਹਾਸ, ਪੁਰਾਣ ਅਤੇ ਲੋਕਯਾਨ ਦੇ ਤੱਤ ਦੇ ਮਿਲੇ ਜੁਲੇ ਅੰਸ਼ ਮੌਜੂਦ ਹਨ। ਪਾਂਡਵਾਂ ਅਤੇ ਕੌਰਵਾਂ ਦੇ ਕਥਾ ਪ੍ਰਸੰਗ[188] ਵਿਚ ਦੁਰਯੋਧਨ ਦੀ ਹਉਮੈ ਗ੍ਰਸਤ ਬਿਰਤੀ ਦਾ ਵਰਨਣ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਅਭਿਮਾਨੀ ਦੁਰਯੋਧਨ ਦਾ ਮਾਣ ਪ੍ਰਭੂ ਨੇ ਆਪ ਤੋੜਿਆ। ਦ੍ਰੋਪਦੀ ਦਾ ਅਪਮਾਨ ਕਰਨ ਵਾਲਾ ਦਰਯੋਧਨ ਆਪ ਬੇਪਤ ਹੁੰਦਾ ਹੈ। ਮਰਨ ਤੋ ਬਾਅਦ ਉਸਦੇ ਬਜਰ ਸਰੀਰ ਨੂੰ ਗਿਰਦ ਵੀ ਨਹੀਂ ਖਾਂਦੀ। ਇੰਜ ਪ੍ਰਭੂ ਨੂੰ ਵਿਸਾਰਨ ਵਾਲੇ ਦਾ ਹਾਲ ਅਜਿਹਾ ਮੰਦਾ ਹਾਲ ਹੁੰਦਾ ਹੈ:

ਬੂਡਾ ਦੁਰਜੋਧਨੁ ਪਤਿ ਖੋਈ।।
ਰਾਮੁ ਨ ਜਾਨਿਆ ਕਰਤਾ ਸੋਈ।।
ਜਨ ਕਉ ਦੂਖਿ ਪਚੈ ਦੁਖੁ ਹੋਈ।।[189]

ਇਸ ਪ੍ਰਕਾਰ ਜਨਮੇਜਾ[190] (ਸਪਾਂ ਦਾ ਵੈਰੀ), ਕੰਸ ਦੇ ਪਹਿਲਵਾਨ ਚੰਡੂਰ ਤੇ ਕੇਸੀ,[191]

---

185. ਉਹੀ, ਪੰਨਾ 191
186. ਉਹੀ, ਪੰਨਾ 150
187. - ਰਾਮ ਝੁਰੈ ਦਲ ਮੇਲਵੈ . . .
   - ਮਨ ਮਹਿ ਝੂਰੈ ਰਾਮਚੰਦੁ . . .
   ਆਦਿ ਗ੍ਰੰਥ, ਪੰਨਾ 1412
188. ਆਦਿ ਗ੍ਰੰਥ, ਪੰਨਾ 954
189. ਉਹੀ, ਪੰਨਾ 225
190. ਉਹੀ, ਪੰਨਾ 953
191. ਉਹੀ, ਪੰਨਾ 225.

ਕਾਲੀਨਾਗ,[192] ਪਾਰਜਾਤ[193] ਅਤੇ ਕ੍ਰਿਸ਼ਨ[194] ਦੇ ਅਨੇਕਾਂ ਹੀ ਸੰਕੇਤ ਦ੍ਰਿਸ਼ਟਾਂਤ ਵਜੋਂ ਦ੍ਰਿਸ਼ਟਮਾਨ ਹੁੰਦੇ ਹਨ।

3.2 ਦੇਵੀ ਦੇਵਤਿਆਂ ਬਾਰੇ ਦ੍ਰਿਸ਼ਟਾਂਤ: ਪੌਰਾਣਿਕ ਕਥਾਵਾਂ ਵਿਚ ਦੇਵੀ ਦੇਵਤਿਆਂ ਦਾ ਅਸੀਮ ਵਰਨਨ ਕੀਤਾ ਗਿਆ ਹੈ। ਪੌਰਾਣਿਕ ਵਿਸ਼ਵਾਸ਼ ਅਨੁਸਾਰ ਮਾਇਆ ਦੁਆਰਾ ਬ੍ਰਹਮਾ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਵਿਸ਼ਨੂੰ ਇਸ ਦੀ ਪਾਲਣਾ ਅਤੇ ਮਹੇਸ਼ ਇਸ ਦਾ ਸੰਘਾਰ ਕਰਦਾ ਹੈ। ਇਹਨਾਂ ਦੀ ਸੰਯੁਕਤ ਏਕਤਾ ਦੁਆਰਾ ਸ੍ਰਿਸ਼ਟੀ ਦਾ ਸਮੂਹ ਵਰਤਾਰਾ ਕਾਰਜਸ਼ੀਲ ਹੈ। ਗੁਰੂ ਨਾਨਕ ਦੇਵ ਜੀ ਮਨੁੱਖ ਦੇ ਪੌਰਾਣਿਕ ਸੰਕਲਪ ਅਤੇ ਵਿਸ਼ਵਾਸ਼ ਨੂੰ ਲੈ ਕੇ ਇਸ ਨੂੰ ਇਕ ਏਕੇ ਵਿਚ ਪਰਿਵਰਤਿਤ ਕਰ ਦਿੰਦੇ ਹਨ:

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ।।
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ।।
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।।[195]

ਮਨੁੱਖੀ ਵਿਸ਼ਵਾਸ਼ਾਂ ਅਨੁਸਾਰ ਇਹ ਦੇਵਤੇ ਵੱਖੋ ਵਖਰੀਆਂ ਸ਼ਕਤੀਆਂ ਦੇ ਪ੍ਰਤੀਕ ਹਨ ਜੋ ਨੇਕੀ ਦੀ ਰਖਿਆ 'ਬਦੀ' ਰੂਪੀ ਦੈਂਤਾਂ ਤੋਂ ਕਰਦੇ ਹਨ ਇਹਨਾਂ ਦੈਂਤਾਂ ਵਿਚੋਂ ਮਹਿਖਾਸੁਰ[196] ਮਧੁਕੈਟਭ ਕਾਲਨੇਸ਼ ਜਰਾਸੰਧ ਰਕਤਬੀਜ[197] ਆਦਿ ਦਾ ਵਰਨਨ ਵੀ ਪ੍ਰਾਪਤ ਹੁੰਦਾ ਹੈ।

---

192. ਉਹੀ, ਪੰਨਾ 350
193. ਉਹੀ, ਪੰਨਾ 470
194. ਉਹੀ, ਪੰਨਾ 225,75
195. ਉਹੀ, ਪੰਨਾ 7
196. ਉਹੀ, ਪੰਨਾ 224
197. ਉਹੀ

ਇਸ ਪ੍ਰਕਾਰ ਗੁਰੂ ਨਾਨਕ ਬਾਣੀ ਵਿਚ ਅਜੇਹੇ ਹੋਰ ਅਨੇਕ ਪ੍ਰਸੰਗ ਹਨ ਜੋ ਮਿਥਕ ਅੰਸ਼ ਸਮੋਈ ਬੈਠੇ ਹਨ ਪਰੰਤੂ ਇਸ ਤੋਂ ਇਹ ਸਮਝ ਲੈਣਾ ਕਿ ਗੁਰੂ ਸਾਹਿਬ ਇਨ੍ਹਾਂ ਕਥਾਵਾਂ, ਸੰਕੇਤਾਂ ਜਾਂ ਹਵਾਲਿਆਂ ਦੁਆਰਾ ਲੋਕਾਂ ਵਿਚ ਇਹਨਾਂ ਦੇ ਵਿਸ਼ਵਾਸ਼ ਨੂੰ ਦ੍ਰਿੜ ਕਰਨਾ ਚਾਹੁੰਦੇ ਸਨ ਤੇ ਜਾਂ ਲੋਕ ਸਮਗਰੀ ਦੀ ਸੰਭਾਲ ਵਿਚ ਸਨ ਤਾਂ ਤੇ ਇਹ ਸਿਰਫ਼ ਸੀਮਤ ਸੋਚ ਦਾ ਕਾਰਣ ਹੋ ਸਕਦਾ ਹੈ। ਵਾਸਤਵ ਵਿਚ ਇਹ ਸੰਕੇਤ ਅਤੇ ਦ੍ਰਿਸ਼ਟਾਂਤ ਆਪਣੇ ਪ੍ਰਸੰਗਿਕ ਪਿਛੋਕੜ ਕਰਕੇ ਮਹੱਤਵ-ਪੂਰਨ ਹਨ ਜਿਨ੍ਹਾਂ ਨੂੰ ਸਮਝੇ ਅਤੇ ਜਾਣੇ ਬਿਨਾਂ ਬਾਣੀ ਦੇ ਅੰਤਰੀਵੀ ਭਾਵਾਂ ਤਕ ਪਹੁੰਚਣਾ ਅਸੰਭਵ ਹੈ। ਗੁਰੂ ਨਾਨਕ ਦੇਵ ਜੀ ਇਹਨਾਂ ਮਿਥਕ ਹਵਾਲਿਆਂ ਦੀ ਵਰਤੋਂ ਮਾਧਿਅਮ ਵਜੋਂ ਕਰਕੇ ਅਧਿਆਤਮਿਕ ਬੋਧ ਤੇ ਅਨੁਭਵ ਦੇ ਰਾਹ ਨੂੰ ਵਧੇਰੇ ਸੁਖਾਵਾਂ ਅਤੇ ਸਹਿਜ ਬਣਾ ਰਹੇ ਹਨ।

3.3 <u>ਲੋਕ ਧਰਮ</u>: ਧਰਮ ਮਨੁੱਖੀ ਜੀਵਨ ਵਿਚ ਵਿਸ਼ਵਾਸ਼ ਪੂਰਵਕ ਜਿਉਣ ਦਾ ਸ੍ਰੋਤ ਹੈ ਅਤੇ ਲੋਕ ਧਰਮ ਮਨੁੱਖੀ ਮਨ ਦਾ ਧਾਰਮਿਕ ਵਿਸ਼ਵਾਸ਼ ਹੈ। ਧਾਰਮਿਕ ਵਿਸ਼ਵਾਸ਼, ਸੰਸਕਾਰ, ਰਹੁਰੀਤਾਂ, ਪੁਰਬ ਤਿਥ ਆਦਿ ਇਸ ਲੋਕ ਧਰਮ ਦੇ ਹੀ ਵਿਭਿੰਨ ਸਚਾਰੂ ਅੰਗ ਹਨ। ਮਨੁੱਖ ਦੇ ਅਚੇਤ ਮਨ ਵਿਚ ਕੁੱਝ ਵਿਸ਼ਵਾਸ਼ ਆਦਿ ਕਾਲ ਤੋਂ ਹੀ ਚਲੇ ਆ ਰਹੇ ਹਨ ਇਹਨਾਂ ਦੀਆਂ ਰੂੜੀਆਂ ਪੌਰਾਣਿਕ ਕਥਾਵਾਂ ਵਿੱਚ ਮਿਲ ਜਾਂਦੀਆਂ ਹਨ। ਇਹਨਾਂ ਵਿਸ਼ਵਾਸ਼ਾਂ ਰਾਹੀਂ ਜਿਥੇ ਮਨੁੱਖੀ ਮਨੋਬਲ ਵਧਦਾ ਹੈ ਉਥੇ ਮਾਨਸਿਕ ਤ੍ਰਿਪਤੀ ਵੀ ਹੁੰਦੀ ਹੈ ਇਹੀ ਵਿਸ਼ਵਾਸ਼ ਮੂਲ ਰੂਪ ਵਿਚ ਲੋਕ ਤੱਤ ਹਨ ਜੋ ਪੌਰਾਣਿਕ ਕਥਾਵਾਂ ਵਿੱਚ ਵਖੋ ਵਖਰੇ ਰੂਪ ਧਾਰ ਕੇ ਅਧਿਆਤਮਿਕ ਪ੍ਰਕ੍ਰਿਆ ਦੇ ਮਾਰਗ ਦਾ ਹਿੱਸਾ ਬਣ ਗਏ।

ਧਰਮ ਬਾਰੇ ਇਹ ਮਿਥਕ ਧਾਰਣਾ ਬੜੀ ਪ੍ਰਚਲਿਤ ਹੈ ਕਿ ਸਤਿਯੁਗ ਵਿੱਚ ਧਰਮ ਦੀਆਂ ਚਾਰ ਲੱਤਾਂ ਸਨ ਸਤਿ, ਦਇਆ, ਭਗਤੀ ਤੇ ਦਾਨ। ਇਸ ਯੁਗ ਵਿਚ ਦੈਵੀ ਗੁਣਾਂ ਦੀ ਭਰਮਾਰ ਸੀ। ਤ੍ਰੇਤੇ ਯੁੱਗ ਵਿਚ ਧਰਮ ਦੀਆਂ ਤਿੰਨ ਲੱਤਾਂ ਰਹਿ ਗਈਆਂ ਜਿਸ ਕਾਰਣ ਚੌਥਾ ਹਿੱਸਾ ਨਸ਼ਟ ਹੋ ਗਿਆ। ਦੁਆਪਰ ਯੁਗ ਵਿਚ ਧਰਮ ਦੀਆਂ ਕੇਵਲ ਦੋ ਲੱਤਾਂ ਰਹਿ ਗਈਆਂ ਅਤੇ ਇਸ ਦੇ ਪੈਰ ਉਖੜਨ ਲਗ ਪਏ, ਨੈਤਿਕ ਗੁਣਾਂ ਦੀ ਥਾਂ ਅਨੈਤਿਕਤਾ ਦਾ ਜ਼ੋਰ ਹੋ ਗਿਆ। ਕਲਯੁਗ ਵਿੱਚ ਧਰਮ ਕੇਵਲ ਇਕ ਲੱਤ ਸਹਾਰੇ ਖੜ੍ਹਾ ਹੈ ਤੇ ਦੈਵੀ ਗੁਣ ਕੇਵਲ ਚੌਥਾ ਹਿੱਸਾ ਰਹਿ ਗਏ ਹਨ, ਧਰਮ ਖਤਮ ਹੋ ਗਿਆ ਹੈ। ਗੁਰੂ ਨਾਨਕ ਬਾਣੀ ਵਿਚ ਧਰਮ ਦਾ ਜ਼ਿਕਰ ਬਦਲਦੇ ਸਮੇਂ ਦੇ ਪ੍ਰਸੰਗ ਵਿਚ ਮਨੁੱਖੀ ਮਨ ਨੂੰ ਸੁਚੇਤ ਕਰਨਾ ਹੈ ਜੀਵਨ ਮੁਕਤਿ ਦੇ ਅੰਤਿਮ ਮਨੋਰਥ ਤਕ ਪਹੁੰਚਣ ਦਾ ਯਤਨ ਹੈ ਕਿਉਂਕਿ ਹਰ ਇਕ ਯੁਗ ਵਿਚ ਰਥਵਾਹੀ ਮੁੜ ਮੁੜ ਬਦਲਦੇ ਰਹਿੰਦੇ ਹਨ। ਸਤਯੁਗ ਵਿਚ 'ਧਰਮ' ਤ੍ਰੇਤੇ ਵਿਚ 'ਜੋਰ' ਦੁਆਪਰ ਵਿਚ 'ਸਤ' ਤੇ ਕਲਯੁਗ ਵਿਚ ਕੂੜ ਪ੍ਰਧਾਨ ਹੈ:

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ।।
ਜੁਗੁ ਜੁਗੁ ਫੇਰ ਵਟਾਈਅਹਿ ਗਿਆਨ ਬੁਝਹਿ ਤਾਹਿ।।
ਸਤਿਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ।।
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ।।
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ।।
ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।।[198]

ਗੁਰੂ ਸਾਹਿਬ ਨੇ ਉਪਰੋਕਤ ਮਿਥਕ ਕਥਾ ਦੇ ਅਰਥਾਂ ਨੂੰ ਆਪਣੇ ਸੰਦੇਸ਼ ਸਮੂਰਤਣ ਹਿਤ ਰੂਪਾਂਤਰਿਤ ਕਰ ਦਿੱਤਾ। ਮਨੁੱਖ ਚਾਹੇ ਵਿਗਿਆਨਿਕ ਯੁਗ ਵਿਚ ਪ੍ਰਵੇਸ਼ ਕਰ ਚੁੱਕਾ ਹੈ ਪਰੰਤੂ ਉਸ ਦਾ ਮੂਲ ਵਿਸ਼ਵਾਸ਼ ਲੋਕ ਧਰਮ ਦੇ ਸੰਦਰਭ ਵਿਚ ਵੱਖ ਵੱਖ ਪ੍ਰਕਾਰ ਦੇ ਦੇਵਤੇ, ਰਿਸ਼ੀ ਮੁਨੀ ਅਵਤਾਰ ਪੀਰ ਪੈਗੰਬਿਰ ਆਦਿ ਹਨ। ਜੋ ਉਹਨਾਂ ਦੇ ਧਰਮ ਅਤੇ ਜੀਵਨ ਵਿਸ਼ਵਾਸ਼ ਦੇ ਮੂਲ ਆਧਾਰ ਹਨ। ਬ੍ਰਹਮਾ ਸ਼ਿਵ, ਇੰਦ੍ਰ ਆਦਿ ਅਵਤਾਰ, ਅੱਗ, ਹਵਾ, ਪਾਣੀ, ਸੂਰਜ ਚੰਦ੍ਰਮਾ ਤਾਰੇ, ਪਰਮਾਤਮਾ ਦੇ ਹੀ ਅਨੇਕਾਂ ਰੂਪ ਹਨ ਜੋ ਜਗਤ ਦੇ ਸੰਪੂਰਨ ਪਸਾਰੇ ਵਿਚ ਵਿਦਮਾਨ ਹਨ। ਇਹਨਾਂ ਨਾਲ ਹੀ ਜਨ ਸਾਧਾਰਣ ਦੀ ਭਾਵਨਾ ਜੁੜੀ ਹੋਈ ਹੈ। ਵੱਖੋ-ਵੱਖ ਪਰੰਪਰਾਗਤ ਵਿਸ਼ਵਾਸ਼ਾਂ ਪ੍ਰਚਲਿਤ ਧਰਮਾਂ, ਰਹੁ ਰੀਤਾਂ ਪੂਜਾ ਦੀਆਂ ਵਿਧੀਆਂ ਪੁਰਬਾਂ ਅਤੇ ਵਰਤਾਂ ਉਤੇ ਇਹਨਾਂ ਦੀ ਅਰਾਧਨਾ ਕੀਤੀ ਜਾਂਦੀ ਹੈ। ਮਨੁੱਖੀ ਜੀਵਨ ਦੇ ਵਿਸ਼ੇਸ਼ ਮੌਕਿਆਂ ਉਤੇ ਲੋਕ ਆਪੋ ਆਪਣੇ ਇਸ਼ਟ ਨੂੰ ਮੰਨਦੇ ਤੇ ਆਪਣੀ ਇੱਛਾ ਪੂਰਤੀ ਲਈ ਇਹਨਾਂ ਤੋਂ ਮਾਰਗ ਦਰਸ਼ਨ ਪ੍ਰਾਪਤ ਕਰਦੇ ਹਨ। ਧਾਰਮਿਕ ਜੀਵਨ ਵਿਚ ਲੋਕ ਧਾਰਮਿਕ ਵਿਸ਼ਵਾਸ਼ਾਂ ਦੇ ਅੰਗ ਸੰਗ ਹਨ। ਇਹ ਲੋਕ ਵਿਸ਼ਵਾਸ਼ ਚੇਤਨ ਮਨ ਦੀਆਂ ਰੂੜ੍ਹੀਆਂ ਹਨ ਜੋ ਸਮੂਹ ਲੋਕ ਮਨ ਨਾਲ ਇਕਸੁਰ ਹੋ ਕੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦਰ ਪੀੜ੍ਹੀ ਯਾਤਰਾ ਕਰਦੀਆਂ ਹਨ। ਪਰਖਿਆਂ ਦੀਆਂ ਇਹ ਰੂੜ੍ਹੀਆਂ ਲੋਕ ਵਿਸ਼ਵਾਸ਼ਾਂ ਤੇ ਮਨੌਤਾਂ ਦਾ ਰੂਪ ਧਾਰ ਕੇ ਮਨੁੱਖੀ ਚਿੰਤਨ ਵਿਚ ਰਚ ਜਾਂਦੀਆਂ ਹਨ ਅਤੇ ਮਨੁੱਖ ਦੀ ਸਿਰਜਣਾ ਸ੍ਰੋਤ ਬਣਦੀਆਂ ਹਨ। ਤੇ ਸੁਤੇ ਸਿੱਧ ਹੀ ਮਨੁੱਖੀ ਮਨ ਨਾਲ ਅੰਤਰ ਸੰਬੰਧਿਤ ਹੋਣ ਕਰਕੇ ਲੋਕ ਮਨਾਂ ਨੂੰ ਟੁੰਬਦੀਆਂ ਤੇ ਪ੍ਰਭਾਵਿਤ ਕਰਦੀਆਂ ਹਨ। ਇਹ ਰੂੜ੍ਹੀਗਤ ਲੋਕਧਾਰਨਾਵਾਂ ਲੋਕ ਜਨਜੀਵਨ/ਸਮੂਹ ਦਾ ਅਨਿੱਖੜਵਾਂ ਅੰਗ ਹੋਣ ਕਰਕੇ ਪ੍ਰਮੁੱਖ ਰੂਪ ਵਿੱਚ ਲੋਕ-ਤੱਤ ਵਜੋਂ ਦ੍ਰਿਸ਼ਟਮਾਨ ਹੁੰਦੀਆਂ ਹਨ।

---

198. ਆਦਿ ਗ੍ਰੰਥ, ਸਲੋਕ ਮਹਲਾ ੧, ਆਸਾ ਦੀ ਵਾਰ, ਪੰਨਾ 470

ਗੁਰੂ ਨਾਨਕ ਬਾਣੀ ਵਿਚ ਇਹਨਾਂ ਲੋਕਸੰਸਕਾਰ ਦੀ ਵਰਤੋਂ ਮਨੁੱਖੀ ਜੀਵਨ ਨੂੰ ਸਹੀ ਸੇਧ ਦਿੰਦਿਆਂ ਇਹਨਾਂ ਦੀ ਕਰੜੀ ਆਲੋਚਨਾ ਕਰਦੀ ਹੈ। ਜਿਸ ਪ੍ਰਕਾਰ ਵਿਭਿੰਨ ਸੰਸਕਾਰ ਜਨੇਊ, ਸੂਤਕ, ਚੌਕਾ-ਕਾਰ, ਭਿਟ, ਸੁਚ, ਸਾਹਾ ਕਢਣ ਆਦਿ ਰਸਮਾਂ ਰਿਵਾਜਾਂ ਨੂੰ ਭੰਡਦਿਆਂ ਹੋਇਆਂ ਗੁਰੂ ਨਾਨਕ ਸਾਹਿਬ ਇਸ ਨਾਲ ਸੰਬੰਧਿਤ ਸਮੁੱਚੀ ਭਾਵਨਾ ਨੂੰ ਸਹੀ ਸੰਦਰਭ ਵਿੱਚ ਪੇਸ਼ ਕਰਦੇ ਹਨ:

ਜਨੇਊ

(1) ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।
ਏਹ ਜਨੇਊ ਜੀਅ ਕ ਹਈ ਤ ਪਾਡੇ ਘਤੁ।।
ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ।।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।।[199]

ਸੂਤਕ

(2) ਸੂਤਕੁ ਅਗਨਿ ਭਖੈ ਜਗੁ ਖਾਇ।।
ਸੂਤਕੁ ਜਲਿ ਥਲਿ ਸਭ ਹੀ ਥਾਇ।।
ਨਾਨਕ ਸੂਤਕਿ ਜਨਮਿ ਮਰੀਜੈ।।
ਗੁਰ ਪਰਸਾਦੀ ਹਰਿ ਰਸੁ ਪੀਜੈ।।[200]

ਭਿਟ

(3) ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ।।
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ।।
ਸੂਚੇ ਏਹਿ ਨ ਆਖਅਹਿ ਬਹਨਿ ਜਿ ਪਿੰਡਾ ਧੋਇ।।
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।।[201]

---

199. ਆਦਿ ਗ੍ਰੰਥ, ਆਸਾ ਮਹਲਾ ੧, ਪੰਨਾ 471

200. ਆਦਿ ਗ੍ਰੰਥ, ਪੰਨਾ 413

201. ਉਹੀ, ਪੰਨਾ 472

ਉਪਰੋਕਤ ਤੁਕਾਂ ਵਿਚ ਗੁਰੂ ਸਾਹਿਬ ਸੰਸਕਾਰੀ ਕਰਮਕਾਂਡੀ ਵਿਸ਼ਵਾਸ਼ਾਂ ਤੇ ਵਿਅੰਗ ਕਰਨ ਦੇ ਨਾਲ ਸਦਾਚਾਰਕ ਅਰਥਾਂ ਨੂੰ ਗ੍ਰਹਿਣ ਕਰਨ ਉਤੇ ਬਲ ਵੀ ਦੇ ਰਹੇ ਹਨ। ਲੋਕ ਜੀਵਨ ਵਿਚ ਵਿਕਸਿਤ ਧਾਰਮਿਕ ਪਾਖੰਡ ਦਾ ਵਿਸਤ੍ਰਿਤ ਰੂਪ ਵਿਚ ਜਾਲ ਵਿਛਿਆ ਹੋਇਆ ਹੈ। ਧਰਮ ਕਰਮ ਦੀ ਮੂਲ ਭਾਵਨਾ ਅਲੋਪ ਹੋ ਗਈ ਦਿਸਦੀ, ਆਮ ਜਨਤਾ ਧਾਰਮਿਕ ਰਹੁਰੀਤਾਂ ਮੂਰਤੀਪੂਜਾ, ਹੋਮ, ਜਗ ਤਪ, ਪੂਜਾ, ਵਰਤ, ਸਰਾਧ, ਦਾਨ ਪੁੰਨ ਆਦਿ ਤੇ ਵਿਸ਼ਵਾਸ਼ ਕਰਦੀ ਹੈ। ਗੁਰੂ ਸਾਹਿਬ ਅਜੇਹੇ ਕੂੜ੍ਹ ਧਾਰਮਿਕ ਵਿਸ਼ਵਾਸਾਂ ਦੇ ਸੰਬੰਧ ਉਤੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਹਿੰਦੇ ਹਨ:

(1) ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ।।
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮਖਿ ਲਹੈ।।[202]

(2) ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।।
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ।।[203]
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ।।
ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ।

(3) ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ।।
ਕਾਮੁ ਕ੍ਰੋਧੁ ਅਗਨੀ ਸਿਉ ਮੇਲ।।
ਹੋਮ ਜਗ ਅਰੁ ਪਾਠ ਪੁਰਾਣ।।
ਜੋ ਤਿਸੁ ਭਾਵੈ ਸੋ ਪਰਵਾਣ।।[204]

ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਮੂਰਤੀ ਪੂਜਾ, ਹੋਮ ਜਗ ਆਦਿ ਦਾ ਵਿਰੋਧ ਕਰਦੇ ਹੋਏ ਲੋਕਾਂ ਦੇ ਮਾਨਸਿਕ ਤੇ ਬੌਧਿਕ ਪਧਰ ਨੂੰ ਵਿਕਾਸ ਕਰਨ ਹਿਤ ਇਹਨਾਂ ਦੇ ਸਹੀ ਤੇ ਸੁਨਿਸ਼ਚਿਤ ਬਿੰਬ ਪੇਸ਼ ਕਰਦੇ ਹੋਏ ਮਨੁੱਖ ਦੀ ਸਾਂਝ ਪਵਾ ਰਹੇ ਹਨ। ਆਮ ਲੋਕਾਂ ਦੇ ਛੋਟੇ ਛੋਟੇ ਪਰ ਪਰੰਪਰਿਕ ਵਿਸ਼ਵਾਸ਼ਾਂ ਜਿਵੇਂ ਵਿਆਹ ਸੰਸਕਾਰ ਨਾਲ ਸੰਬੰਧਿਤ ਰੀਤਾਂ,[205] ਮ੍ਰਿਤਕ ਸੰਸਕਾਰ ਨਾਲ ਸੰਬੰਧਿਤ ਰਹੁ ਰੀਤਾਂ

---

202. ਆਦਿ ਗ੍ਰੰਥ, ਪੰਨਾ 1127

203. ਉਹੀ, ਪੰਨਾ 1171

204. ਉਹੀ, ਪੰਨਾ 1257

205. ਉਹੀ, ਪੰਨਾ 765

ਜਿਨ੍ਹਾਂ ਵਿਚੋਂ ਦੀਵਾ ਵੱਟੀ ਦੀ ਰਸਮ,[206] ਪਿੰਡ ਦਾਨ ਦੀ ਰੀਤ,[207] ਸ਼ਰਾਧਾਂ ਦੀਆਂ ਰਸਮਾਂ,[208] ਮੜ੍ਹੀ ਮਸਾਣੀ ਦੀ ਪੂਜਾ,[209] ਆਦਿ ਉਤੇ ਕਰੜਾ ਵਿਅੰਗ ਕੀਤਾ ਅਤੇ ਨਾਲ ਹੀ ਜੀਵਨ ਦਾ ਸਹੀ ਮਾਰਗ ਦਰਸਾਇਆ। ਇਸ ਦੇ ਨਾਲ ਨਾਲ ਹੀ ਵਿਭਿੰਨ ਕਰਮ ਕਾਂਡਾਂ ਨਾਲ ਸੰਬੰਧਿਤ ਰਸਮਾਂ: ਤੀਰਥ ਗਮਨ,[210] ਦਾਨ ਦੇਣਾ,[211] ਚੁਲੀ ਲੈਣਾ,[212] ਵਰਣ ਵੰਡ,[213] ਸਾਹਾ ਕੱਢਣ[214] ਆਦਿ ਦਾ ਵਰਣਨ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਨਾਨਕ ਬਾਣੀ ਕੇਵਲ ਇਹਨਾਂ ਧਾਰਮਿਕ ਰਹੁ-ਰੀਤਾਂ ਦਾ ਖੰਡਨ ਕਰਦੀ ਹੋਈ ਲੋਕ ਵਿਸ਼ਵਾਸ਼ ਨੂੰ ਮਿਧਦੀ ਜਾਂ ਤੋੜਦੀ ਨਹੀਂ ਬਲਕਿ ਕਰਮਕਾਂਡਾਂ ਦੀ ਚਕੀ ਵਿਚ ਪਿਸ ਰਹੀ ਜਨਤਾ ਦੀ ਭਰਮ ਮੁਕਤੀ ਕਰਦੀ ਹੈ। ਇਸੇ ਕਰਕੇ ਪੰਡਿਤ, ਸੰਨਿਆਸੀ ਜੋਗੀ ਆਦਿ ਦਾ ਸੁਨਿਸ਼ਚਤ ਜੀਵਨ ਬਿੰਬ ਵੀ ਪੇਸ਼ ਕਰਦੀ ਹੈ:

ਗਲਿ ਮਾਲਾ ਤਿਲਕੁ ਲਿਲਾਟੰ।।
ਦੁਇ ਧੋਤੀ ਬਸਤ੍ਰ ਕਪਾਟੰ।।
ਜੇ ਜਾਣਸਿ ਬ੍ਰਹਮੰ ਕਰਮੰ।।
ਸਭਿ ਫੋਕਟ ਨਿਸਚਉ ਕਰਮੰ।।
ਕਹੁ ਨਾਨਕ ਨਿਹਚਉ ਧਿਆਵੈ।।
ਵਿਣੁ ਸਤਿਗੁਰ ਵਾਟ ਨ ਪਾਵੈ।।[215]

ਪੰਡਿਤ ਦਾ ਬਿੰਬ ਚਿਤਰਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ ਕਿ ਉਸਨੇ ਗਲ ਵਿਚ ਮਾਲਾ ਪਾਈ ਹੋਈ ਮੱਥੇ ਤੇ ਤਿਲਕ ਲਗਾਇਆ, ਸਦਾ ਦੋ ਧੋਤੀਆਂ ਆਪਣੇ ਪਾਸ ਰਖਦਾ ਹੈ ਤੇ ਸੰਧਿਆ ਕਰਨ ਵੇਲੇ ਸਿਰ

---

206. ਆਦਿ ਗ੍ਰੰਥ, ਪੰਨਾ 358
207. ਉਹੀ
208. ਉਹੀ, ਪੰਨਾ 138
209. ਉਹੀ, ਪੰਨਾ 634, 1190
210. ਉਹੀ, ਪੰਨਾ 1257
211. ਉਹੀ, ਪੰਨਾ 243
212. ਉਹੀ, ਪੰਨਾ 1240
213. ਉਹੀ, ਪੰਨਾ 83
214. ਉਹੀ, ਪੰਨਾ 904
215. ਉਹੀ, ਪੰਨਾ 470

ਉਤੇ ਇਕ ਵਸਤਰ ਧਰ ਲੈਂਦਾ ਹੈ। ਪਰ ਜੇ ਇਹ ਪੰਡਿਤ ਰੱਬ ਦੀ ਸਿਫਤ ਸਲਾਹ ਦਾ ਕਰਮ ਨਾ ਜਾਣਦਾ ਹੋਵੇ ਤਦ ਨਿਸਚੈ ਹੀ ਉਸ ਦੇ ਸਭ ਕਰਮ ਫੋਕੇ ਹਨ। ਇਸੇ ਪ੍ਰਕਾਰ ਜੋਗੀਆਂ ਦੇ ਭੇਖਾਂ ਸੰਬੰਧੀ ਗੁਰੂ ਸਾਹਿਬ ਦੀ ਬਾਣੀ ਵਿਚ ਬਹੁਤ ਵਿਸਤ੍ਰਿਤ ਵਰਣਨ ਮਿਲਦਾ ਹੈ। ਉਨ੍ਹਾਂ ਦੇ ਕੰਨਾਂ ਵਿੱਚ ਮੁੰਦਰਾਂ, ਹੱਥ ਵਿਚ ਖੱਪਰ ਤੇ ਡੰਡਾ, ਪਿੰਡੇ ਉਤੇ ਸੁਆਹ ਅਤੇ ਗੋਦੜੀ, ਗਲ ਵਿਚ ਸਿੰਙੀ, ਤੇੜ ਲੰਗੋਟੀ ਆਦਿ ਬਾਰੇ ਵਰਨਨ ਹੈ। ਉਹ ਤੀਰਥ ਘੁੰਮਦੇ ਧੂਣੀਆਂ ਰਮਾਉਂਦੇ, ਨੰਗੇ ਰਹਿੰਦੇ ਅਤੇ ਭੁੱਖਾਂ ਕਟਦੇ ਦਸੇ ਗਏ ਹਨ।[216] ਜੈਨੀਆਂ ਬਾਰੇ ਉਪਲੱਬਧ ਧਾਰਮਿਕ ਵਿਸ਼ਵਾਸ਼ ਅਤੇ ਵਹਿਮਾਂ ਭਰਮਾਂ ਬਾਰੇ ਵਿਚਾਰਾਂ ਦਾ ਉਲੇਖ ਵੀ ਦਰਜ ਹੈ। ਸਿਰ ਦੇ ਵਾਲਾਂ ਨੂੰ ਪੁਟਣਾ, ਨੰਗੇ ਤੁਰਨਾ, ਜੂਠਾ ਖਾਣਾ, ਕਦੀ ਇਸ਼ਨਾਨ ਕਰਨ ਅਤੇ ਹੋਰ ਘ੍ਰਿਣਾ ਜੋਗ ਕੰਮ ਕਰਕੇ ਆਦਿ।[217] ਗੁਰੂ ਨਾਨਕ ਦੇਵ ਜੀ ਉਪਰੋਕਤ ਉਹਨਾਂ ਸਾਰੇ ਬਿੰਬਾਂ ਨੂੰ ਚਿਤ੍ਰਤ ਕਰ ਰਹੇ ਹਨ ਜੋ ਲੋਕ ਮਨ ਦੇ ਅਚੇਤ ਵਿਚ ਸਥਾਪਿਤ ਵਿਭਿੰਨ ਆਦਰਸ਼ਾਂ ਅਤੇ ਜੀਵਨ ਮੁੱਲ ਹਨ। ਇਹਨਾਂ ਦਾ ਵਰਨਨ ਕਰਦੇ ਹੋਏ ਗੁਰੂ ਸਾਹਿਬ ਕਿਸੇ ਧਰਮ, ਵਰਣ, ਜਾਤ ਜਾਂ ਫਿਰਕੇ ਨੂੰ ਮਾੜਾ ਨਹੀਂ ਕਹਿ ਰਹੇ ਅਤੇ ਨਾ ਹੀ ਨਿੰਦ ਰਹੇ ਹਨ ਬਲਕਿ ਉਸ ਨੂੰ ਉਸੇ ਦੇ ਧਰਮ ਦੇ ਹੀ ਸੁਨਿਸ਼ਚਤ ਅਰਥਾਂ ਦਾ ਗਿਆਨ ਕਰਵਾਉਂਦੇ ਹੋਏ ਸਤਿ-ਧਰਮ ਪ੍ਰਤਿ ਸੁਚੇਤ ਕਰਦੇ ਹਨ। ਲੋਕ ਤੱਤਾਂ ਦੇ ਇਹ ਹਵਾਲੇ ਜਾਂ ਵੇਰਵੇ ਕਿਸੇ ਕਥਾ ਰਸ ਦੇ ਸਿਰਜਕ ਨਹੀਂ ਸਗੋਂ ਇਹ ਅਤੀਤ ਵਿਚੋਂ ਗ੍ਰਹਿਣ ਅਤੇ ਸਥਾਪਿਤ ਅਜੇਹੇ ਪ੍ਰਮਾਣ ਹਨ ਜਿਨ੍ਹਾਂ ਦੀ ਵਰਤੋਂ ਗੁਰੂ ਸਾਹਿਬ ਨੇ ਵਿਗਿਆਨਕ ਪਹੁੰਚ ਦੁਆਰਾ ਵਿਸ਼ਲੇਸ਼ਣ ਕਰਨ ਅਤੇ ਲੋਕ ਮਨ ਵਿਚ ਇਹਨਾਂ ਪ੍ਰਤੀ ਤਾਰਕਿਕ ਦ੍ਰਿਸ਼ਟੀਕੋਣ ਦਾ ਪਾਸਾਰ ਕਰਨ ਲਈ ਕੀਤੀ ਹੈ।

3.4 <u>ਲੋਕ ਕਾਵਿ ਰੂਪ</u>: ਗੁਰੂ ਨਾਨਕ ਬਾਣੀ ਵਿਚ ਲੋਕ ਕਾਵਿ-ਰੂਪਾਂ ਦੇ ਆਪਣੇ ਵੱਖਰੇ ਪਛਾਣ ਚਿਹਨ ਹਨ। ਜਿਨ੍ਹਾਂ ਦਾ ਮਨੋਰਥ ਬਾਣੀ ਦੇ ਵਿਸ਼ੇ ਵਸਤੂ ਦੀ ਸਫਲ ਪ੍ਰਸਤੁਤੀ ਕਰਨਾ ਹੈ। ਗੁਰੂ ਸਾਹਿਬਾਨ ਲੋਕ ਕਾਵਿ ਰੂਪਾਂ ਦਾ ਪ੍ਰਯੋਗ ਸੰਸਾਰੀ ਪੱਧਰ ਉਤੇ ਨਹੀਂ ਕਰ ਰਹੇ ਸਗੋਂ ਇਸ ਪ੍ਰਸਤੁਤੀ ਦਾ ਉਦੇਸ਼ ਲੋਕਾਈ ਦੇ ਸਨਮੁਖ ਉਸ ਅਕਾਲ ਪੁਰਖ ਦੇ ਹੁਕਮ ਨੂੰ ਸਪਸ਼ਟ ਤੇ ਸਹਿਜ ਰੂਪ ਵਿਚ ਅਭਿਵਿਅਕਤ ਕਰਨਾ ਹੈ। ਇਸ ਪ੍ਰਸੰਗ ਅਧੀਨ ਆਪ ਉਹਨਾਂ ਕਾਵਿ-ਰੂਪਾਂ ਦਾ ਪ੍ਰਯੋਗ ਕਰਦੇ ਹਨ ਜਿਹੜੇ ਮਨੁੱਖੀ ਮਨ ਜਾਂ ਬੁੱਧੀ ਨੂੰ ਸੰਸਾਰਿਕ ਮੁੱਲਾਂ ਦਾ ਬੋਧ ਹੀ ਨਹੀਂ ਕਰਾਉਂਦੇ ਬਲਕਿ ਇਹਨਾਂ ਉਪਕਰਣਾਂ ਦੀ ਵਰਤੋਂ ਰਾਹੀਂ ਉਹ

---

216. <u>ਆਦਿ ਗ੍ਰੰਥ</u>, ਮਾਰੂ ਮਹਲਾ 1, ਪੰਨਾ 1025

217. <u>ਆਦਿ ਗ੍ਰੰਥ</u>, ਮਾਝ ਮਹਲਾ 1, ਪੰਨਾ 149

ਲੋਕਾਈ ਨੂੰ ਅਧਿਆਤਮਿਕ ਬੋਧ ਦੀ ਪ੍ਰਾਪਤੀ ਕਰਾਉਣ ਵਿਚ ਵੀ ਅਗ੍ਰਸੀਲ ਰਹਿੰਦੇ ਹਨ। ਇਸ ਉਦੇਸ੍ਹ ਦੀ ਪੂਰਤੀ ਲਈ ਬਾਣੀ ਵਿਚ ਉਹਨਾਂ ਕਾਵਿ-ਰੂਪਾਂ ਦਾ ਪ੍ਰਯੋਗ ਕਰਦੇ ਹਨ ਜਿਹੜੇ ਖਾਲਕ ਦੇ ਆਦੇਸ੍ਹ ਦਾ ਵਰਤਾਰਾ ਕਰਨ ਵਿਚ ਆਕਰਸ੍ਹਣ ਜਾਂ ਬੌਧਿਕ ਪੱਧਰ ਤੇ ਕਿਸੇ ਪ੍ਰਕਾਰ ਦੀ ਰੁਕਾਵਟ ਨਹੀਂ ਬਣਦੇ। ਇਹ ਰੁਕਾਵਟ ਭਾਵੇ ਬੌਧਿਕ ਹੋਵੇ ਜਾਂ ਆਕਰਸ੍ਹਣ ਦੀ। ਇਸ ਸੰਬੰਧ ਵਿਚ ਗੁਰੂ ਨਾਨਕ ਬਾਣੀ ਦਾ ਇਕ ਫੁਰਮਾਨ ਧਿਆਨ ਦੇਣ ਯੋਗ ਹੈ:

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭ ਹੁਕਮਾਉ ਜੀਉ।।[218]

ਗੁਰੂ ਸਾਹਿਬਾਨ ਉਹਨਾਂ ਲੋਕ ਕਾਵਿ-ਰੂਪਾਂ ਨੂੰ ਅਪਣਾਉਂਦੇ ਹਨ ਜਿਹੜੇ ਜਨ ਸਾਧਾਰਣ ਦੇ ਪ੍ਰਚਾਰ ਵਿਚ ਸਨ। ਜਨ ਸਾਧਾਰਣ ਵਿਚ ਪ੍ਰਚਲਿਤ ਕਾਵਿ ਰੂਪਾਂ ਪਿਛੇ ਸਮੁੱਚਾ ਸਭਿਆਚਾਰਕ ਜੀਵਨ ਮੂਰਤ/ਅਮੂਰਤ ਰੂਪ ਵਿਚ ਕਾਰਜਸ੍ਹੀਲ ਹੁੰਦਾ ਹੈ। ਜੋ ਸਮਕਾਲੀਨ ਸਮੇਂ ਦੇ ਨਾਲ ਨਾਲ ਪਰੰਪਰਿਕ ਮੁੱਲਾਂ ਦੀ ਪ੍ਰਤਿਨਿਧਤਾ ਵੀ ਕਰਦਾ ਹੈ। ਇਹਨਾਂ ਲੋਕ ਕਾਵਿ-ਰੂਪਾਂ ਦੀ ਸਾਰਥਕਤਾ ਇਹਨਾਂ ਦੇ ਆਪਣੇ ਸਾਮਾਜਿਕ ਧਾਰਮਿਕ ਵਰਤਾਰੇ ਤਕ ਸੀਮਿਤ ਨਾ ਹੋ ਕੇ ਇਕ ਤੋਂ ਵਧੀਕ ਦਿਸ੍ਹਾਵਾਂ ਵੱਲ ਸੰਕੇਤ ਕਰਦੀ ਹੈ। ਇਥੇ ਇਹਨਾਂ ਦੀ ਕਾਵਿਕ, ਸਭਿਆਚਾਰਕ ਸਾਰਥਕਤਾ ਤਾਂ ਹੈ ਹੀ ਪਰੰਤੂ ਮਹੱਤਵਪੂਰਨ ਪੱਖ ਤਾਂ ਅਧਿਆਤਮਕ ਸੁਹਜ ਦੀ ਪ੍ਰਾਪਤੀ ਦਾ ਹੈ। ਇਹ ਅਨੁਭੂਤੀ ਦਿਸਦੇ ਭੌਤਿਕ ਤੋਂ ਪਰਾਭੌਤਿਕ ਦੇ ਰਹੱਸਮਈ ਮੰਡਲਾਂ ਵਿਚੋਂ ਪ੍ਰਾਪਤ ਹੁੰਦੀ ਹੈ।

ਗੁਰੂ ਸਾਹਿਬਾਨ ਨੇ ਆਪਣੇ ਉਦੇਸ੍ਹ ਦੀ ਪੂਰਤੀ ਹਿਤ ਲੋਕ ਕਾਵਿ-ਰੂਪਾਂ ਨੂੰ ਮੌਲਿਕ ਵਿਧਾਨ ਦੇ ਅੰਤਰਗਤ ਵਿਲੱਖਣ ਤੇ ਵਿਸ੍ਹਿਸ੍ਹਟ ਪ੍ਰਬੰਧ ਅਧੀਨ ਪ੍ਰਸਤੁਤ ਕੀਤਾ। ਇਹਨਾਂ ਕਾਵਿ-ਰੂਪਾਂ ਵਿਚ ਗੁਰੂ ਸਾਹਿਬਾਨ ਦੀ ਤੀਬਰ ਸੰਵੇਦਨਾ, ਅਨੁਭਵ ਤੇ ਪਰਿਪਕਤਾ ਦਾ ਸੰਚਾਰ ਅਹਿਮ ਰੂਪ ਵਿਚ ਦ੍ਰਿਸ੍ਹਟੀਗੋਚਰ ਹੁੰਦਾ ਹੈ। ਜੋ ਅਧਿਆਤਮਕ ਸੁਹਜ ਦੀ ਤ੍ਰਿਪਤੀ ਦੇ ਨਾਲ ਨਾਲ ਮਾਨਸ ਦੀ ਜੀਵਨ ਦ੍ਰਿਸ੍ਹਟੀ ਤੇ ਸੰਵੇਦਨਾ ਨੂੰ ਪਰਿਵਰਤਿਤ ਵੀ ਕਰਦਾ ਹੈ। ਇਹ ਲੋਕ ਕਾਵਿ-ਰੂਪ ਆਪਣੇ ਪਰੰਪਰਿਕ ਵਿਰਸੇ ਦੀ ਦੇਣ ਕਰਕੇ ਸੁਤੰਤਰ ਵੀ ਹਨ ਤੇ ਦੂਜੇ ਪਾਸੇ ਗੁਰਬਾਣੀ ਦੇ ਵਿਸ੍ਹਿਸ੍ਹਟ ਪ੍ਰਬੰਧ ਅਧੀਨ ਇਕ ਪ੍ਰਕਾਰ ਦੇ ਵਿਸ੍ਹੇਸ੍ਹ

---

218. ਆਦਿ ਗ੍ਰੰਥ, ਸੂਹੀ ਮਹਲਾ ੧, ਪੰਨਾ 763

ਅਨੁਸ਼ਾਸਨ ਵਿਚ ਰਹਿ ਕੇ ਜਨਮ ਤੋਂ ਲੈ ਕੇ ਮੌਤ ਤਕ ਦੇ ਸੰਸਕਾਰਾਂ, ਰਸਮੋਂ ਰਿਵਾਜਾਂ, ਰਹੁ ਰੀਤਾਂ, ਤਿਥਾਂ ਤਿਉਹਾਰਾਂ ਅਤੇ ਖੁਸ਼ੀ ਗ਼ਮੀ ਦੇ ਪ੍ਰਗਟਾਵੇ ਨੂੰ ਭੌਤਿਕ ਤੋਂ ਪਰਾਭੌਤਿਕ ਦੇ ਰੂਪਾਂਤਰਣ ਵਿੱਚ ਪੇਸ਼ ਕਰਦੇ ਹਨ। ਸੋਹਿਲਾ, ਘੋੜੀਆਂ, ਛੰਤ, ਅਲਾਹੁਣੀਆਂ, ਵਾਰ, ਬਾਰਾਮਾਹ, ਆਰਤੀ, ਅੰਜਲੀ, ਮੁੰਦਾਵਣੀ, ਪਹਰੇ, ਥਿਤੀ, ਦਿਨ ਰੈਣ ਆਦਿ ਲੋਕ-ਕਾਵਿ-ਰੂਪ ਦਾ ਵਿਸ਼ੇਸ਼ ਪ੍ਰਯੋਗ ਕੀਤਾ ਗਿਆ ਹੈ। ਉਪਰੋਕਤ ਕਾਵਿ-ਰੂਪਾਂ ਦੀ ਅਭਿਵਿਅਕਤੀ ਲਈ ਗੁਰੂ ਸਾਹਿਬਾਨ ਨੇ ਵਿਸ਼ਿਸ਼ਟ ਸੰਗੀਤ ਪ੍ਰਬੰਧ ਦੀ ਸਿਰਜਣਾ ਕੀਤੀ ਹੈ ਜਿਸ ਵਿਚ ਲੋਕ ਕਾਵਿ-ਰੂਪਾਂ ਤੇ ਇਹਨਾਂ ਦੀ ਸੰਗੀਤਕ ਸੰਰਚਨਾ ਦਾ ਅਹਿਮ ਹਿੱਸਾਹੈ।

3.5 <u>ਲੋਕ ਸੰਗੀਤ:</u> ਗੁਰੂ ਨਾਨਕ ਬਾਣੀ ਮਹਿਜ਼ ਪਾਠ ਜਾਂ ਕਾਵਿ ਉਚਾਰ ਦੀ ਸਮੱਗਰੀ ਹੀ ਨਹੀਂ, ਸਗੋਂ ਇਹ ਤਾਂ ਸਮੂਹ ਲੋਕਾਈ ਉਸ ਖਾਲਕ ਦੇ ਆਦੇਸ਼ ਵਰਤਾਰੇ ਲਈ ਇਕ ਵਿਲੱਖਣ ਮਾਧਿਅਮ ਹੈ ਤੇ ਇਸ ਮਾਧਿਅਮ ਦੇ ਅੰਤਰਗਤ ਵਿਭਿੰਨ ਅਭਿਵਿਅੰਜਨ ਜੁਗਤਾਂ ਕਾਰਜਸ਼ੀਲ ਰਹਿੰਦੀਆਂ ਹਨ ਅਤੇ ਉਨ੍ਹਾਂ ਦੀ ਪ੍ਰਸਤੁਤੀ ਹਿਤ ਜਿਸ ਪ੍ਰਬੰਧ ਦਾ ਪ੍ਰਯੋਗ ਕੀਤਾ ਗਿਆ ਹੈ ਉਸ ਵਿਚ ਲੋਕ ਸੰਗੀਤ ਦਾ ਵਡੇਰਾ ਹਿੱਸਾ ਹੈ। ਬਾਣੀ ਸੰਚਾਰ ਜਾਂ ਬਾਣੀ ਪ੍ਰਕਾਸ਼ ਸੰਗੀਤ ਦੇ ਵਿਸ਼ਿਸ਼ਟ ਪ੍ਰਬੰਧ ਦੁਆਰਾ ਗਤੀਸ਼ੀਲ ਰਹਿੰਦਾ ਹੈ। ਇਸ ਪ੍ਰਬੰਧ ਨੇ ਨਿਰੋਲ ਮੌਲਿਕ ਅੰਗ ਪ੍ਰਤਿਅੰਗ ਨਹੀਂ ਸਿਰਜੇ ਸਗੋਂ ਪੂਰਵ ਪ੍ਰਚਲਿਤ ਸੰਗੀਤ ਕਲਾ ਦੀ ਵਿਭਿੰਨ ਅੰਗਾਂ ਪ੍ਰਤੀਅੰਗਾਂ ਨੂੰ ਮੌਲਿਕ ਛੋਹ ਦੁਆਰਾ ਵਿਸ਼ਿਸ਼ਟਤਾ ਪ੍ਰਦਾਨ ਕਰਵਾਈ ਹੈ। ਲੋਕ ਸੰਗੀਤ ਦੇ ਸੰਦਰਭ ਵਿਚ ਇਹ ਤੱਤ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ।

ਲੋਕ ਸੰਗੀਤ ਆਪਣੇ ਬੁਨਿਆਦੀ ਸੁਭਾਅ ਅਨੁਸਾਰ ਸਹਿਜ ਤੇ ਸੁਭਾਵਿਕ ਅਭਿਵਿਅਕਤੀ ਦਾ ਧਾਰਨੀ ਹੈ। ਜਿਸ ਵਿਚ ਲੋਕ ਮਨ ਨੂੰ ਕੀਲਣ ਦੀ ਅਥਾਹ ਸਮਰੱਥਾ ਮੌਜੂਦ ਹੈ। ਇਹ ਕਿਸੇ ਉਚੇਚ, ਰਿਆਜ਼ ਸ਼ਾਸਤਰੀਅਤਾ ਜਾਂ ਵਿਸ਼ਿਸ਼ਟਤਾ ਦਾ ਧਾਰਨੀ ਨਹੀਂ, ਇਹ ਤਾਂ ਲੋਕ ਮਨ ਸੰਗ ਇਕਮਿਕ ਤੇ ਇਕਸੁਰ ਹੈ। ਲੋਕ ਸੰਗੀਤ ਦੀ ਕਿਸੇ ਵੀ ਅਭਿਵਿਅਕਤੀ ਨੂੰ ਕਿਸੇ ਭੂਮਿਕਾ ਜਾਂ ਪਰਿਚਯ ਦੀ ਆਵਸ਼ਕਤਾ ਨਹੀਂ, ਇਸੇ ਕਰਕੇ ਗੁਰੂ ਨਾਨਕ ਬਾਣੀ ਅਧੀਨ ਲੋਕਧਾਰਾਈ ਸੰਚਾਰ ਜੁਗਤਾਂ ਦੇ ਅੰਤਰਗਤ ਹੀ ਲੋਕ ਸੰਗੀਤ ਇਕ ਅਹਿਮ ਸੰਚਾਰ ਵਿਧੀ ਵਜੋਂ ਉਜਾਗਰ ਹੁੰਦਾ ਹੈ। ਇਸ ਦਾ ਸਿੱਧਾ ਸੰਬੰਧ ਸ਼ਬਦ ਪ੍ਰਸਤੁਤੀ ਅਤੇ ਸ਼ਬਦ ਦੀ ਸੰਚਾਰ ਪ੍ਰਕ੍ਰਿਆ ਨਾਲ ਹੈ। ਇਹ ਜਿਥੇ ਲੋਕਧਾਰਾਈ ਸੰਚਾਰ ਜੁਗਤ ਨਾਲ ਸੰਬੰਧਿਤ ਹੈ ਉਥੇ ਇਹ ਬਾਣੀ ਦੇ ਵਿਸ਼ਿਸ਼ਟ ਅਤੇ ਮੌਲਿਕ ਸੰਗੀਤ ਪ੍ਰਬੰਧ 'ਗੁਰਮਤਿ ਸੰਗੀਤ ਦਾ ਅਹਿਮ' ਵਿਸ਼ਾ ਹੈ।

ਗੁਰੂ ਨਾਨਕ ਬਾਣੀ ਦੇ ਅੰਤਰਗਤ ਪ੍ਰਯੁਕਤ ਲੋਕ ਕਾਵਿ-ਰੂਪਾਂ ਦਾ ਬੁਨਿਆਦੀ ਸੁਭਾਅ ਗਾਇਨ ਵਾਚਕ ਹੈ। ਇਹ ਲੋਕ ਕਾਵਿ-ਰੂਪ ਆਪਣੇ ਸੰਗ ਇਕ ਵਿਸ਼ੇਸ਼ ਸੰਗੀਤਕ ਧੁਨ ਦਾ ਜਾਮਾ ਰਖਦੇ ਹਨ। ਇਸ ਧੁਨ ਤੋਂ ਬਿਨਾਂ ਇਸ ਕਾਵਿ-ਰੂਪ ਦੀ ਹੋਂਦ ਨਾ ਮਾਤਰ ਹੈ, ਅਤੇ ਨਾ ਹੀ ਧੁਨ ਤੋਂ ਬਿਨਾਂ ਇਹ ਕਾਵਿ-ਰੂਪ ਜਿਉਂਦਾ ਰਹਿ ਸਕਦਾ ਹੈ। ਬਾਣੀ ਦੇ ਅੰਤਰਗਤ ਇਹਨਾਂ ਕਾਵਿ-ਰੂਪਾਂ ਨੂੰ ਉਹਨਾਂ ਦੇ ਮੂਲ ਤੇ ਬੁਨਿਆਦੀ ਸੁਭਾਅ ਅਤੇ ਰੂਪ ਦੀ ਸਮਰੂਪਤਾ ਨੂੰ ਕਾਇਮ ਰਖਦਿਆਂ ਇਕ ਵਿਸ਼ਿਸ਼ਟ ਵਿਧੀ ਦੁਆਰਾ ਪ੍ਰਯੋਗ ਕੀਤਾ ਗਿਆ ਹੈ। ਜਿਹੜੀ ਵਿਧੀ ਗੁਰਮਤਿ ਜਾਂ ਬਾਣੀ ਸ਼ਾਸਤਰ ਦੇ ਅਨੁਸ਼ਾਸਨ ਦੀ ਧਾਰਨੀ ਹੈ। ਉਦਾਹਰਣ ਦੇ ਤੌਰ ਤੇ ਵਾਰਾਂ, ਛੰਤ, ਅਲਾਹੁਣੀਆਂ, ਲਾਵਾਂ, ਸਦ, ਘੋੜੀਆਂ, ਪਹਿਰੇ, ਬਾਰਾਮਾਹ ਆਦਿ ਕਾਵਿ-ਰੂਪਾਂ ਨੂੰ ਗੁਰਮਤਿ ਸੰਗੀਤ ਦੇ ਅਨੁਸ਼ਾਸਨ ਅਧੀਨ ਪ੍ਰਯੋਗ ਵਿਚ ਲਿਆਂਦਾ ਗਿਆ ਹੈ। ਇਹ ਲੋਕ ਕਾਵਿ-ਰੂਪ ਆਪਣੀ ਨਿਜੀ ਕਾਵਿਕ ਧੁਨ ਅਤੇ ਕਾਵਿਕ ਛੰਦਬਧਤਾ ਦੇ ਧਾਰਨੀ ਹਨ ਜਿਨ੍ਹਾਂ ਦਾ ਵਿਸ਼ੇਸ਼ ਕਾਵਿਕ ਤੇ ਸੰਗੀਤਕ ਸਰੂਪ ਹੈ। ਕਾਵਿ ਅਤੇ ਸੰਗੀਤ ਦੇ ਗਤੀਸ਼ੀਲ ਸਰੂਪ ਨੂੰ ਹੀ ਅਸੀਂ ਪ੍ਰਸਤੁਤੀ ਦੇ ਸੰਦਰਭ ਵਿਚ ਗਾਇਨ ਸ਼ੈਲੀ ਦਾ ਨਾਮ ਦਿੰਦੇ ਹਾਂ। ਬਾਣੀ ਵਿਚ ਇਹਨਾਂ ਲੋਕ ਕਾਵਿ-ਰੂਪਾਂ ਦੀਆਂ ਸੰਬੰਧਿਤ ਗਾਇਨ ਸ਼ੈਲੀਆਂ ਵਿਚ ਖੁਲ੍ਹ ਅਤੇ ਆਪਹੁਦਰੀ ਸੁਤੰਤਰਤਾ ਨੂੰ ਅੰਕੁਸ਼ ਲਗਾ ਕੇ ਨਿਰਧਾਰਤ ਸਰੂਪ ਪ੍ਰਦਾਨ ਕਰਵਾਇਆ ਗਿਆ ਹੈ। ਬਾਣੀ ਦੇ ਕਿਸੇ ਸਿਰਲੇਖ ਦੇ ਸੰਦਰਭ ਵਿਚ ਅਸੀਂ ਲੋਕ ਸੰਗੀਤ ਦੇ ਪ੍ਰਯੋਗ ਅਤੇ ਪ੍ਰਸਤੁਤੀ ਅਧੀਨ ਹੇਠ ਲਿਖੇ ਅਨੁਸਾਰ ਚਰਚਾ ਕਰ ਸਕਦੇ ਹਾਂ।

ਗੁਰੂ ਨਾਨਕ ਬਾਣੀ ਅਧੀਨ ਸਮੂਹ ਲੋਕ ਕਾਵਿ-ਰੂਪਾਂ ਨੂੰ ਨਿਰਧਾਰਤ ਰਾਗਾਂ ਅਧੀਨ ਸੰਕਲਿਤ ਕੀਤਾ ਗਿਆ ਹੈ। ਉਦਾਹਰਣ ਦੇ ਤੌਰ 'ਤੇ ਰਾਗ ਵਡਹੰਸ ਅਧੀਨ ਅਲਾਹੁਣੀਆਂ, ਘੋੜੀਆਂ, ਰਾਗ ਸੂਹੀ ਅਧੀਨ ਲਾਵਾਂ ਅਤੇ ਵਿਆਹ ਨਾਲ ਸੰਬੰਧਿਤ ਹੋਰ ਸ਼ਬਦ, ਸਿਰੀ ਰਾਗ ਅਧੀਨ ਪਹਿਰੇ ਤੇ ਵਣਜਾਰਾ ਦੀ ਉਦਾਹਰਣ ਨੂੰ ਇਥੇ ਵਿਚਾਰਿਆ ਜਾ ਸਕਦਾ ਹੈ। ਇਹਨਾਂ ਲੋਕ ਕਾਵਿ-ਰੂਪਾਂ ਦਾ ਆਪਣਾ ਸੁਤੰਤਰ ਸੰਗੀਤਕ ਸਰੂਪ ਹੈ। ਜਿਸ ਅਧੀਨ ਸੰਬੰਧਿਤ ਕਾਵਿ ਪ੍ਰਸਤੁਤ ਕੀਤਾ ਜਾਂਦਾ ਹੈ। ਪਰੰਤੂ ਬਾਣੀ ਅਧੀਨ ਇਹਨਾਂ ਨੂੰ ਵਿਭਿੰਨ ਰਾਗਾਂ ਅਨੁਸਾਰ ਨਿਰਧਾਰਤ ਕਰਨਾ ਇਸ ਗੱਲ ਦਾ ਸੂਚਕ ਹੈ ਕਿ ਇਹਨਾਂ ਲੋਕ ਕਾਵਿ-ਰੂਪਾਂ ਦੀਆਂ ਗਾਇਨ ਸ਼ੈਲੀਆਂ ਅਤੇ ਰਾਗਾਂ ਦੇ ਸੁਹਜਾਤਮਕ ਸਰੂਪ ਵਿਚ ਕੋਈ ਸਾਂਝ ਹੈ। ਇਹ ਸਾਂਝ ਸਿਧੇ ਤੌਰ ਤੇ ਧੁਨਾਤਮਕ ਸਾਂਝ ਹੈ ਜਾਂ ਭਾਵਾਤਮਕ। ਲੋਕ ਗਾਇਨ ਸ਼ੈਲੀਆਂ ਦੇ ਸਰੂਪਾਂ ਨੂੰ ਰਾਗਬਧ ਕਰਨ ਨਾਲ ਜਿਥੇ ਇਹਨਾਂ ਨੂੰ ਵਿਸ਼ੇਸ਼ ਪ੍ਰਕਾਰ ਦਾ ਸੰਗੀਤਕ ਆਧਾਰ

ਪ੍ਰਦਾਨ ਹੋਇਆ ਹੈ ਉਥੇ ਇਹਨਾਂ ਦੇ ਆਪਹੁਦਰੇ ਪਰਿਵਰਤਨਾਂ ਉਤੇ ਇਕ ਅੰਕੁਸ਼ ਵੀ ਲਗਿਆ ਹੈ। ਇਹਨਾਂ ਰਾਗਾਂ ਦਾ ਨਿਰਧਾਰਣ ਕੋਈ ਅਸੰਗਤ ਜਾਂ ਅਸਮਾਨ ਨਹੀਂ ਸਗੋਂ ਵਧੇਰੇ ਕਰਕੇ ਇਹ ਲੋਕ ਗਾਇਨ ਸ਼ੈਲੀਆਂ ਦੇ ਨਾਲਸਮਰੂਪਤਾ ਤੇ ਸਮਰਸਤਾ ਦਾ ਧਾਰਨੀ ਹੈ। ਗੁਰੂ ਨਾਨਕ ਬਾਣੀ ਵਿੱਚ ਪ੍ਰਚਲਿਤ ਵਿਭਿੰਨ ਵਾਰਾਂ, ਘੋੜੀਆਂ, ਅਲਾਹੁਣੀਆਂ, ਲਾਵਾਂ ਆਦਿ ਦੇ ਸੰਦਰਭ ਵਿਚ ਰਾਗਾਂ ਦੇ ਇਸ ਨਿਰਧਾਰਨ ਗੁਰੂ ਨਾਨਕ ਬਾਣੀ ਦੇ ਸੰਗੀਤ ਪ੍ਰਬੰਧ ਦਾ ਵਿਸ਼ੇਸ਼ ਲੱਛਣ ਹੈ। ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਲੋਕ ਗਾਇਨ ਸ਼ੈਲੀਆਂ ਨੂੰ ਰਾਗਾਂ ਅਧੀਨ ਨਿਬਧ ਕਰਕੇ ਇਹਨਾਂ ਨੂੰ ਵਿਸਸ਼ਿਟ ਪ੍ਰਬੰਧ ਦੇ ਧਾਰਣੀ ਬਣਾਇਆ ਗਿਆ ਹੈ। ਇਸੇ ਤਰ੍ਹਾਂ ਇਹਨਾਂ ਲੋਕ ਗਾਇਨ ਸ਼ੈਲੀਆਂ ਦਾ ਰਹਾਉ ਅਤੇ ਅੰਕ ਅਨੁਸਾਰ ਇਕ ਗਾਇਨ ਵਿਧਾਨ ਵੀ ਸਿਰਜਿਆ ਗਿਆ ਹੈ ਕਿਉਂ ਜੋ ਗੁਰੂ ਨਾਨਕ ਬਾਣੀ ਵਿਚ ਗੁਰਮਤਿ ਦੇ ਸੰਦੇਸ਼ ਨੂੰ ਸਰੋਤੇ ਦੇ ਮਨ ਵਿਚ ਦ੍ਰਿੜਾਉਣ ਦਾ ਪੂਰਵ ਨਿਰਧਾਰਤ ਮਨੋਰਥ ਹੈ, ਇਸੇ ਕਰਕੇ ਕਈ ਗਾਇਨ ਸ਼ੈਲੀਆਂ ਵਿਚ ਰਹਾਉ ਅਤੇ ਅੰਕ ਦੀ ਵਿਧੀ ਅਪਣਾ ਕੇ ਉਹਨਾਂ ਨੂੰ ਸਥਾਈ ਤੇ ਅੰਤਰੇ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਜਿਵੇਂ ਸੋਹਲਾ, ਥਿਤੀ, ਆਰਤੀ, ਕਰਹਲੇ, ਵਣਜਾਰੇ ਆਦਿ ਵਿਚ ਇਹ ਵਿਧਾਨ ਸਪਸ਼ਟ ਹੈ। ਜਿਸ ਦਾ ਵਿਸਤ੍ਰਿਤ ਵਰਨਨ ਅਗਲੇਰੇ ਅਧਿਆਇ ਵਿਚ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਸੰਦਰਭ ਵਿਚ ਕੀਤਾ ਗਿਆ ਹੈ।

ਉਕਤ ਵਿਸ਼ਲੇਸ਼ਣ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਲੋਕਧਾਰਾ ਨੂੰ ਇਕ ਮਹੱਤਵਪੂਰਨ ਜੁਗਤ ਵਜੋਂ ਸਥਾਪਿਤ ਕਰ ਰਿਹਾ ਹੈ। ਕਾਵਿ ਦੇ ਵਿਭਿੰਨ ਅੰਗ, ਪ੍ਰਤਿਅੰਗ ਆਪਣੇ ਵਿਵਿਧਪੱਖੀ ਬਹੁਆਕਾਰੀ ਜੀਵੰਤ ਸਰੂਪਾਂ ਸਹਿਤ ਬਾਣੀ ਪ੍ਰਬੰਧ ਦੇ ਵਿਸ਼ਿਸ਼ਟ ਸੰਚਾਰ ਤੱਤਾਂ ਵਜੋਂ ਉਜਾਗਰ ਹੁੰਦੇ ਹਨ ਜੋ ਬਾਣੀ ਦੀ ਸੰਚਾਰ ਪ੍ਰਕ੍ਰਿਆ ਨੂੰ ਕ੍ਰਿਆਸ਼ੀਲ ਕਰਦੇ ਹੋਏ ਆਪਣੇ ਸੌਂਦਰਯਾਤਮਿਕ ਵਿਸ਼ਿਸ਼ਟਤਾਵਾਂ ਸਹਿਤ ਬਾਣੀ ਪ੍ਰਬੰਧ ਦੇ ਅਨੁਸ਼ਾਸਨ ਦੇ ਧਾਰਣੀ ਬਣਦੇ ਹਨ।

### 4. ਸੰਗੀਤ : ਸੰਚਾਰ ਜੁਗਤ ਵਜੋਂ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਪ੍ਰਸਤੁਤੀ ਹਿਤ 'ਸ਼ਬਦ ਕੀਰਤਨ' ਨੂੰ ਕੇਂਦਰੀ ਜੁਗਤ ਵਜੋਂ ਅਪਣਾਇਆ ਹੈ। ਇਹ ਸ਼ਬਦ ਕੀਰਤਨ ਆਪਣੇ ਤੋਂ ਪੂਰਵਲੀਆਂ ਤੇ ਸਮਕਾਲੀਨ

ਭਗਤੀ ਸੰਗੀਤ ਦੀਆਂ ਕੀਰਤਨ ਪਰੰਪਰਾ ਨਾਲੋਂ ਭਿੰਨ ਤੇ ਅੱਡਰਾ ਸੀ। ਇਸ ਕੀਰਤਨ ਦੀ ਮੂਲ ਵਿਲੱਖਣਤਾ ਇਸ ਦੇ ਸ਼ਬਦ ਕੀਰਤਨ ਹੋਣ ਵਿਚ ਸੀ। ਇਸ ਦਾ ਇਹੀ ਗੁਣ ਇਸ ਨੂੰ ਪੂਰਵਕਾਲੀਨ ਪੂਜਾ ਸੰਗੀਤ ਦੀ ਮਕਾਨਕੀ ਇਕਸੁਰਤਾ (monotonous) ਤੇ ਅਵਿਗਿਆਨਿਕ ਅਨੁਕਰਣਾਤਮਿਕ ਪ੍ਰਯੋਗ ਨਾਲੋਂ ਸਪਸ਼ਟ ਰੂਪ ਵਿਚ ਅਲਗ ਕਰ ਦਿੰਦਾ ਹੈ। ਸਮਕਾਲੀਨ ਭਗਤੀ ਸੰਗੀਤ ਪਰੰਪਰਾਵਾਂ ਨੂੰ ਵਾਚੀਏ ਤਾਂ ਇਸ ਪਰੰਪਰਾ ਵਿਚ ਕੀਰਤਨ ਦਾ ਪ੍ਰਯੋਗ ਕਿਸੇ ਇਕ ਸੁਸੰਗਠਿਤ ਪ੍ਰਯੋਗ ਦਾ ਧਾਰਣੀ ਨਹੀਂ ਅਤੇ ਇਸ ਪ੍ਰਯੋਗ ਦੀਆਂ ਦਿਸ਼ਾਵਾਂ ਵਿਚ ਵੀ ਅਨੇਕਤਾ ਤੇ ਵਿਭਿੰਨਤਾ ਪਾਈ ਜਾਂਦੀ ਹੈ। ਇਸ ਕੀਰਤਨ ਪੱਧਤੀ ਨੂੰ ਅਸੀਂ ਸਮੁੱਚ ਵਿੱਚ ਨਹੀਂ ਵਿਚਾਰ ਸਕਦੇ ਕਿਉਂਜੋ ਇਹਨਾਂ ਦੀ ਲਕਸ਼ ਪ੍ਰਾਪਤੀ ਦੇ ਯਤਨ ਭਿੰਨ ਭਿੰਨ ਪਹੁੰਚਾਂ ਦੇ ਧਾਰਣੀ ਹਨ। ਇਸ ਕੀਰਤਨ ਪਰੰਪਰਾ ਵਿਚਲਾ ਆਡੰਬਰ ਅਤੇ ਲੋਕਪ੍ਰਿਯ ਕਿਸਮ ਦਾ ਖੁਲ੍ਹਾਪਣ ਇਸ ਨੂੰ ਬੁੜ੍ਹਚਿਰਾ ਰੂਪ ਤਾਂ ਪ੍ਰਦਾਨ ਕਰਵਾਉਂਦਾ ਹੈ ਪਰ ਇਸ ਵਿਚੋਂ ਕਿਤੇ ਸਥਾਪਿਤ ਤੇ ਵਿਗਿਆਨਿਕ ਕੀਰਤਨ ਪ੍ਰਣਾਲੀ ਦਾ ਸਰੂਪ ਨਹੀਂ ਉਘੜਦਾ। ਗੁਰੂ ਨਾਨਕ ਦੁਆਰਾ ਸਥਾਪਿਤ ਕੀਰਤਨ ਦਾ ਪ੍ਰਯੋਗ ਆਪਣੇ ਸਰੂਪ ਦੀ ਵਿਲੱਖਣਤਾ ਅਤੇ ਇਸਦੇ ਅੰਤਰੀਵ ਵਿੱਚ ਵਿਦਮਾਨ ਗੁਣਾਂ ਦੀ ਵਿਗਿਆਨਿਕਤਾ ਕਰਕੇ ਪ੍ਰਚਲਨ ਅਤੇ ਸਥਾਪਤੀ ਦੇ ਪੱਧਰ ਉਤੇ ਇਕ ਵਿਸ਼ਾਲ ਕੀਰਤਨ ਪੱਧਤੀ ਵਜੋਂ ਉਜਾਗਰ ਹੁੰਦਾ ਹੈ।

ਸ਼ਬਦ ਕੀਰਤਨ ਦੀ ਕੇਂਦਰੀ ਇਕਾਈ 'ਸ਼ਬਦ' ਹੈ। ਇਹ ਕਿਸੇ ਪ੍ਰਭੂ ਨਾਮ ਦਾ ਰਟਣ ਜਾਂ ਜਪਣ ਦੇ ਪੱਧਰ ਉਤੇ ਬਾਰੰਬਾਰ ਗਾਇਨ ਨਹੀਂ ਹੈ। ਸ਼ਬਦ ਦੁਆਰਾ ਪ੍ਰਕਾਸ਼ਮਾਨ ਹੋਣ ਵਾਲੇ ਸਮੂਹ ਅਧਿਆਤਮਿਕ ਰਹੱਸਾਂ ਤੇ ਭੇਤਾਂ ਨੂੰ ਗਾਇਨ ਦੁਆਰਾ ਸਮੂਰਤ ਕੀਤਾ ਜਾਂਦਾ ਹੈ। ਇਸ ਵਿਚ ਸ਼ਬਦ ਦੇ ਆਹਤ, ਅਨਾਹਤ ਭੇਦਾਂ ਦੇ ਆਧਾਰ ਤੇ ਅਨੁਭਵ ਤੇ ਬੋਧ ਦੀ ਪ੍ਰਕ੍ਰਿਆ ਨੂੰ ਕਾਰਜਸ਼ੀਲ ਕੀਤਾ ਜਾਂਦਾ ਹੈ। ਇਹ ਸ਼ਬਦ ਜਿਥੇ ਬਾਣੀ ਦੀ ਇਕਾਈ ਹੈ ਉਥੇ ਅਧਿਆਤਮਿਕ ਅਨੁਭਵ ਤੇ ਗਿਆਨ ਦਾ ਰੋਸ਼ਨ ਪ੍ਰਤੀਕ ਵੀ ਹੈ। ਬਾਣੀ ਵਿਚ ਇਸ ਸ਼ਬਦ ਦੇ ਮਹੱਤਵ ਅਤੇ ਪ੍ਰਾਪਤੀ ਦੀ ਉਚਤਾ ਨੂੰ ਵਾਰ ਵਾਰ ਦਰਸਾਇਆ ਗਿਆ ਹੈ। [219]

---

219. (1) ਜੇ ਸਬਦੁ ਬੁਝੈ ਤਾਂ ਸਚੁ ਨਿਹਾਲਾ।।

ਆਦਿ ਗ੍ਰੰਥ, ਪੰਨਾ 412

(2) ਸੁਰਤਿ ਸਬਦੁ ਧੁਨਿ ਅੰਤਰਿ ਜਾਗੀ।।

ਆਦਿ ਗ੍ਰੰਥ, ਪੰਨਾ 903

(ਬਾਕੀ ਫੁੱਟ ਨੋਟ ਅਗਲੇ ਪੰਨੇ 'ਤੇ)

ਸ੍ਰੀ ਗੁਰੂ ਨਾਨਕ ਦੇਵ ਜੀ ਛਵੈਂ ਆਪਣੇ ਆਪ ਨੂੰ ਢਾਡੀ ਦੇ ਰੂਪ ਵਿਚ ਚਿਤਰਦਿਆਂ ਸ਼ਬਦ ਦੀ ਪ੍ਰਾਪਤੀ ਖਾਲਕ ਦੇ ਦਰ ਤੋਂ ਦਰਸਾਉਂਦੇ ਹਨ:

ਹਉ ਢਾਢੀ ਵੇਕਾਰੁ ਕਾਰੈ ਲਾਇਆ।।
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।।
ਢਾਢੀ ਸਚੈ ਮਹਲਿ ਖਸਮਿ ਬੁਲਾਇਆ।।
ਸਚੀ ਸਿਫਤ ਸਾਲਾਹ ਕਪੜਾ ਪਾਇਆ।।
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ।।
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।।
ਢਾਢੀ ਕਰੇ ਪਸਾਉ ਸਬਦੁ ਵਜਾਇਆ।।
ਨਾਨਕ ਸਚੁ ਸਾਲਾਹਿ ਪੂਰਾ ਪਾਇਆ।।[220]

ਇਸ ਸ਼ਬਦ ਦੇ ਸਤਿ ਸਰੂਪ ਨੂੰ ਲੋਕਾਈ ਸਾਹਵੇਂ ਪ੍ਰਸਤੁਤ ਕਰਨ ਲਈ ਇਸ ਨੂੰ ਬਾਣੀ ਰੂਪ ਵਿੱਚ ਪ੍ਰਕਾਸ਼ਮਾਨ ਕਰਦੇ ਹਨ। ਬਾਣੀ ਦਾ ਇਹ ਪ੍ਰਕਾਸ਼ ਮੁੱਖ ਤੌਰ ਤੇ ਸ਼ਬਦ ਕੀਰਤਨ ਦੀ ਜੁਗਤ ਦੁਆਰਾ ਹੀ ਸੰਚਾਰਿਤ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਪ੍ਰਸੰਗਾਂ ਉਤੇ ਸਾਧਾਰਣ ਝਾਤ ਮਾਰੀਏ ਤਾਂ ਬਾਣੀ ਦੇ ਆਵੇਸ਼ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਵਾਕ ਸਾਨੂੰ ਸਿਧੇ ਤੌਰ ਤੇ ਸ਼ਬਦ ਤੇ ਕੀਰਤਨ ਦੀ ਇਕਮਿਕਤਾ ਤੋਂ ਭਲੀ ਭਾਂਤ ਜਾਣੂ ਕਰਵਾਉਂਦੇ ਹਨ ਕਿ "ਮਰਦਾਨਿਆ! ਸਬਦੁ ਚਿਤਿ ਕਰਿ, ਤਉ ਖਾੜ੍ਹੁ ਬਾਣੀ ਸਰਿ ਨਹੀਂ ਆਵਦੀ, ਮਰਦਾਨਿਆ ਰਬਾਬ ਵਜਾਇ।"[221] ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨੇ ਦੀ ਅਟੁਟ ਸਾਂਝ ਅਤੇ ਉਹਨਾਂ ਦਾ ਭਾਈ ਮਰਦਾਨੇ ਨੂੰ ਇਸ ਪ੍ਰਕਾਰ ਕਹਿਣਾ ਬਾਣੀ ਤੇ ਸੰਗੀਤ ਦੀ ਬੁਨਿਆਦੀ ਸਾਂਝ ਵਲ ਸਪਸ਼ਟ ਸੰਕੇਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸਮੇਂ ਭਿੰਨ ਭਿੰਨ ਸਥਾਨਾਂ ਉਤੇ ਭਿੰਨ ਭਿੰਨ ਵਰਗ ਤੇ ਜਾਤੀਆਂ ਦੇ ਲੋਕਾਂ ਨੂੰ

---

(ਪਿਛਲੇ ਪੰਨੇ ਦਾ ਫੁੱਟ ਨੋਟ)

(3) ਵਾਜੇ ਬਾਝਹੁ ਸਿੰਙੀ ਵਾਜੈ
ਤਉ ਨਿਰਭਉ ਪਦੁ ਪਾਈਐ।।
ਆਦਿ ਗ੍ਰੰਥ, ਪੰਨਾ 730

220. ਆਦਿ ਗ੍ਰੰਥ, ਪੰਨਾ 50

221. ਪੁਰਾਤਨ ਜਨਮਸਾਖੀ (ਸੰਪਾ.) ਸਮਸ਼ੇਰ ਸਿੰਘ ਅਸ਼ੋਕ, ਪੰਨਾ 71.

ਆਕਰਸ਼ਿਤ ਕਰਨ ਅਤੇ ਉਪਦੇਸ਼ ਦੇਣ ਲਈ ਸ਼ਬਦ ਕੀਰਤਨ ਨੂੰ ਹੀ ਕੇਂਦਰੀ ਜੁਗਤ ਵਜੋਂ ਅਪਣਾਇਆ। ਉਹਨਾਂ ਨੇ ਇਸ ਜੁਗਤ ਨੂੰ ਆਪਣੇ ਪ੍ਰਯੋਗ ਤਕ ਹੀ ਸੀਮਿਤ ਨਹੀਂ ਰਖਿਆ ਸਗੋਂ ਸਮਕਾਲੀਨ ਸੰਗੀਤ ਵਿਚੋਂ ਵੱਖ ਵੱਖ ਉਪਕਰਣਾਂ ਦੀ ਚੋਣ ਕਰਕੇ ਉਹਨਾਂ ਨੂੰ ਮੌਲਿਕ ਦ੍ਰਿਸ਼ਟੀਕੋਣ ਤੋਂ ਪ੍ਰਯੋਗ ਦੇ ਧਾਰਣੀ ਬਣਾਇਆ ਜੋ ਇਕ ਵਿਲੱਖਣ ਕੀਰਤਨ ਪੱਧਤੀ ਵਜੋਂ ਉਜਾਗਰ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਅਪਣਾਈ ਗਈ ਕੀਰਤਨ ਦੀ ਜੁਗਤ ਆਪਣੇ ਵਿਚ ਅਨੇਕ ਸੰਗੀਤ ਦੇ ਮੂਲ ਤੇ ਬੁਨਿਆਦੀ ਤੱਤਾਂ ਤੋਂ ਇਲਾਵਾ ਭਿੰਨ ਭਿੰਨ ਪ੍ਰਕਾਰ ਦੀਆਂ ਸੰਗੀਤਮਈ ਅਭਿਵਿਅਜਨ ਵਿਧੀਆਂ ਵੀ ਰਖਦੀ ਹੈ। ਕੀਰਤਨ ਦੀ ਇਸ ਪੱਧਤੀ ਦੀ ਮੌਲਿਕਤਾ ਦਾ ਮੂਲ ਗੁਣ ਇਸ ਦੀ ਵਿਸ਼ਿਸ਼ਟ ਪਹੁੰਚ ਹੈ। ਇਸ ਦੇ ਨਾਲ ਹੀ ਵਿਲੱਖਣ ਤੇ ਮੌਲਿਕ ਦ੍ਰਿਸ਼ਟੀਕੋਣ ਤੋਂ ਸੰਗੀਤ ਦੇ ਵਿਭਿੰਨ ਤੱਤਾਂ ਜੁਗਤਾਂ ਤੇ ਉਪਕਰਣਾਂ ਦਾ ਪ੍ਰਯੋਗ ਅਤੇ ਇਹ ਵਿਲੱਖਣ ਪਹੁੰਚ ਦੁਆਰਾ ਇਹ ਕੀਰਤਨ ਪੱਧਤੀ ਨਿਵੇਕਲੇ ਸੰਗੀਤ ਪ੍ਰਬੰਧ ਵਿਚ ਮੂਰਤੀਮਾਨ ਹੁੰਦੀ ਹੈ। ਜਿਸਦੇ ਸੰਪੂਰਨ ਵਿਧੀ ਵਿਧਾਨ ਨੂੰ ਸਮਝੇ ਬਿਨਾਂ ਸ਼ਬਦ ਕੀਰਤਨ ਦੀ ਇਸ ਜੁਗਤ ਦੀ ਕਾਰਜਸ਼ੀਲਤਾ ਨੂੰ ਸਮੁੱਚੇ ਰੂਪ ਵਿੱਚ ਨਹੀਂ ਪਛਾਣਿਆ ਜਾ ਸਕਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੀ ਗਈ ਇਸ ਕੀਰਤਨ ਪੱਧਤੀ ਨੂੰ ਵਰਤਮਾਨ ਸਮੇਂ 'ਗੁਰਮਤਿ ਸੰਗੀਤ' (ਸਿੱਖ ਸੰਗੀਤ) ਆਖਿਆ ਜਾਂਦਾ ਹੈ ਗੁਰਮਤਿ ਸੰਗੀਤ ਗੁਰੂ ਦੁਆਰਾ ਦਰਸਾਏ ਗਏ ਮਾਰਗ ਦਾ ਅਨੁਸਰਣ ਕਰਦਾ ਹੈ। ਇਹ ਮਾਰਗ ਸੰਗੀਤ ਦੀ ਪ੍ਰਸਤੁਤੀ ਦੇ ਸੰਦਰਭ ਵਿਚ ਬਾਣੀ ਦੁਆਰਾ ਦਰਸਾਏ ਗਏ ਸੰਗੀਤ ਅਨੁਸ਼ਾਸਨ ਜਾਂ ਸੰਗੀਤ ਪ੍ਰਬੰਧ ਦਾ ਮਾਰਗ ਹੈ। ਬਾਣੀ ਦੇ ਅੰਤਰਨਿਹਤ ਅਧਿਆਤਮਿਕ ਸੰਦੇਸ਼ ਨੂੰ ਸੰਚਾਰਿਤ ਕਰਨ ਲਈ ਬਾਣੀ ਨੂੰ ਵਿਭਿੰਨ ਸੰਗੀਤਕ ਉਪਕਰਣਾਂ ਤੱਤਾਂ ਨਾਲ ਅਲੰਕ੍ਰਿਤ ਕੀਤਾ ਗਿਆ ਹੈ। ਇਹ ਅਲੰਕਣ ਸੰਗੀਤ ਪ੍ਰਯੋਗ ਦੇ ਪੱਧਰ ਉਤੇ ਸੰਗੀਤ ਦੇ ਉਪਕਰਣਾਂ ਦੇ ਮੂਲ ਗੁਣਾਂ ਨੂੰ ਨਵੀਨਤਾ ਤੇ ਮੌਲਿਕਤਾ ਪ੍ਰਦਾਨ ਕਰ ਰਿਹਾ ਹੈ। ਪ੍ਰਯੋਗ ਦੇ ਪੱਧਰ ਉਤੇ ਬਾਣੀ ਦੇ ਅੰਤਰਗਤ ਭਿੰਨ ਭਿੰਨ ਸੰਗੀਤ ਸੰਚਾਰ ਵਿਧੀਆਂ ਦਾ ਪ੍ਰਯੋਗ ਬਾਣੀ ਦੀ ਕੀਰਤਨ ਪੱਧਤੀ ਦੇ ਇਸ ਸੰਗੀਤ ਪ੍ਰਬੰਧ ਨੂੰ ਇਕ ਸ਼ਕਤੀਸ਼ਾਲੀ ਸੰਚਾਰ ਜੁਗਤ ਵਜੋਂ ਉਜਾਗਰ ਕਰ ਰਿਹਾ ਹੈ। ਇਸ ਬਾਣੀ ਦੀ ਵਿਲੱਖਣਤਾ ਇਸ ਦੇ ਅੱਖਰੀ ਰੂਪ ਤਕ ਹੀ ਸੀਮਤ ਨਹੀਂ ਸਗੋਂ ਇਹ ਇਕ ਕਾਵਿ ਸੰਚਾਰ ਰਚਨਾ ਹੋਣ ਦੇ ਨਾਲ ਨਾਲ ਇਕ ਅਜਿਹੀ ਜੀਵੰਤ ਬਾਣੀ ਸੰਚਾਰ ਰਚਨਾ ਹੈ। ਜਿਸ ਦੀ ਸੰਚਾਰ ਪ੍ਰਕ੍ਰਿਆ ਦੀ ਕੇਂਦਰਕਾਰੀ ਸ਼ਕਤੀ ਵਜੋਂ ਇਸ ਦੇ ਸਰੂਪ ਵਿਚ ਥਾਂ ਥਾਂ ਉਤੇ ਸੰਗੀਤ ਵਿਦਮਾਨ ਹੈ। ਸੰਗੀਤ ਦੇ ਇਸ ਪ੍ਰਬੰਧ ਦੇ ਲਿਖਤ ਸੰਕੇਤ ਵੀ ਹਨ ਅਤੇ ਬਾਣੀ ਦੀ ਸਮੁੱਚੀ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਤੇ ਵਿਸ਼ਲੇਸ਼ਣ ਕਰਨ ਦੌਰਾਨ ਸੰਗੀਤ ਦਾ ਅਹਿਮ ਤੇ ਕੇਂਦਰੀ ਰੋਲ ਆਪਮੁਹਾਰੇ ਉਜਾਗਰ ਹੋ ਜਾਂਦਾ ਹੈ। ਸੰਗੀਤ ਦੇ ਸੰਚਾਰ ਪ੍ਰਕ੍ਰਿਆ ਦੇ ਸੰਦਰਭ ਵਿਚ ਸੰਗੀਤ ਦੀ ਅਹਿਮੀਅਤ ਨੂੰ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਸੰਦਰਭ

ਵਿੱਚ ਹੀ ਵਾਚਾਂਗੇ। ਇਹ ਸੰਖਿਪਤ ਵਰਣਨ ਇਸਦੀ ਅਹਿਮੀਅਤ ਦੇ ਸੰਚਾਰਮੁਖੀ ਪਹਿਲੂ ਨੂੰ ਦਰਸਾਉਣਾ ਹੀ ਹੈ। ਇਥੇ ਅਸੀਂ ਇਸ ਸੰਗੀਤ ਪ੍ਰਬੰਧ ਦੇ ਲਿਖਤ ਸਰੂਪ ਤੋਂ ਪ੍ਰਗਟ ਹੋਣ ਵਾਲੇ ਸੰਗੀਤਕ ਤੱਤਾਂ ਤੇ ਵਿਧੀਆਂ ਦੀ ਸੰਗੀਤਕ ਅਹਿਮੀਅਤ ਅਤੇ ਬਾਣੀ ਵਿੱਚ ਇਹਨਾਂ ਦੇ ਸਥਾਨ ਸੰਬੰਧੀ ਵਿਚਾਰ ਕਰਾਂਗੇ।

4.1 <u>ਰਾਗ:</u> 'ਗੁਰੂ ਨਾਨਕ ਬਾਣੀ' ਦੇ ਲਿਖਤ ਸਰੂਪ ਤੋਂ ਪ੍ਰਗਟ ਹੋਣ ਵਾਲੇ ਪ੍ਰਮੁੱਖ ਸੰਗੀਤ ਤੱਤ ਰਾਗ ਹਨ। ਬਾਣੀ ਵਿਚ ਰਾਗ ਦਾ ਪਸਾਰਾ ਬਾਣੀ ਦੇ ਵਰਗੀਕਰਣ ਅਤੇ ਬਾਣੀ ਦੀ ਹਰ ਇਕਾਈ ਤਕ ਫੈਲਿਆ ਹੋਇਆ ਹੈ। ਬਾਣੀ ਉਪਰ ਰਾਗ ਸਿਰਲੇਖ ਰੂਪ ਵਿਚ ਅੰਕਿਤ ਹਨ। ਰਾਗਾਂ ਦਾ ਇਹ ਅੰਕਣ ਅਤੇ ਰਾਗ ਦਾ ਸਿਧੇ ਤੌਰ ਤੇ ਵਿਵਹਾਰਕ ਸੰਗੀਤ ਨਾਲ ਜੁੜੇ ਹੋਣਾ ਜਾਂ ਇਸ ਦਾ ਪ੍ਰਯੋਗਾਤਮਿਕ ਮਹੱਤਵ ਬਾਣੀ ਨੂੰ ਇਕ ਸੰਚਾਰ ਕ੍ਰਿਤ ਵਜੋਂ ਉਜਾਗਰ ਕਰਦਾ ਹੈ ਅਤੇ ਨਾਲ ਹੀ ਇਸ ਨੂੰ ਮਹਿਜ਼ ਲਿਖਤ ਅਤੇ ਪਾਠਾਤਮਿਕ ਵਿਸ਼ਿਸ਼ਟਤਾ ਨਾਲੋਂ ਵਿਭਿੰਨ ਰਚਨਾ ਵਜੋਂ ਵਖਰਿਆਉਂਦਾ ਵੀ ਹੈ। ਗੁਰੂ ਨਾਨਕ ਬਾਣੀ ਦੇ ਸਰੂਪ ਨੂੰ ਵਾਚੀਏ ਤਾਂ ਇਹ ਬਾਣੀ - ਰਾਗਾਂ ਵਿਚ ਅੰਕਿਤ ਹੈ। ਜਿਨ੍ਹਾਂ ਦੇ ਅੰਤਰਗਤ ਇਹਨਾਂ ਰਾਗਾਂ ਦੇ ਭਿੰਨ ਭਿੰਨ ਪ੍ਰਕਾਰ ਵੀ ਥਾਂ ਪੁਰ ਥਾਂ ਦਰਜ ਕੀਤੇ ਮਿਲਦੇ ਹਨ। ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਰਾਗਾਂ ਸੰਬੰਧੀ ਵਿਚਾਰ ਕਰਨ ਤੋ ਪੂਰਵ ਰਾਗ ਦੇ ਵਿਭਿੰਨ ਪਹਿਲੂਆਂ ਸੰਬੰਧੀ ਬੁਨਿਆਦੀ ਵਿਚਾਰ ਕਰ ਲੈਣੀ ਅਤਿ ਆਵਸ਼ਕ ਹੈ।

'ਰਾਗ' ਸ਼ਬਦ ਨੂੰ ਸੰਗੀਤ ਦੇ ਖੇਤਰ ਵਿਚ ਜਨ-ਚਿਤ-ਰੰਜਕ ਧੁਨੀ ਮੰਨਿਆ ਜਾਂਦਾ ਹੈ। ਰਾਗ ਸ਼ਬਦ 'ਰਜ੍ਹ' ਧਾਤੂ ਤੋਂ ਉਤਪੰਨ ਹੋਇਆ ਹੈ। ਸੰਗਿਆ-ਸ਼ਬਦ ਵਜੋਂ ਰਾਗ ਦੇ ਅਰਥ ਹਨ 'ਰੰਗ'। 'ਜਨ-ਚਿਤ-ਰੰਜਨ' ਜਾਂ ਪ੍ਰਾਣੀ ਮਾਤਰ ਨੂੰ ਵਿਸ਼ੇਸ਼ ਰੰਗ ਵਿਚ ਰੰਗਣਾ, ਰਾਗ ਦੀ ਕਿਰਿਆ ਹੈ।[222] ਵਿਸ਼ਿਸ਼ਟ ਕ੍ਰਮ ਅਤੇ ਵਿਸ਼ਿਸ਼ਟ ਅਨੁਪਾਤ ਤੋਂ ਪ੍ਰਯੋਗ ਕੀਤੇ ਜਾਣ ਵਾਲੇ ਸੁਰਾਂ ਦਾ ਵਿਸ਼ਿਸ਼ਟ ਸਰੂਪ ਰਾਗ ਹੈ। ਇਸ ਵਿਚ ਖ਼ਾਸ ਖ਼ਾਸ ਸੁਰਾਂ ਉਤੇ ਠਹਿਰਾਵ ਅਤੇ ਰਾਗ ਦੀ ਸਥਾਪਨਾ ਕ੍ਰਮਵਾਰ ਹੌਲੀ ਹੌਲੀ ਹੁੰਦੀ ਹੈ। ਇਸ ਨੂੰ 'ਬੜ੍ਹਤ' ਕਹਿੰਦੇ ਹਨ। ਇਹ 'ਬੜ੍ਹਤ' ਸਰੋਤਿਆਂ ਦੇ ਮਨ ਨੂੰ ਇਕ ਵਿਸ਼ਿਸ਼ਟ ਭਾਵਨਾ ਵਿਚ ਰੰਗਦੀ ਹੈ ਅਤੇ ਇਹ ਰੰਗ ਹੌਲੀ ਹੌਲੀ ਗਾੜ੍ਹਾ ਹੁੰਦਾ ਜਾਂਦਾ ਹੈ।[223]

---

222. ਡਾ. ਪਾਠਕ ਸੁਨੰਦਾ, <u>ਹਿੰਦੁਸਤਾਨੀ ਸੰਗੀਤ ਮੇਂ ਰਾਗ ਕੀ ਉਤਪਤੀ ਏਵੰ ਵਿਕਾਸ</u>, ਪੰਨਾ 13

223. ਆਚਾਰੀਆ ਬ੍ਰਹਸਪਤੀ, <u>ਸੰਗੀਤ ਚਿੰਤਾਮਣੀ</u>, ਪੰਨਾ 180

ਸੰਗੀਤ ਅਤੇ ਕਾਵਿ ਵਿੱਚ ਰਾਗ ਦੇ ਅਰਥ ਭਿੰਨ ਹਨ। ਇਸ ਕਰਕੇ ਪ੍ਰਾਚੀਨ ਗ੍ਰੰਥਾਂ ਵਿਚ ਵਿਭਿੰਨ ਸੰਦਰਭਾਂ ਅਧੀਨ 'ਰਾਗ' ਸ਼ਬਦ ਦਾ ਉਲੇਖ ਮਿਲਦਾ ਹੈ। ਕਾਵਿ ਵਿਚ 'ਰਸ' ਨੂੰ ਪ੍ਰੀਤ ਦੇ ਅਨੁਰਾਗ ਦੇ ਅਰਥ ਦਿਤੇ ਜਾਂਦੇ ਹਨ ਅਤੇ ਦਰਸ਼ਨ ਵਿਚ 'ਰਾਗ ਵਿਰਾਗ' ਜਾਂ 'ਰਾਗ-ਦਵੇਸ਼' ਦਾ ਦਵੰਦ ਕਿਹਾ ਗਿਆ ਹੈ। ਇਸ ਨੂੰ ਪੰਜ ਕਲੇਸ਼ਾਂ ਵਿਚੋਂ ਇਕ ਮੰਨਿਆ ਗਿਆ ਹੈ। ਇਸ ਦਾ ਅਰਥ, ਕਸ਼ਟ, ਕਲੇਸ਼, ਈਰਖਾ, ਦਵੇਸ਼ ਵੀ ਲਏ ਗਏ ਹਨ।[224] ਸੋ ਅਧਿਆਤਮ, ਦਰਸ਼ਨ ਅਤੇ ਸਾਹਿਤ ਦੇ ਖੇਤਰ ਵਿਚ 'ਰਾਗ' ਸ਼ਬਦ ਦਾ ਪ੍ਰਯੋਗ ਸੰਬੰਧਿਤ ਖੇਤਰ ਅਨੁਸਾਰ ਨਿਜੀ ਮਹੱਤਵ ਰੱਖਦਾ ਹੈ। 'ਨਾਟਯ ਸ਼ਾਸਤਰ' ਵਿਚ ਇਸਨੂੰ ਸਾਹਿਤਕ ਜਾਂ ਕਾਵਿਕ ਸੰਦਰਭ ਵਿਚ ਹੀ ਪ੍ਰਯੋਗ ਕੀਤਾ ਗਿਆ ਹੈ।[225] ਸੰਗੀਤ ਦੇ ਸੰਦਰਭ ਵਿਚ ਰਾਗ ਦਾ ਪ੍ਰਥਮ ਸੁਸਪਸ਼ਟ ਉਲੇਖ ਮਤੰਗ ਮੁਨੀ ਨੇ ਆਪਣੇ ਗ੍ਰੰਥ ਬ੍ਰਹਦਦੇਸ਼ੀ ਵਿਚ ਕੀਤਾ।[226] ਸੰਗੀਤ ਆਚਾਰੀਆ ਪੰਡਤ ਸ਼ਾਰੰਗ ਦੇਵ ਨੇ ਵੀ ਆਪਣੇ ਗ੍ਰੰਥ 'ਸੰਗੀਤ ਰਚਨਾਕਰ' ਵਿਚ ਰਾਗ ਸੰਬੰਧੀ ਇਸ ਤਰ੍ਹਾਂ ਉਲੇਖ ਕੀਤਾ ਹੈ "ਜੋ ਸਵਰ-ਵਰਣ ਨਾਲ ਵਿਭੂਸ਼ਤ ਵਿਸ਼ਿਸ਼ਟ ਧੁਨੀ ਜਨ-ਚਿਤ ਨੂੰ ਰੰਜਕਤਾ ਪ੍ਰਦਾਨ ਕਰਦੀ ਹੈ ਉਸ ਨੂੰ ਰਾਗ ਆਖਦੇ ਹਨ।[227] ਇਸ ਤਰ੍ਹਾਂ ਰਾਗ ਦਾ ਪ੍ਰਮੁੱਖ ਗੁਣ ਮਨੁੱਖੀ ਮਨ ਨੂੰ ਰੰਗਣਾ ਜਾਂ ਸਮੋਹਿਤ ਕਰਨਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਦੀ ਇਸ ਸ਼ਕਤੀ ਨੂੰ ਸਵੀਕਾਰਦਿਆਂ ਇਸਦਾ ਭਰਪੂਰ ਪ੍ਰਯੋਗ ਕੀਤਾ ਹੈ। ਗੁਰੂ ਨਾਨਕ ਬਾਣੀ 20 ਰਾਗਾਂ ਵਿਚ ਅੰਕਿਤ ਹੋਈ ਹੈ ਅਤੇ ਨਾਲ ਹੀ ਇਹਨਾਂ ਰਾਗਾਂ ਦੇ ਭਿੰਨ ਭਿੰਨ ਪ੍ਰਕਾਰ ਵੀ ਦ੍ਰਿਸ਼ਟੀਗੋਚਰ ਹਨ ਜਿਨ੍ਹਾਂ ਦੁਆਰਾ ਗੁਰੂ ਨਾਨਕ ਬਾਣੀ ਦਾ ਰਾਗਪ੍ਰਬੰਧ ਬਾਣੀ ਵਿੱਚ ਵਖਰਾ ਸਥਾਨ ਰਖਦਾ ਹੈ। ਇਹ ਰਾਗ ਆਪਣੇ ਰਾਗ ਪ੍ਰਕਾਰ ਸਮੇਤ ਇਸ ਤਰ੍ਹਾਂ ਹਨ:

| ਰਾਗ ਦਾ ਨਾਮ | ਰਾਗ ਪ੍ਰਕਾਰ/ਦਖਣੀ ਸਰੂਪ | ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ) |
|---|---|---|
| 1. ਰਾਗੁ ਸਿਰੀ | – | 14 |
| 2. ਰਾਗੁ ਮਾਝ | – | 94 |
| 3. ਰਾਗ ਗਉੜੀ | 1. ਗਉੜੀ ਗੁਆਰੇਰੀ | 151 |
| | 2. ਗਉੜੀ ਦਖਣੀ | 152 |
| | 3. ਗਉੜੀ ਚੇਤੀ | 154 |

224. ਬ੍ਰਹਮ ਹਿੰਦੀ ਕੋਸ਼ (ਸੰਪਾ. ਕਾਲਿਕਾ ਪ੍ਰਸਾਦ), ਪੰਨਾ 95
225. ਨਾਟਯ ਸ਼ਾਸਤਰ (ਭਰਤਮੁਨੀ), ਅਧਿਆਇ 28, ਸਲੋਕ 41-64
226. ਮਤੰਗ ਮੁਨੀ, ਬ੍ਰਹਦਦੇਸ਼ੀ (ਸੰਪਾ. ਬਾਲਕ੍ਰਿਸ਼ਣ ਗਰਗ), ਸਲੋਕ 279
227. ਸੰਗੀਤ ਰਤਨਾਕਰ, ਭਾਗ 2, ਸਲੋਕ 2

| ਰਾਗ ਦਾ ਨਾਮ | ਰਾਗ ਪ੍ਰਕਾਰ/ਦਖਣੀ ਸਰੂਪ | ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ) |
|---|---|---|
| | 4. ਗਉੜੀ ਬੈਰਾਗਣਿ | 156 |
| | 5. ਗਉੜੀ ਪੂਰਬੀ ਦੀਪਕੀ | 157 |
| | 6. ਗਉੜੀ ਪੂਰਬੀ | 242 |
| | 7. ਗਉੜੀ ਦੀਪਕੀ | 12 |
| 4. ਰਾਗੁ ਆਸਾ | – | 347 |
| | 1. ਰਾਗੁ ਆਸਾ ਕਾਫੀ | 418 |
| 5. ਰਾਗੁ ਗੂਜਰੀ | – | 489 |
| 6. ਰਾਗ ਬਿਹਾਗੜਾ | – | 553 |
| 7. ਰਾਗ ਵਡਹੰਸ | - | 557 |
| | 1. ਵਡਹੰਸ ਦਖਣੀ | 580 |
| 8. ਰਾਗ ਸੋਰਠਿ | – | 595 |
| 9. ਰਾਗ ਧਨਾਸਰੀ | – | 660 |
| 10. ਰਾਗ ਤਿਲੰਗ | – | 721 |
| 11. ਰਾਗ ਸੂਹੀ | – | 728 |
| | 1. ਸੂਹੀ ਕਾਫੀ | 751 |
| 12. ਰਾਗ ਬਿਲਾਵਲੁ | - | 795 |
| | 1. ਬਿਲਾਵਲੁ ਦਖਣੀ | 843 |
| 13. ਰਾਗ ਰਾਮਕਲੀ | - | 876 |
| | 1. ਰਾਮਕਲੀ ਦਖਣੀ | 907 |
| 14. ਰਾਗੁ ਮਾਰੂ | - | 989 |
| | 1. ਮਾਰੂ ਦਖਣੀ | 1033 |
| | 2. ਮਾਰੂ ਕਾਫੀ | 1014 |

| ਰਾਗ ਦਾ ਨਾਮ | ਰਾਗ ਪ੍ਰਕਾਰ/ਦਖਣੀ ਸਰੂਪ | ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ) |
|---|---|---|
| 15. ਰਾਗੁ ਤੁਖਾਰੀ | – | 1107 |
| 16. ਰਾਗੁ ਭੈਰਉ | – | 1125 |
| 17. ਰਾਗੁ ਬਸੰਤੁ | – | 1168 |
| | 1. ਬਸੰਤ ਹਿੰਡੋਲ | 1171 |
| 18. ਰਾਗੁ ਸਾਰੰਗ | – | 1197 |
| 19. ਰਾਗੁ ਮਲਾਰ | – | 1254 |
| 20. ਰਾਗ ਪ੍ਰਭਾਤੀ | – | 1327 |
| | 1. ਪ੍ਰਭਾਤੀ ਬਿਭਾਸ | 1327 |
| | 2. ਪ੍ਰਭਾਤੀ ਦਖਣੀ | 1343 |

ਗੁਰੂ ਨਾਨਕ ਬਾਣੀ ਵਿਚ ਅੰਕਿਤ ਉਪਰੋਕਤ ਰਾਗਾਂ ਦੇ ਮਹੱਤਵ ਨੂੰ ਵਿਭਿੰਨ ਦ੍ਰਿਸ਼ਟੀਕੋਣ ਤੋਂ ਵਾਚਿਆ ਜਾ ਸਕਦਾ ਹੈ ਸੰਗੀਤ ਵਿੱਚ ਕੁੱਝ ਰਾਗ ਅਜਿਹੇ ਹਨ ਜਿਹੜੇ ਪਰੰਪਰਾਗਤ ਉੱਚਤਾ ਤੇ ਪ੍ਰਾਚੀਨਤਾ ਦੇ ਧਾਰਣੀ ਹਨ ਅਤ ਕੁਝ ਰਾਗ ਅਜਿਹੇ ਹਨ ਜਿਹੜੇ ਦੇਸੀ ਸੰਗੀਤ (ਲੋਕ ਸੰਗੀਤ) ਦੀਆਂ ਧੁਨਾਂ ਤੋਂ ਸਹਿਜੇ ਸਹਿਜੇ ਵਿਕਸਤ ਹੋ ਕੇ ਸਰੂਪਿਤ ਹੋਏ ਹਨ। ਪ੍ਰਥਮ ਕਿਸਮ ਦੇ ਰਾਗਾਂ ਨੂੰ ਮਾਰਗੀ ਰਾਗ ਅਤੇ ਦੂਸਰੀ ਕਿਸਮ ਦੇ ਰਾਗ ਨੂੰ ਦੇਸੀ ਰਾਗ ਕਿਹਾ ਜਾਂਦਾ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਕੀਤੇ ਮਾਰਗੀ ਅਤੇ ਦੇਸੀ ਰਾਗ ਹੇਠ ਲਿਖੇ ਅਨੁਸਾਰ ਹਨ:

ਮਾਰਗੀ ਰਾਗ: ਸਿਰੀ , ਧਨਾਸਰੀ, ਬਿਲਾਵਲ, ਰਾਮਕਲੀ, ਭੈਰਉ, ਬਸੰਤ, ਪ੍ਰਭਾਤੀ ਆਦਿ।
ਦੇਸੀ ਰਾਗ: ਮਾਝ, ਆਸਾ, ਤਿਲੰਗ, ਤੁਖਾਰੀ ਆਦਿ।

ਸੰਗੀਤਕ ਦ੍ਰਿਸ਼ਟੀਕੋਣ ਤੋਂ ਬਾਣੀ ਦੇ ਰਾਗਾਂ ਨੂੰ ਸ਼ੁੱਧ ਛਾਇਆਲਗ ਅਤੇ ਸੰਕੀਰਣ ਵਰਗਾਂ ਵਿੱਚ ਵਿਭਾਜਤ ਕੀਤਾ ਜਾਂਦਾ ਹੈ:

4.1.1 ਸੁੱਧ ਰਾਗ: ਸੁੱਧ ਰਾਗ ਉਹ ਹਨ ਜਿਨ੍ਹਾਂ ਵਿਚ ਕਿਸੇ ਹੋਰ ਰਾਗ ਦੀ ਛਾਇਆ ਜਾਂ ਝਲਕ ਨਹੀਂ ਅਤੇ ਇਹ ਆਪਣਾ ਸੁਤੰਤਰ ਸਪਸ਼ਟ ਤੇ ਪ੍ਰਧਾਨ ਸਰੂਪ ਰਖਦੇ ਹਨ। ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਤਿਲੰਗ ਸੂਹੀ, ਬਿਲਾਵਲ, ਰਾਮਕਲੀ, ਮਾਰੂ ਤੁਖਾਰੀ, ਭੈਰਉ, ਬਸੰਤ, ਸਾਰੰਗ ਮਲਾਰ ਤੇ ਪਰਭਾਤੀ ਸੁੱਧ ਰਾਗ ਹਨ। ਗੁਰੂ ਨਾਨਕ ਬਾਣੀ ਵਿਚ ਇਹਨਾਂ ਨੂੰ ਮੁੱਖ ਸਿਰਲੇਖ ਵਜੋ ਅੰਕਿਤ ਕੀਤਾ ਗਿਆ ਹੈ ਅਤੇ ਇਨ੍ਹਾਂ ਦੇ ਪ੍ਰਕਾਰ ਇਨ੍ਹਾਂ ਮੁੱਖ ਰਾਗ ਸਿਰਲੇਖਾਂ ਅਧੀਨ ਅੰਕਿਤ ਹਨ। ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਵੀ ਇਹੋ ਕ੍ਰਮ ਹੈ ਅਤੇ ਦਰਜ ਤਤਕਰੇ ਵਿਚ ਵੀ ਮੁੱਖ ਰਾਗ ਦੇ ਹੀ ਨਾਮ ਦਿਤੇ ਗਏ ਹਨ।

4.1.2 ਛਾਇਆਲਗ ਰਾਗ: ਛਾਇਆ ਲਗ ਰਾਗ ਉਹ ਹਨ ਜਿਨ੍ਹਾਂ ਵਿਚ ਕਿਸੇ ਰਾਗ ਦੀ ਮੁਖ ਜਾਂ ਪ੍ਰਧਾਨ ਛਾਇਆ ਪ੍ਰਤੀਤ ਹੁੰਦੀ ਹੈ। ਅਜਿਹੇ ਰਾਗਾਂ ਵਿਚ ਜਿਸ ਪ੍ਰਧਾਨ ਰਾਗ ਦੀ ਛਾਇਆ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਸੰਬੰਧਿਤ ਰਾਗ ਦਾ ਮੁੱਖ ਰਾਗ ਹੈ ਅਤੇ ਇਹ ਰਾਗ ਉਸਦੇ ਪ੍ਰਕਾਰ ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਰਾਗਾਂ ਵਿਚ ਦੋ ਰਾਗਾਂ ਦੇ ਮਿਸ਼ਰਣ ਦ੍ਰਿਸ਼ਟੀਗੋਚਰ ਹੁੰਦਾ ਹੈ। 'ਗੁਰੂ ਨਾਨਕ ਬਾਣੀ' ਵਿਚ ਉਪਰੋਕਤ ਵਰਣਿਤ ਸੁੱਧ ਰਾਗਾਂ ਦੇ ਅੰਤਰਗਤ ਉਨ੍ਹਾਂ ਦੇ ਪ੍ਰਕਾਰ ਵੀ ਉਪਲਬੱਧ ਹਨ ਜਿਹੜੇ ਉਹਨਾਂ ਦੇ ਛਾਇਆਲਗ ਰਾਗ ਹਨ। ਜਿਵੇਂ: ਗਉੜੀ ਗੁਆਰੇਰੀ, ਗਉੜੀ ਦੇਤੀ, ਗਉੜੀ ਬੈਰਾਗਣ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫੀ, ਸੂਹੀ ਕਾਫੀ, ਮਾਰੂ ਕਾਫੀ, ਬਸੰਤ ਹਿੰਡੋਲ ਅਤੇ ਪਰਭਾਤੀ ਵਿਭਾਸ।

4.1.3 ਸੰਕੀਰਣ ਰਾਗ: ਸੰਕੀਰਣ ਰਾਗ ਅਧੀਨ ਕਿਸੇ ਮੁੱਖ ਜਾਂ ਪ੍ਰਧਾਨ ਰਾਗ ਅਧੀਨ ਦੋ ਜਾਂ ਦੋ ਤੋਂ ਵਧੀਕ ਰਾਗਾਂ ਦਾ ਮਿਸ਼ਰਣ ਹੁੰਦਾ ਹੈ। 'ਗੁਰੂ ਨਾਨਕ ਬਾਣੀ' ਵਿਚ ਅਜਿਹਾ ਕੇਵਲ ਇਕੋ ਹੀ ਰਾਗ 'ਗਉੜੀ ਪੂਰਬੀ ਦੀਪਕੀ' ਅੰਕਿਤ ਹੈ।

ਸੁੱਧ, ਛਾਇਆਲਗ ਅਤੇ ਸੰਕੀਰਣ ਰਾਗ ਤੋਂ ਬਿਨਾਂ ਮੁੱਖ ਰਾਗ ਅਧੀਨ ਦੋ ਹੋਰ ਰਾਗ ਗਉੜੀ, ਵਡਹੰਸ, ਬਿਲਾਵਲ, ਰਾਮਕਲੀ ਮਾਰੂ ਅਤੇ ਪ੍ਰਭਾਤੀ ਦੇ ਅੰਤਰਗਤ ਗਉੜੀ ਦਖਣੀ, ਵਡਹੰਸ ਦਖਣੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਦਖਣੀ ਅਤੇ ਪ੍ਰਭਾਤੀ ਦਖਣੀ ਰਾਗ ਵੀ ਉਪਲਬੱਧ ਹਨ। ਰਾਗਾਂ ਦੇ ਨਾਲ ਦਖਣੀ ਸ਼ਬਦ ਦਾ ਅੰਕਿਤ ਕਰਨਾ ਇਹਨਾਂ ਰਾਗਾਂ ਦੀ ਵਖਰੀ ਪਹਿਚਾਣ ਵਲ ਸੰਕੇਤ ਹੈ। ਕੁੱਝ ਵਿਦਵਾਨ ਰਾਗਾਂ ਦੇ ਇਹਨਾਂ ਭਾਵ ਸਰੂਪਾਂ ਨੂੰ ਕਰਨਾਟਕੀ ਸੰਗੀਤ ਭਾਵ ਦਖਣ ਭਾਰਤੀ ਸੰਗੀਤ[228] ਅਤੇ ਕੁਝ ਵਿਦਵਾਨ ਇਸਨੂੰ ਪੰਜਾਬ ਦੇ 'ਡੱਖਣ' ਇਲਾਕੇ ਨਾਲ ਜੋੜਦੇ ਹਨ।[229]

---

228. ਗੁਰਨਾਮ ਸਿੰਘ, ਆਦਿ ਗ੍ਰੰਥ: ਰਾਗ ਕੋਸ਼, ਪੰਨਾ 17

229. ਉਹੀ, ਪੰਨਾ 18

ਕੁੱਝ ਵੀ ਹੋਵੇ ਇਹ ਰਾਗ ਇਲਾਕਾਈ ਰਾਗ ਹਨ ਅਤੇ ਗੁਰੂ ਸਾਹਿਬ ਨੇ ਇਨ੍ਹਾਂ ਦਾ ਵਿਸ਼ੇਸ਼ ਰੂਪ ਵਿੱਚ ਅੰਕਣ ਕੀਤਾ ਹੈ।

4.1.4 ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਨਵੀਨ ਰਾਗ: ਗੁਰੂ ਨਾਨਕ ਬਾਣੀ ਦੇ ਅਧਿਐਨ ਤੋਂ ਕੁਝ ਅਜਿਹੇ ਰਾਗ ਵੀ ਪ੍ਰਾਪਤ ਹੁੰਦੇ ਹਨ ਜਿਹੜੇ ਮਧਕਾਲੀਨ ਸੰਗੀਤ ਪਰੰਪਰਾ ਲਈ ਨਵੀਨ ਅਤੇ ਵਰਤਮਾਨ ਸੰਗੀਤ ਪਰੰਪਰਾ ਲਈ ਅਪ੍ਰਚਲਿਤ ਹਨ। ਇਹ ਰਾਗ ਭਿੰਨ ਭਿੰਨ ਇਲਾਕਿਆਂ ਦੀ ਲੋਕ-ਸੰਗੀਤ ਪਰੰਪਰਾ ਵਿਚੋਂ ਆਪਣੇ ਵਿਕਸਤ ਸ਼ਾਸਤਰੀ ਸਰੂਪ ਅਧੀਨ ਪ੍ਰਗਟ ਹੁੰਦੇ ਹਨ। ਜਿਵੇਂ ਮਾਝ, ਆਸਾ, ਆਸਾ ਕਾਫੀ, ਬਿਹਾਗੜਾ, ਤਿਲੰਗ, ਸੂਹੀ, ਸੂਹੀ ਕਾਫੀ, ਮਾਰੂ, ਮਾਰੂ ਕਾਫੀ ਅਤੇ ਤੁਖਾਰੀ ਆਦਿ।

ਰਾਗਾਂ ਸੰਬੰਧੀ ਉਪਰੋਕਤ ਚਰਚਾ ਤੋਂ ਇਹ ਬੋਧ ਹੁੰਦਾ ਹੈ ਕਿ 'ਗੁਰੂ ਨਾਨਕ ਬਾਣੀ' ਵਿੱਚ ਰਾਗਾਂ ਦਾ ਪ੍ਰਯੋਗ ਅਤੇ ਰਾਗ ਵਰਗੀਕਰਣ ਵਿਸ਼ਿਸ਼ਟ ਸੰਗੀਤ ਸ਼ਾਸਤ੍ਰਿਕ ਅਧਿਐਨ ਤੇ ਨਿਰੀਖਣ ਦੁਆਰਾ ਕੀਤਾ ਗਿਆ ਸੁਚੇਤ ਕਾਰਜ ਹੈ। ਵਿਵਹਾਰਕ ਪੱਧਰ ਉੱਤੇ ਪ੍ਰਚਾਰ ਵਿਚ ਲਿਆਉਣ ਲਈ ਰਾਗ ਪ੍ਰਬੰਧ ਨੂੰ ਗੁਰਮਤਿ ਸੰਗੀਤ ਅਧੀਨ ਇਕ ਵਿਸ਼ਿਸ਼ਟ ਪ੍ਰਬੰਧ ਵਜੋਂ ਪ੍ਰਯੋਗ ਕੀਤਾ ਗਿਆ ਹੈ। ਵਿਗਿਆਨਕ ਪਹੁੰਚ ਦੁਆਰਾ ਨਿਰਮਿਤ ਅਜਿਹੇ ਰਾਗ ਪ੍ਰਬੰਧ ਦੇ ਸੁਭਾਅ ਅਤੇ ਸਰੂਪ ਦੀ ਵਿਲੱਖਣਤਾ ਸਦਕਾ ਹੀ 'ਗੁਰਮਤਿ ਸੰਗੀਤ' ਇਕ ਵਿਸ਼ਿਸ਼ਟ ਤੇ ਸੰਗਠਨਾਤਮਕ ਸੰਗੀਤ ਪਰੰਪਰਾ ਵਜੋਂ ਮੂਰਤੀਮਾਨ ਹੁੰਦੀ ਹੈ।

4.1.5 ਗੁਰੂ ਨਾਨਕ ਬਾਣੀ ਦੇ ਰਾਗ ਅਤੇ ਵਿਭਿੰਨ ਗਾਇਨ ਸ਼ੈਲੀਆਂ: ਗੁਰੂ ਨਾਨਕ ਬਾਣੀ ਦੇ ਰਾਗ ਪ੍ਰਬੰਧ ਵਿਚ ਵਿਭਿੰਨ ਗਾਇਨ ਸ਼ੈਲੀਆਂ ਲਈ ਵਿਭਿੰਨ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਹੜਾ ਰਾਗ ਦੀ ਪ੍ਰਕ੍ਰਿਤੀ ਅਤੇ ਗਾਇਨ/ਕਾਵਿ ਸ਼ੈਲੀ ਦੀ ਪ੍ਰਕ੍ਰਿਤੀ ਵਿਚਲੀ ਸਾਂਝਾ, ਸਮਾਨਤਾ ਤੇ ਅੰਤਰੀਵੀ ਸੰਬੰਧਾਂ ਨੂੰ ਭਾਵਾਤਮਿਕ ਅਤੇ ਆਤਮਿਕ ਪੱਧਰ ਉਤੇ ਕਾਇਮ ਰਖਣ ਵਿਚ ਸਹਾਈ ਹੈ। ਬਾਣੀ ਅਧੀਨ ਵਿਭਿੰਨ ਰਾਗਾਂ ਵਿਚ ਜਿਥੇ ਸਨਾਤਨੀ ਕਾਵਿ-ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ ਉੱਥੇ ਲੋਕ ਕਾਵਿ-ਰੂਪਾਂ/ਗਾਇਨ ਸ਼ੈਲੀਆਂ ਦਾ ਪ੍ਰਯੋਗ ਵੀ ਰਾਗਾਂ ਦੀ ਪ੍ਰਕ੍ਰਿਤੀ ਅਨੁਸਾਰ ਢੁਕਵਾਂ ਹੈ ਜਿਨ੍ਹਾਂ ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ: ਰਾਗ ਸਿਰੀ - ਪਹਰੇ, ਰਾਗ ਗਉੜੀ - ਛੰਤ, ਰਾਗ ਮਾਝ - ਵਾਰ, ਰਾਗ ਆਸਾ - ਵਾਰ, ਰਾਗ ਵਡਹੰਸ - ਅਲਾਹੁਣੀਆਂ, ਰਾਗ ਸੂਹੀ - ਕੁਚਜੀ ਸੁਚਜੀ ਤੇ ਮੰਗਲਾਮਈ ਸ਼ਬਦ, ਰਾਗ ਮਾਰੂ - ਸੋਹਲੇ ਅਤੇ ਰਾਗ ਤੁਖਾਰੀ - ਬਾਰਹਮਾਹ ਆਦਿ ਆਪੋ ਆਪਣੀ ਪ੍ਰਕ੍ਰਿਤੀ ਅਨੁਸਾਰ ਢੁਕਵੀਂ ਕਾਵਿ/ਗਾਇਨ ਸ਼ੈਲੀਆਂ ਦੇ ਧਾਰਣੀ ਹਨ।

4.1.5 ਗੁਰੂ ਨਾਨਕ ਬਾਣੀ ਅਤੇ ਰਾਗ ਤੇ ਸਮੇਂ ਦਾ ਸੰਬੰਧ: ਗੁਰੂ ਨਾਨਕ ਬਾਣੀ ਤੋਂ ਸਾਨੂੰ ਸਹਿਜੇ ਹੀ ਇਸ ਤੱਥ ਦਾ ਬੋਧ ਹੋ ਜਾਂਦਾ ਹੈ ਕਿ ਇਸ ਵਿਚ ਭਾਰਤੀ ਪਰੰਪਰਾ ਅਨੁਸਾਰ ਰਾਗ ਅਤੇ ਸਮੇਂ ਦੇ ਆਪਸੀ ਸੰਬੰਧ ਦਾ ਵਿਸ਼ੇਸ਼ ਧਿਆਨ ਰਖਿਆ ਗਿਆ ਹੈ। ਇਸ ਬਾਣੀ ਵਿਚੋਂ ਕੁਝ ਉਦਾਹਰਣਾਂ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ:

ਸਿਰੀ ਰਾਗ:

ਬਿਨੁ ਤੇਲ ਦੀਵਾ ਕਿਉ ਜਲੈ।।1।।ਰਹਾਉ।।<br>
ਪੋਥੀ ਪੁਰਾਣ ਕਮਾਈਐ।।<br>
ਭਉ ਵਟੀ ਇਤੁ ਤਨੁ ਪਾਈਐ।।<br>
ਸਚੁ ਬੂਝਣੁ ਆਣਿ ਜਲਾਈਐ।।2।।<br>
ਇਹ ਤੇਲ ਦੀਵਾ ਇਉ ਜਲੈ<br>
ਕਰਿ ਚਾਨਣੁ ਸਾਹਿਬ ਤਉ ਮਿਲੈ।।[230]

ਰਾਗ ਗਉੜੀ:

ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ।।<br>
ਸਾਧਨ ਦੁਬਲੀਆ ਜੀਉ ਪਿਰ ਕੈ ਹਾਵੈ।।[231]

'ਰਾਗ ਗਉੜੀ ਪੂਰਬੀ ਦੀਪਕੀ ਵਿਚ ਸੋਹਿਲਾ'।।[232]

ਉਪਰੋਕਤ ਰਾਗਾਂ ਦੇ ਸਮੇਂ ਅਨੁਸਾਰ ਹੀ ਬਾਣੀ ਦੀ ਰਚਨਾ ਕੀਤੀ ਗਈ ਹੈ ਜਿਵੇਂ ਸਿਰੀ ਰਾਗ ਜਿਸ ਦਾ ਸਮਾਂ ਸ਼ਾਮ ਦਾ ਹੈ ਵਿਚ ਸ਼ਾਮ ਦੇ ਵਾਤਾਵਰਣ ਦਾ ਚਿਤਰਣ ਹੈ ਅਤੇ ਗਉੜੀ ਜੋ ਕਿ ਕਰੁਣਮਈ ਸ਼ਿੰਗਾਰ ਭਾਵਾਂ ਦੀ ਪ੍ਰਕ੍ਰਿਤੀ ਵਾਲਾ ਸ਼ਾਮ ਦੇ ਸਮੇਂ ਦਾ ਰਾਗ ਹੈ, ਵਿਚ ਉਸੇ ਪ੍ਰਕਾਰ ਦੇ ਵਾਤਾਵਰਣ ਦਾ ਚਿਤਰਣ ਹੈ। ਇਸੇ ਪ੍ਰਕਾਰ ਬਿਹਾਗੜਾ/ਕਲਿਆਣ ਰਾਤ ਦੇ ਪਹਿਲੇ ਪਹਿਰ ਦਾ ਚਿਤਰਣ, ਵਡਹੰਸ ਵਿੱਚ ਦੁਪਹਿਰ ਦਾ ਚਿਤਰਣ, ਸੋਰਠਿ, ਕਾਨੜਾ ਵਿਚ ਰਾਤ ਦਾ ਅਤੇ ਭੈਰਉ, ਪਰਭਾਤੀ ਵਿਚ

---

230. ਆਦਿ ਗ੍ਰੰਥ, ਪੰਨਾ 25

231. ਉਹੀ, ਪੰਨਾ 242

232. ਉਹੀ, ਪੰਨਾ 157

ਸਵੇਰ ਸਮੇਂ ਦਾ ਚਿਤਰਣ ਸਹਿਜੇ ਹੀ ਮਿਲ ਜਾਂਦਾ ਹੈ। ਬਾਣੀ ਵਿਚ ਸਮੇਂ ਦੇ ਚਿਤਰਣ ਅਧੀਨ ਸਮੇਂ ਦੇ ਬਿੰਬ ਅਤੇ ਪ੍ਰਤੀਕਾਂ ਦਾ ਪ੍ਰਯੋਗ ਕੀਤਾ ਗਿਆ ਹੈ।

4.1.6 ਰਾਗ ਅਤੇ ਮੌਸਮ ਦਾ ਸੰਬੰਧ: ਭਾਰਤੀ ਸੰਗੀਤ ਵਿਚ ਬਹੁਤ ਸਾਰੇ ਰਾਗ ਅਜਿਹੇ ਹਨ ਜਿਹੜੇ ਕਿ ਮੌਸਮ ਅਨੁਸਾਰ ਗਾਇਨ ਕੀਤੇ ਜਾਂਦੇ ਹਨ। ਗੁਰੂ ਨਾਨਕ ਬਾਣੀ ਵਿਚ ਅਜਿਹੇ ਮੌਸਮੀ ਰਾਗ ਉਪਲਬੱਧ ਹਨ ਜਿਨ੍ਹਾਂ ਵਿਚੋਂ ਬਸੰਤ, ਮਲਾਰ , ਸਾਰੰਗ ਆਦਿ ਵਿਸ਼ੇਸ਼ ਹਨ। ਇਨ੍ਹਾਂ ਰਾਗਾਂ ਅਧੀਨ ਰਚਿਤ ਬਾਣੀ ਦੇ ਪਾਠ ਤੋਂ ਹੀ ਸੰਬੰਧਿਤ ਰਾਗ ਦੇ ਮੌਸਮ ਦਾ ਆਭਾਸ ਸਹਿਜੇ ਹੀ ਹੋ ਜਾਂਦਾ ਹੈ ਜਿਵੇਂ ਕਿ ਬਸੰਤ ਰਾਗ ਦੀਆਂ ਬਾਣੀ-ਸਤਰਾਂ ਇਸ ਪ੍ਰਕਾਰ ਹਨ:

- ਰੁਤਿ ਆਈਲੇ ਸਰਸ ਬਸੰਤ ਮਾਹਿ।।[233]

- ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲ ਗਿਆਨੁ<br>ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ।।[234]

ਰਾਗ ਬਸੰਤ ਵਾਂਗੂ ਮਲਾਰ, ਤਿਲੰਗ, ਵਡਹੰਸ, ਸੋਰਠਿ ਵਰਗੇ ਰਾਗਾਂ ਦੇ ਅਨੁਕੂਲ ਹੀ ਬਾਣੀ ਰਚਿਤ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਰੁਤ ਦੇ ਅੰਤਰਗਤ ਰਚੇ ਹੋਏ ਰਾਗ ਅਤੇ ਉਸਦੇ ਅਧੀਨ ਹੀ ਰਚਿਤ ਬਾਣੀ ਦੇ ਅਨੁਕੂਲ ਹੀ ਵਿਭਿੰਨ ਪ੍ਰਤੀਕਾਂ ਤੇ ਬਿੰਬਾਂ ਦੀ ਸਿਰਜਣਾ ਕੀਤੀ ਹੈ। ਜਿਸ ਪ੍ਰਕਾਰ ਬਸੰਤ ਰਾਗ ਵਿਚ 'ਪਰਮਸਤਿ' ਨਾਮ ਫਲ ਰੂਪੀ ਹੈ ਇਸੇ ਪ੍ਰਕਾਰ ਵਿਭਿੰਨ ਰਾਗ ਵਡਹੰਸ ਵਿਚ ਅੰਮ੍ਰਿਤ ਰੂਪੀ ਅਤੇ ਰਾਗ ਮਲਾਰ ਵਿਚ ਜਲ ਰੂਪੀ ਹੈ। ਰਾਗ ਅਤੇ ਬਾਣੀ ਦੀ ਅਜਿਹੀ ਸੰਯੁਕਤਤਾ ਬਾਣੀ ਸੰਚਾਰ ਦਾ ਉਤਕ੍ਰਿਸ਼ਟ ਰੂਪ ਹੈ।

4.1.7 ਰਾਗ ਰਾਮਕਲੀ ਦਾ ਵਿਸ਼ੇਸ਼ ਪ੍ਰਯੋਗ: ਗੁਰੂ ਨਾਨਕ ਬਾਣੀ ਵਿਚ ਰਾਗ ਰਾਮਕਲੀ ਦਾ ਵਿਸ਼ੇਸ਼ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਰਾਮਕਲੀ ਰਾਗ ਸਿਧ ਨਾਥਾਂ ਅਤੇ ਜੋਗੀਆਂ ਦਾ ਪ੍ਰਿਯ ਰਾਗ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਦੇ ਅੰਤਰਗਤ ਸਿਧ ਗੋਸਟਿ ਅਤੇ ਓਅੰਕਾਰ ਆਦਿ ਬਾਣੀ ਦੀ ਸਿਰਜਣਾ ਕੀਤੀ।

---

233. ਆਦਿ ਗ੍ਰੰਥ, ਪੰਨਾ 1168

234. ਉਹੀ

ਵਿਸ਼ੇ ਪੱਖ ਤੋਂ ਇਹ ਗੰਭੀਰ ਅਤੇ ਬੌਧਿਕ ਵਿਚਾਰ ਵਾਲੀ ਬਾਣੀ ਦਾ ਸੰਬੰਧ ਸਿਧਾਂ ਅਤੇ ਜੋਗੀਆਂ ਦੇ ਜੋਗ ਸਿਧਾਂਤਾਂ ਨਾਲ ਹੈ। ਜੋਗੀਆਂ ਦੀ ਵੀ ਬਹੁਤ ਸਾਰੀ ਰਚਨਾ ਇਸੇ ਰਾਗ ਵਿਚ ਉਪਲਬੱਧ ਹੁੰਦੀ ਹੈ। ਉਹਨਾਂ ਨੇ ਇਸ ਰਾਗ ਨੂੰ ਰਾਮਗ੍ਰੀ ਜਾਂ ਰਾਮਕ੍ਰੀ ਲਿਖਿਆ ਹੈ।[235] ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਅਧੀਨ ਰਚਿਤ ਬਾਣੀ ਦੇ ਅੰਤਰਗਤ ਜੋਗ ਸਿਧਾਂਤ ਨਾਲ ਸੰਬੰਧਿਤ ਭਾਵਾਂ, ਬਿੰਬਾਂ ਅਤੇ ਪ੍ਰਤੀਕਾਂ ਦਾ ਇਸਤੇਮਾਲ ਵੀ ਉਹਨਾਂ ਦੀ ਭਾਸ਼ਾ ਤੇ ਸ਼ਬਦਾਵਲੀ ਦੁਆਰਾ ਹੀ ਕੀਤਾ ਇਸ ਪ੍ਰਕਾਰ ਗੁਰੂ ਸਾਹਿਬ ਸਰੋਤੇ ਦੇ ਪੂਰਨ ਮਨੋਵਿਗਿਆਨ ਨੂੰ ਸਮਝਦੇ ਹੋਏ ਉਸ ਦੇ ਸਾਂਸਕ੍ਰਿਤਕ ਬੌਧਿਕ ਸਤਰ ਅਨੁਸਾਰ ਵਿਚਾਰ ਨੂੰ ਪ੍ਰਸਤੁਤ ਕਰ ਰਹੇ ਹਨ:

- ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ॥[236]
- ਸੋ ਗਿਰਹੀ ਜੋ ਨਿਗ੍ਰਹੁ ਕਰੈ॥<br>ਜਪੁ ਤਪੁ ਸੰਜਮੁ ਭੀਖਿਆ ਕਰੈ॥[237]
- ਸੋ ਬੈਰਾਗੀ ਜਿ ਉਲਟੇ ਬ੍ਰਹਮੁ॥[238]

ਰਾਗ ਰਾਮਕਲੀ ਦਾ ਉਪਰੋਕਤ ਦੇ ਸੰਬੰਧ ਵਿਚ ਵਿਸ਼ੇਸ਼ ਪ੍ਰਯੋਗ ਸਪਸ਼ਟ ਹੁੰਦਾ ਹੈ। ਜਿਥੇ ਸੰਬੰਧਿਤ ਸਭਿਆਚਾਰ ਦੇ ਭਾਵਾਂ ਅਤੇ ਵਿਚਾਰਾਂ ਨੂੰ ਵਿਸ਼ੇਸ਼ ਸੰਗੀਤਕ ਗਾਇਨ ਸ਼ੈਲੀਆਂ ਦੇ ਉਪਕਰਣਾਂ ਦੁਆਰਾ ਮੂਰਤੀਮਾਨ ਕੀਤਾ ਗਿਆ ਹੈ।

4.1.8 ਬਾਣੀ ਵਿੱਚ ਰਾਗ ਧਿਆਨ ਪਰੰਪਰਾ: ਗੁਰੂ ਨਾਨਕ ਬਾਣੀ ਦੇ ਰਾਗ-ਪ੍ਰਯੋਗ ਤੋਂ ਰਾਗ ਉਦੇਸ਼ ਦਾ ਇਕ ਹੋਰ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਜਿਸ ਵਿੱਚ ਭਾਰਤੀ ਸੰਗੀਤ ਵਿਚ ਪ੍ਰਚਲਿਤ 'ਰਾਗ ਧਿਆਨ' ਪਰੰਪਰਾ ਦਾ ਅਧਿਆਤਮਿਕ ਬਦਲ ਪ੍ਰਸਤੁਤ ਕੀਤਾ ਗਿਆ ਹੈ। ਰਾਗ ਸੰਬੰਧੀ ਪੂਰਵ ਚਰਚਾ ਵਿੱਚ ਰਾਗ ਦਾ ਮੂਲ ਗੁਣ ਇਸ ਦਾ 'ਰੰਜਕ' ਹੋਣਾ ਹੈ। ਰੰਜਕਤਾ ਦੇ ਅਭਾਵ ਤੋਂ ਰਾਗ ਦੀ ਉਤਪਤੀ ਸੰਭਵ ਨਹੀਂ ਭਾਵੇ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਕਈ ਸੁਰ ਸਮੂਹ ਰਾਗ ਹੋਣ ਦੀ ਸਮਰਥਾ ਰਖਦੇ ਹਨ ਪਰੰਤੂ ਜੇ

---

235. ਗੋਰਖਬਾਣੀ (ਸੰਪਾ. ਡਾ. ਪੀਤਾਂਬਰਦੱਤ ਬੜਥਵਾਲ), ਪੰਨਾ 85

236. ਆਦਿ ਗ੍ਰੰਥ, ਪੰਨਾ 877

237. ਉਹੀ, ਪੰਨਾ 952

238. ਉਹੀ, ਪੰਨਾ 953

ਰੰਜਕਤਾ ਨਹੀਂ ਤਾਂ ਉਹ ਨਾ ਤਾਂ ਕਿਸੇ ਰਾਗ ਦੇ ਸਥਾਪਤ ਸਰੂਪ 'ਚ ਪ੍ਰਗਟ ਹੋ ਸਕਦੇ ਹਨ ਅਤੇ ਨਾ ਹੀ ਪ੍ਰਭਾਵਸ਼ਾਲੀ ਪ੍ਰਭਾਵ ਦੇ ਸਕਦੇ ਹਨ। ਰਾਗ ਦੇ ਇਸ 'ਸੁਰਮਯ' ਸਰੂਪ ਦੇ ਨਾਲ ਹੀ ਇਸ ਦੇ ਅੰਤਰ ਨਿਹਤ ਇਕ ਹੋਰ ਮਹੱਤਵਪੂਰਨ ਲਛਣ ਇਸ ਦਾ 'ਭਾਵਮਯ' ਹੋਣਾ ਹੈ। 'ਸੁਰਮਯ' ਸਰੂਪ ਦੁਆਰਾ ਹੀ 'ਭਾਵਮਯ' ਲਛਣ ਨੂੰ ਉਜਾਗਰ ਕਰਨਾ ਰਾਗ ਪ੍ਰਸਤੁਤੀ ਦਾ ਮੂਲ ਮਾਪਦੰਡ ਅਤੇ ਉਦੇਸ਼ ਹੈ। ਇਸੇ ਕਰਕੇ ਰਾਗ ਦਾ ਪ੍ਰਯੋਗ ਕਰਦਿਆਂ ਪ੍ਰਸਤੁਤਕਾਰ ਨੇ ਕੇਵਲ ਰਾਗ ਦੇ ਸੁਰਮਯ ਸਰੂਪ ਨੂੰ ਹੀ ਜ਼ਿਹਨ ਵਿਚ ਨਹੀਂ ਰਖਣਾ ਬਲਕਿ ਉਸ ਦੇ 'ਭਾਵਮਯ' ਸਰੂਪ ਨੂੰ ਸੁਰਾਂ, ਸ਼ਬਦਾਂ ਅਤੇ ਬਿੰਬਾਂ ਦੇ ਕਲਪਨਾਤਮਿਕ ਕਲਾਤਮਿਕ ਪ੍ਰਯੋਗ ਦੁਆਰਾ ਜ਼ਿਹਨ ਵਿਚ ਸਾਖਸ਼ਾਤਕਾਰ ਵੀ ਕਰਨਾ ਹੁੰਦਾ ਹੈ। ਆਚਾਰੀਆ ਬ੍ਰਹਸਪਤੀ ਅਨੁਸਾਰ, "ਜੋ ਗਾਇਕ ਰਾਗ ਦਾ ਧਿਆਨ ਕੀਤੇ ਬਿਨਾਂ ਉਸ ਦਾ ਗਾਇਨ ਕਰਦਾ ਹੈ ਉਸ ਨੂੰ ਵਾਂਛਿਤ ਫਲ ਦੀ ਪ੍ਰਾਪਤੀ ਸੰਭਵ ਨਹੀਂ। ਸਪਸ਼ਟ ਹੈ ਕਿ ਜੋ ਗਾਇਕ ਰਾਗ ਦੇ ਭਾਵ ਸੰਬੰਧੀ ਉਸਦੇ ਮੂਲ ਅਤੇ ਵਿਸ਼ੇਸ਼ ਗੁਣ ਲਛਣਾਂ ਤੋਂ ਜਾਣੂ ਨਹੀਂ ਹੋਵੇਗਾ ਉਸ ਨੂੰ ਵਾਸਤਵਿਕ ਰੂਪ ਵਿਚ ਪ੍ਰਗਟ ਕਿਵੇਂ ਕਰੇਗਾ ਅਜਿਹੀ ਅਵਸਥਾ ਵਿਚ ਸਰੋਤੇ 'ਰਸ' ਦੇ ਆਨੰਦ ਤੋਂ ਮਹਿਰੂਮ ਹੀ ਰਹਿਣਗੇ।"[239] ਰਾਗ ਦੇ 'ਭਾਵਮਈ' ਸਰੂਪ ਨੂੰ ਦ੍ਰਿਸ਼ਟੀਗੋਚਰ ਰਖਦਿਆਂ ਸ਼ਾਸਤਰਕਾਰਾਂ ਨੇ ਰਾਗ ਨੂੰ ਸੁਰਾਤਮਕ ਤੌਰ ਤੇ ਨਿਯਮਬੱਧ ਕਰਨ ਦੇ ਨਾਲ ਨਾਲ ਇਸਦੇ ਭਾਵਾਤਮਿਕ ਜਿਹੇਨੀ ਸਰੂਪ ਪ੍ਰਦਾਨ ਕਰਨ ਹਿਤ ਮਾਨਵੀ ਸੁਭਾਅ ਅਤੇ ਚਰਿਤਰ ਅਨੁਸਾਰ ਹਰੇਕ ਰਾਗ ਦਾ ਇਕ ਮਾਡਲ ਨਿਰਧਾਰਤ ਕੀਤਾ ਜਿਸ ਨੂੰ ਧਿਆਨ ਕਿਹਾ ਜਾਂਦਾ ਹੈ। ਡਾ. ਪਰਾਂਜਪੇ ਅਨੁਸਾਰ ਈਸਵੀ 14 ਦੇ "ਸੰਗੀਤੋ ਪਨਿਸ਼ਤਾਸਾਰੋ ਦੁਆਰਾ" ਨਾਮਕ ਗ੍ਰੰਥ ਵਿਚ ਸੱਤ ਸੁਰਾਂ, 6 ਰਾਗਾਂ ਅਤੇ ਉਨ੍ਹਾਂ ਦੀਆਂ 36 ਇਸਤ੍ਰੀਆਂ (ਰਾਗਣੀਆਂ)ਦੇ 'ਧਿਆਨ' ਪਹਿਲੀ ਵਾਰੀ ਅੰਕਿਤ ਹੋਏ।[240] ਰਾਗ ਧਿਆਨ ਦੀ ਇਹ ਪ੍ਰਣਾਲੀ ਆਪਣੇ ਵਿਸ਼ਿਸ਼ਟ ਗੁਣਾਂ ਸਦਕਾ ਵਿਕਸਤ ਤੇ ਪ੍ਰਫੁਲਤ ਹੋਈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਧਿਆਨ ਨੂੰ ਅਧਿਆਤਮਿਕ ਪ੍ਰਯੋਜਨ ਹਿਤ ਨਵੀਨ ਅਰਥਾਂ ਅਤੇ ਵਿਲੱਖਣ ਸੰਭਾਵਨਾਵਾਂ ਵਿਚ ਪ੍ਰਯੋਗ ਕੀਤਾ। 'ਗੁਰੂ ਨਾਨਕ ਬਾਣੀ' ਦੇ ਅੰਤਰਗਤ 'ਰਾਗ ਸੋਰਠਿ' ਇਕ ਸਲੋਕ ਭਾਰਤੀ ਸੰਗੀਤ ਵਿਚ 'ਧਿਆਨ' ਦੇ ਸਮਾਨਾਂਤਰ ਰਾਗ ਸੋਰਠਿ ਨੂੰ ਅਧਿਆਤਮਿਕ ਪ੍ਰਯੋਜਨ ਅਧੀਨ ਨਵੀਨ ਅਰਥ ਪ੍ਰਦਾਨ ਕਰਦਾ ਹੈ।

---

239. ਸੰਗੀਤ ਚਿੰਤਾਮਣੀ, ਪੰਨਾ 400

240. ਸ੍ਰੀਧਰ ਸ਼ਰਚੰਦ ਪਰਾਂਜਪੇ, ਸੰਗੀਤ ਬੋਧ, ਪੰਨਾ 69

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ।।
ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ।।
ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ।।
ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ।।
ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ।।
ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ।।
ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ।।[241]

ਭਾਰਤੀ ਸੰਗੀਤ ਵਿਚ ਰਾਗ ਸੋਰਠਿ ਵਿਚ 'ਧਿਆਨ' ਦੇ ਅੰਤਰਗਤ ਇਸਤ੍ਰੀ ਦੀ ਸੁੰਦਰਤਾ, ਸ਼ਿੰਗਾਰ ਦਾ ਵਰਨਣ ਮਿਲਦਾ ਹੈ ਜੋ ਕਿ ਮਨ ਭੰਵਰੇ ਦੀ ਗੁੰਜਾਰ ਕਾਰਨ ਉਚਾਟ ਪ੍ਰੀਤਮ ਨੂੰ ਮਿਲਣ ਜਾਂਦੀ ਹੈ। ਜਦੋਂ ਕਿ ਗੁਰੂ ਨਾਨਕ ਬਾਣੀ ਦੇ ਅੰਤਰਗਤ ਉਪਰੋਕਤ ਸਤਰਾਂ ਦੇ ਵਿਵੇਚਨ ਤੋਂ ਪ੍ਰਗਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਵੀ ਸੋਰਠਿ ਨੂੰ ਇਸਤ੍ਰੀ ਦੇ ਰੂਪ ਵਿਚ ਚਿਤਰਿਆ ਹੈ।ਜਿਸਨੇ ਪਤੀ ਪਰਮੇਸਰ ਨੂੰ ਰਿਝਾਉਣਾ, ਮਨ ਵਿਚ ਵਸਾਉਣਾ ਅਤੇ ਸੇਵਾ ਕਰਨੀ ਹੈ ਇਸ ਲਈ ਮਨ ਦੀਆਂ ਬੁਰਿਆਈਆਂ ਦਾ ਖਾਤਮਾ ਕਰਕੇ 'ਨਾਮ' ਦਾ ਸ਼ਿੰਗਾਰ ਕਰਨਾ ਹੈ। ਜਿਹੜੀ ਇਸਤ੍ਰੀ ਵਿਕਾਰਾਂ ਤੋਂ ਉਪਰ ਉਠ ਜਾਂਦੀ ਹੈ ਉਸ ਨੂੰ ਹੀ ਪਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਸੋਰਠਿ ਦੇ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਇਥੇ ਰਾਗ ਦਾ ਸੁਰਾਤਮਿਕ ਅਤੇ ਭਾਵਾਤਮਿਕ 'ਧਿਆਨ' ਪ੍ਰਯੋਗ ਭਾਰਤੀ ਸੰਗੀਤ ਅਧੀਨ ਪ੍ਰਚਲਿਤ ਰਾਗ 'ਧਿਆਨ' ਨਾਲ ਸੰਬੰਧਿਤ ਪ੍ਰਯੋਗ ਅਧੀਨ ਹੀ ਕੀਤਾ ਗਿਆ ਹੈ।

'ਗੁਰੂ ਨਾਨਕ ਬਾਣੀ' ਦੇ ਰਾਗ ਪ੍ਰਬੰਧ ਤੋਂ ਪ੍ਰਗਟ ਹੋਣ ਵਾਲਾ ਅਗਲਾ ਮਹੱਤਵਪੂਰਨ ਤੱਥ ਇਹ ਕਿ ਗੁਰੂ ਸਾਹਿਬ ਜਿਥੇ ਪ੍ਰਚਲਿਤ ਸਥਾਪਤ ਸ਼ਾਸਤਰੀ ਰਾਗਾਂ ਦਾ ਪ੍ਰਯੋਗ ਕਰ ਰਹੇ ਹਨ।ਉਥੇ ਜਨਸਾਧਾਰਣ ਵਿਚੋਂ ਉਤਪੰਨ ਦੇਸੀ ਸੰਗੀਤ ਦੀਆਂ ਧੁਨਾਂ ਦਾ ਦੇਸੀ ਰਾਗਾਂ ਦਾ ਪ੍ਰਯੋਗ ਵੀ ਕਰਦੇ ਹਨ। ਰਾਗ ਆਸਾ, ਤੁਖਾਰੀ, ਵਡਹੰਸ, ਮਾਝ ਆਦਿ ਰਾਗਾਂ ਦਾ ਪ੍ਰਯੋਗ ਸਰਬਪ੍ਰਥਮ ਬਾਣੀ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਇਸੇ ਪ੍ਰਕਾਰ ਰਾਗਾਂ ਦੇ ਉਪ-ਪ੍ਰਕਾਰ ਛਾਇਆਲਗ ਤੇ ਸੰਕੀਰਣ ਕਿਸਮਾਂ ਦੀ ਵਰਤੋਂ ਗੁਰੂ ਨਾਨਕ ਬਾਣੀ

---

241. ਸੋਰਠਿ ਕੀ ਵਾਰ, ਮਹਲਾ 4 (ਸਲੋਕ ਮਹਲਾ 1), ਪੰਨਾ 642

ਦੀ ਆਰੰਭਿਕ ਅਤੇ ਨਿਵੇਕਲੀ ਪਹੁੰਚ ਹੈ। ਜਿਵੇਂ ਗਉੜੀ ਦੇ ਕੁਝ ਪ੍ਰਕਾਰ (ਗਉੜੀ ਗੁਆਰੇਰੀ, ਗਉੜੀ ਪੂਰਬੀ, ਦੀਪਕੀ ਆਦਿ) ਆਸਾ ਕਾਫੀ, ਸੂਹੀ ਕਾਫੀ, ਮਾਰੂ ਕਾਫੀ, ਪ੍ਰਭਾਤੀ ਬਿਭਾਸ ਆਦਿ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਭਿੰਨ ਜਾਤਾਂ, ਖਿਤਿਆਂ ਅਤੇ ਵਿਭਿੰਨ ਲੋਕਾਂ ਦੀ ਮਾਨਸਿਕਤਾ ਅਤੇ ਬੌਧਿਕਤਾ ਅਨੁਸਾਰ ਉਹਨਾਂ ਦੇ ਸਭਿਆਚਾਰਕ ਉਪਕਰਣਾਂ ਦਾ ਪ੍ਰਯੋਗ ਕੀਤਾ ਜਿਨ੍ਹਾਂ ਵਿਚੋਂ ਰਾਗ ਉਪਕਰਣ ਦਾ ਪ੍ਰਯੋਗ ਆਪਣੇ ਵਿਸ਼ਿਸ਼ਟ ਤੇ ਮੌਲਿਕ ਸਰੂਪ ਦਾ ਧਾਰਣੀ ਹੈ।

ਰਾਗ ਸੰਬੰਧੀ ਉਪਰੋਕਤ ਵਿਵੇਚਨ ਤੋਂ ਗੁਰੂ ਨਾਨਕ ਬਾਣੀ ਦਾ ਰਾਗ ਪ੍ਰਬੰਧ ਭਾਰਤੀ ਸੰਗੀਤ ਪਰੰਪਰਾ ਦੀਆਂ ਸਮੂਹ ਪਰੰਪਰਾਵਾਂ ਵਿਚੋਂ ਸੁਤੰਤਰ ਨਿਰਧਾਰਤ ਤੇ ਸਥਾਪਤ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸਦਾ ਹੋਰ ਡੂੰਘੇਰਾ ਅਧਿਐਨ ਇਸਦੀਆਂ ਹੋਰ ਸੰਭਾਵਨਾ ਦੇ ਰਹੱਸਾਂ ਨੂੰ ਪ੍ਰਗਟ ਕਰਨ ਦੇ ਸਮਰੱਥ ਹੈ।

4.2 ਗਾਇਨ ਰੂਪ: 'ਗੁਰੂ ਨਾਨਕ ਬਾਣੀ' ਦੇ ਸੰਗੀਤ ਪ੍ਰਬੰਧ ਵਿਚ ਪ੍ਰਯੁਕਤ ਰਾਗਦੇ ਬਹੁਪੱਖੀ ਅਤੇ ਵਿਵਿਧ ਦਿਸ਼ਾਈ ਪ੍ਰਯੋਗ ਵਾਂਗੂੰ ਇਸ ਦੇ ਅੰਤਰਗਤ ਭਿੰਨ ਭਿੰਨ ਗਾਇਨ ਰੂਪਾਂ ਦਾ ਪ੍ਰਯੋਗ ਵੀ ਉਪਲੱਬਧ ਹੈ। ਗਾਇਨ ਦੇ ਇਹ ਰੂਪ ਬਾਣੀ ਦੇ ਕਾਵਿਕ ਜਾਮੇ ਨੂੰ ਆਪਣੇ ਗਾਇਨ ਵਿਧਾਨ ਦੁਆਰਾ ਕਾਰਜਸ਼ੀਲ ਕਰਦੇ ਹਨ। ਬਾਣੀ ਵਿਚ ਪ੍ਰਯੁਕਤ ਗਾਇਨ ਰੂਪਾਂ ਤੋਂ ਸਹਿਜੇ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਬਾਣੀ ਕੇਵਲ ਲਿਖਤ ਰੂਪ ਹੀ ਨਹੀਂ ਅਤੇ ਨਾ ਹੀ ਆਪਣੇ ਕਾਵਿਕ ਜਾਮੇ ਵਿਚ ਅੱਖਰੀ ਰੂਪ ਦੁਆਰਾ ਹੀ ਮੂਰਤੀਮਾਨ ਹੁੰਦੀ ਹੈ ਸਗੋਂ ਇਹ ਕਾਵਿ ਰੂਪ ਵਿਸ਼ਿਸ਼ਟ ਗਾਇਨ-ਰੂਪ ਜਾਂ ਗਾਇਨ ਸ਼ੈਲੀਆਂ ਦੇ ਵੀ ਧਾਰਣੀ ਹਨ। ਜਿਨ੍ਹਾਂ ਦਾ ਸੰਕੇਤ ਗੁਰੂ ਸਾਹਿਬ ਆਪਣੀ ਬਾਣੀ ਵਿਚ ਥਾਂ ਪੁਰ ਥਾਂ ਕਰ ਰਹੇ ਹਨ। 'ਗੁਰੂ ਨਾਨਕ ਬਾਣੀ' ਵਿਚ ਜਿਥੇ ਰਾਗ ਦਾ ਸਿਰਲੇਖ ਹੈ ਉਸ ਦੇ ਨਾਲ ਕਾਵਿ ਰੂਪ/ਗਾਇਨ ਰੂਪ ਅਤੇ ਗਾਇਨ ਲਈ ਹੋਰ ਸੰਗੀਤਕ ਸੰਕੇਤ ਵੀ ਹਨ। ਜਿਹੜੇ ਹਰ ਕਾਵਿ-ਰੂਪ ਦੀ ਗਾਇਨਮੁਖਤਾ ਵਲ ਸਿੱਧਾ ਸੰਕੇਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਵਿ ਅਤੇ ਸੰਗੀਤ ਦਾ ਪ੍ਰਯੋਗ ਕਿਸੇ ਕਲਾਤਮਿਕ ਲਕਸ਼ ਦੀ ਪ੍ਰਾਪਤੀ ਜਾਂ ਸੌਂਦਰਯਮਈ ਆਕਰਸ਼ਕ ਪ੍ਰਸਤੁਤੀ ਲਈ ਨਹੀਂ ਕਰ ਰਹੇ ਬਲਕਿ ਆਪ ਦਾ ਉਦੇਸ਼ ਤਾਂ ਖਾਲਕ ਦੇ ਆਦੇਸ/ ਹੁਕਮ ਨੂੰ ਪ੍ਰਸਤੁਤਕਾਰ ਜਾਂ ਵਾਰਤੀ ਦੇ ਰੂਪ ਵਿਚ ਲੋਕਾਈ ਤਕ ਪਹੁੰਚਾਣਾ ਹੈ। ਇਸ ਦੇ ਅੰਤਰਗਤ ਆਪ ਉਹਨਾਂ ਕਾਵਿ ਰੂਪਾਂ/ਗਾਇਨ ਰੂਪਾਂ ਦਾ ਪ੍ਰਯੋਗ ਕਰਦੇ ਹਨ ਜਿਹੜੇ ਕਿ ਮਨ ਅਤੇ ਬੁਧੀ ਨੂੰ ਸੰਸਾਰੀ ਅਨੇਕਮੁਖ ਸੁੰਦਰਤਾ ਵਲ ਪ੍ਰੇਰਿਤ ਨਹੀਂ ਕਰਦੇ। ਇਸ ਦੇ ਨਾਲ ਹੀ ਗੁਰੂ ਸਾਹਿਬ ਸਰੋਤੇ ਨੂੰ ਕੋਈ ਕਾਵਿਕ ਆਕਰਸ਼ਣ ਅਤੇ ਸੰਗੀਤਕ ਪ੍ਰਲੋਭਣ ਵੀ ਨਹੀਂ ਦਿੰਦੇ ਅਤੇ ਨਾ ਹੀ ਉਸਤੁਤ ਗ੍ਰਾਹਕ ਉਪਕਰਣਾਂ ਜਾਂ ਕਲਾ ਸਰੂਪਾਂ ਦੀ ਵਰਤੋਂ ਕਰਕੇ ਇਸ ਦੀ ਕਲਾਤਮਿਕ ਸੌਂਦਰਯਾਤਮਿਕਤਾ ਪ੍ਰਤਿ ਰੁਚਿਤ ਹਨ। ਗੁਰੂ ਨਾਨਕ ਦੇਵ

ਜੀ ਤਾਂ ਬਾਣੀ ਅਤੇ ਸੰਗੀਤ ਦੇ ਅਦਭੁਤ ਸੁਮੇਲ ਦੁਆਰਾ ਸਰੋਤੇ ਦੀ ਮਨ ਅਤੇ ਬੁਧੀ ਨੂੰ ਇਕਾਗਰਚਿਤ, ਸੁਤਚਿਤ ਕਰ ਆਤਮਾ ਦੇ ਅਜੇਹੇ ਦੇਸ ਵਿਚ ਲੈ ਜਾਣਾ ਚਾਹੁੰਦੇ ਹਨ ਜਿਥੇ ਉਸ ਨੂੰ ਆਤਮਿਕ ਬੋਧ ਦੀ ਪ੍ਰਾਪਤੀ ਹੋਵੇ ਇਹ ਆਤਮਿਕ ਬੋਧ ਦੀ ਪ੍ਰਾਪਤੀ ਕੇਵਲ ਕਾਵਿ ਜਾਂ ਸੰਗੀਤ ਵਿਚੋਂ ਉਪਜੇ ਆਨੰਦ ਦੁਆਰਾ ਸੰਭਵ ਨਹੀਂ। ਉਪਰੋਕਤ ਉਦੇਸ਼ ਦੀ ਪ੍ਰਾਪਤੀ ਹਿਤ ਗੁਰੂ ਸਾਹਿਬ ਕਾਵਿ ਅਤੇ ਸੰਗੀਤ ਦੇ ਉਹਨਾਂ ਰੂਪਾਂ ਦਾ ਪ੍ਰਯੋਗ ਕਰਦੇ ਹਨ ਜਿਹੜੇ ਕਿ ਖਾਲਕ ਦਾ ਆਦੇਸ ਵਰਤਾਰਾ ਕਰਨ ਵਿਚ ਆਕਰਸ਼ਣ ਜਾਂ ਬੌਧਿਕ ਪੱਧਰ ਤੇ ਕਿਸੇ ਵੀ ਪ੍ਰਕਾਰ ਰੁਕਾਵਟ ਨਹੀਂ ਬਣਦੇ। ਇਸ ਲਈ ਗੁਰੂ ਸਾਹਿਬ ਸਮਕਾਲੀਨ ਭਾਰਤੀ ਕਾਵਿ ਤੇ ਸੰਗੀਤ ਦੇ ਸਨਾਤਨੀ ਤੇ ਲੋਕ ਸੰਗੀਤ ਦੋਹਾਂ ਰੂਪਾਂ ਨੂੰ ਅਪਣਾ ਰਹੇ ਹਨ ਜਿਹੜੇ ਕਿ ਜਨ-ਸਾਧਾਰਣ ਵਿਚ ਪ੍ਰਚਲਿਤ ਸਨ। ਸਨਾਤਨੀ ਜਾਂ ਸ਼ਾਸਤਰੀ ਅਨੁਸ਼ਾਸਨ ਧਾਰੀ ਨਿਯਮਾਂ ਵਾਲੇ ਸੰਗੀਤ ਨੂੰ ਆਪ ਨੇ ਉਸ ਦੀ ਕਟੜਤਾ ਤੋਂ ਮੁਕਤ ਕਰਕੇ ਮੌਲਿਕ ਵਿਧਾਨ ਦੁਆਰਾ ਪ੍ਰਸਤੁਤ ਕੀਤਾ ਅਤੇ ਜਨ-ਸਾਧਾਰਣ ਵਿਚ ਪ੍ਰਚਲਿਤ ਲੋਕ ਸੰਗੀਤ ਜਾਂ ਦੇਸੀ ਸੰਗੀਤ ਨੂੰ ਪ੍ਰਤਿਸ਼ਠਿਤ, ਸਥਾਪਿਤ ਅਤੇ ਉਤਮ ਕਿਸਮ ਦੇ ਮੌਲਿਕ ਨੇਮ ਵਿਚ ਬੰਨ੍ਹਿਆ ਜਿਹੜਾ ਕਿ ਗੁਰਮਤਿ ਅਨੁਸ਼ਾਸਨ ਦਾ ਧਾਰਣੀ ਹੈ। ਇਸ ਪ੍ਰਕਾਰ ਗੁਰੂ ਸ਼ਾਹਿਬ ਦੁਆਰਾ ਅਪਣਾਏ ਗਏ ਸੰਗੀਤ ਵਿਧਾਨ ਦੇ ਇਹ ਸਿਧਾਂਤ ਮਧਕਾਲੀਨ ਭਗਤੀ ਪਰੰਪਰਾ ਅਤੇ ਸੰਗੀਤ ਪਰੰਪਰਾ ਨਾਲੋਂ ਮੌਲਿਕ ਅਤੇ ਵਿਲੱਖਣ ਹੈ ਜਿਸ ਦੇ ਸੰਗੀਤ ਸਰੂਪ, ਸਿਧਾਂਤ ਅਤੇ ਪ੍ਰਸਤੁਤੀ ਦੇ ਪੱਧਰ ਤੇ ਮੌਲਿਕਤਾ ਤੇ ਨਵੀਨਤਾ ਹੈ।

ਗੁਰੂ ਨਾਨਕ ਬਾਣੀ ਵਿਚ ਮਾਰਗੀ ਅਤੇ ਦੇਸੀ ਦੋਵੇਂ ਰਾਗਾਂ ਦਾ ਪ੍ਰਯੋਗ ਉਪਲਬੱਧ ਹੈ ਇਹ ਪ੍ਰਯੋਗ ਬਾਣੀ ਦੇ ਸੰਬੰਧਿਤ ਕਾਵਿ-ਰੂਪ ਤੇ ਗਾਇਨ-ਸ਼ੈਲੀ ਵਿਚਲੀ ਪ੍ਰਕ੍ਰਿਤੀ ਦੀ ਸਮਰਥਤਾ ਨੂੰ ਮੁੱਖ ਰਖਕੇ ਕੀਤਾ ਗਿਆ ਹੈ। ਜਿਸ ਅਧੀਨ ਸੰਬੰਧਿਤ ਬਾਣੀ ਅਤੇ ਸੰਬੰਧਿਤ ਗਾਇਨ ਸ਼ੈਲੀ ਦੁਆਰਾ ਵਿਚਾਰਾਂ ਦੀ ਅਭਿਵਿਅਕਤੀ ਨੂੰ ਪੂਰਣ ਸੰਭਾਵਨਾਵਾਂ ਤਕ ਸੰਚਾਰਿਤ ਕਰਨ ਦੀ ਸਮਰਥ ਦਾ ਉਦੇਸ਼ ਨਿਹਤ ਹੈ। ਇਸ ਬਾਣੀ ਵਿਧਾਨ ਦੇ ਅੰਤਰਗਤ ਸਨਾਤਨੀ ਅਤੇ ਲੋਕ ਰੂਪਾਂ ਦੀਆਂ ਗਾਇਨ ਸ਼ੈਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪੂਰਵ ਵਿਚਾਰ ਚਰਚਾ ਵਿਚ ਸਥਾਪਿਤ ਗੁਰਮਤਿ ਦਾ ਅਨੁਸਾਸ਼ਣ ਤੇ ਅਨੁਸਰਣ ਜਿਹੜਾ ਕਿ ਸਨਾਤਨੀ ਅਤੇ ਲੋਕ ਕਾਵਿ/ਗਾਇਨ ਰੂਪਾਂ ਵਿਚ ਹੈ ਦਾ ਪਾਲਣ ਇਹਨਾਂ ਗਾਇਨ ਸ਼ੈਲੀਆਂ ਵਿਚ ਵੀ ਉਪਲੱਬਧ ਹੈ। ਇਹਨਾਂ ਨੂੰ ਅਸੀਂ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਦੇ ਨਾਮ ਅਧੀਨ ਵਿਚਾਰਾਂਗੇ।

2.1 ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ: ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਤੇ ਚਰਚਾ ਕਰਨ ਤੋਂ ਪੂਰਵ ਇਹ ਸਪਸ਼ਟ ਕਰ ਦੇਣਾ ਆਵਸ਼ਕ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਸ਼ਾਸਤਰੀ ਸੰਗੀਤ ਰੂਪ ਜਾਂ ਉਹਨਾਂ ਦੇ ਗਾਇਨ ਰੂਪ ਨੂੰ ਸ਼ਾਸਤਰੀ ਮੁਹਾਰਤ ਹਾਸਿਲ ਕਰਨ ਲਈ ਪ੍ਰਯੋਗ ਨਹੀਂ ਕਰ ਰਹੇ ਸਨ ਬਲਕਿ ਗੁਰੂ ਸਾਹਿਬ ਨੇ ਮਧਕਾਲੀਨ ਪ੍ਰਚਲਿਤ ਤੇ ਪ੍ਰਮਾਣਿਤ ਉਹਨਾਂ ਸੰਗੀਤ ਰੂਪਾਂ ਤੇ ਗਾਇਨ ਰੂਪਾਂ ਨੂੰ ਵਰਤਿਆ ਜੋ ਅਧਿਆਤਮਿਕ-ਸਤਿ ਦੇ ਬੋਧ ਕਰਾਉਣ ਲਈ ਉਪਯੁਕਤ ਸਨ। ਇਸ ਉਦੇਸ਼ ਦੀ ਪੂਰਤੀ ਹਿਤ ਗੁਰੂ ਸਾਹਿਬ ਨੇ ਸਮਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਵਿਚ ਪ੍ਰਚਲਿਤ ਗੰਭੀਰ ਕਿਸਮ ਦੀਆਂ ਸ਼ੈਲੀਆਂ ਦੇ ਅੰਦਾਜ਼ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਗਾਇਨ ਲਈ ਪ੍ਰਯੋਗ ਕੀਤਾ ਜਿਹਨਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ:

4.2.1.1 ਪ੍ਰਬੰਧ ਗਾਇਨ: 'ਗੁਰੂ ਨਾਨਕ ਬਾਣੀ' ਅਧੀਨ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਸੋਰਠ, ਸੂਹੀ, ਬਿਲਾਵਲ, ਰਾਮਕਲੀ, ਮਲਾਰ, ਭੈਰਉ, ਸਾਰੰਗ, ਮਾਰੂ,-ਬਸੰਤ ਅਤੇ ਪ੍ਰਭਾਤੀ ਰਾਗਾਂ ਵਿਚ ਅਸਟਪਦੀਆਂ ਕਾਵਿ-ਰੂਪ ਉਪਲਬੱਧ ਹੈ। ਅਸਟਪਦੀ ਦਾ ਗਾਇਨ ਪ੍ਰਬੰਧ ਗਾਇਨ ਅਨੁਸਾਰ ਹੀ ਕੀਤਾ ਗਿਆ ਹੈ। ਜੈਦੇਵ ਕ੍ਰਿਤ 'ਗੀਤ ਗੋਵਿੰਦ' ਦੀਆਂ ਅਸਟਪਦੀਆਂ ਭਾਰਤੀ ਸਾਹਿਤ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਜਿਨ੍ਹਾਂ ਨੂੰ ਪ੍ਰਬੰਧ ਗਾਇਨ ਅਧੀਨ ਨਿਬਧ ਕਰਕੇ ਗਾਉਣ ਦੀ ਪਰੰਪਰਾ ਰਹੀ ਹੈ।[242] 'ਗੁਰੂ ਨਾਨਕ ਬਾਣੀ' ਅਧੀਨ ਉਪਲਬੱਧ ਹੋਣ ਵਾਲੀਆਂ ਅਸਟਪਦੀਆਂ ਦੇ ਗਾਇਨ ਸੰਬੰਧੀ ਵੀ ਵਿਭਿੰਨ ਸੰਗੀਤਕ ਸੰਕੇਤ ਪ੍ਰਾਪਤ ਹੁੰਦੇ ਹਨ। ਸੰਗੀਤ ਸ਼ਾਸਤਰ ਅਨੁਸਾਰ ਪ੍ਰਬੰਧ ਗਾਇਨ ਦੇ ਉਦਗ੍ਰਾਹ, ਮੇਲਾਪਕ, ਧਰੁਵ ਅਤੇ ਆਭੋਗ ਇਸਦੇ ਵਿਭਿੰਨ ਧਾਤੂ ਹਨ। ਉਦਗ੍ਰਾਹ ਕਿਸੇ ਵੀ ਗੀਤ ਦਾ ਆਰੰਭਿਕ ਜਾਂ ਪ੍ਰਵੇਸ਼ ਭਾਗ ਹੁੰਦਾ ਹੈ। ਪ੍ਰਬੰਧ ਗਾਇਨ ਦਾ ਦੂਸਰਾ ਭਾਗ ਮੇਲਾਪਕ ਇਸਦੇ ਪਹਿਲੇ (ਉਦਗ੍ਰਾਹ) ਅਤੇ ਤੀਸਰੇ (ਧਰੁਵ) ਦੇ ਆਪਸੀ ਮੇਲ ਦਾ ਭਾਗ ਹੈ। ਧਰੁਵ ਸਭ ਤੋਂ ਮਹੱਤਵਪੂਰਨ ਭਾਗ ਹੁੰਦਾ ਹੈ ਜੋ ਸਥਾਈ ਜਾਂ ਟੇਕ ਵਜੋਂ ਪ੍ਰਬੰਧ ਗਾਇਨ ਵਿਚ ਧੁਰੇ ਵਾਂਗੂ ਕਿਰਿਆ ਕਰਦਾ ਹੈ। ਆਭੋਗ ਪ੍ਰਬੰਧ ਦਾ ਅੰਤਿਮ ਚੌਥਾ ਭਾਗ ਹੈ ਜੋ ਪ੍ਰਬੰਧ ਗਾਇਨ ਨੂੰ ਸੰਪੂਰਨਤਾ ਵਲ ਲਿਜਾਂਦਾ ਹੈ ਅਤੇ ਇਹ ਅੰਤਿਮ ਧਾਤੂ (ਭਾਗ) ਹੈ। ਪ੍ਰਬੰਧ ਗਾਇਨ ਦਾ ਇਕ ਪ੍ਰਕਾਰ 'ਸਾਲਸਗੂੜ' ਹੈ ਜਿਸ ਵਿੱਚ ਉਪਰੋਕਤ ਚਾਰ ਭਾਗਾਂ ਤੋਂ ਬਿਨਾਂ ਅੰਤਰਾ ਨਾਮਕ ਪੰਜਵਾਂ ਅੰਗ ਵੀ ਮੰਨਿਆ ਜਾਂਦਾ ਹੈ। ਪ੍ਰਬੰਧ ਦੇ ਇਹਨਾਂ ਸਾਰੇ ਧਾਤੂਆਂ ਵਿਚੋਂ ਪ੍ਰਬੰਧ ਦੀ ਰਚਨਾ ਲਈ 'ਉਦਗ੍ਰਾਹ' ਅਤੇ ਧਰੁਵ ਬੁਨਿਆਦੀ ਤੱਤ ਹਨ ਜਿਨ੍ਹਾਂ ਤੋਂ ਬਿਨਾਂ ਪ੍ਰਬੰਧ ਦੀ ਰਚਨਾ ਸੰਭਵ ਨਹੀਂ। ਬਾਕੀ ਧਾਤੂਆਂ ਵਿਚ ਜੇਕਰ ਦੋ ਹੋਣ ਤਾਂ ਇਸ ਪ੍ਰਕਾਰ ਦੇ ਪ੍ਰਬੰਧ ਨੂੰ 'ਵਿਧਾਤੁਕ ਪ੍ਰਬੰਧ', ਤਿੰਨ ਹੋਣ

---

242. Suniti Kumar Chatterji, Jayadeva, P;66

ਤਾਂ 'ਤ੍ਰਿਧਾਤੁਕ ਪ੍ਰਬੰਧ' ਅਤੇ ਜੇਕਰ ਚਾਰ ਹੋਣ ਤਾਂ 'ਚਤੁਰਧਾਤੁਕ' ਪ੍ਰਬੰਧ ਦਾ ਨਾਮ ਦਿੱਤਾ ਜਾਂਦਾ ਹੈ। ਪ੍ਰਬੰਧ ਦੀ ਰਚਨਾ ਸੰਬੰਧੀ ਇਹ ਕਿਹਾ ਜਾਂਦਾ ਹੈ ਕਿ ਇਸ ਰਚਨਾ ਲਈ ਸਾਰੇ ਧਾਤੂਆਂ ਦਾ ਹੋਣਾ ਜ਼ਰੂਰੀ ਨਹੀਂ ਇਸੇ ਕਰਕੇ ਪ੍ਰਬੰਧ-ਦਵੰਗ, ਵਅੰਗ, ਚਤੁਰੰਗ ਅਤੇ ਪੰਚਾਂਗ ਆਦਿ ਵੀ ਹੁੰਦੇ ਹਨ।[243] ਪ੍ਰਬੰਧ ਦੇ ਉਪਰੋਕਤ ਵਿਭਿੰਨ ਧਾਤੂਆਂ ਵਿਚੋਂ ਸਾਰਿਆਂ ਦਾ ਸੰਗੀਤ ਸ਼ਾਸਤਰ ਅਨੁਸਾਰ ਪੂਰਨ ਪਾਲਣ ਜ਼ਰੂਰੀ ਨਹੀਂ ਪਰੰਤੂ ਫਿਰ ਵੀ ਇਸ ਦੇ ਗਾਇਨ ਸਰੂਪ ਲਈ ਉਦਗ੍ਰਾਹ, ਧਰੁਵ ਅਤੇ ਅੰਤਰਾ ਦਾ ਹੋਣਾ ਲਾਜ਼ਮੀ ਹੈ।

ਗੁਰੂ ਨਾਨਕ ਬਾਣੀ ਵਿੱਚ ਰਚਿਤ ਅਸਟਪਦੀ ਰਚਨਾਵਾਂ ਵਿੱਚ ਉਦਗ੍ਰਾਹ, ਧਰੁਵ ਅਤੇ ਅੰਤਰੇ ਤਾਂ ਹਨ ਪਰੰਤੂ ਮੇਲਾਪਕ ਆਦਿ ਬਾਕੀ ਧਾਤੂਆਂ ਦਾ ਪੂਰਣ-ਪਾਲਣ ਉਪਲਬੱਧ ਨਹੀਂ। ਇਹਨਾਂ ਰਚਨਾਵਾਂ ਵਿਚ ਪਦਿਆਂ ਦੀ ਗਿਣਤੀ ਸੱਤ, ਨੌਂ, ਦਸ ਗਿਆਰਾਂ ਵੀ ਮਿਲਦੀ ਹੈ। ਮਲਾਰ ਰਾਗ ਵਿਚ ਇਕ ਤੁਕੀ ਅਸਟਪਦੀਆਂ ਵੀ ਪ੍ਰਾਪਤ ਹੁੰਦੀਆਂ ਹਨ। ਪ੍ਰਬੰਧ ਗਾਇਨ ਅਨੁਸਾਰ ਅਸਟਪਦੀ ਦਾ ਗਾਇਨ ਸਿੱਖ ਕੀਰਤਨੀਆਂ ਵਿਚ ਪ੍ਰਚਲਿਤ ਨਹੀਂ ਹੈ।

4.2.1.2 ਧਰੁੱਪਦ: ਮੱਧਕਾਲੀਨ ਸੰਗੀਤ ਵਿਚ ਧਰੁਪਦ ਗਾਇਨ ਦਾ ਪ੍ਰਚਲਣ ਖ਼ੂਬ ਰਿਹਾ ਹੈ। ਧਰੁਪਦ ਦੇ ਕਾਵਿ ਵਿਚ ਸੰਬੰਧਿਤ ਪਦ ਦੀਆਂ ਵਿਭਿੰਨ ਕਾਵਿ ਸਤਰਾਂ ਨੂੰ ਸਥਾਈ, ਅੰਤਰਾ, ਸੰਚਾਰੀ, ਆਭੋਗ ਅਨੁਸਾਰ ਵਿਭਾਜਤ ਕਰਕੇ ਨਿਸ਼ਚਿਤ ਰਾਗ ਤੇ ਤਾਲ ਅਧੀਨ ਪ੍ਰਸਤੁਤ ਕੀਤਾ ਜਾਂਦਾ ਹੈ। ਸਥਾਈ ਅੰਤਰਾ, ਸੰਚਾਰੀ ਅਤੇ ਆਭੋਗ ਧਰੁਪਦ ਦੇ ਚਾਰ ਧਾਤੂ ਹਨ ਜਿਹੜੇ ਕਿ ਗਾਇਨ ਰਚਨਾ ਨੂੰ ਰਾਗ ਦੀ ਵਿਵਿਧ ਰੂਪੀ ਸੁਰ ਵਿਸਤਾਰ ਤੇ ਕਾਵਿ ਦੀ ਸੰਮਿਲਤ ਸਮੁੱਚੀ ਪੇਸ਼ਕਾਰੀ ਲਈ ਮਾਰਗ ਦਰਸ਼ਕ ਨਿਯਮ ਹਨ। ਪ੍ਰਬੰਧ ਗਾਇਨ ਦੇ ਪੂਰਵ ਵਰਣਿਤ ਧਾਤੂਆਂ ਦੀ ਜਿਸ ਪ੍ਰਕਾਰ ਵਿਵਹਾਰਕ ਤੌਰ ਤੇ ਗਾਇਨ ਲਈ ਹਾਜ਼ਰੀ ਜ਼ਰੂਰੀ ਨਹੀਂ ਉਸੇ ਪ੍ਰਕਾਰ ਧਰੁਪਦ ਦੀ ਪਦ ਰਚਨਾ ਵਿਚ ਇਸ ਦੇ ਸਥਾਈ, ਅੰਤਰਾ, ਸੰਚਾਰੀ ਆਭੋਗ ਗਾਇਨ ਪ੍ਰਸਤੁਤੀ ਦੇ ਆਧਾਰ ਤੱਤ ਹਨ ਪਰੰਤੂ ਕਈ ਵਾਰ ਰਚਨਾਵਾਂ ਦਾ ਕੇਵਲ ਸਥਾਈ ਅਤੇ ਅੰਤਰੇ ਦੇ ਰੂਪ ਵਿਚ ਹੀ ਗਾਇਨ ਕੀਤਾ ਜਾਂਦਾ ਹੈ। 'ਗੁਰੂ ਨਾਨਕ ਬਾਣੀ' ਦੇ ਪਦੇ ਕਿਉਂਕਿ ਸ਼ਾਸਤਰੀ ਗਾਇਨ ਸ਼ੈਲੀ ਦੇ ਪ੍ਰਯੋਜਨ ਹਿਤ ਰਚਿਤ ਨਹੀਂ ਇਸ ਕਰਕੇ ਇਨ੍ਹਾਂ ਵਿਚ ਧਰੁਪਦ ਦੇ ਪੂਰਣ ਸ਼ਾਸਤਰ ਦੀ ਪਾਲਣਾ ਜ਼ਰੂਰੀ ਨਹੀਂ।

---

243. <u>ਨਿਬੰਧ ਸੰਗੀਤ</u> (ਸੰਪਾ. ਲਕਸ਼ਮੀ ਨਾਰਾਇਣ ਗਰਗ), ਪੰਨਾ 57

'ਗੁਰੂ ਨਾਨਕ ਬਾਣੀ' ਵਿਚ ਧਰੁਪਦ ਅੰਗ ਦੀਆਂ ਰਚਨਾਵਾਂ ਦੀ ਗਿਣਤੀ ਕਾਫ਼ੀ ਮਾਤ੍ਰਾ ਵਿੱਚ ਉਪਲਬੱਧ ਹੈ। ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਆਦਿ ਰਚਨਾਵਾਂ ਇਸ ਅੰਗ ਦਾ ਪਾਲਣ ਕਰਦੀਆਂ ਹਨ। ਇਥੇ ਇਕ ਵਰਣਨਯੋਗ ਤੱਥ ਇਹ ਵੀ ਹੈ ਕਿ 'ਚਉਪਦੇ' 'ਪੰਚਪਦੇ' ਆਦਿ ਗਾਇਨ ਸ਼ੈਲੀ ਦੇ ਸੰਕੇਤ ਅਤੇ ਰਾਗ ਘਰੁ ਵਰਗੇ ਸੰਗੀਤਕ ਸੰਕੇਤਾਂ ਤੋਂ ਇਲਾਵਾ ਇਨ੍ਹਾਂ ਪਦਿਆਂ ਵਿਚ 'ਰਹਾਉ' ਤੇ 'ਅੰਕ' ਦਾ ਸਿਰਲੇਖ ਵੀ ਵਿਵਹਾਰਕ ਪ੍ਰਯੋਗ ਲਈ ਸਹਾਇਕ ਹੁੰਦਾ ਹੈ। 'ਰਹਾਉ' ਜਿਸ ਨੂੰ ਧਰੁਵ ਦਾ ਹੀ ਪਰਿਵਰਤਿਤ ਰੂਪ ਮੰਨਿਆ ਜਾਂਦਾ ਹੈ। ਬਾਣੀ ਵਿਚ ਧਰੁਪਦ ਅੰਗ ਦੀਆਂ ਰਚਨਾਵਾਂ ਵਿੱਚ ਇਸ ਦਾ ਮਹੱਤਵ ਹੋਰ ਵੀ ਵਧੇਰੇ ਹੈ ਕਿਉਂਜੋ 'ਰਹਾਉ' ਵਾਲੀ ਤੁਕ ਵਿਚ ਸ਼ਬਦ ਰਚਨਾ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ ਜੋ ਅਧਿਆਤਮਿਕ ਅਨੁਭਵ ਦੇ ਸਤਿ ਦੀ ਅਟੱਲ ਸਚਾਈ ਹੈ ਜੋ ਚਿਰਸਥਾਈ ਹੈ। ਇਸ ਕਰਕੇ ਇਸ ਨੂੰ 'ਪਦੇ' ਵਿਚ 'ਧੁਰੇ' ਵਿਚ ਕੇਂਦਰ ਮੰਨ ਕੇਬਾਰ ਬਾਰ ਗਾਇਆ ਜਾਂਦਾ ਹੈ। ਇਹਨਾਂ ਦੇ 'ਅੰਕ' ਅੰਤਰਿਆਂ ਦੇ ਸੰਕੇਤ ਹਨ ਅੰਕਾਂ ਅਨੁਸਾਰ ਤੁਕਾਂ ਦਾ ਅੰਤਰਿਆਂ ਦੇ ਰੂਪ ਵਿੱਚ ਗਾਇਨ ਕਰਨਾ ਹੁੰਦਾ ਹੈ ਤੇ ਮੁੜ 'ਰਹਾਉ' ਵਾਲੀ ਤੁਕ ਦਾ ਸਥਾਈ ਦੇ ਰੂਪ ਵਿਚ ਗਾਇਆ ਜਾਂਦਾ ਹੈ। ਇਸ ਪ੍ਰਕਾਰ 'ਗੁਰੂ ਨਾਨਕ ਬਾਣੀ' ਵਿਚ ਅੰਕਿਤ ਸੰਕੇਤ ਧਰੁਪਦ ਅੰਗ ਤੋਂ ਰਚਨਾਵਾਂ ਦੇ ਗਾਇਨ ਵਿਚ ਸਹਾਈ ਹੁੰਦੇ ਹਨ।

4.2.1.3 ਸ਼ਾਸਤਰੀ ਗਾਇਨ ਸ਼ੈਲੀਆਂ ਵਿਚ ਛੰਦ ਅਤੇ ਲੈਅ: 'ਗੁਰੂ ਨਾਨਕ ਬਾਣੀ' ਵਿੱਚ ਵਿਭਿੰਨ ਕਾਵਿ ਛੰਦਾਂ ਦਾ ਪ੍ਰਯੋਗ ਹੋਇਆ ਹੈ ਜੋ ਕਿ ਸੰਬੰਧਿਤ 'ਪਦੇ' ਦੀ ਲੈਅ ਤੇ ਤਾਲ ਨਿਰਧਾਰਣ ਕਰਨ ਵਿਚ ਸਹਾਈ ਹੁੰਦੇ ਹਨ। ਇਹਨਾਂ ਛੰਦਾਂ ਦੇ ਵਿਭਿੰਨ ਰੂਪ ਸਵੈਯਾ, ਸਾਰ, ਰਾਧਿਕਾ, ਸਰਸੀ ਤੇ ਤਾਟਕ ਛੰਦ ਹਨ। ਜਿਹੜੇ ਵਿਭਿੰਨ ਲੈਅ ਦੇ ਆਧਾਰ ਤੇ ਤਾਲ ਨਿਰਧਾਰਣ ਕਰਦੇ ਹਨ। ਉਦਾਹਰਣ ਦੇ ਤੌਰ ਤੇ 'ਸਵੈਯਾ' ਛੰਦ ਤੋਂ ਵਰਤਮਾਨ ਸਮੇਂ ਵਿਚ ਪ੍ਰਚਲਿਤ ਇਕ ਤਾਲ ਦੀ ਲੈਅ ਦਾ ਆਭਾਸ ਹੁੰਦਾ ਹੈ।[244] ਛੰਦ ਦਾ ਆਪਣਾ ਕਾਵਿਕ ਸਰੂਪ ਰਾਗ ਅਤੇ ਤਾਲ ਸਾਹਮਣੇ ਪੂਰਣ ਤੌਰ ਤੇ ਸਮਰਪਣ ਕਰ ਦਿੰਦਾ ਹੈ ਅਤੇ ਸੰਗੀਤ ਦੀ ਰਾਗਾਤਮਿਕਤਾ ਦੁਆਰਾ ਇਸ ਨੂੰ ਲੈਆਤਮਿਕ ਬਣਾਉਣ ਵਿਚ ਸਹਾਈ ਹੁੰਦਾ ਹੈ।

---

244. ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।।
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਵਤ ਰਹੈ ਗੁਬਾਰਿ।।
ਆਦਿ ਗ੍ਰੰਥ, ਪੰਨਾ 489

4.2.2 'ਗੁਰੂ ਨਾਨਕ ਬਾਣੀ' ਵਿਚ ਪ੍ਰਯੁਕਤ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ: 'ਗੁਰੂ ਨਾਨਕ ਬਾਣੀ' ਵਿੱਚ ਸਮਕਾਲੀਨ ਪ੍ਰਚਲਤ ਲੋਕ ਕਾਵਿ-ਰੂਪਾਂ ਦਾ ਪ੍ਰਯੋਗ ਵੀ ਉਪਲਬੱਧ ਹੁੰਦਾ ਹੈ। ਇਹ ਲੋਕ ਕਾਵਿ-ਰੂਪ ਆਪਣੀ ਨਿਜੀ ਧੁਨ ਅਤੇ ਕਾਵਿਕ ਛੰਦਬੱਧਤਾ ਦੇ ਧਾਰਣੀ ਹਨ ਜਿਨ੍ਹਾਂ ਦੀ ਵਿਸ਼ਿਸ਼ਟ ਪ੍ਰਕਾਰ ਦੀ ਸੁਰ ਰਚਨਾ ਤੇ ਤਾਲ ਹੈ। ਲੋਕ ਕਾਵਿ ਦੇ ਇਸ ਵਿਸ਼ੇਸ਼ ਕਾਵਿ, ਸੁਰ ਅਤੇ ਲੈਅ ਦੇ ਸੁਮੇਲ ਰੂਪ ਨੂੰ ਅਸੀਂ ਲੋਕ ਗਾਇਨ ਸ਼ੈਲੀ ਕਹਿ ਸਕਦੇ ਹਾਂ। 'ਗੁਰੂ ਨਾਨਕ ਬਾਣੀ' ਅਧੀਨ ਇਨ੍ਹਾਂ ਲੋਕ ਗਾਇਨਸ਼ੈਲੀਆਂ ਨੂੰ ਉਹਨਾਂ ਦੀ ਧੁਨਾਂ ਨਾਲ ਸੰਬੰਧਿਤ ਰਾਗਾਂ ਦੇ ਅੰਤਰਗਤ ਸਤਿਕਾਰਤ ਤੇ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਗੁਰੂ ਸਾਹਿਬ ਨੇ ਇਹਨਾਂ ਉਤੇ ਗੁਰਮਤਿ ਵਿਧਾਨ ਦਾ ਅੰਕੁਸ਼ ਲਗਾ ਕੇ ਇਹਨਾਂ ਵਿਚਲੀ ਖੁਲ੍ਹ ਤੇ ਆਪਹੁਦਰੇਪਣ ਨੂੰ ਨਿਰਧਾਰਤ ਸਰੂਪ ਪ੍ਰਦਾਨ ਕਰਵਾਇਆ। ਇਹਨਾਂ ਲੋਕ ਗਾਇਨ ਸ਼ੈਲੀਆਂ ਅਤੇ ਇਨ੍ਹਾਂ ਦੇ ਨਿਰਧਾਰਤ ਰਾਗਾਂ ਉਪਰ ਮਧਕਾਲੀਨ ਸੰਦਰਭ ਵਿਚ ਚਰਚਾ ਕਰ ਸਕਣੀ ਕਠਿਨ ਕਾਰਜ ਹੈ ਕਿਉਂਜੋ ਮੱਧਕਾਲੀਨ ਰਾਗ ਵਿਚ ਸ਼ੁੱਧ ਮੇਲ ਪਰਿਵਰਤਨ ਆਉਣ ਕਾਰਣ ਇਸ ਦੇ ਨਤੀਜਿਆਂ ਤੇ ਪਹੁੰਚਣਾ ਔਖਾ ਹੈ ਇਸ ਦੇ ਨਾਲ ਹੀ ਦੂਸਰਾ ਪ੍ਰਮੁੱਖ ਕਾਰਣ ਲੋਕ ਧੁਨਾਂ ਦੇ ਪ੍ਰਯੋਗ ਤੇ ਵਿਕਾਸ ਦੀ ਸਮੱਸਿਆ ਹੈ। ਇਨ੍ਹਾਂ ਲੋਕ ਗਾਇਨ ਸ਼ੈਲੀਆਂ ਦੀਆਂ ਧੁਨਾਂ ਦੇ ਪ੍ਰਾਚੀਨਸਰੂਪ ਮਿਲ ਸਕਣਾ ਵੀ ਕਾਫ਼ੀ ਕਠਿਨ ਕਾਰਜ ਹੈ। ਕੇਵਲ ਕੁਝ ਕੁ ਧੁਨਾਂ ਦੇ ਸੰਗੀਤਕ ਵਿਸ਼ਲੇਸ਼ਣ ਤੋਂ 'ਗੁਰੂ ਨਾਨਕ ਬਾਣੀ' ਦੇ ਲੋਕ ਕਾਵਿ-ਰੂਪਾਂ ਦੀਆਂ ਗਾਇਨ ਸ਼ੈਲੀਆਂ ਅਤੇ ਰਾਗਾਂ ਦੇ ਅੰਤਰੀਵੀ ਸੁਰਾਤਮਕ ਤੇ ਲੈਆਤਮਕ ਸੰਬੰਧਾਂ ਨੂੰ ਵਿਸ਼ਲੇਸ਼ਿਤ ਕੀਤਾ ਜਾ ਸਕਦਾ ਹੈ ਪਰੰਤੂ ਬਹੁਤੇ ਲੋਕ ਕਾਵਿ-ਰੂਪਾਂ ਦੇ ਗਾਇਨ ਸਰੂਪ ਪ੍ਰਚਾਰ ਵਿਚ ਨਹੀਂ ਰਹੇ ਇਸ ਕਰਕੇ ਇਹਨਾਂ ਨੂੰ ਵਿਸ਼ਲੇਸ਼ਣ ਕਰਨ ਵਿਚ ਕਠਿਨਾਈਆਂ ਹਨ। 'ਗੁਰੂ ਨਾਨਕ ਬਾਣੀ' ਅਧੀਨ ਲੋਕ ਕਾਵਿ-ਰੂਪ 'ਵਾਰ' ਉਪਲਬੱਧ ਹੈ। 'ਵਾਰ' ਦੀ ਕਾਵਿ ਤੇ ਸੰਗੀਤਕ ਰੂਪਾਂ ਵਿਚ ਸਮਾਨਤਾ ਤੇ ਸਮਰੂਪਤਾ ਦੇ ਕੁਝ ਬੁਨਿਆਦੀ ਤੱਤਾਂ ਕਰਕੇ ਹੀ ਇਹਨਾਂ ਨੂੰ ਸੰਬੰਧਿਤ ਰਾਗ ਵਿਚ ਅੰਕਿਤ ਕੀਤਾ ਗਿਆ ਹੈ ਅਤੇ ਇਸ ਦੇ ਗਾਇਨ ਲਈ 'ਧੁਨ' ਵੀ ਅੰਕਿਤ ਕੀਤੀ ਗਈ ਹੈ। ਇਸਦੀ ਇਹ ਸਮਰਥਾ ਟੁੰਡੇ ਦੀ ਵਾਰ ਦੀ ਧੁਨ ਤੋਂ ਸਪਸ਼ਟ ਹੁੰਦੀ ਹੈ। 'ਟੁੰਡੇ ਅਸਰਾਜੇ ਦੀ ਵਾਰ' ਅਤੇ ਰਾਗ 'ਆਸਾ' ਵਿਚਲੇ ਘਨੇਰੇ ਸੰਬੰਧ ਇਸ ਦੀ ਪੁਸ਼ਟੀ ਕਰਦੇ ਹਨ। ਇਸੇ ਪ੍ਰਕਾਰ ਗੁਰੂ ਨਾਨਕ ਬਾਣੀ ਵਿਚ ਪ੍ਰਚਲਿਤ ਵਾਰਾਂ ਅਤੇ ਪ੍ਰਚਲਿਤ ਲੋਕ ਵਾਰਾਂ ਦੀਆਂ ਧੁਨਾਂ ਜਿਥੇ ਕਾਵਿ-ਰੂਪ ਦਾ ਪਾਲਣ ਕਰਦੀਆਂ ਹਨ ਉਥੇ ਰਾਗ ਅਤੇ ਧੁਨ ਦਾ ਵੀ ਅੰਤਰੀਵੀ ਤੇ ਗਹਿਰਾ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਲੋਕ ਕਾਵਿ ਅਤੇ ਗਾਇਨ ਰੂਪ ਦੀ ਸੰਯੁਕਤਤਾ ਦੁਆਰਾ ਬਾਣੀ ਸੰਦੇਸ਼ ਨੂੰ ਸੰਚਾਰ ਕਰਨ ਹਿਤ ਸਹਾਈ ਹੁੰਦਾ ਹੈ।

4.2.2.1 ਛੰਤ: 'ਗੁਰੂ ਨਾਨਕ ਬਾਣੀ' ਵਿਚ ਵਿਭਿੰਨ ਰਾਗਾਂ ਦੇ ਅੰਤਰਗਤ 'ਛੰਤ' ਕਾਵਿ ਰੂਪ ਦਾ ਪ੍ਰਯੋਗ ਹੋਇਆ ਹੈ। ਜੇਕਰ ਪੰਜਾਬੀ ਲੋਕ ਗੀਤ ਵਿਚ ਛੰਤ ਦੇ ਸੰਗੀਤਕ ਸਰੂਪ ਦਾ ਵਿਵੇਚਨ

ਕਰੀਏ ਤਾਂ ਇਹ ਲੈਅ ਪੈਟਰਨ ਲੰਮੇਰੇ ਤੇ ਟਿਕਵੇਂ ਹਨ। ਛੰਦ ਦੀ ਇਕ ਪੰਕਤੀ ਨੂੰ ਦੋ ਭਾਗਾਂ ਵਿਚ ਵਿਭਾਜਤ ਕਰਕੇ ਇਨ੍ਹਾਂ ਦੋਵੇਂ ਖੰਡਾਂ ਦੇ ਅਖੀਰਲੇ ਸ਼ਬਦ ਨੂੰ ਲਮਕਾਇਆ ਜਾਂਦਾ ਹੈ। ਇਹ ਪੰਜਾਬੀ ਲੋਕ ਸੰਗੀਤ ਵਿਚ ਆਮ ਕਰਕੇ ਖਮਾਜ ਅਤੇ ਪੀਲੂ ਰਾਗਾਂ ਵਿਚ ਗਾਏ ਜਾਂਦੇ ਹਨ।

ਗੁਰੂ ਨਾਨਕ ਬਾਣੀ ਵਿਚ ਵਿਭਿੰਨ ਸੁਰਾਤਮਕ ਰਾਗਾਂ ਦੇ ਸਰੂਪ ਵਿਚ ਛੰਤ ਕਾਵਿ-ਰੂਪ ਅਤੇ ਲੈਅ ਨੂੰ ਸੰਬੰਧਿਤ ਰਾਗ ਅਧੀਨ ਗਾਉਣਾ ਹੈ। ਇਹ ਛੰਤ ਰਚਨਾਵਾਂ ਆਮ ਤੌਰ ਤੇ ਚਾਰ ਤੁਕਾਂ ਦੀਆਂ ਹਨ ਪਰੰਤੂ ਸੂਹੀਅਤੇ ਵਡਹੰਸ ਰਾਗ ਅਧੀਨ ਇਨ੍ਹਾਂ ਦਾ ਆਕਾਰ ਪੰਜ ਤੇ ਸੱਤ ਤੁਕਾਂ ਤਕ ਲੰਮੇਰਾ ਹੋ ਗਿਆ ਹੈ। ਇਸ ਕਾਵਿ-ਰੂਪ ਦੀਆਂ ਸਾਰੀਆਂ ਤੁਕਾਂ ਸਮਾਨ ਹਨ ਅਤੇ ਚਾਰ ਅਤੇ ਪੰਜ ਤੇ ਸੱਤ ਤੁਕਾਂ ਬਾਅਦ ਹੀ ਅੰਕ ਪ੍ਰਯੋਗ ਕੀਤਾ ਗਿਆ ਹੈ, ਇਥੇ ਅੰਕ ਇਕ ਛੰਤ ਦੇ ਪੂਰੇ ਹੋਣ ਦਾ ਸੰਕੇਤ ਹੈ ਜਿਵੇਂ ਰਾਗ ਗਉੜੀ ਅਤੇ ਇਸਦੇ ਰਾਗ ਪ੍ਰਕਾਰ ਗਉੜੀ ਪੂਰਬੀ ਅਧੀਨ ਕ੍ਰਮਵਾਰ ਚਾਰ ਚਾਰ ਛੰਤ ਅੰਕਿਤ ਮਿਲਦੇ ਹਨ।[245] ਛੰਤ ਦੀਆਂ ਤੁਕਾਂ ਨੂੰ ਕ੍ਰਮਵਾਰ ਗਾਇਨ ਕਰਨ ਦੀ ਰੀਤ ਹੈ ਇਸ ਕਰਕੇ ਇਸ ਗਾਇਨ ਸ਼ੈਲੀ ਨੂੰ ਸਥਾਈ ਜਾਂ ਅੰਤਰੇ ਵਿਚ ਵਿਭਾਜਤ ਕਰਨ ਲਈ 'ਰਹਾਉ' ਦਾ ਸੰਕੇਤ ਨਹੀਂ ਦਿੱਤਾ ਗਿਆ ਇਸ ਤਰ੍ਹਾਂ ਇਹਨਾਂ ਦਾ ਗਾਇਨ ਪਦ ਹੋਰ ਗਾਇਨ ਸ਼ੈਲੀਆਂ ਤੋਂ ਵਖਰਾ ਹੋ ਜਾਂਦਾ ਹੈ।

4.2.2.2 ਅਲਾਹੁਣੀਆਂ: 'ਗੁਰੂ ਨਾਨਕ ਬਾਣੀ' ਅਧੀਨ ਇਸ ਕਾਵਿ-ਰੂਪ ਨੂੰ ਰਾਗ ਵਡਹੰਸ ਵਿਚ ਅੰਕਿਤ ਕੀਤਾ ਗਿਆ ਹੈ। ਇਹ ਕਾਵਿ-ਰੂਪ ਮੌਤ ਸੰਬੰਧੀ ਸੋਗੀ ਵਾਤਾਵਰਣ ਨੂੰ ਚਿਤਰਤ ਕਰਦਾ ਹੈ। ਕਾਵਿ-ਰੂਪ ਪੱਖੋਂ ਜਿਥੇ ਇਥੇ ਉਪਯੁਕਤ ਸ਼ਬਦਾਂ (ਰੋਵਣ, ਮਰਣ, ਰੋਈਐ, ਵੇਛੋੜਾ ਆਦਿ) ਦੀ ਵਰਤੋਂ ਕੀਤੀ ਗਈ ਹੈ ਉਥੇ ਇਨ੍ਹਾਂ ਦਾ ਲਮਕਾਅ ਤੇ ਹੇਕ ਅਨੁਕੂਲ ਹੋਣਾ ਇਸ ਦੀ ਸੰਗੀਤਕ ਵਿਲੱਖਣਤਾ ਨੂੰ ਉਘਾੜਨ ਵਿਚ ਸਹਾਈ ਹੁੰਦੇ ਹਨ। ਇਸ ਬਾਣੀ ਵਿਚਲਾ ਦੁਹਰਾਅ, ਅਨੁਪ੍ਰਾਸ ਤੇ ਸ਼ਬਦ ਸੰਵਾਦ ਵੀ ਅਲਾਹੁਣੀਆਂ ਦੀ ਮੂਲ ਭਾਵਨਾ ਤੇ ਮੂਲ ਸਰੂਪ ਕਾਇਮ ਰਖਣ ਵਿਚ ਸਹਾਈ ਹੁੰਦਾ ਹੈ। ਪੰਜਾਬੀ ਲੋਕ ਸੰਗੀਤ ਵਿੱਚ ਪ੍ਰਚਲਿਤ ਅਲਾਹੁਣੀਆਂ ਦੇ ਕਾਵਿ ਸਰੂਪ ਤੋਂ ਰਾਗ ਵਡਹੰਸ ਦੇ ਵਰਤਮਾਨ ਸਰੂਪ ਦਾ ਆਭਾਸ ਕਠਿਨ ਹੈ ਪਰੰਤੂ ਪੰਜਾਬ ਦੀਆਂ ਲੋਕ ਧੁਨਾਂ ਤੇ ਵਿਅਕਤ ਇਸ ਦਾ ਵਿਸ਼ੇਸ਼ ਰੂਪ ਅਤਿ ਢੁਕਵਾਂ ਹੈ। ਅਲਾਹੁਣੀਆਂ ਛੇ ਤੁਕਾਂ ਦਾ ਇਕ ਬੰਦ ਹੈ ਅਤੇ ਚਾਰ ਬੰਦਾਂ ਦੀ ਸੰਪੂਰਣ ਰਚਨਾ/ਇਹਨਾਂ ਬੰਦਾਂ ਦੀਆਂ ਛੇ ਛੇ ਪੰਕਤੀਆਂ ਉਪਰੰਤ 1,2,3,4 ਅੰਕਾਂ ਦਾ ਸੰਕੇਤ ਹੈ। ਸਥਾਈ ਅਤੇ ਅੰਤਰੇ ਦੇ ਰੂਪ ਵਿਚ ਅਲਾਹੁਣੀਆਂ ਨੂੰ ਵਿਭਾਜਤ ਨਾ ਕਰਕੇ ਇਸ ਨੂੰ ਕ੍ਰਮਵਾਰ ਗਾਇਆ ਜਾਂਦਾ ਹੈ। ਅਲਾਹੁਣੀ ਦਾ ਵਿਸ਼ੇਸ਼ ਰੂਪ ਵਡਹੰਸ ਦਖਣੀ

---

245. ਆਦਿ ਗ੍ਰੰਥ, ਪੰਨਾ 242-43

ਵਿੱਚ ਉਪਲਬੱਧ ਹੈ ਜੋ ਚਾਰ ਚਾਰਤੁਕਾਂ ਵਾਲੀ ਅੱਠ ਬੰਦ ਦੀ ਰਚਨਾ ਹੈ ਅਤੇ ਇਸ ਦੇ ਅਧੀਨ ਸਥਾਈ ਵਜੋਂ 'ਰਾਹਉ' ਦਾ ਸੰਕੇਤ ਵੀ ਹੈ। ਗੁਰਮਤਿ ਸੰਗੀਤ ਵਿਚ ਅਲਾਹੁਣੀਆਂ ਦੇ ਗਾਇਨ ਦੀ ਵਿਸ਼ੇਸ਼ ਪਰੰਪਰਾ ਕੀਰਤਨ ਦੇ ਰੂਪ ਵਿਚ ਮੌਜੂਦ ਹੈ।

'ਗੁਰੂ ਨਾਨਕ ਬਾਣੀ' ਅਧੀਨ ਵਿਭਿੰਨ ਲੋਕ ਕਾਵਿ-ਰੂਪ ਜਿਵੇਂ ਕਿ ਥਿਤੀ, ਪਹਰੇ, ਸੋਹਲੇ ਆਦਿ ਨੂੰ ਪੰਜਾਬੀ ਲੋਕ ਗਾਇਨ ਰੂਪ ਵੀ ਇਨ੍ਹਾਂ ਦੀ ਮੌਲਿਕ ਲੈਅ ਅਨੁਸਾਰ ਸੰਬੰਧਿਤ ਰਾਗ ਅਧੀਨ ਗਾਏ ਜਾਂਦੇ ਹਨ। ਇਹਨਾਂ ਲਈ ਬਾਣੀ ਵਿਚੋਂ ਸੰਗੀਤਕ ਸੰਕੇਤ ਨਹੀਂ ਮਿਲਦੇ ਇਹਨਾਂ ਦਾ ਗਾਇਨ ਕ੍ਰਮਵਾਰ ਹੀ ਕੀਤਾ ਜਾਂਦਾ ਹੈ। ਗੁਰੂ ਨਾਨਕ ਬਾਣੀ ਦੇ ਸਮੁੱਚੇ ਸੰਗੀਤ ਵਿਧਾਨ ਤੋਂ ਪ੍ਰਗਟ ਹੋਣ ਵਾਲੀਆਂ ਸ਼ਾਸਤਰੀ ਤੇ ਲੋਕ ਗਾਇਨ ਸ਼ੈਲੀਆਂ ਦੇ ਉਪਰ ਵਰਣਿਤ ਵਰਣਨ ਤੋਂ ਸਪਸ਼ਟ ਹੈ ਕਿ ਇਹਨਾਂ ਨੂੰ ਗੁਰੂ ਸਾਹਿਬ ਨੇ ਆਪਣੇ ਮੌਲਿਕ ਵਿਧਾਨ ਦੇ ਅੰਤਰਗਤ ਪ੍ਰਸਤੁਤ ਕੀਤਾ ਹੈ।

ਗੁਰੂ ਨਾਨਕ ਬਾਣੀ ਦਾ ਸਮੁੱਚਾ ਸੰਗੀਤ ਪ੍ਰਬੰਧ ਮੁੱਖ ਤੌਰ ਤੇ ਰਾਗ ਅਤੇ ਇਹਨਾਂ ਵਿਭਿੰਨ ਸ਼ੈਲੀਆਂ ਉਪਰ ਆਧਾਰਿਤ ਹੈ। ਇਸ ਸੰਗੀਤ ਪ੍ਰਬੰਧ ਨੂੰ ਵਿਸ਼ਿਸ਼ਟ ਅਨੁਸ਼ਾਸਨ ਦਾ ਧਾਰਣੀ ਬਣਾਇਆ ਗਿਆ ਹੈ। ਜਿਸ ਤੋਂ ਇਸ ਦੀ ਮੌਲਿਕ ਤੇ ਸੁਤੰਤਰ ਪਹਿਚਾਣ ਉਜਾਗਰ ਹੁੰਦੀ ਹੈ। ਇਸ ਲਈ ਵਿਭਿੰਨ ਰਾਗਾਂ ਤੇ ਗਾਇਨ ਰੂਪਾਂ ਨੂੰ ਕਾਰਜਸ਼ੀਲ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥਾਂ ਪੁਰ ਥਾਂ ਭਿੰਨ ਭਿੰਨ ਸੰਕੇਤ ਵੀ ਅੰਕਿਤ ਕੀਤੇ ਹਨ। ਜੋ ਬਾਣੀ ਦੀ ਪ੍ਰਸਤੁਤੀ ਲਈ ਵਿਸ਼ੇਸ਼ ਤੌਰ ਤੇ ਸਹਾਇਕ ਹਨ। ਇਹਨਾਂ ਸੰਕੇਤਾਂ ਦਾ ਮਹੱਤਵ ਗਾਇਨ ਪ੍ਰਸਤੁਤੀ ਤਕ ਹੀ ਸੀਮਤ ਨਹੀਂ ਸਗੋਂ ਇਨ੍ਹਾਂ ਦਾ ਸਮੁੱਚਾ ਅਨੁਸ਼ਾਸਨ ਵਿਧਾਨ ਸ਼ਬਦ ਦੇ ਅੰਤਰੀਵ ਵਿਚ ਵਿਦਮਾਨ ਪਰਮ ਸਤਿ/ਪਾਲਕ ਦੇ ਹੁਕਮ ਨੂੰ ਲੋਕਾਈ ਸਰੋਤੇ ਤਕ ਵਿਧੀਪੂਰਵਕ ਤਰਤੀਬ ਨਾਲ ਪਹੁੰਚਾਣ ਵਿਚ ਸਹਾਈ ਹੁੰਦਾ ਹੈ। ਜਿਸ ਦਾ ਸੰਬੰਧਿਤ ਵਿਸਤ੍ਰਿਤ ਵਿਸ਼ਲੇਸ਼ਣ ਅਗਲੇ ਅਧਿਆਇ ਵਿਚ ਪ੍ਰਸਤੁਤ ਕੀਤਾ ਜਾ ਰਿਹਾ ਹੈ।

ਗੁਰੂ ਨਾਨਕ ਬਾਣੀ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਇਸ ਦੇ ਰਚਨਹਾਰ ਗੁਰੂ ਨਾਨਕ ਦੇਵ ਜੀ ਬਾਣੀ ਦੀ ਪ੍ਰਸਤੁਤੀ ਲਈ ਸੰਸਾਰਿਕ ਪ੍ਰਗਟਾਅ ਮਾਧਿਅਮਾਂ ਦੇ ਆਡੰਬਰ ਰਹਿਤ ਸਹਿਜ ਪ੍ਰਯੋਗ ਦੁਆਰਾ ਕਰ ਰਹੇ ਹਨ। ਇਹ ਪ੍ਰਗਟਾਅ ਮਾਧਿਅਮ/ਜੁਗਤਾਂ ਦੇ ਵਿਭਿੰਨ ਰੂਪ ਗੁਰੂ ਨਾਨਕ ਬਾਣੀ ਵਿਧਾਨ ਦੇ ਅੰਤਰਗਤ ਤਦ ਹੀ ਪ੍ਰਵਾਨ ਚੜ੍ਹਦੇ ਹਨ ਜੇਕਰ ਉਹ ਆਪਣੇ ਮੂਲ ਕਲਾ-ਆਕਰਸ਼ਣ ਜਾਂ ਪ੍ਰਲੋਭਨ ਦਾ ਤਿਆਗ ਕਰਦੇ ਹਨ। ਇਸੇ ਲਈ ਗੁਰੂ ਸਾਹਿਬ ਨੇ ਸਨਾਤਨੀ ਤੇ ਲੋਕ ਕਾਵਿ/ਸੰਗੀਤ ਰੂਪਾਂ ਉਪਰ ਬਾਣੀ ਵਿਧਾਨ ਦਾ ਅੰਕੁਸ਼ ਲਗਾ ਕੇ ਇਹਨਾਂ ਨੂੰ ਗੁਰਮਤਿ ਸੰਗੀਤ ਅਧੀਨ ਪ੍ਰਸਤੁਤੀ ਦਾ ਮਾਧਿਅਮ ਬਣਾਉਂਦੇ ਹਨ। ਇਸੇ

ਕਰਕੇ ਉਪਰ ਵਰਣਿਤ ਵਿਭਿੰਨ ਜੁਗਤਾਂ ਨੂੰ ਬਾਣੀ ਦੇ ਵਿਸ਼ਿਸ਼ਟ ਸੰਗੀਤ ਵਿਧਾਨ ਅਧੀਨ ਨਿਬੱਧ ਕੀਤਾ ਗਿਆ ਹੈ। ਗੁਰੂ ਨਾਨਕ ਬਾਣੀ ਦੀਆਂ ਇਹਨਾਂ ਵਿਭਿੰਨ ਜੁਗਤਾਂ ਦੀ ਪਹਿਚਾਣ ਅਤੇ ਸਥਾਪਤੀ ਨੂੰ ਸਮਝਣ ਲਈ ਇਹਨਾਂ ਦੀ ਸੰਚਾਰ ਪ੍ਰਕ੍ਰਿਆ ਦੀ ਕਾਰਜਸ਼ੀਲਤਾ ਨੂੰ ਜਾਣਨਾ ਅਤਿ ਆਵਸ਼ਕ ਹੈ।

*****

## ਅਧਿਆਇ ਪੰਜਵਾਂ

# ਗੁਰੂ ਨਾਨਕ ਬਾਣੀ-ਵਿਧਾਨ: ਸੰਚਾਰ ਪ੍ਰਕ੍ਰਿਆ

ਪੂਰਵਲੇ ਅਧਿਆਇ ਵਿਚ ਗੁਰੂ ਨਾਨਕ ਬਾਣੀ ਦੇ ਅੰਤਰਗਤ ਪ੍ਰਯੁਕਤ ਸੰਚਾਰ ਜੁਗਤਾਂ ਅਤੇ ਵਿਭਿੰਨ ਉਪਕਰਣਾਂ ਦੇ ਤੱਤਾਂ ਦੇ ਪ੍ਰਸੰਗ ਵਿਚ ਗੁਰੂ ਨਾਨਕ ਬਾਣੀ ਨੂੰ ਇਕ ਸੰਚਾਰ ਰਚਨਾ ਵਜੋਂ ਪਹਿਚਾਨਣ ਅਤੇ ਅਧਿਐਨ ਕਰਨ ਦੀ ਮੂਲ ਲੋੜ ਭਾਸਦੀ ਹੈ। ਇਸ ਦੇ ਨਾਲ ਹੀ ਇਸ ਸੰਚਾਰ ਰਚਨਾ ਦੀ ਸਮੁੱਚੀ ਕਾਰਜ ਪ੍ਰਕ੍ਰਿਆ ਅਤੇ ਇਸ ਦੀ ਪ੍ਰਬੰਧਗਤ ਵਿਸ਼ਿਸ਼ਟਤਾ ਸਮਝਣ ਦੀ ਲਾਲਸਾ ਵੀ ਸੁਭਾਵਿਕ ਹੈ। ਗੁਰੂ ਨਾਨਕ ਬਾਣੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਅਨੁਭਵ ਦਾ ਪਾਸਾਰਾ ਹੈ ਅਤੇ ਇਸ ਪਰਾਲੌਕਿਕ ਅਨੁਭਵ ਨੂੰ ਪ੍ਰਗਟਾਉਣ ਲਈ ਆਪ ਨੇ ਮਾਨਵੀ ਅਭਿਵਿਅੰਜਨ ਜੁਗਤਾਂ ਦਾ ਇਸਤੇਮਾਲ ਕੀਤਾ। ਇਹ ਧਾਰਣਾ ਬਾਣੀ ਵਿਚ ਉਪਲੱਬਧ ਵਿਭਿੰਨ ਪ੍ਰਮਾਣਾਂ, ਹਵਾਲਿਆਂ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਤੋਂ ਸਪਸ਼ਟ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਸੰਚਾਰ ਜੁਗਤਾਂ ਦੇ ਰੂਪ ਵਿੱਚ ਭਿੰਨ ਭਿੰਨ ਕਲਾਵਾਂ (ਕਾਵਿ ਤੇ ਸੰਗੀਤ) ਦੀ ਸੰਚਾਰ ਪ੍ਰਕ੍ਰਿਆ ਇਹਨਾਂ ਕਲਾਵਾਂ ਦੀ ਮੂਲ ਸੰਚਾਰ ਪ੍ਰਕ੍ਰਿਆ ਨਾਲੋਂ ਭਿੰਨ ਤੇ ਅੱਡਰੀ ਹੈ ਕਿਉਂਜੋ ਗੁਰੂ ਨਾਨਕ ਬਾਣੀ ਦੇ ਅੰਤਰਗਤ ਇਹਨਾਂ ਕਲਾਵਾਂ ਦਾ ਪ੍ਰਯੋਗ ਬਾਣੀ ਵਿਚਲੇ ਅਧਿਆਤਮਿਕ ਅਨੁਭਵ ਤੇ ਬੋਧ ਦਾ ਸੰਚਾਰ ਕਰਨਾ ਹੈ ਜਦੋਂ ਕਿ ਸੁਤੰਤਰ ਰੂਪ ਵਿੱਚ ਇਹ ਕਲਾਵਾਂ ਆਪਣੇ ਕਲਾਤਮਿਕ ਪ੍ਰਯੋਜਨ ਦੀ ਸਿਧੀ ਲਈ ਕਾਰਜਸ਼ੀਲ ਰਹਿੰਦੀਆਂ ਹਨ।

ਬਾਣੀ ਮੂਲ ਰੂਪ ਵਿਚ ਬੋਲ ਜਾਂ ਉਚਾਰ ਨਾਲ ਸੰਬੰਧਿਤ ਹੈ। ਇਸ ਦੀ ਸਿਰਜਣ ਪ੍ਰਕ੍ਰਿਆ ਪ੍ਰਸਤੁਤੀ ਲਿਖਤ ਰੂਪ ਅਤੇ ਲਿਖਤ ਰੂਪ ਤੋਂ ਪ੍ਰਗਟ ਹੋਣ ਵਾਲਾ ਪ੍ਰਸਤੁਤੀ ਵਿਧਾਨ ਇਸ ਨੂੰ ਸਿਧੇ ਤੌਰ ਤੇ ਸੰਚਾਰ ਨਾਲ ਜੋੜਦਾ ਹੈ। ਬਾਣੀ ਦਾ ਸੰਚਾਰ ਵਿਧਾਨ ਕਿਸੇ ਸਾਧਾਰਣ ਕਿਰਤ ਨਾਲੋਂ ਮੂਲੋਂ ਹੀ ਭਿੰਨ ਹੈ। ਇਹ ਭਿੰਨਤਾ ਬਾਣੀ ਦੀ ਪ੍ਰਕ੍ਰਿਤੀ ਕਰਕੇ ਹੀ ਨਹੀਂ ਸਗੋਂ ਇਸ ਦੀ ਸਿਰਜਣਾ, ਪ੍ਰਸਤੁਤੀ ਅਤੇ ਲਿਖਤ ਰੂਪ ਤੋਂ ਪ੍ਰਗਟ ਹੋਣ ਵਾਲੇ ਬਾਣੀ ਵਿਧਾਨ ਤੋਂ ਵੀ ਪ੍ਰਾਪਤ ਹੁੰਦੀ ਹੈ। ਪੂਰਵਲੇ ਅਧਿਆਇ ਵਿਚ ਕੀਤੀ ਗਈ ਚਰਚਾ ਤੋਂ ਸਪਸ਼ਟ ਹੈ ਕਿ ਬਾਣੀ ਦੇ ਕਾਵਿਕ ਜਾਮੇ ਵਿਚ ਹੋਣ ਕਰਕੇ ਇਸ ਦੇ ਅੰਤਰਗਤ ਵਿਭਿੰਨ ਕਾਵਿ-ਉਪਕਰਣਾਂ ਤੇ ਕਾਵਿ ਪੱਖਾਂ ਦੀ ਵਿਵਿਧ ਪੱਖੀ ਵਰਤੋਂ ਕੀਤੀ ਗਈ ਹੈ। ਕਾਵਿਕ ਦ੍ਰਿਸ਼ਟੀ ਤੋਂ ਬਾਣੀ ਵਿਚ ਕਾਵਿ ਦੀਆਂ ਉਚਤਮ ਸਿਖਰਾਂ ਅਤੇ ਅਨੂਠੇ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦੇ ਹਨ। ਪਰੰਤੂ ਕਾਵਿ ਦੇ ਇਸ ਪ੍ਰਯੋਗ ਤੋਂ ਬਾਣੀ ਨੂੰ ਕਾਵਿ (ਕਵਿਤਾ) ਮੰਨ ਲੈਣਾ ਕਦਾਚਿਤ ਉਚਿੱਤ ਨਹੀਂ। ਬਾਣੀ ਮਹਿਜ਼ ਕਾਵਿ ਪ੍ਰਸਤੁਤੀ ਨਹੀਂ ਅਤੇ ਨਾ ਹੀ ਬਾਣੀ ਦਾ ਪ੍ਰਯੋਜਨ ਕਿਸੇ ਕਾਵਿਕ ਨਕਸ਼ ਦੀ ਪ੍ਰਾਪਤੀ ਹੈ। ਇਹ ਕਵਿਤਾ ਵਾਂਗੂੰ ਕਿਸੇ ਪੂਰਵ ਸਿਰਜਤ 'ਅਹੰ' ਜਾਂ ਸ੍ਵੈ ਦਾ ਪ੍ਰਗਟਾਵਾ ਨਹੀਂ ਅਤੇ ਨਾ ਹੀ ਇਸ ਨੇ ਕਿਸੇ 'ਅਹੰ' ਦੀ ਪੂਰਤੀ ਸਾਂਝ ਜਾਂ ਭਾਵਾਤਮਿਕ ਇਕਮਿਕਤਾ ਦੁਆਰਾ ਆਨੰਦ ਉਪਜਾਉਣਾ ਹੈ ਸਗੋਂ ਇਹ ਇਕ ਨਵੀਨ 'ਅਹੰ' ਸਿਰਜਣ ਦੀ ਕਲਾ ਹੈ। ਜਿਸ ਦੁਆਰਾ 'ਅਹੰ'

ਨੇ 'ਸਚਿਆਰ' ਹੋਣਾ ਹੈ ਅਤੇ ਨਵੀਂ ਸੁਰਤਿ, ਮਤਿ ਮਨ ਬੁਧੀ ਦੀ ਘਾੜਤ ਹੋਣੀ ਹੈ। ਕਾਵਿ ਵਾਂਗੂੰ ਬਾਣੀ ਮਾਨਣ ਦੀ ਵਸਤੂ ਨਹੀਂ ਸਗੋ ਇਸ ਦਾ ਸੰਬੰਧ ਗਾਉਣ ਤੇ ਮਨ ਵਸਾਉਣ ਨਾਲ ਹੈ। ਜਿਸ ਦੁਆਰਾ ਮਨ ਵਿਚ ਨਵੀਨ ਅਧਿਆਤਮ ਚੇਤਨਾ ਜਾਗ੍ਰਿਤ ਹੋਣੀ ਹੈ। ਇਹ ਕੂੜ ਤੋਂ ਸਤਿ ਅਤੇ ਅਗਿਆਨ ਤੋਂ ਗਿਆਨ ਦਾ ਮਾਰਗ ਹੈ। ਜਿਸ ਮਾਰਗ ਉਤੇ ਚਲਿਆਂ ਅਧਿਆਤਮਿਕ ਬੋਧ ਅਤੇ ਮੁਕਤੀ ਦੀ ਪ੍ਰਾਪਤੀ ਹੋਣੀ ਹੈ। ਇਸ ਤਰ੍ਹਾਂ ਬਾਣੀ ਕਾਵਿ ਨਾਲੋਂ ਸਪਸ਼ਟ ਰੂਪ ਵਿਚ ਭਿੰਨ ਹੈ।

ਬਾਣੀ ਦੇ ਸੰਚਾਰ ਵਿਧਾਨ ਦਾ ਇਕ ਵਿਸ਼ਿਸ਼ਟ ਪਹਿਲੂ ਇਹ ਹੈ ਕਿ ਇਹ ਲਿਖਤ ਰੂਪ ਵਿੱਚ ਹੁੰਦਿਆਂ ਹੋਇਆਂ ਵੀ ਆਪਣੀ ਆਰੰਭਿਕ ਸੰਚਾਰਮੁਖੀ ਪ੍ਰਕ੍ਰਿਤੀ ਜਾਂ ਉਚਾਰ-ਮੁਖਤਾ ਤੋਂ ਵਿਛੁੰਨੀ ਨਹੀਂ, ਇਸ ਦਾ ਆਦਿ ਤੇ ਆਰੰਭ ਉਚਾਰ ਦੁਆਰਾ ਇਕ ਵਿਸ਼ਿਸ਼ਟ ਸੰਚਾਰ ਵਿਧਾਨ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਪ੍ਰਥਮ ਤੇ ਆਰੰਭਿਕ ਰੂਪ ਵਿਚ ਅਪਣਾਇਆ। 'ਗੁਰੂ ਨਾਨਕ ਬਾਣੀ' ਵਿਚ ਅੰਕਿਤ ਫੁਰਮਾਨਾਂ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਤੋਂ ਪ੍ਰਗਟ ਹੋਣ ਵਾਲੇ ਹਵਾਲਿਆਂ ਉਤੇ ਝਾਤ ਮਾਰੀਏ ਤਾਂ ਬਾਣੀ ਸਿਰਜਨ ਪ੍ਰਕ੍ਰਿਆ ਅਤੇ ਇਸ ਦੀ ਪੇਸ਼ਕਾਰੀ ਦਾ ਸੰਚਾਰ ਨਾਲ ਸਿੱਧਾ ਤੇ ਸਪਸ਼ਟ ਸੰਬੰਧ ਹੋਰ ਵੀ ਨਿਖਰ ਕੇ ਸਾਹਮਣੇ ਆਉਂਦਾ ਹੈ। 'ਬਾਣੀ' ਦੇ ਸ਼ਾਬਦਿਕ ਅਰਥ ਵੀ 'ਵਾਣੀ', 'ਬੋਲ' ਜਾਂ 'ਉਚਾਰ' ਨਾਲ ਸੰਬੰਧਿਤ ਹਨ ਪਰੰਤੂ 'ਗੁਰੂ ਨਾਨਕ ਬਾਣੀ' ਦੇ ਸੰਦਰਭ ਵਿਚ ਜੇਕਰ ਬਾਣੀ ਦੇ ਇਸ ਮੌਖਿਕ ਰੂਪ ਨੂੰ ਵਾਚੀਏ ਤਾਂ ਇਹ ਕਿਸੇ ਸਾਧਾਰਣ ਮੌਖਿਕ ਪ੍ਰਕ੍ਰਿਆ ਨਾਲੋਂ ਭਿੰਨ ਰੂਪ ਵਿਚ ਉਜਾਗਰਹੁੰਦੀ ਹੈ। ਕਿਸੇ ਮੌਖਿਕ ਬੋਲ ਦੁਆਰਾ ਬੋਲ ਦੇ ਕਰਤਾ ਤੇ ਸਰੋਤਾ ਵਿਚ ਸਿਧੀ ਤੇ ਸਪਸ਼ਟ ਸਾਂਝ ਉਤਪੰਨ ਹੋ ਜਾਂਦੀ ਹੈ ਪਰ ਜਿਉਂ ਹੀ ਬੋਲ ਕਰਤਾ ਦੇ ਮੁਖੋਂ ਉਚਰ ਜਾਂਦਾ ਹੈ ਤਾਂ ਇਹ ਆਪਣੇ ਮੂਲ ਨਾਲੋਂ ਅਲਗ ਹੋ ਜਾਂਦਾ ਹੈ ਅਤੇ ਫਿਰ ਇਸ ਬੋਲ ਦੀ ਪੁਨਰ ਪ੍ਰਸਤੁਤੀ ਕਿਸੇ ਨਾ ਕਿਸੇ ਵਿਚੋਲੇ ਦੀ ਮੁਹਤਾਜ ਹੈ ਜੋ ਇਸਨੂੰ ਪ੍ਰਸਤੁਤ ਕਰ ਸਕੇ। ਇਹ ਬੋਲ ਭਾਵੇਂ ਉਚਾਰ ਰੂਪ ਵਿਚ ਤੇ ਭਾਵੇ ਸ਼ਬਦ ਰੂਪ ਵਿਚ ਹੋਵੇ ਇਸ ਦੀ ਧੁਨੀ ਉਠਾਉਣ ਲਗਿਆਂ ਇਸ ਦੀ ਪੁਨਰ ਪ੍ਰਸਤੁਤੀ ਇਸ ਦੀ ਮੂਲ ਪ੍ਰਸਤੁਤੀ ਨਾਲੋਂ ਨਿਸ਼ਚੇ ਹੀ ਕੁਝ ਅਲਗ ਹੁੰਦੀ ਹੈ। ਕਈ ਵਾਰ ਇਹਨਾਂ ਸੁੱਤੇ ਬੋਲਾਂ ਦੀ ਪੂਰਨ ਅਭਿਵਿਅਕਤੀ ਸੰਭਵ ਹੀ ਨਹੀਂ ਹੁੰਦੀ ਅਤੇ ਬੋਲ ਦੇ ਸਹੀ ਮਾਇਨੇ ਅਪ੍ਰਗਟ ਹੀ ਰਹਿ ਜਾਂਦੇ ਹਨ। ਬਾਣੀ ਭਾਵੇਂ ਬੋਲ ਜਾਂ ਉਚਾਰ ਦੀ ਧਾਰਣੀ ਹੈ ਪਰ ਇਸ ਨੂੰ ਬੋਲ ਦੀ ਇਸ ਸੰਭਾਵੀ ਅਵਸਥਾ ਤੇ ਸੁਚੇਤ ਰੂਪ ਵਿਚ ਨਿਖੇੜਿਆ ਗਿਆ ਹੈ ਜਾਂ ਇੰਜ ਕਹਿ ਲਈਏ ਕਿ ਬਾਣੀ ਵਿਚ ਬੋਲ ਜਾਂ ਉਚਾਰ ਦੀ ਪੁਨਰ ਪ੍ਰਸਤੁਤੀ ਲਈ ਸੰਚਾਰ ਦਾ ਇਕ ਸਿਸਟਮ ਸੁਚੇਤ ਰੂਪ ਵਿਚ ਦਰਸਾਇਆ ਗਿਆ ਹੈ। ਸੰਚਾਰ ਦੀ ਦ੍ਰਿਸ਼ਟੀ ਤੋਂ ਇਹ ਤੱਥ ਵੀ ਮਹੱਤਵਪੂਰਣ ਹੈ ਕਿ ਗੁਰੂ ਨਾਨਕ ਆਪਣੇ ਆਪ ਨੂੰ ਬਾਣੀ ਦੇ ਪ੍ਰਸਤੁਤਕਾਰ ਵਜੋਂ ਪ੍ਰਗਟ ਕਰਦੇ ਹਨ। ਗੁਰੂ ਨਾਨਕ ਬਾਣੀਕਾਰ ਦੇ ਰੂਪ ਵਿਚ ਬਾਣੀ ਦੀ ਸਿਰਜਨ ਪ੍ਰਕ੍ਰਿਆ ਦੌਰਾਨ ਹੀ ਇਸਨੂੰ ਪ੍ਰਸਤੁਤੀ ਰੂਪ ਵਿਚ ਸੰਚਾਰਿਤ ਕਰ ਰਹੇ ਹਨ ਅਤੇ ਇਸ ਪ੍ਰਸਤੁਤੀ ਨੂੰ ਸੰਚਾਰ ਦੀ ਦ੍ਰਿਸ਼ਟੀ ਤੋਂ ਇਕ ਨਿਸ਼ਚਿਤ ਵਿਧਾਨ ਤੇ ਪ੍ਰਬੰਧ ਵਿਚ ਗਠਿਤ ਕਰਨ ਲਈ ਕਾਵਿ ਤੇ ਸੰਗੀਤ ਦੇ ਅਨੁਸ਼ਾਸਨ ਨੂੰ ਮੌਲਿਕ ਪਹੁੰਚ ਦੁਆਰਾ ਅਪਣਾਇਆ ਗਿਆ ਹੈ।

ਇਹ ਪ੍ਰਸਤੁਤਕਾਰ ਇਸ ਬਾਣੀ ਦੇ ਉਚਾਰ ਦਾ ਵਿਚੋਲਾ ਜਾਂ ਕਾਸਦ ਪੈਗੰਬਰ ਹੈ। ਆਪ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਆਪ ਉਸ ਖਾਲਕ ਦੇ ਆਦੇਸ਼ ਨੂੰ ਹੀ ਗਾ ਕੇ ਪ੍ਰਸਤੁਤ ਕਰ ਰਹੇ ਹਨ ਇਹ ਆਦੇਸ਼ ਉਸ ਖਸਮ ਦੀ ਬਾਣੀ ਹੈ। ਆਪ ਨੂੰ ਜੈਸੀ ਦਾਤ ਪ੍ਰਾਪਤ ਹੋਈ ਉਸਨੂੰ ਆਪਣੇ 'ਸਾਇਰ'ਤੇ 'ਢਾਢੀ' ਦੇ ਰੂਪ ਵਿਚ ਪ੍ਰਸਤੁਤ ਕੀਤਾ। ਇਸ ਤਰ੍ਹਾਂ ਗੁਰੂ ਨਾਨਕ ਆਪਣੇ ਆਪ ਨੂੰ ਬਾਣੀ, ਇਸ ਬੋਲ ਜਾਂ ਉਚਾਰ ਦਾ ਵਿਚੋਲਾ/ਕਾਸਦ/ਢਾਢੀ ਸਵੀਕਾਰਦੇ ਹਨ। ਗੁਰੂ ਨਾਨਕ ਸਾਹਿਬ ਦਾ ਆਪਣੇ ਆਪ ਨੂੰ ਉਸ ਖਾਲਕ ਦਾ ਢਾਢੀ ਆਖਣਾ ਕੋਈ ਸੁਭਾਵਿਕ ਇਤਫ਼ਾਕ ਨਹੀਂ ਸਗੋ ਸੰਚਾਰ ਦੀ ਦ੍ਰਿਸ਼ਟੀ ਤੋਂ ਢਾਢੀ, ਢਾਢੀ ਦੀ ਪ੍ਰਸਤੁਤੀ ਉਸਦੀ ਪ੍ਰਸਤੁਤੀ ਰਚਨਾ ਅਤੇ ਇਸ ਪ੍ਰਸਤੁਤੀ ਦਾ ਕੁਲ ਵਿਧਾਨ ਆਪਣੇ ਆਪ ਵਿਚ ਅਤਿ ਮਹੱਤਵਪੂਰਨ ਤੇ ਵਿਸ਼ਿਸ਼ਟ ਹੈ। ਇਸ ਸੰਬੰਧ ਵਿਚ ਹੇਠ ਲਿਖੀਆਂ ਬਾਣੀ ਸਤਰਾਂ ਧਿਆਨ ਯੋਗ ਹਨ:

- ਖਾਲਕ ਕਉ ਆਦੇਸੁ ਢਾਢੀ ਗਾਵਣਾ।।[1]
- ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।।[2]
- ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।।[3]

ਸੰਗੀਤ ਜਗਤ ਵਿਚ ਢਾਡੀ ਇਕ ਅਜਿਹਾ ਪ੍ਰਸਤੁਤਕਾਰ ਹੈ ਜੋ ਕਿਸੇ ਪੂਰਵ ਨਿਰਧਾਰਤ ਕਥਾ, ਵਾਰਤਾ (ਵਾਰ) ਨੂੰ ਮੌਲਿਕ ਅੰਦਾਜ਼ ਵਿਚ ਪ੍ਰਸਤੁਤ ਕਰਦਾ ਹੈ। ਇਸ ਢਾਢੀ ਦੀ ਸਰੋਤਾ ਸ੍ਰੇਣੀ ਲੋਕਾਈ/ਜਨਸਾਧਾਰਣ ਹੈ। ਇਹਢਾਡੀ ਕਿਸੇ ਨਾ ਕਿਸੇ ਮੰਚ ਵਿਚ ਗਾਇਨ ਕਰਦਾ ਹੈ। ਪੂਰਵ ਨਿਰਧਾਰਤ ਕਥਾ ਨੂੰ ਮੌਲਿਕ ਅੰਦਾਜ਼ ਨਵੀਨ ਰੂਪ ਵਿੱਚ ਪ੍ਰਸਤੁਤ ਕਰਨਾ ਉਸਦੀ ਖ਼ਾਸੀਅਤ ਹੈ ਪਰ ਇਹ ਉਸ ਵਿੱਚ ਪਰਿਵਰਤਨ ਨਹੀਂ ਕਰ ਸਕਦਾ। ਇਹ 'ਜੈਸੀ ਮੈ ਆਵੈ ਖਸਮ ਕੀ ਬਾਣੀ' ਤੋਂ ਸਪਸ਼ਟ ਹੈ। ਢਾਡੀ ਸਰਬ ਲੋਕਾਈ ਨੂੰ ਸੰਬੋਧਿਤ ਹੈ ਅਤੇ ਉਸ ਦੇ ਬੋਲਾਂ ਦਾ ਮੂਲ ਸ੍ਰੋਤ ਉਹ ਖਸਮ/ਖਾਲਕ ਹੈ। ਉਸ ਖਸਮ/ ਖਾਲਕ ਦੇ ਲਛਣ ਮੂਲ ਮੰਤ੍ਰ ਵਿਚ ਪ੍ਰਗਟ ਕੀਤੇ ਗਏ ਹਨ।[4] ਜੋ ਆਦਿ, ਜੁਗਾਦਿ, ਹੈ ਭੀ ਤੇ ਹੋਸੀ

1. ਆਦਿ ਗ੍ਰੰਥ, ਵਾਰ ਮਾਝ ਮਹਲਾ 1, ਪੰਨਾ 148
2. ਆਦਿ ਗ੍ਰੰਥ, ਸੂਹੀ ਮਹਲਾ 1, ਪੰਨਾ 763
3. ਆਦਿ ਗ੍ਰੰਥ, ਤਿਲੰਗ ਮਹਲਾ 1, ਪੰਨਾ 722
4. ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।
   ਆਦਿ ਗ੍ਰੰਥ, ਪੰਨਾ 1

ਭੀ ਸਤਿ ਹੈ।[5] ਸਤਿਨਾਮ ਸਤਿਰੂਪ ਖਸਮ ਦੀ ਇਸ ਬਾਣੀ ਦਾ ਪ੍ਰਸਤੁਤਕਾਰ ਗੁਰੂ ਨਾਨਕ ਖ਼ੁਦ ਵੀ ਇਸ ਬਾਣੀ ਨੂੰ ਗਾਇਨ ਦੁਆਰਾ ਸੰਚਾਰਦੇ ਹਨ ਅਤੇ ਬਾਣੀ ਦੀ ਸੌਂਪਣੀ ਵਿਚ ਕਿਸੇ ਪ੍ਰਸਤੁਤਕਾਰ ਨੂੰ ਹੀ ਕਰਦੇ ਹਨ। ਜਿਸਨੇ ਇਸਦਾ ਸੰਚਾਰ ਕਰਨਾ ਹੈ। ਇਸ ਤਰ੍ਹਾਂ ਸੰਚਾਰ ਦਾ ਨਿਰੰਤਰ ਪ੍ਰਵਾਹ ਚਲਦਾ ਰਹਿਣਾ ਹੈ। ਇਸ ਸਥਿਤੀ ਵਿਚ ਬਾਣੀ ਦੀ ਅਵਸਥਾ ਆਪਣੇ ਆਦਿ ਤੇ ਆਰੰਭ ਰੂਪ ਵਾਲੀ ਹੀ ਹੈ। ਕਿਸੇ ਸਾਧਾਰਣ ਕਿਰਤ ਵਾਂਗੂੰ ਵਿਛੜ ਨਹੀਂ ਰਹੀ ਸਗੋਂ ਸਤਿਰੂਪ ਵਿਚ ਨਿਰੰਤਰ ਵਰਤ ਰਹੀ ਹੈ ਨਿਰੰਤਰ ਸੰਚਾਰਸ਼ੀਲ ਹੈ। ਆਪਣੇ ਉਪਰ ਵਰਣਿਤ ਗੁਣਾਂ ਸਦਕਾ ਹੀ ਇਹ ਸਦਾ ਸਤਿ ਜਾਗਤ ਜੋਤਿ ਹੈ। ਬਾਣੀ ਇਹ ਸਰੂਪਗਤ ਵਿਸ਼ਿਸ਼ਟਤਾ ਤੇ ਸੰਚਾਰਮੁਖੀ ਨਿਰੰਤਰਤਾ ਇਸ ਨੂੰ ਗੁਰੂ ਰੂਪ ਦਿਵਾਉਣ ਵਿੱਚ ਸਹਾਈ ਹੁੰਦੀ ਹੈ। ਵਰਤਮਾਨ ਸਮੇਂ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਜਿਸ ਨੂੰ ਅਸੀਂ ਗੁਰੂ ਰੂਪ ਸਵੀਕਾਰਦੇ ਹਾਂ ਕੇਵਲ ਲਿਖਤ ਖਾਮੋਸ਼ ਰਚਨਾ ਜਾਂ ਸੁੱਤੇ ਅੱਖਰ/ਸ਼ਬਦ ਹੀ ਨਹੀਂ ਸਗੋਂ ਇਹ ਸਦੈਵ ਜਾਗ੍ਰਿਤ ਅਤੇ ਨਿਰੰਤਰ ਰੂਪ ਵਿਚ ਸੰਚਾਰਿਤ ਹੋ ਰਹੇ ਹਨ। ਇਹ ਨਿਰੰਤਰ ਸੰਚਾਰ ਉਸੇ ਸੰਚਾਰ ਵਿਧਾਨ ਦਾ ਧਾਰਣੀ ਹੈ ਜੋ ਗੁਰੂ ਸਾਹਿਬ ਨੇ ਸਾਨੂੰ ਬਖਸ਼ਿਆ ਹੈ। ਨਕਸ਼ ਦੀ ਭਿੰਨਤਾ ਕਰਕੇ ਬਾਣੀ ਪ੍ਰਬੰਧ ਅਤੇ ਇਸ ਦਾ ਪ੍ਰਸਤੁਤੀ ਵਿਧਾਨ ਮੌਲਿਕ ਅਨੁਸ਼ਾਸ਼ਨ ਦਾ ਧਾਰਣੀ ਹੈ। ਜਿਸ ਨੂੰ ਹਰ ਇਕ ਪੱਧਰ ਤੇ ਸੰਚਾਰਮੁਖੀ ਬਣਾਇਆ ਗਿਆ ਹੈ ਭਾਵ ਲਿਖਤ ਰੂਪ ਵਿਚ ਉਪਲੱਬਧ ਬਾਣੀ-ਪਾਠ ਤੋਂ ਇਸ ਦਾ ਸੰਚਾਰਮੁਖੀ ਪ੍ਰਸਤੁਤੀ ਵਿਧਾਨ ਸਪਸ਼ਟ ਰੂਪ ਵਿਚ ਉਜਾਗਰ ਹੋ ਜਾਂਦਾ ਹੈ। ਬਾਣੀ ਦਾ ਸੰਚਾਰ ਵਿਧਾਨ ਜਿਥੇ ਬਾਣੀ ਦੇ ਰੂਪ ਵਿਚ ਵੱਖ ਵੱਖ ਸੰਚਾਰ ਜੁਗਤਾਂ ਅਤੇ ਵੱਖ ਵੱਖ ਸੰਚਾਰ ਵਿਧੀਆਂ ਦੁਆਰਾ ਕਾਰਜਸ਼ੀਲ ਹੋ ਰਿਹਾ ਹੈ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਉਪਰ ਦਰਜ ਵਿਭਿੰਨ ਸੰਕੇਤਾਂ, ਸਿਰਲੇਖਾਂ ਆਦਿ ਦੇ ਬਾਹਰੀ ਦਿੱਖ ਰੂਪ ਤੋਂ ਵੀ ਇਸ ਦੀ ਸੰਚਾਰਮੁਖਤਾ ਪ੍ਰਗਟ ਹੋ ਰਹੀ ਹੈ। ਅਸੀਂ ਇਹਨਾਂ ਨਿਰਧਾਰਤ ਸੰਚਾਰਮੁਖੀ ਸੰਕੇਤਾਂ ਸਿਰਲੇਖਾਂ ਅਤੇ ਗੁਰੂ ਸਾਹਿਬਾਨ ਦੁਆਰਾ ਸਿਰਜੇ ਗਏ ਬਾਣੀ ਦੇ ਸੰਚਾਰਮੁਖੀ ਅਨੁਸਾਸ਼ਨ ਨੂੰ ਵਿਸਾਰ ਕੇ ਸਿੱਧੇ ਤੌਰ ਤੇ ਬਾਣੀ ਨਾਲ ਜੁੜਨ ਜਾਂ ਅਧਿਐਨ ਕਰਨ ਦੀ ਕੋਸ਼ਿਸ਼ ਕਰਦੇ ਹਾਂ ਇਸ ਲਈ ਇਸ ਦੀ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਵਿਚ ਸਾਨੂੰ ਕਠਿਨਾਈ ਹੁੰਦੀ ਹੈ। ਜਦੋਂ ਕਿ ਬਾਣੀ ਦਾ ਸੰਚਾਰ ਵਿਧਾਨ ਇਸਦੀ ਬਾਹਰੀ ਦਿੱਖ ਅਤੇ ਅੰਤਰੀਵ ਵਿਚ ਨਿਹਤ ਹੈ। ਇਸ ਲਈ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਲਈ ਇਸ ਵਿਚ ਕਾਰਜਸ਼ੀਲ ਵਿਭਿੰਨ ਸੰਚਾਰ ਇਕਾਈਆਂ ਨੂੰ ਪਛਾਨਣਾ ਅਤਿ ਆਵਸ਼ਕ ਹੈ। ਇਹ ਸੰਚਾਰ ਇਕਾਈਆਂ ਵੱਖ ਵੱਖ ਸੰਕੇਤਾਂ ਤੇ ਸਿਰਲੇਖਾਂ ਦੇ ਰੂਪ ਵਿਚ ਬਾਣੀ ਦੇ ਸੰਪਾਦਿਤ

---

5. ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
ਆਦਿ ਗ੍ਰੰਥ, ਪੰਨਾ 1

ਤੇ ਸੰਕਲਿਤ ਸਰੂਪ ਵਿਚ ਅੰਕਿਤ ਹਨ। ਇਹਨਾਂ ਸੰਚਾਰਕ ਇਕਾਈਆਂ ਦਾ ਪਰਿਚਯ, ਕਾਰਜ ਪ੍ਰਕ੍ਰਿਆ ਅਤੇ ਬਾਣੀ ਪ੍ਰਬੰਧ ਦੇ ਅੰਤਰਗਤ ਇਹਨਾਂ ਦੀ ਕਾਰਜਸ਼ੀਲਤਾ ਦਾ ਵਿਸ਼ਲੇਸ਼ਣ ਹੀ ਸਾਨੂੰ ਗੁਰੂ ਨਾਨਕ ਬਾਣੀ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਵਿਚ ਸਹਾਈ ਹੋ ਸਕਦਾ ਹੈ।

1. ਸੰਚਾਰ ਇਕਾਈਆਂ

ਜਿਵੇਂ ਕਿ ਅਸੀਂ ਉਪਰ ਜ਼ਿਕਰ ਕਰ ਆਏ ਹਾਂ ਕਿ ਗੁਰੂ ਨਾਨਕ ਬਾਣੀ ਨੂੰ ਇਕ ਸੰਚਾਰ ਕਿਰਤ ਵਜੋਂ ਕਾਰਜਸ਼ੀਲ ਕਰਨ ਵਿਚ ਇਸ ਬਾਣੀ ਦੀ ਸੰਕਲਨ ਤੇ ਸੰਪਾਦਨਾ ਵੀ ਸਹਾਈ ਹੋ ਰਹੀ ਹੈ। ਵੱਖ ਵੱਖ ਸੰਕੇਤ, ਸਿਰਲੇਖ ਆਪਣੇ ਆਪ ਵਿਚ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦਾ ਅਨਿੱਖੜ ਅੰਗ ਹਨ ਅਤੇ ਇਹ ਭਿੰਨ ਭਿੰਨ ਸੰਚਾਰ ਇਕਾਈਆਂ ਵਜੋਂ ਕਾਰਜਸ਼ੀਲ ਹਨ। ਗੁਰੂ ਨਾਨਕ ਬਾਣੀ ਵਿਚ ਅੰਕਿਤ ਸਿਰਲੇਖਾਂ ਨੂੰ ਕ੍ਰਮਵਾਰ ਨਾ ਵਿਚਾਰਦਿਆਂ ਇਹਨਾਂ ਨੂੰ ਇਹਨਾਂ ਦੀ ਸੰਚਾਰਮੁਖੀ ਕਾਰਜਸ਼ੀਲਤਾ ਦੇ ਪ੍ਰਸੰਗ ਵਿਚ ਵਾਚਣ ਲਈ ਅਸੀਂ ਆਪਣਾ ਅਧਿਐਨ 'ਰਹਾਉ' ਤੋਂ ਸ਼ੁਰੂ ਕਰ ਰਹੇ ਹਾਂ ਕਿਉਂਜੋ 'ਰਹਾਉ' ਦਾ ਇਹਨਾਂ ਸੰਚਾਰ ਇਕਾਈਆਂ ਤੇ ਸੰਚਾਰ ਪ੍ਰਬੰਧ ਵਿਚ ਕੇਂਦਰਕਾਰੀ ਮਹੱਤਵ ਹੈ।

1.1 ਰਹਾਉ: ਬਾਣੀ ਦੇ ਸੰਚਾਰ ਵਿਧਾਨ ਵਿਚ 'ਰਹਾਉ' ਦਾ ਕੇਂਦਰਕਾਰੀ ਮਹੱਤਵ ਵਿਸ਼ਿਸ਼ਟ ਪਹਿਲੂਆਂ ਸਹਿਤ ਉਜਾਗਰ ਹੁੰਦਾ ਹੈ। ਇਸ ਸਰਵਪ੍ਰਵਾਣਿਤ ਤੱਥ ਨੂੰ ਬਾਰ ਬਾਰ ਦ੍ਰਿੜਾਉਣ ਦੀ ਲੋੜ ਨਹੀ ਭਾਸਦੀ ਕਿ ਰਹਾਉ ਵਾਲੀਆਂ ਪੰਕਤੀਆਂ ਵਿਚ ਕਿਸੇ ਵੀ ਰਚਨਾ ਦੇ ਕੇਂਦਰੀ ਭਾਵ ਮੌਜੂਦ ਹੁੰਦੇ ਹਨ। ਸੰਪਰਦਾਇ ਗਿਆਨੀ[7] ਅਤੇ ਵਿਦਵਾਨ[8] ਇਸ ਤੱਥ ਨਾਲ ਸਹਿਮਤ ਹਨ। ਇਸ ਦੇ ਕੇਂਦਰਕਾਰੀ ਸੰਚਾਰਿਕ ਸ਼ਕਤੀ ਹੋਣ ਦਾ ਦੂਸਰਾ ਤੱਥ ਸੰਰਚਨਾ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਣ ਹੈ। ਇਹ ਸੰਰਚਨਾ ਕੇਵਲ ਕਾਵਿਕ ਦ੍ਰਿਸ਼ਟੀ ਦੀ ਧਾਰਣੀ ਹੀ ਨਹੀਂ, ਸਗੋਂ ਇਸ ਵਿਚ ਸੰਗੀਤਕ ਮਹੱਤਵ ਵੀ ਮੁਖ ਤੇ ਮੂਲ ਤੌਰ ਤੇ ਵਿਦਮਾਨ ਹੈ। ਇਹਨਾਂ ਦੋਵਾਂ ਨੁਕਤਿਆਂ ਨੂੰ ਵਿਚਾਰਨ ਤੋ ਪਹਿਲਾਂ 'ਰਹਾਉ' ਦੇ ਸ਼ਾਬਦਿਕ ਤੇ ਪਰਿਭਾਸ਼ਕ ਪ੍ਰਚਲਨ ਨਾਲ ਸਾਂਝ ਜ਼ਰੂਰੀ ਹੈ।

---

7. "ਸੰਪ੍ਰਦਾਇ ਗਿਆਨੀ ਇਸ ਵਿਚਾਰ ਦੇ ਹਨ ਕਿ ਰਹਾਉ ਦੀ ਤੁਕ ਵਿਚ ਕੇਂਦਰੀ ਭਾਵ ਹੁੰਦਾ ਹੈ ਤੇ ਇਸ ਦੇ ਦੁਆਲੇ ਖ਼ਿਆਲ ਦੀ ਉਸਾਰੀ ਕੀਤੀ ਗਈ ਹੁੰਦੀ ਹੈ।"
ਗੁਰੂ ਗ੍ਰੰਥ ਸੰਕੇਤ ਕੋਸ਼ (ਪਿਆਰਾ ਸਿੰਘ ਪਦਮ), ਪੰਨਾ 283-84

8. ਗੁਰਚਰਨ ਸਿੰਘ, ਬਾਣੀ ਕੇਂਦਰ ਤੇ ਵਿਕੇਂਦਰ, ਪੰਨਾ 33

'ਰਹਾਉ' ਦੇ ਸ਼ਾਬਦਿਕ ਅਰਥ ਹਨ: ਰਹਿਣ ਦੀ ਕ੍ਰਿਆ ਜਾਂ ਇਕ ਥਾਂ ਠਹਿਰ ਜਾਣ ਦਾ ਕੰਮ, ਵਿਸ਼੍ਰਾਮ ਅਥਵਾ ਸਥਿਤੀ,[9] ਇਸ ਤੋਂ ਬਿਨਾਂ 'ਰਹਾਉ' ਦੇ ਅਰਥ ਰਹਾ, ਟੇਕ, ਸੁਰ ਜਾਂ ਪਾਠ ਕਰਨ ਦੀ ਧਾਰਨਾ ਵੀ ਹਨ।[10] ਰਾਗ ਵਿਦਿਆ ਵਿਚ ਰਹਾਉ ਨੂੰ ਸਥਾਈ ਜਾਂ ਟੇਕ ਕਿਹਾ ਜਾਂਦਾ ਹੈ।[11] ਗੁਰੂ ਨਾਨਕ ਬਾਣੀ ਦੇ ਸੰਦਰਭ ਵਿਚ ਰਹਾਉ ਤੋਂ ਭਾਵ ਟੇਕ ਜਾਂ ਸਥਾਈ ਲਿਆ ਗਿਆ ਹੈ। ਜਿਸ ਦਾ ਪ੍ਰਯੋਗ ਸ਼ਬਦ ਰਚਨਾ ਦੇ ਅਧੀਨ ਪ੍ਰਯੋਗ ਕੀਤਾ ਗਿਆ ਹੈ। ਸ਼ਬਦ ਵਿਚ 'ਰਹਾਉ' ਸੰਕੇਤ ਨਾਲ ਇਸਦੀ ਗਿਣਤੀ ਦਰਸਾਉਣ ਲਈ ਅੰਕ (੧) (੨) (੩) (੪) ਤਕ ਦਾ ਅੰਕਣ ਪ੍ਰਾਪਤ ਹੁੰਦਾ ਹੈ। ਜਿਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਸ਼ਬਦਾਂ ਵਿਚ ਖ੍ਰਿਆਲ ਦੀ ਉਸਾਰੀ ਜਦੋਂ ਇਕ ਸਿਰੇ ਤਕ ਪੁਜ ਗਈ ਹੁੰਦੀ ਹੈ, ਉਪਰਾਂਤ ਫਿਰ ਧਾਰਨਾ ਬਦਲਣ ਦੀ ਜ਼ਰੂਰਤ ਪੈਂਦੀ ਹੈ। ਇਸ ਲਈ ਇਹ ਸੰਕੇਤ ਉਪਲੱਬਧ ਹੁੰਦੇ ਹਨ। ਸੰਤਾਂ ਭਗਤਾਂ[12] ਅਤੇ ਸੂਫੀਆਂ[13] ਦੀ ਬਾਣੀ ਵਿਚ 'ਰਹਾਉ' ਜਾਂ ਟੇਕ ਦਾ ਪ੍ਰਯੋਗ ਕੀਤਾ ਗਿਆ ਪ੍ਰਾਪਤ ਹੁੰਦਾ ਹੈ। ਜਿਸ ਅਧੀਨ ਕੇਂਦਰੀ ਭਾਵ ਦੀ ਪ੍ਰਸਤੁਤੀ ਹੁੰਦੀ ਹੈ, ਪਰੰਤੂ ਇਹਨਾਂ ਦੀ ਪ੍ਰਸਤੁਤੀ ਦਾ ਸਮੁੱਚਾ ਪ੍ਰਬੰਧ ਗੁਰੂ ਨਾਨਕ ਬਾਣੀ ਦੀ ਤੁਲਨਾ ਵਿਚ ਪੂਰਨ ਵਿਗਿਆਨਿਕਤਾ ਦਾ ਧਾਰਣੀ ਨਹੀਂ ਜਿਸ ਸਦਕਾ ਕਈ ਵਾਰ ਰਹਾਉ/ਟੇਕ ਆਪਣੀ ਮਨੋਰਥ ਸਿਧੀ ਵਿਚ ਸਫ਼ਲ ਨਹੀਂ ਹੁੰਦੀ।

ਬਾਣੀ ਦੇ ਅੰਤਰਗਤ ਕਾਵਿ ਦੀ ਅਲਪਤਮ ਸੰਯੁਕਤ ਇਕਾਈ ਨੂੰ 'ਸ਼ਬਦ' ਦਾ ਨਾਮ ਦਿਤਾ ਜਾਂਦਾ ਹੈ। ਇਥੇ ਇਸ ਦਾ ਭਾਵ ਅੱਖਰ ਦੇ ਅਰਥ ਭਰਪੂਰ ਸਾਰਥਕ ਸਮੂਹ ਤੋਂ ਨਹੀਂ ਹੈ, ਸਗੋਂ ਇਹ ਕਾਵਿ ਵਿਚ ਇਕ ਤੋ ਵਧੀਕ ਕਾਵਿ ਬੰਦਾਂ (ਪਦਾਂ) ਦੀ ਸੰਯੁਕਤਾ ਦੁਆਰਾ ਹੋਂਦ ਵਿਚ ਆਉਂਦਾ ਹੈ। 'ਸ਼ਬਦ' ਦੇ ਵਿਭਿੰਨ ਸਿਰਲੇਖਾਂ ਅਤੇ ਸੰਕੇਤਾਂ ਵਿਚੋਂ ਇਕ ਸੰਕੇਤ 'ਰਹਾਉ' ਦਾ ਹੈ। ਇਹ 'ਰਹਾਉ' ਸ਼ਬਦ ਦੀ ਕੇਂਦਰਕਾਰੀ ਸ਼ਕਤੀ ਹੈ। ਇਸ ਵਿਚ ਕਿਰਤ ਦਾ ਆਤਰਿਕ ਤੇ ਕੇਂਦਰੀ ਪ੍ਰਸੰਗ ਮੌਜੂਦ ਹੈ ਜਿਸ ਦੇ ਅੰਤਰਗਤ ਅੰਤਿਮ ਸਤਿ/ਅਧਿਆਤਮਿਕ ਮੁੱਲਾਂ ਨੂੰ ਪ੍ਰਕਾਸ਼ਮਾਨ ਕੀਤਾ ਜਾਂਦਾ ਹੈ। ਇਸ ਕੇਂਦਰੀ ਤੱਤ ਨਾਲ ਸੰਚਾਲਕ ਹੋ ਕੇ ਸ਼ਬਦ ਦੇ ਬਾਕੀ ਤੱਤਾਂ ਨੇ ਕਾਰਜਸ਼ੀਲ ਹੋਣਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪ੍ਰਥਮ ਰਾਗ ਸਿਰੀ ਰਾਗ ਦੇ ਪ੍ਰਥਮ ਸ਼ਬਦ ਨੂੰ ਅਧਿਐਨ ਕਰਦਿਆਂ ਸਾਨੂੰ 'ਰਹਾਉ' ਦਾ ਉਕਤ

---

9. ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ, ਪੰਨਾ 871
10. ਪੰਜਾਬੀ ਸਾਹਿਤ ਕੋਸ਼, ਪੰਨਾ 420
11. ਗੁਰੂ ਗ੍ਰੰਥ ਕੋਸ਼, ਭਾਈ ਵੀਰ ਸਿੰਘ, ਪੰਨਾ 779
12. ਮਿਸ਼ਰ ਪਦਾਵਲੀ, ਪਦ ਸੰਖਯਾ 85, ਪੰਨਾ 37
13. ਚੋਣਵੀਆਂ ਕਾਫ਼ੀਆਂ, (ਸੰ.) ਸੁਰਿੰਦਰ ਸਿੰਘ ਕੋਹਲੀ, ਪੰਨਾ 43

ਮਹੱਤਵ ਸਹਿਜ ਹੀ ਦ੍ਰਿਸ਼ਟਮਾਨ ਹੋ ਜਾਂਦਾ ਹੈ:

ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ਰਹਾਉ॥ [14]

ਉਪਰੋਕਤ ਸ਼ਬਦ ਦਾ ਕੇਵਲ ਇਕ ਪਦਾ ਹੀ ਦਿਤਾ ਗਿਆ ਹੈ। ਸ਼ਬਦ ਦੇ ਪ੍ਰਥਮ ਪਦੇ ਤੋਂ ਬਾਅਦ ਰਹਾਉ ਦੀ ਤੁਕ ਹੈ:

ਹਰਿ ਬਿਨ ਜੀਉ ਜਲ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰ ਨਾਹੀ ਥਾਉ॥ [15]

'ਰਹਾਉ' ਦੀ ਇਸ ਤੁਕ ਤੋਂ ਬਾਅਦ ਪਦਾ ੨,੩,੪ ਆਉਂਦੇ ਹਨ। 'ਰਹਾਉ' ਦੀ ਉਪਰੋਕਤ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੈ। ਇਸ ਦੇ ਸ਼ਾਬਦਿਕ ਅਰਥ ਇਸ ਪ੍ਰਕਾਰ ਹਨ ਕਿ ਮੈਂ ਆਪਣੇ ਗੁਰੂ ਨੂੰ ਪੁੱਛ ਕੇ ਵੇਖ ਲਿਆ ਹੈ। ਪ੍ਰਭੂ ਤੋਂ ਵਿਛੜ ਕੇ ਜਿੰਦ ਸੜ ਬਲ ਜਾਂਦੀ ਹੈ (ਤੇ ਪ੍ਰਭੂ ਦੀ ਯਾਦ ਤੋਂ ਬਿਨਾਂ) ਹੋਰ ਕੋਈ ਥਾਂ (ਭੀ) ਨਹੀਂ ਹੈ, ਜਿਥੇ ਉਹ ਸੜ ਮੁਕ ਸਕੇ। 'ਰਹਾਉ' ਤੋਂ ਪਹਿਲਾਂ ਪ੍ਰਥਮ ਪਦੇ ਦੇ ਸ਼ਾਬਦਿਕ ਅਰਥਾਂ ਤੋਂ ਇਹ ਭਾਵ ਸਪਸ਼ਟ ਹੁੰਦੇ ਹਨ ਕਿ ਜੇ ਮੇਰੇ ਵਾਸਤੇ ਮੋਤੀਆਂ ਦੇ ਮਹਲ ਉਸਰ ਪੈਣ, ਜੇ ਉਹ ਮਹਿਲ ਮਾੜੀਆਂ ਰਤਨਾਂ ਨਾਲ ਜੜੀਆਂ ਹੋਣ, ਜੇ ਉਨ੍ਹਾਂ ਦੀ ਕਸਤੂਰੀ ਕੇਸਰ ਤੇ ਚੰਦਨ ਆਦਿ ਨਾਲ ਲਿਪਾਈ ਕਰ ਕੇ ਮੈਨੂੰ ਚਾਅ ਚੜ੍ਹੇ। ਇਹ ਵੇਖ ਕੇ ਕਿਤੇ ਮੈਂ ਤੈਨੂੰ ਭੁਲਾ ਨਾ ਬੈਠਾਂ। ਕਿਧਰੇ ਤੂੰ ਮੈਨੂੰ ਵਿਸਰ ਨਾ ਜਾਵੇਂ, ਕਿਧਰੇ ਤੇਰਾ ਨਾਮ ਮੇਰੇ ਚਿਤ ਵਿਚ ਟਿਕੇ ਹੀ ਨਾ ਕਿਉਂਕਿ ਮੈਂ ਆਪਣੇ ਗੁਰੂ ਨੂੰ ਪੁਛ ਕੇ ਵੇਖ ਲਿਆ ਹੈ ਕਿ ਪ੍ਰਭੂ ਤੋਂ ਵਿਛੜ ਕੇ ਜਿੰਦ ਸੜ ਬਲ ਜਾਂਦੀ ਹੈ (ਤੇ ਪ੍ਰਭੂ ਦੀ ਯਾਦ ਤੋਂ ਬਿਨਾਂ) ਹੋਰ ਕੋਈ ਥਾਂ (ਭੀ) ਨਹੀਂ ਹੈ (ਜਿਥੇ ਉਹ ਸੜ ਮੁਕ ਸੁਕੇ) ਉਕਤ ਪਦੇ

14. ਆਦਿ ਗ੍ਰੰਥ, ਪੰਨਾ 14

15. ਉਹੀ, ਪੰਨਾ 14

ਵਿਚ 'ਰਹਾਉ' ਵਿਚਲੇ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਲਈ ਪਦੇ ਦੀਆਂ ਪੰਕਤੀਆਂ ਦਲੀਲ ਯੁਕਤ ਭਾਵ ਪ੍ਰਗਟਾਉਂਦੀਆਂ ਹੋਈਆਂ 'ਰਹਾਉ' ਦੇ ਸਤਿ ਨੂੰ ਦ੍ਰਿੜਾ ਰਹੀਆਂ ਹਨ। ਇਸ ਪ੍ਰਕਾਰ ਪਦਾ ੨,੩, ੪ ਵੀ 'ਰਹਾਉ' ਦੇ ਉਕਤ ਸੰਦੇਸ਼ ਨੂੰ ਹੀ ਦਲੀਲ ਸਹਿਤ ਉਜਾਗਰ ਕਰਨ ਹਿਤ ਕਾਰਜਸ਼ੀਲ ਹੁੰਦੇ ਹਨ।

'ਰਹਾਉ' ਦਾ ਪ੍ਰਯੋਗ ਸ਼ਬਦ ਬਾਣੀ ਦੇ ਅੰਤਰਗਤ ਇਕ ਤੋਂ ਵਧੀਕ ਵਾਰ ਵੀ ਹੋਇਆ ਮਿਲਦਾ ਹੈ।[16] ਇਥੇ 'ਰਹਾਉ' ਦੀ ਮਹੱਤਾਹੋਰ ਵੀ ਵਧੇਰੇ ਹੈ ਕਿਉਂਜੋ ਜਿਥੇ ਕਿਸੇ ਸ਼ਬਦ ਵਿਚ ਭਾਵ ਪਰਿਵਰਤਨ ਹੋ ਗਿਆ ਹੈ, ਜਾਂ ਸ਼ਬਦ ਵਿਚ ਦਰਸਾਈ ਸਮੱਸਿਆ ਦਾ ਤਰਕਯੁਕਤ ਸਮਾਧਾਨ ਕਰ ਦਿੱਤਾ ਗਿਆ ਹੈ ਤਾਂ ਉਸ ਭੇਦ ਜਾਂ ਸਮੱਸਿਆ ਦੇ ਹਲ ਉਪਰਾਂਤ ਸਮਾਧਾਨ ਨੂੰ ਦ੍ਰਿੜ ਕਰਾਉਣ ਲਈ ਇਕ ਤੋਂ ਵਧੀਕ ਵਾਰ 'ਰਹਾਉ' ਦਾ ਪ੍ਰਯੋਗ ਕਰ ਲਿਆ ਜਾਂਦਾ ਹੈ। ਇਸ ਪ੍ਰਕਾਰ 'ਰਹਾਉ' ਸ਼ਬਦ ਦੇ ਅੰਤਰ ਨਿਹਤ ਸੰਦੇਸ਼ ਦੀ ਮੂਲ ਭਾਵਨਾ ਨੂੰ ਸਪਸ਼ਟ ਤੌਰ ਤੇ ਦ੍ਰਿੜਾਉਣ ਉਘਾੜਨ ਤੇ ਤਰਕਯੁਕਤ ਵਿਧੀ ਦੁਆਰਾ ਪ੍ਰਕਾਸ਼ਮਾਨ ਕਰਨ ਹਿਤ ਨਿਰੰਤਰ ਕਾਰਜਸ਼ੀਲ ਰਹਿੰਦਾ ਹੈ।

ਭਾਸ਼ਾਈ ਦ੍ਰਿਸ਼ਟੀ ਤੋਂ 'ਰਹਾਉ' ਦਾ ਮਹੱਤਵ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਜੋ ਭਾਸ਼ਾ ਦੀਆਂ ਅਭਿਵਿਅੰਜਨ ਵਿਧੀਆਂ ਪ੍ਰਸ਼ਨੋਤਰ ਅਤੇ ਸੰਬੋਧਨ ਵਿੱਚ 'ਰਹਾਉ' ਦੀ ਕਾਰਜਸ਼ੀਲਤਾ ਵਧੇਰੇ ਪ੍ਰਭਾਵਸ਼ਾਲੀ ਰੂਪ ਵਿਚ ਦ੍ਰਿਸ਼ਟਮਾਨ ਹੁੰਦੀ ਹੈ। ਇਥੇ 'ਰਹਾਉ' ਦੀ ਤੁਕ 'ਸੰਬੋਧਨਯੁਕਤ ਰਹਾਉ' ਜਾਂ 'ਪ੍ਰਸ਼ਨਯੁਕਤ ਰਹਾਉ' ਦੇ ਰੂਪ ਵਿਚ ਹੁੰਦੀ ਹੈ। ਸ਼ਬਦ ਬਾਣੀ ਦੀ ਕਿਰਤ ਵਿੱਚ ਜਦੋਂ 'ਰਹਾਉ' ਨੂੰ ਇਸ ਪ੍ਰਕਾਰ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਪਦੇ ਦੀਆਂ ਬਾਕੀ ਤੁਕਾਂ ਪ੍ਰਥਮ ਰੂਪ ਵਿਚ ਉਸ ਪ੍ਰਸ਼ਨ ਦਾ ਪ੍ਰਸੰਗ ਤੇ ਫੇਰ ਦਲੀਲ ਯੁਕਤ ਉਤਰ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ। ਇਸ ਪ੍ਰਕਾਰ ਸੰਬੋਧਨਯੁਕਤ ਤੇ ਪ੍ਰਸ਼ਨੋਤਰ ਰੂਪ ਵਿਚ ਰਹਾਉ ਵਿਚ ਆਉਣ ਵਾਲੀ ਇਸ 'ਰਹਾਉ' ਦੀ ਤੁਕ ਤੋਂ ਬਾਅਦ ਸ਼ਬਦ ਬਾਣੀ ਵਿਚ ਇਕ ਹੋਰ 'ਰਹਾਉ' ਦੀ ਤੁਕ ਜ਼ਰੂਰ ਹੋਵੇਗੀ ਜਿਸ ਦੁਆਰਾ ਸ਼ਬਦ ਦੇ ਸਤਿ ਨੂੰ ਪ੍ਰਗਟਾਇਆ ਜਾਂਦਾ ਹੈ ਅਤੇ ਇਸ ਸਤਿ ਨੂੰ ਦ੍ਰਿੜਾਉਣ ਅਤੇ ਮਨ ਵਿਚ ਵਸਾਉਣ ਲਈ ਬਾਕੀ ਦੇ ਪਦੇ ਵਿਚਲੇ ਭਾਵਾਂ ਨੂੰ ਤਰਕਯੁਕਤ ਉਦਾਹਰਣ ਸਹਿਤ ਪ੍ਰਸਤੁਤ ਕੀਤਾ ਜਾਂਦਾ ਹੈ। ਇਸ ਪ੍ਰਕਾਰ ਕਾਵਿ ਦੇ ਅੰਤਰਗਤ ਕਾਵਿਕ ਅਤੇ ਭਾਸ਼ਾਈ ਵਿਧੀ ਦਾ ਇਹ ਵਿਲੱਖਣ ਪ੍ਰਯੋਗ ਆਪਣੇ ਕਲਾਤਮਿਕ ਗੁਣਾਂ ਸੰਗ ਮੌਲਿਕ ਵਿਧਾ ਦਾ ਧਾਰਣੀ ਹੁੰਦਾ ਹੈ। ਸੰਗੀਤਕ ਦ੍ਰਿਸ਼ਟੀ ਤੋਂ ਰਹਾਉ ਦੀ ਤੁਕ ਦਾ ਅਧਿਐਨ ਕਰੀਏ ਤਾਂ ਰਹਾਉ ਗਾਇਨ ਪ੍ਰਕ੍ਰਿਆ ਦੀ ਪ੍ਰਥਮ ਤੇ ਵਿਸ਼ਸ਼ਿਟ ਇਕਾਈ ਹੈ। ਬਾਣੀ ਵਿਚ ਰਹਾਉ ਦਾ ਉਹੀ ਮਹੱਤਵ ਹੈ ਜਿਹੜਾ ਗਾਇਨ ਦੀ ਦ੍ਰਿਸ਼ਟੀ ਤੋਂ 'ਪ੍ਰਬੰਧ' ਤੇ 'ਧਰੁਪਦ' ਵਿਚ 'ਧਰੁਵ' ਦਾ ਹੈ। 'ਪ੍ਰਬੰਧ ਗਾਇਨ' ਅਤੇ

---

16. ਆਦਿ ਗ੍ਰੰਥ, ਵੇਖੋ ਪੰਨਾ 25, 356, 903 ਆਦਿ

'ਧਰੁਪਦਗਾਇਨ' ਦੇ ਧਾਤੂ ਨਿਯਮਾਂ ਅਨੁਸਾਰ ਉਦਗ੍ਰਾਹ, ਮੇਲਾਪਕ, ਧਰੁਪ ਸੰਚਾਰੀ ਤੇਆਭੋਗ ਪ੍ਰਬੰਧ ਦੇ ਵਿਭਿੰਨ ਅੰਗ ਹਨ। ਇਹਨਾਂ ਵਿਚੋ 'ਧਰੁਵ' ਅਜਿਹਾ ਅੰਗ ਹੈ ਜੋ ਰਚਨਾ ਦਾ ਕੇਂਦਰੀ ਧੁਰਾ ਜਾਂ ਸੰਚਾਲਕ ਹੈ। ਮੱਧਕਾਲੀਨ ਧਰੁਪਦ ਸ਼ੈਲੀ ਦੀ ਇਕ ਪਰਿਭਾਸ਼ਾ ਅਨੁਸਾਰ ਧਰੁਪਦ ਨੂੰ 'ਧ੍ਰਵਪਦ' ਭਾਵ 'ਅਟਲ' ਜਾਂ 'ਚਿਰਸਥਾਈ' ਕਿਹਾ ਗਿਆ ਹੈ ਅਤੇ ਇਸ ਦੇ ਨਾਲ ਹੀ ਅਚਲ, ਅਟਲ ਚਿਰ-ਸਥਾਈ ਪਦ ਨੂੰ ਈਸ੍ਵਰ ਨਾਲ ਅੰਤਰ ਸੰਬੰਧਿਤ ਕੀਤਾ ਗਿਆ ਹੈ। ਪ੍ਰਭੂ ਨਾਮ ਹੀ ਅਚਲ ਅਟਲ ਤੇ ਚਿਰਸਥਾਈ ਹੈ ਅਤੇ ਉਸਦੇ ਗੁਣ ਕੀਰਤਨ ਸੂਚਕ ਪਦ ਨੂੰ ਧ੍ਰੁਪਦ ਜਾਂ ਧਰੁਵਪਦ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।[17] ਇਸ ਪ੍ਰਕਾਰ ਉਹ ਪਦ ਜੋ ਅਟਲ, ਅਚਲ ਚਿਰ ਸਥਾਈ ਹੋਵੇ ਧਰੁਵ ਅਖਵਾਉਂਦਾ ਹੈ।

ਗੁਰੂ ਨਾਨਕ ਬਾਣੀ ਅਤੇ ਹੋਰ ਮਧਕਾਲੀਨ ਕਾਵਿ ਪਰੰਪਰਾਵਾਂ ਵਿਚ ਇਕ ਪਦ ਨੂੰ ਧਰੁਵ ਰਖਕੇ ਸਥਾਈ ਰੂਪ ਵਿਚ ਰਹਾਉ ਜਾਂ ਟੇਕ ਦੇਨਾਮ ਅਧੀਨ ਰੂਪਾਂਤਰਿਤ ਕੀਤਾ ਗਿਆ ਹੈ। ਜਿਸ ਦੇ ਦੁਆਲੇ ਗਾਇਨ/ਵਿਚਾਰ ਦੀ ਸੰਪੂਰਨ ਕਾਰਜ ਪ੍ਰਕ੍ਰਿਆ ਗਤੀਮਾਨ ਰਹਿੰਦੀ ਹੈ। ਇਸ ਸਥਾਈ ਪਦ ਦੇ ਸੰਦੇਸ਼/ਵਿਚਾਰ ਦੇ ਬੋਧ ਤੇ ਅਨੁਭਵ ਦੁਆਰਾ ਹੀ ਬਾਣੀ ਕਿਰਤ/ਸ਼ਬਦ ਨੂੰ ਸਮਝਿਆ ਜਾ ਸਕਦਾ ਹੈ। ਇਸ ਦੀ ਅਵਗਿਆ ਹੋਣ ਦੀ ਸੂਰਤ ਵਿਚ ਬਾਣੀ ਕਿਰਤ ਦੇ ਅਰਥਾਂ ਨੂੰ ਪੂਰਨ ਰੂਪ ਵਿਚ ਸਮਝ ਸਕਣਾ ਨਾ-ਮੁਮਕਿਨ ਹੈ। 'ਰਹਾਉ' ਦੇ ਉਕਤ ਕਾਵਿਕ, ਭਾਸ਼ਕ ਤੇ ਸੰਗੀਤਕ ਮਹੱਤਵ ਤੋਂ ਸਹਿਜ ਹੀ ਦ੍ਰਿਸ਼ਟਮਾਨ ਹੋ ਰਿਹਾ ਹੈ ਕਿ 'ਰਹਾਉ' ਸ਼ਬਦ ਵਿਚਲੀ ਅਜਿਹੀ ਸੰਚਾਲਕ ਸ਼ਕਤੀ ਹੈ ਜੋ ਆਪਣੀਆਂ ਪੂਰਨ ਸਮਰਥਾਵਾਂ ਸਹਿਤ ਕਾਰਜਸ਼ੀਲ ਹੈ। ਇਸ ਦੇ ਪ੍ਰਥਮ ਰੂਪ ਵਿਚ ਸ਼ਬਦ ਦਾ ਕੇਂਦਰੀ ਭਾਵ/ਸੰਦੇਸ਼ ਮੌਜੂਦ ਹੈ। ਦੂਸਰੇ ਰੂਪ ਵਿਚ ਇਹ ਵਿਭਿੰਨ ਭਾਸ਼ਾਈ ਅਭਿਵਿਅੰਜਨ ਵਿਧੀਆਂ ਦੁਆਰਾ ਬਹੁਮੰਤਵੀ ਹੋ ਨਿਬੜਦਾ ਹੈ ਅਤੇ ਆਪਣੇ ਤੀਸਰੇ ਮਹੱਤਵਪੂਰਨ ਰੂਪ ਵਿਚ 'ਰਹਾਉ' ਵਾਲੀ ਤੁਕ ਨੂੰ ਗਾਇਨ ਦੇ ਆਰੰਭ ਵਿਚ ਅਤੇ ਹਰ ਅੰਤਰੇ/ਪਦੇ ਤੋਂ ਬਾਅਦ ਬਾਰ ਬਾਰ ਗਾਉਣਾ ਹੈ। ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ 'ਰਹਾਉ' ਦੀ ਉਕਤ ਬਹੁਮੰਤਵੀ ਕਾਰਜ ਪ੍ਰਕ੍ਰਿਆ ਸਮਿਲਤ ਤੇ ਸੰਯੁਕਤ ਰੂਪ ਵਿਚ ਕੇਂਦਰੀ ਸੰਚਾਲਕ ਸ਼ਕਤੀ ਵਜੋਂ ਦ੍ਰਿਸ਼ਟ-ਮਾਨ ਹੁੰਦੀ ਹੈ ਜਿਸ ਨੂੰ ਨਿਮਨਲਿਖਤ ਸ਼ਬਦ ਦੇ ਅਧਿਐਨ ਦੁਆਰਾ ਪ੍ਰਸਤੁਤ ਕੀਤਾ ਜਾ ਰਿਹਾ ਹੈ:

ਸਿਰੀ ਰਾਗੁ ਮਹਲਾ ੧ ਘਰੁ ੫॥
ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥

---

17. ਚੋਧਰੀ, ਵਿਮਲਕਾਂਤ ਰਾਏ, ਸੰਗੀਤ ਕੋਸ਼, ਪੰਨਾ 65

ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ।।1।।
ਬਿਨੁ ਤੇਲ ਦੀਵਾ ਕਿਉ ਜਲੈ।।1।।ਰਹਾਉ।।
ਪੋਥੀ ਪੁਰਾਣ ਕਮਾਈਐ।।
ਭਉ ਵਟੀ ਇਤੁ ਤਨਿ ਪਾਈਐ।।
ਸਚੁ ਬੂਝਣੁ ਆਣਿ ਜਲਾਈਐ।।2।।
ਇਹੁ ਤੇਲੁ ਦੀਵਾ ਇਉ ਜਲੈ।।
ਕਰ ਚਾਨਣੁ ਸਾਹਿਬ ਤਉ ਮਿਲੈ।।1।।ਰਹਾਉ।।
ਇਤੁ ਤਨਿ ਲਾਗੈ ਬਾਣੀਆ।।
ਸੁਖੁ ਹੋਵੈ ਸੇਵ ਕਮਾਣੀਆ।।
ਸਭ ਦੁਨੀਆ ਆਵਣ ਜਾਣੀਆ।।3।।
ਵਿਚਿ ਦੁਨੀਆ ਸੇਵ ਕਮਾਈਐ।।
ਤਾ ਦਰਗਹ ਬੈਸਣੁ ਪਾਈਐ।।
ਕਹੁ ਨਾਨਕ ਬਾਹ ਲੁਡਾਈਐ।।4।।[18]

ਉਪਰੋਕਤ ਸ਼ਬਦ ਦਾ ਉਚਾਰਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਦੇ ਵਿੱਚ ਕੀਤਾ ਹੈ। ਇਸ ਸ਼ਬਦ ਦਾ ਕਾਵਿ ਰੂਪ ਪਦਾ ਹੈ। ਕ੍ਰਮਵਾਰ ਇਕ ਤੋਂ ਚਾਰ ਪਦਿਆਂ ਦੀ ਸੰਯੁਕਤਾ ਨੂੰ 1,2, 3,4 ਦੇ ਅੰਕਣ ਦੁਆਰਾ ਨਿਰਦੇਸ਼ਤ ਕੀਤਾ ਗਿਆ ਹੈ। ਇਸ ਵਿਚ 'ਰਹਾਉ' ਦਾ ਪ੍ਰਯੋਗ ਦੋ ਵਾਰ ਪ੍ਰਾਪਤ ਹੋ ਰਿਹਾ ਹੈ। ਪ੍ਰਥਮ ਪਦੇ ਦੇ ਇਕ ਅੰਕਣ ਤੋਂ ਉਪਰਾਂਤ ਤੇ ਫੇਰ ਦੂਸਰੇ ਪਦੇ ਦੇ ਸਮਾਪਤ ਹੋਣ ਤੋਂ ਬਾਅਦ। ਬਾਣੀ ਦੇ ਪ੍ਰਸਤੁਤੀ ਵਿਧਾਨ ਦੇ ਅੰਤਰਗਤ 'ਰਹਾਉ' ਦਾ ਦੋ ਵਾਰ ਪ੍ਰਯੋਗ ਇਸਦੀ ਵਿਸ਼ਿਸ਼ਟਤਮ ਕਾਰਜ ਪ੍ਰਕ੍ਰਿਆ ਵਲ ਸਿੱਧਾ ਸੰਕੇਤ ਹੈ। ਉਕਤ ਸ਼ਬਦ ਦਾ ਪਹਿਲਾ ਰਹਾਉ ਹੈ:

ਬਿਨੁ ਤੇਲ ਦੀਵਾ ਕਿਉ ਜਲੈ।।1।।[19]

---

18. ਆਦਿ ਗ੍ਰੰਥ, ਸਿਰੀ ਰਾਗ ਮਹਲਾ 1, ਪੰਨਾ 25

19. ਉਹੀ, ਪੰਨਾ 25

ਜਿਸ ਵਿਚ ਤੇਲ ਤੋਂ ਬਿਨਾਂ ਦੀਵਾ ਬਲਦੇ ਰਹਿਣ ਦੀ ਸਮੱਸਿਆ ਹੈ। ਤੇਲ ਤੋਂ ਬਿਨਾਂ ਦੀਵਾ ਕਿਵੇਂ ਬਲਦਾ ਰਹਿ ਸਕਦਾ ਹੈ? ਬਲਦਾ ਨਹੀਂ ਰਹਿ ਸਕਦਾ। ਗੁਰੂ ਨਾਨਕ ਦੇਵ ਜੀ ਇਹ ਸਮੱਸਿਆ ਰਖ ਰਹੇ ਹਨ ਕਿ ਜੀਵਨ ਰੂਪੀ ਦੀਵਾ ਤੇਲ (ਆਤਮਿਕ ਗਿਆਨ) ਤੋਂ ਬਿਨਾਂ ਕਿਵੇਂ ਬਲਦਾ ਰਹਿ ਸਕਦਾ ਹੈ। ਇਸ 'ਰਹਾਉ' ਵਾਲੀ ਤੁਕ ਨੇ ਸਥਾਈ ਰੂਪ ਵਿਚ ਅੰਤਰੇ ਤੋਂ ਪਹਿਲਾਂ ਬਾਰ ਬਾਰ ਗਾਏ ਜਾਣਾ ਹੈ। ਇਸ ਤੋਂ ਬਾਅਦ ਅੰਤਰੇ/ਪਦੇ ਦਾ ਗਾਇਨ ਹੋਣਾ ਹੈ। ਉਪਰਾਂਤ ਫੇਰ ਉਕਤ 'ਰਹਾਉ' ਦੀ ਤੁਕ ਦਾ ਗਾਇਨ ਬਾਰ ਬਾਰ ਹੋਣਾ ਹੈ। ਗਾਇਕ ਨੇ ਜਦੋਂ ਪ੍ਰਥਮ ਰੂਪ ਵਿਚ ਬਾਰ ਬਾਰ ਪ੍ਰਸ਼ਨੋਤਰ-ਯੁਕਤ ਰਹਾਉ ਤੁਕ ਦਾ ਗਾਇਨ ਕਰਨਾ ਹੈ ਤਾਂ ਉਸ ਨੇ ਸ੍ਰੋਤੇ ਦੇ ਮਨ ਵਿਚ ਪ੍ਰਸ਼ਨ ਰੂਪੀ ਭਾਵਾਂ ਨੂੰ ਜਨਮ ਦੇਣਾ ਹੈ। ਉਪਰਾਂਤ ਪ੍ਰਥਮ ਪਦੇ ਵਿਚਲੇ ਮਾਇਆ ਦੇ ਤੀਖਣ ਪ੍ਰਭਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾਉਂਦਿਆਂ ਗਾਇਕ ਜਦੋਂ ਮੁੜ ਫੇਰ ਇਸੇ ਸਥਾਈ/ਪ੍ਰਸ਼ਨਯੁਕਤ ਰਹਾਉ ਵਲ ਪਰਤੇਗਾ ਤਾਂ ਉਹ ਉਕਤ ਵਰਣਿਤ ਪ੍ਰਸ਼ਨ ਰੂਪੀ ਭਾਵਾਂ ਦੀ ਤੀਬਰ ਜਗਿਆਸਾ ਸਰੋਤੇ ਦੇ ਮਨ ਵਿਚ ਪੈਦਾ ਕਰ ਦੇਵੇਗਾ। ਜਿਸ ਵਿਚ ਉਸ ਨੂੰ ਜੀਵਨ ਰੂਪੀ ਦੀਵੇ ਲਈ ਆਤਮਿਕ ਗਿਆਨ ਰੂਪੀ ਤੇਲ ਦਾ ਮਹੱਤਵ ਅਤੇ ਜੀਵਨ ਸਤਿ ਸੰਬੰਧੀ ਜਾਨਣ ਦੀ ਅਭਿਲਾਸ਼ਾ ਤੇ ਜਗਿਆਸਾ ਤੀਬਰਤਮ ਹੋ ਜਾਵੇਗੀ। ਦੂਸਰੇ ਪਦੇ/ਅੰਤਰੇ ਵਿਚਲੇ ਭਾਵ ਉਕਤ ਪ੍ਰਸ਼ਨ ਰੂਪ ਵਿਚ ਉਪਜੀ ਜਗਿਆਸਾ ਨੂੰ ਜੀਵਨ ਰੂਪੀ ਦੀਵੇ ਨੂੰ ਆਤਮਿਕ ਗਿਆਨ ਰੂਪੀ ਤੇਲ ਨਾਲ ਰੌਸ਼ਨ ਕਰਨ ਦੀ ਵਿਧੀ ਦਰਸਾ ਕੇ ਨਿਵਾਰਣ ਕਰ ਰਹੇ ਹਨ। ਇਹਨਾਂ ਤੁਕਾਂ (ਪਦਾ) ਦੇ ਗਾਇਨ ਤੋ ਬਾਅਦ ਫਿਰ 'ਰਹਾਉ' ਦੀ ਤੁਕ ਦਾ ਸਥਾਈ ਵਜੋਂ ਬਾਰ ਬਾਰ ਗਾਇਨ ਹੋਣਾ। ਬਾਰ ਬਾਰ ਪ੍ਰਸ਼ਨ ਨੂੰ ਦ੍ਰਿੜਾਉਣ ਤੇ ਫੇਰ ਉਸ ਦੇ ਉਤਰ ਦਾ ਸਮਾਧਾਨ ਦਲੀਲ ਸਹਿਤ ਦੇਣ ਨਾਲ ਸੰਚਾਰ ਦੀ ਇਹ ਪ੍ਰਕ੍ਰਿਆ ਇਤਨੀ ਸ਼ਕਤੀਸ਼ਾਲੀ ਹੋ ਜਾਂਦੀ ਹੈ ਕਿ ਸਰੋਤੇ ਦੇ ਮਨ ਅੰਤਰ ਭਾਵਾਂ ਦਾ ਇਕ ਵਿਸ਼ਾਲ ਮੰਡਲ ਉਸਰਦਾ ਜਾਂਦਾ ਹੈ, ਜਿਥੇ ਉਹ ਇਸ ਅਨੁਭਵ ਦੇ ਪ੍ਰਕਾਸ਼ ਨੂੰ ਮਹਿਸੂਸ ਕਰਨ ਲਈ ਅਗ੍ਰਸ਼ੀਲ ਹੋ ਜਾਂਦਾ ਹੈ।

ਦੀਵੇ ਨੂੰ ਰੋਸ਼ਨ ਕਰਨ ਦੀ ਸਮੱਸਿਆ ਦਾ ਹੱਲ ਹੋਣ ਉਪਰਾਂਤ ਸ਼ਬਦ ਦੇ ਅਗਲੇਰੇ ਪਦੇ ਵਿਚ ਭਾਵ ਪਰਿਵਰਤਨ ਹੋਣ ਦੇ ਨਾਲ ਸਥਾਈ ਲਈ ਹੋਰ ਰਹਾਉ ਦੀ ਵਿਵਸਥਾ ਹੋ ਜਾਂਦੀ ਹੈ। ਇਥੇ 'ਰਹਾਉ' 'ਪ੍ਰਸ਼ਨਯੁਕਤ ਰਹਾਉ' ਤੋਂ ਪਰਿਵਰਤਿਤ ਹੋ ਕੇ ਸ਼ਬਦ ਦੇ ਅੰਤਰੀਵੀ ਭਾਵਾਂ ਨੂੰ ਸੰਦੇਸ਼ ਰੂਪ ਵਿਚ ਸੰਚਾਰਿਤ ਕਰ ਰਿਹਾ ਹੈ। ਇਸ 'ਰਹਾਉ' ਦਾ ਗਾਇਨ ਬਾਕੀ ਦੇ ਪਦਿਆਂ ਦੇ ਗਾਇਨ ਤੋਂ ਬਾਅਦ ਉਕਤ ਵਿਧੀ ਅਨੁਸਾਰ ਹੀ ਬਾਰ ਬਾਰ ਕਰਨਾ ਹੈ। ਇਸ 'ਰਹਾਉ' ਦਾ ਅਰਥ ਹੈ ਕਿ ਅਜਿਹੇ ਤੇਲ (ਉਪਰ ਦਸੀ ਵਿਧੀ) ਵਾਲਾ ਦੀਵਾ ਇਉਂ ਬਲਦਾ (ਰੋਸ਼ਨੀ) ਹੈ ਜਿਸ

ਦੁਆਰਾ ਮਨ ਵਿਚ ਚਾਨਣ ਕਰ, ਤਦ ਹੀ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ। ਤੀਸਰਾ ਤੇ ਚੌਥਾ ਪਦਾ/ਅੰਤਰਾ ਵਿਚ ਵਰਣਿਤ ਭਾਵ ਦਲੀਲ ਯੁਕਤ ਉਕਤ ਰਹਾਉ ਵਿਚਲੇ ਭਾਵਾਂ ਦੀ ਦ੍ਰਿੜਤਾ ਨੂੰ ਦਰਸਾਉਂਦੇ ਹਨ। ਗਾਇਕ ਜਦੋਂ ਸੰਬੰਧਿਤ ਰਾਗ ਤੇ ਭਾਵ ਦੇ ਅਨੁਕੂਲ ਕਾਵਿ-ਪਦਾਂ ਦਾ ਗਾਇਨ ਕਾਕੂ ਭੇਦ ਰਾਹੀਂ ਕਰਦਾ ਹੈ ਤਾਂ ਸ਼ਬਦ ਵਿਚਲੇ ਭਾਵਾਂ ਦੀ ਪ੍ਰਸਤੁਤੀ ਵਿਚ ਵਿਭਿੰਨ ਸੰਚਾਰ ਵਿਧੀਆਂ (ਕਾਵਿ+ਸੰਗੀਤ+ਪ੍ਰਸ਼ਨੋਤਰ) ਸਿੱਧੇ ਤੌਰ ਤੇ ਕਾਰਜਸ਼ੀਲ ਹੋ ਜਾਂਦੀਆਂ ਹਨ। ਇਸ ਪ੍ਰਕਾਰ 'ਰਹਾਉ' ਬਾਣੀ ਦੇ ਸੰਚਾਰ ਪ੍ਰਬੰਧ ਦੇ ਅੰਤਰਗਤ ਸੰਚਾਰ ਦੀ ਸੰਚਾਲਕ ਸ਼ਕਤੀ ਵਜੋਂ ਕ੍ਰਿਆਸ਼ੀਲ ਹੋ ਬਾਣੀ ਦੇ ਮੌਲਿਕ ਅਨੁਸ਼ਾਸਨ ਦਾ ਧਾਰਣੀ ਬਣਦਾ ਹੈ।

1.2 <u>ਅੰਕ</u>: 'ਗੁਰੂ ਨਾਨਕ ਬਾਣੀ' ਦੇ ਅੰਤਰਗਤ ਕਿਸੇ ਸ਼ਬਦ ਨੂੰ ਸਾਧਾਰਣ ਨਜ਼ਰੀਂ ਵੇਖਿਆਂ ਹੀ ਵਿਭਿੰਨ 'ਅੰਕ' ਦ੍ਰਿਸ਼ਟੀਗੋਚਰ ਹੁੰਦੇ ਹਨ। ਅੰਕਾਂ ਦੀ ਸ਼ਬਦ ਬੁਣਤ ਵਿਚ ਖ਼ਾਸ ਮਹੱਤਾ ਹੈ। ਇਹ ਅੰਕ ਬਾਣੀ ਦੀ ਕਿਸੇ ਸ਼ਬਦ ਇਕਾਈ ਨੂੰ ਕ੍ਰਮ ਪ੍ਰਦਾਨ ਕਰਦੇ ਹੋਏ ਇਸ ਦੇ ਵਿਚਾਰ ਨੂੰ ਸਮਝਾਉਣ ਵਿਚ ਸਹਾਈ ਹੁੰਦੇ ਹਨ। ਰਹਾਉ ਤੋਂ ਬਿਨਾਂ ਹਰੇਕ ਸ਼ਬਦ ਵਿਚ ੧, ੨, ੩, ੪, ੫ ਆਦਿ ਅੰਕ ਤੁਕਾਂ ਤੋਂ ਪਿਛੋਂ ਪਾਏ ਜਾਂਦੇ ਹਨ। ਹਰੇਕ ਸ਼ਬਦ ਦਾ ਕਾਵਿ-ਰੂਪ ਇਹਨਾਂ ਅੰਕਾਂ ਦੁਆਰਾ ਹੀ ਅੰਕਣ ਕੀਤਾ ਗਿਆ ਮਿਲਦਾ ਹੈ। ਜਿਵੇਂ ਦੁਪਦੇ, ਤਿਪਦੇ, ਚਉਪਦੇ, ਅਸ਼ਟਪਦੀ ਸੋਲਹੇ ਆਦਿ ਵਿਚ ਅੰਕਾਂ ਦੀ ਗਿਣਤੀ ਕ੍ਰਮਵਾਰ ੨, ੩, ੪, ੬ ਅਤੇ ੧੬ ਹੈ। ਇਹਨਾਂ ਦੁਆਰਾ ਕਾਵਿ-ਰੂਪ ਸੰਬੰਧੀ ਵਾਕਫੀਅਤ ਵਿਚ ਹੋਰ ਆਸਾਨੀ ਹੋ ਜਾਂਦੀ ਹੈ। ਸੰਗੀਤ ਦੀ ਗਾਇਨ ਪ੍ਰਸਤੁਤੀ ਵਿਚ ਅੰਕ ਦਾ ਮਹੱਤਵ ਵਿਸ਼ੇਸ਼ ਹੈ ਜਿਵੇਂ ਉਪਰ ਵਰਣਨ ਕੀਤਾ ਜਾ ਚੁਕਾ ਹੈ ਕਿ 'ਰਹਾਉ' ਵਾਲੀ ਤੁਕ ਵਿਚ ਸੰਬੰਧਿਤ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ। ਜਿਸ ਦਾ ਗਾਇਨ ਬਾਰ ਬਾਰ ਕਰਨਾ ਹੈ ਅਤੇ ਰਹਾਉ ਦਾ ਬਾਰ ਬਾਰ ਗਾਇਨ ਸ਼ਬਦ ਦੇ ਆਰੰਭ ਵਿਚ ਤੇ ਹਰ ਅੰਤਰੇ ਤੋਂ ਪਿਛੋਂ ਕਰਨ ਦਾ ਸੰਕੇਤ ਹੈ। ਸ਼ਬਦ ਦੇ ਅੰਤਰਿਆਂ ਦਾ ਨਿਰਧਾਰਣ ਅੰਕ ਹੀ ਕਰਦੇ ਹਨ। ਸ਼ਬਦ ਦੇ ਪਹਿਲੇ ਅੰਤਰੇ ਲਈ ॥੧॥ ਦੂਜੇ ਲਈ ॥੨॥ ਤੀਸਰੇ ਲਈ ॥੩॥ ਅਤੇ ਚੌਥੇ ਲਈ ॥੪॥ ਆਦਿ ਦਾ ਸੰਕੇਤ ਹੈ। ਇਹ ਅੰਤਰਾ ਇਕ ਤੁਕ, ਦੋ ਤੁਕਾਂ ਜਾਂ ਇਸ ਤੋਂ ਵੀ ਵਧ ਹੁੰਦਾ ਹੈ। ਜੋ ਜਿਥੇ ਅੰਕ ਲਗਾ ਹੁੰਦਾ ਹੈ ਉਥੇ ਉਹ ਅੰਤਰੇ ਦੇ ਪੂਰਨ ਹੋਣ ਦਾ ਪ੍ਰਤੀਕ ਹੈ ਜਿਸ ਦਾ ਗਾਇਨ ਕਰਨਾ ਹੈ ਅਤੇ ਫਿਰ ਦਰਸਾਏ ਗਏ 'ਰਹਾਉ' ਦਾ ਗਾਇਨ ਕਰਨਾ ਹੈ। 'ਰਹਾਉ' ਦਾ ਗਾਇਨ ਜਿਥੇ ਕਿਸੇ ਕੇਂਦਰੀ ਭਾਵ/ਸੰਦੇਸ਼ ਦੀ ਪ੍ਰਸਤੁਤੀ ਕਰਦਾ ਹੈ ਉਥੇ 'ਅੰਕ' ਦਾ ਸੰਕੇਤ ਸੰਬੰਧਿਤ ਭਾਵ ਨੂੰ ਵਿਭਿੰਨ ਉਕਤੀਆਂ ਪ੍ਰਮਾਣਾਂ ਸਹਿਤ ਸੁਦ੍ਰਿੜ ਕਰਨ ਵਿਚ ਸਹਾਇਕ ਹੁੰਦਾ ਹੈ। ਇਸ ਪ੍ਰਕਾਰ ਸ਼ਬਦ ਵਿਚ 'ਰਹਾਉ' ਤੇ

'ਅੰਕ' ਬਾਣੀ ਦੇ ਆਤਰਿਕ ਸੰਗਠਨ ਅਤੇ ਇਸ ਦੀ ਸੰਚਾਰ ਪ੍ਰਕ੍ਰਿਆ ਦੇ ਅਤਿ ਮਹੱਤਵਪੂਰਨ ਅੰਗ ਹਨ।

'ਗੁਰੂ ਨਾਨਕ ਬਾਣੀ' ਨੂੰ ਸਤਹੀ ਪਧਰ ਤੇ ਵੇਖਦਿਆਂ ਕੁਝ ਕੁ ਮਹੱਤਵਪੂਰਨ ਸੰਕੇਤ ਦ੍ਰਿਸ਼ਟੀ-ਗੋਚਰ ਹੁੰਦੇ ਹਨ ਜਿਨ੍ਹਾਂ ਦੁਆਰਾ ਬਾਣੀ ਨੂੰ ਨਿਰਧਾਰਤ ਸੰਚਾਰ ਵਿਧਾਨ ਦਾ ਪ੍ਰਬੰਧ ਦਿਤਾ ਗਿਆ ਹੈ। ਇਹਨਾਂ ਵਿਚੋਂ ਰਾਗ, ਮਹਲਾ, ਘਰੁ ਕਾਵਿ-ਰੂਪ/ਗਾਇਨ ਰੂਪ ਧੁਨੀ ਆਦਿ ਵਿਸ਼ੇਸ਼ ਹਨ ਜੋ ਬਾਣੀ ਦੇ ਕਿਸੇ ਇਕਾਈ ਨੂੰ ਵਿਸ਼ਿਸ਼ਟ ਪ੍ਰਬੰਧ ਅਧੀਨ ਅਨੁਸ਼ਾਸ਼ਨਬੱਧ ਕਰਦੇ ਹਨ।

1.3 ਰਾਗ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਦੇ ਵਰਗੀਕਰਣ ਅਤੇ ਅੰਕਣ ਦਾ ਪ੍ਰਮੁੱਖ ਆਧਾਰ ਰਾਗ ਹਨ। 'ਗੁਰੂ ਨਾਨਕ ਬਾਣੀ' ਉਪਰ 'ਰਾਗ' ਸਿਰਲੇਖ ਰੂਪ ਵਿਚ ਅੰਕਿਤ ਹਨ। ਰਾਗਾਂ ਦਾ ਅੰਕਣ ਕਿਸੇ ਸਾਧਾਰਣ ਕਿਸਮ ਦਾ ਪਰੰਪਰਾਗਤ ਅਨੁਸਰਣ ਨਹੀਂ ਸਗੋਂ ਇਹ ਵਿਸ਼ਿਸ਼ਟ ਤੇ ਮੌਲਿਕ ਪਹੁੰਚ ਦਾ ਧਾਰਣੀ ਹੈ। ਬਾਣੀ ਵਿਚ ਰਾਗ ਦਾ ਪ੍ਰਯੋਗ ਦੋ ਦ੍ਰਿਸ਼ਟੀਕੋਣਾਂ ਤੋਂ ਮਹੱਤਵਪੂਰਨ ਹੈ। ਪ੍ਰਥਮ ਰੂਪ ਵਿਚ ਸੰਪਾਦਨਾ ਦੀ ਦ੍ਰਿਸ਼ਟੀ ਤੋਂ ਕਿਉਂਜੋ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮੁਖ ਆਧਾਰ ਇਸ ਦਾ ਰਾਗ ਪ੍ਰਬੰਧ/ਸੰਗੀਤ ਪ੍ਰਬੰਧ ਹੀ ਹੈ। ਗੁਰੂ ਨਾਨਕ ਬਾਣੀ ਨੂੰ ਵਿਭਿੰਨ ਰਾਗਾਂ ਅਨੁਸਾਰ ਵਰਗੀਕ੍ਰਿਤ ਕੀਤਾ ਗਿਆ ਹੈ ਜਿਨ੍ਹਾਂ ਦੇ ਅੰਤਰਗਤ ਮੁਖ ਤੌਰ ਤੇ 20 ਰਾਗ ਹਨ ਜਿਵੇਂ: ਸਿਰੀ, ਮਾਝ, ਗਉੜੀ, ਆਸਾ ਗੂਜਰੀ, ਬਿਹਾਗੜਾ ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲੁ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪਰਭਾਤੀ। ਇਹਨਾਂ 20 ਮੁੱਖ ਰਾਗਾਂ ਦੇ ਵਿਭਿੰਨ ਪ੍ਰਕਾਰ ਅੰਕਿਤ ਹਨ। ਬਾਣੀ ਵਿਚ ਰਾਗ ਦੇ ਇਹਨਾਂ ਰਾਗਾਂ ਵਿਚ ਰਾਗ ਦੀ ਪ੍ਰਕ੍ਰਿਤੀ, ਸਮਾਂ, ਮੌਸਮ ਅਤੇ ਰਾਗ-ਧਿਆਨ ਪਰੰਪਰਾ ਨੂੰ ਵੀ ਧਿਆਨ ਵਿੱਚ ਰਖਦੇ ਹੋਏ ਇਨ੍ਹਾਂ ਦੇ ਨਿਯਮਾਂ ਦਾ ਮੌਲਿਕ ਦ੍ਰਿਸ਼ਟੀਕੋਣ ਤੋਂ ਪਾਲਣ ਬਾਣੀ ਵਿਚ ਉਪਲੱਬਧ ਹੈ। ਜਿਸ ਸੰਬੰਧੀ ਅਸੀਂ ਪਿਛਲੇ ਅਧਿਆਇ ਵਿਚ ਵਿਸਤ੍ਰਤ ਵਰਨਣ ਕਰ ਆਏ ਹਾਂ। ਇਥੇ ਕੇਵਲ ਇਹ ਸਪਸ਼ਟ ਕਰਨਾ ਉਚਿਤ ਜਾਪਦਾ ਹੈ ਬਾਣੀ ਵਿਚ ਰਾਗ ਦੀ ਚੋਣ ਬਾਣੀ ਦੀ ਪ੍ਰਕ੍ਰਿਤੀ ਅਨੁਸਾਰ ਵਿਸ਼ੇਸ ਰੂਪ ਵਿੱਚ ਕੀਤੀ ਗਈ ਹੈ। ਉਦਾਹਰਣ ਦੇ ਤੌਰ ਤੇ ਗੰਭੀਰ ਕਿਸਮ ਤੇ ਵਿਸ਼ੇ ਵਾਲੀਆਂ ਬਾਣੀਆਂ ਅਤੇ ਸਨਾਤਨੀ ਪ੍ਰਕ੍ਰਿਤੀ ਵਾਲੇ ਕਾਵਿ-ਰੂਪਾਂ ਨੂੰ ਸ਼ਾਸਤਰੀ ਰਾਗਾਂ ਅਧੀਨ ਨਿਬੱਧ ਕੀਤਾ ਗਿਆ ਹੈ। ਜਦੋਂ ਕਿ ਦੇਸੀ ਰਾਗਾਂ ਦਾ ਇਸਤੇਮਾਲ ਜੀਵਨ ਦੇ ਸਾਧਾਰਣ ਪਹਿਲੂਆਂ ਨੂੰ ਜੋੜਨ ਵਾਲੀਆਂ ਬਾਣੀਆਂ ਦੇ ਅੰਤਰਗਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬਾਣੀ ਦੀ ਪ੍ਰਕ੍ਰਿਤੀ ਭਾਵ ਚਿਤਰਣ ਅਤੇ ਵਿਸ਼ੇ ਦਾ ਨਿਰੂਪਣ ਕਰਨ ਲਈ ਰਾਗ ਦੇ ਸਮੇਂ ਮੌਸਮ ਦਾ ਨਿਰਧਾਰਣ ਵੀ ਵਿਸ਼ੇਸ਼ ਰੂਪ ਵਿਚ ਪ੍ਰਾਪਤ ਹੁੰਦਾ ਹੈ। ਰਾਗ ਦਾ ਉਪਰੋਕਤ ਪ੍ਰਯੋਗ ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ ਅਹਿਮ ਤੱਤ ਹੈ। ਜਿਸ ਦੀ ਅਪਾਰ ਗੁਣਾਤਮਕ ਸ਼ਕਤੀ ਬਾਣੀ ਦੇ ਅੰਤਰੀਵੀ ਸੰਦੇਸ਼ ਦਾ ਬੋਧ

ਕਰਾਉਣ ਵਿੱਚ ਸਹਾਇਕ ਹੁੰਦੀ ਹੈ।

1.4 ਘਰੁ: ਗੁਰੂ ਨਾਨਕ ਬਾਣੀ ਵਿੱਚ ਰਾਗ ਤੋਂ ਬਾਅਦ ਅਗਲਾ ਸੰਕੇਤ ਘਰੁ ਹੈ। ਬਾਣੀ ਵਿਚ ਘਰੁ ੧ ਘਰੁ ੨ ਘਰੁ ੩ ਆਦਿ ਸਿਰਲੇਖ ਵਰਤੇ ਜਾਂਦੇ ਹਨ। ਆਦਿ ਗ੍ਰੰਥ ਵਿਚ ਘਰੁ ਦੀ ਕੁਲ ਗਿਣਤੀ ੧੭ ਹੈ। ਘਰੁ ਸੰਬੰਧੀ ਉਪਲੱਬਧ ਖੋਜ ਦੇ ਆਧਾਰ ਤੇ ਵਧੇਰੇ ਵਿਦਵਾਨਾਂ ਨੇ ਇਸ ਨੂੰ ਤਾਲ ਹੀ ਸਵੀਕਾਰਿਆ ਹੈ। ਪ੍ਰਸਿਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਘਰੁ ਨੂੰ ਪਰਿਭਾਸ਼ਿਤ ਕਰਦਿਆਂ ਹੋਇਆਂ ਲਿਖਦੇ ਹਨ, "ਗੁਰਮਤਿ ਸੰਗੀਤ ਅਨੁਸਾਰ ਘਰੁ ਦੇ ਦੋ ਅਰਥ ਹਨ ਇਕ ਤਾਲ, ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ।"[20] ਘਰ ਨੂੰ ਤਾਲ ਦੇ ਰੂਪ ਵਿਚ ਸਵੀਕਾਰ ਕਰਨ ਵਾਲੇ ਵਿਦਵਾਨਾਂ ਦਾ ਮੱਤ ਹੈ ਕਿ ਇਹ ਪ੍ਰਥਾ ਈਰਾਨੀ ਤਾਲ ਪੱਧਤੀ ਤੋਂ ਪ੍ਰਭਾਵਿਤ ਜਾਪਦੀ ਹੈ। ਈਰਾਨੀ ਤਾਲ ਪੱਧਤੀ ਵਿਚ ਵਿਭਿੰਨ ਤਾਲ ਰੂਪਾਂ ਨੂੰ ਇਕ ਗਾਹ, ਦੋ ਗਾਹ, ਸਿਹ ਗਾਹ, ਚਹਾਰ ਗਾਹ ਆਦਿ ਆਖਿਆ ਜਾਂਦਾ ਹੈ।[21] ਇਸ ਲਈ ਸੰਭਵ ਹੈ ਕਿ ਗੁਰੂ ਸਾਹਿਬ ਨੇ ਵੀ 'ਗਾਹ' ਜਿਸ ਦਾ ਅਰਥ 'ਘਰ' ਹੈ ਤਾਲ ਦਰਸਾਉਣ ਲਈ ਪ੍ਰਯੋਗ ਕੀਤਾ ਹੋਵੇ। ਇਕ ਹੋਰ ਮੱਤ ਅਨੁਸਾਰ ਫਾਰਸੀ ਬਹਿਰ ਦੀ ਬੁਨਿਆਦਉਤੇ ਹਜ਼ਰਤ ਅਮੀਰ ਖੁਸਰੋ ਨੇ ਸਤਾਰਾਂ ਤਾਲ ਈਜਾਦ ਕੀਤੇ ਜਿਨ੍ਹਾਂ ਦੇ ਨਾਮ ਕ੍ਰਮਵਾਰ ਪਸ਼ਤੋ, ਜ਼ੋਬਹਾਰ, ਕੱਵਾਲੀ, ਸੂਲਫਖ਼ਤਾ, ਜਤ, ਜਲਦਤਿਤਾਲਾ, ਸਵਾਰੀ, ਆੜਾ ਚੌਤਾਲ, ਝੂਮਰਾ, ਜੁਮਾਨੀ ਸਵਾਰੀ, ਦਾਸਤਾਨ, ਖ਼ਮਸ, ਫ਼ਰਦੋਸਤ, ਕੈਦ, ਪਹਲਵਾਨ, ਪਟ ਅਤੇ ਚਪਕ ਹਨ। ਇਹ ਤਾਲ ਲਗਭਗ ਹਿੰਦੁਸਤਾਨੀ ਤਾਲਾਂ ਦੇ ਸਮਾਨ ਰੂਪ ਹੀ ਸਨ ਜੋ ਫਾਰਸੀ ਨਾਮਾਂ ਨਾਲ ਹੀ ਪਰਚਾਰ ਵਿਚ ਆਏ। ਇਹ ਵੀ ਕਿਹਾ ਜਾਂਦਾ ਹੈ ਕਿ ਅਮੀਰ ਖੁਸਰੋ ਨੇ ਹਿੰਦੁਸਤਾਨੀ ਪੁਰਾਣੇ ਤਾਲਾਂ ਦਾ ਜਵਾਬ ਨਿਜੀ ਤਾਲਾਂ ਵਿਚ ਵੀ ਦਿਤਾ ਸੀ।[22] ਅਮੀਰ ਖੁਸਰੋ ਦੁਆਰਾ ਪ੍ਰਚਾਰ ਵਿਚ ਲਿਆਉਂਦੇ ਗਏ ਇਹਨਾਂ ਤਾਲਾਂ ਦੀ ਗਿਣਤੀ 17 ਹੈ ਇਸ ਲਈ ਸੰਭਵ ਹੈ ਕਿ ਬਾਣੀ ਦੇ 17 ਘਰੁ ਇਹਨਾਂ ਵਿਭਿੰਨ ਤਾਲਾਂ ਦੇ ਹੀ ਰੂਪ ਹੋਣ ਜੋ ਕਾਵਿ ਦੀ ਵਿਸ਼ੇਸ਼ ਬਹਿਰ ਦੇ ਧਾਰਣੀ ਹਨ। ਕੁਝ ਵੀ ਹੋਵੇ ਵਿਦਵਾਨ ਘਰੁ ਨੂੰ ਤਾਲ ਦੇ ਰੂਪ ਵਿਚ ਸਵੀਕਾਰਦੇ ਹਨ ਜਿਸ ਨੂੰ ਸੰਚਾਰ ਵਿਧਾਨ ਵਿਚ ਸੰਗੀਤਕ ਸੰਕੇਤ ਵਜੋਂ ਅੰਕਿਤ ਕੀਤਾ ਗਿਆ ਚਾਹੇ ਵਰਤਮਾਨ ਸਮੇਂ ਇਸ ਦਾ ਪ੍ਰਚਲਨ ਤੇ ਵਿਵਹਾਰ ਪ੍ਰਯੋਗ ਸਮਾਪਤ ਹੋ ਚੁਕਾ ਹੈ ਜਿਸ ਕਰਕੇ ਇਸ ਨੂੰ ਵਿਵਹਾਰਕ ਤੌਰ ਤੇ ਵਿਸ਼ਲੇਸ਼ਿਤ ਕਰ ਸਕਣਾ ਅਸੰਭਵ ਕਾਰਜ ਹੈ, ਪਰੰਤੂ ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਬਾਣੀ ਦੇ ਸੰਚਾਰ ਵਿਧਾਨ ਅਧੀਨ ਸਿਰਲੇਖ

---

20. ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 441

21. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ), ਪੰਨਾ 4

22. ਨਿਬੰਧ ਸੰਗੀਤ, ਪੰਨਾ 557-58

ਰੂਪ ਅੰਕਿਤ ਘਰੁ ਵਿਭਿੰਨ ਤਾਲਾਂ ਦਾ ਸੰਗੀਤਕ ਸੰਕੇਤ ਹੈ।

1.5 ਕਾਵਿ/ਗਾਇਨ ਰੂਪ: ਬਾਣੀ ਦੇ ਸੰਚਾਰ ਵਿਧਾਨ ਦੇ ਅੰਤਰਗਤ 'ਰਾਗ' 'ਮਹਲਾ' ਅਤੇ ਘਰੁ ਦੇ ਸੰਕੇਤ ਨਾਲ ਹੀ ਕਾਵਿ-ਰੂਪਾਂ ਦੇ ਵਿਭਿੰਨ ਸੰਕੇਤ ਪ੍ਰਾਪਤ ਹੁੰਦੇ ਹਨ। ਇਹ ਕਾਵਿ ਰੂਪ ਆਪੋ ਆਪਣੀ ਨਿਰਧਾਰਤ ਗਾਇਨ ਸ਼ੈਲੀ ਦੇ ਧਾਰਣੀ ਹਨ। ਗੁਰੂ ਨਾਨਕ ਬਾਣੀ ਵਿਚ ਸਨਾਤਨੀ ਅਤੇ ਲੋਕ ਕਾਵਿ ਰੂਪਾਂ ਦੇ ਵਿਭਿੰਨ ਸਿਰਲੇਖ ਪ੍ਰਯੋਗ ਕੀਤੇ ਗਏ ਹਨ। ਜਿਨ੍ਹਾਂ ਵਿਚੋਂ ਪਦੇ, ਅਸਟਪਦੀ, ਆਰਤੀ, ਪਟੀ ਆਦਿ ਸਨਾਤਨੀ ਕਾਵਿ-ਰੂਪ ਹਨ ਅਤੇ ਵਾਰ, ਛੰਤ, ਅਲਾਹੁਣੀਆਂ, ਸੋਲਹੇ, ਕੁਚਜੀ ਸੁਚਜੀ ਅਤੇ ਬਾਰਹਮਾਹ ਲੋਕ ਕਾਵਿ-ਰੂਪ ਹਨ।

ਬਾਣੀ ਦੇ ਸਨਾਤਨੀ ਕਾਵਿ-ਰੂਪ ਮਧਕਾਲੀਨ ਭਾਰਤੀ ਸੰਗੀਤ ਵਿਚ ਪ੍ਰਚਲਿਤ ਗਾਇਨ ਸ਼ੈਲੀਆਂ ਉਪਰ ਅਧਾਰਿਤ ਹਨ। ਸਨਾਤਨੀ ਕਾਵਿ ਪ੍ਰਾਚੀਨ ਤੇ ਵਿਸ਼ਿਸ਼ਟਤਮ ਲਛਣਾਂ ਵਾਲਾ ਸਾਹਿਤ-ਰੂਪ ਹੁੰਦਾ ਹੈ। ਜਿਸ ਦੇ ਮੂਲ ਲੱਛਣ ਇਸ ਦੇ ਚਿਰਜੀਵੀ ਤੇ ਚਿਰਸਥਾਈ ਹੋਣ ਨਾਲ ਸੰਬੰਧ ਰਖਦੇ ਹਨ ਅਤੇ ਰਚਨਾ ਪਧਰ ਉਤੇ ਇਹ ਵਿਸ਼ਿਸ਼ਟ ਨਿਯਮਾਂ ਤੇ ਬੰਧੇਜਾਂ ਦੀ ਪਾਲਣਾ ਕਰਦਾ ਹੈ। ਇਸੇ ਪ੍ਰਕਾਰ ਸ਼ਾਸਤਰੀ ਸੰਗੀਤ ਵੀ ਸ਼ਾਸਤਰ ਦਾ ਅਨੁਸਾਰੀ ਹੁੰਦਾ ਹੈ ਜਾਂ ਇਸ ਦੇ ਅਨੁਸਾਰੀ ਹੋਣ ਦੀ ਆਸ ਕੀਤੀ ਜਾਂਦੀ ਹੈ। ਬਾਣੀ ਦੇ ਅੰਤਰਗਤ ਅਸ਼ਟਪਦੀ 'ਪਦੇ' ਆਦਿ ਨਾਲ ਸੰਬੰਧਿਤ ਰਚਨਾਵਾਂ ਸਨਾਤਨੀ ਭਾਰਤੀ ਕਾਵਿ ਪਰੰਪਰਾ ਵਿਚ ਪ੍ਰਯੁਕਤ ਹੋਣ ਵਾਲੇ ਕਾਵਿ ਰੂਪ ਹਨ, ਜਿਨ੍ਹਾਂ ਦੇ ਸਰੂਪ ਨਿਯਮਤ ਕਰਨ ਲਈ ਵਰਣ, ਸੰਖਿਆ, ਲਯ, ਵਿਸ਼ਰਾਮ ਅਤੇ ਤੁਕ ਆਦਿ ਦੇ ਵਿਸ਼ੇਸ਼ ਨਿਯਮਾਂ ਦਾ ਪਾਲਣ ਕੀਤਾ ਜਾਂਦਾ ਹੈ। ਇਹ ਕਾਵਿ-ਰੂਪ ਜਿਥੇ ਸਨਾਤਨੀ ਕਾਵਿ ਨਿਯਮਾਂ ਦੇ ਅਨੁਸਾਰੀ ਹਨ ਉਥੇ ਵਿਸ਼ੇਸ਼ ਗਾਇਨ ਸ਼ੈਲੀ ਦੇ ਧਾਰਣੀ ਵੀ ਹਨ। ਪਰੰਤੂ ਇਥੇ ਇਹ ਸਪਸ਼ਟ ਕਰਨਾ ਉਚਿਤ ਹੋਵੇਗਾ ਕਿ ਬਾਣੀ ਵਿੱਚ ਸ਼ਾਸਤਰੀ ਕਾਵਿ ਰੂਪ/ ਗਾਇਨ ਰੂਪਾਂ ਦਾ ਪ੍ਰਯੋਗ ਕਿਸੇ ਸ਼ਾਸਤਰੀ ਕਟੜਤਾ ਜਾਂ ਸ਼ਾਸਤਰੀ ਸੰਗੀਤ ਦੇ ਪ੍ਰਸਤੁਤੀ-ਬੰਧੇਜ ਦਾ ਧਾਰਣੀ ਨਹੀਂ ਸਗੋਂ ਇਸ ਨੂੰ ਬਾਣੀ ਦੇ ਵਿਸ਼ੇਸ਼ ਸੰਗੀਤ ਪ੍ਰਬੰਧ ਦਾ ਅਨੁਸਾਰੀ ਬਣਾਇਆ ਗਿਆ ਹੈ। ਉਦਾਹਰਣ ਦੇ ਤੌਰ ਤੇ 'ਅਸ਼ਟਪਦੀ' ਕਾਵਿ-ਰੂਪ ਸਨਾਤਨੀ ਕਾਵਿ-ਰੂਪ ਹੈ ਅਤੇ ਇਸ ਦੀ ਗਾਇਨ – ਸ਼ੈਲੀ 'ਪ੍ਰਬੰਧ' ਹੈ। ਪ੍ਰਬੰਧ ਦੇ ਦਵੰਗ, ਵਯੰਗ, ਚਤੁਰੰਗ, ਪਚਾਂਗ ਵਰਗੇ ਵਿਭਿੰਨ ਸਰੂਪ ਪ੍ਰਚਾਰ ਵਿਚ ਰਹੇ ਹਨ ਅਤੇ ਇਸ ਲਈ ਉਦਗ੍ਰਾਹ, ਧਰੁਵ ਅਤੇ ਅੰਤਰੇ ਵਰਗੇ ਧਾਤੂਆਂ ਦਾ ਹੋਣਾ ਲਾਜ਼ਮੀ ਹੈ। 'ਪਦੇ' ਕਾਵਿ-ਰੂਪ

---

23. ਨਿਬੰਧ ਸੰਗੀਤ (ਸੰਪਾ. ਲਕਸ਼ਮੀ ਨਾਰਾਇਣ ਗਰਗ), ਪੰਨਾ 57

ਨੂੰ 'ਧਰੁਪਦ' ਅੰਗ ਤੋਂ ਗਾਉਣ ਦੀ ਪਰੰਪਰਾ ਹੈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਵੀ ਉਪਲੱਬਣ ਹੋ ਸਕਦੀਆਂ ਹਨ।

ਲੋਕ ਕਾਵਿ-ਰੂਪਾਂ ਅਤੇ ਲੋਕ ਗਾਇਨ ਸ਼ੈਲੀਆਂ ਦੇ ਆਪਸੀ ਸੰਬੰਧ ਨੂੰ ਸੰਰਚਨਾ ਦੇ ਪਧਰ ਉਤੇ ਵਿਸ਼ਲੇਸ਼ਿਤ ਕਰਨਾ ਸਾਡੇ ਵਿਸ਼ੇ ਲਈ ਅਹਿਮ ਹੈ। ਕਿਉਂਜੋ ਇਹਨਾਂ ਲੋਕ ਕਾਵਿ-ਰੂਪਾਂ ਨੂੰ ਵੀ ਸਨਾਤਨੀ ਕਾਵਿ-ਰੂਪਾਂ ਵਾਂਗੂੰ ਰਾਗ ਅਤੇ ਹੋਰ ਸੰਗੀਤ ਪ੍ਰਬੰਧਿਕ ਸੰਕੇਤਾਂ ਦੁਆਰਾ ਨਿਰਦੇਸ਼ਿਤ ਕੀਤਾ ਗਿਆ ਹੈ। ਅਜਿਹਾ ਨਿਰਧਾਰਣ ਆਪਣੇ ਆਪ ਵੀ ਨਿਵੇਕਲਾ ਤੇ ਵਿਲੱਖਣ ਹੈ। ਇਸ ਨਿਰਧਾਰਣ ਦੀ ਪ੍ਰਿਸ਼ਠਭੂਮੀ ਉਤੇ ਆਧਾਰ ਰੂਪ ਵਿਚ ਕਾਰਜ ਕਰ ਰਿਹਾ ਮੂਲ ਵਿਚਾਰ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਤੀਬਰਤਮ ਕਰਨਾ ਹੀ ਹੈ। ਇਹ ਲੋਕ ਕਾਵਿ-ਰੂਪ ਆਪੇ ਆਪਣੀ ਨਿਜੀ ਧੁਨ ਤੇ ਕਾਵਿਕ ਛੰਦਬੱਧਤਾ ਦੇ ਧਾਰਣੀ ਹਨ ਜਿਸ ਦਾ ਵਿਸ਼ੇਸ਼ ਸੁਰਾਤਮਕ ਤੇ ਲੈਆਤਮਕ ਪੈਟਰਨ ਵੀ ਸਾਡੇ ਲੋਕ ਸੰਗੀਤ ਵਿਚ ਮੌਜੂਦ ਹੈ। 'ਗੁਰੂ ਨਾਨਕ ਬਾਣੀ 'ਵਿਚ ਇਹਨਾਂ ਲੋਕ ਗਾਇਨ ਸ਼ੈਲੀਆਂ ਵਿਚਲੀ ਖੁਲ੍ਹ ਅਤੇ ਆਪਹੁਦਰੇਪਣ ਉਤੇ ਅੰਕੁਸ਼ ਲਗਾ ਕੇ ਇਸ ਵਿਚਲੀਆਂ ਸੌਂਦਰਯਮਈ ਸੰਚਾਰਸ਼ੀਲ ਸੰਭਾਵਨਾਵਾਂ ਨੂੰ ਬਾਣੀ ਦੇ ਵਿਸ਼ੇਸ਼ ਸੰਗੀਤਕ ਪ੍ਰਬੰਧ ਦਾ ਅਨੁਸਾਰੀ ਬਣਾਇਆ ਗਿਆ ਹੈ। ਉਦਾਹਰਣ ਦੇ ਤੌਰ ਤੇ ਵਾਰਾਂ, ਛੰਤ, ਅਲਾਹੁਣੀਆਂ, 'ਪਹਿਰੇ, ਸੋਲਹੇ ਆਦਿ ਲੋਕ ਗਾਇਨ ਰੂਪਾਂ ਉਪਰ ਰਾਗਾਂ ਦਾ ਅੰਕਣ, ਅਤੇ ਹੋਰ ਸੰਗੀਤਕ ਨਿਰਦੇਸ਼ ਸਾਡੇ ਉਕਤ ਵਿਚਾਰ ਦੀ ਪੁਸ਼ਟੀ ਕਰਦੇ ਹਨ।

1.6 ਜਤਿ: ਗੁਰੂ ਨਾਨਕ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਅਧੀਨ ਰਾਗ ਬਿਲਾਵਲੁ ਵਿਚ ਇਕ ਸਿਰਲੇਖ ਅੰਕਿਤ ਹੈ, 'ਬਿਲਾਵਲ ਮਹਲਾ 1 ਥਿਤੀ ਘਰੁ 10 ਜਤਿ'।[24] ਜਤਿ ਦਾ ਸੰਬੰਧ ਜੋੜੀ ਵਜਾਉਣ ਦੀ ਇਕ ਗਤ ਨਾਲ ਹੈ।[25] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੰਗੀਤ ਦੀ ਧਾਰਣ ਦਾ ਨਾਉ ਜਤਿ (ਯਤੀ) ਹੈ ਅਤੇ ਮ੍ਰਿਦੰਗ ਦੇ ਬੋਲ ਦਾ ਜਿਥੇ ਵਿਸ਼੍ਰਾਮ ਹੋਵੇ ਉਸ ਨੂੰ ਭੀ ਜਤਿ ਦੀ ਸੰਗਯਾ ਹੈ। ਡਾ. ਚਰਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਬਾਣੀ ਬਿਓਰੇ ਵਿੱਚ ਲਿਖਿਆ ਹੈ "ਜਤਿ, ਗਤਿ ਸਪਥ, ਇਹ ਤਿੰਨੇ ਜੋੜੀ ਦੇ ਕਰਤਬ ਹਨ, ਜਿਸ਼ ਵੇਲੇ ਸੱਜਾ ਹੱਥ਼ ਗਤਿ ਦਾ ਕੰਮ ਕਰੇ ਅਰਥਾਤ ਗਤ ਵਾਕਰ ਉਂਗਲੀਆਂ ਵਿਚ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਅਤੇ ਖੱਬਾ ਹੱਥ ਸਾਥ ਵਾਕਰ ਖੁਲਾਸਾ ਵਜਾਏ, ਤਾਂ ਉਸ ਨੂੰ ਜਤਿ ਕਹਿੰਦੇ ਹਨ। . . . ਜਦੋਂ ਦੋਵੇਂ ਹਥ ਖੁਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁਲ੍ਹੀ ਨਿਕਲੇ

---

24. ਆਦਿ ਗ੍ਰੰਥ, ਮਹਲਾ 1 , ਪੰਨਾ 838

25. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਛੇਵੀਂ), ਪੰਨਾ 229

(ਜਿਸਨੂੰ ਕੜਕਟ ਕਹਿੰਦੇ ਹਨ) ਤਾਂ ਉਸਦੀ ਸੰਗਿਆ ਸਾਥ ਹੁੰਦੀ ਹੈ।[26]

ਜਤਿ ਸੰਬੰਧੀ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਇਸ ਸਮੇਂ ਜੋੜੀ (ਤਬਲੇ) ਉਪਰ ਬੰਦ ਬੋਲਾਂ ਦਾ ਪ੍ਰਚਲਨ ਵੀ ਹੋ ਚੁਕਾ ਸੀ। ਪਰੰਤੂ ਇਨ੍ਹਾਂ ਹਵਾਲਿਆਂ ਤੋਂ ਜਤਿ ਸੰਬੰਧੀ ਸਾਨੂੰ ਸਪਸ਼ਟ ਰੂਪ ਵਿਚ ਕੋਈ ਭੇਧ ਨਹੀਂ ਮਿਲਦੀ। ਕੇਵਲ ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਇਸ ਸੰਬੰਧ ਵਿਚ ਸਹੀ ਜਾਪਦਾ ਹੈ। ਜਤਿ ਨੂੰ ਵਰਤਮਾਨ ਸੰਗੀਤਾਚਾਰੀਆ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ ਕਿ ਜਦੋਂ ਜੋੜੀ ਉਤੇ ਸੱਜਾ ਹੱਥ ਖੁਲ੍ਹਾ ਬੋਲ ਵਜਾਏ ਅਤੇ ਖੱਬਾ ਹੱਥ ਬੰਦ ਬੋਲ ਵਜਾਏ ਤਾਂ ਅਜਿਹੀ ਤਾਲ ਪ੍ਰਕ੍ਰਿਆ ਨੂੰ ਜਤਿ ਦਾ ਨਾਮ ਦਿੱਤਾ ਜਾਂਦਾ ਹੈ। 'ਜਤਿ' ਦਾ ਇਹ ਉਲੇਖ ਭਾਰਤੀ ਸੰਗੀਤ ਦੇ ਸੰਦਰਭ ਵਿਚ ਵੀ ਮਹੱਤਵਪੂਰਨ ਹੈ। ਭਾਰਤੀ ਸੰਗੀਤ ਵਿਚ ਇਸ ਨੂੰ ਯਤਿ ਕਿਹਾ ਜਾਂਦਾ ਹੈ। ਯਤਿ ਤੋਂ ਭਾਵ ਲੈਅ ਦੀ ਨਿਰੰਤਰ ਗਤੀ ਦੇ ਠਹਿਰਾਵ ਦੀਆਂ ਭਿੰਨ ਭਿੰਨ ਅਵਸਥਾਵਾਂ। ਯਤਿ ਦੁਆਰਾ ਕਿਸੇ ਤਾਲ ਨੂੰ ਵਿਭਿੰਨ ਛੰਦਾਂ ਵਿਚ ਪਰਣਿਤ ਕੀਤਾ ਜਾਂਦਾ ਹੈ।[27] ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਲੈਅ ਦਾ ਸੰਬੰਧ ਕੇਵਲ ਤਾਲ ਦੇ ਬੋਲਾਂ ਨਾਲ ਹੀ ਨਹੀਂ ਸਗੋਂ ਕਾਵਿ/ਗਾਇਨ ਸ਼ੈਲੀ ਦੇ ਬਹਿਰ ਅਨੁਸਾਰ ਨਿਰਧਾਰਤ ਤਾਲ ਦੀ ਲੈਅ ਦੇ ਨਿਰੰਤਰ ਪ੍ਰਵਾਹ ਅਧੀਨ ਪ੍ਰਯੋਗ ਹੋਣ ਵਾਲੇ ਵਿਸ਼ਰਾਮ ਤੋਂ ਹੈ। ਸੋ ਬਿਲਾਵਲ ਮਹਲਾ 1 ਥਿਤੀ ਘਰ 10 ਜਤਿ ਦਾ ਭਾਵ ਹੈ, ਇਸ ਸ਼ਬਦ ਦਾ, ਦਸਵੇਂ ਘਰੁ ਦੀ ਲੈਅ ਅਤੇ ਥਿਤੀ ਦੇ ਵਿਸ਼ਿਸ਼ਟ ਵਿਸ਼ਰਾਮਾਂ ਸਹਿਤ ਰਾਗ ਬਿਲਾਵਲ ਅਧੀਨ ਗਾਇਨ ਕਰਨਾ ਹੈ।

1.7 <u>ਧੁਨਿ/ਧੁਨੀ</u>: 'ਗੁਰੂ ਨਾਨਕ ਬਾਣੀ' ਦੇ ਵਾਰ ਕਾਵਿ-ਰੂਪ ਦੇ ਨਾਲ ਸਿਰਲੇਖ ਵਿਚ ਧੁਨਿ ਦਾ ਅੰਕਣ ਪ੍ਰਾਪਤ ਹੁੰਦਾ ਹੈ। ਇਸ ਬਾਣੀ ਵਿਚ ਰਾਗ ਮਾਝ, ਰਾਗ ਆਸਾ ਅਤੇ ਰਾਗ ਮਲਾਰ ਅਧੀਨ ਵਿਭਿੰਨ ਵਾਰਾਂ ਨੂੰ ਵਿਭਿੰਨ ਧੁਨਾਂ ਦੇ ਸਿਰਲੇਖ ਦਿਤੇ ਗਏ ਹਨ ਜੋ ਇਸ ਪ੍ਰਕਾਰ ਹਨ:

1. ਵਾਰ ਮਾਝ ਕੀ ਤਥਾ ਸਲੋਕ ਮਹਲਾ ।।੧।।
   ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ।।
   ੧ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ।।[28]

---

26. <u>ਮਹਾਨ ਕੋਸ਼</u>, ਪੰਨਾ 502
27. <u>ਬੰਧੋਪਾਧਿਆਇ</u>, ਸ੍ਰੀਪਦ, ਸੰਗੀਤ ਭਾਸ਼ਯ, ਪੰਨਾ 287
28. <u>ਆਦਿ ਗ੍ਰੰਥ</u>, ਪੰਨਾ 137

2. ੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ।।
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।
ਆਸਾ ਮਹਲਾ ।।੧।।
ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ
ਟੁੰਡੇ ਅਸਰਾਜੇ ਕੀ ਧੁਨੀ।। [29]

3. ਵਾਰ ਮਲਾਰ ਕੀ ਮਹਲਾ ੧
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ। [30]

ਉਕਤ ਧੁਨਿ ਸਿਰਲੇਖ ਅੰਕਣ ਤੋਂ ਵਾਰਾਂ ਨਾਲ ਸੰਬੰਧਿਤ ਤਿੰਨ ਇਕਾਈਆਂ ਸਾਡੇ ਸਾਹਮਣੇ ਉਜਾਗਰ ਹੁੰਦੀਆਂ ਹਨ:

1. ਵਾਰ
2. ਧੁਨੀ
3. ਰਾਗ

ਵਾਰਾਂ ਉਪਰ ਧੁਨਿ ਸਿਰਲੇਖ ਅਤੇ ਇਹਨਾਂ ਇਕਾਈਆਂ ਦਾ ਅੰਕਣ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪ੍ਰਾਦਨਾ ਆਦਿ ਦੇ ਸਮੇਂ ਹੀ ਕਿਉਂ ਨਾ ਕੀਤਾ ਗਿਆ ਹੋਵੇ (ਜਿਹਾ ਕਿ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਅੰਕਣ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ) ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਬਾਣੀ ਦਾ ਇਹ ਅਨਿੱਖੜ ਅੰਗ ਹਨ। ਵਾਰਾਂ ਉਪਰ ਇਹ ਧੁਨਿਕ ਅੰਕਣ ਵਿਸ੍ਰਿਸ਼ਟ ਵਿਗਿਆਨਕਤਾ ਦਾ ਧਾਰਣੀ ਹੈ। ਉਕਤ ਵਰਣਿਤ ਤਿੰਨੇ ਇਕਾਈ ਦਾ ਸੰਯੁਕਤ ਰੂਪ ਵਿਚ ਅੰਕਣ ਇਹਨਾਂ ਦੇ ਅੰਤਰੀਵੀ ਵਿਸ੍ਰੇਸ਼ ਸੰਬੰਧਾਂ ਦਾ ਲਖਾਇਕ ਹੈ। ਇਹਨਾਂ ਦੇ ਆਪਸੀ ਸੰਬੰਧਾਂ ਦੀ ਚਰਚਾ ਤੋਂ ਸੰਚਾਰ ਪ੍ਰਕ੍ਰਿਆ ਦੇ ਕੁੱਝ ਮਹੱਤਵਪੂਰਨ ਸਿੱਟਿਆਂ ਦੀ ਉਪਲੱਬਧੀ ਵੀ ਹੋ ਸਕਦੀ ਹੈ। ਉਦਾਹਰਣ ਲਈ 'ਆਸਾ ਦੀ ਵਾਰ' ਉਪਰ 'ਟੁੰਡੇ ਅਸਰਾਜੇ ਦੀ ਧੁਨੀ'

---

29. ਆਦਿ ਗ੍ਰੰਥ, ਪੰਨਾ 462

30. ਉਹੀ, ਪੰਨਾ 1279

ਦਾ ਸੰਕੇਤ ਹੈ। ਇਸ ਧੁਨੀ ਦਾ ਸੁਰਾਤਮਕ ਸਰੂਪ ਅੱਜ ਵੀ ਉਪਲੱਬਧ ਹੈ ਜਿਹੜਾ ਆਸਾ ਰਾਗ ਦੇ ਸਰੂਪ ਨਾਲ ਮੇਲ ਖਾਂਦਾ ਹੈ। ਇਸ ਲਈ ਆਸਾ ਦੀ ਵਾਰ ਨੂੰ ਟੁੰਡੇ ਅਸਰਾਜੇ ਦੀ ਧੁਨੀ ਦੇ ਸੰਗੀਤ ਪ੍ਰਬੰਧ ਅਨੁਸਾਰ ਗਾਉਣ ਦਾ ਸੰਕੇਤ ਆਪਣੇ ਆਪ ਵਿਚ ਵਿਸ਼ੇਸ਼ ਹੋ ਨਿਬੜਦਾ ਹੈ। ਜਿਹੜਾ ਪੂਰਵ ਵਰਣਿਤ ਲੋਕ ਕਾਵਿ-ਰੂਪ ਤੇ ਲੋਕ ਗਾਇਨ ਸ਼ੈਲੀਆਂ ਦੇ ਅੰਤਰ ਸੰਬੰਧ ਨੂੰ ਵੀ ਸਪਸ਼ਟ ਰੂਪ ਵਿਚ ਉਜਾਗਰ ਕਰ ਰਿਹਾ ਹੈ ਅਤੇ ਨਾਲ ਹੀ ਧੁਨਿ/ਧੁਨੀ ਦੇ ਸਿਰਲੇਖ ਦੀ ਸਾਰਥਕਤਾ ਨੂੰ ਵੀ ਭਲੀ ਭਾਂਤ ਪ੍ਰਗਟਾਉਂਦਾ ਹੈ। ਇਸੇ ਪਹੁੰਚ ਵਿਧੀ ਦੁਆਰਾ ਬਾਕੀ ਧੁਨੀਆਂ ਅਤੇ ਰਾਗਾਂ ਵਿਚਲੇ ਸੰਬੰਧਾਂ ਨੂੰ ਵੀ ਸੰਚਾਰ ਦੀ ਦ੍ਰਿਸ਼ਟੀ ਤੋਂ ਵੀ ਵਿਸ਼ਲੇਸ਼ਿਤ ਕੀਤਾ ਜਾ ਸਕਦਾ ਹੈ। ਇਹਨਾਂ ਧੁਨਾਂ ਦੇ ਅੰਕਣ ਦਾ ਇਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹ ਧੁਨਾਂ ਲੋਕ ਮਨ ਤੇ ਲੋਕ ਸ੍ਰਵਣ ਦੁਆਰਾ ਸਵੀਕ੍ਰਿਤ ਪ੍ਰਵਾਣਿਤ ਅਤੇ ਹੰਢਾਈਆਂ ਹੋਈਆਂ ਧੁਨਾਂ ਹਨ ਜਿਨ੍ਹਾਂ ਨਾਲ ਨਵੀਨ ਤੌਰ ਤੇ ਸਾਂਝ ਪਾਉਣ ਦੀ ਕੋਈ ਆਵਸ਼ਕਤਾ ਨਹੀਂ ਲੋਕ ਮਨ ਨਾਲ ਇਕਸੁਰ ਸੁਰਾਤਮਕ ਬੰਧੇਜ ਵਿਚ ਪ੍ਰਸਤੁਤ ਕੀਤੀ ਪੇਸ਼ਕਾਰੀ ਸਹਿਜ ਰੂਪ ਵਿਚ ਹੀ ਸਚਾਰ ਦੀ ਦ੍ਰਿਸ਼ਟੀ ਤੋਂ ਅਤਿ ਪ੍ਰਭਾਵਸ਼ਾਲੀ ਹੋ ਨਿਬੜੀ ਹੈ ਇਸ ਲਈ 'ਗੁਰੂ ਨਾਨਕ ਬਾਣੀ' ਵਿਚ ਧੁਨਿ/ਧੁਨੀ ਦਾ ਸੰਕੇਤ ਸੰਚਾਰ ਦੀ ਦ੍ਰਿਸ਼ਟੀ ਤੋਂ ਅਤਿਮਹੱਤਵਪੂਰਣ ਹੈ ਜਿਹੜਾ ਬਾਣੀ ਦੇ ਸੰਚਾਰ ਵਿਧਾਨ ਦੀ ਮੌਲਿਕਤਾ ਦੇ ਇਕ ਵਿਸ਼ਿਸ਼ਟ ਪਹਿਲੂ ਨੂੰ ਸਾਡੇ ਸਾਹਮਣੇ ਉਜਾਗਰ ਕਰਦਾ ਹੈ।

## 2. ਸੰਚਾਰ ਪ੍ਰਕ੍ਰਿਆ

ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਇਸ ਵਿਚ ਪ੍ਰਯੁਕਤ ਭਿੰਨ ਭਿੰਨ ਸੰਚਾਰ ਜੁਗਤਾਂ ਅਤੇ ਲਿਖਤ ਰੂਪ ਵਿਚ ਦਰਸਾਈਆਂ ਸੰਚਾਰ ਇਕਾਈਆਂ ਦੀ ਸੰਯੁਕਤ ਤੇ ਸਮਿਲਤ ਕਾਰਜਸ਼ੀਲਤਾ ਤੇ ਆਧਾਰਿਤ ਹੈ। ਬਾਣੀ ਦੀ ਇਹ ਸੰਚਾਰ ਪ੍ਰਕ੍ਰਿਆ ਇਕ ਮੌਲਿਕ ਸੰਚਾਰ ਪ੍ਰਬੰਧ ਸਿਰਜ ਰਹੀ ਹੈ। ਬਾਣੀ ਕੇਵਲ ਕਾਵਿਕ ਪ੍ਰਬੰਧ ਜਾਂ ਸੰਗੀਤਕ ਪ੍ਰਬੰਧ ਨਹੀ ਸਗੋਂ ਇਹ ਸੁਨਿਸ਼ਚਿਤ ਰੂਪ ਵਿਚ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਬਾਣੀ ਪ੍ਰਬੰਧ ਹੈ। ਸਾਡੀ ਇਸ ਧਾਰਣਾ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਿਤ ਬਾਣੀ, ਵਿਭਿੰਨ ਸੰਚਾਰ ਉਪਕਰਣਾਂ ਦੇ ਨਿਰਧਾਰਤ ਸੰਕੇਤਾਂ ਤੇ ਨਿਰਦੇਸ਼ਾਂ ਦੁਆਰਾ ਨਿਯੰਤਰਿਤ ਮੌਲਿਕ ਬਾਣੀ ਪ੍ਰਬੰਧ ਤੋਂ ਸਪਸ਼ਟ ਹੁੰਦੀ ਹੈ। ਇਸੇ ਕਰਕੇ ਬਾਣੀ ਵਿਚ ਪ੍ਰਯੁਕਤ ਵਿਭਿੰਨ ਸੰਚਾਰ ਜੁਗਤਾਂ ਨੂੰ ਇਕਪਾਸੜ ਜਾਂ ਸੁਤੰਤਰ ਪਹੁੰਚ ਦੁਆਰਾ ਬਾਣੀ ਅਧਿਐਨ ਲਈ ਪ੍ਰਯੋਗ ਕਰਨਾ ਸਹੀ ਨਹੀਂ ਜਾਪਦਾ। ਇਹ ਰਵੱਈਆ ਸਾਨੂੰ ਬਾਣੀ ਦੇ ਸਹੀ ਪ੍ਰਯੋਜਨ ਤੋਂ ਵੀ ਦੂਰ ਲੈ ਜਾਂਦਾ ਹੈ, ਕਿਉਂਕਿ ਬਾਣੀ ਦੇ ਅਧਿਐਨ ਹਿਤ ਪ੍ਰਯੋਗ ਕੀਤੇ ਗਏ ਮਾਂਗਵੇਂ ਤੇ ਉਧਾਰੇ ਮਾਡਲ ਬਾਣੀ ਦੇ ਅਧਿਆਤਮਿਕ ਬੋਧ ਤੇ ਅਨੁਭਵ ਨੂੰ ਕਲਾਤਮਿਕ ਅਰਥ ਪ੍ਰਦਾਨ ਕਰਨ ਵਲ ਹੀ ਰੁਚਿਤ ਹੋ ਜਾਂਦੇ ਹਨ। ਇਥੇ ਹੀ ਬਸ ਨਹੀਂ ਇਸ ਇਕ ਪਾਸੜ ਪਹੁੰਚ ਤੋਂ ਬਾਣੀ ਦੇਸਹੀ ਬੋਧ ਵਿਚ ਉਪਜੇ ਅੰਤਰਾਲਾਂ (ਵਕਫ਼ਿਆਂ) ਨੂੰ ਪੂਰਨ ਲਈ ਕਈ ਮਨਘੜਤ ਵਿਧੀਆਂ ਤੇ ਵਿਚਾਰਾਂ ਦਾ ਪ੍ਰਯੋਗ ਇਸ ਵਿਸ਼ੇ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੰਦਾ ਹੈ। ਇਸ ਲਈ ਬਾਣੀ ਦੇ ਅਧਿਐਨ ਸਮੇਂ ਬਾਣੀਕਾਰਾਂ ਦੁਆਰਾ ਨਿਰਧਾਰਿਤ ਬਾਣੀ ਪ੍ਰਬੰਧ ਨੂੰ ਆਧਾਰ ਰੂਪ ਵਿਚ ਸਵੀਕਾਰ ਕਰਨ ਉਪਰੰਤ ਹੀ ਕਿਸੇ ਸੰਚਾਰ

ਉਪਕਰਣ/ਜੁਗਤ ਜਾਂ ਪਹੁੰਚ ਨੂੰ ਪ੍ਰਯੋਗ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਨਾਲ ਬਾਣੀ ਮੰਤਵ ਨੂੰ ਵੀ ਨਹੀਂ ਵਿਸਾਰਨਾ ਚਾਹੀਦਾ।

ਬਾਣੀਕਾਰਾਂ ਨੇ ਸਾਨੂੰ ਇਕ ਵਿਗਿਆਨਿਕ ਤੇ ਵਿਸ਼ਿਸ਼ਟ ਬਾਣੀ ਪ੍ਰਬੰਧ ਪ੍ਰਦਾਨ ਕੀਤਾ ਹੈ ਜਿਸਦਾ ਆਪਣਾ ਸੁਨਿਸ਼ਚਿਤ ਸਿਸਟਮ ਅਤੇ ਵਿਗਿਆਨਕਤਾ ਹੈ। ਇਸ ਸਿਸਟਮ ਅਧੀਨ ਹੀ ਬਾਣੀ ਅਧਿਐਨ ਦਾ ਮਨੋਰਥ ਇਸ ਦੇ ਵਿਭਿੰਨ ਸੌਂਦਰਯਾਤਮਕ ਬਾਣੀ ਮੁੱਲਾਂ ਦੁਆਰਾ ਮਾਨਵੀ ਮਨ ਵਿੱਚ ਅਧਿਆਤਮਿਕ ਸੁਹਜ ਤੇ ਸੂਝ ਦੀ ਪ੍ਰਤੀਤੀ ਕਰਵਾਉਣਾ ਹੈ। ਇਸ ਨਿਰਧਾਰਤ ਬਾਣੀ ਪ੍ਰਬੰਧ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਕ ਸ਼ਬਦ ਨੂੰ ਅਸੀਂ ਵਿਸ਼ਲੇਸ਼ਿਤ ਕਰਨ ਦਾ ਯਤਨ ਕਰ ਰਹੇ ਹਾਂ, ਜਿਸਦਾ ਲਿਖਤ ਸਰੂਪ ਅਗਾਂਹ ਪ੍ਰਸਤੁਤ ਕੀਤਾ ਜਾ ਰਿਹਾ ਹੈ।

ਆਸਾ ਮਹਲਾ ੧

ਏਕ ਨ ਭਰੀਆ ਗੁਣ ਕਰਿ ਧੋਵਾ।।
ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ।।1।।
ਇਉ ਕਿਉ ਕੰਤ ਪਿਆਰੀ ਹੋਵਾ।।
ਸਹੁ ਜਾਗੈ ਹਉ ਨਿਸ ਭਰਿ ਸੋਵਾ।।੧।।ਰਹਾਉ।।
ਆਸ ਪਿਆਸੀ ਸੇਜੈ ਆਵਾ।।
ਆਗੈ ਸਹ ਭਾਵਾ ਕਿ ਨ ਭਾਵਾ।।੨।।
ਕਿਆ ਜਾਨਾ ਕਿਆ ਹੋਇਗਾ ਰੀ ਮਾਈ।।
ਹਰਿ ਦਰਸਨ ਬਿਨੁ ਰਹਨੁ ਨ ਜਾਈ।।੧।।ਰਹਾਉ।।
ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ।।
ਗਇਆ ਸੁ ਜੋਬਨੁ ਧਨ ਪਛੁਤਾਨੀ।।੩।।
ਅਜੈ ਸੁ ਜਾਗਉ ਆਸ ਪਿਆਸੀ।।
ਭਈਲੇ ਉਦਾਸੀ ਰਹਉ ਨਿਰਾਸੀ।।੧।।ਰਹਾਉ।।
ਹਉਮੈ ਖੋਇ ਕਰੇ ਸੀਗਾਰੁ।।
ਤਉ ਕਾਮਣਿ ਸੇਜੈ ਰਵੈ ਭਤਾਰੁ।।੪।।
ਤਉ ਨਾਨਕ ਕੰਤੈ ਮਨਿ ਭਾਵੈ।।

ਛੋਡਿ ਵਡਾਈ ਅਪਣੇ ਖਸਮ ਸਮਾਵੈ।।1।।ਰਹਾਉ।।[31]

ਉਪਰੋਕਤ ਸ਼ਬਦ ਉਪਰ ਆਸਾ ਮਹਲਾ 1 ਦਾ ਸਿਰਲੇਖ ਅੰਕਿਤ ਹੈ ਜਿਸ ਤੋਂ ਭਾਵ ਹੈ ਕਿ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਆਸਾ ਵਿਚ ਰਚਿਤ ਸ਼ਬਦ ਹੈ। ਇਥੇ ਰਾਗ ਇਸਦੇ ਬਾਣੀ ਰੂਪ ਜਿੰਨਾ ਹੀ ਮਹੱਤਵਪੂਰਨ ਹੈ। ਗੁਰੂ ਸਾਹਿਬ ਰਾਗ ਦਾ ਪ੍ਰਯੋਗ ਬਾਣੀ ਦੀ ਪ੍ਰਕ੍ਰਿਤੀ ਅਨੁਸਾਰ ਹੀ ਕਰ ਰਹੇ ਹਨ। ਇਸੇ ਕਰਕੇ ਬਾਣੀ ਦੀ ਪ੍ਰਕ੍ਰਿਤੀ ਦੇ ਪਰਿਵਰਤਨ ਸਮੇਂ ਵਿਭਿੰਨ ਰਾਗਾਂ ਅਤੇ ਇਨ੍ਹਾਂ ਦੇ ਭਿੰਨ ਭਿੰਨ ਪ੍ਰਕਾਰਾਂ ਦਾ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਅਸੀਂ ਆਪਣੇ ਵਿਸ਼ਲੇਸ਼ਣ ਦਾ ਆਰੰਭ 'ਆਸਾ ਰਾਗ' ਦੀ ਪ੍ਰਕ੍ਰਿਤੀ ਅਤੇ ਬਾਣੀ ਨਾਲ ਇਸ ਦੀ ਸਮਰਸਤਾ ਦੇ ਵਿਸ਼ਲੇਸ਼ਣ ਤੋਂ ਕਰ ਰਹੇ ਹਾਂ।

1. ਰਾਗ ਆਸਾ ਸਵੇਰ ਸਮੇਂ ਦਾ ਰਾਗ ਹੈ।[32] ਇਸ ਦੀ ਸੁਰਾਤਮਕ ਅਤੇ ਰਾਗਾਤਮਿਕ ਪ੍ਰਕ੍ਰਿਤੀ ਨੂੰ ਜੇਕਰ ਸ਼ਾਬਦਿਕ ਰੂਪ ਦੇਣਾ ਹੋਵੇ ਤਾਂ ਅਸੀਂ ਇਸ ਨੂੰ ਸ਼ਾਂਤ ਅਤੇ ਗੰਭੀਰ ਪ੍ਰਕ੍ਰਿਤੀ ਦਾ ਰਾਗ ਆਖਾਂਗੇ। ਸ਼ਬਦ ਦੇ ਸਾਧਾਰਣ ਅਧਿਐਨ ਤੋਂ ਹੀ ਪ੍ਰਗਟ ਹੋ ਜਾਂਦਾ ਹੈ ਕਿ ਇਸ ਵਿਚ ਮੋਹ-ਨੀਂਦ ਵੱਸ ਸੁੱਤੀ ਜੀਵ ਰੂਪੀ ਇਸਤ੍ਰੀ ਦੀ ਆਪਣੇ ਸ਼ਹੁ ਨੂੰ ਮਿਲਣ ਦੀ ਤੀਬਰ ਇੱਛਾ ਅਤੇ ਆਪਣੇ ਔਗੁਣਹਾਰੀ ਹੋਣ ਦਾ ਅਹਿਸਾਸ ਮੌਜੂਦ ਹੈ। ਸ਼ਬਦ ਵਿੱਚ ਜੀਵ ਇਸਤ੍ਰੀ ਮੋਹ ਦੀ ਗਫ਼ਲਤ ਨਾਲ ਗ੍ਰਸੀ ਹੋਈ ਹੈ ਪਰ ਸ਼ਹੁ ਪਰਮਾਤਮਾ ਆਪਣੇ ਸਦੀਵੀ ਗੁਣਾਂ ਦੇ ਅਨੁਰੂਪ ਸਦੈਵ ਜਾਗ ਰਿਹਾ ਹੈ। ਦੋਵਾਂ ਦੇ ਮੂਲ ਸੁਭਾਅ ਤੇ ਗੁਣਾਂ ਵਿਚ ਬੁਨਿਆਦੀ ਅੰਤਰ ਸਦਕਾਂ ਹੀ ਸਮੱਸਿਆ ਉਤਪੰਨ ਹੋਈ ਹੈ। ਸ਼ਬਦ ਅਧੀਨ ਇਸਤ੍ਰੀ ਦੇ ਨਿਸ਼ ਅਨੁਭਵ ਨੂੰ ਸ਼ਾਬਦਿਕ ਚਿਤ੍ਰਣ ਦੁਆਰਾ ਅਭਿਵਿਅਕਤ ਕੀਤਾ ਗਿਆ ਹੈ ਅਤੇ ਸ਼ਬਦ ਭਾਵ ਦੀ ਪ੍ਰਕ੍ਰਿਤੀ ਦੇ ਅਨੁਰੂਪ ਰਾਗ ਪ੍ਰਯੋਗ ਕਰਕੇ ਗੁਰੂ ਸਾਹਿਬ ਇਸ ਦੀ ਸੰਚਾਰ ਸਮਰੱਥ ਦੀਆਂ ਹੋਰ ਵਡੇਰੀਆਂ ਸੰਭਾਵਨਾਵਾਂ ਸਿਰਜ ਦਿੰਦੇ ਹਨ। ਰਾਗ ਦੀ ਪ੍ਰਕ੍ਰਿਤੀ, ਰਾਗ ਦਾ ਸਮਾਂ ਅਤੇ ਸੁਰਾਤਮਕ ਸਰੂਪ ਇਸ ਸ਼ਬਦ ਦੇ ਭਾਵ ਚਿਤ੍ਰਣ ਨਾਲ ਸਮਰਸਤਾ (ਰਾਗ-ਬਾਣੀ-ਸੰਵਾਦ) ਰਖਦੇ ਹਨ।

---

31. ਆਦਿ ਗ੍ਰੰਥ, ਆਸਾ ਮਹਲਾ 1, ਪੰਨਾ 356
32. ਗੁਰਮਤਿ ਸੰਗੀਤ ਪਰੰਪਰਾ ਵਿਚ ਰਾਗ ਆਸਾ ਨੂੰ ਸ਼ਾਮ ਵੇਲੇ ਗਾਉਣ ਦੀ ਪਰੰਪਰਾ ਵੀ ਹੈ। ਅੰਮ੍ਰਿਤ ਵੇਲੇ ਇਸ ਵਿਚ 'ਆਸਾ ਦੀ ਵਾਰ' ਦੀ ਚੌਕੀ ਦਾ ਗਾਇਨ ਹੁੰਦਾ ਹੈ ਅਤੇ ਸ਼ਾਮ ਵੇਲੇ 'ਸੋਦਰ ਦੀ ਚੌਕੀ' ਅਧੀਨ 'ਸੋਦਰੁ' ਦਾ ਗਾਇਨ, ਇਸੇ ਰਾਗ ਦੇ ਅੰਤਰਗਤ ਕੀਤਾ ਜਾਂਦਾ ਹੈ।

2. ਸ਼ਬਦ ਦੇ ਚਾਰ ਪਦੇ ਹਨ। ਹਰ ਪਦੇ ਦੇ ਅੰਤ ਵਿਚ 'ਰਹਾਉ' ਦਾ ਸੰਕੇਤ ਹੈ। 'ਰਹਾਉ' ਸ਼ਬਦ ਦੀ ਕੇਂਦਰੀ ਇਕਾਈ ਵਜੋਂ ਕਾਰਜਸ਼ੀਲ ਰਹਿੰਦੀ ਹੈ ਕਿਉਂਕਿ 'ਰਹਾਉ' ਸ਼ਬਦ ਵਿੱਚ ਨਿਹਤ ਅਰਥ ਸੰਚਾਰਿਤ ਕਰਨ ਦੀ ਅਜਿਹੀ ਸੰਚਾਲਕ ਸ਼ਕਤੀ ਹੈ ਜਿਸ ਵਿਚ ਸ਼ਬਦ ਦਾ ਕੇਂਦਰੀ ਭਾਵ (ਸੰਦੇਸ਼) ਮੌਜੂਦ ਹੈ।

3. ਕੇਂਦਰੀ ਸੰਚਾਲਕ ਸ਼ਕਤੀ ਰਹਾਉ ਨਾਲ ਅੰਤਰ ਸੰਬੰਧਿਤ ਹੋ ਕੇ ਸ਼ਬਦ ਦੇ ਬਾਕੀ ਤੱਤਾਂ (ਰੂਪ + ਵਸਤੂ) ਨੇ ਕਾਰਜਸ਼ੀਲ ਹੋਣਾ ਹੈ।

4. ਸ਼ਬਦ ਰਚਨਾ ਦੇ ਅੰਤਰਗਤ ਬਾਣੀ ਦੀ ਅਰਥ ਉਤਪਾਦਕਤਾ ਅਤੇ ਵਿਆਖਿਆ ਦਾ ਕੇਂਦਰ ਵੀ ਰਹਾਉ ਹੀ ਨਿਸ਼ਚਿਤ ਹੁੰਦਾ ਹੈ।

5. ਗਾਇਨ ਪ੍ਰਸਤੁਤੀ ਸਮੇਂ ਸ਼ਬਦ-ਕੀਰਤਨ-ਪ੍ਰਕ੍ਰਿਆ ਅਧੀਨ 'ਰਹਾਉ' ਨੂੰ ਸਥਾਈ ਦੇ ਰੂਪ ਵਿੱਚ ਗ੍ਰਹਿਣ ਕਰਨਾ ਹੈ। ਇਸ ਰਹਾਉ/ਸਥਾਈ ਤੋਂ ਹੀ ਕੀਰਤਨ ਦਾ ਆਰੰਭ ਹੁੰਦਾ ਹੈ ਅਤੇ ਇਹੀ ਆਰੰਭ-ਬਿੰਦੂ ਸ਼ਬਦ ਵਿਚ ਨਿਹਤ ਵਿਭਿੰਨ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਬਾਰ ਬਾਰ ਗਾਇਨ-ਦੁਹਰਾਉ ਦੁਆਰਾ ਗਤੀਸ਼ੀਲ ਰਹਿੰਦਾ ਹੈ।

6. ਸ਼ਬਦ ਪਦ ਦੀਆਂ ਬਾਕੀ ਤੁਕਾਂ ਨੂੰ ਅੰਤਰੇ ਦੇ ਰੂਪ ਵਿਚ ਗਾਇਆ ਜਾਣਾ ਹੈ। ਇਨ੍ਹਾਂ ਤੁਕਾਂ ਦੇ ਅਖੀਰ ਵਿਚ ਅੰਕਿਤ ਅੰਕ ਇਨ੍ਹਾਂ ਅੰਤਰਿਆਂ ਦੀ ਕੁਲ ਗਿਣਤੀ ਨਿਰਧਾਰਤ ਕਰਦੇ ਹਨ। ਉਦਾਹਰਣ ਦੇ ਤੌਰ 'ਤੇ ਚੌਪਦੇ ਵਿਚ ਰਹਾਉ ਤੋਂ ਬਿਨਾਂ ਚਾਰ ਤੁਕਾਂ (ਅੰਤਰੇ) ਵਿਦਮਾਨ ਹੁੰਦੀਆਂ ਹਨ ਅਤੇ ਪੰਜ ਪਦੇ ਵਿਚ ਰਹਾਉ ਤੋਂ ਬਿਨਾਂ ਪੰਜ ਇਹ ਸ਼ਬਦ ਜੋ ਕੇ ਚੌਪਦਾ ਹੈ, ਵਿਚ ਇਕ ਤੋਂ ਵਧੀਕ ਕੁਲ ਚਾਰ ਰਹਾਉ ਹਨ ਅਤੇ ਚਾਰ ਹੀ ਅੰਤਰੇ ਦੀਆਂ ਤੁਕਾਂ ਹਨ। ਇਸ ਤਰ੍ਹਾਂ ਇਸ ਸ਼ਬਦ ਦੀ ਸੰਰਚਨਾ ਹੋਰ ਵੀ ਵਿਸ਼ਿਸ਼ਟ ਹੋ ਗਈ ਹੈ ਅਤੇ ਇਹ ਚਾਰ ਰਹਾਉ ਸ਼ਬਦ ਦੇ ਅੰਤਰ ਨਿਹਤ ਭਾਵਾਂ ਦੇ ਬੋਧ ਅਤੇ ਸੰਚਾਰ ਪ੍ਰਕ੍ਰਿਆ ਵਿਚ ਤੀਬਰਤਮ ਵਾਧੇ ਦਾ ਪ੍ਰਤੀਕ ਹਨ। ਅੰਤਰੇ ਦੀਆਂ ਇਹ ਤੁਕਾਂ ਸ਼ਬਦ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਸੰਬੰਧਿਤ ਸਮੱਸਿਆ ਦੇ ਸਮਾਧਾਨ ਲਈ ਅਤੇ ਰਹਾਉ ਦੇ ਕੇਂਦਰੀ ਭਾਵ ਨੂੰ ਦ੍ਰਿੜ ਕਰਾਉਣ ਲਈ ਪ੍ਰਮਾਣ, ਉਕਤੀਆਂ, ਉਦਾਹਰਣਾਂ ਅਤੇ ਦਲੀਲਾਂ ਦੇ ਰੂਪ ਵਿਚ ਸਰੂਪਿਤ ਹੁੰਦੀਆਂ ਹਨ।

7. ਰਹਾਉ ਅਤੇ ਅੰਤਰੇ ਦੀ ਕਾਰਜ ਪ੍ਰਕ੍ਰਿਆ ਬਹੁਰੂਪੀ ਤੇ ਵਿਵਿਧਗੁਣੀ ਹੈ। ਹਰ ਅੰਤਰੇ ਦੇ ਗਾਇਨ ਤੋਂ ਬਾਅਦ ਉਸਦੀ ਕੇਂਦਰੀ ਸੰਚਾਲਕ ਇਕਾਈ ਰਹਾਉ ਵਲ ਪਰਤਣਾ ਹੁੰਦਾ ਹੈ ਅਤੇ ਇਸ ਪ੍ਰਕ੍ਰਿਆ ਦੀ ਪੁਨਰਾਵ੍ਰਿਤੀ ਸਰੋਤੇ ਨੂੰ ਭਾਵ ਪ੍ਰਕਾਸ਼ਨ ਅਤੇ ਭਾਵ ਸੁਦ੍ਰਿੜਤਾ ਪ੍ਰਦਾਨ ਕਰਦੀ ਹੈ। ਇਸ ਸ਼ਬਦ ਦੇ ਅੰਤਰਗਤ ਰਹਾਉ (ਨਬਾਈ) ਅੰਤਰੇ (ਅੰਕਾ) ਦੀ ਕਾਰਜ ਪ੍ਰਕ੍ਰਿਆ ਕੁੱਝ ਇਸ ਪ੍ਰਕਾਰ ਹੈ:

1. ਰਹਾਉ (1) — ਰਹਾਉ (1) — ਰਹਾਉ (1) —
2. ਰਹਾਉ (1) — ਅੰਤਰਾ (1) — ਰਹਾਉ (1) —
3. ਰਹਾਉ (1) — ਅੰਤਰਾ (2) — ਰਹਾਉ (2) —
4. ਰਹਾਉ (2) — ਅੰਤਰਾ (3) — ਰਹਾਉ (3) —
5. ਰਹਾਉ (3) — ਅੰਤਰਾ (4) — ਰਹਾਉ (4) —
6. ਰਹਾਉ (4) — ਰਹਾਉ (4) — ਰਹਾਉ (4) —

8. ਇਸ ਸ਼ਬਦ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਰਹਾਉ, ਆਦਿ, ਅੰਤ ਤੇ ਮੱਧ ਵਿੱਚ ਨਿਰੰਤਰ ਕਾਰਜਸ਼ੀਲ ਹੈ ਅਤੇ ਇਸ ਦੀ ਮੂਲ ਕਾਰਜਸ਼ੀਲਤਾ ਸ਼ਬਦ ਪ੍ਰਸਤੁਤੀ ਦੇ ਸੰਭਵ ਸਰੂਪਾਂ ਅਤੇ ਅਧਿਐਨ ਪ੍ਰਕ੍ਰਿਆਵਾਂ ਨੂੰ ਆਧਾਰ ਰੂਪ ਵਿਚ ਰੋਸ਼ਨੀ ਪ੍ਰਦਾਨ ਕਰਦੀ ਹੈ।

ਸ਼ਬਦ ਅਧਿਐਨ ਪ੍ਰਕ੍ਰਿਆ ਅਧੀਨ ਰਹਾਉ ਦੀ ਉਪਰੋਕਤ ਪ੍ਰਸੰਗਿਕਤਾ ਨੂੰ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਅਤੇ ਇਹ ਜੁਗਤ ਜੋ ਥੀਮ ਨੂੰ ਕ੍ਰਿਆਸ਼ੀਲ, ਸੰਚਾਰਿਤ ਅਤੇ ਪ੍ਰਕਾਸ਼ਮਾਨ ਕਰਨ ਵਲ ਰੁਚਿਤ ਹੁੰਦੀ ਹੈ, ਅਧਿਐਨ ਸਮੇਂ ਕੇਂਦਰੀ ਸੰਚਾਲਕ ਸ਼ਕਤੀ ਵਜੋਂ ਮਾਨਤਾ ਦੀ ਮੰਗ ਕਰਦੀ ਹੈ। ਇਸ ਮਾਨਤਾ ਉਪਰੰਤ ਹੀ ਬਾਕੀ ਆਂਤਰਿਕ ਸ਼ਬਦ ਸੰਚਾਰ-ਜੁਗਤਾਂ ਆਪਣੇ ਸੰਰਚਨਾਤਮਕ ਵਿਸ਼ਿਸ਼ਟਤਾਵਾਂ ਸਹਿਤ ਕਾਰਜਸ਼ੀਲ ਹੁੰਦੀਆਂ ਹਨ। ਸ਼ਬਦ ਦੀ ਸ਼ਾਬਦਿਕ ਰਚਨਾ ਦਾ ਆਰੰਭ ਅਸੀਂ ਰਹਾਉ ਦੀ ਤੁਕ ਜਿਸ ਨੂੰ ਅਸੀਂ ਉਪਰ ਕੇਂਦਰੀ ਸੰਚਾਲਿਕ ਇਕਾਈ ਵਜੋਂ ਸਥਾਪਿਤ ਕੀਤਾ ਹੈ, ਤੋਂ ਕਰ ਰਹੇ ਹਾਂ।

॥੧॥ ਰਹਾਉ॥ ਇਉ ਕਿਉ ਕੰਤ ਪਿਆਰੀ ਹੋਵਾ॥
ਸਹੁ ਜਾਗੈ ਹਉ ਨਿਸ ਭਰ ਸੋਵਾ॥੧॥ ਰਹਾਉ॥

ਉਪਰੋਕਤ ਰਹਾਉ ਵਾਲੀ ਤੁਕ ਵਿਚ ਮੋਹ ਨੀਂਦ ਵਸ ਸੁਤੀ ਹੋਈ ਜੀਵ ਰੂਪੀ ਇਸਤ੍ਰੀ ਦਾ ਪਛਤਾਵਾ ਦਰਸਾਇਆ ਗਿਆ ਹੈ ਜੋ ਆਪਣੇ ਸ਼ਹੁ ਨੂੰ ਮਿਲਣ ਦੀ

ਤੀਬਰ ਇੱਛਾ ਰਖਦੀ ਹੈ ਪਰੰਤੂ ਉਸ ਨੂੰ ਆਪਣੇ ਅਵੱਗਿਆ ਪੂਰਣ ਸੁਭਾਅ ਦਾ ਅਹਿਸਾਸ ਵੀ ਹੈ ਕਿਉਂਕਿ ਉਸਦਾ ਸਹੁ ਪਰਮਾਤਮਾ ਆਪਣੇ ਸਦੀਵੀ ਗੁਣਾਂ ਦੇ ਅਨੁਰੂਪ ਸਦੈਵ ਜਾਗ ਰਿਹਾ ਹੈ ਪਰ ਜੀਵ ਇਸਤ੍ਰੀ ਮੋਹ ਦੀ ਗਫਲਤ ਨਾਲ ਗ੍ਰਸੀ ਹੋਈ ਹੈ। ਰਹਾਉ ਦੀ ਤੁਕ ਵਿਚਲੀ ਸਮੱਸਿਆ ਜੀਵ ਅਤੇ ਪਰਮਾਤਮਾ ਦੇ ਮੂਲ ਸੁਭਾਅ ਅਤੇ ਗੁਣਾਂ ਵਿਚ ਬੁਨਿਆਦੀ ਅੰਤਰ ਦਾ ਪ੍ਰਗਟਾਵਾ ਤੇ ਨਿਖੇੜਾ ਕਰ ਰਹੀ ਹੈ। ਜੀਵ ਇਸਤ੍ਰੀ ਦਾ ਪਛਤਾਵਾ 'ਕਿਉਂ' ਰੂਪ ਵਿਚ ਉਸਦੀ ਸਮੱਸਿਆ ਦੇ ਸਮਾਧਾਨ ਦਾ ਖੋਜ ਰੂਪ ਹੈ। ਪਛਤਾਵੇ ਵਿਚੋਂ ਉਪਜੇ ਇਸ 'ਕਿਉਂ' ਦੇ ਦੁਆਲੇ ਹੀ ਸਮੁੱਚੀ ਸ਼ਬਦ ਰਚਨਾ ਸਮਾਧਾਨ ਦਾ ਪਾਸਾਰਾ ਕਰਦੀ ਹੈ। ਜੀਵ ਇਸਤ੍ਰੀ ਨੂੰ ਇਸ ਪਛਤਾਵੇ ਦਾ ਅਹਿਸਾਸ ਆਪਣੇ ਅਵੱਗਿਆ ਪੂਰਨ ਵਤੀਰੇ ਅਤੇ ਸਹੁ ਦੇ ਜਾਗਦੇ ਹੋਣ ਦੇ ਅਹਿਸਾਸ ਵਿਚੋਂ ਉਪਜਿਆ ਹੈ।

ਇਸ ਤਰ੍ਹਾਂ ਇਸ ਰਹਾਉ ਵਾਲੀ ਤੁਕ ਦਾ ਬਾਰ ਬਾਰ ਪਾਠ-ਦੁਹਰਾਉ/ਗਾਇਨ-ਦੁਹਰਾਉ ਮਨ ਵਿਚ ਇਨ੍ਹਾਂ ਭਾਵਾਂ ਨੂੰ ਸੰਚਾਰਿਤ ਕਰਨ ਦੀ ਪੂਰਨ ਸਮਰਥਾ ਰਖਦਾ ਹੈ ਜਿਨ੍ਹਾਂ ਨੂੰ ਕਿਸੇ ਹੋਰ ਸੰਦਰਭ ਜਾਂ ਸ਼ਾਬਦਿਕ ਵਿਆਖਿਆ ਦੀ ਲੋੜ ਨਹੀਂ ਭਾਸਦੀ। ਬਾਣੀ ਆਪਣੇ ਸਮੁੱਚੇ ਪ੍ਰਬੰਧ ਵਿਚ ਇਹੋ ਜੁਗਤ ਅਪਣਾ ਰਹੀ ਹੈ। ਇਸ ਜੁਗਤ ਦੁਆਰਾ ਗੁਰੂ ਸਾਹਿਬ ਬਾਣੀ ਨੂੰ ਸੰਪੂਰਨ ਸਪਸ਼ਟ ਤੇ ਸਮਰੱਥ ਰੂਪ ਵਿੱਚ ਉਸਾਰ ਰਹੇ ਹਨ।

।।੧।। (ਅੰਤਰਾ ਪਹਿਲਾ) ਏਕ ਨ ਭਰੀਆ ਗੁਣ ਕਰਿ ਧੋਵਾ।।
ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ।।੧।।

ਇਹ ਪਹਿਲਾ ਅੰਤਰਾ ਜੋ ਰਹਾਉ ਤੋਂ ਬਾਅਦ ਪ੍ਰਗਟ ਹੁੰਦਾ ਹੈ, ਵਿਚ ਗੁਰੂ ਸਾਹਿਬ ਜੀਵ ਰੂਪੀ ਇਸਤ੍ਰੀ ਦੇ ਪਛਤਾਵੇ ਦੇ ਅਹਿਸਾਸ ਵਿਚ ਹੋਰ ਵਾਧਾ ਦਰਸਾਉਂਦੇ ਪ੍ਰਤੀਤ ਹੁੰਦੇ ਹਨ। ਇਸਤ੍ਰੀ ਇਕ ਔਗੁਣ ਨਾਲ ਹੀ ਲਿਪਤ ਨਹੀਂ ਜਿਸ ਨੂੰ ਧੋ ਕੇ ਉਹ ਸ਼ਹੁ ਦੀ ਹੋ ਸਕੇ ਸਗੋਂ ਉਸ ਵਿਚ ਆਪਣੇ ਹੋਰ ਅਨੇਕ ਔਗੁਣਾਂ ਦਾ ਵੀ ਅਹਿਸਾਸ ਹੈ ਅਤੇ ਇਹ ਅਹਿਸਾਸ ਸ਼ਹੁ ਦੇ ਜਾਗਣ ਤੇ ਆਪਣੇ ਸੁਤੇ ਰਹਿਣ ਦੇ ਪਛਤਾਵੇ ਨਾਲ ਜ਼ਰਬ ਖਾ ਕੇ ਹੋਰ ਵੀ ਤੀਖਣ ਹੋ ਜਾਂਦਾ ਹੈ।

ਇਸ ਅੰਤਰੇ ਦੁਆਰਾ ਗੁਰੂ ਸਾਹਿਬ ਰਹਾਉ ਵਿਚਲੀ ਮੂਲ ਸਮੱਸਿਆ ਨੂੰ ਹੋਰ ਤੀਬਰਤਰ ਰੂਪ ਦੇ ਰਹੇ ਹਨ ਅਤੇ ਇਸ ਦੇ ਅਧਿਐਨ/ਗਾਇਨ ਉਪਰਾਂਤ ਮੁੜ ਰਹਾਉ।।੧।। ਵਲ ਪਰਤਣਾ ਹੈ।

।।੧।।ਰਹਾਉ।। ਇਉ ਕਿਉ ਕੰਤ ਪਿਆਰੀ ਹੋਵਾ।।
ਸਹੁ ਜਾਗੈ ਹਉ ਨਿਸ ਭਰ ਸੋਵਾ।।੧।।

ਇਸ ਰਹਾਉ (ਸਥਾਈ) ਵਾਲੀ ਤੁਕ ਦਾ ਮੁੜ ਅਧਿਐਨ/ਗਾਇਨ ਸਾਡੇ ਮਨ ਵਿਚ 'ਕਿਉਂ' ਦੇ ਸਮਾਧਾਨ ਪ੍ਰਤੀ ਉਤਸੁਕਤਾ ਜਗਾਉਂਦਾ ਹੈ। ਮਨ ਇਸ ਸਮੱਸਿਆ ਦਾ ਸਮਾਧਾਨ ਜਾਨਣ ਵਲ ਰੁਚਿਤ ਹੁੰਦਾ ਹੈ। ਇਸੇ ਜਗਿਆਸਾ ਦੀ ਤ੍ਰਿਪਤੀ ਲਈ ਦੂਸਰਾ ਅੰਤਰਾ ਆਪਣੇ ਭਾਵਾਂ ਸਹਿਤ ਪ੍ਰਗਟ ਹੁੰਦਾ ਹੈ।

।।੨।। (ਅੰਤਰਾ ਦੂਸਰਾ) ਆਸ ਪਿਆਸੀ ਸੇਜੈ ਆਵਾ।।
ਆਗੈ ਸਹ ਭਾਵਾ ਕਿ ਨ ਭਾਵਾ।।੨।।

ਪਛਤਾਵੇ ਦੇ ਅਹਿਸਾਸ ਨਾਲ ਭਰੀ ਹੋਈ ਜੀਵ ਰੂਪੀ ਇਸਤ੍ਰੀ ਇਨ੍ਹਾਂ ਉਪਰੋਕਤ ਤੁਕਾਂ ਵਿਚ ਅਗਲਾ ਕਦਮ ਪੁਟਦੀ ਹੈ ਉਹ ਸਹੁ ਨੂੰ ਭਾਉਣ ਦੇ ਮੰਤਵ ਨਾਲ ਮਨ ਵਿਚ ਆਸ ਕਰਕੇ ਸੇਜ (ਆਤਮਕ) ਵਲ ਮੁੜਨਾ ਤਾਂ ਚਾਹੁੰਦੀ ਹੈ ਅਤੇ ਉਸਦੇ ਮਨ ਵਿਚ ਇਸ ਤੀਬਰ ਲਾਲਸਾ (ਪਿਆਸ) ਵੀ ਹੈ ਪਰੰਤੂ ਅਜੇ ਵੀ ਪੂਰਨ ਯਕੀਨ ਨਹੀਂ, ਸੰਦੇਹ ਹੈ, ਡਰ ਹੈ ਕਿ ਕਿਤੇ ਸਹੁ ਨੂੰ ਚੰਗੀ ਵੀ ਲਗਾਂਗੀ ਕਿ ਨਹੀਂ? ਪਤਾ ਨਹੀਂ ਸਹੁ ਮੈਨੂੰ ਅਪਣਾਏਗਾ ਕਿ ਨਹੀਂ?

ਇਨ੍ਹਾਂ ਤੁਕਾਂ ਤੋਂ ਜੀਵ ਰੂਪੀ ਇਸਤ੍ਰੀ ਦੇ ਮਨ ਵਿਚ ਮਿਲਾਪ ਦੀ ਤਾਂਘ, ਪਿਆਰ ਦੀ ਤੀਬਰਤਾ, ਆਸ ਦੀ ਸ਼ਿੱਦਤ ਅਤੇ ਵਿਆਕੁਲਤਾ ਨਜ਼ਰੀ ਆਉਂਦੀ ਹੈ ਪਰ ਨਾ ਉਮੀਦੀ ਅਤੇ ਬੇਯਕੀਨੀ ਅਜੇ ਵੀ ਪੱਲਾ ਨਹੀਂ ਛਡਦੀ ਇਸ ਸਮੱਸਿਆ ਦੇ ਸਮਾਧਾਨ ਦਾ ਅਗਲਾ ਪੜਾਅ ਆਉਣ ਵਾਲੀਆਂ ਤੁਕਾਂ ਵਿਚਦਰਸਾਇਆ ਗਿਆ ਹੈ। ਜੀਵ ਇਸਤ੍ਰੀ ਦੇ ਮਨ ਵਿਚ ਨਵੀਨ ਸਮੱਸਿਆ ਦੇ ਉਤਪੰਨ ਹੋਣ ਦੇ ਨਾਲ ਹੀ ਰਹਾਉ ਵਿਚ ਵੀ ਪਰਿਵਰਤਨ ਆ ਗਿਆ ਹੈ ਅਤੇ ਦੂਸਰੇ ਅੰਤਰੇ ਪਿਛੋਂ ਨਵੀਨ ਰਹਾਉ ਦਾ ਪ੍ਰਯੋਗ ਕੀਤਾ ਗਿਆ ਹੈ।

।।ਰਹਾਉ।।(ਦੂਜਾ) ਕਿਆ ਜਾਨਾ ਕਿਆ ਹੋਇਗਾ ਰੀ ਮਾਈ।।
ਹਰਿ ਦਰਸਨ ਬਿਨੁ ਰਹਨੁ ਨ ਜਾਈ।।1।।ਰਹਾਉ।।

ਜੀਵ ਰੂਪੀ ਇਸਤ੍ਰੀ ਦੇ ਮਨ ਵਿਚ ਪੂਰਵਲੇ ਅਹਿਸਾਸਾਂ ਦੇ ਪ੍ਰਤਿਕਰਮ ਵਜੋਂ ਉਪਜੇ ਨਵੀਨ ਭਾਵਾਂ ਦੀ ਉਤਪਤੀ ਉਸਦੀ ਸਮੱਸਿਆ ਨੂੰ ਹੋਰ ਵੀ ਤੀਬਰਤਮ ਕਰ ਦਿੰਦੀ ਹੈ ਜਦੋਂ ਉਹ ਵਾਰਤਾਲਾਪੀ ਸ਼ੈਲੀ ਵਿਚ ਆਪਣੀ ਬੇਬਸੀ ਦਾ ਪ੍ਰਗਟਾਵਾ ਕਰਦੀ ਹੈ। ਉਹ ਜੀਵ ਰੂਪੀ ਇਸਤ੍ਰੀ ਜਿਹੜੀ ਅਜੇ ਤਕ ਮੋਹ ਮਾਇਆ ਦੀ ਨੀਂਦ ਵਿਚ ਸੁਤੀ ਰਹੀ ਹੈ ਅਤੇ ਜੋ ਕਦੇ ਵੀ ਆਤਮਿਕ ਜਾਗਰਣ ਪ੍ਰਤੀ ਸੁਚੇਤ ਨਹੀਂ ਹੋਈ, ਨੂੰ ਅੰਗਾਮੀ ਹਾਲਤਾਂ ਪ੍ਰਤੀ ਅਜੇ ਵੀ ਭੈਅ ਹੈ। ਇਸ ਦੇ ਨਾਲ ਹੀ ਉਹ ਆਪਣੇ ਆਪ ਨੂੰ ਬੇਬਸ ਵੀ ਪ੍ਰਤੀਤ ਕਰ ਰਹੀ ਹੈ ਕਿਉਂਕਿ ਸਭੇ ਔਗੁਣਾਂ ਦੇ ਬਾਵਜੂਦ ਉਸ ਦੇ ਮਨ ਵਿਚ ਸ਼ਹੁ ਨੂੰ ਮਿਲਣ ਦੀ ਆਸ ਵੀ ਹੈ ਅਤੇ ਇਸ ਸ਼ਹੁ (ਹਰਿ) ਦੇ ਦਰਸ਼ਨ ਬਿਨਾਂ ਰਹਿ ਸਕਣਾ ਉਸ ਲਈ ਕਠਿਨ ਵੀ ਹੈ।

।।3।। (ਅੰਤਰਾ ਤੀਜਾ) ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ।।
ਗਇਆ ਸੁ ਜੋਬਨੁ ਧਨ ਪਛੁਤਾਨੀ।।3।।

ਉਪਰੋਕਤ ਰਹਾਉ ਵਿਚ ਸਮੱਸਿਆ ਵਿੱਚ ਜਿਹੜਾ ਵਾਧਾ ਹੋਇਆ ਹੈ ਉਸ ਦੇ ਇਕ ਹੋਰ ਕਾਰਣ ਦਾ ਇਸ ਅੰਤਰੇ ਵਿਚ ਵਰਨਨ ਕੀਤਾ ਗਿਆ ਹੈ। ਇਹ ਅੰਤਰਾ ਜੀਵ ਰੂਪੀ ਇਸਤ੍ਰੀ ਵਿਚ ਉਪਜੇ ਉਪਰੋਕਤ ਪਛਤਾਵੇ ਦੇ ਅਹਿਸਾਸ, ਵਿਛੋੜੇ ਦਾ ਦੁੱਖ, ਮਿਲਣ ਦੀ ਤਾਂਘ ਅਤੇ ਇਸ ਪ੍ਰਤੀ ਪੈਦਾ ਹੋਈ ਉਤਸੁਕਤਾ ਵਿਚ ਹੋਰ ਵੀ ਵਾਧਾ ਕਰਦੀ ਹੈ ਜਦੋਂ ਉਸ ਦੇ ਮਨ ਵਿਚ ਇਹ ਅਹਸਾਸ ਵੀ ਜਾਗ੍ਰਿਤ ਹੁੰਦਾ ਹੈ ਕਿ ਉਸ ਨੇ ਪ੍ਰਭੂ ਪ੍ਰੇਮ ਦਾ ਸੁਆਦ ਹੀ ਨਹੀਂ ਚਖਿਆ ਅਤੇ ਨਾ ਹੀ ਉਸ ਦੀ ਪਿਆਸ ਬੁਝੀ ਹੈ। ਮੋਹ ਮਾਇਆ ਦੀ ਨੀਂਦ ਵਿਚ ਹੀ ਉਸ ਦਾ ਜੋਬਨ ਵਿਅਰਥ ਗੁਜ਼ਰ ਗਿਆ ਹੈ ਇਸੇ ਹੀ ਪਛਤਾਵੇ ਦੇ ਪ੍ਰਤੀਕਰਮ ਵਜੋਂ ਸ਼ਬਦ ਦੀ ਅਗਲੀ ਤੁਕ ਵਿਚ ਨਵੀਨ ਚੇਤਨਾ ਦਰਸਾਈ ਗਈ ਹੈ।

।।ਰਹਾਉ।। (ਤੀਜਾ) ਅਜੈ ਸੁ ਜਾਗਉ ਆਸ ਪਿਆਸੀ।।
ਭਈਲੇ ਉਦਾਸੀ ਰਹਉ ਨਿਰਾਸੀ।।੧।।ਰਹਾਉ।।

ਉਪਰੋਕਤ ਤੁਕਾਂ ਵਿਚ ਉਤਪੰਨ ਸਮੱਸਿਆ ਪ੍ਰਤੀ ਸਮਾਧਾਨ ਦੀ ਇਕ ਕਿਰਨ ਰਹਾਉ ਵਾਲੀਆਂ ਇਨ੍ਹਾਂ ਤੁਕਾਂ ਵਿਚੋਂ ਝਰਦੀ ਪ੍ਰਤੀਤ ਹੁੰਦੀ ਹੈ। ਅਜੇ ਵੀ ਜੀਵ ਰੂਪੀ ਇਸਤ੍ਰੀ ਜਾਗ ਸਕਦੀ ਹੈ ਆਪਣੀ ਆਸ ਦੀ ਤ੍ਰਿਪਤੀ ਕਰ ਸਕਦੀ ਹੈ ਜੇਕਰ ਉਹ ਮੋਹ ਮਾਇਆ ਤੋਂ ਨਿਰਾਸ਼ ਹੋ ਕੇ ਇਨ੍ਹਾਂ ਪ੍ਰਤੀ ਉਦਾਸੀਨਤਾ ਵਾਲਾ ਰਵਈਆ ਅਪਣਾਏ। ਇਥੇ ਮਨ ਅੰਦਰਲੀ ਉਦਾਸੀ ਤੇ ਨਿਰਾਸ਼ਾ ਨੂੰ ਦੂਰ ਕਰਕੇ ਆਤਮਿਕ ਜਾਗਰਣ ਵਲ ਰੁਚਿਤ ਹੋਣਾ ਹੈ ਇਹ ਜਾਗਰਣ ਕਿਵੇਂ ਆ ਸਕਦਾ ਹੈ ਤਾਂ ਜੋ ਸ਼ਹੁ ਪਰਮਾਤਮਾ ਨੂੰ ਜੀਵ ਇਸਤ੍ਰੀ ਭਾਉਣ ਲਗ ਪਵੇ ਇਨ੍ਹਾਂ ਭਾਵਾਂ ਦਾ ਬਿਆਨ ਅਗਲੇਰੀਆਂ ਤੁਕਾਂ ਵਿਚ ਕੀਤਾ ਗਿਆਹੈ।

।।੪।। (ਅੰਤਰਾ ਚੌਥਾ) ਹਉਮੈ ਖੋਇ ਕਰੇ ਸੀਗਾਰੁ।।
ਤਉ ਕਾਮਣਿ ਸੇਜੈ ਰਵੈ ਭਤਾਰੁ।।੪।।

ਇਨ੍ਹਾਂ ਉਪਰੋਕਤ ਤੁਕਾਂ ਵਿਚ ਸ਼ਹੁ-ਮਿਲਾਪ ਦਾ ਮਾਰਗ ਹੋਰ ਵੀ ਸਪਸ਼ਟ ਕੀਤਾ ਗਿਆ ਹੈ ਅਤੇ ਦਰਸਾਇਆ ਗਿਆ ਹੈ ਕਿ ਹਉਮੈ ਰਹਿਤ ਹੋ ਕੇ ਸ਼ਿੰਗਾਰ ਕਰਨ ਉਪਰਾਂਤ ਨਿਮਰਤਾ ਅਤੇ ਸੰਪੂਰਣ ਸਮਰਪਣ ਸਹਿਤ ਜਦੋਂ ਜੀਵ ਇਸਤ੍ਰੀ ਮਿਲਾਪ ਦੀ ਸੇਜ ਉਤੇ ਆਵੇਗੀ ਤਾਂ ਹੀ ਉਹ ਆਪਣੇ ਇਨ੍ਹਾਂ ਗੁਣਾਂ ਕਰਕੇ ਸ਼ਹੁ (ਪਰਮਾਤਮਾ) ਦੇ ਮਨ ਨੂੰ ਚੰਗੀ ਲਗੇਗੀ। ਇਸੇ ਮਿਲਣ ਦੀ ਬਿਧਨਾ ਨੂੰਹੋਰ ਸਪਸ਼ਟ ਕਰਦਿਆਂ ਗੁਰੂ ਨਾਨਕ ਦੇਵ ਜੀ ਅਗੇ ਨਵੀਨ ਰਹਾਉ ਦਾ ਅੰਕਣ ਕਰ ਰਹੇ ਹਨ।

।।ਰਹਾਉ।। (ਚੌਥਾ) ਤਉ ਨਾਨਕ ਕੰਤੈ ਮਨਿ ਭਾਵੈ।।
ਛੋਡਿ ਵਡਾਈ ਅਪਣੇ ਖਸਮ ਸਮਾਵੈ।।੧।।ਰਹਾਉ।।

ਇਨ੍ਹਾਂ ਤੁਕਾਂ ਵਿਚ ਦਰਸਾਇਆ ਗਿਆ ਹੈ ਕਿ ਜੀਵ ਇਸਤ੍ਰੀ ਤਾਂ ਹੀ ਆਪਣੇ ਪ੍ਰਭੂ ਕੰਤ ਨੂੰ ਭਾਉਂਦੀ ਹੈ ਜੇਕਰ ਉਹ ਆਪਣੀ ਮਾਣ ਵਡਿਆਈ ਦਾ ਤਿਆਗ ਕਰਕੇ ਆਪਣੇ ਖਸਮ (ਪਰਮਾਤਮਾ) ਦੇ ਹੁਕਮ ਵਿਚ ਸਮਾ ਜਾਵੇ। ਇਨ੍ਹਾਂ ਤੁਕਾਂ ਵਿਚ ਪ੍ਰਭੂ ਮਿਲਾਪ ਦੀ ਇਕ ਹੋਰ ਵਿਧੀ ਦਰਸਾਈ ਗਈ ਹੈ। ਇਹ ਵੀ ਰਹਾਉ ਵਾਲੀ ਤੁਕ

ਹੈ ਅਤੇ ਉਪਰੋਕਤ ਸਮੱਸਿਆ ਦੇ ਸਮਾਧਾਨ ਦਰਸਾਉਣ ਉਪਰਾਂਤ ਇਸ ਰਹਾਉ ਦਾ ਬਾਰ ਬਾਰ ਗਾਇਨ/ਪਾਠ ਸਰੋਤੇ/ਅਧਿਐਨਕਾਰ ਦੇ ਮਨ ਵਿਚ ਸਮਾਧਾਨ ਨੂੰ ਦ੍ਰਿੜ ਕਰਵਾਉਂਦਾ ਹੈ। ਇਸ ਸ਼ਬਦ ਵਿਚ ਉਪਜੀ 'ਇਉਂ ਕਿਉਂ' ਅਤੇ 'ਕਿਉਂ' ਦੇ ਉਤਰ ਵਿਚ 'ਤਉ' ਦੁਆਰਾ ਸਿਰਜਿਆ ਗਿਆ ਜੁਆਬ ਹੈ। ਜੀਵ ਇਸਤ੍ਰੀ ਦੇ ਮਨ ਵਿਚ ਉਪਜੇ ਪਛਤਾਵੇ, ਵਿਛੋੜੇ, ਆਸ ਵਿਆਕੁਲਤਾ ਦੇ ਸਮੂਹ ਅਹਿਸਾਸਾਂ ਦਾ ਨਿਵਾਰਣ ਅਤੇ ਮਿਲਾਪ ਦੀ ਵਿਧੀ ਇਸ ਸ਼ਬਦ ਦੀ ਕੁਲ ਭਾਵਾਤਮਕ ਸੰਰਚਨਾ ਹੈ।

ਬਾਣੀ ਵਿਧਾਨ ਦੇ ਨਿਰਧਾਰਤ ਸੰਚਾਰ ਪ੍ਰਬੰਧ ਤੋਂ ਪ੍ਰਗਟ ਹੋਣ ਵਾਲੀ ਪ੍ਰਕ੍ਰਿਆ ਜਿਸ ਨੂੰ ਅਸੀਂ ਉਕਤ ਸ਼ਬਦ ਦੇ ਪ੍ਰਸੰਗ ਵਿਚ ਅਧਿਐਨ ਦਾ ਵਿਸ਼ਾ ਬਣਾਇਆ ਹੈ ਸਾਡੇ ਸਾਹਮਣੇ ਸਫਲ ਸੰਚਾਰ ਦੇ ਬੁਨਿਆਦੀ ਅਧਾਰ ਪ੍ਰਸਤੁਤ ਕਰਦੀ ਹੈ। ਖਾਲਕ ਦਾ ਆਦੇਸ, ਖਸਮ ਕੀ ਬਾਣੀ ਦਾ ਸ਼ਬਦ ਵਿਚ ਵਰਤਾਰਾ (ਸੰਚਾਰ) ਮਾਨਵੀ ਮਨ ਵਿਚ ਅਧਿਆਤਮ-ਸਤਿ ਦਾ ਪ੍ਰਕਾਸ਼ ਕਰਵਾ ਰਿਹਾ ਹੈ, ਜੋ ਉਕਤ ਸ਼ਬਦ ਦੀਆਂ ਅਖੀਰਲੀਆਂ ਪੰਕਤੀਆਂ ਤੋਂ ਸਪਸ਼ਟ ਹੈ। ਇਸ ਪ੍ਰਕਾਰ ਦੁਆਰਾ ਹੀ ਮਾਨਵ ਫਿਰ ਉਸ ਖਸਮ/ਖਾਲਕ ਨਾਲ ਜੁੜਨ ਲਈ ਅਗ੍ਰਸ਼ੀਲ ਹੁੰਦਾ ਹੈ। ਇਸ ਤਰ੍ਹਾਂ ਜੀਵਆਤਮਾ ਦਾ ਉਸ ਪਰਮਾਤਮਾ ਨਾਲ ਮਿਲਾਪ ਦਾ ਚੱਕਰ ਸੰਪੂਰਨ ਹੁੰਦਾ ਹੈ ਜੋ ਉਕਤ ਸੰਚਾਰ ਪ੍ਰਕ੍ਰਿਆ ਦੀ ਬਾਣੀ ਤੇ ਸੰਚਾਰ ਦੇ ਸੰਦਰਭ ਵਿੱਚ ਪੂਰਨ ਸਫਲਤਾ ਮੰਨੀ ਜਾ ਸਕਦੀ ਹੈ। ਗੁਰੂ ਨਾਨਕ ਬਾਣੀ ਦੇ ਸੰਚਾਰ ਦੀ ਦ੍ਰਿਸ਼ਟੀ ਉਕਤ ਸ਼ਬਦ ਦੇ ਵਿਸ਼ਲੇਸ਼ਣਾਤਮਕ ਸ਼ਬਦ ਦੇ ਅਧਿਐਨ ਤੋਂ ਬਿਨਾਂ ਬਾਣੀ ਵਿਚੋਂ ਹੋਰ ਸਾਨੂੰ ਹਰੇਕ ਸਪਸ਼ਟ ਉਦਾਹਰਣਾਂ ਮਿਲ ਸਕਦੀਆਂ ਹਨ।ਜਿਨ੍ਹਾਂ ਵਿਚ ਬਾਣੀ ਵਿਧਾਨ ਦੇ ਸੰਚਾਰ ਪ੍ਰਬੰਧ ਦੀ ਪ੍ਰਤੀਨਿੱਧਤਾ ਕਰਨ ਦੇ ਗੁਣ ਸੰਪੂਰਨਤਾ ਦੇ ਪੱਧਰ ਤਕ ਪਾਏ ਜਾਂਦੇ ਹਨ। ਬਾਣੀ ਵਿਧਾਨ ਦੇ ਅੰਤਰਗਤ ਇਹ ਸੰਚਾਰ ਜੁਗਤਾਂ ਅਤੇ ਇਹਨਾਂ ਵਿੱਚ ਪ੍ਰਯੁਕਤ ਵਿਭਿੰਨ ਵਿਧੀਆਂ ਤੇ ਤੱਤ ਸੰਯੁਕਤ ਤੇ ਸਮਿਲਤ ਰੂਪ ਵਿੱਚ ਕਾਰਜਸ਼ੀਲ ਹਨ ਇਹ ਵਿਚਾਰ ਅਸੀਂ ਬਾਰ ਬਾਰ ਦੁਹਰਾ ਅਤੇ ਦ੍ਰਿੜਾ ਚੁਕੇ ਹਾਂ। ਇਹਨਾਂ ਤੱਤਾਂ ਦੀ ਸੰਯੁਕਤ ਤੇ ਸਮਿਲਿਤ ਪੇਸ਼ਕਾਰੀ ਦਾ ਇਕ ਹੋਰ ਸੰਚਾਰ ਪੈਟਰਨ 'ਆਸਾ ਦੀ ਵਾਰ' ਦੇ ਨਿਮਨਲਿਖਤ ਸਲੋਕਾਂ ਦੇ ਸੰਦਰਭ ਵਿੱਚ ਅਧਿਐਨ ਦੀਆਂ ਨਵੀਆਂ ਸਿਖਰਾਂ ਨੂੰ ਛੋਹਦਾ ਪ੍ਰਤੀਤ ਹੁੰਦਾ ਹੈ।

ਸਲੋਕ ਮਹਲਾ ੧

- ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥

ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ॥
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥
ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥

ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥
ਸਭੁ ਕੋ ਸਚਿ ਸਮਾਵੈ॥
ਰਿਗੁ ਕਹੈ ਰਹਿਆ ਭਰਪੂਰਿ॥
ਰਾਮਨਾਮੁ ਦੇਵਾ ਮਹਿ ਸੂਰੁ॥
ਨਾਇ ਲਇਐ ਪਰਾਛਤ ਜਾਹਿ॥
ਨਾਨਕ ਤਉ ਮੋਖੰਤਰੁ ਪਾਹਿ॥
ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥
ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥
ਚਾਰੇ ਵੇਦ ਹੋਇ ਸਚਿਆਰ॥
ਪੜਹਿ ਗੁਣਹਿ ਤਿਨ੍ਹ ਚਾਰ ਵੀਚਾਰ॥
ਭਉ ਭਗਤਿ ਕਰ ਨੀਚੁ ਸਦਾਏ॥
ਤਉ ਨਾਨਕ ਮੋਖੰਤਰੁ ਪਾਏ॥੨॥[33]

ਉਪਰੋਕਤ ਸਲੋਕਾਂ ਦੇ ਪਾਠ ਤੋਂ ਹੀ ਸਪਸ਼ਟ ਹੈ ਕਿ ਇਨ੍ਹਾਂ ਦੇ ਵਿਸ਼ੇ ਵਸਤੂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਸਤਿ ਨੂੰ ਲੋਕਧਾਰਾ ਦੇ ਪਰੰਪਰਾਗਤ ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਦੇ ਪ੍ਰਤੀਕਾਂ ਨਾਲ ਮੂਰਤੀਮਾਨ ਕਰ ਰਹੇ ਹਨ। ਇਹਨਾਂ ਸਤਰਾਂ ਵਿਚ ਅਧਿਆਤਮਿਕ-ਸਤਿ ਨੂੰ ਧਰਮ ਦੇ ਕਾਲਿਕ ਦ੍ਰਿਸ਼ਟੀ ਤੋਂ ਪਰਿਵਰਤਨਾਂ ਦੇ ਪ੍ਰਸੰਗ ਵਿਚ ਪ੍ਰਗਟਾਉਂਦਿਆਂ ਮਨੁੱਖੀ ਮਨ ਨੂੰ ਲੋਕਧਾਰਾ ਵਿਚਲੇ ਇਤਿਹਾਸਕ ਮਿਥਿਹਾਸਕ ਹਵਾਲਿਆਂ, ਦਲੀਲਾਂ ਸਹਿਤ ਮੁਕਤੀ ਦਾ ਮਾਰਗ ਦਰਸਾਇਆ

---

33. ਆਦਿ ਗ੍ਰੰਥ, ਪੰਨਾ 470

ਹੈ। ਇਹਨਾਂ ਸਲੋਕਾਂ ਦੀਆਂ ਪੰਕਤੀਆਂ ਵਿਚ ਮੇਰੁ,[34] ਸਤਿਜੁਗ,[35] ਤ੍ਰੇਤਾ,[36] ਦੁਆਪਰ,[37] ਸਾਮ,[38] ਰਿਗ,[39] ਰਾਮ,[40] ਦੇਵਾ,[41] ਜੁਜ,[42] ਚੰਦ੍ਰਾਵਲਿ,[43] ਪਾਰਜਾਤੁ,[44]

---

34. ਪੁਰਾਣਾਂ ਅਨੁਸਾਰ ਪ੍ਰਿਥਵੀ ਦੇ ਮੱਧ ਇਕ ਵੱਡਾ ਪਹਾੜ ਜਿਸ ਪਰ ਇੰਦ੍ਰ ਕੁਬੇਰ ਦੇਵਤਿਆਂ ਆਦਿ ਦੀਆਂ ਪੁਰੀਆਂ ਹਨ। ਜਾਂ ਮਾਲਾ ਦਾ ਸ਼ਿਰੋਮਣੀ ਮਣਕਾ।

35. ਕਾਲ ਦਾ ਇਕ ਖ਼ਾਸ ਸਮਾਂ ਜਿਸ ਵਿਚ ਹਿੰਦੂ ਮੱਤ ਦੇ ਗ੍ਰੰਥ ਅਨੁਸਾਰ ਸਤਿ ਪ੍ਰਧਾਨ ਸੀ।

36. ਕਾਲਦਾਇਕ ਖ਼ਾਸ ਸਮਾਂ ਜੋ ਸਤਿਜੁਗ ਤੋਂ ਬਾਅਦ ਆਇਆ, ਇਸ ਵਿਚ ਧਰਮ ਦਾ ਚੌਥਾ ਹਿੱਸਾ ਘਟ ਗਿਆ ਅਤੇ ਲੋਕ ਚਿਤ ਵਿਚ ਕਾਮਨਾ ਰਖ ਕੇ ਭਗਤੀ ਕਰਦੇ।

37. ਕਾਲ ਦਾ ਇਕ ਖਾਸ ਸਮਾਂ ਜੋ ਤ੍ਰੇਤਾ ਜੁਗ ਤੋਂ ਬਾਅਦ ਦਾ ਸੀ ਜਿਸ ਵਿਚ ਨੇਕੀ ਅੱਧੀ ਰਹਿ ਗਈ।

38. 'ਇਕ ਵੇਦ' ਜਿਸ ਦੇ ਮੰਤ੍ਰਾਂ ਨੂੰ ਯਗ ਆਦਿ ਮੰਗਲ ਕਰਮਾਂ ਵਿਚ ਗਾਇਆ ਜਾਂਦਾ ਹੈ।

39. ਸਭ ਤੋਂ ਪੁਰਾਣਾ ਵੇਦ ਹੈ ਜਿਸ ਵਿਚ ਦੇਵਤਿਆਂ ਦੀ ਉਸਤਤਿ ਹੈ।

40. ਸੂਰਯਵੰਸ਼ੀ ਆਯੋਧਯਾਪਤਿ ਰਾਜਾ ਦਸ਼ਰਥ ਦਾ ਪੁੱਤਰ ਜਿਸਦਾ ਵਰਨਨ ਬਾਲਮੀਕ ਰਚਿਤ ਰਾਮਾਯਣ ਵਿਚੋਂ ਮਿਲਦਾ ਹੈ।

41. ਦੇਵਤਾ (ਤੇਤੀ ਕਰੋੜ ਦੇਵਤੇ)

42. ਵੇਦਾਂ ਵਿਚੋਂ ਇਕ ਵੇਦ ਜਿਸ ਵਿਚ ਜੱਗ ਹੋਮ ਦਾ ਵਰਨਣ ਹੈ।

43. ਇਕ ਗੋਪੀ ਜੋ ਚੰਦ੍ਰ ਭਾਨ ਦੀ ਲੜਕੀ ਅਤੇ ਗੋਵਰਧਨ ਮਨ ਦੀ ਇਸਤ੍ਰੀ ਸੀ ਅਤੇ ਜਿਸ ਤੇ ਸ੍ਰੀ ਕ੍ਰਿਸ਼ਨ ਜੀ ਮੋਹਿਤ ਹੋ ਗਏ ਸਨ।

44. ਸਮੁੰਦਰ ਤੋਂ ਪੈਦਾ ਹੋਇਆ ਦੇਵਤਿਆਂ ਦਾ ਇਕ ਬਿਰਛ ਜੋ ਸਮੁੰਦਰ ਰਿੜਕਨ ਸਮੇਂ ਇੰਦ੍ਰ ਨੂੰ ਮਿਲਿਆ।
(ਵਿਸਥਾਰ ਲਈ ਵੇਖੋ ਮਹਾਨ ਕੋਸ਼, ਪੰਨਾ 765)

ਕਾਨ੍ਹ ਕ੍ਰਿਸ਼ਨ,[45] ਜਾਦੁਮ,[46] ਗੋਪੀ,[47] ਬ੍ਰਿੰਦਾਬਨ,[48] ਕਲਿ,[49] ਅਥਰਬਣ,[50] ਤੁਰਕ,[51] ਪਠਾਣੀ[52] ਆਦਿ ਲੋਕਧਾਰਾਈ ਪ੍ਰਵਾਹ ਦੇ ਵਿਭਿੰਨ ਇਤਿਹਾਸਕ ਮਿਥਿਹਾਸਕ ਪ੍ਰਤੀਕਾਤਮਕ ਤੱਤ ਹਨ। ਇਹ ਦ੍ਰਿਸ਼ਟਾਂਤ ਕੇਵਲ ਇਹਨਾਂ ਸਲੋਕਾਂ ਨੂੰ ਲੋਕਧਾਰਾਈ ਪ੍ਰਵਾਹ ਨਾਲ ਨਹੀਂ ਜੋੜ ਰਹੇ ਸਗੋਂ ਇਹਨਾਂ ਦੀ ਸੰਚਾਰ ਪ੍ਰਕ੍ਰਿਆ ਲਈ ਸਿਰਜਿਆ ਗਿਆ ਪ੍ਰਬੰਧ ਅਤੇ ਬਾਣੀ ਵਿਧਾਨ ਦੀ ਸੰਕਲਨ ਵਿਧਾ ਇਨ੍ਹਾਂ ਦਾ ਲੋਕਧਾਰਾਈ ਪਰਿਪੇਖ ਦਰਸਾ ਰਹੀ ਹੈ। ਇਨ੍ਹਾਂ ਸਲੋਕਾਂ ਨੂੰ ਇਹਨਾਂ ਸਲੋਕਾਂ ਦੇ ਬਾਣੀ ਵਿਧਾਨ ਦੇ ਸੰਚਾਰ ਦੀ ਦ੍ਰਿਸ਼ਟੀ ਤੋਂ ਗਹੁ ਨਾਲ ਵਾਚੀਏ ਤਾਂ ਸਾਡੇ ਸਾਹਮਣੇ ਨਿਮਨਲਿਖਤ ਨੁਕਤੇ ਸਪਸ਼ਟ ਹੁੰਦੇ ਹਨ:

(ੳ) ਇਹ ਸਲੋਕ 'ਆਸਾ ਦੀ ਵਾਰ' ਵਿਚੋਂ ਲਏ ਗਏ ਹਨ। ਆਸਾ ਦੀ ਵਾਰ ਦਾ ਸਿਰਲੇਖ ਇਸ ਪ੍ਰਕਾਰ ਹੈ:

ਆਸਾ ਮਹਲਾ ੧
ਵਾਰ ਸਲੋਕਾ ਨਾਲਿ ਸਲੋਕ ਭੀ ਮਹਿਲੇ ਪਹਿਲੇ ਕੇ ਲਿਖੇ
ਟੁੰਡੇ ਅਸਰਾਜੈ ਕੀ ਧੁਨੀ॥[53]

---

45. ਯਦੁਵੰਸ਼ੀ ਵਾਸੁਦੇਵ ਅਤੇ ਦੇਵਕੀ ਦਾ ਪੁੱਤਰ ਜੋ ਇਕ ਵੱਡੇ ਨੀਤੀਵੇਤਾ ਅਤੇ ਯੋਧਾ ਸਨ। ਜੋ ਮਹਾਂਭਾਰਤ ਵਿਚਕੌਰਵਾਂ ਤੇ ਪਾਂਡਵਾਂ ਦੇ ਯੁੱਧ ਸਮੇਂ ਅਰਜੁਨ ਦੇ ਰਥਵਾਹੀ ਬਣੇ ਅਤੇ ਗੀਤਾ ਦਾ ਉਪਦੇਸ਼ਦਿੱਤਾ।

46. 'ਯਦੁਵੰਸ਼ੀ' ਜਿਸ ਵੰਸ਼ ਵਿਚ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆ।

47. ਗੋਪ (ਗੋਪਾਲ ) ਦੀ ਇਸਤ੍ਰੀ।

48. ਰਾਧਾ ਦੀ ਕ੍ਰੀੜਾ ਅਸਥਾਨ ਦਾ ਨਾਮ।

49. ਕਾਲ ਦਾ ਅਜਿਹਾ ਸਮਾਂ ਜਿਸ ਵਿਚ ਭਲਾਈ ਚੌਥਾ ਹਿੱਸਾ ਰਹਿ ਗਈ ਅਤੇ ਵੇਦ ਸ਼ਾਸਤ੍ਰ ਦੇ ਨੇਮ ਨੇਕੀ ਆਦਿ ਸਭ ਖਤਮ ਹੋ ਗਏ।

50. ਅਥਰਵ ਵੇਦ ਦਾ ਗਿਆਤਾ (ਅਥਰਵ ਵੇਦ ਜਿਸ ਵਿਚ ਜਾਦੂ ਮੰਤ੍ਰ ਟੂਣੇ ਆਦਿ ਦਾ ਵਰਨਨ ਹੈ)

51. ਤੁਰਕਿਸਤਾਨ ਦਾ ਵਸਨੀਕ।(ਮੁਸਲਮਾਨਾਂ ਲਈ ਵਰਤਿਆ ਜਾਂਦਾ ਸ਼ਬਦ)

52. ਉਤਰ ਪੱਛਮ ਦੇ ਇਲਾਕੇ ਵਿਚ ਰਹਿਣ ਵਾਲੀ ਇਕ ਮੁਸਲਿਮ ਜਾਤੀ ਦਾ ਵਿਅਕਤੀ।

53. ਆਦਿ ਗ੍ਰੰਥ, ਪੰਨਾ 462

(ਅ) ਆਸਾ ਰਾਗ 'ਆਸਾ' ਵਲ ਸੰਕੇਤ ਹੈ। ਰਾਗ ਆਸਾ ਪੰਜਾਬੀ ਲੋਕਧਾਰਾ ਦੇ ਸੰਗੀਤਕ ਪ੍ਰਵਾਹ ਵਿਚੋਂ ਵਿਕਸਤ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਜਿਸ ਵਿੱਚ ਲੋਕਧਾਰਾਈ ਪ੍ਰਵਾਹ ਵਿਚੋਂ 'ਵਾਰ' ਕਾਵਿ-ਰੂਪ ਨੂੰ ਲਿਆ ਗਿਆ ਹੈ ਜਿਸ ਵਿੱਚ ਸਲੋਕਾਂ ਦਾ ਅੰਕਣ ਵੀ ਕੀਤਾ ਗਿਆ ਹੈ।

(ੲ) ਆਸਾ ਰਾਗ ਦੇ ਮੌਲਿਕ ਸਰੂਪ ਨੂੰ ਹੋਰ ਵਿਸ਼ਿਸ਼ਟਤਾ ਤੇ ਨਿਸ਼ਚਿਤ ਨਿਰਧਾਰਿਤਾ ਪ੍ਰਦਾਨ ਕਰਨ ਲਈ ਇਸ ਨੂੰ ਲੋਕਧਾਰਾਈ ਪ੍ਰਵਾਹ ਦੇ ਵਾਰ ਗਾਇਨ ਖੇਤਰ ਦੀ ਪ੍ਰਸਿੱਧ ਧੁਨੀ ਟੁੰਡੇ ਅਸਰਾਜੇ ਦੀ ਧੁਨੀ ਅਨੁਸਾਰ ਗਾਉਣ ਦਾ ਸੰਕੇਤ ਹੈ।

(ਸ) ਵਾਰ ਗਾਇਨ ਭਾਵੇਂ ਸਿਧੇ ਤੌਰ ਤੇ ਲੋਕ ਗਾਇਨ ਨਾਲ ਸੰਬੰਧਿਤ ਹੈ, ਪਰੰਤੂ ਬਾਣੀ ਵਿਧਾਨ ਦੇ ਅੰਤਰਗਤ ਇਸ ਨੂੰ ਨਿਰਧਾਰਤ ਸੰਗੀਤਕ ਸਰੂਪ ਦਿੱਤਾ ਗਿਆ ਹੈ। ਜਿਸ ਵਿਚ ਇਸ ਰਾਗ ਆਸਾ ਵਿਚ ਨਿਬੱਧ ਕਰਨ ਦਾ ਆਦੇਸ ਹੈ। ਇਸ ਕਰਕੇ ਇਸਨੂੰ 'ਆਸਾ ਦੀ ਵਾਰ' ਹੀ ਕਿਹਾ ਜਾਂਦਾ ਹੈ। ਸਲੋਕਾਂ ਦਾ ਗਾਇਨ ਅਨਿਬੱਧ (ਤਾਲ ਰਹਿਤ) ਸ਼ੈਲੀ ਵਿਚ ਕੀਤਾ ਜਾਂਦਾ ਹੈ ਅਤੇ ਪਉੜੀ ਨਿਰਧਾਰਤ ਪਰੰਪਰਾ ਅਨੁਸਾਰ ਹੀ ਗਾਈ ਜਾਂਦੀ ਹੈ।

(ਹ) 'ਆਸਾ ਦੀ ਵਾਰ' ਦਾ ਗਾਇਨ ਕਿਉਂਜੋ ਰਾਗ ਆਧਾਰਿਤ ਹੈ। ਇਸ ਨੂੰ ਰਾਗੀ ਢੱਡ ਸਾਰੰਗੀ ਦੀ ਬਜਾਏ ਕੀਰਤਨ ਚੌਕੀ ਵਾਂਗੂੰ ਗਾਉਂਦੇ ਹਨ।

(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਸਲੋਕ ਤੇ ਪਉੜੀਆਂ ਇਕੱਠੇ ਲਿਖੇ ਗਏ ਹਨ ਪਰੰਤੂ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ 'ਆਸਾ ਦੀ ਵਾਰ' ਦੇ ਇਸ ਰੂਪ ਨਾਲ ਆਸਾ ਮਹਲਾ ੪ ਦੇ ਛੰਤ ਗਾਉਣ ਦੀ ਪਰੰਪਰਾ ਵੀ ਆਰੰਭ ਕੀਤੀ।

ਉਕਤ ਨੁਕਤਿਆਂ ਦੇ ਆਧਾਰ ਤੇ ਇਹ ਸਲੋਕ ਨਿਸ਼ਚਿਤ ਸੰਚਾਰ ਪ੍ਰਬੰਧ ਦੀ ਅਹਿਮ ਇਕਾਈ ਪ੍ਰਤੀਤ ਹੁੰਦੇ ਹਨ। ਇਹ ਸਲੋਕ ਆਪਣੇ ਕਾਵਿ ਵਿੱਚ ਅੰਕਿਤ ਇਤਿਹਾਸਕ, ਮਿਥਿਹਾਸਕ ਦ੍ਰਿਸ਼ਟਾਂਤਾਂ ਤੋਂ ਬਿਨਾਂ ਵਾਰ[54], ਪਉੜੀ[55], ਛੰਤ[56] ਆਦਿ ਦੇ ਲੋਕਧਾਰਾਈ ਤੱਤਾਂ ਸਹਿਤ ਸੰਯੁਕਤ ਤੇ ਸਮਿਲਿਤ

---

54. ਵੇਖੋ ਅਧਿਆਇ ਚੌਥਾ, ਪੰਨਾ 164
55. ਉਹੀ, ਪੰਨਾ 165
56. ਉਹੀ, ਪੰਨਾ 162

ਰੂਪ ਵਿਚ ਕਾਰਜਸ਼ੀਲ ਹਨ। ਇਹਨਾਂ ਸਲੋਕਾਂ ਦੀ ਸੰਚਾਰ ਪ੍ਰਕ੍ਰਿਆ ਵਿਚ ਉਕਤ ਵਰਨਣ ਅਨੁਸਾਰ 'ਆਸਾ ਦੀ ਵਾਰ' ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪ੍ਰਗਟ ਹੋਣ ਵਾਲਾ ਸੰਗੀਤ ਪ੍ਰਬੰਧ ਆਪਣੇ ਮੂਲ ਅਨੁਸ਼ਾਸਨ ਅਨੁਸਾਰ ਹੀ ਕਾਰਜਸ਼ੀਲ ਰਹਿੰਦਾ ਹੈ। ਵਿਵਹਾਰ ਦੀ ਦ੍ਰਿਸ਼ਟੀ ਤੋਂ ਆਸਾ ਦੀ ਵਾਰ ਦਾ ਕ੍ਰਿਆਤਮਕ, ਪੁਰਾਤਨ ਤੇ ਵਰਤਮਾਨ ਪ੍ਰਚਲਨ ਇਹਨਾਂ ਸਲੋਕਾਂ ਨੂੰ ਸਿੱਧੇ ਤੌਰ ਤੇ ਸੰਚਾਰ ਨਾਲ ਜੋੜ ਰਿਹਾ ਹੈ। ਜਿਸ ਵਿੱਚ ਬਾਣੀ ਵਿਧਾਨ ਦੇ ਸੰਚਾਰ ਪ੍ਰਬੰਧ ਵਿੱਚ ਪ੍ਰਯੁਕਤ ਸਮੂਹ ਸੰਚਾਰ ਜੁਗਤਾਂ ਆਪਣੀਆਂ ਸਮੂਹ ਸੰਚਾਰ ਵਿਧੀਆਂ ਸਹਿਤ ਸੰਯੁਕਤ ਤੇ ਸਮਿਲਿਤ ਰੂਪ ਵਿੱਚ ਕਾਰਜਸ਼ੀਲ ਹਨ।

ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿਚ ਸੰਚਾਰ ਵਿਧਾਨ ਦਾ ਉਕਤ ਵਿਵੇਚਨ ਸਹਿਜ ਤੇ ਸਰਲ ਰੂਪ ਵਿੱਚ ਬਾਣੀ ਦੇ ਭਾਵਾਂ ਨੂੰ ਮਾਨਵੀ ਮਨ ਵਿਚ ਵਸਾਉਣ ਤੇ ਦ੍ਰਿੜਾਉਣ ਦਾ ਕਾਰਜ ਕਰ ਰਿਹਾ ਹੈ। ਸੰਚਾਰ ਦੀ ਇਹ ਵਿਧੀ ਜਿਥੇ ਇਸ ਦੇ ਸਰਲ ਤੇ ਸੁਭਾਵਿਕ ਹੋਣ ਵਿਚ ਹੈ ਉਥੇ ਇਸ ਦੀ ਮੌਲਿਕ ਵਿਲੱਖਣਤਾ ਬਾਣੀ ਵਿਧਾਨ ਦੀ ਦ੍ਰਿਸ਼ਟੀ ਤੋਂ ਇਕ ਨਿਵੇਕਲੀ ਮਿਸਾਲ ਹੈ। ਗੁਰੂ ਸਾਹਿਬ ਦੁਆਰਾ ਬਾਣੀ ਦੇ ਸੰਚਾਰ ਲਈ ਸਿਰਜੇ ਗਏ ਬਾਣੀ ਵਿਧਾਨ ਦਾ ਪ੍ਰਯੋਗ ਤੇ ਅਧਿਐਨ ਇਸ ਦੀ ਅੰਤਰੀਵੀ ਬਣਤ ਅਤੇ ਸਮੁੱਚ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਸੰਚਾਰ ਪ੍ਰਕ੍ਰਿਆ ਦੌਰਾਨ ਕਾਰਜਸ਼ੀਲ ਸੰਚਾਰ ਜੁਗਤਾਂ, ਉਪਕਰਣ ਤੇ ਤੱਤ ਸਦੈਵ ਸੰਯੁਕਤ ਸਹਾਇਕ ਤੇ ਪੂਰਕ ਵਿਧੀ ਦੁਆਰਾ ਕਾਰਜਸ਼ੀਲ ਰਹਿੰਦੇ ਹਨ। ਇਹਨਾਂ ਦੀ ਆਪਸੀ ਸੁਤੰਤਰ ਹੋਂਦ ਨੂੰ ਨਿਖੇੜ ਕੇ ਪਛਾਨਣਾ, ਵਿਚਾਰਨਾ ਜਾਂ ਅਧਿਐਨ ਦਾ ਵਿਸ਼ਾ ਬਨਾਉਣਾ ਦਿਲਚਸਪ ਤਾਂ ਹੈ ਪਰ ਉਚਿਤ ਨਹੀਂ, ਕਿਉਂਜੋ ਬਾਣੀ ਦੀਆਂ ਇਹ ਭਿੰਨ ਭਿੰਨ ਸਚਾਰ ਇਕਾਈਆਂ ਇਕ ਸਮੁੱਚ ਵਿੱਚ ਬਝੀਆਂ ਹੋਈਆਂ ਹਨ। ਇਸੇ ਤਰ੍ਹਾਂ ਇਹਨਾਂ ਨਾਲ ਇਕ ਸਮੁੱਚ ਦੇ ਸੰਦਰਭ ਅਤੇ ਧਾਰਨਾਵਾਂ ਵੀ ਜੁੜੀਆਂ ਹੋਈਆਂ ਹਨ। ਬਾਣੀ ਵਿਧਾਨ ਦੀ ਸਿਰਜਣਾ ਕੇਵਲ ਤੇ ਕੇਵਲ ਸੰਚਾਰ ਲਈ ਹੀ ਕੀਤੀ ਗਈ ਹੈ, ਜਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਭਿੰਨ ਭਿੰਨ ਸੰਚਾਰ ਜੁਗਤਾਂ ਤੱਤਾਂ ਸੰਕੇਤਾਂ ਦੇ ਹਵਾਲਿਆਂ ਤੋਂ ਭਲੀ ਭਾਂਤ ਸਪਸ਼ਟ ਹੋ ਰਿਹਾ ਹੈ। ਬਾਣੀ ਵਿਧਾਨ ਦਾ ਮੂਲ ਮਨੋਰਥ ਸੰਚਾਰ ਹੈ ਅਤੇ ਇਹ ਸੰਚਾਰ ਪ੍ਰਬੰਧ ਬਾਣੀ ਵਿਧਾਨ ਉਪਰ ਹੀ ਅਧਾਰਿਤ ਹੈ, ਇਸ ਲਈ ਬਾਣੀ ਸੰਬੰਧੀ ਕਿਸੇ ਕਿਸਮ ਦਾ ਅਧਿਐਨ ਇਸ ਦੀ ਸੰਚਾਰ ਪ੍ਰਕ੍ਰਿਆ ਨਾਲੋਂ ਤੋੜ ਕੇ ਜਾਂ ਨਿਖੇੜ ਕੇ ਨਹੀਂ ਕੀਤਾ ਜਾ ਸਕਦਾ ਅਤੇ ਅਜਿਹਾ ਕਰਨਾ ਬਾਣੀ ਦੀ ਮੂਲ ਭਾਵਨਾ ਉਦੇਸ਼ ਤੇ ਧਾਰਣਾ ਦੇ ਵਿਪਰੀਤ ਵਡੇਰੀ ਭੁੱਲ ਹੀ ਕਹੀ ਜਾ ਸਕਦੀ ਹੈ।

ਕਿਸੇ ਵੀ ਸੰਚਾਰ ਪ੍ਰਕ੍ਰਿਆ ਜਾਂ ਸੰਚਾਰ ਪ੍ਰਬੰਧ ਦੀ ਸਫਲਤਾ ਉਸਦੇ ਨਿਰਧਾਰਤ ਲਕਸ਼ ਦੀ ਪ੍ਰਾਪਤੀ ਅਨੁਸਾਰ ਹੀ ਪ੍ਰਵਾਣੀ ਜਾਂਦੀ ਹੈ। ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਪ੍ਰਸੰਗ ਵਿੱਚ ਇਹ ਗੱਲ

ਸ੍ਵੈ-ਸਪਸ਼ਟ ਹੈ ਕਿ ਬਾਣੀ ਅਧਿਐਨ ਨਾਲੋ ਗਾਇਨ , ਮਨ ਵਜਾਉਣ ਤੇ ਦ੍ਰਿੜਾਉਣ ਦਾ ਵਿਸ਼ਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਿਕ ਸੋਚ ਦੁਆਲੇ ਜੁੜੀ ਲੋਕਾਈ ਧਰਮ ਰੂਪ ਵਿਚ ਸਿੱਖ ਧਰਮ ਦੀ ਸਥਾਪਨਾ ਅਤੇ ਗੁਰੂ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਇਸ ਦੇ ਸਫ਼ਲ ਸੰਚਾਰ ਦੀ ਹੀ ਉਦਾਹਰਣ ਹੈ ਇਸੇ ਲਈ ਬਾਣੀ ਦੇ ਮੂਲ ਵਿਧਾਨ ਨੂੰ ਸਮਝਦਿਆਂ ਇਸ ਦੀ ਨਿਰਧਾਰਤ ਸੰਚਾਰ ਵਿਧੀ ਜਾਂ ਕਾਵਿ ਤੇ ਸੰਗੀਤ ਦੇ ਸਮਿਲਿਤ ਤੇ ਸੰਯੁਕਤ ਸੰਚਾਰ ਪ੍ਰਬੰਧ ਨੂੰ ਬੁਨਿਆਦੀ ਰੂਪ ਵਿਚ ਅਪਣਾਏ ਜਾਣਾ ਬਾਣੀ ਸੰਬੰਧੀ ਕਿਸੇ ਵੀ ਕਾਰਜ ਲਈ ਮੂਲ ਰੂਪ ਵਿੱਚ ਅਨਿਵਾਰਯ ਹੈ।

*****

## ਉਪਸੰਹਾਰ

'ਗੁਰੂ ਨਾਨਕ ਬਾਣੀ' ਦੀਆਂ ਸੰਚਾਰ ਜੁਗਤਾਂ ਸੰਬੰਧੀ ਇਸ ਖੋਜ ਕਾਰਜ ਦੌਰਾਨ ਕੀਤੇ ਗਏ ਅਧਿਐਨ ਦੌਰਾਨ ਕੁਝ ਮਹੱਤਵਪੂਰਨ ਉਪਲੱਬਧੀਆਂ ਹੋਈਆਂ ਹਨ ਜਿਨ੍ਹਾਂ ਨੇ ਸਾਡੀ ਸੋਚ ਨੂੰ ਇਕ ਨਿਵੇਕਲੀ ਦਿਸ਼ਾ ਪ੍ਰਦਾਨ ਕੀਤੀ ਹੈ। ਸਾਡੀ ਇਹ ਧਾਰਣਾ ਕਿ 'ਗੁਰੂ ਨਾਨਕ ਬਾਣੀ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਤਿਨਿਧ ਬਾਣੀ ਹੈ, ਆਪਣੇ ਸਿਧਾਂਤ ਅਤੇ ਸਰੂਪ ਤੇ ਸੰਚਾਰਮੁਖੀ ਅਧਿਐਨ ਤੋਂ ਹੋਰ ਵੀ ਪਕੇਰੀ ਹੋਈ ਹੈ। ਇਸ ਦੇ ਨਾਲ ਹੀ ਸੰਚਾਰ ਦਾ ਇਕ ਸਿਸਟਮ ਜੋ ਬਾਣੀ ਵਿਧਾਨ ਦੇ ਅੰਤਰਗਤ ਕਾਵਿ ਤੇ ਸੰਗੀਤ ਦੇ ਮਾਧਿਅਮ ਦੁਆਰਾ ਉਜਾਗਰ ਹੁੰਦਾ ਹੈ, ਦੀ ਪ੍ਰਾਪਤੀ 'ਗੁਰੂ ਨਾਨਕ ਬਾਣੀ' ਅਤੇ ਇਸ ਦੇ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਮੁੱਲੀ ਦੇਣ ਆਖੀ ਜਾ ਸਕਦੀ ਹੈ। ਸੰਚਾਰ ਦਾ ਜਿਹੜਾ ਪੈਟਰਨ ਗੁਰੂ ਸਾਹਿਬ ਨੇ ਆਪਣੀ ਬਾਣੀ ਦੇ ਅੰਤਰਗਤ ਸਥਾਪਿਤ ਕੀਤਾ ਜਿਸ ਨੂੰ ਬਾਣੀ ਦੇ ਅੰਤਰੀਵੀ ਅਧਿਐਨ ਤੋਂ ਗ੍ਰਹਿਣ ਕੀਤਾ ਜਾ ਸਕਦਾ ਹੈ, ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਸੰਕਲਨ-ਪ੍ਰਬੰਧ ਦੇ ਰੂਪ ਵਿਚ ਪ੍ਰਗਟ ਹੋਇਆ। ਇਸੇ ਲਈ ਇਸ ਖੋਜ ਕਾਰਜ ਨੂੰ ਉਕਤ ਚਿੰਤਨ ਦ੍ਰਿਸ਼ਟੀ ਤੋਂ ਵੇਖਦਿਆਂ ਅਸੀਂ ਆਪਣੇ ਕਾਰਜ ਨੂੰ ਜਿਨ੍ਹਾਂ ਪੰਜ ਅਧਿਆਵਾਂ ਵਿੱਚ ਵਿਭਾਜਤ ਕੀਤਾ ਸੀ ਉਹਨਾਂ ਤੋਂ ਉਪਲੱਬਧ ਕੁਝ ਮਹੱਤਵਪੂਰਨ ਤੱਥ ਇਸ ਪ੍ਰਕਾਰ ਹਨ।

'ਸੰਚਾਰ ਅਤੇ ਸੰਚਾਰ ਪ੍ਰਕ੍ਰਿਆ ਦੇ ਵਿਭਿੰਨ ਪਰਿਪੇਖ' ਨਾਮਕ ਪ੍ਰਥਮ ਅਧਿਆਇ ਦੇ ਅੰਤਰਗਤ ਅਸੀਂ ਸੰਚਾਰ ਦੀ ਸ਼ਾਬਦਿਕ ਪਹਿਚਾਣ ਅਤੇ ਇਸ ਦੇ ਵਿਭਿੰਨ ਤੱਤਾਂ ਦੀ ਕਾਰਜ ਪ੍ਰਕ੍ਰਿਆ ਨੂੰ ਵਿਸ਼ਲੇਸ਼ਿਤ ਕਰਨ ਉਪਰਾਂਤ, ~~ਅਸੀਂ~~ ਮਾਨਵੀ ਵਿਕਾਸ ਦੇ ਸੰਦਰਭ ਵਿਚ ਸੰਚਾਰ ਦੇ ਇਤਿਹਾਸਕ ਕ੍ਰਮ ਨੂੰ ਪਛਾਨਣ ਦਾ ਜਤਨ ਕੀਤਾ ਹੈ। ਸੰਚਾਰ ਦੀਆਂ ਭਾਸ਼ਾਈ ਤੇ ਗ਼ੈਰਭਾਸ਼ਾਈ ਸੰਚਾਰ ਜੁਗਤਾਂ ਦੇ ਅੰਤਰਗਤ ਸਭਿਆਚਾਰ, ਕਲਾਵਾਂ, ਸਾਹਿਤ, ਕਾਵਿ, ਲੋਕਧਾਰਾ ਅਤੇ ਸੰਗੀਤ ਦੀ ਸੰਚਾਰ ਪ੍ਰਕ੍ਰਿਆ ਤੇ ਪ੍ਰਕਾਰਜ ਦਾ ਅਧਿਐਨ ਕਰਦਿਆਂ ਸਾਡੇ ਸਾਹਮਣੇ ਇਹ ਤੱਥ ਬਾਰ ਬਾਰ ਆਉਂਦਾ ਰਿਹਾ ਕਿ ਮਾਨਵੀ ਜੀਵਨ ਦੀ ਨਿਰੰਤਰ ਧਾਰਾ ਨੂੰ ਜਾਰੀ ਰਖਣ ਵਾਲਾ ਮੁੱਖ ਸਾਧਨ ਸੰਚਾਰ ਹੀ ਹੈ। ਇਹ ਕੇਂਦਰੀ ਸੰਚਾਲਿਕ ਸ਼ਕਤੀ ਵਜੋਂ ਉਜਾਗਰ ਹੁੰਦਾ ਹੈ। ਸੰਚਾਰ ਦੀਆਂ ਸਮੂਹ ਵਿਭਿੰਨ ਜੁਗਤਾਂ, ਉਪਕਰਣ ਤੇ ਇਹਨਾਂ ਦੀ ਪ੍ਰਕ੍ਰਿਆ ਦਾ ਮਨੋਰਥ ਮਾਨਵੀ ਵਿਕਾਸ ਦੀ ਨਿਰੰਤਰ ਪ੍ਰਗਤੀ ਹੀ ਹੈ। ਸੰਚਾਰ ਜਿਥੇ ਇਸ ਬਾਹਰੀ ਜਗਤ ਦੇ ਕਾਰ-ਵਿਹਾਰ ਲਈ ਮੁੱਖ ਸੰਚਾਲਿਕ ਸ਼ਕਤੀ ਵਜੋਂ ਉਜਾਗਰ ਹੁੰਦਾ ਹੈ ਉਥੇ ਮਾਨਵ ਨੇ ਆਪਣੇ ਮਨ ਦੀਆਂ ਅੰਤਰੀਵੀ ਅਨੁਭੂਤੀਆਂ ਨੂੰ ਅਭਿਵਿਅਕਤ ਤੇ ਸੰਚਾਰਿਤ ਕਰਨ ਹਿਤ ਕਈ ਘਾੜਤਾਂ ਘੜੀਆਂ

ਹਨ। ਸਭਿਆਚਾਰ, ਸਾਹਿਤ, ਕਲਾਵਾਂ ਮਾਨਵੀ ਮਨ ਦੀਆਂ ਬਹੁਪਰਤੀ ਅਨੁਭੂਤੀਆਂ ਦਾ ਬਹੁ-ਦਿਸ਼ਾਵੀ ਤੇ ਬਹੁਵਿਧ ਪ੍ਰਗਟਾਵਾ ਹਨ। ਸੰਚਾਰ ਦੀ ਸਫਲਤਾ ਇਹਨਾਂ ਸਮੂਹ ਘਾੜਤਾਂ ਤੇ ਵਿਧੀਆਂ ਦਾ ਅੰਤਿਮ ਪ੍ਰਯੋਜਨ ਹੈ। ਸਭਿਆਚਾਰ, ਸਾਹਿਤ ਅਤੇ ਕਲਾਵਾਂ ਦੀ ਸੂਖਸ਼ਮਤਾ ਤੇ ਸਮਰਥਾ ਦਾ ਸੌਂਦਰਯਾਤਮਿਕ ਪਸਾਰਾ ਭਾਵੇਂ ਇਹਨਾਂ ਦੀਆਂ ਮੌਲਿਕ ਵਿਸ਼ਿਸ਼ਟਤਾਵਾਂ ਨਾਲ ਜੁੜਿਆ ਹੋਇਆ ਹੈ ਪਰੰਤੂ ਇਸ ਦੀ ਪਰਖ ਸੰਚਾਰ ਦੀ ਸਫ਼ਲ ਪ੍ਰਕ੍ਰਿਆ ਉਪਰ ਹੀ ਅਧਾਰਿਤ ਹੈ। ਇਸ ਤੋਂ ਅਗੇ ਅਸੀਂ ਇਹ ਵੀ ਵੇਖਿਆ ਹੈ ਕਿ ਇਹ ਲੌਕਿਕ ਜਗਤ ਹੀ ਨਹੀਂ ਪਰਾਲੌਕਿਕ ਜਗਤ ਵੀ ਸੰਚਾਰ ਨਾਲ ਬਝਾ ਹੋਇਆ ਹੈ। ਖਾਲਕ ਤੋਂ ਮਾਨਵ ਅਤੇ ਮਾਨਵ ਤੋਂ ਫੇਰ ਉਸ ਖਾਲਕ ਤਕ ਪਹੁੰਚ ਦਾ ਮਾਰਗ ਸੰਚਾਰ ਦੀਆਂ ਪੌੜੀਆਂ ਦੁਆਰਾ ਹੀ ਤਹਿ ਹੋ ਸਕਦਾ ਹੈ। ਅਧਿਆਤਮਿਕ ਪੰਧਾਊ ਉਸ ਅਦਿੱਖ ਜਗਤ ਦੇ ਅਨੁਭਵਾਂ ਅਤੇ ਅਧਿਆਤਮਿਕ ਸਤਿ ਦੀਆਂ ਰਮਜ਼ਾਂ ਨੂੰ ਮਾਨਵੀ ਪਕੜ ਤੇ ਪਹੁੰਚ ਵਿਚ ਆਉਣ ਵਾਲੀਆਂ ਸੰਚਾਰ ਜੁਗਤਾਂ ਤੇ ਵਿਧੀਆਂ ਦਾ ਇਸਤੇਮਾਲ ਕਰਦੇ ਹਨ। ਇਸੇ ਵਿਧੀ ਦੁਆਰਾ ਉਹ ਉਸ ਰੱਬੀ ਸੁਨੇਹੇ ਨੂੰ ਲੋਕਾਈ ਤਕ ਪਹੁੰਚਾਦਿਆਂ ਲੋਕਾਈ ਨੂੰ ਉਸ ਅਧਿਆਤਮ-ਸਤਿ ਦਾ ਪ੍ਰਕਾਸ਼ ਕਰਵਾਉਂਦੇ ਹਨ। ਜਿਸ ਦੀ ਸਫ਼ਲਤਾ ਜੀਵ (ਆਤਮਾ) ਦਾ ਉਸ ਖ਼ਾਲਕ/ਖਸਮ/ਪਰਮਾਤਮਾ ਨਾਲ ਸਦੀਵੀ ਮਿਲਾਪ ਹੈ। ਇਸ ਤਰ੍ਹਾਂ ਸੰਚਾਰ ਸਾਡੇ ਲੌਕਿਕ ਤੇ ਪਰਾਲੌਕਿਕ ਜੀਵਨ ਨਾਲ ਪੂਰਨ ਤੇ ਪ੍ਰਤੱਖ ਰੂਪ ਵਿਚ ਜੁੜਿਆ ਹੋਇਆ ਹੈ। ਕਿਤੇ ਇਸ ਦੀ ਧੜਕਨ ਨੂੰ ਸਪਸ਼ਟ ਰੂਪ ਵਿੱਚ ਵੇਖਿਆ ਜਾ ਸਕਦਾ ਹੈ ਤੇ ਕਿਤੇ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ।

ਦੂਸਰੇ ਅਧਿਆਇ ਵਿਚ 'ਅਧਿਆਤਮਿਕ ਅਨੁਭਵ ਦੀ ਅਨੁਭੂਤੀ' ਨੂੰ ਅਭਿਵਿਅਕਤੀ ਨਾਲ ਜੋੜਦਿਆਂ ਸੰਚਾਰ ਸੰਬੰਧੀ ਅਗਲੇਰੀ ਚਰਚਾਜਾਰੀ ਰਖੀ ਗਈ ਹੈ। ਇਸ ਵਿਚਾਰ ਤੋਂ ਸਾਡੇ ਸਾਹਮਣੇ ਇਹ ਤੱਥ ਭਲੀ ਭਾਂਤ ਪ੍ਰਗਟ ਹੋਏ ਹਨ ਕਿ ਸਾਧਕ ਦੁਆਰਾ ਅਧਿਆਤਮਿਕ ਅਨੁਭਵ ਦੀ ਅਨੁਭੂਤੀ ਅਨਿਵਾਰਯ ਹੈ ਕਿਉਂਜੋ ਇਹ ਅਨੁਭੂਤੀ ਰੱਬੀ ਤੇ ਰਹੱਸਾਤਮਿਕ ਅਨੁਭਵ ਹੈ। ਇਹ ਅਨੁਭੂਤੀ ਕਿਸੇ ਨਾ ਕਿਸੇ ਰੂਪ ਵਿਚ ਅਵਸ਼ ਹੀ ਪ੍ਰਗਟ ਹੋਣੀ ਹੈ। ਇਸ ਅਨੁਭੂਤੀ ਦੀ ਅਭਿਵਿਅਕਤੀ ਉਸ ਖਾਲਕ ਦਾ ਆਦੇਸ ਹੈ ਅਤੇ ਉਸ ਖਾਲਕ ਦੇ ਆਦੇਸ ਦਾ ਵਰਤਾਰਾ ਸਾਧਕ ਜਾਂ ਪੈਗੰਬਰ ਦੇ ਮੁੱਖੋਂ ਬਾਣੀ ਜਾਂ ਇਲਹਾਮ ਦੇ ਰੂਪ ਵਿਚ ਹੁੰਦਾ ਹੈ। ਧਰਮ ਦੇ ਪ੍ਰਸੰਗ ਵਿਚ ਜੀਵਨ ਰੁਸ਼ਨਾਉਣ ਵਾਲਾ ਅਧਿਆਤਮ-ਸਤਿ ਦਾ ਇਹੀ ਪ੍ਰਕਾਸ਼ ਧਰਮ ਸਿਧਾਂਤ ਦੇ ਰੂਪ ਵਿੱਚ ਸਥਾਪਿਤ ਹੁੰਦਾ ਹੈ, ਜੋ ਫਿਰ ਸਾਧਕ ਦੇ ਸਾਧਨਾ ਕ੍ਰਮ ਅਤੇ ਧਰਮ ਦੇ ਵਿਵਹਾਰਕ ਰੂਪ ਦੁਆਰਾ ਮੁੜ ਉਸ ਅਨੁਭੂਤੀ ਦੀ ਜੋਤ ਮਨ ਵਿੱਚ ਜਗਾ ਅਧਿਆਤਮ ਪੰਧ ਦਾ ਪੰਧਾਊ ਬਣਦਾ ਹੈ। ਸਾਧਕਾਂ ਨੇ ਭਿੰਨ ਭਿੰਨ ਵਿਧੀਆਂ, ਜੁਗਤਾਂ ਦੁਆਰਾ ਉਸ ਰੱਬੀ ਸੁਨੇਹੇ ਨੂੰ ਲੋਕਾਈ ਤਕ ਪਹੁੰਚਾਇਆ ਹੈ। ਇਸੇ ਸੁਨੇਹੇ ਦਾ ਵਰਤਾਰਾ ਵੱਖ ਵੱਖ ਸਮਿਆਂ ਉਤੇ ਲੋਕਾਈ ਦੁਆਰਾ ਪ੍ਰਵਾਹਿਤ ਤੇ ਸਿਰਜਿਤ

ਭਿੰਨ ਭਿੰਨ ਧਰਮਾਂ ਦੇ ਰੂਪ ਵਿੱਚ ਉਜਾਗਰ ਹੋਇਆ ਹੈ। ਇਸ ਸਾਰੀ ਪ੍ਰਕ੍ਰਿਆ ਵਿਚ ਸੰਚਾਰ ਕੇਂਦਰੀ ਸੰਚਾਲਿਕ ਸ਼ਕਤੀ ਵਜੋਂ ਵਿਦਮਾਨ ਰਿਹਾ ਹੈ ਅਤੇ ਰੱਬੀ ਸੰਦੇਸ਼ ਦੇ ਸੰਚਾਰ ਲਈ ਪ੍ਰਯੁਕਤ ਜੁਗਤਾਂ ਤੇ ਵਿਧੀਆਂ ਆਪਣੇ ਆਪ ਵਿੱਚ ਦਿਲਚਸਪ, ਵਿਲੱਖਣ ਤੇ ਵਿਸ਼ਿਸ਼ਟ ਮਹੱਤਵ ਰਖਦੀਆਂ ਹਨ।

'ਗੁਰੂ ਨਾਨਕ ਬਾਣੀ ਸੰਦੇਸ਼ ਤੇ ਸੰਚਾਰ' ਨਾਮਕ ਤੀਸਰੇ ਅਧਿਆਇ ਵਿੱਚ 'ਗੁਰੂ ਨਾਨਕ ਬਾਣੀ' ਦੇ ਸੰਦੇਸ਼ ਤੇ ਸੰਚਾਰ ਤੋਂ ਸਾਡੇ ਸਾਹਮਣੇ ਕੁਝ ਮਹੱਤਵਪੂਰਨ ਤੱਤ ਸਾਡੇ ਸਾਹਮਣੇ ਆਉਂਦੇ ਹਨ। ਇਹ ਬਾਣੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਤਾਰੀ ਰਚਨਾ ਹੈ, ਦਾ ਕਿਸੇ ਆਂਗਿਕ ਜਾਂ ਖੰਡਿਕ ਦ੍ਰਿਸ਼ਟੀ ਤੋਂ ਅਧਿਐਨ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਬਾਣੀ ਦੇ ਅੰਦਰ ਨਿਹਤ ਪਰਮਸਤਿ ਨਾਲ ਨਿਕਟਤਮ ਸਾਂਝ ਪਾਉਣ ਲਈ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ-ਰਹੱਸਾਂ, ਤੱਥਾਂ, ਪ੍ਰਸੰਗਾਂ ਅਤੇ ਪ੍ਰਿਸ਼ਠਭੂਮੀ ਨੂੰ ਜਾਨਣਾ ਅਤਿ ਜ਼ਰੂਰੀ ਹੈ। ਬਾਣੀ ਕੇਵਲ ਲਿਖਤ ਕਾਵਿ ਰਚਨਾ ਜਾਂ ਮਹਿਜ਼ ਅੱਖਰ ਰੂਪ ਨਹੀਂ ਸਗੋਂ ਇਸ ਦੇ ਵਿਸ਼ਿਸ਼ਟ ਉਚਾਰਮੁਖਤਾ ਦੇ ਧਾਰਣੀ ਹੋਣ ਕਰਕੇ ਇਹ ਜੀਵੰਤ ਰੂਪ ਵਿੱਚ ਸੰਚਾਰ ਹਿਤ ਨਿਰੰਤਰ ਕਾਰਜਸ਼ੀਲ ਹੈ। ਬਾਣੀ ਦੇ ਇਸ ਸੰਚਾਰਮਈ ਗੁਣਾਂ ਕਰਕੇ ਇਸਦਾ ਅਧਿਐਨ ਇਸ ਦੀ ਵਿਸ਼ਿਸ਼ਟ ਉਚਾਰਮੁਖਤਾ ਜੀਵੰਤ ਸੰਚਾਰ ਰਚਨਾ ਦੇ ਸੰਦਰਭ ਵਿੱਚ ਹੀ ਹੋਣਾ ਅਨਿਵਾਰਯ ਹੈ। ਬਾਣੀ ਦੇ ਰੂਪ ਸੰਬੰਧੀ ਕੀਤੇ ਗਏ ਵਿਵਰਣ ਮਾਤਰ ਵਿਚਾਰ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਬਾਣੀ ਅਖੁੱਟ ਪਸਾਰੇ ਵਿੱਚ ਕਾਵਿ ਤੇ ਸੰਗੀਤ ਦਾ ਅਨਿਕ ਭਾਂਤੀ, ਬਹੁਵਿਧ ਤੇ ਬਹੁਦਿਸ਼ਾਵੀ ਪ੍ਰਯੋਗ ਹੋਇਆ ਹੈ। ਬਾਣੀ ਦਾ ਇਹ ਸਰੂਪਗਤ ਪਸਾਰਾ ਗਿਣਾਤਮਿਕ ਜਾਂ ਗੁਣਾਤਮਿਕ ਆਡੰਬਰ ਨਹੀਂ ਸਗੋਂ ਪਰਾਲੌਕਿਕ ਤੇ ਲੌਕਿਕ ਜਗਤ ਦੀ ਵਾਸਤਵਿਕਤਾ ਨੂੰ 'ਗੁਰਮਤਿ' ਅਨੁਸਾਰ ਲੋਕਾਈ ਦੇ ਹਰ ਹਿਰਦੇ ਵਿਚ ਵਸਾਉਣ ਲਈ ਸੰਚਾਰ ਦਾ ਮਾਧਿਅਮ ਹੈ। ਇਸ ਦੇ ਵਿਭਿੰਨ ਰੂਪ ਪ੍ਰਤਿਰੂਪ ਅਤੇ ਖੁਲ੍ਹ ਦਿਲੀ ਨਾਲ ਪ੍ਰਯੋਗ ਕੀਤੇ ਗਏ ਸੰਚਾਰ-ਉਪਕਰਣ, ਜੁਗਤਾਂ ਤੇ ਵਿਧੀਆਂ 'ਗੁਰੂ ਨਾਨਕ ਬਾਣੀ' ਦੇ ਵਿਸ਼ਾਲ ਬ੍ਰਹਿਮੰਡੀ ਕਲਾਵੇ ਦੀ ਵਡਿਆਈ ਹਨ। ਇਸ ਬਾਣੀ ਵਿਚ ਮਾਨਵ ਸਾਹਮਣੇ ਸਤਿ ਦੇ ਆਦਿ, ਜੁਗਾਦਿ ਤੇ ਅਨਾਦਿ ਸਰੂਪਾਂ ਦੀ ਵਿਵਧਤਾ ਨੂੰ ਵਿਵਿਧ ਤੇ ਬਹੁਰੰਗਾਂ ਨਾਲ ਪ੍ਰਕਾਸ਼ਮਾਨ ਕੀਤਾ ਗਿਆ ਹੈ। ਇਹ ਅਸਚਰਜਮਈ, ਵਿਸਮਾਦੀ ਤੇ ਅਕੱਥ ਵਿਸ਼ਿਸ਼ਟਤਾ ਸਾਡੇ ਜਗਿਆਸੂ ਮਨ ਵਿਚ ਇਹ ਲਾਲਸਾ ਵੀ ਜਗਾਉਂਦੀ ਹੈ ਕਿ ਬਾਣੀ ਦੇ ਅਗਾਧ ਬੋਧ ਸਰੂਪ ਨੂੰ ਸੰਚਾਰਿਤ ਕਰਨ ਲਈ ਗੁਰੂ ਸਾਹਿਬ ਨੇ ਕਿਹੜੀਆਂ ਜੁਗਤਾਂ ਤੇ ਵਿਧੀਆਂ ਅਪਣਾਈਆਂ ਹਨ ਅਤੇ ਇਹਨਾਂ ਦੀ ਕਾਰਜਵਿਧੀ ਕੀ ਹੈ? ਇਸ ਅਨਿਕ ਵਿਧ ਸੰਚਾਰਮਈ ਸਰੂਪ ਤੇ ਸੰਚਾਰ ਪ੍ਰਕ੍ਰਿਆ ਦੇ ਅਨੁਸ਼ਾਸਨ ਸੰਬੰਧੀ ਜਾਨਣ ਦੀ ਇੱਛਾ ਵੀ ਸੁਭਾਵਿਕ ਹੀ ਹੈ। ਇਸ ਤਰ੍ਹਾਂ ਇਹ ਯਤਨ ਬਾਣੀ ਦੀ ਸੰਚਾਰਮੁਖੀ ਅਨੇਕਤਾ 'ਚੋਂ ਏਕਤਾ ਤੇ ਕੇਂਦਰੀ ਵਿਸ਼ਿਸ਼ਟਤਾ, ਜਿਸ ਨੂੰ ਬਾਣੀ ਪ੍ਰਬੰਧ ਜਾਂ ਬਾਣੀ ਸ਼ਾਸਤਰ ਵਜੋਂ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਸੰਬੰਧੀ ਕੁੱਝ ਚਿਹਨ ਚਕਰੀ

ਵਿਸ਼ਲੇਸ਼ਣ ਪ੍ਰਸਤੁਤ ਕਰਨ ਵਲ ਵੀ ਰੁਚਿਤ ਹੁੰਦੀ ਹੈ।

'ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ' ਨਾਮਕ ਚੌਥੇ ਅਧਿਆਇ ਵਿੱਚ ਬਾਣੀ ਵਿਚ ਪ੍ਰਯੁਕਤ ਹੋਣ ਵਾਲੀਆਂ ਵਿਭਿੰਨ ਜੁਗਤਾਂ ਕਾਵਿ, ਭਾਸ਼ਾ, ਲੋਕਧਾਰਾ ਅਤੇ ਸੰਗੀਤ ਨੂੰ ਕ੍ਰਮਵਾਰ ਪ੍ਰਮੁੱਖ ਜੁਗਤਾਂ ਵਜੋਂ ਸਵੀਕਾਰਿਆ ਗਿਆ ਹੈ। ਇਸ ਅਧਿਆਇ ਵਿਚ ਕਾਵਿ ਜਿਥੇ ਆਪਣੇ ਮੂਲ ਤੇ ਮੌਲਿਕ ਸਰੂਪਗਤ ਤੇ ਸ਼ਿਲਪਾਤਮਕ ਵਿਸ਼ਿਸ਼ਟਤਾਵਾਂ ਸਹਿਤ ਪ੍ਰਗਟ ਹੁੰਦਾ ਹੈ ਉਥੇ ਬਾਣੀ ਵਿਧਾਨ ਦੇ ਅੰਤਰਗਤ ਇਸ ਨੂੰ ਬਾਣੀ ਅਨੁਸ਼ਾਸਨ ਤੇ ਬਾਣੀ ਸੌਂਦਰਯ ਦੀਆਂ ਅਸੀਮ ਸੰਭਾਵਨਾਵਾਂ ਨਾਲ ਵੀ ਸੁਸਜਿਤ ਕੀਤਾ ਕੀਤਾ ਗਿਆ ਹੈ। ਇਸ ਅਧਿਆਇ ਵਿਚ ਇਹ ਤੱਥ ਸਪਸ਼ਟ ਰੂਪ ਵਿਚ ਉਜਾਗਰ ਹੋਇਆ ਹੈ ਕਿ ਗੁਰੂ ਸਾਹਿਬ ਨੇ ਕਾਵਿ ਨੂੰ ਉਸ ਦੇ ਮੂਲ ਗੁਣਾਂ ਨਾਲੋਂ ਭਿੰਨ ਤੇ ਅਡਰੇ ਰੂਪ ਵਿਚ ਆਪਣੇ ਪ੍ਰਯੋਜਨ ਦੀ ਸਿਧੀ ਲਈ ਮੌਲਿਕ ਤੇ ਵਿਲੱਖਣ ਤਰੀਕੇ ਨਾਲ ਪ੍ਰਯੋਗ ਕੀਤਾ ਹੈ ਜੋ ਬਾਣੀ-ਵਿਧਾਨ ਦੀ ਪ੍ਰਮੁੱਖ ਵਿਸ਼ਿਸ਼ਟਤਾ ਹੈ। ਇਸ ਸੰਬੰਧੀ ਅਨੇਕ ਉਦਾਹਰਣਾਂ ਅਸੀਂ ਆਪਣੇ ਚੌਥੇ ਅਧਿਆਇ ਵਿਚ ਦੇ ਆਏ ਹਾਂ। ਇਸੇ ਅਧਿਆਇ ਵਿਚ ਕਾਵਿ (ਕਵਿਤਾ) ਨੂੰ ਸਾਧਾਰਣ ਕਾਵਿ ਤੋਂ ਭਿੰਨ ਦਰਸਾਇਆ ਗਿਆ ਹੈ। ਕਾਵਿ ਦੇ ਵਿਭਿੰਨ ਕਾਵਿ ਰੂਪਾਂ (ਸਨਾਤਨੀ ਅਤੇ ਲੋਕਧਾਰਾਈ) ਅਤੇ ਕਾਵਿ ਤੱਤਾਂ ਦੀ ਸੰਯੁਕਤ ਤੇ ਸਮਿਸ਼੍ਰਿਤ ਸੰਚਾਰ ਪ੍ਰਕ੍ਰਿਆ ਦੀ ਕਾਰਜਸ਼ੀਲਤਾ ਦਾ ਪ੍ਰਗਟਾਵਾ ਹੁੰਦਾ ਹੈ, ਜਿਸਨੂੰ ਗੁਰੂ ਨਾਨਕ ਦੇਵ ਜੀ ਆਡੰਬਰ ਰਹਿਤ ਸਹਿਜ ਰੂਪ ਵਿਚ ਪ੍ਰਯੋਗ ਕਰ ਰਹੇ ਹਨ। ਇਥੇ ਬਾਣੀ ਕੇਵਲ ਕਾਵਿ ਨਹੀਂ ਸਗੋਂ ਸੰਗੀਤ ਨਾਲ ਪੂਰਨ ਰੂਪ ਵਿਚ ਸੁਸਜਿਤ ਤੇ ਬਾਣੀ ਵਿਧਾਨ ਦੇ ਸੁਨਿਸ਼ਚਿਤ ਪ੍ਰਬੰਧ ਵਿਚ ਜੁੜਤ ਇਕ ਪ੍ਰਮੁੱਖ ਜੁਗਤ ਹੈ। ਬਾਣੀ ਵਿਧਾਨ ਦੀ ਕਾਵਿਕ ਜੁਗਤ ਨਾਲ ਹੀ ਅਗਲੇਰੀ ਜੁਗਤ ਵਜੋਂ ਭਾਸ਼ਾ, ਸੰਚਾਰ ਵਿਧਾਨ ਦੇ ਅੰਤਰਗਤ ਸਸ਼ਕਤ ਜੁਗਤ ਵਜੋਂ ਦ੍ਰਿਸ਼ਟਮਾਨ ਹੋ ਰਹੀ ਹੈ ਜੋ ਕਾਵਿ ਅਤੇ ਸੰਗੀਤ ਨਾਲ ਸਮਿਸ਼੍ਰਿਤ ਹੋ ਕੇ ਬਾਣੀ ਪ੍ਰਬੰਧ ਵਜੋਂ ਮੂਰਤੀਮਾਨ ਹੁੰਦੀ ਹੈ। ਜਿਥੇ ਇਹ ਵਿਸ਼ੇ-ਵਸਤੂ, ਭਾਵਾਂ, ਕਾਵਿਕ ਸੌਂਦਰਯਾਤਮਿਕ ਗੁਣਾਂ ਲਛਣਾਂ ਅਤੇ ਵਿਭਿੰਨ ਸ਼ਾਬਦਿਕ ਪਾਸਾਰੇ ਦੁਆਰਾ ਸਮਕਾਲੀਨ ਯੁਗ ਚਿੰਤਨ ਦਾ ਬੋਧ ਸਹਿਜੇ ਹੀ ਕਰਵਾ ਦਿੰਦੀ ਹੈ ਉਥੇ ਇਸਦੀਆਂ ਵਿਭਿੰਨ ਅਭਿਵਿਅੰਜਨ ਵਿਧੀਆਂ (ਸੰਵਾਦਾਤਮਕ, ਸੰਬੋਧਨ, ਪ੍ਰਸ਼ਨੋਤਰ ਆਦਿ) ਸੰਚਾਰ ਦੀ ਪ੍ਰਕ੍ਰਿਆ ਨੂੰ ਹੋਰ ਸੁਖੈਨ, ਸਪਸ਼ਟ, ਸਸ਼ਕਤ, ਸਮਰੱਥ ਅਤੇ ਸ਼ਕਤੀਸ਼ਾਲੀ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ। ਇਹ ਵਿਧੀਆਂ ਸਿੱਧੇ ਸਪਸ਼ਟ ਸੰਬੋਧਨ/ਸੰਪਰਕ ਦੁਆਰਾ ਬਾਣੀ ਸੰਦੇਸ਼ ਦਾ ਬੋਧ ਸਰੋਤੇ/ਪਾਠਕ ਨੂੰ ਕਰਵਾਉਂਦੀਆਂ ਹਨ ਅਤੇ ਪਾਠਕ/ਸਰੋਤੇ ਵਿਚਕਾਰ ਅਟੁੱਟ ਸਾਂਝ ਸਥਾਪਿਤ ਕਰਦੀਆਂ ਹਨ। ਗੁਰੂ ਨਾਨਕ ਬਾਣੀ ਦੀ ਅਗਲੇਰੀ ਜੁਗਤ 'ਲੋਕਧਾਰਾ' ਆਪਣੇ ਵਿਵਿਧਕਾਰੀ ਅਤੇ ਬਹੁਅਕਾਰੀ ਜੀਵੰਤ ਸਰੂਪਾਂ ਸਹਿਤ ਬਾਣੀ ਪ੍ਰਬੰਧ ਦੀ ਵਿਸ਼ਿਸ਼ਟ ਸੰਚਾਰ ਵਿਧਾ ਵਜੋਂ ਸਥਾਪਿਤ ਹੋ ਰਹੀ ਹੈ। ਜਿਸ ਦੇ ਵਿਭਿੰਨ ਅੰਗ ਪ੍ਰਤਿਅੰਗ ਆਪੋ ਆਪਣੀਆਂ ਮੂਲ ਵਿਸ਼ਿਸ਼ਟਤਾਵਾਂ ਸਹਿਤ ਬਾਣੀ ਪ੍ਰਬੰਧ ਦੇ ਅਨੁਸ਼ਾਸਨ

ਅਧੀਨ ਸੰਚਾਰ ਹਿਤ ਕਾਰਜਸ਼ੀਲ ਬਾਣੀ ਵਿਧਾਨ ਦੀਆਂ ਉਕਤ ਵਿਭਿੰਨ ਜੁਗਤਾਂ ਦੇ ਨਾਲ ਹੀ ਇਕ ਹੋਰ ਅਹਿਮ ਤੇ ਮਹੱਤਵਪੂਰਨ ਜੁਗਤ ਸੰਗੀਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੋਂ ਪ੍ਰਾਪਤ ਹੋਣ ਵਾਲੀ 'ਗੁਰੂ ਨਾਨਕ ਬਾਣੀ' ਵਿਚ ਅੰਕਿਤ ਸੰਕੇਤਾਂ, ਸਿਰਲੇਖਾਂ, ਫੁਰਮਾਨਾਂ ਤੇ ਹਵਾਲਿਆਂ ਦੇ ਆਧਾਰ ਉਤੇ ਜਿਹੜਾ ਬਾਣੀ ਸੰਚਾਰ ਪ੍ਰਬੰਧ ਕਾਰਜਸ਼ੀਲ ਰਹਿੰਦਾ ਹੈ, ਉਸ ਦੀ ਮੁੱਖ ਜੁਗਤ ਤੇ ਪ੍ਰਮੁੱਖ ਤੱਤ ਸੰਗੀਤ ਨਾਲ ਜੁੜੇ ਹੋਏ ਹਨ। ਬਾਣੀ-ਵਿਧਾਨ ਦਾ ਕਾਵਿਕ ਤੇ ਸੰਗੀਤਕ ਪਸਾਰਾ ਇਕ ਦੂਸਰੇ ਨਾਲ ਇਕਮਿਕ, ਅਟੁਟ ਤੇ ਪੂਰਕ ਹੈ। ਕਿਸੇ ਵੀ ਰੂਪ ਵਿੱਚ ਇਹਨਾਂ ਨੂੰ ਇਕ ਦੂਸਰੇ ਨਾਲੋਂ ਨਹੀਂ ਨਿਖੇੜਿਆ ਜਾ ਸਕਦਾ ਅਤੇ ਇਹ ਕਦਾਚਿਤ ਉਚਿਤ ਵੀ ਨਹੀਂ ਅਤੇ ਘੋਰ ਅਵੱਗਯਾ ਹੈ। 'ਗੁਰੂ ਨਾਨਕ ਬਾਣੀ' ਦੀ ਸੰਚਾਰ ਜੁਗਤ ਵਜੋ ਸੰਗੀਤ ਦਾ ਅਧਿਐਨ ਕਰਦਿਆਂ ਸਾਡੇ ਸਾਹਮਣੇ ਕਾਵਿ ਵਾਂਗੂੰ ਉਹੀ ਤੱਥ ਮੁੜ ਸਪਸ਼ਟ ਹੋਇਆ ਹੈ ਕਿ ਇਸ ਪਰੰਪਰਾ ਵਿਚ ਸੰਗੀਤ ਨੂੰ ਹੀ ਬਾਣੀ ਵਿਧਾਨ ਦਾ ਅਨੁਸਾਰੀ ਬਣਾਇਆ ਗਿਆ ਹੈ। ਇਥੇ ਸੰਗੀਤ ਦੇ ਮੂਲ ਗੁਣਾਂ ਤੇ ਵਿਸ਼ੇਸ਼ ਸਮਰਥਾਵਾਂ ਨੂੰ ਗੁਰੂ ਸਾਹਿਬ ਆਪਣੀ ਪ੍ਰਯੋਜਨ ਸਿਧੀ ਲਈ ਮੌਲਿਕ ਪਹੁੰਚ ਦੁਆਰਾ ਪ੍ਰਯੋਗ ਕਰ ਰਹੇ ਹਨ। ਉਹਨਾਂ ਦੀ ਇਸ ਮੌਲਿਕ ਪਹੁੰਚ ਅਤੇ ਵਿਲੱਖਣ ਪ੍ਰਯੋਗ ਨੇ ਗੁਰਬਾਣੀ ਨੂੰ ਗੁਰਮਤਿ ਸੰਗੀਤ, ਬਾਣੀ-ਸੰਗੀਤ ਜਾਂ ਸਿੱਖ ਸੰਗੀਤ ਦੇ ਰੂਪ ਵਿਚ ਉਜਾਗਰ ਕੀਤਾ ਹੈ ਅਤੇ ਇਹ ਸੰਗੀਤਕ ਪਰੰਪਰਾ ਬਾਣੀ ਦੀ ਸੰਚਾਰ ਪ੍ਰਕ੍ਰਿਆ ਦਾ ਮੁੱਖ ਮਾਧਿਅਮ ਹੈ। ਇਸ ਜੁਗਤ ਦੀ ਵਿਸ਼ਿਸ਼ਟਤਾ ਇਹ ਹੈ ਕਿ ਕਾਵਿ ਨਾਲ ਇਕਮਿਕ ਹੁੰਦਿਆਂ ਹੋਇਆਂ ਬਾਣੀ ਸੰਚਾਰ ਪ੍ਰਬੰਧ ਦੀ ਕੇਂਦਰੀ ਸੰਚਾਲਿਕ ਸ਼ਕਤੀ ਹੈ। ਇਸ ਅਧਿਆਇ ਵਿਚ ਵਰਣਿਤ ਜੁਗਤਾਂ, ਇਹਨਾਂ ਜੁਗਤਾਂ ਦੇ ਵਿਭਿੰਨ ਉਪਕਰਣ ਤੱਤ ਸਾਨੂੰ ਸੁਤੰਤਰ ਰੂਪ ਵਿਚ ਕਿਧਰੇ ਵਿਚਰਦੇ ਨਜ਼ਰ ਨਹੀਂ ਆਉਂਦੇ। ਬਾਣੀ ਵਿਧਾਨ ਦਾ ਅਨੁਸ਼ਾਸਨ ਹੀ ਇਸ ਪ੍ਰਕਾਰ ਦਾ ਹੈ ਕਿ ਇਹਨਾਂ ਦਾ ਪ੍ਰਯੋਗ ਇਹਨਾਂ ਨੂੰ ਸੰਤੁਲਿਤ ਤੇ ਸਮਾਨ ਰੂਪ ਵਿਚ ਕਾਰਜਸ਼ੀਲ ਕਰਦਿਆਂ ਇਕ ਸਮੁੱਚ ਵਿੱਚ ਪਰੋਈ ਰਖਦਾ ਹੈ।

ਪੰਜਵਾਂ ਅਧਿਆਇ 'ਗੁਰੂ ਨਾਨਕ ਬਾਣੀ ਵਿਧਾਨ: ਸੰਚਾਰ ਪ੍ਰਕ੍ਰਿਆ' ਹੈ। ਇਸ ਅਧਿਆਇ ਵਿਚ ਉਕਤ ਜੁਗਤਾਂ ਦੀਆਂ ਸਮੂਹ ਮੂਲ ਵਿਸ਼ਿਸ਼ਟਤਾਵਾਂ ਦੇ ਪ੍ਰਸੰਗ ਵਿਚ ਬਾਣੀ-ਵਿਧਾਨ ਦੀ ਸੰਚਾਰ ਪ੍ਰਕ੍ਰਿਆ ਨੂੰ ਵਿਚਾਰਿਆ ਗਿਆ ਹੈ। ਬਾਣੀ ਦੇ ਲਿਖਤ ਸਰੂਪ ਤੋਂ ਭਿੰਨ ਭਿੰਨ ਸੰਕੇਤਾਂ, ਹਵਾਲਿਆਂ, ਫੁਰਮਾਨਾਂ ਆਦਿ ਦੇ ਰੂਪ ਵਿਚ ਪ੍ਰਗਟ ਹੋਣ ਵਾਲੀਆਂ ਸੰਚਾਰ ਇਕਾਈਆਂ ਦੀ ਸੰਯੁਕਤ ਤੇ ਸੰਮਿਲਿਤ ਕਾਰਜਸ਼ੀਲਤਾ ਸੰਬੰਧੀ ਵਿਚਾਰ ਕਰਦਿਆਂ ਸਾਡੇ ਸਾਹਮਣੇ ਇਹ ਤੱਥ ਸਪਸ਼ਟ ਰੂਪ ਵਿਚ ਉਜਾਗਰ ਹੋਇਆ ਹੈ ਕਿ ਬਾਣੀ ਦਾ ਅਧਿਐਨ ਇਸ ਦੀ ਸੰਚਾਰ ਪ੍ਰਕ੍ਰਿਆ ਨੂੰ ਜਾਣੇ ਬਿਨਾਂ ਅਸੰਭਵ ਹੈ ਅਤੇ ਇਸ ਦੀ ਸੰਚਾਰ ਪ੍ਰਕ੍ਰਿਆ ਇਸ ਦੀ ਗਾਇਨ ਪ੍ਰਕ੍ਰਿਆ ਨਾਲ ਸਿਧੇ ਤੇ ਸਪੱਸ਼ਟ ਤੌਰ 'ਤੇ ਇਕਮਿਕ ਹੈ। ਇਸ ਗਾਇਨ ਪ੍ਰਕ੍ਰਿਆ ਦਾ ਕੇਂਦਰੀ ਤੇ ਪ੍ਰਾਰੰਭਿਕ ਸਥਾਨ 'ਰਹਾਉ' ਹੈ (ਜਿਨ੍ਹਾਂ ਸਥਾਨਾਂ ਤੇ 'ਰਹਾਉ' ਨਹੀਂ

ਉਹਨਾਂ ਵਿਚ ਸ਼ਬਦ ਦੀ ਆਰੰਭਿਕ ਤੁਕ ਅਤੇ ਹੈ) ਰਹਾਉ ਬਾਣੀ ਦਾ ਕੇਂਦਰੀ ਵਿਚਾਰ ਵੀ ਹੈ। ਇਸੇ ਕਰਕੇ ਗਾਇਨ ਦੌਰਾਨ ਇਸ ਨੂੰ ਸਥਾਈ ਰੂਪ ਵਿਚ ਗਾ ਕੇ ਦ੍ਰਿੜਾਇਆ ਜਾਣਾ ਹੈ। ਇਸੇ ਭਾਵ ਨੂੰ ਦ੍ਰਿੜ ਕਰਨ ਲਈ ਸੰਚਾਰ ਦਾ ਸਾਰਾ ਸਿਸਟਮ ਰਚਿਆ ਗਿਆ ਹੈ। 'ਰਹਾਉ' ਵਿਚਲੇ ਕੇਂਦਰੀ ਸੰਦੇਸ਼ ਨੂੰ ਸੰਚਾਰਿਤ ਕਰਨ ਲਈ ਕਾਵਿਕ ਤੇ ਸੰਗੀਤਕ ਪਸਾਰਾ ਆਪਣੀਆਂ ਮੂਲ ਵਿਸ਼ਿਸ਼ਟਤਾਵਾਂ ਸਹਿਤ ਵਿਸਤਾਰ ਗ੍ਰਹਿਣ ਕਰਦਾ ਹੈ ਤੇ ਕਾਰਜਸ਼ੀਲ ਰਹਿੰਦਾ ਹੈ। ਖਸਮ ਕੀ ਬਾਣੀ ਵਿਚਲੇ ਸੰਦੇਸ਼/ਖਾਲਕ ਦੇ ਆਦੇਸ਼ ਨੂੰ ਸਰਬਲੋਕਾਈ ਤਕ ਸੰਚਾਰਿਤ ਕਰਨ ਲਈ ਹੀ ਇਹ ਸਾਰਾ ਨਿਸ਼ਚਿਤ ਤੇ ਨਿਰਧਾਰਤ ਉਪਰਾਲਾ ਕੀਤਾ ਗਿਆ ਹੈ। 'ਰਹਾਉ' ਤੋਂ ਬਾਅਦ ਅੰਕ, ਰਾਗ, ਕਾਵਿ ਰੂਪ/ਗਾਇਨ ਰੂਪ ਅਤੇ ਹੋਰ ਕਾਵਿਕ ਤੇ ਸੰਗੀਤਕ ਸੰਕੇਤ ਜਿਨ੍ਹਾਂ ਦਾ ਪ੍ਰਯੋਜਨ ਕੇਵਲ ਬਾਣੀ ਦੇ ਸੰਦੇਸ਼ ਨੂੰ ਸਫਲ ਰੂਪ ਵਿਚ ਸੰਚਾਰਿਤ ਕਰਨਾ ਹੈ, ਸੰਯੁਕਤ ਤੇ ਸਮਿਲਿਤ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ। ਜਿਨ੍ਹਾਂ ਦੇ ਮਹੱਤਵ ਤੇ ਕਾਰਜ ਸੰਬੰਧੀ ਅਸੀਂ ਇਸ ਅਧਿਆਇ ਵਿਚ ਵਿਚਾਰ ਕੀਤੀ ਹੈ। ਬਾਣੀ ਵਿਧਾਨ ਦੀ ਇਸ ਸੰਚਾਰ ਪ੍ਰਕ੍ਰਿਆ ਤੋਂ ਸਾਡੇ ਸਾਹਮਣੇ ਕਈ ਹੋਰ ਤੱਥ ਵੀ ਉਜਾਗਰ ਹੋਏ ਹਨ ਜਿਵੇਂ ਕਿ ਬਾਣੀ ਦਾ ਸੰਚਾਰ ਇਸ ਦੇ ਸ੍ਵੈ-ਨਿਰਧਾਰਤ ਪ੍ਰਬੰਧ ਅਨੁਸਾਰ ਹੀ ਹੋਣਾ ਹੈ। ਇਹ ਪ੍ਰਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਿਤ ਸਰੂਪ ਦੇ ਨਿਰਧਾਰਤ ਚਿੰਨ੍ਹਾਂ ਅਤੇ ਅੰਤਰੀਵੀ ਫੁਰਮਾਨਾਂ ਉਪਰ ਆਧਾਰਿਤ ਹੈ। ਬਾਣੀ ਦਾ ਕਿਸੇ ਕਿਸਮ ਦਾ ਅਧਿਐਨ ਇਸ ਦੇ ਮੌਲਿਕ ਤੇ ਮੂਲ ਸੰਚਾਰ ਪ੍ਰਬੰਧ ਨੂੰ ਸਮਝੇ ਬਿਨਾਂ ਅਸੰਭਵ ਹੈ। ਬਾਣੀ ਤੋਂ ਬਾਹਰੇ ਮਾਡਲ, ਵਾਦ, ਜੁਗਤਾਂ, ਪਹੁੰਚਾਂ ਇਸ ਸੰਚਾਰ ਪ੍ਰਬੰਧ ਨੂੰ ਪਛਾਣੇ ਬਿਨਾਂ ਕਦੇ ਵੀ ਬਾਣੀ ਸਤਿ ਦੇ ਮੂਲ ਤਕ ਨਹੀਂ ਪਹੁੰਚ ਸਕਦੀਆਂ। ਇਸ ਲਈ ਸਮੂਹ ਅਧਿਐਨ ਤੇ ਚਿੰਤਨ ਦ੍ਰਿਸ਼ਟੀਆਂ ਨੂੰ ਸਰਵਪ੍ਰਥਮ ਗੁਰੂ ਦੁਆਰਾ ਸਿਰਜਿਤ ਸੰਚਾਰ ਪ੍ਰਬੰਧ ਉਪਰ ਕੇਂਦਰਿਤ ਕਰਨਾ ਹੋਵੇਗਾ। ਸਾਡੇ ਇਹ ਵਿਚਾਰ ਕਿਸੇ ਸ਼ਰਧਾ ਜਾਂ ਅੰਧ ਵਿਸ਼ਵਾਸ਼ ਵਿਚੋਂ ਨਹੀਂ ਉਪਜੇ ਸਗੋਂ ਬਾਣੀ ਵਿਧਾਨ ਦੀ ਸੰਚਾਰ ਪ੍ਰਕ੍ਰਿਆ ਦੇ ਸੰਦਰਭ ਵਿਚ ਸਹਿਜ ਰੂਪ ਵਿਚ ਗ੍ਰਹਿਣ ਕੀਤੇ ਗਏ ਤੱਥਾਂ ਉਪਰ ਅਧਾਰਿਤ ਹਨ, ਜਿਨ੍ਹਾਂ ਨੂੰ ਅਸੀਂ ਅਕਸਰ ਅਣਗੌਲਿਆ ਹੀ ਕਰ ਦਿੰਦੇ ਰਹੇ ਹਾਂ। ਸਾਡੇ ਇਸ ਖੋਜ ਕਾਰਜ ਦੀ ਮੁੱਖ ਉਪਲੱਬਧੀ ਬਾਣੀ-ਵਿਧਾਨ ਨੂੰ ਇਕ 'ਸਮੁੱਚ' ਵਿਚ ਵਿਚਾਰਨਾ ਰਹੀ ਹੈ। ਜਿਸ ਅਧੀਨ ਅਸੀਂ ਬਾਣੀ-ਵਿਧਾਨ ਦੇ ਅੰਤਰਗਤ ਕਾਰਜਸ਼ੀਲ ਜੁਗਤਾਂ, ਤੱਤਾਂ ਤੇ ਉਪਕਰਣਾਂ ਨੂੰ ਸੰਯੁਕਤ ਤੇ ਸਮਿਲਿਤ ਰੂਪ ਵਿਚ ਵਿਚਾਰਿਆ ਹੈ। ਸਾਡੀ ਮਹੱਤਵਪੂਰਣ ਉਪਲੱਬਧੀ ਇਹ ਵੀ ਰਹੀ ਹੈ ਕਿ ਅਸੀਂ ਬਾਣੀ ਨੂੰ ਕੇਵਲ ਕਾਵਿ ਅਤੇ ਸੰਗੀਤ ਦੇ ਸਮਿਲਿਤ ਰੂਪ ਨੂੰ ਬਾਣੀ ਅਨੁਸ਼ਾਸਨ ਦੇ ਪ੍ਰਸੰਗ ਵਿੱਚ ਇਕ ਵਿਧਾਨ ਵਜੋਂ ਉਜਾਗਰ ਕੀਤਾ ਹੈ। ਇਸੇ ਤੋਂ ਸਾਨੂੰ ਇਸ ਦੀਆਂ ਸੰਚਾਰ ਜੁਗਤਾਂ ਦੀ ਸੰਯੁਕਤ ਤੇ ਸਮਿਲਿਤ ਪੇਸ਼ਕਾਰੀ ਦੀ ਜਾਚ ਤੇ ਗਿਆਨ ਪ੍ਰਾਪਤ ਹੋ ਸਕਿਆ ਹੈ ਤੇ ਸੰਚਾਰ ਪ੍ਰਕ੍ਰਿਆ ਵੀ ਏਸੇ ਵਿਧੀ ਦੁਆਰਾ ਸਪਸ਼ਟ ਹੋਈ ਹੈ। ਸਾਡੀਆਂ ਇਹ ਉਪਲੱਬਧੀਆਂ ਭਾਵੇਂ ਪੂਰਨ ਨਾ ਹੋਣ ਪਰੰਤੂ ਇਹ ਇਕ ਨਿਵੇਕਲੀ ਸੋਚ ਹੈ ਜੋ ਗੁਰੂ ਦੀ ਨਦਰਿ ਦੁਆਰਾ ਹੀ ਪ੍ਰਾਪਤ ਹੋਈ ਹੈ।

****

# ਪੁਸਤਕ-ਸੂਚੀ

## ਪੰਜਾਬੀ


ਅਵਤਾਰ ਸਿੰਘ, ਗੁਰਚਰਨ ਸਿੰਘ(ਭਾਈ) — *ਪ੍ਰਾਚੀਨ ਰੀਤ ਰਤਨਾਵਲੀ* (ਭਾਗ ਪਹਿਲਾ ਅਤੇ ਦੂਜਾ) ਪੰਜਾਬੀ ਯੂਨੀਵਰਸਿਟੀ,ਪਟਿਆਲਾ, 1979.

ਅਸ਼ੋਕ, ਸ਼ਮਸ਼ੇਰ ਸਿੰਘ(ਸੰਪਾ.) — *ਪੁਰਾਤਨ ਜਨਮ ਸਾਖੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969.

ਸਤਿੰਦਰ ਸਿੰਘ (ਪ੍ਰੋ.) — *ਗੁਰੂ ਨਾਨਕ ਕਾਵਿ ਅਧਿਐਨ*, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਾਜ਼ਾਰ ਮਾਈ ਸੇਵਾ,ਅੰਮ੍ਰਿਤਸਰ, 1962.

ਸਾਹਿਬ ਸਿੰਘ — *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* (ਪਹਿਲੀ ਪੋਥੀ ਤੋਂ ਦਸਵੀਂ ਪੋਥੀ) ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, 1941

ਹਰਬੰਸ ਸਿੰਘ (ਡਾ.) — *ਗੁਰੂ ਨਾਨਕ ਦੇਵ ਦੀ ਕਾਵਿ-ਕਲਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 1985

ਹਰਿਭਜਨ ਸਿੰਘ — *ਅਧਿਐਨ ਅਤੇ ਅਧਿਆਪਨ*, ਨਵਚੇਤਨ ਪਬਲਿਸ਼ਰਜ਼, ਘੰਟਾ ਘਰ, ਅੰਮ੍ਰਿਤਸਰ, 1970.

------ — *ਸਾਹਿਤ ਅਧਿਐਨ*, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.

------ — *ਸਿਸਟਮੀ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 197 9

----- — *ਮੁੱਲ ਤੇ ਮੁਲੰਕਣ*, ਨਵਚੇਤਨ ਪਬਲਿਸ਼ਰਜ਼, ਘੰਟਾ ਘਰ, ਅੰਮ੍ਰਿਤਸਰ, 1972.

ਕਵੀਸ਼ਰ, ਸਰਦੂਲ ਸਿੰਘ — *ਸਿੱਖ ਧਰਮ ਦਰਸ਼ਨ* (ਸੰਪਾ.ਵਜ਼ੀਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 1969.

ਕਿਸ਼ਨ ਸਿੰਘ (ਪ੍ਰੋ.) — ਗੁਰਬਾਣੀ ਦਾ ਸੱਚ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1976

ਕੰਵਰ, ਤਰਲੋਕ ਸਿੰਘ (ਡਾ.) — ਸੰਚਾਰ ਸਭਿਆਚਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986.

ਗੁਪਤਾ, ਸ਼ਾਂਤੀ ਨਾਥ (ਡਾ.) — ਭਾਰਤੀ ਦਰਸ਼ਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974.

ਗੁਰਦਾਸ, ਭਾਈ — ਵਾਰਾਂ, ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ, 1951

ਗਿੱਲ, ਮਹਿੰਦਰ ਕੌਰ (ਡਾ.) — ਆਦਿ ਗ੍ਰੰਥ ਲੋਕ ਰੂਪ, ਪੰਜਾਬੀ ਰਾਈਟਰਜ਼ ਕੋਆਪਰੇਟਿਵ, ਨਵੀਂ ਦਿੱਲੀ, 1980.

----- — ਬਾਣੀ ਸਾਰ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1989

ਗੋਪਾਲ ਸਿੰਘ (ਡਾ.) — ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਵਰਲਡ ਬੁਕ ਸੈਂਟਰ, 12/3 ਆਸਫ਼ ਅਲੀ ਰੋਡ, ਨਵੀਂ ਦਿੱਲੀ, 1987.

ਚਰਨ ਸਿੰਘ (ਡਾ.) — ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ (ਭਾਗ ਚੌਥਾ) ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1958.

ਜਗਬੀਰ ਸਿੰਘ (ਡਾ.) — ਬਾਣੀ ਸੰਸਾਰ, ਰਵਿੰਦਰ ਪ੍ਰਕਾਸ਼ਨ, ਡਬਲਿਊ 2-13 ਮਨੋਹਰ ਪਾਰਕ, ਦਿੱਲੀ-35 1974.

ਜਾਗੀਰ ਸਿੰਘ (ਡਾ.) — ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ (ਖੋਜ ਪ੍ਰਬੰਧ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਜਿੰਦ, ਕਰਨੈਲ ਸਿੰਘ — ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973.

ਨਗੇਂਦ੍ਰ (ਡਾ.) — *ਅਰਸਤੂ ਦਾ ਕਾਵਿ-ਸ਼ਾਸਤ੍ਰ* (ਪੰਜਾਬੀ ਰੂਪ, ਡਾ. ਹਰਿਭਜਨ ਸਿੰਘ), ਐਸ.ਚੰਦ ਐਂਡ ਕੰਪਨੀ, ਦਿੱਲੀ, 1964.

------ *ਰਸ ਸਿਧਾਂਤ*, ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

------ *ਕਾਵਯ ਬਿੰਬ*, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1967.

ਪ੍ਰੇਮ ਪ੍ਰਕਾਸ਼ ਸਿੰਘ (ਡਾ.) — *ਗੁਰੂ ਨਾਨਕ ਤੇ ਨਿਰਗੁਣਧਾਰਾ*, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1973

------ *ਭਾਰਤੀ ਕਾਵਿਸ਼ਾਸਤ੍ਰ*, ਲਾਹੌਰ ਬੁੱਕ ਸ਼ਾਪ, ਲੁਧਿਆਣਾ

ਮੋਹਨ ਸਿੰਘ (ਡਾ.) — *ਪੰਜਾਬੀ ਭਾਖਾ ਤੇ ਛੰਦਾਬੰਦੀ*, ਓਰੀਐਂਟਲ ਕਾਲਜ, ਲਾਹੌਰ, 1937

ਵਸ਼ਿਸ਼ਟ, ਓਮ ਪ੍ਰਕਾਸ਼ — *ਚਿੰਨ੍ਹ ਵਿਗਿਆਨ ਅਤੇ ਗੁਰੂ ਨਾਨਕ ਬਾਣੀ*, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986.

ਵਤਸ, ਆਰ.ਐਸ.(ਸੰਪਾ.) — *ਭਗਤੀ ਕਾਵਿ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

ਵਜ਼ੀਰ ਸਿੰਘ — *ਨੈਤਿਕ ਨਿਯਮ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975

ਵੀਰ ਸਿੰਘ, ਭਾਈ (ਸੰਪਾ.) — *ਪੁਰਾਤਨ ਜਨਮਸਾਖੀ*, ਭਾਈ ਵੀਰ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ, 1967.

## ਹਵਾਲਾ ਪੁਸਤਕਾਂ


*ਆਦਿ ਗ੍ਰੰਥ: ਰਾਗ ਕੋਸ਼*, ਗੁਰਨਾਮ ਸਿੰਘ (ਡਾ.), ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ, ਪਟਿਆਲਾ, 1983.

*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪਹਿਲੀ ਪੋਥੀ ਤੋਂ ਚੌਥੀ ਪੋਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦੂਜੀ ਵਾਰ, 1962

*ਸਾਹਿਤ ਕੋਸ਼* (ਪਰਿਭਾਸ਼ਿਕ ਸ਼ਬਦਾਵਲੀ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

*ਗੁਰੂ ਛੰਦ ਦਿਵਾਕਰ*, ਕਾਨ੍ਹ ਸਿੰਘ ਨਾਭਾ (ਭਾਈ), ਭਾਸ਼ਾ ਵਿਭਾਗ ਪੰਜਾਬ,ਪਟਿਆਲਾ,1970.

*ਮਹਾਨ ਕੋਸ਼ - ਗੁਰੁ ਸ਼ਬਦ ਰਤਨਾਕਰ*, ਕਾਨ੍ਹ ਸਿੰਘ ਨਾਭਾ (ਭਾਈ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1981.

*ਪੰਜਾਬੀ ਸਾਹਿਤ ਕੋਸ਼*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1976.

*ਪੰਜਾਬੀ ਸਾਹਿਤ ਕੋਸ਼*, ਪੰਜਾਬੀ ਯੂਨੀਵਰਸਿਟੀ,ਪਟਿਆਲਾ, 1971.


## ਹਿੰਦੀ


ਰਾਮ ਅਵਸਥੀ — *ਰਚਨਾ ਪ੍ਰਕ੍ਰਿਆ*, ਰਾਸ਼ਟਰ ਭਾਸ਼ਾ ਸੰਸਥਾਨ, ਸੀ-8/174 ਯਮੁਨਾ ਵਿਹਾਰ, ਦਿੱਲੀ, 1985.

ਉਪਾਧਿਆਇ, ਕ੍ਰਿਸ਼ਣ ਦੇਵ — *ਲੋਕ ਸਾਹਿਤਯ ਕੀ ਭੂਮਿਕਾ*, ਸਾਹਿਤਯ ਭਵਨ ਪ੍ਰਾਈਵੇਟ ਲਿਮਿਟਡ, ਇਲਾਹਾਬਾਦ, 1957.

ਆਚਾਰੀਆ ਬ੍ਰਹਸਪਤੀ — *ਸੰਗੀਤ ਚਿੰਤਾਮਣੀ*, ਸੰਗੀਤ ਕਾਰਯਾਲਯ, ਹਾਥਰਸ (ਉਤਰ ਪ੍ਰਦੇਸ਼), 1976.

ਸਹਿਗਲ, ਮਨਮੋਹਨ (ਡਾ.) ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਸਯਾਮ ਪਰਮਾਰ ਭਾਰਤੀਯ ਲੋਕ ਸਾਹਿਤਯ, ਰਾਜਕਮਲ ਪ੍ਰਕਾਸ਼ਨ ਲਿਮਟਿਡ, ਬੰਬਈ, 1954.

ਸਾਰੰਗ ਦੇਵ (ਪੰਡਤ) ਸੰਗੀਤ ਰਤਨਾਕਰ (ਭਾਗ 2), (ਅਨੁਵਾਦਕ ਲਕਸ਼ਮੀ ਨਾਰਾਇਣ ਗਰਗ) ਸੰਗੀਤ ਕਾਰਯਾਲਯ, ਹਾਥਰਸ (ਉੱਤਰ ਪ੍ਰਦੇਸ਼), 1975.

ਸਿਨਹਾ, ਅਮਰਨਾਥ (ਡਾ.) ਭਾਰਤੀਯ ਕਾਵਯ-ਚਿੰਤਨ ਮੇਂ ਸ਼ਬਦ, ਅਨੁਪਮ ਪ੍ਰਕਾਸ਼ਨ, ਪਟਨਾ, 1984.

ਸ਼ਾਸਤਰੀ ਮੰਗਲ ਦੇਵ (ਡਾ.) ਸੰਸਕ੍ਰਿਤ ਸਾਹਿਤਯ ਕਾ ਇਤਿਹਾਸ, ਮੋਤੀ ਲਾਲ ਬਨਾਰਸੀ ਦਾਸ, ਦਿੱਲੀ, 1969.

ਕੁਮਾਰ, ਵਿਮਲ (ਡਾ.) ਕਾਵਯ ਰਚਨਾ ਪ੍ਰਕ੍ਰਿਆ, ਬਿਹਾਰ ਹਿੰਦੀ ਗ੍ਰੰਥ ਅਕਾਦਮੀ, ਪਟਨਾ, 1974.

ਕੇ. ਦਮੋਦਰਨ ਭਾਰਤੀਯ ਚਿੰਤਨ ਪਰੰਪਰਾ, ਪੀਪਲਜ਼ ਪਬਲਿਸ਼ਿੰਗ ਹਾਊਸ, ਪ੍ਰਾਈਵੇਟ ਲਿ., ਰਾਣੀ ਝਾਂਸੀ ਰੋਡ, ਦਿੱਲੀ।

ਕੇਦਾਰਨਾਥ ਸਿੰਘ (ਡਾ.) ਆਧੁਨਿਕ ਕਵਿਤਾ ਮੇਂ ਬਿੰਬ ਵਿਧਾਨ, ਭਾਰਤੀਯ ਗਿਆਨ ਪੀਠ ਪ੍ਰਕਾਸ਼ਨ, ਦਿੱਲੀ-6, 1971.

ਜੌਹਰੀ, ਪੁਸ਼ਪਾ (ਡਾ.) ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤਤਵ, ਅਭਿਵਿਅੰਜਨਾ, ਨਵੀਂ ਦਿੱਲੀ, 1985.

ਦਮੋਦਰ (ਪੰਡਤ) ਸੰਗੀਤ ਦਰਪਣ, ਅਨੁਵਾਦਕ ਲਕਸ਼ਮੀ ਨਾਰਾਇਣ ਗਰਗ, ਸੰਗੀਤ ਕਾਰਯਾਲਯ, ਹਾਥਰਸ, 1950.

ਪਾਠਕ, ਸੁਨੰਦਾ (ਡਾ.) ਹਿੰਦੁਸਤਾਨੀ ਸੰਗੀਤ ਮੇਂ ਰਾਗ ਕੀ ਉਤਪਤੀ ਏਵੰ ਵਿਕਾਸ, ਰਾਧਾ ਪਬਲੀਕੇਸ਼ਨਸ, ਦਰਿਆ ਗੰਜ ਨਵੀਂ ਦਿੱਲੀ, 1989.

ਪਾਤੰਜਲਿ — ਯੋਗ ਦਰਸ਼ਨ, ਗੋਰਖਪੁਰ, ਗੀਤਾ ਪ੍ਰੈਸ, ਬਿ.ਸੰ.2020

ਬਾਲ ਕ੍ਰਿਸ਼ਣ ਗਰਗ (ਸੰਪਾ.) — ਬ੍ਰਹਦਦੇਸ਼ੀ, ਮਤੰਗ ਮੁਨੀ, ਸੰਗੀਤ ਕਾਰਯਾਲਯ, ਹਾਥਰਸ, (ਉਤਰ ਪ੍ਰਦੇਸ਼), 1976.

ਬੜਥਵਾਲ, ਪੀਤਾਂਬਰਦੱਤ — ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ (ਅਨੁ.ਪਰਸੁਰਾਮ ਚਤੁਰਵੇਦੀ, ਅਵਧ ਪਬਲਿਸਿੰਗ ਹਾਊਸ, ਲਖਨਊ, 1950ਈ

------ — ਗੋਰਖਵਾਣੀ, ਸਾਹਿਤ ਸੰਮੇਲਨ ਪਰਿਯਾਗ, 2017 ਬਿਕ੍ਰਮੀ.

ਬੁੱਧ ਪ੍ਰਕਾਸ਼ — ਭਾਰਤੀਯ ਧਰਮ ਏਵੰ ਸੰਸਕ੍ਰਿਤੀ, ਮੇਰਠ, ਮੀਨਾਕਸ਼ੀ ਪ੍ਰਕਾਸ਼ਨ, ਤੀਜੀ ਵਾਰ 19

ਭਰਤਮੁਨੀ, — ਨਾਟਯ ਸ਼ਾਸਤਰ, ਨਿਰਣਯ ਸਾਗਰ, ਪ੍ਰੈਸ, ਬੰਬਈ


## ਹਵਾਲਾ ਪੁਸਤਕਾਂ


ਸੰਗੀਤ ਭਾਸ਼ਯ, ਧ੍ਰੁਪਦ, ਤ੍ਰਿਪਾਠੀ ਸਾਹਿਤ, ਬੀ.ਆਰ.ਪਬਲਿਸ਼ਿੰਗ ਕਾਰਪੋਰੇਸ਼ਨ, ਦਿੱਲੀ, 1985.

ਹਿੰਦੀ ਸਾਹਿਤਯ ਕੋਸ਼(ਭਾਗ ਪਹਿਲਾ) ਵਾਰਾਣਸੀ ਗਿਆਨ ਮੰਡਲ ਲਿਮੇਟਿਡ, ਤ੍ਰਿਤੀਯ ਸੰਸਕਰਣ, 1985.

ਗੀਤਾ, ਗੋਰਖਪੁਰ, ਗੀਤਾ ਪ੍ਰੈਸ, ਬਿ.ਸੰ.2019.

ਬ੍ਰਹਤ ਹਿੰਦੀ ਕੋਸ਼ (ਸੰਪਾ. ਕਾਲਿਕਾ ਪ੍ਰਸਾਦ), ਗਿਆਨ ਮੰਡਲ, ਹਾਥਰਸ, ਸੰ.2030.

ਭਾਰਤੀਯ ਸੰਗੀਤ ਕੋਸ਼, ਚੌਧਰੀ, ਵਿਮਲਕਾਂਤ ਰਾਏ (ਅਨੁ. ਮਦਨ ਲਾਲ ਵਿਆਸ), ਭਾਰਤੀਯ ਗਿਆਨ ਪੀਠ ਪ੍ਰਕਾਸ਼ਨ, ਨਵੀਂ ਦਿੱਲੀ, 1975.

ਮਾਨਵਿਕੀ ਪਰਿਭਾਸ਼ਿਕ ਕੋਸ਼ (ਦਰਸ਼ਨ ਖੰਡ), ਰਾਜਕਮਲ ਪ੍ਰਕਾਸ਼ਨ ਪ੍ਰਾਇਵੇਟ ਲਿਮੇਟਿਡ, ਦਿੱਲੀ, 1965.

ਮਾਨਵਿਕੀ ਪਰਿਭਾਸ਼ਿਕ ਕੋਸ਼ (ਸਾਹਿਤਯ ਖੰਡ), ਰਾਜਕਮਲ ਪ੍ਰਕਾਸ਼ਨ ਪ੍ਰਾਇਵੇਟ ਲਿਮੇਟਿਡ, ਦਿੱਲੀ, 1965.

ENGLISH


Ajit Singh (Dr.) and Rajinder Singh (ed.) — Glimpses of Sikh Religion, National Book Shop, 32-B, Pleasure Garden Market, Chandni Chowk, Delhi, 1988.

Ajit Singh (Dr.) and Rajinder Singh (ed.) — Studies in Guru Nanak, Vol.1-3, National Book Shop, Pleasure Garden, Market, Chandni Chowk, Delhi, 1987.

Avtar Singh — Ethics of the Sikhs, Punjabi University, Patiala, 1970.

Banerjee, Anil Chandra — Guru Nanak and his times, Punjabi University, Patiala, 1971.

Bondopadhayaya, S. — The Origin of Raga, Munsi Ram Manohar Lal Publishers, Pvt.Ltd., Delhi (IInd ed.).

Chatman, Seymour (ed.) — Approaches to Poetic, Columbia University Press, New York, London, 1973.

Chatterji, Suniti Kumar — Jayadeva, Sahitya Akademi, New Delhi (IInd ed.) 1981.

Chattopadhyaya, Debi Parsad — Indian Philosophy, People's Publishing House, New Delhi, 1975.

Claude Levistrauss — Structural Anthropology, Penguin Books, London.

Darshan Singh (Dr.) — Indian Bhakti Tradition and Sikh Gurus, Lyall Book Depot, Ludhiana, 1968.

| | |
|---|---|
| Deva, Chaitany | Psychoastics of Music and Speech, The Music Academy, Madras (Ist ed.), 1967. |
| George Plekhanov | Selected Philosophical Works, (Vol.V), Progress Publishers, Moscow, 1981. |
| Gupta, S.N.Dass | Hindu Mysticism, Moti Lal Banarsidas, (Ist ed.), 1976, Delhi. |
| Gurnam Singh | A Musicol Ocical Study of Guru Nanak Bani (Unpublished doctoral dissertation) Panjab University, Chandigarh, 1988. |
| Harbans Singh | Guru Nanak and Origins of the Sikh Faith, Asia Publishing House, Bombay, 1969. |
| Joachim Wach | The Comparative Study of Religions, Columbia University Press, New York and London (IInd Printing), 1963. |
| Joachim Wach | Sociology of Religion, The University of Chicago Press, London, 1949. |
| John C.Zacharis Coleman C.Bender | Speech Communication: A Rational Approach, John Wiley and Sons inc. New York, London, Sydney Toronto, 1976. |
| J.V.Vilanilam | Religious Communication in India, M/S Kairali Books, International Trivandrum, 1987. |

Keith, A.B. — *A History of Sanskrit Literature*, Oxford University Press, 1961.

Klain Ernest — *A Comparative Etmological Dictionary of English* (Vol.I), Amsterdom, 1966.

Koasmbi D.D. — *Myth and Reality*, Popular Prakashan, Bombay, 1962.

Le Wis.C.Day — *The Poetic Image*, London, 1946.

Mulder, J.W.F.Harvey, S.G.J. — *Theory of the Linguistics Sign*, The Hague Press, 1972.

Puran Singh — *Spirit of the Sikh* (Vol.I), Punjabi University, Patiala, 1980.

P.V.Kane — *History of Sanskrit Poetics*, Moti Lal Banarsidas, Delhi, 1961.

Radha Krishnan's — *Gautma the Budha*, Bombay, Hind Kitab Ltd., 1949.

Radhakrishnan's — *Indian Philosophy*, George Allen Unwin, London, Vol.II, 1948.

Ray, Niharranjan — *The Sikh Gurus and the Sikh Society*, Punjabi University, Patiala, 1970.

R.C.Zachner — *Hindu and Muslim Mysticism*, London, the Athlene Press, 1960.

Sharma, Chander Adhar (Dr.) — A Critical Survey of Indian Philosophy, Moti Lal Banarsidas, Delhi, 1987.

Simon, Robert — Spiritual Aspects of Indian Music, Indian Publications, Calcutta, 1970.

Sinha, Purnima — An Approach to the Study of Indian Music, Indian Publications, Calcutta, 1970.

Sircar, Mahendra Nath — Hindu Mysticism, Oriental Books, Delhi, Reprint Corporation.

Sircar, Mahendra Nath — Mysticism in Bhagwat Gita, Madras, Diocesan Press, 1929.

Tylor Edward B. — Primitive Culture (Vol.I), London, 1920.

Theos Bernard — Hindu Philosophy, Jaico Publishing House, Bombay, 1967.

William James — The varieties of Religious Experience, The Modern Library, New York, 1929.

Wohnb Caroll(ed.) — Selected Writings of Benjamin Lee Whorfe, The Massachusetters Institute of Technology, 1962.

Yevgeny Basin — Semantic Philosophy of Art, Progress Publishers, Moscow, 1979.

Dictionary's and Encyclopaedias

Dictionary of Philosophy (English Edition), Progress Publishers, Moscow, 1984.

Webster's New World Dictionary, David B.Guralnik (ed.), Oxford & IBTT Publishing Co., New Delhi, 1979.

Webster's Third New International Dictionary, (Ed.in chief) Philip Balcock Gove, Ph.D.London, G.Bell and Sons,Ltd., Spring Field, Mass G & C, Merriam Co.

Encyclopaedia of Britannica, William Benton Publishers,1973.

Encyclopaedia of Psychology, Vol.I (ed.) Raymond J.Corsini, John Wiley and Sons, 1984.

Encyclopaedia of Religion (Vol.10), Macmillon Publisher Company, New York, 1987.

Encyclopaedia of Religion and Ethics (ed.) James Hastings, Charles Scribnes' Sons, New York, 1966.

International Encyclopaedia of the Social Sciences (Vol.3), The Macmillon Company and the free press.

Princenton Encyclopaedia of Poetry and Poetics, Preminges, Alex. (ed.), Princeton University Press, 1974.

ਪੱਤ੍ਰਿਕਾਵਾਂ

| | |
|---|---|
| ਖੋਜ ਪੱਤ੍ਰਿਕਾ (ਅੰਕ 26 ) | ਪੰਜਾਬੀ ਯੂਨੀਵਰਸਿਟੀ, ਪਟਿਆਲਾ। |
| ਖੋਜ ਦਰਪਣ (ਅੰਕ 7,17) | ਪੰਜਾਬੀ ਅਧਿਐਨ ਸਕੂਲ,ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। |
| ਨਾਨਕ ਪ੍ਰਕਾਸ਼ ਪੱਤ੍ਰਿਕਾ (ਅੰਕ ਪਹਿਲਾ,ਚੌਥਾ) | ਪੰਜਾਬੀ ਯੂਨੀਵਰਸਿਟੀ, ਪਟਿਆਲਾ। |
| ਆਲੋਚਨਾ (ਹਿੰਦੀ)(ਅੰਕ 6) | ਰਾਜਕਮਲ ਪ੍ਰਕਾਸ਼ਨ ਪ੍ਰਾਈਵੇਟ ਲਿਮਟਿਡ,ਨਵੀਂ ਦਿੱਲੀ। |